ਪੰਜਾਬ ਦੇ ਲੀਰੋ-ਲੀਰ ਹੋਣ ਦੀਆਂ
ਕਹਾਣੀਆਂ-ਦਾਸਤਾਨਾਂ

ਪਰਾਗਾ ਪਹਿਲਾ

# ਦਰਦਮੰਦਾਂ ਦੀਆਂ ਆਹੀਂ

# دردمنداں دِیاں آہیں

ਪੰਜਾਬੀ ਸੱਥ

پنجابی ستھ

مان یوگ ادیب پنجابیاں دے
دل دی دھڑکن پیرو وڈھ ساشیکار
جناب فخر زمان ہوراں نوں
موہ تے مان نال

نرمل سنگھ
13-2-98.

ਪੰਜਾਬ ਦੀ ਵੰਡ ਦੇ ਸੰਤਾਪ ਦੀਆਂ
ਕਹਾਣੀਆਂ-ਦਾਸਤਾਨਾਂ

ਪਰਾਗਾ ਪਹਿਲਾ

# ਦਰਦਮੰਦਾਂ ਦੀਆਂ ਆਹੀਂ

# درد منداں دیاں آہیں

DARDMANDAN DIAN AAHEEN: An anthology of Panjabi Short Stories dealing with Partition of British India by Panjabi Sath, Lambra, Jalandhar Panjab India 144026.
MAGH 2054 (Feb.1998)
Price Rs.100.00

© ਪੰਜਾਬੀ ਸੱਥ
ਪਹਿਲੀ ਵਾਰ ਮਾਘ, 2054 (ਫਰਵਰੀ, 1998)

ਮਿਲਣ ਦਾ ਪਤਾ:
ਸਕੱਤਰ,
ਪੰਜਾਬੀ ਸੱਥ,
ਲਾਂਬੜਾ, ਜ਼ਿਲ੍ਹਾ ਜਲੰਧਰ
ਪੰਜਾਬ, ਭਾਰਤ, ਪਿਨ ਕੋਡ-144026
ਫ਼ੋਨ: 091-181-741036

ਮੁੱਲ: ਇਕ ਸੌ ਰੁਪਿਆ

ਟਾਈਟਲ ਡਿਜ਼ਾਈਨ: ਏ-ਰੁਹੁਪਿੰਦਰ ਰੂਪ ਸਿੰਘ ਸੰਧੂ, ਅਨੂਪ ਸਿੰਘ

ਟਾਈਪ ਸੈਟਿੰਗ: ਖਾਲਸਾ ਏ.ਆਰ. ਕੰਪਿਊਟਰਜ਼

ਛਾਪਕ: ਬ੍ਰਾਈਟ ਪ੍ਰਿੰਟਿਰਜ਼, ਜਲੰਧਰ

# ਬਾਬਾਣੀਆਂ ਕਹਾਣੀਆਂ, ਪੁਤ ਸਪੁਤ ਕਰੇਣ।।

## ਕਿਤਾਬ ਦੀ ਤਿਆਰੀ ਵਿਚ ਸੀਰ ਪਾਵਣ ਵਾਲੇ ਸੱਜਣ ਬੇਲੀ......

-ਲਾਹੌਰੀਏ ਭਾਅ ਇਲਿਆਸ ਘੁੰਮਣ, ਜਿਸ ਪਤਾ ਨਹੀਂ ਕਿੰਨੀਆਂ ਕੁ ਲਾਇਬ੍ਰੇਰੀਆਂ, ਅਖ਼ਬਾਰ, ਰਸਾਲੇ ਤੇ ਕਿਤਾਬਾਂ ਫੋਲ ਮਾਰੀਆਂ, ਛਾਣਬੀਣ ਕੀਤੀ ਤੇ ਵਾੜ ਦੇ ਪਾਰਲੇ ਪਾਰੋਂ ਕਹਾਣੀਆਂ ਦੀ ਪੂਰੀ ਪੰਡ ਘਲਾਈ।

-ਵੀਰ ਤਾਰਾ ਸਿੰਘ ਹੇਅਰ, ਇੰਡੋ-ਕੈਨੇਡੀਅਨ ਟਾਈਮਜ਼ ਸਰੀ, ਵੈਨਕੂਵਰ, ਜਿਨ੍ਹਾਂ ਪੰਜਾਬੀ ਦਰਿਆ-ਦਿਲੀ ਦਾ ਸਬੂਤ ਦੇਂਦਿਆਂ ਸਾਨੂੰ ਮਾਲੀ ਇਮਦਾਦ ਈ ਨਹੀਂ, ਤਕੜੇ ਹੋ ਕੇ ਮਾਂ-ਬੋਲੀ ਦੀ ਖ਼ਿਦਮਤ ਕਰਨ ਲਈ ਪ੍ਰੇਰਿਆ।

-ਬਾਈ ਗੁਰਬਚਨ ਸਿੰਘ ਫੁੱਲ ਦਿੱਲੀ, ਜਿਨ੍ਹਾਂ ਕਹਾਣੀਆਂ ਇਕੱਠੀਆਂ ਕਰਨ ਲਈ ਰੁੱਗਾਂ ਦੇ ਰੁੱਗ ਚਿੱਠੀਆਂ ਲਿਖ-ਲਿਖ ਤੜਕਾਂ ਦੀ ਮਿਹਨਤ-ਮੁਸ਼ਕਤ ਕੀਤੀ ਤੇ ਸਾਨੂੰ ਸਹੀ ਰਾਹ 'ਤੇ ਪਾਈ ਰੱਖਿਆ।

-ਡਾ. ਗੁਰਬਚਨ ਸਿੰਘ ਖਹਿਰਾ, ਡਾ. ਸੁਰਿੰਦਰ ਕੌਰ, ਪ੍ਰੋ: ਵਰਿਆਮ ਸਿੰਘ ਸੰਧੂ, ਮਹਿੰਦਰ ਸਿੰਘ ਮਾਨੂੰਪੁਰੀ, ਡਾ. ਐਮ. ਐਸ. ਅੰਮਿਤ, ਅਵਤਾਰ ਸਿੰਘ ਬਿਲਿੰਗ, ਡਾ. ਕਰਨੈਲ ਸਿੰਘ ਥਿੰਦ, ਗੁਰਬਚਨ ਸਿੰਘ 'ਦੇਸ ਪੰਜਾਬ', ਜਗਦੀਸ਼ ਸਿੰਘ ਵਰਿਆਮ, ਪ੍ਰਿੰਸੀਪਲ ਅਮਰਜੀਤ ਕੌਰ, ਬਨਵਾਰੀ ਲਾਲ ਸ਼ਾਸ਼ਤਰੀ, ਓਮ ਪ੍ਰਕਾਸ਼ ਚੌਹਾਨ, ਰਤਨ ਚੰਦ, ਬਹਾਦਰ ਸਿੰਘ ਸੰਧੂ, ਰਾਜਵਿੰਦਰ ਕੌਰ ਸਹੋਤਾ ਅਤੇ ਕੋਮਲ ਪ੍ਰੀਤ ਸੰਧੂ।

## ਸੱਥ ਦੇ ਥੰਮ੍ਹ:

ਚੜ੍ਹਦਾ ਪੰਜਾਬ:- ਪਿਆਰਾ ਸਿੰਘ ਸਿੱਧੂ, ਕੁਲਵੰਤ ਸਿੰਘ ਅਠਵਾਲ, ਡਾ. ਹਰਜੀਤ ਸਿੰਘ, ਪ੍ਰੋ:ਨਿਰਜੰਣ ਸਿੰਘ ਢੇਸੀ, ਡ. ਨਾਹਰ ਸਿੰਘ, ਬਲਦੇਵ ਸਿੰਘ ਸਿੱਧੂ, ਸੁਖਦੇਵ ਸਿੰਘ ਅਠਵਾਲ, ਹਿੰਦਪਾਲ ਸਿੰਘ ਚਿੱਟੀ, ਡਾ ਮੋਹਨ ਸਿੰਘ ਲੱਲੀ, ਗੁਰਦੇਵ ਸਿੰਘ ਅਠਵਾਲ, ਅਮਰੀਕ ਸਿੰਘ ਮਲਕੋ, ਗੁਰਪ੍ਰਸ਼ੋਤਮ ਸਿੰਘ, ਖ਼ੁਰੈਨ ਸਿੰਘ

ਲਹਿੰਦਾ ਪੰਜਾਬ:- ਖ਼ਾਲਿਦ ਸ਼ੇਖ਼, ਇਹਸਾਨ ਬਾਜਵਾ, ਸੱਯਦ ਅਖ਼ਤਰ ਹੁਸੈਨ ਅਖ਼ਤਰ, ਇਕਬਾਲ ਕੈਸਰ, ਸ਼ੀਰੀਂ ਮਸੂਦ

ਇੰਗਲੈਂਡ: ਰਾਮ ਸਿੰਘ ਢੇਸੀ, ਬਲਦੇਵ ਸਿੰਘ ਸਾਬਰ, ਮਾਸਟਰ ਗੁਰਦਿਆਲ ਸਿੰਘ, ਪ੍ਰਿੰਸੀਪਲ ਗੁਰਬਚਨ ਸਿੰਘ ਭੂਈ, ਚੰਨਣ ਸਿੰਘ ਗਰੇਵਾਲ, ਪਰਮਿੰਦਰ ਸਿੰਘ ਸਹੋਤਾ, ਹਰੀਸ਼ ਮਲਹੋਤਰਾ, ਨਿਰਮਲ ਸਿੰਘ ਸਿੱਧੂ

ਕੈਨੇਡਾ:- ਯੁਵਰਾਜ ਸਿੰਘ ਤ੍ਰਿੱਟੀ, ਪਰਮਜੀਤ ਸਿੰਘ ਸੰਧੂ, ਭਜਨ ਸਿੰਘ, ਪਰਮਿੰਦਰ ਸਿੰਘ ਪਰਮਾਰ(ਟੋਰਾਂਟੋ), ਸ਼ਮਸ਼ੇਰ ਸਿੰਘ (ਵਿੰਡਸਰ), ਨਰਿੰਦਰਪਾਲ ਸਿੰਘ ਖਹਿਰਾ, ਸਤਿੰਦਰਪਾਲ ਸਿੰਘ ਅਠਵਾਲ, ਕਸ਼ਮੀਰ ਸਿੰਘ ਧਾਲੀਵਾਲ, ਅਮਰੀਕ ਸਿੰਘ ਸੰਘਾ, ਹਰਦੇਵ ਸਿੰਘ ਵੜੈਚ, ਅਜੀਤ ਸਿੰਘ ਅਠਵਾਲ, ਗੁਰਦੇਵ ਸਿੰਘ ਸੰਧੂ, ਹਰਭਜਨ ਸਿੰਘ ਅਠਵਾਲ (ਸਰੀ-ਵੈਨਕੂਵਰ)

ਅਮਰੀਕਾ: ਡਾ. ਸਵਰਾਜ ਸਿੰਘ, ਡਾ. ਅੱਲਾ ਦਿੱਤਾ ਰਜ਼ਾ ਚੌਧਰੀ (ਐਲਨਜ਼ਬਰਗ), ਗੁਰਮੀਤ ਸਿੰਘ, ਬਖ਼ਸ਼ੀਸ ਸਿੰਘ, ਅਰੁਣਜੀਵ ਸਿੰਘ ਪੁਰੇਵਾਲ, ਪ੍ਰਭਜੋਤ ਕੌਰ ਸ਼ੇਰਗਿੱਲ (ਕੈਲੇਫੋਰਨੀਆ), ਕਰਮ ਸਿੰਘ (ਨਿਊਯਾਰਕ), ਕਮਲਜੀਤ ਕੌਰ (ਸ਼ਿਕਾਗੋ), ਸੰਤੋਖ ਸਿੰਘ ਹੇਅਰ, ਸ. ਬਿਸ਼ਨ ਸਿੰਘ ਸੰਘਾ (ਮਿਸਸਿਪੀ)

ਆਸਟਰੇਲੀਆ:- ਤਾਰਾ ਸਿੰਘ ਹੇਅਰ, ਨਿਰਮਲ ਸਿੰਘ, ਪਰਮਜੀਤ ਕੌਰ

# ਵਾਰਿਸ ਸ਼ਾਹ ਨੂੰ

ਅੱਜ ਆਖਾਂ ਵਾਰਿਸ ਸ਼ਾਹ ਨੂੰ, ਕਿਤੋਂ ਕਬਰਾਂ ਵਿੱਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।
ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ:
ਵੇ ਦਰਦ ਮੰਦਾਂ ਦੇ ਦਰਦੀਆ! ਉੱਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਝਨਾਬ
ਕਿਸ ਨੇ ਪੰਜਾਂ ਪਾਣੀਆਂ, ਵਿਚ ਦਿੱਤੀ ਜ਼ਹਿਰ ਰਲਾ
ਤੇ ਉਨ੍ਹਾਂ ਪਾਣੀਆਂ ਧਰਤ ਨੂੰ, ਦਿੱਤਾ ਪਾਣੀ ਲਾ
ਇਸ ਜ਼ਰਖੇਜ਼ ਜ਼ਮੀਨ ਦੇ, ਲੂੰ ਲੂੰ ਫੁੱਟਿਆ ਜ਼ਹਿਰ
ਗਿਠ ਗਿਠ ਚੜ੍ਹੀਆਂ ਲਾਲੀਆਂ, ਫੁਟ ਫੁਟ ਚੜ੍ਹਿਆ ਕਹਿਰ
ਵਿਹੁ-ਵਲਿੱਸੀ ਵਾ ਫਿਰ, ਵਣ ਵਣ ਵੱਗੀ ਜਾ
ਓਹਨੇ ਹਰ ਇਕ ਵਾਂਸ ਦੀ ਵੰਝਲੀ, ਦਿੱਤੀ ਨਾਗ ਬਣਾ
ਪਹਿਲਾ ਡੰਗ ਮਦਾਰੀਆਂ, ਮੰਤਰ ਗਏ ਗੁਆਚ
ਦੂਜੇ ਡੰਗ ਦੀ ਲਗ ਗਈ, ਜਣੇ ਖਣੇ ਨੂੰ ਲਾਗ
ਨਾਗਾਂ ਕੀਲੇ ਲੋਕ-ਮੂੰਹ, ਬਸ ਫਿਰ ਡੰਗ ਹੀ ਡੰਗ
ਪਲੋ ਪਲੀ ਪੰਜਾਬ ਦੇ, ਨੀਲੇ ਪੈ ਗਏ ਅੰਗ
ਗਲਿਓਂ ਟੁੱਟੇ ਗੀਤ ਫਿਰ ਤ੍ਰੱਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ, ਚਰਖੜੇ ਘੂਕਰ ਬੰਦ
ਸਣੇ ਸੇਜ ਦੇ ਬੇੜੀਆਂ, ਲੁੱਡਣ ਦਿੱਤੀਆਂ ਰੋੜ੍ਹ
ਸਣੇ ਡਾਲੀਆਂ ਪੀਂਘ ਅਜ, ਪਿੱਪਲਾਂ ਦਿੱਤੀ ਤੋੜ
ਜਿਥੇ ਵਜਦੀ ਸੀ ਫੂਕ ਪਿਆਰ ਦੀ, ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅਜ, ਭੁਲ ਗਏ ਉਹਦੀ ਜਾਚ
ਧਰਤੀ 'ਤੇ ਲਹੂ ਵੱਸਿਆ, ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਾਹਜ਼ਾਦੀਆਂ, ਅੱਜ ਵਿਚ ਮਿਜ਼ਾਰਾਂ ਰੋਣ
ਅੱਜ ਸੱਭੇ ਕੈਦੋਂ ਬਣ ਗਏ, ਹੁਸਨ ਇਸ਼ਕ ਦੇ ਚੋਰ
ਅੱਜ ਕਿੱਥੋਂ ਲਿਆਈਏ ਲੱਭ ਕੇ, ਵਾਰਿਸ ਸ਼ਾਹ ਇਕ ਹੋਰ
ਅੱਜ ਆਖਾਂ ਵਾਰਿਸ ਸ਼ਾਹ ਨੂੰ, ਤੂੰਹੇ ਕਬਰਾਂ ਵਿੱਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।

—ਅੰਮ੍ਰਿਤਾ ਪ੍ਰੀਤਮ—

# ਅਸੀਂ ਕੌਣ.........?

ਪਰ੍ਹਿਆ-ਪੰਚਾਇਤਾਂ ਤੇ ਸੱਥਾਂ ਦੀ ਹੋਂਦ ਜੁੱਗਾਂ ਪੁਰਾਣੀ ਏ। ਮੁੱਢ ਕਦੀਮ ਤੋਂ ਈ ਇਨਸਾਨੀ ਭਾਈਚਾਰੇ ਦੇ ਮੁਅਤਬਰ-ਸਿਆਣੇ ਰਲ ਬਹਿੰਦੇ ਰਹੇ ਨੇ, ਤਾਂ ਜੋ ਬਰਾਦਰੀ ਨੂੰ ਦਰਪੇਸ਼ ਔਕੜਾਂ, ਦੁੱਖਾਂ-ਤਕਲੀਫ਼ਾਂ ਦੀ ਨਵਿਰਤੀ ਹੁੰਦੀ ਰਵ੍ਹੇ। ਇਕਸੁਰਤਾ, ਸੂਝ-ਸਮਝ, ਮੇਲ-ਮਿਲਾਪ ਤੇ ਸਮਾਜੀ ਜ਼ਬਤ ਨੂੰ ਕਾਇਮ ਹੀ ਨਾ ਰੱਖਿਆ ਜਾਵੇ ਸਗੋਂ ਵਧਾਇਆ ਜਾ ਸਕੇ।

ਸੱਥ ਦਾ ਸੰਕਲਪ ਪੂਰਬੀ ਫਲਸਫਿਆਂ ਅਤੇ ਅਕੀਦਿਆਂ 'ਤੇ ਅਧਾਰਤ ਹੈ। ਵੱਖੋ-ਵੱਖ ਦੌਰਾਂ ਵਿਚ ਦੀ ਗੁਜ਼ਰਦਾ, ਕੁਝ ਛੱਡਦਾ ਕੁਝ ਲੈਂਦਾ ਹੋਇਆ ਏਹ ਸਾਡੇ ਤੱਕ ਅੱਪੜਿਆ ਏ। ਪੱਛਮ ਦੇ ਨਿੱਜਵਾਦ, ਵਿਅਕਤੀ ਤੇ ਮੈਂ ਤੋਂ ਬਿਲਕੁਲ ਉਲਟ, ਏਸ ਸੰਕਲਪ ਵਿਚ ਜ਼ਿਆਦਾ ਜ਼ੋਰ ਬਹੁਵਾਦ, ਸਮੂਹ ਅਤੇ ਅਸੀਂ ਉੱਤੇ ਰਿਹਾ ਹੈ। ਏਥੇ ਅਖੌਤੀ ਪੱਛਮੀ ਤਰਜ਼ ਦੀ ਜਮਹੂਰੀਅਤ, ਚੋਣਾਂ ਤੇ ਅਹੁਦਿਆਂ ਦੇ ਚੱਕਰਾਂ 'ਚ ਫਸਣ ਦੀ ਥਾਂ, ਹਕੀਕੀ ਸਮਾਜੀ-ਸੇਵਾ ਤੇ ਭਲਾਈ ਦੇ ਕੰਮ ਕਰਨ ਵਾਲੇ ਆਉਂਦੇ ਜਾਂਦੇ ਰਹਿੰਦੇ ਹਨ। ਏਥੇ ਨਾ ਤੇ ਧੌਂਸ ਜਾਂ ਡਿਕਟੇਟਰੀ ਚੱਲ ਸਕਦੀ ਏ ਤੇ ਨਾ ਜ਼ੁਬਾਨੀ-ਕਲਾਮੀ ਡੀਂਗਾਂ ਵਾਲੀ ਜਮਹੂਰੀਅਤ। ਏਥੇ ਤਾਂ ਅਮਲਾਂ ਨਾਲ ਹੀ ਨਬੇੜੇ ਹੁੰਦੇ ਨੇ।

'ਸੱਥ' ਕੋਈ ਬਕਾਇਦਾ ਅਦਾਰਾ, ਯੂਨੀਅਨ, ਸੰਗਠਨ ਜਾਂ ਜਥੇਬੰਦੀ ਨਹੀਂ। ਏਸ ਵਜ੍ਹਾ ਤੋਂ ਕਈ ਵਾਰੀ ਏਹਦੇ ਕੰਮ-ਕਾਜ, ਬਣਤਰ ਤੇ ਅਹੁਦੇਦਾਰੀ ਬਾਬਤ ਭੁਲੇਖੇ 'ਤੇ ਗਿਲੇ-ਸ਼ਿਕਵੇ ਵੀ ਹੋ ਸਕਦੇ ਨੇ। ਅਸੀਂ ਆਪਣੀ ਮਿੱਟੀ ਚੋਂ ਉੱਗੇ ਹਾਂ ਅਤੇ ਯਤਨ ਕਰ ਰਹੇ ਆਂ ਕਿ ਦੇਸੀ ਰਵਾਇਤਾਂ, ਕਦਰਾਂ-ਕੀਮਤਾਂ, ਵਰਤਾਰਿਆਂ ਤੇ ਵਿਰਾਸਤ ਤੋਂ ਸਿੱਖ ਕੇ, ਰਹਿਨੁਮਾਈ ਲੈਂਦੇ ਹੋਏ ਮੌਜੂਦਾ ਦੌਰ ਦੀਆਂ ਹਕੀਕਤਾਂ ਨੂੰ ਸਾਹਮਣੇ ਰੱਖ, ਵੇਲੇ ਦੇ ਹਾਣੀ ਬਣ ਕੇ ਵਿਚਰੀਏ। ਸਾਨੂੰ ਇਹ ਵੀ ਇਲਮ ਨਹੀਂ ਕਿ ਕਿੰਨਾਂ ਕੁ ਚਿਰ ਪਿਉ ਦਾਦੇ ਦੇ ਏਸ ਖਜ਼ਾਨੇ ਦੇ ਪਹਿਰੇਦਾਰ ਬਣੇ ਰਵ੍ਹਾਂਗੇ? ਅਸੀਂ ਕੋਈ ਮਾਅਰਕਾ ਮਾਰਨ, ਸਮਾਜ ਨੂੰ ਮੁੱਢੋਂ-ਸੁੱਢੋਂ ਸੁਧਾਰਨ, ਹੇਠਲੀ ਉੱਤੇ ਲਿਆਉਣ ਜਾਂ ਨਵੇਂ ਮਨੁੱਖ ਦੀ ਸਿਰਜਣਾ ਕਰਨ ਦੇ ਸਮਰਥ ਸ਼ਇਦ ਕਦੀ ਵੀ ਨਹੀਂ ਸਾਂ। ਦਾਅਵੇ ਕਰ ਕੇ, ਆਪਣੇ ਆਪ ਨੂੰ ਲੋਕਾਈ ਨਾਲੋਂ ਨਿਖੇੜ ਕੇ, ਬੁੱਧੀਜੀਵੀ, ਅੱਗੇਵਧੂ, ਇਨਕਲਾਬੀ ਜਾਂ ਅਕਲ-ਲਤੀਫ਼ ਬਣਨ ਵਾਲੇ ਰਾਹ ਵੀ ਨਹੀਂ ਜੇ ਪੈਣਾ। ਅਸੀਂ ਤਾਂ ਆਪਣੇ ਵਿੱਤ ਮੂਜਬ, ਜਿੰਨੀ ਕੁ ਸੋਝੀ ਤੇ ਅਕਲ ਏ, ਓਸ ਮੁਤਾਬਿਕ ਜਿੰਨੀ ਕੁ ਸਮਰਥਾ ਜਦੋਂ ਤੀਕਰ ਹੋਈ, ਉਦੋਂ ਤਾਂਈ ਥੋੜ੍ਹਾ ਬਹੁਤ ਕਰਦੇ, ਹੱਥ ਪੈਰ ਮਾਰਦੇ ਰਵ੍ਹਾਂਗੇ।

'ਪੰਜਾਬੀ ਸੱਥ' ਪੰਜਾਬੀਪੁਣੇ ਨਾਲ ਪ੍ਰਣਾਇਆ ਹੋਇਆ ਅਦਾਰਾ ਹੈ। ਸਾਡੇ ਲਈ ਪੰਜਾਬ ਦੇ ਅਰਥ, ਕਿਸੇ ਸਿਆਸੀ ਨਕਸ਼ੇ 'ਤੇ ਵਾਹੀਆਂ ਹੋਈਆਂ ਲੀਕਾਂ ਨਹੀਂ, ਸਗੋਂ ਪੰਜਾਂ-ਪਾਣੀਆਂ ਦੀ ਸਰ-ਸਬਜ਼ ਭੋਇੰ ਦਾ ਉਹ ਖਿੱਤਾ ਏ, ਜਿਸ ਦੀਆਂ ਹੱਦਾਂ ਭੂਗੋਲ, ਸਭਿਆਚਾਰ ਅਤੇ ਇਤਿਹਾਸ ਉੱਤੇ ਆਧਾਰਤ ਹਨ। ਅਸੀਂ ਦੇਸਾਂ, ਮਜ਼੍ਹਬਾਂ ਤੇ ਸਿਆਸਤਾਂ ਦੀਆਂ ਵਲਗਣਾਂ ਤੋਂ ਪਾਰ ਵੇਖਣ ਦੀ ਕੋਸ਼ਿਸ਼ ਕਰਦੇ ਹਾਂ। ਸਾਨੂੰ ਆਪਣੀ ਬੋਲੀ ਤੇ ਰਹਿਣ-ਸਹਿਣ ਨਾਲ ਕੁਦਰਤੀ ਮੋਹ ਹੈ, ਪਰ ਕਿਸੇ ਦੂਜੀ ਜ਼ੁਬਾਨ ਤੇ ਰਹਿਤਲ ਨਾਲ ਨਫ਼ਰਤ ਕਤਈ ਵੀ ਨਹੀਂ। ਸਾਨੂੰ ਆਪਣੇ ਡੌਲ੍ਹਿਆਂ ਤੇ ਮਾਣ ਹੈ, ਹੰਕਾਰ ਨਹੀਂ। ਸਾਡੀ ਵਸੇਬ ਯੁੱਗਾਂ ਪੁਰਾਣੀ ਹੋਣ ਦੇ ਬਾਵਜੂਦ ਨਿੱਤ ਨਵੀਂ ਹੈ। ਅਸੀਂ ਆਪਣੀਆਂ ਸਿਹਤਮੰਦ ਰਵਾਇਤਾਂ ਕਾਇਮ ਰੱਖਦੇ ਹੋਏ ਵੇਲੇ ਦੇ ਹਾਣੀ ਬਣਨ ਲਈ ਸੁਚੇਤ ਯਤਨ ਕਰਦੇ ਰਹਿੰਦੇ ਹਾਂ। ਆਪਣੇ ਇਤਹਾਸ, ਜ਼ੁਬਾਨ, ਸਭਿਆਚਾਰ ਅਤੇ ਸਮੁੱਚੀ ਪੰਜਾਬੀ ਵਿਰਾਸਤ 'ਤੇ ਸਾਨੂੰ ਫ਼ਖ਼ਰ ਹੈ। ਸਾਡੀ ਸੋਚ ਪਿਛਲ-ਮੁਖੀ ਨਹੀਂ, ਅਸਾਂ ਪੰਜਾਬ ਦੇ ਸ਼ਾਨਾਂ ਮੱਤੇ ਇਤਿਹਾਸ ਵਾਂਗ ਅੱਜ ਵੀ ਆਪਣੇ ਬੂਹੇ-ਬਾਰੀਆਂ ਹਰ ਕਿਸਮ ਦੇ ਗਿਆਨ, ਵਿਗਿਆਨ ਦੇ ਦਾਖ਼ਲੇ ਲਈ ਖੁੱਲ੍ਹੇ ਰੱਖੇ ਹੋਏ ਹਨ। ਪੰਜਾਬੀਅਤ ਦੀ ਨਿਵੇਕਲੀ ਪਛਾਣ ਕਾਇਮ ਰੱਖਣੀ ਅਤੇ ਏਸ ਦਿਸ਼ਾ ਵਿਚ ਕੰਮ ਕਰਨ ਵਾਲਿਆਂ ਨੂੰ ਆਪਣੇ ਵਿਤ-ਮੂਜਬ ਉਤਸ਼ਾਹਤ ਕਰਨਾ ਸਾਡਾ ਮੁੱਖ ਕਾਰਜ ਹੈ।

ਉਪਰੋਕਤ ਅਕੀਦਿਆਂ 'ਤੇ ਅਮਲ ਕਰਨ ਲਈ ਅਸੀਂ ਵਚਨਬੱਧ ਹਾਂ, ਖਾਸ ਤੌਰ 'ਤੇ ਪੰਜਾਬੀਅਤ ਦੇ ਨਕਸ਼ਾਂ ਨੂੰ ਉੱਘੜਵੇਂ ਰੱਖਣ ਅਤੇ ਆਪਸੀ ਭਾਈਚਾਰਕ ਏਕਤਾ ਬਣਾਉਣ ਵਿਚ ਯਕੀਨ ਰੱਖਦੇ ਹਾਂ। ਸਾਨੂੰ ਡਰ ਹੈ, ਫਿਕਰ ਏ, ਕਿ ਕਿੱਧਰੇ ਪੰਜਾਬੀਪੁਣੇ ਦੇ ਸੰਕਲਪ ਨੂੰ ਖੋਰਾ ਲੱਗਣ ਦੇ ਅਮਲ ਵਿਚ ਅਸੀਂ ਅਵੇਸਲੇ ਤਾਂ ਨਹੀਂ? ਸਾਡਾ ਵਿਸ਼ਵਾਸ਼ ਹੈ ਕਿ, ਕੁਲ ਆਲਮ ਦੇ ਪੰਜਾਬੀਆਂ ਦੀ ਵਿਚਾਰਧਾਰਕ ਅਤੇ ਭਾਵਨਾਤਮਕ ਧਰਾਤਲ ਸਿਰਫ ਪੰਜਾਬੀਅਤ ਹੀ ਹੋ ਸਕਦੀ ਹੈ। ਅਸੀਂ ਕਾਮਨਾ ਕਰਦੇ ਹਾਂ ਕਿ ਸਾਰੇ ਪੰਜਾਬੀ ਬਗ਼ੈਰ ਕਿਸੇ ਸੌੜੀ ਧਾਰਨਾ ਦੇ ਇਸ ਮਾਮਲੇ ਵਿਚ ਸਾਡੇ ਨਾਲ ਸਿਰ ਜੋੜ ਕੇ ਬੈਠਣ ਲਈ ਤਿਆਰ ਹੋਣ।

ਨਿਰੋਲ ਅਦਬ ਜਾਂ ਸਾਹਿਤ ਹੀ ਸੱਥ ਦਾ ਕਾਰਜ ਖੇਤਰ ਨਹੀਂ। ਜ਼ਿੰਦਗੀ ਦੇ ਹਰ ਪੱਖ ਨੂੰ ਸਮਝਣ, ਖੋਜਣ ਅਤੇ ਅੰਗਣ ਲਈ ਸੱਥ ਦੀਆਂ ਰਵਾਇਤਾਂ ਮੁਤਾਬਿਕ ਪੰਜਾਬੀ ਵਿਚ ਲਿਖਣ ਅਤੇ ਕੰਮ ਕਰਨ ਵਾਲੇ ਸੂਝਵਾਨ ਸਿਆਣਿਆਂ ਦੀ ਇੱਜ਼ਤ ਕਰ ਕੇ, ਉਨ੍ਹਾਂ ਵੱਲੋਂ ਕੀਤੇ ਨਿੱਗਰ ਕਾਰਜਾਂ ਅੱਗੇ ਅਸਾਂ ਆਪਣਾ ਸੀਸ ਝੁਕਾਇਆ ਹੈ। ਇਸ਼ਤਿਹਾਰਬਾਜ਼ੀ, ਵਪਾਰਕ ਰੁਚੀਆਂ ਅਤੇ ਸ਼ੁਹਰਤ ਤੋਂ ਵਾਹ ਲੱਗਦੇ ਬਚਣ ਦੀ ਕੋਸ਼ਿਸ਼ ਕੀਤੀ ਹੈ। ਸਿਆਸੀ ਜੋੜਾਂ-ਤੋੜਾਂ, ਗੁੱਟ-ਬਾਜ਼ੀਆਂ, ਧੜੇਬੰਦੀਆਂ, ਵਾਦਾਂ-ਵਿਵਾਦਾਂ ਤੋਂ ਪਾਸਾ ਵੱਟ ਕੇ ਲੰਘਣ ਲਈ ਹਮੇਸ਼ਾਂ ਯਤਨਸ਼ੀਲ ਰਹੇ ਹਾਂ।

ਲੋਕਾਂ ਵਿੱਚੋਂ ਹੋਣ ਕਰ ਕੇ ਪੰਜਾਬੀ ਅਣਖ ਨੂੰ ਜਿਉਂਦਿਆਂ ਰੱਖਿਆ ਹੈ, ਕਿਸੇ ਅਮੀਰ-ਵਜ਼ੀਰ ਦੇ ਪਿਛਲੱਗ ਨਹੀਂ ਬਣੇ। ਸਾਡੀ ਤਹਿਜ਼ੀਬ ਤੇ ਜ਼ੁਬਾਨ ਦੀ ਸਰਪ੍ਰਸਤੀ ਹਰ ਦੌਰ ਵਿਚ ਲੋਕਾਂ ਦੇ ਹੱਥ ਰਹੀ ਹੈ। ਇਹ ਪੰਜਾਬ ਦੇ ਬਸ਼ਿੰਦੇ ਹੀ ਹਨ ਜਿਨ੍ਹਾਂ, ਪੋਰਸ ਤੋਂ ਸ਼ੁਰੂ ਹੋ ਕੇ ਮੌਜੂਦਾ ਵੇਲਿਆਂ ਤੀਕਰ ਇਨਸਾਨੀ ਹੱਕਾਂ ਲਈ ਲਗਾਤਾਰ ਜੱਦੋ-ਜਹਿਦ ਕੀਤੀ ਹੈ, ਜਿਹੜੀ ਅੱਜ ਵੀ ਜਾਰੀ ਹੈ।

# ਪਟਾਰੀ


| | | |
|---|---|---|
| * ਡਾ.ਨਿਰਮਲ ਸਿੰਘ | ਅਹਿ ਹੱਡ-ਬੀਤੀਆਂ ਜੱਗ-ਬੀਤੀਆਂ | 9 |
| 1. ਅਸਗ਼ਰ ਅੰਮ੍ਰਿਤਸਰੀ | ਵਾਹਿਗੁਰੂ ਜੀ ਕਾ ਖਾਲਸਾ | 13 |
| 2. ਅਸਗਰ ਅਲੀ ਜਾਵੇਦ | ਬਸੰਤ ਕੌਰ ਰੱਬ ਰਾਖਾ | 15 |
| 3. ਅਸ਼ਰਫ਼ ਸੁਹੇਲ | ਧਰਤੀ ਵੀਰਾਂ ਵਾਲੀ | 18 |
| 4. ਅਹਿਮਦ ਸਲੀਮ | ਇਸ਼ਤਿਹਾਰੀ | 21 |
| 5. ਅਹਿਮਦ ਨਦੀਮ ਕਾਸਮੀ | ਪਰਮੇਸ਼ਰ ਸਿੰਘ | 23 |
| 6. ਅਕਬਰ ਲਾਹੌਰੀ | ਚਿੜੀ-ਘਰ ਦੀ ਕਹਾਣੀ | 33 |
| 7. ਆਗ਼ਾ ਅਸ਼ਰਫ਼ | ਸੋਚ ਸਮੁੰਦਰ | 35 |
| 8. ਅਨੂਪ ਵਿਰਕ | ਚਾਚਾ ਸ਼ਿੰਗਾਰਾ | 38 |
| 9. ਅਨਵਰ ਅਲੀ | ਗੁੜ ਦੀ ਭੇਲੀ | 42 |
| 10. ਅਫ਼ਜ਼ਲ ਅਹਿਸਨ ਰੰਧਾਵਾ | ਗੁਆਚੀ ਹੋਈ ਖੁਸ਼ਬੂ | 46 |
| 11. ਅਫ਼ਜ਼ਲ ਤੌਸੀਫ਼ | ਇਕ ਕਿਰਚ ਦੀ ਕਹਾਣੀ | 49 |
| 12. ਅਬਦੁਲ ਹੱਕ ਅਲਵੀ | ਘਿਉ ਦਾ ਗੜਵਾ | 56 |
| 13. ਅੰਮ੍ਰਿਤਾ ਪ੍ਰੀਤਮ | ਕਮੀਣ | 60 |
| 14. ਅਲਾਮਾ ਮਜੀਦ ਲਾਹੌਰੀ | ਹਮਕੀ-ਤੁਮਕੀ | 66 |
| 15. ਇਲਿਆਸ ਘੁੰਮਣ | ਇੱਲੂ ਕੋਕੋ | 68 |
| 16. ਸੁਖਵੰਤ ਕੌਰ ਮਾਨ | ਚੱਟੂ | 75 |
| 17. ਸੁਜਾਨ ਸਿੰਘ | ਪਹੁ ਫੁੱਟ ਪਈ | 80 |
| 18. ਸੰਤੋਖ ਸਿੰਘ ਧੀਰ | ਮੇਰਾ ਉੱਜੜਿਆ ਗੁਆਂਢੀ | 85 |
| 19. ਸ਼ਮਸ਼ ਨਗ਼ਮਾਨ | ਧਰਤੀ ਦੇ ਅੱਥਰੂ | 89 |
| 20. ਸਲੀਮ ਖਾਂ ਗਿਮੀਂ | ਮੰਗਲ ਬੁੱਧ | 91 |
| 21. ਸਵਰਨ ਕੌਰ ਬੱਲ | ਇੱਕੀ ਰਾਤਾਂ | 97 |
| 22. ਹੁਸੈਨ ਸ਼ਾਹਿਦ | ਮਿੱਟੀ ਦਾ ਸਫ਼ਰ | 101 |
| 23. ਹਨੀਫ਼ ਚੌਧਰੀ | ਦੂਜਾ ਬਟਵਾਰਾ | 107 |
| 24. ਹਮੀਦਾ ਨਾਸਰਾ ਨਕਵੀ | ਜਸ਼ਨੇ ਆਜ਼ਾਦੀ | 110 |
| 25. ਕਰਤਾਰ ਸਿੰਘ ਦੁੱਗਲ | ਪਾਕਿਸਤਾਨ ਹਮਾਰਾ ਹੈ | 114 |
| 26. ਕਰਨੈਲ ਸਿੰਘ ਥਿੰਦ | ਦਾਈ ਜੀਵਾਂ | 117 |
| 27. ਖ਼ਾਲਦ ਸ਼ੇਖ਼ | ਗੁਆਚੇ ਘਰ ਨੂੰ ਜਾਂਦੀ ਰਾਹ | 121 |
| 28. ਗੁਰਦਿਆਲ ਸਿੰਘ | ਮੁੜ ਗੁਆਚੀ ਸ਼ੈ | 128 |

| | | |
|---|---|---|
| 29. ਗੁਰਦੇਵ ਰੁਪਾਣਾ | ਸ਼ੀਸ਼ਾ | 131 |
| 30. ਗੁਰਬਚਨ ਸਿੰਘ ਭੁੱਲਰ | ਫੱਤੂ ਮਰਾਸੀ | 135 |
| 31. ਜਸਵੰਤ ਸਿੰਘ ਕੰਵਲ | ਸੜਦੇ ਜ਼ਖ਼ਮ | 139 |
| 32. ਜਸਵੰਤ ਸਿੰਘ ਵਿਰਦੀ | ਬੇ-ਵਤਨੇ | 143 |
| 33. ਜਸਬੀਰ ਦੁਸਾਂਝ | ਅਹਿਸਾਸ | 146 |
| 34. ਜਸਬੀਰ ਭੁੱਲਰ | ਕਾਫ਼ਲਾ | 149 |
| 35. ਤ੍ਰਿਲੋਕ ਮਨਸੂਰ | ਲੋਕ ਪੁੱਛਦੇ ਨੇ | 153 |
| 36. ਦਵਿੰਦਰ ਸਤਿਆਰਥੀ | ਜਨਮ-ਭੂਮੀ | 155 |
| 37. ਨਜ਼ੀਰ ਕਹੋਟ | ਇਕ ਵਸੇਬ ਦੀ ਮੌਤ | 163 |
| 38. ਨਜ਼ਰ ਫ਼ਾਤਮਾ | ਦੁੰਬੀ | 167 |
| 39. ਨਸੀਰ ਅਹਿਮਦ ਚੀਮਾ | ਡਾ. ਪ੍ਰਦੁਮਨ ਸਿੰਘ | 170 |
| 40. ਪ੍ਰੀਤਮ ਸਿੱਧੂ | ਛਿੱਬੋ | 178 |
| 41. ਫਰਜ਼ੰਦ ਅਲੀ | ਗੱਲ ਇੱਕ ਗੱਲ ਦੀ | 185 |
| 42. ਮਹਿੰਦਰ ਸਿੰਘ ਸਰਨਾ | ਲੱਧੇ ਵਾਲਾ ਵੜੈਚ | 189 |
| 43. ਮਹੀਪ ਸਿੰਘ | ਦਿੱਲੀ ਕਿੱਥੇ ਹੈ.... | 194 |
| 44. ਮਕਸੂਦ ਸਾਕਬ | ਸੁੱਚਾ-ਤਿੱਲਾ | 197 |
| 45. ਮੁਖਤਿਆਰ ਸਿੰਘ | ਤਾਇਆ ਰੱਬ | 203 |
| 46. ਮਨਮੋਹਨ ਸਿੰਘ ਦਾਊਂ | ਫਰਿਸ਼ਤੇ ਵਰਗਾ ਮਨੁੱਖ | 207 |
| 47. ਰਾਮ ਸਰੂਪ ਅਣਖੀ | ਆਪਣੇ ਘੜੇ ਦਾ ਪਾਣੀ | 211 |
| 48. ਰਾਮ ਸਿੰਘ ਢੇਸੀ | ਰਹਿਮਾਂ | 214 |
| 49. ਵਸੀਮ ਗੌਹਰ | ਪੀੜ-ਪਰਾਗੇ | 218 |
| 50. ਵਰਿਆਮ ਸਿੰਘ ਸੰਧੂ | ਪਰਛਾਵੇਂ | 220 |
| | ਸੱਥ ਦਾ ਸਫ਼ਰ | 228 |
| | ਅਤੇ-ਪਤੇ | 231 |

# ਅਹਿ ਹੱਡ-ਬੀਤੀਆਂ, ਜੱਗ-ਬੀਤੀਆਂ

ਇਨਸਾਨ ਤੇ ਸ਼ੈਤਾਨ, ਨੇਕੀ ਤੇ ਬਦੀ ਮੁੱਢ-ਕਦੀਮ ਤੋਂ ਈ ਟਕਰਾਉਂਦੇ ਪਏ ਚਲੇ ਆਉਂਦੇ ਨੇ। ਕਦੀ ਇਕ ਪੱਲੜਾ ਭਾਰਾ ਹੋ ਜਾਂਦਾ ਏ ਤੇ ਕਦੀ ਦੂਜਾ, ਉਂਜ ਬੀਅ-ਨਾਸ ਕਿਸੇ ਦਾ, ਨਾ ਤੇ ਕਦੀ ਹੋਇਆ ਏ ਤੇ ਨਾ ਹੋਣਾ ਏ। ਨੇਕ ਰੂਹਾਂ, ਹੱਕ-ਸੱਚ ਦੇ ਝੰਡਾ-ਬਰਦਾਰ, ਅਲੰਬਰਦਾਰ, ਪਹਿਰੇਦਾਰ, ਫ਼ਰਿਸ਼ਤਿਆਂ ਵਰਗੇ ਇਨਸਾਨ, ਬਦ ਤੋਂ ਬਦਤਰ ਦੌਰਾਂ ਵੇਲੇ ਵੀ ਮੌਜੂਦ ਰਹੇ ਨੇ। ਏਹਨਾਂ, ਅਸਲੀ ਮਨੁੱਖਾਂ, ਹਮੇਸ਼ਾਂ-ਹਮੇਸ਼ਾਂ, ਸ਼ੈਤਾਨੀ ਕਰਤੂਤਾਂ ਕਰਨ ਵਾਲਿਆਂ ਨਾਲ ਮੱਥਾ ਲਾਉਣ ਤੋਂ ਕਦੀ ਪਾਸਾ ਨਹੀਂ ਵੱਟਿਆ, ਗੁਰੇਜ਼ ਨਹੀਂ ਕੀਤਾ। ਏਹ ਜਿੱਤ-ਹਾਰ ਦੀਆਂ ਗਿਣਤੀਆਂ-ਮਿਣਤੀਆਂ ਵਿਚ ਪੈਣ ਦੀ ਥਾਂ, ਸੱਚੇ-ਸੁੱਚੇ ਅਸੂਲਾਂ ਵਾਸਤੇ, ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਲਈ ਨਿਰੰਤਰ ਜੂਝਦੇ ਰਹੇ, ਲੜਦੇ ਰਹੇ, ਸ਼ਹਾਦਤਾਂ ਦੇ ਜਾਮ ਪੀਂਦੇ ਰਹੇ।

ਲੋਕਾਈ ਨੂੰ ਵੰਡਣ ਵਾਲੇ, ਪਾੜਨ ਵਾਲੇ, ਲੂਤੀਆਂ ਲਾਣ ਵਾਲੇ, ਨਿਰਾ ਲੋਕਾਂ ਨੂੰ ਈ ਨਹੀਂ, ਸਾਡੀ ਸਾਰਿਆਂ ਦੀ ਮਾਂ, ਕਾਦਰ ਦੀ ਕੁਦਰਤ ਨੂੰ ਵੀ ਖੱਖੜੀਆਂ-ਕਰੇਲੇ ਕਰਨ ਤੋਂ ਕਦੀ ਵੀ ਬਾਜ਼ ਨਹੀਂ ਆਏ। ਉਹਨਾਂ ਮਾਂ-ਮਿੱਟੀ ਵੰਡੀ, ਦਰਿਆ ਵੰਡੇ, ਪਹਾੜ ਵੰਡੇ, ਰੁੱਖ ਵੰਡੇ ਤੇ ਵੈਰ ਜਨੂੰਨ ਦਾ ਪਾਠ ਪੜ੍ਹਾ, ਸਾਨੂੰ ਇਕ-ਦੂਜੇ ਦੇ ਆਹਮੋ-ਸਾਹਮਣੇ ਲਿਆ ਖਲ੍ਹਾਰਿਆ। ਇਨਸਾਨ ਦੇ ਆਪਣੀ ਜੰਮਣ-ਭੋਇੰ ਨਾਲ ਕੁਦਰਤੀ ਮੋਹ ਨੂੰ ਹੁਬਲ-ਵਤਨੀ, ਦੇਸ-ਭਗਤੀ, ਵਰਗੇ ਪਾਕ-ਪਵਿੱਤਰ ਨਾਂ ਦੇ ਕੇ ਆਪਣੇ ਗੌਂ ਕੱਢੇ, ਜੌਂ ਭੁਨਾਏ, ਲੋਕਾਂ ਤੇ ਕਾਠੀ ਪਾਈ ਤੇ ਆਪਣੀਆਂ ਚੌਧਰਾਂ ਕਾਇਮ ਕੀਤੀਆਂ।

ਏਸ ਸ਼ੈਤਾਨ ਦੀ ਆਲ-ਔਲਾਦ ਨੇ ਫਰੰਗੀਆਂ ਦੇ ਢਹੇ ਚੜ੍ਹ, ਸਾਡੀ ਮਾਂ-ਬੋਲੀ ਨੂੰ ਕਿਧਰੇ ਹਿੰਦੀ-ਸੰਸਕ੍ਰਿਤ ਦੀ ਪੁੱਠ ਚਾੜ੍ਹੀ ਤੇ ਕਿਧਰੇ ਉਰਦੂ-ਫਾਰਸੀ ਦੀ ਪਿਉਂਦ ਲਾਉਣ ਲਈ ਬੜੇ ਪਾਪੜ ਵੇਲੇ, ਮਨਸੂਬੇ ਘੜੇ ਤੇ ਵਿਉਂਤਾਂ ਬਣਾਈਆਂ। ਏਹਨਾਂ ਸਾਡੇ ਸਾਂਝੇ ਬਾਬੇ, ਗੁਰੂ, ਪੀਰ-ਫ਼ਕੀਰ, ਸੂਫ਼ੀ-ਦਰਵੇਸ਼ਾਂ ਨੂੰ ਵੀ ਆਪੋ-ਆਪਣੇ ਖੇਮਿਆਂ, ਡੇਰਿਆਂ ਤੇ ਹੁਜ਼ਰਿਆਂ ਵਿਚ ਕੈਦ ਕਰਨ ਦੀਆਂ ਸਿਰਤੋੜ ਕੋਸ਼ਿਸ਼ਾਂ ਕੀਤੀਆਂ। ਇਹ ਭੁੱਲ ਈ ਗਏ ਕਿ ਖੁਸ਼ਬੂ, ਮਹਿਕ, ਰੁਮਕਦੀ ਪੌਣ, ਵੱਗਦਾ ਪਾਣੀ, ਆਵਾਜ਼ ਦੀਆਂ ਤਰੰਗਾਂ, ਰੋਸ਼ਨੀ, ਚਾਨਣ ਤੇ ਰੂਹਾਂ ਦੀਆਂ ਰਮਜ਼ਾਂ ਨੂੰ, ਨਾ ਤੇ ਆਦਿ ਤੋਂ ਅੱਜ ਤੋੜੀ, ਕੋਈ ਡੱਕ ਸਕਿਆ ਏ ਤੇ ਨਾ ਅਜ਼ਲਾਂ ਤੀਕਰ ਰੋਕ ਸਕੇਗਾ।

ਕਿਤਾਬ 'ਦਰਦਮੰਦਾਂ ਦੀਆਂ ਆਹੀਂ' ਦੇ ਪੰਨਿਆਂ ਰਾਹੀਂ ਅਸੀਂ ਸੂਝਵਾਨ-ਸਿਆਣੇ, ਅਦੀਬਾਂ-ਸਾਹਿਤਕਾਰਾਂ ਦੇ ਸ਼ਬਦਾਂ ਦੁਆਰਾ ਆਮ ਪੰਜਾਬੀਆਂ ਨੂੰ ਲੱਗੇ ਡੂੰਘੇ ਘ੍ਰਾਵਾਂ-ਪੱਛਾਂ ਤੇ ਗ਼ਹਿਰੇ ਜ਼ਖ਼ਮਾਂ ਦੀਆਂ ਚੀਸਾਂ, ਆਹਵਾਂ, ਚੀਕਾਂ ਅਤੇ ਦਰਦਾਂ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਏ। ਕਿਸੇ ਸਿਆਸੀ, ਮਜ਼ਬੀ ਜਾਂ ਇਲਾਕਾਈ ਪਾੜੇ ਤੋਂ ਬਗੈਰ, ਪੇਸ਼ ਕਰਨ ਦਾ ਜਤਨ ਕੀਤਾ ਹੈ। ਕਿਤਾਬ ਵਿਚ ਦਰਜ ਸਾਰੇ ਈ ਅਦੀਬ-ਲਿਖਾਰੀ, ਸਾਡੇ ਵੇਲਿਆਂ ਦੇ ਮਹਾਨ ਮਨੁੱਖ ਨੇ, ਜਿਨ੍ਹਾਂ ਬੜੀ ਇਮਾਨਦਾਰੀ, ਦਿਆਨਤਦਾਰੀ ਤੇ ਕਲਾਤਮਿਕ ਸੂਝ-ਬੂਝ ਰਾਹੀਂ ਕੁਝ ਹੱਡ-ਬੀਤੀਆਂ, ਤੇ ਕੁਝ ਜੱਗ-ਬੀਤੀਆਂ ਏਹਨਾਂ ਕਹਾਣੀਆਂ-ਦਾਸਤਾਨਾਂ ਵਿਚ ਉਲੀਕੀਆਂ ਨੇ। ਨੇਕ ਤੇ ਬਦਰੂਹਾਂ ਦੇ ਸੰਤਾਲੀ ਵਾਲੇ ਦਿਲ-ਹਲਾਊ ਘਲੂਘਾਰੇ, ਕਤਲੋ-ਗ਼ਾਰਤ, ਟਕਰਾਉ ਤੇ ਕਸ਼ਮਕਸ਼ ਨੂੰ ਸਾਡੀਆਂ ਨਜ਼ਰਾਂ ਸਾਹਵੇਂ ਇੰਝ ਪੇਸ਼ ਕਰ ਛੱਡਿਆ ਏ, ਕਿ ਅੱਧੀ ਸਦੀ ਬੀਤਣ ਬਾਅਦ ਵੀ ਰੂਹ ਕੰਬ ਉੱਠਦੀ ਏ, ਮਨ ਦਹਿਲ ਜਾਂਦਾ ਏ। ਜ਼ਿਹਨ 'ਚ ਸੁਆਲ-ਦਰ-ਸੁਆਲ ਪੈਦਾ ਹੋਣ ਲੱਗ ਜਾਂਦੇ ਨੇ। ਸ਼ੱਕ ਹੋਣ ਲੱਗਦਾ ਏ, ਕਿ ਸਾਡੇ ਕੁਝ ਵਡੇਰੇ ਕੀ ਸੱਚੀ-ਮੁੱਚੀ ਬੰਦੇ ਈ ਸਨ, ਕਿ ਹੈਵਾਨ?

ਹੁਕਮਰਾਨਾਂ ਤੇ ਰਾਜ ਕਰਨਾ ਹੁੰਦਾ ਏ ਤੇ ਰਈਅਤ, ਲੋਕਾਈ ਨੇ ਜੀਣਾ ਹੁੰਦਾ ਏ। ਦੋਨਾਂ ਦੇ ਜ਼ਿੰਦਗੀ ਵੱਲ, ਹਿਯਾਤੀ ਦੀ ਸੇਧ ਵਿਚ, ਨਜ਼ਰੀਏ, ਰਵੱਈਏ 'ਚ ਵਿੱਥ ਹੋਣੀ, ਫਰਕ ਪੈਣਾ ਸੁਭਾਵਿਕ ਏ, ਲਾਜ਼ਮੀ ਏ। ਏਥੇ ਅਸਾਂ ਕਿਸੇ ਸਿਆਸਤਦਾਨ, ਰਾਜੇ-ਰਾਣੇ ਜਾਂ ਹਕੂਮਤ ਦੀ ਥਾਂ ਪਰਜਾ, ਆਮ ਪੰਜਾਬੀ ਬਸ਼ਿੰਦੇ ਦਾ ਨਜ਼ਰੀਆ ਪੇਸ਼ ਕੀਤਾ ਏ। ਇਹ ਵੀ ਹੋ ਸਕਦਾ ਏ, ਕਿ ਕਈਆਂ ਨੂੰ ਸਾਡਾ ਇਹ ਉਪਰਾਲਾ ਨਿਰਾ ਰੋਣਾ-ਧੋਣਾ ਤੇ ਜਜ਼ਬਾਤੀ ਰੌਆਂ ਦਾ ਮੁਜ਼ਾਹਰਾ ਹੀ ਜਾਪੇ। ਪਰ, ਜ਼ਰਾ ਕੁ ਖਲੋ ਕੇ, ਸੁਸਤਾਅ ਕੇ, ਠਰੰਮ੍ਹੇ ਨਾਲ, ਜ਼ਿਹਨ ਤੇ ਰਤਾ ਕੁ ਭਾਰ ਪਾ ਕੇ ਸੋਚੀਏ, ਵਿਚਾਰੀਏ। ਸਾਡੀ ਵਸੇਬ ਤੇ ਆਦਿ-ਜੁਗਾਦ ਤੋਂ ਜ਼ਰਵਾਣਿਆਂ, ਧਾੜਵੀਆਂ ਤੇ ਕੁਫ਼ਰ ਦੀਆਂ ਤਾਕਤਾਂ ਨਾਲ ਆਢ੍ਹਾ ਲਾਂਦੀ ਰਹੀ ਏ। ਐਹ ਧਰਮ-ਨਿਰਪੱਖਤਾ, ਇਨਸਾਨੀ ਹਕੂਕ, ਜ਼ਮਹੂਰੀਅਤ-ਲੋਕ ਰਾਜ, ਔਰਤਾਂ ਦੀ ਆਜ਼ਾਦੀ, ਕੁਦਰਤ ਨੂੰ ਮਲੀਨਤਾ-ਆਲੂਦਗੀ ਤੋਂ ਬਚਾਉਣ ਤੇ ਮਿਹਨਤ-ਮੁਸ਼ੱਕਤ ਕਰਨ ਵਾਲਿਆਂ ਨੂੰ ਰੱਜਵੀ ਰੋਟੀ, ਵਰਗੇ ਭਰਮਾਊ ਨਾਅਰੇ, ਤਾਂ ਅਜੇ ਕੱਲ੍ਹ ਸ਼ੁਰੂ ਹੋਏ ਨੇ। ਸਾਡੇ ਬਾਬੇ ਨਾਨਕ, ਮੀਆਂ ਵਾਰਸ, ਸ਼ੱਕਰਗੰਜ ਤੇ ਰਾਜੇ ਪੋਰਸ, ਸਦੀਆਂ ਪਹਿਲੋਂ ਗਿਆਨ-ਵਿਹੂਣੀ ਤੇ ਅੰਨੀ ਰਈਅਤ ਨੂੰ ਜਗਾਉਣ ਲਈ, ਕੋਠਿਆਂ ਤੇ ਚੜ੍ਹ ਹੋਕੇ ਦਿੱਤੇ ਸਨ। ਫੇਰ, ਐਹ ਸਾਰਾ ਕੁਝ ਕਿਉਂ ਵਾਪਰਿਆ? ਕੀ ਇਹਦੇ ਲਈ ਸਿਰਫ ਫਿਰੰਗੀਆਂ ਦੇ ਸਿਰ ਭਾਂਡਾ ਭੰਨ, ਆਪਾਂ ਸਾਰੇ, ਲੀਕੋਂ ਪਾਰ ਤੇ ਉਰਾਰ ਵਾਲੇ ਸੁਰਖ਼ਰੂ ਹੋ ਸਕਨੇ ਆਂ? ਕੀ ਸਾਨੂੰ ਆਪਣਿਆਂ ਈ ਵੱਡਿਆਂ ਦੇ ਕਾਲੇ ਕਾਰਨਾਮੇ, ਅੱਜ ਤੀਕਰ ਵੀ ਨਹੀਂ ਝੰਜੋੜ ਸਕੇ? ਸ਼ਾਇਦ! ਏਸ ਕਿਤਾਬ ਦੇ 'ਹਰਫ਼', ਸਾਡੇ ਧੁਰ ਅੰਦਰ, ਕੋਈ ਹਿੱਲਜੁਲ, ਕੋਈ ਫ਼ਿਕਰਮੰਦੀ ਪੈਦਾ ਕਰ ਸਕਣ? ਏਸੇ ਯਕੀਨ ਨੂੰ,

ਵਹਿਮ ਨੂੰ, ਭਰਮ ਨੂੰ ਜ਼ੇਰੇ-ਗ਼ੌਰ ਰੱਖਦਿਆਂ ਅਸਾਂ ਇਹ ਸਾਰਾ ਤਰੱਦਦ ਕੀਤਾ ਏ, ਮੁਹਿੰਮ ਵਿੱਢੀ ਏ।

ਅਹਿ ਸਾਰੇ ਦੇ ਸਾਰੇ ਲਿਖਾਰੀ-ਅਦੀਬ ਸਾਡੀ ਏਸ ਭੋਂਇੰ ਦੀ ਪੈਦਾਇਸ਼ ਨੇ । ਇਨ੍ਹਾਂ ਆਪੋ-ਆਪਣੇ ਅਕੀਦਿਆਂ, ਸੋਚਾਂ ਤੇ ਝੁਕਾਵਾਂ ਮੁਤਾਬਿਕ ਏਸ ਅਤਿ-ਦੁੱਖਦਾਈ ਦੁਰਘਟਨਾ ਨੂੰ, ਦਰਦਨਾਕ ਮੰਜ਼ਰ ਨੂੰ, ਬਿਆਨਿਆ ਏ। ਕਹਾਣੀਆਂ ਦੇ ਮਜ਼ਬੂਨਾਂ ਤੋਂ ਅੱਡ ਇਨ੍ਹਾਂ ਦੀ ਬੋਲੀ, ਠੁੱਕ-ਠੇਠਤਾਈ, ਵੱਖੋ-ਵੱਖ ਲਹਿਜੇ, ਅਖਾਉਤਾਂ-ਮੁਹਾਵਰੇ, ਵੇਰਵੇ ਸਾਡੀ ਵਸੇਬ ਦੀ ਅਮੀਰੀ, ਪਸਾਰ, ਵਿਸ਼ਾਲਤਾ ਦਾ ਅਹਿਸਾਸ ਬਾਖ਼ੂਬੀ ਕਰਵਾਉਂਦੇ ਨੇ। ਕਈ ਕਹਾਣੀਆਂ ਵੱਢ-ਟੁੱਕ ਦੇ ਅੱਖੀਂ ਡਿੱਠੇ ਜਾਂ ਕੰਨੀ ਸੁਣੇ ਦ੍ਰਿਸ਼, ਸਾਡੇ ਸਾਹਮਣੇ ਲਿਆ ਸਾਕਾਰ ਕਰਦੀਆਂ ਨੇ। ਕਈ ਹੋਰ, ਪਿਛਲ-ਝਾਤ ਪਵਾ ਕੇ ਇੱਥੋਂ ਦੇ ਜੀਵਨ ਤੇ ਰਹਿਣ-ਸਹਿਣ 'ਤੇ ਪਏ ਅਸਰਾਤ ਨੂੰ ਖ਼ੂਬਸੂਰਤ ਅੰਦਾਜ਼ 'ਚ ਬਿਆਨਦੀਆਂ ਨੇ। ਕੁਝ ਕੁ ਮਜ਼ਬੀ ਅਕੀਦਿਆਂ ਦੇ ਸਹੀ ਇਬਾਦਤਗਾਰਾਂ ਨੂੰ ਜਨੂੰਨੀਆਂ ਨਾਲੋਂ ਨਿਖੇੜ ਕੇ ਖੜ੍ਹਾ ਕਰਦੀਆਂ ਪ੍ਰਤੀਤ ਹੁੰਦੀਆਂ ਨੇ। ਲੋਕਾਂ ਦੇ ਕਾਰ-ਵਿਹਾਰ, ਘਰ-ਘਾਟ ਤਾਂ ਅਜਿਹੇ ਵੇਲਿਆਂ 'ਚ ਬਰਬਾਦ ਹੋਣੇ ਈ ਹੁੰਦੇ ਨੇ, ਰਿਸ਼ਤੇ-ਨਾਤੇ, ਸਾਕਾਦਾਰੀਆਂ ਕਿੰਝ ਘੱਟੇ-ਕੌਡੀਆਂ ਰੁਲ ਜਾਂਦੀਆਂ ਨੇ, ਦੀ ਪੇਸ਼ਕਾਰੀ ਬਹੁਤੀਆਂ ਕਹਾਣੀਆਂ ਦੀ ਫ਼ਖ਼ਰਯੋਗ ਪ੍ਰਾਪਤੀ ਆਖੀ ਜਾ ਸਕਦੀ ਹੈ।

ਅਜਿਹੇ ਮੌਕਿਆਂ 'ਤੇ ਸਭ ਤੋਂ ਵੱਧ ਬੇਹੁਰਮਤੀ ਇਨਸਾਨ ਦੀ ਜਨਮਦਾਤੀ, ਪਾਲਣਹਾਰੀ, ਮਹਿਬੂਬਾ-ਪ੍ਰੇਮਿਕਾ, ਧੀ-ਭੈਣ ਦੀ ਈ ਹੁੰਦੀ ਏ। ਮਨੁੱਖਾਂ ਵਿਚ ਜੰਗਲੀਪੁਣਾ, ਵਹਿਸ਼ੀ ਸੁਭਾਅ ਏਸ ਵੇਲੇ ਐਨ ਸਿਖਰਾਂ ਛੋਹ ਜਾਂਦਾ ਏ। ਪਰ ਸਾਡੀ ਸਾਰਿਆਂ ਦੀ ਕਿਸਮਤ ਸਿੱਧੀ, ਪਈ ਇਹੋ ਜਿਹੇ ਧੁੰਦੂਕਾਰੇ, ਹਨ੍ਹੇਰਗਰਦੀ ਦੇ ਮੌਕੇ ਵੀ ਸਾਡੇ ਇਹਨਾਂ ਲਿਖਾਰੀਆਂ ਨੇ ਪੰਜਾਬੀਅਤ ਦੀ ਰੱਖ ਵਿਖਾਈ। ਕਹਾਣੀਆਂ ਦੇ ਕਿਰਦਾਰ ਜਾਨ ਦੀਆਂ ਬਾਜ਼ੀਆਂ ਤੇ ਭਾਂਵੇ ਲਾ ਗਏ ਹੋਣ, ਇਹਨਾਂ ਆਪਣੇ ਜਤ-ਸਤ ਨੂੰ ਹੀ ਕਾਇਮ ਨਹੀਂ ਰੱਖਿਆ, ਔਰਤ ਦੀ ਅਜ਼ਾਦੀ ਦੇ ਅਸਲ ਮਾਅਨੇ ਵੀ ਸਾਡੇ ਖ਼ਾਨਿਆਂ 'ਚ ਪਾ ਦਿੱਤੇ ਨੇ। ਇਹ ਅਰਥ ਸਾਡੀ ਦੇਸੀ, ਤਹਿਜੀਬੀ-ਵਿਰਾਸਤ ਦੀ ਸਹਿਜ ਉਪਜ ਨੇ।

ਹਕੀਕਤ 'ਚ ਇਹ ਸਾਰੀ ਕਿਤਾਬ ਇੱਕੋ ਈ ਵੱਡੀ ਦਾਸਤਾਨ ਏ। ਕਹਾਣੀ ਇਕ ਈ ਏ, ਸਿਰਫ਼ ਬੋਹੜ ਵਾਂਗ ਇਹਦੇ ਪਸਾਰ-ਫੈਲਾਉ-ਟਹਿਣੀਆਂ-ਸ਼ਾਖਾਂ ਦਾ ਘੇਰਾ ਵੱਡਾ ਏ। ਕਹਾਣੀਆਂ ਦੀ ਰੂਹ ਇੱਕ, ਜਾਨ ਇੱਕ, ਜ਼ੁਬਾਨ ਇੱਕ, ਮਜ਼ਬੂਨ ਇੱਕ, ਸੋਚ ਇੱਕ ਤੇ ਸਭ ਤੋਂ ਵੱਡੀ ਗੱਲ ਮਨਸ਼ਾ ਇੱਕ-ਮੰਤਵ ਇੱਕ। ਇਨਸਾਨੀਅਤ ਦੀ, ਸਹੀ ਕਦਰਾਂ ਕੀਮਤਾਂ ਦੀ, ਪੰਜਾਬੀਅਤ ਦੀ, ਅਣਖ ਦੀ, ਗ਼ੈਰਤ ਦੀ, ਟੈਂ ਦੀ ਲਾਟ ਨੂੰ, ਲੋਅ ਨੂੰ ਆਪਣੀਆਂ ਹੱਡੀਆਂ, ਲਹੂ-ਮਿੱਝ ਤੀਕਰ ਦਾ ਤੇਲ ਪਾ ਬੁਝਣ ਤੋਂ ਬਚਾਉਣ ਦੀ ਤਮੰਨਾ ਵੀ ਇੱਕ!

ਮੁਲਕ ਟੁੱਟਦੇ ਰਹਿੰਦੇ ਨੇ, ਬਣਦੇ ਰਹਿੰਦੇ ਨੇ, ਸਿਆਸੀ ਜੁਗਰਾਫ਼ੀਏ ਦੀਆਂ ਲਕੀਰਾਂ ਕਦੀ ਵੀ ਪੱਕੀਆਂ-ਪੀਡੀਆਂ ਨਹੀਂ ਹੁੰਦੀਆਂ। ਪਿਛਲੇ ਚਾਲ੍ਹੀਆਂ-ਪੰਜਾਹਵਾਂ ਵਰ੍ਹਿਆਂ 'ਚ ਈ ਦੁਨੀਆਂ ਦੇ ਨਕਸ਼ੇ ਵਿਚ ਪਤਾ ਨਹੀਂ ਕਿੰਨੀ ਵਾਰੀ ਨਵੀਂਆਂ ਲੀਕਾਂ ਵਾਹਣੀਆਂ ਪਈਆਂ ਨੇ। ਕੋਰੀਆ, ਜਰਮਨੀ, ਯਮਨ, ਵੀਅਤਨਾਮ ਦੀਆਂ ਮਿਸਾਲਾਂ ਏਸ ਲੰਬੀ ਕੜੀ 'ਚੋਂ, ਵੰਨਗੀ ਮਾਤਰ ਨੇ। ਸਕਾਟਲੈਂਡ ਦੀ ਹੋਂਦ ਤਿੰਨ ਸੌ ਸਾਲਾਂ ਵਿਚ ਵੀ ਮਰ ਨਹੀਂ ਸਕੀ। ਕੁਰਦ, ਸਦੀਆਂ ਤੋਂ ਆਪਣੀ ਵੱਖਰੀ ਪਛਾਣ ਲਈ ਜੱਦੋ-ਜਹਿਦ ਕਰਦੇ ਆ ਰਹੇ ਨੇ। ਫਲਸਤੀਨੀ ਜੂਝਦੇ ਪਏ ਨੇ। ਯਹੂਦੀਆਂ ਨੇ ਆਪਣੀ ਹੋਂਦ ਬਰਕਰਾਰ ਕਰ ਕੇ ਹੀ ਸਾਹ ਲਿਆ ਸੀ। ਨਵੇਂ ਦੌਰ, ਨਵੇਂ ਗਿਆਨ-ਵਿਗਿਆਨ, ਸਾਇੰਸ, ਆਵਾਜਾਈ, ਸੰਚਾਰ ਦੇ ਸਾਧਨਾਂ ਨੇ ਸਰਹੱਦਾਂ ਬੇ-ਮਾਅਨੀਆਂ ਸਾਬਤ ਕਰ ਛੱਡੀਆਂ ਨੇ। ਦੁਨੀਆਂ ਦੀ ਕਿਸੇ ਨੁੱਕਰੇ ਵਾਪਰੀ ਨਿੱਕੀ ਜਿੰਨੀ ਘਟਨਾ ਵੀ, ਪਲਾਂ 'ਚ ਹੀ ਹਾਂਗ ਕਾਂਗ ਤੋਂ ਲੈ ਲੰਡਨ, ਪੈਰਿਸ, ਨਿਊਯਾਰਕ ਦੀਆਂ ਕੰਧਾਂ ਨੂੰ ਹਿਲਾ ਕੇ ਰੱਖ ਦਿੰਦੀ ਏ। ਅਸੀਂ ਖੋਲ 'ਚ ਨਹੀਂ ਰਹਿ ਸਕਦੇ।

ਪੰਜਾਬ, ਪੰਜਾਬੀ ਤੇ ਪੰਜਾਬੀਪੁਣਾ ਆਪਣੀ ਜੱਦੀ ਪੰਜਾਂ-ਪਾਣੀਆਂ ਦੀ ਹਵਾ-ਮਿੱਟੀ ਤੋਂ ਫੈਲ, ਆਲੇ-ਦੁਆਲੇ ਈ ਨਹੀਂ, ਦੂਰ-ਪਾਰ ਵਲੈਤਾਂ ਤੀਕਰ ਪਸਰ ਚੁੱਕਾ ਏ। ਸਾਡੇ ਲਈ ਵੀ ਹੱਦਾਂ, ਹਕੂਮਤਾਂ, ਮਜ਼ਬ, ਧਰਮ, ਅਕੀਦੇ ਹੁਣ ਰਾਹ ਦੇ ਰੋੜੇ ਨਹੀਂ ਰਹੇ। ਅਸਾਂ ਆਪਣੀ ਇੱਕੋ-ਇਕ ਜ਼ੁਬਾਨ, ਇਕ ਰਹਿਤਲ, ਇਕ ਵਿਰਾਸਤ ਰਾਹੀਂ ਸਮੁੱਚੀ ਇਨਸਾਨੀਅਤ ਦੀ ਗੱਲ ਟੋਰਨ ਦੀ ਕੋਸ਼ਿਸ਼ ਕੀਤੀ ਏ।

ਵਕਤ ਕਦੀ ਵੀ ਪਿਛਾਂਹ ਨਹੀਂ ਜੇ ਭੌਂਦਾ, ਪੁਰਾਣੇ ਵੇਲੇ ਮੋੜ ਲਿਆਉਣਾ, ਮੋਇਆਂ ਨੂੰ ਜਿਉਂਦਿਆਂ ਕਰਨਾ, ਸਾਡੇ ਵਸੋਂ-ਬਾਹਰੀ ਗੱਲ ਏ। ਨਿਰੇ ਜਜ਼ਬਾਤਾਂ 'ਚ ਬਹਿ ਜਾਣਾ, ਵੈਣ ਪਾਈ ਜਾਣੇ ਤੇ ਦੁੱਖਾਂ-ਗ਼ਮਾਂ ਨੂੰ ਗਲਾਂ 'ਚ ਲਟਕਾਈ ਫਿਰਨਾਂ, ਨੁਮਾਇਸ਼ ਲਾਉਣਾ ਸਾਡਾ ਇਰਾਦਾ ਕੱਤਈ ਵੀ ਨਹੀਂ। ਹਾਂ! ਏਸ ਸਾਰੇ ਵਰਤਾਰੇ 'ਚੋਂ ਸਿਰਫ਼ ਦਸ-ਪੰਦਰਾਂ ਫੀਸਦੀ ਮਾੜੇ, ਲੰਡੇ-ਲੁੱਚੇ ਕਿਰਦਾਰਾਂ ਦੀ ਸ਼ਨਾਖਤ ਕਰ ਕੇ ਬਾਕੀ ਚੁੱਪ, ਬੇਲਾਗ, ਭਲੇਮਾਣਸ ਅੱਸੀ-ਪਚਾਸੀ ਫੀਸਦੀ ਨੂੰ ਆਪਣਾ ਆਪ ਪਛਾਨਣ, ਗਲਤੀਆਂ ਤੋਂ ਸਿੱਖਣ ਤੇ ਬੰਦਿਆਂ ਵਾਂਗ ਜੀਣ ਲਈ ਸੋਚਣ ਵਿਚਾਰਨ ਦੀ ਜਾਗ ਲਾਉਣਾ ਸਾਡੀ ਮਨਸ਼ਾ ਏ।

ਇਹ ਨਿਰੀ ਕਿਤਾਬ ਨਹੀਂ, ਓਸ ਧਰਤੀ ਦੀ ਜ਼ਿਆਰਤ ਏ, ਯਾਤਰਾ ਏ, ਜਿੱਥੇ ਸ਼ੈਤਾਨਾਂ, ਰਾਖਸ਼ਾਂ, ਹੈਵਾਨਾਂ ਨਾਲ ਲੜਦਿਆਂ, ਜੂਝਦਿਆਂ, ਕਿਸੇ ਸੌੜੀ ਜਨੂੰਨੀ ਸੋਚ ਲਈ ਨਹੀਂ ਮਾਨਵਤਾ ਲਈ ਮਰ-ਮਿੱਟਣ ਵਾਲਿਆਂ ਦੇ ਇਕ ਨਹੀਂ, ਦੋ ਨਹੀਂ, ਹਜ਼ਾਰਾਂ-ਲੱਖਾਂ ਸ਼ਹੀਦ ਗੰਜ ਮੌਜੂਦ ਨੇ। ਸ਼ਹੀਦੀਆਂ ਦਾ ਰੁਤਬਾ ਹਾਸਲ ਕਰਨ ਵਾਲੇ ਇਨ੍ਹਾਂ ਸੂਰਮਿਆਂ, ਯੋਧਿਆਂ, ਬੀਬੀਆਂ, ਭੈਣਾਂ, ਦੀ ਬਦੌਲਤ ਈ ਸਾਡੀ ਹਸਤੀ ਨਹੀਂ ਮਿਟੀ ਤੇ ਅਸੀਂ ਜੀ ਰਹੇ ਆਂ, ਜੀਂਦੇ ਰਵ੍ਹਾਂਗੇ।

ਨ੍ਹੇਰੀਆਂ ਆਉਂਦੀਆਂ ਨੇ, ਤੂਫ਼ਾਨ ਗੁਜ਼ਰ ਜਾਂਦੇ ਨੇ, ਪਰ ਸਾਡੀ ਐਹ ਧਰਤੀ, ਜਿਸ ਪੋਰਸ ਦੀਆਂ

ਅਣਖਾਂ, ਦੁੱਲੇ ਦੀਆਂ ਬੜ੍ਹਕਾਂ, ਤੇ ਕਲਗੀਆਂ ਵਾਲੇ ਦੇ ਘੋੜੇ ਦੀਆਂ ਟਾਪਾਂ ਤੱਕੀਆਂ ਨੇ, ਡਿੱਠੀਆਂ ਨੇ, ਸੁਣੀਆਂ ਨੇ ਕਦੀ ਬੰਜਰ ਨਹੀਂ ਹੋ ਸਕਦੀ। ਐਸ ਭੋਇੰ 'ਚੋਂ ਸਿਰਫ਼ ਫਸਲਾਂ ਦੇ ਅੰਬਾਰ, ਅਨਾਜ ਦੇ ਭੰਡਾਰ ਹੀ ਨਹੀਂ ਭਰਦੇ, ਸਗੋਂ ਏਹ ਜ਼ਰਖੇਜ਼ ਮਿੱਟੀ, ਸਦੀਆਂ ਤੋਂ ਸਖੀ-ਸੂਰਮੇ ਪੈਦਾ ਕਰਨ ਲਈ ਵੀ ਮੋਹਰੀ ਕਿਰਦਾਰ ਅਦਾ ਕਰਦੀ ਰਹੀ ਏ। ਏਥੋਂ ਦੀਆਂ ਮਾਵਾਂ, ਧੀਆਂ, ਭੈਣਾਂ, ਗੱਭਰੂਆਂ, ਬਜ਼ੁਰਗਾਂ, ਦਾਨਿਆਂ, ਕਿਤਾਬ ਦੇ ਕਿਰਦਾਰਾਂ ਦੇ ਰੂਪ ਵਿਚ ਸਾਨੂੰ ਰਾਹ ਵਿਖਾਇਆ ਏ, ਭਟਕਣ 'ਚੋਂ ਕੱਢਿਆ ਏ, ਤੇ ਆਪਣੇ ਆਪ 'ਤੇ, ਪੰਜਾਬ ਦੀ ਮਿੱਟੀ 'ਤੇ, ਏਥੋਂ ਦੇ ਹਵਾ ਪਾਣੀ 'ਤੇ ਮਾਣ ਕਰਨ ਦੀ ਜਾਚ ਸਿਖਾਈ ਏ।

ਏਸ ਪਾਕ-ਕਿਤਾਬ, ਪਵਿੱਤਰ-ਪੋਥੀ, ਵਿਚਲੇ ਪਾਤਰ-ਕਿਰਦਾਰ ਸਹੀ ਮਜ਼੍ਹਬ, ਅਸਲੀ ਤੇ ਖਰੀ ਮਾਨਵਤਾ ਲਈ ਮਰ-ਮਿੱਟਣ ਕਾਰਨ ਆਲਮੀ ਪੰਜਾਬੀ ਭਾਈਚਾਰੇ ਦੇ ਸਾਂਝੇ ਸ਼ਹੀਦ ਨੇ, ਸ਼ਰਧਾ-ਸਤਿਕਾਰ ਦੇ ਹੱਕਦਾਰ ਨੇ। ਏਥੇ ਨਿਖੇੜਾ ਸਾਫ਼ ਵਿਖਾਈ ਦੇਂਦਾ ਏ, ਸੋਨੇ ਤੇ ਮੁਲੰਮੇ ਦਾ, ਬਾਣੇ ਤੇ ਭੇਖ ਦਾ। ਇਕ ਪਾਸੇ 'ਵਾਹਿਗੁਰੂ ਜੀ ਕੇ ਖਾਲਸੇ' ਵਾਲਾ ਨਿਹੰਗ ਸਿੰਘ ਏ ਤੇ ਦੂਜੇ ਬੰਨੇ 'ਛਿੱਬੋ' ਕਹਾਣੀ ਵਿਚਲੇ ਘੁੱਦੂ ਵਰਗੇ ਭੇਖੀ ਫਸਲੀ-ਬਟੇਰ, ਜਿਨ੍ਹਾਂ ਕਲਗੀਆਂ ਵਾਲੇ ਦੇ ਬਾਣੇ ਨੂੰ ਲਾਜ ਲਾਈ। 'ਧਰਤੀ ਵੀਰਾਂ ਵਾਲੀ' ਦੇ ਮੁਹੰਮਦ ਵੀਰੂ ਦੇ ਵੀਰ, ਬੱਗਾ ਸਿੰਘ ਤੇ ਨਿਸ਼ਾਨ ਸਿੰਘ, ਮਜ਼੍ਹਬ ਲਈ ਨਹੀਂ ਦੋਸਤੀ ਲਈ ਸ਼ਹੀਦ ਹੋਏ ਨੇ। 'ਪਰਮੇਸ਼ਰ ਸਿੰਘ' ਲਈ ਆਪਣੇ ਪੁੱਤਰਾਂ, ਅਖ਼ਤਰ ਤੇ ਕਰਤਾਰੇ ਦੀ ਪਛਾਣ ਮੁਸ਼ਕਲ ਬਣੀ ਖਲੋਤੀ ਏ ਤੇ ਇੰਝ ਈ ਚੌਧਰੀ ਹੱਕ ਦਾਦ 'ਗੁਆਚੇ ਘਰ ਨੂੰ ਜਾਂਦੀ ਰਾਹ' ਵਿਚ ਆਪਣੀਆਂ ਧੀਆਂ ਸਲਮਾਂ ਤੇ ਸੁਰਿੰਦਰ ਕੌਰ ਨੂੰ ਇਕ ਦੂਜੀ ਨਾਲੋਂ ਵੱਖ ਕਰਨ 'ਚ ਬੇਵੱਸ ਹੈ। 'ਸੋਚ-ਸਮੁੰਦਰ' ਦੀਆਂ ਨਜ਼ਮਾਂ ਤੇ ਗੁਰਬਖਸ਼ ਕੌਰ ਕਸਬ ਵਜੋਂ ਵੇਸਵਾਵਾਂ, ਪਰ ਸਾਡੇ ਲਈ ਪੂਜਣਯੋਗ ਦੇਵੀਆਂ ਦਾ ਰੁਤਬਾ ਅਖ਼ਤਿਆਰ ਕਰ ਗਈਆਂ ਨੇ।

ਏਨ੍ਹਾਂ ਪੈਲ੍ਹੀਆਂ ਦਾ ਸਕਾ ਪੁੱਤਰ 'ਚਾਚਾ ਸ਼ਿੰਗਾਰਾ' ਪੰਜਾਬ ਦੀ ਹਿੱਕ ਚੀਰਨ ਖਿਲਾਫ਼, ਮੁਕੱਦਮਾ ਦਰਜ ਕਰਵਾਉਣ, ਸਾਬਤ-ਸੂਰਤ ਧੁਰ ਰੱਬੀ ਦਰਗਾਹ 'ਚ ਜਾ ਪੇਸ਼ ਹੋਇਆ। 'ਗੁਆਚੀ ਹੋਈ ਖ਼ੁਸ਼ਬੂ' ਦਾ ਚਾਚਾ ਟਹਿਲ ਸਿੰਘ ਆਪਣੇ ਮੁਸਲਮਾਨ ਭਤੀਜੇ ਲਈ ਅਲਕ-ਵਛੇਰੀ ਦੀ ਕੁਰਬਾਨੀ ਤੀਕਰ ਦੇਣ ਤੋਂ ਨਹੀਂ ਕਤਰਾਉਂਦਾ। ਦਿਲਗੀਰ ਦੀ ਬੂਰੀ ਮੱਝ ਦਾ ਦੁੱਧ ਮੁਹਾਜਿਰ ਤਾਏ ਲਈ 'ਇਕ ਕਿਰਚ ਦੀ ਕਹਾਣੀ' ਵਿਚ, ਆਬੇ-ਹਿਯਾਤ ਦਾ ਪਿਆਲਾ ਸਾਬਤ ਹੁੰਦਾ ਏ ਤੇ ਬੂਟਾ ਸਿੰਘ ਦਾ 'ਘਿਉ ਦਾ ਗੜਵਾ' ਵਲੈਤ ਪੁੱਜ ਵਿੱਛੜਿਆਂ ਨੂੰ ਮੇਲਣ ਦਾ ਸਵਾਬ ਖੱਟਦਾ ਏ। 'ਚੱਟੂ' ਪੰਜਾਬੀਆਂ ਦੇ ਮਿਹਨਤੀ-ਮੁਸ਼ਕਤੀ ਸੁਭਾਅ ਤੇ ਹਰ ਥਾਂ ਜੜ੍ਹਾਂ ਫੜ, ਜ਼ਿੰਦਗੀ ਦੀ ਗੱਡੀ ਨੂੰ ਰਿੜ੍ਹਦੇ ਰੱਖਣ ਦਾ ਪ੍ਰਤੀਕ ਏ। ਗੁਰਬਚਨ ਸਿੰਘ 'ਗੁਆਂਢੋ ਉੱਜੜ' ਕੇ ਜਾ ਰਹੀ ਭੈਣ ਨੂੰ ਖਾਲੀ ਹੱਥੀਂ ਨਹੀਂ ਜਾਣ ਦੇਂਦਾ। ਸਰਲਾ ਦੇ ਭੋਲੇਪਣ ਨੂੰ ਯਾਦ ਕਰ ਕੇ 'ਧਰਤੀ ਦੇ ਅੱਥਰੂ' ਅੱਜ ਤੀਕ ਵੀ ਨਹੀਂ ਸੁੱਕੇ। ਜੀਰ੍ਹਾ, ਕੁਦਮ ਕਰੇਂਦੀ 'ਮਿੱਟੀ ਦੇ ਸਫ਼ਰ' ਦਾ ਮੁਜੱਸਮਾ ਏ ਤੇ ਸੰਤੋਂ ਉਰਫ਼ ਏਮਨਾ ਬੀਬੀ ਦਾ ਲੀਕ ਤੋਂ ਦੂਜੇ ਬੰਨੇ ਜਾਣਾ, ਹਕੀਕੀ ਪੰਜਾਬ ਦੀ ਵੰਡ ਨਹੀਂ ਤੇ ਹੋਰ ਕੀ ਏ? ਜੀਜਾਂ, ਕਿੰਝ ਬਲਜੀਤ ਕੌਰ ਬਣ 'ਦੂਜੇ ਬਟਵਾਰੇ' ਤੋਂ ਬਾਅਦ ਵੀ ਸੱਚੇ-ਸੁੱਚੇ ਇਸਲਾਮਿਕ ਅਸੂਲਾਂ ਦੀ ਪੈਰੋਕਾਰ ਏ। ਅਲਮਾਸ, ਤਵਾਇਫ਼ ਨੂੰ 'ਜਸ਼ਨੇ ਆਜ਼ਾਦੀ' ਮਨਾਉਂਦਿਆਂ ਤੱਕ, ਬਜ਼ੁਰਗਵਾਰ ਮਲਕ ਸਾਹਿਬ, ਏਸ ਮਨਹੂਸ ਆਜ਼ਾਦੀ 'ਤੇ ਥੁੱਕਣ ਲਈ ਵੀ ਤਿਆਰ ਨਹੀਂ, ਜਿੱਥੇ ਖ਼ਾਨਦਾਨੀ ਧੀਆਂ ਭੈਣਾਂ ਨੂੰ ਵੀ ਨੱਚਣ ਗਾਉਣ ਤੇ ਮਜਬੂਰ ਹੋਣਾ ਪਿਆ। 'ਪਕਿਸਤਾਨ ਹਮਾਰਾ ਹੈ' ਦੀ ਰਾਮ ਰੱਖੀ ਦਾ ਮਰਦ, ਸ਼ੇਰ ਬਾਜ਼ ਅੱਖੜ ਭਾਵੇਂ ਹੋਵੇ, ਦਿਲੋਂ-ਮਨੋਂ ਇਨਸਾਨੀ ਕਦਰਾਂ ਕੀਮਤਾਂ ਨਾਲ ਲਬਰੇਜ਼ ਏ। ਏਥੇ, 'ਦਾਈ ਜੀਵਾਂ' ਜੇਹੀਆਂ ਦੇਵੀਆਂ ਦੇ ਦਰਸ਼ਨ ਹੁੰਦੇ ਨੇ ਤੇ ਜੀਤੋ ਨੂੰ ਉਧਾਲ ਕੇ ਖੜਨ ਮਗਰੋਂ ਵੀ ਮੰਦੋ ਵਰਗਾ ਨੇਕ ਇਨਸਾਨ, ਉਹਦਾ ਧਰਮ-ਭਰਾ ਬਣਿਆ ਰਹਿੰਦਾ ਹੈ। ਬਾਬੇ ਗੁਰਮੁਖ ਸਿੰਘ ਨੂੰ ਘੁੱਲੇ ਦਾ ਇਲਮਾ 'ਮੁੜ ਗੁਆਚੀ ਸ਼ੈਅ' ਵਾਂਗ ਜਦੋਂ ਲੱਭਦਾ ਏ ਤਾਂ ਵਿਛੜਨਾ ਮੁਹਾਲ ਹੋ ਜਾਂਦਾ ਏ। ਰਾਜਿੰਦਰ ਕੌਰ ਉਰਫ਼ ਸਰਦਾਰਾਂ ਦੇ ਲਹੂ-ਲੁਹਾਣ ਹੋਏ 'ਸੜਦੇ-ਜ਼ਖਮ' ਭਾਵੇਂ ਅੱਲੇ ਨੇ, ਪਰ ਉਹ ਸਭ ਦਾ ਭਲਾ ਚਾਹੁੰਦੀ ਏ।

'ਅਹਿਸਾਸ' ਵਿਚ ਭੈਣ ਨਫੀਸਾਂ ਦੇ ਘਰ, ਅਜੇ ਵੀ ਮੋਹਣ ਸਿੰਘ 'ਜਪੁਜੀ ਸਾਹਿਬ' ਦਾ ਪਾਠ ਪਿਆ ਕਰਦਾ ਏ। ਏਹ ਉਹੋ ਧਰਤੀ ਏ ਜਿੱਥੇ 'ਕਾਫ਼ਲੇ' ਦੀ ਵੱਢ-ਟੁੱਕ 'ਚੋਂ, ਬੱਚਾ ਚੁੱਕ, ਬਚਾਉਣ ਵਾਲਾ ਵੀ ਉਸੇ ਜ਼ਾਲਮ ਦਾ ਪੁੱਤਰ ਏ, ਜਿਸ ਅਜਿਹੇ ਭੈੜੇ ਕਾਰੇ ਕੀਤੇ ਨੇ। 'ਬੇ-ਵਤਨੇ' ਪਨਾਹਗੀਰਾਂ ਦੇ ਗਰਾਈਂ, ਏਸ ਸਰ-ਜ਼ਮੀਨ 'ਤੇ ਉਹਨਾਂ ਨੂੰ ਭੁੱਖਿਆ ਮਰਦੇ ਨਹੀਂ ਵੇਖ ਸਕਦੇ। ਕਾਂਤਾ ਤੇ ਸ਼ਾਂਤਾ ਦੀ ਮਾਂ ਅਤੇ ਭਰਾ ਲਲਿਤ, 'ਜਨਮਭੂਮੀ' ਵਿਚ ਈ ਮਿੱਟੀ ਨਾਲ ਮਿੱਟੀ ਹੋਏ ਨੇ। ਇਹਨਾਂ ਦੀ ਮੌਤ ਦੀ ਜ਼ਿੰਮੇਵਾਰੀ ਮਿੱਥਣ ਦੀ ਲੋੜ ਅਜੇ ਵੀ ਜਿਉਂ ਦੀ ਤਿਉਂ ਬਰਕਰਾਰ ਏ। ਏਸ ਮੌਕੇ ਅਜਿਹੀ ਉੱਪਰੋ-ਥੱਲੀ ਹੋਈ ਕਿ 'ਧੂੰਥੀ' ਮਿਸ਼ਜ਼ ਸ਼ੇਖ ਕਮਰੂਦੀਨ ਤੇ ਜਗੀਰਦਾਰਨੀ ਫ਼ਰਖੰਦਾਂ, ਮਸਕੀਨ ਉਸਤਾਦਣੀ ਬਣ ਕੇ ਰਹਿ ਗਈ। ਪਾਤਰਾਂ 'ਚ ਈ ਸਾਨੂੰ ਦਰਸ਼ਨ ਹੁੰਦੇ ਨੇ, ਡਾ.ਪ੍ਰਦੁਮਨ ਸਿੰਘ ਹੋਰਾਂ ਦੇ, ਜਿਹੜੇ ਖ਼ੁਦਾਈ-ਨੂਰ ਦੇ ਚਾਨਣ ਮੁਨਾਰੇ ਤੇ ਸਰਬੱਤ ਦੇ ਭਲੇ ਦੇ ਸ਼ੁਦਾਈ ਨੇ। 'ਲੱਧੇ ਵਾਲੇ ਵੜੈਚ' ਜਿਹੇ ਖ਼ੁਦਾਈ-ਖਿਦਮਤਗਾਰ, ਕਾਮੇ-ਕਿਰਸਾਣ ਸਾਡੀ ਏਸ ਪੋਥੀ ਦਾ ਮਾਣ ਨੇ, ਜੋ ਧੀਆਂ ਦੀ ਪੱਤ ਬਚਾਉਂਦੇ ਫਾਹੀ ਮਰਜ਼ੀ ਨਾਲ ਗੱਲ ਵਿਚ ਪਾਂਦੇ ਨੇ। ਚਾਚੇ ਨਰਾਇਣ ਦਾਸ ਦਾ ਭਤੀਜਾ ਸੂਬੇਦਾਰ ਗੁਲਾਮ ਰਸੂਲ, ਦੁਸ਼ਮਣ ਫੌਜ ਵੱਲੋਂ ਬੰਦੀ ਬਣਾਏ ਜਾਣ ਤੇ ਵੀ ਚਾਚੇ ਦੇ ਅਮਲ ਪਿੰਡ ਕੁੰਜਾਹ ਦਾ ਵਸਨੀਕ ਈ ਰਹਿੰਦਾ ਏ। ਜੱਜ ਤੇ ਮਜਿਸਟਰੇਟ, 'ਸੁੱਚੇ-ਤਿੱਲੇ' ਦੇ ਮੁਜ਼ਰਿਮ ਚਾਚੇ ਹੁਕਮੇ ਨੂੰ ਵੇਖ, ਸੁੱਧ-ਬੁੱਧ ਖੋਅ ਬੈਠਦੇ ਹਨ। ਜੇ ਰੱਬ ਦੇ ਦਰਸ਼ਨ-ਦੀਦਾਰ ਦੇ ਖਾਹਸ਼ਮੰਦ ਹੋ, ਤਾਂ 'ਤਾਇਆ ਰੱਬ' ਹੱਡ-ਮਾਸ ਦੇ ਮਨੁੱਖੀ ਵਜੂਦ

'ਚ ਤੁਹਾਡੇ ਸਾਹਮਣੇ ਆ ਵਿਖਾਲੀ ਦੇਂਦਾ ਏ ਤੇ ਉਹਦੇ ਸੰਗੀ 'ਫ਼ਰਿਸ਼ਤਿਆਂ ਵਰਗੇ ਮਨੁੱਖ' ਬਾਬਾ ਗੁਰਦਿਆਲ ਸਿੰਘ ਵੀ ਸਾਕਾਰ ਹੋ ਜਾਂਦੇ ਨੇ। ਦਰਸ਼ਨ ਨੂੰ ਰੋਟੀ ਤੋਂ ਬਾਅਦ ਭੈਣ ਸਦੀਕਾਂ ਹੱਥੋਂ 'ਆਪਣੇ ਘੜੇ ਦਾ ਪਾਣੀ' ਪੀਣ ਨਾਲ ਹੀ ਸਿਦਕ ਆਉਂਦਾ ਹੈ। 'ਰਹਿਮੇ" ਦੀ ਚਿੱਠੀ ਦੇ ਜਵਾਬ ਦੀ ਅਜੇ ਵੀ ਸਾਨੂੰ ਉਡੀਕ ਏ। ਏਸ ਧਰਤੀ ਨੇ ਪਤਾ ਨਹੀਂ ਕਿੰਨੇ ਕੁ 'ਪੀੜਾਂ ਦੇ ਪਰਾਗੇ' ਆਪਣੇ ਜੁੱਸੇ ਤੇ ਹੰਢਾਏ ਨੇ, ਜਿਨ੍ਹਾਂ ਦੇ 'ਪਰਛਾਵੇਂ" ਅਟਾਰੀ ਵਾਲੇ ਬਲਬੀਰ ਸਿੰਘ ਨੂੰ, ਮੌਲਵੀ ਅਬਦੁਲ ਗਨੀ ਤੋਂ ਅੱਖ ਚੁਰਾਉਣ ਤੇ ਮਜ਼ਬੂਰ ਕਰ ਦੇਂਦੇ ਨੇ। ਏਥੇ ਸਦੀਆਂ ਤੋਂ ਭਾਊ ਨੱਥਾ ਸੁੰਹ ਤੇ ਚਾਚਾ ਦੀਵਾਨ ਚੰਦ ਰਲ ਬਹਿੰਦੇ ਰਹੇ ਨੇ, ਤੇ ਸਾਨੂੰ ਨਾਨਾ ਠਾਕੁਰ ਸਿੰਘ ਦਾ ਭੁਲੇਖਾ ਅਕਸਰ ਹੀ ਮੌਲਵੀ ਅਬਦੁਲ ਗਨੀ ਦੀ ਕੁੱਛੜ ਵਿਚ ਲੈ ਜਾਂਦਾ ਏ। ਕਰਮ ਸਿੰਘ ਨਾਲ 'ਬਸੰਤ ਕੌਰ ਨੂੰ ਰੱਬ ਰਾਖਾ' ਆਖਣ, ਜਦੋਂ ਅਸੀਂ ਭਾਗ ਭਰੀ ਦੀ ਕਬਰ ਤੇ ਜ਼ਿਆਰਤ ਲਈ ਜਾਨੇ ਆਂ ਤਾਂ ਰਸਤੇ 'ਚ 'ਇਸ਼ਤਹਾਰੀ' ਵਾਰਸ ਸ਼ਾਹ ਨੂੰ ਫੰਦਣ ਵਾਸਤੇ ਥਾਂ-ਥਾਂ ਨਾਕੇ ਲੱਗੇ ਹੋਏ ਨੇ।

ਸਾਡੀ ਇਹ ਕਹਾਣੀ ਇਕ ਅਜਿਹੇ 'ਚਿੜੀ-ਘਰ ਦੀ ਕਹਾਣੀ' ਏ, ਜਿਹਨੂੰ ਦੂਰ ਸੁਮੰਦਰੋਂ ਪਾਰ ਟਾਪੂਆਂ 'ਚੋਂ ਆਏ ਸ਼ੇਰਾਂ ਨੇ ਸਹਿਜ ਵੱਸਦੇ 'ਇਕ ਵਸੇਬ ਦੀ ਮੌਤ' ਵਾਂਗ ਕੋਹ ਸੁੱਟਿਆ, ਲੁੱਟ-ਪੁੱਟ ਖਾਧਾ। ਕਿਉਂ ਜੋ ਏਥੇ 'ਗੁੜ ਦੀ ਭੇਲੀ' ਦੇ ਸਈਅਦ ਜਮਾਲ-ਉਲ-ਦੀਨ ਸ਼ਾਹ ਬੁਖ਼ਾਰੀ, ਵਰਗੇ ਲੋਕਾਂ ਨੂੰ ਕੁਰਾਹੇ ਪਾਉਣ ਵਾਲੇ ਹਕੂਮਤੀ ਟੋਡੀ ਹਰ ਦੌਰ 'ਚ ਮੌਜੂਦ ਰਹੇ ਨੇ। 'ਕਮੀਣ' ਸ਼ਿੱਬੋ, ਤਨ-ਮਨ ਕੁਰਬਾਨ ਕਰ ਕੇ ਆਪਣੇ ਮਰਹੂਮ ਖਾਵੰਦ ਰੂਪ ਚੰਦ ਦੀ ਬੀਵੀ ਤੇ ਉਹਦੇ ਰਿਸ਼ਤੇਦਾਰਾਂ ਨੂੰ ਬਚਾਉਂਦੀ ਕੁਰਬਾਨੀ ਦੀ ਖਾਨਦਾਨੀ ਮਿਸਾਲ ਕਾਇਮ ਕਰਦੀ ਹੈ। ਨਸੀਮ ਦਾ ਭਰਾ, ਮਿਹਰ ਸਿੰਘ ਤੇ ਉਹਦਾ ਯਾਰ ਪੰਡਤ, ਸਾਡੀ ਮਿੱਟੀ ਦੀ ਸਿਹਤਮੰਦ ਤਿਕੜੀ ਹੋਣ ਪਾਰੋਂ 'ਪਹੁ ਫੁਟਾਲੇ' ਦੇ ਲਿਸ਼ਕਾਰੇ ਨੇ। 'ਇੱਲ੍ਹ-ਕੋਕੋ' ਦੇ ਸੁਲਤਾਨ ਲੰਬੜ, ਹੈਦਰ ਨਾਈ ਤੇ ਮਾਲੂ, ਨਹੀਂ ਚਾਹੁੰਦੇ ਕਿ ਸਰਦਾਰਾ ਸਿੰਘ, ਸਰਦਾਰ ਅਲੀ ਬਣੇ; ਪਰ! ਕੀਹਨੇ ਮਜ਼ਬੂਰ ਕੀਤੇ? ਸਾਡੇ ਲਈ ਫ਼ਿਕਰ ਦਾ ਮੁੱਦਾ ਏ। 'ਹਮਕੀ-ਤੁਮਕੀ' ਦਾ ਚਾਚਾ ਮੰਦੂ ਬਸ਼ਕ ਸਾਡੀ ਅੱਡਰੀ ਪਛਾਣ ਤੇ ਖ਼ੁਦ-ਦਾਰੀ ਦਾ ਸਿਖਰ ਏ। 'ਮੰਗਲ-ਬੁੱਧ' ਵਿਚਲੇ ਨਹੁੰ-ਮਾਸ ਦੇ ਰਿਸ਼ਤੇ 'ਨਦੀਓਂ ਪਾਰ ਰਾਂਝਣ ਦਾ ਠਾਣਾ, ਕੀਤੇ ਕੌਲ ਜ਼ਰੂਰੀ ਜਾਣਾ' ਦੀ ਯਾਦ ਤਾਜ਼ਾ ਕਰਵਾ ਦਿੰਦੇ ਨੇ। ਸ਼ਾਇਦ ਇਹ ਕਹਾਣੀਆਂ 'ਸ਼ੀਸ਼ੇ' ਵਾਲੇ ਦਾਨੀ ਨੂੰ ਕੋਈ ਸੁਨੇਹਾ ਦੇਣ 'ਚ ਕਾਮਯਾਬ ਹੋ ਜਾਵਣ, ਕਿ ਏਥੇ ਨਿਰੇ ਬੂੜੇ ਵੈਲੀ ਵਰਗੇ ਈ ਨਹੀਂ ਵੱਸਦੇ, ਸਗੋਂ ਸਯੱਦ ਬਰਕਤ ਅਲੀ ਸ਼ਾਹ ਜਿਹੇ, ਪਾਕ-ਰੂਹਾਂ ਤੇ ਨੇਕ-ਅਮਲਾਂ ਵਾਲੇ ਫਕੀਰਾਂ ਦੇ ਡੇਰਿਆਂ ਬਾਬਤ ਵੀ 'ਲੋਕ ਪੁੱਛਦੇ ਨੇ'।

ਕਹਾਣੀਆਂ ਵਿਚ ਸਿਰਫ਼ ਵੱਢ-ਵਢਾਈ ਹੀ ਨਹੀਂ, ਹੱਸਦੀ-ਖੇਡਦੀ, ਨੱਚਦੀ-ਟੱਪਦੀ ਭਰਪੂਰ ਜ਼ਿੰਦਗੀ ਦਾ ਵਰਨਣ ਏ। ਕਿੰਝ ਦੀਆਂ ਪਿਆਰ-ਮੁਹੱਬਤਾਂ, ਤੋੜ-ਵਿਛੋੜੇ, ਮੇਲ-ਮਿਲਾਪ, ਕਿਹੋ ਜਿਹੇ ਮੇਲੇ-ਵਿਆਹ, ਛਿੰਝਾਂ-ਘੋਲ, ਕਿਵੇਂ ਦੀ ਵਾਹੀ-ਬੀਜੀ, ਅਦਾਲਤਾਂ-ਦਫ਼ਤਰਾਂ ਦੇ ਕੰਮ-ਕਾਜ, ਸ਼ਰੀਕੇਬਾਜ਼ੀਆਂ-ਭਾਈਚਾਰੇ, ਦੋਸਤਾਈਆਂ-ਦੁਸ਼ਮਣੀਆਂ ਦਾ ਜ਼ਿਕਰ ਈ ਨਹੀਂ ਬਿਰਤਾਂਤ ਏ। ਸਾਡੇ ਲੋਕਾਂ ਦੀਆਂ ਧਾਰਮਿਕ ਰੁਚੀਆਂ, ਬਾਬਿਆਂ-ਵਲੀਆਂ ਦੇ ਚੱਕਰ, ਟੂਣੇ-ਟਾਮਣ, ਮਾਰਕਸਵਾਦ ਦਾ ਅਸਰ, ਅਹਿਲਕਾਰਾਂ-ਪੁਲਿਸ ਦਾ ਪੱਖਪਾਤੀ ਵਤੀਰਾ, ਪ੍ਰਤੱਖ ਵੇਖਿਆ ਜਾ ਸਕਦਾ ਹੈ। ਮਾਵਾਂ ਦਾ ਪੁੱਤਰਾਂ ਲਈ ਕੁਦਰਤੀ ਮੋਹ, ਭੈਣ-ਭਰਾਵਾਂ ਦੇ ਪਾਕੀਜ਼ਾ ਰਿਸ਼ਤੇ ਦੀਆਂ ਤੰਦਾਂ, ਬਜ਼ੁਰਗਾਂ ਦਾ ਆਦਰ-ਸਤਿਕਾਰ, ਗੱਲ ਕੀ ਸਮੁੱਚੀ ਪੰਜਾਬੀ ਜੀਵਨ-ਜਾਚ ਤੇ ਜੀਣ-ਸ਼ੈਲੀ ਦੀ ਤਸਵੀਰ ਉੱਘੜਦੀ ਜਾਂਦੀ ਏ। ਸਾਡੀਆਂ ਰੁੱਤਾਂ, ਦਰਿਆ, ਨਹਿਰਾਂ, ਰੋਹੀਆਂ, ਟਿੱਬੇ, ਤੇ ਥਲਾਂ ਤੋਂ ਸਿਵਾ ਅੰਬਾਂ, ਕਿੱਕਰਾਂ, ਟਾਹਲੀਆਂ, ਬੇਰੀਆਂ, ਮਲ੍ਹਿਆਂ, ਫਸਲਾਂ, ਕਿਰਤੀ-ਕਾਮਿਆਂ, ਮੱਝਾਂ-ਲਵੇਰੀਆਂ, ਗੱਡਿਆਂ-ਬਲਦਾਂ, ਹੜ੍ਹਾਂ-ਬਰਸਾਤਾਂ ਦੀ ਸ਼ਮੂਲੀਅਤ ਨੇ ਜੀਵਨ ਦੇ ਐਡੇ ਵੱਡੇ ਪਸਾਰੇ ਨੂੰ ਥੋੜ੍ਹੇ ਜਿੰਨੇ ਪੰਨਿਆਂ ਵਿਚ ਈ ਖ਼ੂਬਸੂਰਤੀ ਨਾਲ ਪੇਸ਼ ਕਰਨ ਦਾ ਯਤਨ ਹੈ।

ਸਿਆਸੀ ਆਗੂਆਂ ਦੀਆਂ ਮੋਮੋ-ਠਗਣੀਆਂ, ਅੰਗਰੇਜ਼ਾਂ ਦਾ ਕੱਪਟੀ ਰਵਈਆ ਤੇ ਹਕੂਮਤੀ ਜ਼ਿੰਮੇਵਾਰੀਆਂ ਤੋਂ ਹੱਥ ਖਿੱਚਣਾ ਅਤੇ ਦੇਸੀ ਆਗੂਆਂ ਦੀ ਕੁਰਸੀਆਂ ਸਾਂਭਣ ਦੀ ਭੁੱਖ, ਹਵਸ, ਕਾਹਲੀ ਤੇ ਹੁਕਮਰਾਨੀ ਵਾਲੇ ਫ਼ਰਜ਼ ਨਿਭਾਉਣ 'ਚ ਨਿਰਦੇਈ ਅਣਗਹਿਲੀ ਦੇ ਕਾਰਨ ਆਪਹੁਦਰੇਪਣ ਦਾ ਬੋਲਬਾਲਾ, ਕਿਤਾਬ ਦਾ ਸਿਆਸੀ ਪੱਖ ਪੇਸ਼ ਕਰਦਾ ਏ। ਦੂਜੇ ਪੱਖ ਤੋਂ ਫੌਜੀਆਂ ਦਾ ਰੋਲ, ਲੋਕਾਈ ਦਾ ਅਫਵਾਹਾਂ ਦਾ ਸ਼ਿਕਾਰ ਹੋਣਾ, ਪਹਿਲੋਂ ਕੁੱਟਮਾਰ ਤੇ ਸੱਟਾਂ-ਫੇਟਾਂ, ਪਿੱਛੋਂ ਪਛਤਾਵਾ........ਜ਼ਖ਼ਮ ਚੱਟਣੇ, ਮਨੁੱਖੀ ਸੁਭਾਅ ਦੀ ਮਨੋਵਿਗਿਆਨਕ ਪਕੜ, ਕਿਤਾਬ ਦੇ ਲਿਖਾਰੀਆਂ ਦੀ ਵਡਮੁੱਲੀ ਦੇਣ ਏ। ਆਪਣੇ ਸਾਰੇ ਗੁਣਾਂ-ਔਗੁਣਾਂ ਦੇ ਹੁੰਦਿਆਂ ਸੁੰਦਿਆਂ ਵੀ ਏਹ ਲਿਖਤ ਆਖ਼ਰ ਵਿਚ ਤਵਾਰੀਖ਼ੀ-ਦਸਤਾਵੇਜ਼ ਦਾ ਰੁਤਬਾ ਹਾਸਲ ਕਰਦੀ ਵਿਖਾਈ ਦਿੰਦੀ ਏ।

'ਸੱਥ' ਨਾਂ ਤੇ ਕੋਈ ਅਕਾਦਮਿਕ ਅਦਾਰਾ ਏ, ਤੇ ਨਾ ਨਿਰਾ ਅਦਬ ਤੇ ਸਾਹਿਤ ਈ ਸਾਡਾ ਖੇਤਰ ਏ। ਇਹਨਾਂ ਪੱਖਾਂ ਤੋਂ, ਕਿਤਾਬ ਵਿਚ ਅਨੇਕਾਂ ਭੁੱਲਾਂ ਹੋਈਆਂ ਹੋਣਗੀਆਂ, ਗਲਤੀਆਂ ਨਿਕਲਣਗੀਆਂ, ਜਿਨ੍ਹਾਂ ਲਈ ਸਾਨੂੰ ਗੂੜ੍ਹ-ਗਿਆਨੀਆਂ, ਤਨਕੀਦਕਾਰਾਂ ਕੋਲੋਂ ਅਗਾਊਂ ਈ ਮਾਫੀ ਮੰਗਣ 'ਚ ਰਤਾ ਭਰ ਵੀ ਸੰਗ-ਸ਼ਰਮ ਨ੍ਹੀਂ, ਸੰਕੋਚ ਨਹੀਂ। ਅਸੀਂ ਹੋਏ ਜੋ ਗਲਤੀਆਂ ਦੇ ਪੁਤਲੇ। ਅਸਾਂ ਤੇ ਚੱਕੀ ਈ ਝੋਤੀ ਏ, ਖਰਾਸ 'ਚ ਗੱਲਾ ਨਹੀਂ ਜੋ ਪੀਹ ਸਕੇ। ਅਸੀਂ, ਮੋਟਾ-ਠੁੱਲਾ ਪੀਠਾ, ਦਰੜ-ਫਰੜ ਕੀਤਾ ਈ, ਤੁਹਾਨੂੰ ਪਰੋਸਣ ਲੱਗੇ ਆਂ ਤੇ ਆਂਹਦੇ ਨੇ 'ਦਲੀਆ ਖਾਣਾ ਹਾਜ਼ਮੇ ਲਈ, ਸਿਹਤ ਵਾਸਤੇ ਹਮੇਸ਼ਾਂ ਚੰਗਾ ਈ ਰਹਿੰਦਾ ਏ।'

*-ਡਾ. ਨਿਰਮਲ ਸਿੰਘ-*

1

# ਵਾਹਿਗੁਰੂ ਜੀ ਕਾ ਖਾਲਸਾ

## ਅਸਗ਼ਰ ਅੰਮ੍ਰਿਤਸਰੀ

ਦੂਜੀ ਆਲਮੀ ਜੰਗ, ਜ਼ੋਰਾਂ ਤੇ ਸੀ। ਜਾਪਾਨੀ ਜੰਗੀ ਜਹਾਜ਼, ਕਲਕੱਤੇ ਦੇ ਆਲੇ-ਦੁਆਲੇ ਬੰਬਾਰੀ ਕਰ ਰਹੇ ਸਨ। ਅੰਗਰੇਜ਼ਾਂ ਨੇ ਹਿੰਦੁਸਤਾਨੀ ਸਿਆਸੀ ਲੀਡਰਾਂ ਨਾਲ ਵਾਅਦਾ ਕਰ ਲਿਆ ਸੀ ਕਿ ਜੰਗ ਜਿੱਤਣ ਮਗਰੋਂ, ਹਿੰਦੁਸਤਾਨ ਨੂੰ ਆਜ਼ਾਦ ਕਰ ਦਿੱਤਾ ਜਾਵੇਗਾ। ਏਸ ਵਾਸਤੇ, 'ਬਰ੍ਰੇਸਗ਼ੀਰ' (ਹਿੰਦ-ਪਾਕ-ਬੰਗਲਾ ਦੇਸ਼-ਸ੍ਰੀ ਲੰਕਾ-ਨੇਪਾਲ-ਭੂਟਾਨ ਦਾ ਇਲਾਕਾ) ਦੀਆਂ ਸਾਰੀਆਂ ਕੌਮਾਂ, ਜੰਗ ਜਿੱਤਣ ਲਈ ਆਪਣੇ ਗ਼ੈਰ-ਮੁਲਕੀ ਹਾਕਮਾਂ ਦੀ ਮੱਦਦ ਕਰ ਰਹੀਆਂ ਸਨ। ਪੰਜਾਬ ਦੀ ਮਾਰਸ਼ਲ ਧਰਤੀ ਦੇ 'ਪੰਜਾਬੀ ਸੂਰਮੇਂ', ਜੰਗ ਦੇ ਅਗਲਿਆਂ ਮੋਰਚਿਆਂ 'ਤੇ ਦਲੇਰੀ ਅਤੇ ਬਹਾਦਰੀ ਦੇ ਜੌਹਰ ਵਿਖਾ ਕੇ ਅੰਗਰੇਜ਼ਾਂ, ਜਪਾਨੀਆਂ ਤੇ ਜਰਮਨ ਫੌਜਾਂ ਨੂੰ ਹੈਰਾਨ ਕਰ ਰਹੇ ਸਨ। ਖਾਸ ਤੌਰ 'ਤੇ ਪੰਜਾਬੀ ਜੁਆਨਾਂ ਦੀਆਂ ਰਜਮੈਂਟਾਂ ਤੋਂ ਫਿਰੰਗੀ ਹਾਕਮ ਬੜੇ ਖੁਸ਼ ਸਨ। ਏਸੇ ਲਈ ਜ਼ਿਆਦਾਤਰ ਫੌਜੀ ਭਰਤੀ, ਪੰਜਾਬ ਵਿੱਚੋਂ ਈ ਕੀਤੀ ਜਾ ਰਹੀ ਸੀ।

ਇਨ੍ਹਾਂ ਹੀ ਵੇਲਿਆਂ 'ਚ ਰਜ਼ੀਆ ਦਾ ਵੱਡਾ ਵੀਰ, ਗੁਲਾਮ ਰਸੂਲ ਆਪਣੇ ਜਿਗਰੀ ਯਾਰ ਜਸਵੰਤ ਸਿੰਘ ਨਾਲ ਰਲ ਕੇ ਫੌਜ ਵਿੱਚ ਭਰਤੀ ਹੋ ਕੇ ਟੁਰ ਗਿਆ।

ਰਜ਼ੀਆ ਵਿਚਾਰੀ ਬਹੁਤ ਹੀ ਉਦਾਸ ਰਹਿਣ ਲੱਗ ਪਈ। ਕਿਉਂ ਜੇ, ਉਸ ਦਾ ਬਾਪ ਦੋ ਸਾਲ ਪਹਿਲਾਂ ਮਰ ਗਿਆ ਸੀ ਤੇ ਪਿਛਲੇ ਸਾਲ ਉਸ ਦੀ ਮਾਂ ਵੀ ਅੱਲਾ ਨੂੰ ਪਿਆਰੀ ਹੋ ਗਈ ਸੀ। ਹੁਣ ਰਜ਼ੀਆ ਕੋਲ ਉਸ ਦਾ ਨਿੱਕਾ ਵੀਰ ਈ ਰਹਿ ਗਿਆ ਸੀ। ਜਿਹੜਾ, ਅਜੇ 'ਤਿੰਨ ਸਾਲ' ਦਾ ਛੋਟਾ ਜਿਹਾ ਬਾਲ ਹੀ ਸੀ ਤੇ ਅਜੇ ਮਸਾਂ ਤੋਤਲੀ ਜ਼ਬਾਨ ਵਿਚ ਗੱਲਾਂ ਕਰਨੀਆਂ ਈ ਸਿੱਖ ਰਿਹਾ ਸੀ।

ਪਿੰਡ ਵਿਚ ਚਾਚੇ ਤੋਂ ਸਿਵਾ, ਉਹਨਾਂ ਦਾ ਹੋਰ ਕੋਈ ਸਹਾਰਾ ਨਹੀਂ ਸੀ। ਹੁਣ, ਉਹ ਆਪਣੇ ਚਾਚੇ ਦੇ ਘਰ ਹੀ ਰਹਿਣ ਲੱਗ ਪਈ ਸੀ। ਉਹਦੀ ਚਾਚੀ, ਉਹਨਾਂ ਦੋਨਾਂ ਨਾਲ ਚੰਗਾ ਸਲੂਕ ਨਹੀਂ ਸੀ ਕਰਦੀ। ਫੇਰ ਵੀ ਰਜ਼ੀਆ ਆਪਣੇ ਯਤੀਮੀ ਦੇ ਦਿਨ, ਓਸ ਘਰ ਵਿਚ ਹੀ ਕੱਟਣ ਤੇ ਮਜਬੂਰ ਸੀ। ਪਰ, ਜਿਸ ਵੇਲੇ ਚਾਚੇ ਨੇ ਆਪਣੀ ਪਹਿਲੀ ਬੀਵੀ ਦੇ ਪੁੱਤਰ ਨਾਲ, ਉਸ ਦਾ ਰਿਸ਼ਤਾ ਕਰਨ ਦੀ ਗੱਲ ਛੇੜੀ ਤਾਂ ਰਜ਼ੀਆ ਬਹੁਤ ਜ਼ਿਆਦਾ ਪ੍ਰੇਸ਼ਾਨ ਹੋ ਗਈ। ਕਿਉਂ ਜੋ, ਚਾਚੇ ਦਾ ਇਹ ਪੁੱਤਰ, ਮਤ੍ਰੇਈ-ਮਾਂ ਦੇ ਭੈੜੇ ਸਲੂਕ ਦੀ ਵਜਾ੍ ਤੋਂ, ਘਰੋਂ ਬਾਹਰ ਰਹਿਣ ਲੱਗ ਪਿਆ ਸੀ। ਭੈੜੇ ਯਾਰਾਂ ਵਿਚ ਬਹਿ-ਖਲੋ ਕੇ ਉਸ ਦਾ ਚਾਲ-ਚੱਲਣ ਠੀਕ ਨਹੀਂ ਸੀ ਰਿਹਾ। ਉਹ ਸ਼ਰਾਬ ਪੀਂਦਾ, ਤੇ ਹੋਰ ਕਈ ਮੰਦੇ ਕੰਮ ਵੀ ਕਰਦਾ ਸੀ। ਏਸ ਲਈ ਰਜ਼ੀਆ ਉਸ ਨੂੰ ਬਿਲਕੁੱਲ ਪਸੰਦ ਨਹੀਂ ਸੀ ਕਰਦੀ।

ਚਾਚੇ ਦੇ ਏਸ ਘਰ ਵਿਚ, ਕੋਈ ਵੀ ਏਦਾਂ ਦਾ ਜੀਅ ਨਹੀਂ ਸੀ, ਜਿਹਦੇ ਨਾਲ ਰਜ਼ੀਆ ਵਿਚਾਰੀ! ਆਪਣੇ ਦਿਲ ਦੀ ਗੱਲ ਕਰ ਸਕੇ। ਉਸ ਨੂੰ ਹਰ ਵੇਲੇ, ਆਪਣੇ ਮਾਮੇ ਦੀ ਬੜੀ ਉਡੀਕ ਰਹਿੰਦੀ ਸੀ। ਕਿਉਂ ਜੇ, ਉਹ ਚਾਹੁੰਦੀ ਸੀ, ਕਿ ਜੇ ਉਸ ਦਾ ਨਿੱਕਾ ਮਾਮਾ ਆ ਜਾਏ ਤਾਂ ਉਹਦੇ ਨਾਲ, ਉਹ ਆਪਣੇ ਨਾਨਕੇ ਪਿੰਡ ਚਲੇ ਜਾਣ। ਪਰ ਕਣਕਾਂ ਦੀਆਂ ਬਿਜਾਈਆਂ ਸ਼ੁਰੂ ਹੋਣ ਕਰ ਕੇ ਜ਼ਿਮੀਂਦਾਰਾਂ ਨੂੰ ਵਿਹਲ ਕਿੱਥੇ ?

ਉਹ ਹਰ ਵੇਲੇ ਮਾਮੇ ਦੀ ਉਡੀਕ ਪਾਰੋਂ, ਬੂਹੇ ਵੱਲ ਨਜ਼ਰਾਂ ਜਮਾਈ ਰੱਖਦੀ। ਇੱਕ ਮਹੀਨੇ ਤੋਂ ਵੀ ਬਹੁਤੇ ਦਿਨ ਬੀਤ ਗਏ, ਤੇ ਮਾਮਾ ਨਾ ਆਇਆ। ਉਹ ਵਿਚਾਰੀ ਹੋਰ ਵੀ ਪ੍ਰੇਸ਼ਾਨ ਰਹਿਣ ਲੱਗੀ। ਉਹਦਾ ਇਹ ਖ਼ਿਆਲ ਸੀ, 'ਕਿ ਉਸ ਦਾ ਇਹ ਚਾਚਾ, ਉਨ੍ਹਾਂ ਦੇ ਮੋਏ ਪਿਉ ਦੇ ਪੰਜਾਹ ਕਿੱਲੇ ਜ਼ਮੀਨ ਤੇ ਕਬਜ਼ਾ ਕਰਨ ਲਈ, ਮੈਨੂੰ ਤੇ ਮੇਰੇ ਨਿੱਕੇ ਵੀਰ ਨੂੰ ਕਿਸੇ ਦਿਨ ਕਤਲ ਨਾ ਕਰ ਦੇਵੇ!' ਏਸ ਖ਼ਿਆਲ ਦੇ ਆਵਣ ਮਗਰੋਂ ਰਜ਼ੀਆ ਦਾ, ਆਪਣੇ ਚਾਚੇ ਦੇ ਘਰ ਰਹਿਣਾ ਕਿਆਮਤ ਬਣ ਗਿਆ ਸੀ। ਉਹ ਹਰ ਹਾਲਤ ਵਿਚ ਆਪਣੇ ਨਾਨਕੇ ਪਿੰਡ ਚਲੀ ਜਾਣਾ ਚਾਹੁੰਦੀ ਸੀ।

ਰਜ਼ੀਆ ਦਾ ਚਾਚਾ, ਉਂਝ ਵੀ ਚੰਗਾ ਬੰਦਾ ਨਹੀਂ ਸੀ। ਕਿਉਂ ਜੇ, ਉਹ ਧਨ-ਦੌਲਤ ਦਾ ਬੜਾ ਲਾਲਚੀ ਸੀ। ਓਸ ਆਪਣੀ ਪਹਿਲੀ ਬੀਵੀ ਨੂੰ ਸਿਰਫ਼ ਏਸ ਲਈ ਤਲਾਕ ਦੇ ਦਿੱਤਾ, ਕਿ ਉਹ ਦੂਜਾ ਵਿਆਹ ਉਸ ਬਦ-ਸ਼ਕਲ, ਅਧੇੜ-ਉਮਰ, ਬੇਵਾ ਨਾਲ ਕਰ ਸਕੇ, ਜੋ ਇੱਕ ਮੁਰੱਬਾ ਜ਼ਮੀਨ ਦੀ ਮਾਲਕ ਸੀ। ਸੋ, ਉਹਨੇ ਇਹ ਵਿਆਹ ਕਰ ਲਿਆ ਸੀ। ਉਸ ਦੀ ਇਹ ਨਵੀਂ ਚਾਚੀ, ਜਿਸ ਤਰ੍ਹਾਂ ਮੂੰਹ-ਮੁਹਾਂਦਰੇ ਦੀ ਕੋਜ਼ੀ ਸੀ, ਉਸੇ ਤਰ੍ਹਾਂ ਉਸ ਦਾ ਸੁਭਾਅ ਵੀ ਭੈੜਾ ਸੀ। ਰਜ਼ੀਆ ਹਰ ਵੇਲੇ, ਏਸ ਲੜਾਕੀ ਔਰਤ ਤੋਂ ਬੜੀ ਪ੍ਰੇਸ਼ਾਨ ਤੇ ਖ਼ੌਫ਼ਜ਼ਦਾ ਰਹਿੰਦੀ ਸੀ।

ਇੱਕ ਰਾਤ ਰਜ਼ੀਆ ਨੂੰ ਬੜੀ ਭੈੜੀ ਖ਼੍ਵਾਬ ਆਈ, ਜਿਸ ਨੂੰ ਵੇਖ ਕੇ ਰਜ਼ੀਆ ਦਾ ਮਨ ਆਪਣੇ ਚਾਚੇ ਦੇ ਘਰੋਂ ਉੱਕਾ ਹੀ ਉਚਾਟ ਹੋ ਗਿਆ। ਉਹ ਕਿਸੇ ਤਰਾਂ, 'ਉਡਾਰੀ ਮਾਰ ਕੇ' ਆਪਣੇ ਨਾਨਕੇ ਪਿੰਡ ਚਲੀ ਜਾਣਾ ਚਾਹੁੰਦੀ ਸੀ। ਰਜ਼ੀਆ ਦਾ ਨਾਨਕਾ ਪਿੰਡ, ਉੱਥੋਂ ਕੋਈ ਚਾਰ ਕੁ ਮੀਲ ਦੂਰ ਸੀ। ਰਸਤੇ ਦਾ ਤੇ ਉਸ ਨੂੰ ਪਤਾ ਸੀ, ਪਰ ਜੁਆਨ-ਜਹਾਨ ਹੋਣ ਪਾਰੋਂ ਉਹ ਇਕੱਲੀ ਸਫ਼ਰ ਕਰਨੋਂ ਡਰਦੀ ਸੀ। ਪਰ, ਹੁਣ ਤੇ ਰਜ਼ੀਆ ਨੇ ਇਹ ਫ਼ੈਸਲਾ ਕਰ ਈ ਲਿਆ ਸੀ ਕਿ 'ਜੋ ਹੋਵੇ ਸੋ ਹੋਵੇ, ਉਹ ਹੁਣ ਚਾਚੇ ਦੇ ਘਰ ਹਰਗਿਜ਼ ਨਹੀਂ ਰਹੇਗੀ!'

ਚਾਚਾ ਸਵੇਰੇ ਈ ਖ਼ੇਤਾਂ ਨੂੰ ਚਲਾ ਗਿਆ ਤੇ ਦੁਪਹਿਰ ਵੇਲੇ ਉਸ ਦੀ ਚਾਚੀ ਵੀ ਅੰਦਰ ਵੜ ਕੇ ਗੂਹੜੀ ਨੀਂਦਰ ਸੌਂ ਗਈ। ਰਜ਼ੀਆ ਨੇ ਹਿੰਮਤ ਕਰ ਕੇ ਵੱਡੀ ਸਾਰੀ ਕਾਲੀ ਚਾਦਰ ਦੀ ਬੁੱਕਲ ਮਾਰੀ ਤੇ ਆਪਣੇ ਨਿੱਕੇ ਵੀਰ ਨੂੰ ਗੋਦੀ ਚੁੱਕ, ਰੱਬ ਦੇ ਆਸਰੇ ਘਰੋਂ ਟੁਰ ਪਈ।

ਉਹ ਧੜਕਦੇ ਹੋਏ ਦਿਲ ਤੇ ਕੰਬਦੇ ਹੋਏ ਜਿਸਮ ਨਾਲ, ਤੇਜ਼-ਤੇਜ਼ ਪੈਰ ਪੁੱਟਦੀ ਹੋਈ ਖ਼ੇਤਾਂ ਦੀਆਂ ਵੱਟਾਂ, ਤੇ ਵਿੰਗ-ਤੜਿੰਗੀਆਂ ਡੰਡੀਆਂ ਉੱਤੇ ਟੁਰੀ ਜਾ ਰਹੀ ਸੀ। ਚਾਚੇ ਨੂੰ ਪਤਾ ਲੱਗ ਜਾਣ ਦਾ ਖ਼ੌਫ਼, ਉਸ ਨੂੰ ਟੁਰਨ ਨਹੀਂ ਸੀ ਦੇ ਰਿਹਾ। ਡਰ ਨਾਲ ਉਸ ਦਾ ਸਾਰਾ ਬਦਨ, ਮੁੜ੍ਹਕੋ-ਮੁੜ੍ਹਕੀ ਹੋ ਗਿਆ। ਪਰ, ਉਹ ਹਿੰਮਤ ਕਰ ਕੇ ਅੱਗੇ ਈ ਅੱਗੇ ਵੱਧਦੀ ਚਲੀ ਗਈ। ਪਿੰਡ ਦੀ ਜੂਹ ਵਿੱਚੋਂ ਨਿਕਲ ਕੇ ਦੋ-ਢਾਈ ਮੀਲ ਦੂਰ ਆ ਜਾਣ ਮਗਰੋਂ, ਉਸ ਦਾ ਡਰ ਤੇ ਖ਼ੌਫ਼ ਦੂਰ ਹੋ ਗਿਆ। ਕਿਉਂ ਜੇ, ਹੁਣ ਉਹ ਆਪਣੇ ਨਾਨਕੇ-ਪਿੰਡ ਵੱਲ ਦੇ ਪੰਧ ਦੇ, ਅੱਧ ਵਿਚਕਾਰ ਆ ਪੁੱਜੀ ਸੀ।

ਦਿਲ ਵਿਚ ਆਜ਼ਾਦੀ ਦਾ ਅਹਿਸਾਸ ਜਾਗਦਿਆਂ ਈ, ਉਸ ਨੂੰ ਆਲੇ-ਦੁਆਲੇ ਦੇ ਖੇਤ ਸੋਹਣੇ ਲੱਗਣ ਲੱਗ ਪਏ। ਜੰਗਲੀ ਜੜ੍ਹੀ-ਬੂਟੀਆਂ ਦੀ ਖ਼ੁਸ਼ਬੋ ਨਾਲ ਭਰੀ ਹੋਈ, ਹਵਾ ਵਿਚ ਸਾਹ ਲੈਣ ਨਾਲ, ਇੱਕ ਨਰੋਈ ਜਿਹੀ ਤਾਜ਼ਾ ਜ਼ਿੰਦਗੀ ਦਾ ਅਹਿਸਾਸ ਹੋਵਣ ਲੱਗਾ। ਉਸ ਨੇ ਆਪਣੇ ਵੀਰ ਨੂੰ ਗੋਦੀ ਵਿਚੋਂ ਥੱਲੇ ਉਤਾਰ ਦਿੱਤਾ ਤੇ ਉਹ ਹੁਣ ਰਜ਼ੀਆ ਦੀ ਉਂਗਲ ਫੜ ਕੇ, ਨਾਲ-ਨਾਲ ਭੱਜਿਆ ਜਾ ਰਿਹਾ ਸੀ। ਨਾਲੇ, ਤੋਤਲੀਆਂ-ਤੋਤਲੀਆਂ ਗੱਲਾਂ ਵੀ ਕਰਦਾ ਜਾਂਦਾ ਸੀ। ਜਿਸ ਵੇਲੇ, ਉਸ ਦਾ ਨਾਨਕਾ ਪਿੰਡ ਮੀਲ-ਭਰ ਦੂਰ ਰਹਿ ਗਿਆ, ਤਾਂ ਰਜ਼ੀਆ ਨੇ ਵੇਖਿਆ ਕਿ ਰਾਹ ਦੇ ਉੱਤੇ ਛੇ-ਸੱਤ ਬੰਦੇ ਬੈਠੇ ਹੋਏ ਨੇ। ਉਸ ਸੋਚਿਆ, 'ਇਹ ਵਿਚਾਰੇ ਕੋਈ ਖੇਤਾਂ ਵਿਚ ਕੰਮ ਕਰਨ ਵਾਲੇ ਲੋਕ ਨੇ, ਤੇ ਥੱਕ ਕੇ ਘੜੀ ਸਾਹ ਲੈਣ ਲਈ ਬੈਠ ਗਏ ਹੋਣਗੇ।' ਉਹ ਤੇਜ਼-ਤੇਜ਼ ਪੈਰ ਪੁੱਟਦੀ ਹੋਈ ਉਹਨਾਂ ਦੇ ਕੋਲੋਂ ਅੱਗੇ ਲੰਘ ਗਈ।

ਪਿੱਛੋਂ ਉਸ ਨੂੰ ਇੱਕ ਆਵਾਜ਼ ਆਈ, ਕੋਈ ਆਖ ਰਿਹਾ ਸੀ "ਓਏ ! ਵੇਖੋ ਤੇ ਸਹੀ, ਮਾਸ਼ੂਕ ਤੇ ਵਾਹਵਾ ਜੇ.......।" ਇਹ ਗੱਲ ਸੁਣ ਕੇ ਰਜ਼ੀਆ ਇੱਕ ਦਮ ਘਬਰਾ ਗਈ......, ਉਸ ਦਾ ਬਦਨ ਪਸੀਨੇ ਨਾਲ ਭਿੱਜ ਗਿਆ......., ਉਹ ਹੋਰ ਤੇਜ਼ ਟੁਰਨ ਲੱਗ ਪਈ.......। ਪਿੱਛੋਂ ਫੇਰ ਕਿਸੇ ਨੇ ਆਖਿਆ, "ਉਏ! ਵੇਖਦੇ ਕੀਹ ਜੇ, ਕੱਲੀ ਕੁੜੀ ਏ, ਆਓ ! ਘੇਰ ਲਈਏ।" ਇਹ ਗੱਲ ਸੁਣ ਕੇ, ਰਜ਼ੀਆ ਦਾ ਦਿਲ ਧੱਕ-ਧੱਕ ਕਰਨ ਲੱਗ ਪਿਆ। ਉਸ ਵਿਚਾਰੀ ਨੇ ਆਪਣੇ ਆਲੇ-ਦੁਆਲੇ ਵੇਖਿਆ। ਉੱਥੇ ਹਰ ਪਾਸੇ ਖੇਤ ਈ ਖੇਤ ਸਨ, ਕੋਈ ਆਬਾਦੀ ਨਹੀਂ ਸੀ। ਪਰ, ਦੋ ਕੁ ਕਿੱਲੇ ਦੂਰ, ਰੁੱਖਾਂ ਦਾ ਇੱਕ ਝੁੰਡ ਸੀ, ਜਿਹਦੇ ਵਿੱਚੋਂ ਦੀ ਇੱਕ ਨਿੱਕਾ ਜਿਹਾ ਗੁਰਦੁਆਰਾ ਨਜ਼ਰੀਂ ਆਇਆ। ਉਸ ਗੁਰਦੁਆਰੇ ਦਾ ਚਿੱਟਾ ਗੁੰਬਦ ਤੇ 'ਕੇਸਰੀ ਝੰਡਾ', ਪੱਤਿਆਂ ਵਿਚੋਂ ਝੂਲਦਾ ਨਜ਼ਰੀਂ ਪੈ ਰਿਹਾ ਸੀ।

ਐਨੇ ਚਿਰ ਵਿਚ, ਉਹਨਾਂ ਬੰਦਿਆਂ ਨੇ ਰਜ਼ੀਆ ਨੂੰ ਚਾਰ-ਚੁਫ਼ੇਰਿਓਂ, ਆ ਘੇਰਿਆ......। ਉਹ ਵਿਚਾਰੀ ਠਠੰਬਰ ਕੇ ਖਲੋ ਗਈ ਤੇ ਉਸ ਨੇ ਆਪਣੇ ਨਿੱਕੇ ਵੀਰ ਨੂੰ ਛੇਤੀ ਨਾਲ ਗੋਦੀ 'ਚ ਚੁੱਕ ਲਿਆ......। ਇੱਕ ਬੰਦੇ ਨੇ ਅੱਗੇ ਵਧ ਕੇ, ਰਜ਼ੀਆ ਦੀ ਬਾਂਹ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਮੂੰਹੋਂ, ਡਰ ਨਾਲ ਚੀਕ ਨਿਕਲ ਗਈ।

ਜ਼ਨਾਨੀ ਦੀ ਆਵਾਜ਼ ਸੁਣ ਕੇ, ਉਸ ਗੁਰਦੁਆਰੇ ਵਿਚੋਂ ਇੱਕ ਸਿੱਖ ਬਾਹਰ ਆਇਆ, ਜਿਸ ਨੇ ਹਥਿਆਰ ਪਾਏ ਹੋਏ ਸਨ। ਉਹ ਦੂਰੋਂ ਈ ਮੰਜ਼ਰ ਵੇਖ ਕੇ, ਭੱਜ ਕੇ ਉਸ ਥਾਂ ਤੇ ਪੁੱਜਿਆ ਤੇ ਅੱਥਰੂ ਕੇਰਦੀ ਰਜ਼ੀਆ ਦੇ ਸਿਰ ਤੇ ਪਿਆਰ ਦੇ ਕੇ ਆਖਣ ਲੱਗਾ, "ਧੀਏ! ਕੀਹ ਗੱਲ ਏ ?" ਰਜ਼ੀਆ ਨੇ ਰੋਂਦਿਆਂ ਹੋਇਆਂ ਦੱਸਿਆ, "ਚਾਚਾ ਜੀ ! ਏਹ ਲੋਕ ਮੈਨੂੰ ਨਜਾਇਜ਼ ਤੰਗ ਕਰ ਰਹੇ ਨੇ।"

ਐਨੇ ਚਿਰ ਵਿਚ ਉਨ੍ਹਾਂ ਬਦਮਾਸ਼ਾਂ ਵਿਚੋਂ ਇੱਕ ਬੰਦਾ ਭੜਕ ਕੇ ਬੋਲਿਆ, "ਉਏ ਸਿੱਖਾ! ਤੂੰ ਕੌਣ ਏਂ? ਸਾਡੇ ਮਾਮਲੇ ਵਿਚ ਦਖ਼ਲ ਦੇਣ ਵਾਲਾ ?"

ਉਸ ਸਿੱਖ ਨੇ ਬੜੀ ਹਲੀਮੀ ਨਾਲ ਜੁਆਬ ਦਿੱਤਾ, "ਮੈਂ, ਵਾਹਿਗੁਰੂ ਜੀ ਕਾ ਖਾਲਸਾ ਹਾਂ ਤੇ ਮੈਨੂੰ ਮੇਰੇ ਗੁਰੂ ਦਾ ਹੁਕਮ ਹੈ 'ਕਿ ਪੰਜੇ ਹਥਿਆਰ ਪਹਿਨ ਕੇ ਰੱਖਣੇ ਨੇ, ਤੇ ਧਰਤੀ ਤੇ ਜਿੱਥੇ ਵੀ ਜ਼ੁਲਮ ਹੋ ਰਿਹਾ ਹੋਵੇ, ਉੱਥੇ ਜ਼ੁਲਮ ਦੇ ਖ਼ਿਲਾਫ਼ ਲੜਨਾ ਏ।' ..............ਇਹ ਮੇਰਾ ਧਰਮ ਹੈ।" ਐਨੀ ਗੱਲ ਕਹਿ ਕੇ ਖਾਲਸੇ ਨੇ ਆਪਣੀ ਤਲਵਾਰ ਮਿਆਨ ਵਿੱਚੋਂ ਬਾਹਰ ਕੱਢ ਲਈ। ਫੇਰ ਕੀਹ ਸੀ, ਉਹ ਬਦਮਾਸ਼ ਖਾਲਸੇ ਦੇ ਤੌਰ ਵੇਖ ਕੇ ਭੱਜ ਗਏ..............।

ਇਹ ਗੱਲ, ਕੋਈ ਕੋਲੋਂ ਜੋੜੀ ਕਹਾਣੀ ਨਹੀਂ ਸਗੋਂ ਇੱਕ ਸੱਚਾ ਵਾਕਿਆ ਏ, ਜਿਸ ਨੂੰ ਚੜ੍ਹਦੇ ਪੰਜਾਬ ਵਿਚਲੀ ਮੇਰੀ ਜੱਦੀ ਜੂਹ ਦੇ ਹੋਰ ਵੀ ਕਈ ਲੋਕ ਚੰਗੀ ਤਰਾਂ ਜਾਣਦੇ ਨੇ। ਏਸ ਗੱਲ ਨੂੰ ਅੱਜ ਪੂਰੇ ਪੰਜਾਹ ਵਰ੍ਹੇ ਬੀਤ ਗਏ ਨੇ। ਅੱਜ ਵੀ 'ਰੇਂਜ਼ਰਜ਼' ਦੇ ਟਾਵਰਾਂ ਕੋਲੋਂ ਹੁੰਦੀਆਂ ਹੋਈਆਂ,......ਕੰਡਿਆਲੀਆਂ ਤਾਰਾਂ ਟੱਪ ਕੇ,.....ਜਦ ਓਧਰ ਦੀਆਂ ਖ਼ੁਸ਼ਬੂਆਂ ਤੇ ਹਵਾਵਾਂ, ਏਧਰ ਆਉਂਦੀਆਂ ਨੇ, .......ਤਾਂ ਉਧਰੋਂ ਉੱਜੜ ਕੇ ਆਏ,......ਅਜੋਕੇ ਲਹਿੰਦੇ ਪੰਜਾਬ ਦੇ ਵਾਸੀਆਂ ਦੀਆਂ ਅੱਖਾਂ ਵਿੱਚ, ਅੱਥਰੂ ਆ ਜਾਂਦੇ ਹਨ।.........ਇਹ ਅੱਥਰੂ, ਵਿਛੋੜੇ ਦੇ ਨੇ ਕਿ ਧਰਤੀ ਮਾਂ ਦੇ ਪਿਆਰ ਦੇ,.......ਏਸ ਗੱਲ ਦਾ ਵੇਰਵਾ ਤੇ ਕੋਈ .........'ਵਾਹਿਗੁਰੂ ਜੀ ਕਾ ਖਾਲਸਾ' ਹੀ ਕਰ ਸਕਦਾ ਹੈ।

2

## ਬੰਸਤ ਕੌਰ! ਰੱਬ ਰਾਖਾ

### ਅਸਗ਼ਰ ਅਲੀ ਜਾਵੇਦ

ਕਰਮ ਸਿੰਘ ਨਾਲ ਮੇਰੀ ਮੁਲਾਕਾਤ ਚੌਦਾਂ ਵਰ੍ਹੇ ਪਹਿਲੋਂ, ਅਚਨਚੇਤੀ ਹੋਈ ਸੀ। ਪਰ, ਇਸ ਵਾਰ ਉਹ 'ਸਤਿ ਸ੍ਰੀ ਅਕਾਲ' ਆਖਣ ਲਈ ਉਚੇਚੇ ਤੌਰ 'ਤੇ ਮੇਰੇ ਕੋਲ ਆਇਆ।

ਨਨਕਾਣਾ ਸਾਹਿਬ ਵਿਚ, ਬਾਬਾ ਗੁਰੂ ਨਾਨਕ ਜੀ ਦੇ ਗੁਰਪੁਰਬ ਤੋਂ ਵਿਹਲਾ ਹੋ ਕੇ ਉਹ ਲਾਹੌਰ ਵਾਪਸ ਆ ਚੁੱਕਾ ਸੀ ਅਤੇ ਅਗਲੇ ਹੀ ਦਿਨ ਉਸ ਹਿੰਦੁਸਤਾਨ ਪਰਤ ਜਾਣਾ ਸੀ। ਲਾਹੌਰ ਵਿਚ ਉਸ ਦਾ ਰੁਝੇਵਾਂ ਸਿਰਫ਼ 'ਰਣਜੀਤ ਸਿੰਘ ਦੀ ਮੜ੍ਹੀ' 'ਤੇ ਹਾਜ਼ਰੀ ਭਰਨਾ ਸੀ। ਪਰ ਗੱਲਾਂ-ਗੱਲਾਂ ਵਿਚ ਮੈਨੂੰ ਅੰਦਾਜ਼ਾ ਹੋ ਗਿਆ ਕਿ ਉਹ ਸ਼ਾਲ੍ਹਾਮਾਰ ਬਾਗ਼ ਦੀ ਸੈਰ ਲਈ ਵੀ ਬੇਚੈਨ ਹੈ। ਫੇਰ ਵੀ, ਉਹ ਤੱਸਲੀ ਨਾਲ ਗੱਪ-ਸ਼ੱਪ ਲਾਉਂਦਾ ਰਿਹਾ ਤੇ ਏਸੇ ਦੌਰਾਨ ਲੱਸੀ ਦੇ ਦੋ ਵੱਡੇ ਗਲਾਸ ਵੀ ਪੀ ਗਿਆ।

ਪਿਛਲੇ ਵਰ੍ਹੇ, ਦੋ ਦਿਨ ਦੀ ਯਾਤਰਾ ਵੇਲੇ ਮੈਨੂੰ ਇਹ ਤੇ ਪਤਾ ਲੱਗ ਗਿਆ ਸੀ ਕਿ ਉਹ ਗੌਰਮਿੰਟ ਕਾਲਜ ਲਾਹੌਰ 'ਚ ਪੜ੍ਹਦਾ ਰਿਹਾ ਏ ਤੇ ਉਹਦਾ ਜੱਦੀ ਪਿੰਡ ਨਨਕਾਣਾ ਸਾਹਿਬ (ਜ਼ਿਲ੍ਹਾ ਸ਼ੇਖ਼ੂਪੁਰਾ) ਤੋਂ ਥੋੜ੍ਹੀ ਈ ਦੂਰ ਸੀ। ਪਾਕਿਸਤਾਨ ਬਣਨ ਵੇਲੇ ਉਹ ਹਿੰਦੁਸਤਾਨ ਜਾਣ ਦਾ ਖਾਹਸ਼ਮੰਦ ਨਹੀਂ ਸੀ, ਪਰ ਫੇਰ ਹਾਲਾਤ ਹੀ ਅਜਿਹੇ ਪੈਦਾ ਹੋ ਗਏ ਸਨ ਕਿ ਉਹ ਮਜ਼ਬੂਰ ਹੋ ਗਿਆ। ਆਪਣੀ ਜਿਸਮਾਨੀ ਤਾਕਤ ਦੀ ਸ਼ੋਹਰਤ ਦਾ ਜ਼ਿਕਰ ਉਹਨੇ ਬੜੇ ਮਾਣ ਨਾਲ ਕੀਤਾ ਸੀ ਅਤੇ ਉਰਦੂ ਅਦਬ ਵਿਚ ਆਪਣੀ ਗਹਿਰੀ ਦਿਲਚਸਪੀ ਵੀ ਜ਼ਾਹਰ ਕੀਤੀ ਸੀ। ਉਹ ਬਗ਼ੈਰ ਮੇਰੇ ਪੁੱਛਣ ਤੋਂ ਇਹ ਵੀ ਦੱਸ ਗਿਆ ਕਿ ਪਾਕਿਸਤਾਨੀ ਪੰਜਾਬ ਛੱਡ ਕੇ ਜਾਣ ਵਾਲੇ ਸਿੱਖਾਂ ਵਾਂਗ ਉਹ ਅੰਮ੍ਰਿਤਸਰ ਦੇ ਮੁਹੱਲੇ ਸ਼ਰੀਫ਼ਪੁਰੇ ਵਿਚ ਵੱਸ ਗਿਆ ਸੀ ਤੇ ਅੱਜ ਤੀਕਰ ਉੱਥੇ ਈ ਰਹਿੰਦਾ ਏ। ਉਹਦੀ ਮਾਂ ਪਾਕਿਸਤਾਨ ਦੀ ਕਾਇਮੀ ਵੇਲੇ ਰਾਹ ਵਿਚ ਕਤਲ ਕਰ ਦਿੱਤੀ ਗਈ ਸੀ ਤੇ ਬਾਪ ਇਤਫ਼ਾਕ ਨਾਲ ਈ ਉਸ ਦਿਨ ਮੋਇਆ, ਜਿਸ ਦਿਨ ਹਿੰਦੁਸਤਾਨ ਦੇ ਇਕ ਸਾਬਕ ਵਜ਼ੀਰੇ-ਆਜ਼ਮ, ਲਾਲ ਬਹਾਦਰ ਸਾਸ਼ਤਰੀ......। ਏਸ ਜਾਣ-ਪਛਾਣ ਦੀ ਖਾਸ ਗੱਲ ਇਹ ਸੀ ਕਿ......ਉਸ ਸਾਰੀ ਉਮਰ ਵਿਆਹ ਨਹੀਂ ਸੀ ਕਰਵਾਇਆ।

ਗੱਲ-ਬਾਤ ਦੌਰਾਨ ਕਈ ਵਾਰ ਮੇਰੇ ਮਨ ਵਿਚ ਇਹ ਸਵਾਲ ਉੱਭਰਿਆ, ਕਿ ਕਰਮ ਸਿੰਘ ਮੈਨੂੰ ਮਿਲਣ ਕਿਉਂ ਆਇਆ ਏ? ਜਿਹੜੀ ਕਿਤਾਬ ਮੈਂ ਇਹਨੂੰ ਡੇਢ ਸਾਲ ਪਹਿਲੋਂ ਤੋਹਫ਼ੇ ਵਿਚ ਦਿੱਤੀ ਸੀ ਉਸ ਤੋਂ ਬਾਅਦ ਹਰਗਿਜ਼ ਇਹ ਆਸ ਨਹੀਂ ਸੀ, ਕਿ ਉਹ ਮੈਨੂੰ ਮਿਲਣ ਆਵੇਗਾ! ਫੇਰ ਮੈਂ ਸੋਚਿਆ ਕਿ ਏਹ ਪੜ੍ਹਿਆ-ਲਿਖਿਆ ਸਿੱਖ ਜ਼ਿੰਦਗੀ ਦੀਆਂ ਤਕਰੀਬਨ ਸੱਤਰ ਬਹਾਰਾਂ ਵੇਖ ਚੁੱਕਿਆ ਹੈ। ਜੇਕਰ ਮੈਂ ਕਿਤਾਬ ਦਾ ਜ਼ਿਕਰ ਛੇੜਿਆ ਤਾਂ ਇਹਦੇ ਵਿਚ ਕਿਸੇ ਬੇਸੁਆਦੀ ਦਾ ਅੰਦੇਸ਼ਾ ਘੱਟ ਹੀ ਏ। ਸੋ ਮੈਂ ਜ਼ੁਰਅਤ ਤੋਂ ਕੰਮ ਲੈਂਦੇ ਹੋਏ ਪੁੱਛ ਹੀ ਲਿਆ:

"ਸਰਦਾਰ ਜੀ! ਉਹ ਕਿਤਾਬ, ਅੰਮ੍ਰਿਤਸਰ ਪਹੁੰਚ ਗਈ ਸੀ?"

ਸਰਦਾਰ ਜੀ ਨੇ ਇਹ ਸੁਣਦਿਆਂ ਈ ਇਕ ਜ਼ੋਰਦਾਰ ਠਹਾਕਾ ਲਾਇਆ, ਜਿਵੇਂ ਕਿ ਉਹ ਕਦੋਂ ਦਾ ਏਸੇ ਸਵਾਲ ਦਾ ਇੰਤਜ਼ਾਰ ਕਰ ਰਿਹਾ ਹੋਵੇ। ਅਤੇ, ਹੁਣ ਸਵਾਲ ਕਰ ਕੇ ਸਗੋਂ ਮੈਂ ਕਿਸੇ ਪਕੜ ਵਿਚ ਆ ਗਿਆ ਹੋਵਾਂ।

"ਜਦੋਂ ਅੰਮ੍ਰਿਤਸਰ ਬਲ਼ ਰਿਹਾ ਸੀ! ਏਹੋ ਸੀ ਨਾ ਤੁਹਾਡੀ ਕਿਤਾਬ?" ਸਰਦਾਰ ਜੀ ਨੇ ਤਸਦੀਕ ਕੀਤੀ।

"ਮੇਰੀ ਨਹੀਂ ਸਰਦਾਰ ਜੀ......... ਖ਼ਵਾਜਾ ਇਫ਼ਤਿਕਾਰ ਦੀ!" ਮੈਂ ਜਵਾਬ ਦਿੱਤਾ।

"ਹਾਂ! ਅੰਮ੍ਰਿਤਸਰ ਪਹੁੰਚ ਗਈ ਸੀ..........। ਲੱਸੀ ਦਾ ਗਲਾਸ ਮਿਲੇਗਾ?" ਸਰਦਾਰ ਜੀ ਨੇ ਗੱਲ ਟਾਲਣ ਦੀ ਕੋਸ਼ਿਸ਼ ਕੀਤੀ।

"ਲੱਸੀ ਤਾਂ ਲਾਹੌਰ ਦੀ ਸੌਗਾਤ ਹੈ ਜੀ! ਕਿਉਂ ਨਹੀਂ ਮਿਲੇਗੀ?" ਮੈ ਜਵਾਬ ਦਿੱਤਾ।

ਇੰਝ ਕਰਮ ਸਿੰਘ ਪੂਰੀ ਤਾਕਤ ਨਾਲ ਏਹ ਜਤਲਾਉਣ ਵਿਚ ਕਾਮਯਾਬ ਹੋ ਗਿਆ ਕਿ ਉਹ ਕਿਤਾਬ ਬਾਬਤ ਕੁਝ ਵੀ ਨਹੀਂ ਕਹੇਗਾ ਜਾਂ ਕੁਝ ਕਹਿਣਾ ਮੁਨਾਸਿਬ ਹੀ ਨਹੀਂ ਸਮਝਦਾ। ਇਹ ਜਾਣ ਲੈਣ ਤੋਂ ਬਾਅਦ ਕਿ ਗੱਲ ਬਣਦੀ ਨਜ਼ਰ ਨਹੀਂ ਆਉਂਦੀ, ਮੈਂ ਗੱਲ ਦਾ ਰੁਖ ਬਦਲਣਾ ਚਾਹਿਆ।

ਵਕਤ ਕਾਫ਼ੀ ਲੰਘ ਚੁੱਕਿਆ ਸੀ ਤੇ ਹੁਣ ਉਹ ਵਾਰ-ਵਾਰ ਆਪਣੀ ਘੜੀ ਵੱਲ ਵੇਖ ਰਿਹਾ ਸੀ। ਕਹਿਣ ਲੱਗਾ, "ਬਾਰਾਂ ਵੱਜ ਗਏ ਨੇ।"

"ਕਿਸ ਦੇ?" ਮੈਂ ਮੁਸਕਰਾਉਂਦੇ ਹੋਏ ਪੁੱਛਿਆ।

ਸਰਦਾਰ ਜੀ ਨੇ ਫੇਰ ਜ਼ੋਰ ਨਾਲ ਠਹਾਕਾ ਲਾਇਆ ਤੇ ਉੱਠਦੇ ਹੋਏ ਆਖਣ ਲੱਗੇ, "ਮੜ੍ਹੀ 'ਤੇ ਮੈਂ ਇਕੱਲਾ ਜਾਵਾਂਗਾ ਪਰ ਸ਼ਾਲ੍ਹਾਮਾਰ ਬਾਗ਼ ਆਪਾਂ 'ਕੱਠੇ ਚੱਲਾਂਗੇ। ਤੁਸਾਂ ਦੋ ਘੰਟਿਆਂ ਬਾਅਦ ਮੜ੍ਹੀ ਦੇ ਬਾਹਰ 'ਮੀਨਾਰ-ਏ-ਪਾਕਿਸਤਾਨ' ਦੇ ਸਦਰ ਦਰਵਾਜ਼ੇ 'ਤੇ ਪੁੱਜ ਜਾਣਾ।"

"ਜੋ ਹੁਕਮ ਸਰਦਾਰ ਜੀ! ਦੋ ਘੰਟੇ ਬਾਅਦ, ਦੋ ਵਜੇ ਦਾ ਵਕਤ ਹੋਵੇਗਾ!" ਮੈਂ ਫੇਰ ਸ਼ਰਾਰਤ ਕੀਤੀ।

ਸਰਦਾਰ ਜੀ ਕਿੰਨੀ ਦੇਰ ਮੁਸਕਰਾਂਦੇ ਰਹੇ ਤੇ ਕਹਿਣ ਲੱਗੇ, "ਫੇਰ ਤਾਂ ਤੁਹਾਡੇ ਵੀ ਬਾਰਾਂ ਹੀ ਵੱਜੇ ਨੇ।" ਥੋੜ੍ਹਾ ਵੇਲਾ ਰੁਕਣ ਬਾਅਦ ਆਖਣ ਲੱਗੇ, "ਅੱਛਾ ਪੁੱਤਰ! ਦੋ ਵਜੇ ਪੁੱਜ ਜਾਣਾ।"

"ਗੁਰੂ ਦੀ ਕਿਰਪਾ ਨਾਲ", ਮੈਂ ਬੋਲਿਆ।

"ਇਨਸ਼ਾ-ਅੱਲ੍ਹਾ!" ਸਰਦਾਰ ਜੀ ਨੇ ਜਵਾਬ ਦਿੱਤਾ।

"ਸਤਿ ਸ੍ਰੀ ਅਕਾਲ", ਮੈਂ ਜਾਂਦਿਆ ਹੀ ਉੱਚੀ ਆਵਾਜ਼ ਵਿਚ ਆਖਿਆ। ਠੀਕ ਦੋ ਵਜੇ ਮੈਂ ਬਾਹਰਲੇ ਜੰਗਲੇ 'ਤੇ ਝੁਕੇ ਹੋਏ ਤੇ ਮੀਨਾਰੇ-ਪਾਕਿਸਤਾਨ ਵੱਲ ਘੂਰ-ਘੂਰ ਵੇਖਦੇ ਹੋਏ ਸਰਦਾਰ ਕੋਲ ਵਾਅਦੇ ਮੁਤਾਬਿਕ ਅੱਪੜ ਗਿਆ।

"ਜੋ ਬੋਲੇ, ਸੋ ਨਿਹਾਲ।" ਕਹਿੰਦੇ ਹੋਏ ਸਰਦਾਰ ਜੀ ਜਦੋਂ ਪਿੱਛੇ ਵੱਲ ਘੁੰਮੇ ਤਾਂ ਮੈਨੂੰ ਸ਼ਰਮਿੰਦਗੀ ਹੋਈ ਕਿ ਉਹ ਤਾਂ ਕੋਈ ਹੋਰ ਸਰਦਾਰ ਸੀ ?

"ਕਿਸੇ ਅਖ਼ਬਾਰ ਵੱਲੋਂ ਆਏ ਹੋ?" ਸਿੱਖ ਯਾਤਰੀ ਨੇ ਪੁੱਛਿਆ।

"ਨਹੀਂ ਜੀ! ਕਰਮ ਸਿੰਘ ਦੀ ਇੰਤਜ਼ਾਰ ਕਰ ਰਿਹਾ ਹਾਂ, ਬੱਸ ਵੇਲਾ ਲੰਘਾਉਣ ਲਈ ਗੱਲ ਕੀਤੀ ਏ।" ਮੈਂ ਜਵਾਬ ਦਿੱਤਾ।

"ਕਰਮ ਸਿੰਘ! ਸ਼ਰੀਫ਼ਪੁਰੇ ਵਾਲਾ?" ਸਿੱਖ ਯਾਤਰੀ ਨੇ ਤਸਦੀਕ ਚਾਹੀ।

"ਰੋਂਦਾਂ ਹੋਣਾਂ ਏ ਕਿਧਰੇ ਬੰਸਤ ਕੌਰ ਨੂੰ! ਝੱਲਾ, ਮੁਸਲਮਾਨ ਛੋਕਰੀ ਨਾਲ ਇਸ਼ਕ ਕਰ ਬੈਠਾ ਸੀ। ਭਲਾ! ਕੋਈ ਧਰਮ ਵੀ ਛੱਡਦਾ ਏ?"

"ਲੈ ! ਔਹ ਟੁਰਿਆ ਆਉਂਦਾ ਈ" ਸਰਦਾਰ ਨੇ ਮੜ੍ਹੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

ਮੈਂ ਜੰਗਲੇ ਕੋਲ ਖੜੇ ਸਿੱਖ ਨੂੰ ਖ਼ੁਦਾ-ਹਾਫ਼ਿਜ਼ ਕਿਹਾ ਤੇ ਤੇਜ਼-ਤੇਜ਼ ਪੈਰ ਪੁੱਟਦਿਆਂ ਕਰਮ ਸਿੰਘ ਵੱਲ ਵਧਣ ਲੱਗਾ।

"ਸਲਾਮ-ਅਲ-ਲੇਕਮ?" ਕਰਮ ਸਿੰਘ ਨੇ ਪਹਿਲ ਕੀਤੀ।

"ਵਾਲ-ਏਕਮ-ਸਲਾਮ! ਕੀ ਹਾਲ ਏ?" ਮੈਂ ਜੁਆਬ ਵਿਚ ਆਖਿਆ। ਕਰਮ ਸਿੰਘ ਕੁਝ ਮਾਯੂਸੀ ਵਿਚ ਸੀ। ਮੈਂ ਇਹਦਾ ਕਾਰਨ ਇਸ ਲਈ ਨਾ ਪੁੱਛਿਆ ਕਿ ਅਸੀਂ ਵੀ ਆਪਣੇ ਬਜ਼ੁਰਗਾਂ ਦੀਆਂ ਕਬਰਾਂ ਤੋਂ ਵਾਪਸ ਪਰਤਦਿਆਂ ਹਮੇਸ਼ਾਂ ਕੁਝ ਅਜਿਹੀ ਹੀ ਰੌਅ ਵਿਚ ਹੁੰਦੇ ਆਂ।

"ਚੱਲੀਏ ਸ਼ਾਲ੍ਹਾਮਾਰ ਬਾਗ਼?" ਮੈਂ ਸਵਾਲ ਕੀਤਾ।

"ਨਹੀਂ ਪੁੱਤਰ, ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ" ਉਸ ਨੇ ਜੁਆਬ ਦਿੱਤਾ।

"ਪ੍ਰੋਗਰਾਮ ਬਦਲ ਗਿਆ ਏ ?" ਮੈਂ ਪੁੱਛਿਆ।

"ਨਹੀਂ, ਬਦਲਿਆ ਨਹੀਂ! ਬਦਲ ਦਿੱਤਾ ਗਿਆ ਹੈ। ਤੁਸੀਂ ਸੁਣ ਨਹੀਂ ਸਕੋਗੇ। ਪਰ ਮੜ੍ਹੀ 'ਚੋਂ ਅਜੇ ਵੀ ਆਵਾਜ਼ ਆ ਰਹੀ ਹੈ ਕਿ, 'ਕਰਮ ਸਿੰਘ! ਬਾਬਾ ਜੀ ਨੂੰ ਆਖਰੀ ਵਾਰ ਪ੍ਰਣਾਮ ਕਰ ਆਉ ਅਤੇ ਬੰਸਤ ਕੌਰ ਨੂੰ ਵੀ ਇਕ ਵਾਰ ਫੇਰ ਮਿਲ ਲਓ, ਹੁਣ ਤੂੰ ਦੁਬਾਰਾ ਏਥੇ ਨਹੀਂ ਆ ਸਕੇਂਗਾ!' .........ਮੈਂ ਇਹ ਦੋਨੋਂ ਕੰਮ ਕਰ ਤਾਂ ਆਇਆ ਵਾਂ, ਹੁਣ ਖ਼ਿਆਲ ਏ, ਕਿ ਆਖ਼ਰੀ ਵਾਰ ਇਹ ਫ਼ਰਜ਼ ਵੀ ਅਦਾ ਕਰਕੇ ਈ ਜਾਵਾਂ।" ਉਸ ਨੇ ਭੇਰ ਆਖਿਆ।

ਥੋੜ੍ਹੀ ਦੇਰ ਪਹਿਲੋਂ ਪੁਰਜੋਸ਼ ਤੇ ਹਿੰਮਤੀ ਨਜ਼ਰ ਆਉਣ ਵਾਲਾ ਸਿੱਖ ਸਰਦਾਰ ਹੁਣ ਸੱਚ-ਮੁੱਚ ਸੱਤਰ ਸਾਲ ਦਾ ਬਜ਼ੁਰਗ ਵਿਖਾਈ ਦੇਣ ਲੱਗਾ ਸੀ। ਮੈਂ ਹਾਲੇ ਵੀ ਆਪਣੀ ਪਰੇਸ਼ਾਨੀ ਨੂੰ ਲੁਕਾਣ ਦਾ ਯਤਨ ਕਰ ਰਿਹਾ ਸਾਂ ਕਿ ਉਸ ਨੇ ਲਾਰੀਆਂ ਦੇ ਅੱਡੇ ਵੱਲੋਂ ਆਉਂਦੀ ਹੋਈ ਕਾਰ ਨੂੰ ਇਸ਼ਾਰਾ ਕਰ ਕੇ ਰੋਕ ਲਿਆ।

"ਨਨਕਾਣਾ ਸਾਹਿਬ ਚੱਲੋਗੇ?" ਸਰਦਾਰ ਜੀ ਨੇ ਡਰਾਈਵਰ ਤੋਂ ਪੁੱਛਿਆ।

"ਪਤਾ ਵੀ ਏ! ਨਨਕਾਣਾ ਸਾਹਿਬ ਕਿੰਨੀ ਦੂਰ ਏ?" ਡਰਾਈਵਰ ਨੇ ਜੁਆਬੀ ਸਵਾਲ ਕੀਤਾ।

"ਹਾਂ! ਮੈਂ ਉੱਥੇ ਹੀ ਪੈਦਾ ਹੋਇਆਂ ਸਾਂ।" ਸਰਦਾਰ ਜੀ ਕੁਝ ਗੁੱਸੇ ਵਿਚ ਸਨ।

ਉਸ ਨੇ ਪਿਛਲਾ ਦਰਵਾਜ਼ਾ ਖੋਲ੍ਹਿਆ ਤੇ ਮੈਨੂੰ ਗੱਡੀ ਵਿਚ ਧੱਕਾ ਦੇ ਦਿੱਤਾ, ਮੇਰੇ ਖੱਬੇ ਪਾਸੇ ਖੁਦ ਬਹਿ ਗਿਆ ਅਤੇ ਡਰਾਈਵਰ ਨੂੰ ਨਨਕਾਣਾ ਸਾਹਿਬ ਜਾਣ ਦਾ ਹੁਕਮ ਦਿੱਤਾ।

ਨਨਕਾਣਾ ਸਾਹਿਬ ਮੇਰੇ ਵਾਸਤੇ ਬਿਲਕੁਲ ਨਵੀਂ ਜਗ੍ਹਾ ਸੀ। ਬਾਬਾ ਗੁਰੂ ਨਾਨਕ ਦੇ ਗੁਰਪੁਰਬ ਵਿਚ ਸ਼ਾਮਲ ਹੋਣ ਵਾਲੇ ਕੁਝ ਸਿੱਖ ਯਾਤਰੀ ਅਜੇ ਵੀ ਉੱਥੇ ਮੌਜੂਦ ਸਨ। ਕਰਮ ਸਿੰਘ ਆਪਣਾ ਕੰਮ ਕਰ ਰਿਹਾ ਸੀ ਤੇ ਮੈਨੂੰ ਇਉਂ ਜਾਪ ਰਿਹਾ ਸੀ ਕਿ ਮੈਂ ਪਾਕਿਸਤਾਨ ਵਿਚ ਨਹੀਂ ਅੰਮ੍ਰਿਤਸਰ ਵਿਚ ਘੁੰਮ ਰਿਹਾ ਵਾਂ।

ਪੱਵਿਤਰ ਬਾਣੀ ਦਾ ਮਧੁਰ ਕੀਰਤਨ ਸਰਵਣ ਕਰਦੀਆਂ ਹੋਈਆਂ ਸੰਗਤਾਂ ਨਿਹਾਲ ਹੋ ਰਹੀਆਂ ਸਨ। ਕਰਮ ਸਿੰਘ ਨੇ ਬਹੁਤ ਸੰਜੀਦਗੀ ਨਾਲ ਕਿਹਾ, "ਪੁੱਤਰ, ਬਾਬਾ ਜੀ ਸਭ ਦੇ ਸਾਂਝੇ ਬਜ਼ੁਰਗ ਸਨ। ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ, ਸਭਨਾਂ ਦੇ।" ਜਿਵੇਂ ਹੀ ਮੈਂ ਕਰਮ ਸਿੰਘ ਦੀ ਗੱਲ ਦੀ ਹਾਮੀ ਭਰੀ ਤੇ ਮੈਂ ਬਾਬਾ ਜੀ ਦੀ ਜ਼ਿੰਦਗੀ ਦੇ ਕਈ ਵਾਕਿਆਤ ਦੁਹਰਾਏ। ਕਰਮ ਸਿੰਘ ਇਹ ਸੁਣ ਕੇ ਖੁਸ਼ੀ ਤੇ ਹੈਰਾਨੀ ਭਰੇ ਰੌਅ ਵਿਚ ਸੀ ਕਿ ਸਾਹਮਣੇ ਟੈਕਸੀ ਕੋਲ ਖੜ੍ਹੇ ਡਰਾਈਵਰ 'ਤੇ ਉਹਦੀ ਨਜ਼ਰ ਪਈ। ਉਹ ਨੇ ਮੇਰੀ ਉਂਗਲ ਇੰਝ ਫੜ ਲਈ ਜਿਵੇਂ ਮੈਂ ਪਿੰਡ ਤੋਂ ਆਇਆ ਹੋਇਆ ਨਿੱਕਾ ਜਿਹਾ ਬਾਲ ਹੋਵਾਂ, ਜਿਹੜਾ ਕਿਸੇ ਵੇਲੇ ਵੀ ਮੇਲੇ ਵਿਚ ਗੁੰਮ ਹੋ ਸਕਦਾ ਹੋਵੇ। ਅਤੇ ਫੇਰ ਟੈਕਸੀ ਵੱਲ ਟੁਰ ਪਿਆ। ਡਰਾਈਵਰ ਪਹਿਲੋਂ ਹੀ ਆਪਣੀ ਸੀਟ ਸੰਭਾਲ ਚੁੱਕਿਆ ਸੀ। ਗੱਡੀ ਵਿਚ ਬੈਠਦਿਆਂ ਈ ਉਹਨੇ ਡਰਾਈਵਰ ਨੂੰ ਉਂਗਲ ਦੇ ਇਸ਼ਾਰੇ ਨਾਲ ਇਕ ਖਾਸ ਬੰਨੇ ਚੱਲਣ ਨੂੰ ਕਿਹਾ। ਹੁਣ ਕਰਮ ਸਿੰਘ ਆਪਣੀ ਸੀਟ 'ਪੁਰ ਸੀ। ਉਸ ਡਰਾਈਵਰ ਦੀ ਪਰੇਸ਼ਾਨੀ ਨੂੰ ਭਾਂਪ ਲਿਆ ਤੇ ਕਹਿਣ ਲੱਗਾ, "ਫ਼ਿਕਰ ਨਾ ਕਰੋ, ਸੜਕ ਪੱਕੀ ਏ।" ਇਸ ਤੋਂ ਬਾਅਦ ਉਹ ਬਿਲਕੁੱਲ ਖਾਮੋਸ਼ ਹੋ ਗਿਆ, ਜਿਵੇਂ ਬਾਬਾ ਗੁਰੂ ਨਾਨਕ ਨੇ ਉਹਨੂੰ ਜ਼ਬਾਨ ਬੰਦ ਰੱਖਣ ਦੀ ਹਿਦਾਇਤ

ਕੀਤੀ ਹੋਵੇ।

ਮੇਰੇ ਮਨ ਵਿਚ ਜ਼ਬਰਦਸਤ ਉਤਾਰ-ਚੜ੍ਹਾ ਆ ਰਹੇ ਸਨ ਕਿ 'ਉਹ ਬਾਬਾ ਜੀ ਨੂੰ ਸਲਾਮ ਕਰਨ ਤੇ ਬਸੰਤ ਕੌਰ ਨੂੰ ਆਖ਼ਰੀ ਵਾਰ ਮਿਲਣ ਆਇਆ ਸੀ। ਯਕੀਨਨ! ਇਸ ਸਫ਼ਰ ਦੀ ਮੰਜ਼ਲ ਹੁਣ ਬਸੰਤ ਕੌਰ ਈ ਸੀ।' ਮੈਂ ਚੁੱਪ ਤੋੜਨ ਦੀ ਕੋਸ਼ਿਸ਼ ਕੀਤੀ:

"ਸਰਦਾਰ ਜੀ! ਬਸੰਤ ਕੌਰ ਦਾ ਪਿੰਡ ਕਿੰਨੀ ਕੁ ਦੂਰ ਏ?" ਸਰਦਾਰ ਜੀ ਚੁੱਪ ਰਹੇ। ਮੈਂ ਕੁਝ ਵੇਲੇ ਬਾਅਦ ਫੇਰ ਸਵਾਲ ਕੀਤਾ, "ਸਰਦਾਰ ਜੀ ! ਸਫ਼ਰ ਕਿੰਨਾ ਕੁ ਬਾਕੀ ਏ?"

"ਥੱਕ ਗਏ ਪੁੱਤਰ!" ਸਰਦਾਰ ਨੇ ਜੁਆਬੀਆ ਸਵਾਲ ਕਰਦੇ ਹੋਏ ਆਖਿਆ।

"ਨਹੀਂ, ਸਰਦਾਰ ਜੀ! ਉਂਝ ਹੀ ਪੁੱਛ ਰਿਹਾ ਸਾਂ। ਬੱਸ ਚੁੱਪ ਤੋਂ ਡਰ ਲੱਗ ਰਿਹਾ ਸੀ।" ਮੈਂ ਸਫ਼ਾਈ ਪੇਸ਼ ਕੀਤੀ।

"ਸਫ਼ਰ ਚੰਗਾ ਨਹੀਂ ਲੱਗ ਰਿਹਾ?" ਉਸਨੇ ਪੁੱਛਿਆ।

"ਕਿਉਂ ਨਹੀਂ! ਸਰਦਾਰ ਜੀ, ਕਿਉਂ ਨਹੀਂ! ਸੱਚੀ ਗੱਲ ਤਾਂ ਇਹ ਹੈ ਕਿ ਓਸ ਹਸਤੀ ਨੂੰ ਮਿਲਣ ਲਈ ਮੈਂ ਵੀ ਬੇਚੈਨ ਹਾਂ, ਜਿਸ ਨੂੰ ਮਿਲਣ ਦੀ ਤੁਹਾਨੂੰ ਖਾਸ ਤੌਰ 'ਤੇ ਹਦਾਇਤ ਕੀਤੀ ਗਈ ਏ।" ਮੈਂ ਆਖਿਆ।

"ਮਿਲਣ ਦੀ ਨਹੀਂ, ਆਖ਼ਰੀ ਵਾਰ ਮਿਲਣ ਦੀ ਕਹੋ। ਮਿਲ ਕੇ ਤੇ ਮੈਂ ਅਜੇ ਕੱਲ੍ਹ ਹੀ ਗਿਆ ਹਾਂ।" ਸਰਦਾਰ ਜੀ ਨੇ ਗੱਲ, ਅੱਗੇ ਵਧਾਈ।

ਮੈਂ ਫੇਰ ਕਿਹਾ, "ਸਰਦਾਰ ਜੀ! ਵਹਿਮ ਏ ਤੁਹਾਡਾ। ਇਨਸ਼ਾ-ਅੱਲ੍ਹਾ! ਤੁਸੀਂ ਹਾਲੀ ਕਈ ਵਾਰ ਏਥੇ ਆਵੋਗੇ।" ਕਰਮ ਸਿੰਘ ਨੇ ਪਹਿਲੀ ਵਾਰ ਪਿੱਛੇ ਘੁੰਮ ਕੇ ਮੇਰੇ ਵੱਲ ਤੱਕਿਆ। ਉਹ ਬੁੱਲ੍ਹਾਂ ਵਿਚ ਮੁਸਕਰਾ ਰਿਹਾ ਸੀ, ਜਿਵੇਂ ਆਖ ਰਿਹਾ ਹੋਵੇ, 'ਤੂੰ ਪਰਲੇ ਦਰਜੇ ਦਾ ਮੂਰਖ ਏਂ।'

ਗੱਡੀ ਤੇਜ਼ੀ ਨਾਲ ਆਪਣੀ ਮੰਜ਼ਲ ਵੱਲ ਦੌੜਦੀ ਜਾ ਰਹੀ ਸੀ। ਕੋਈ ਪੰਜਾਂ ਕੁ ਮਿੰਟਾਂ ਪਿੱਛੋਂ ਜਦੋਂ ਮੈਂ ਖ਼ੁਦ ਠੀਕ ਮਹਿਸੂਸ ਕਰ ਰਿਹਾਂ ਸਾਂ ਤਾਂ ਕਰਮ ਸਿੰਘ ਡਰਾਈਵਰ ਦੀ ਖੱਬੀ ਬਾਂਹ ਦਬਾ ਰਿਹਾ ਸੀ। ਡਰਾਈਵਰ ਸਮਝ ਗਿਆ ਕਿ ਉਹ ਰੁਕਣ ਲਈ ਆਖ ਰਿਹਾ ਹੈ। ਕਰਮ ਸਿੰਘ ਦੀ ਚੁੱਪ ਤੋਂ ਮੈਨੂੰ ਭੈਅ ਆ ਰਿਹਾ ਸੀ। ਉੱਤੋਂ ਜ਼ੁਲਮ ਏਹ ਕਿ ਉਹ ਗੱਡੀ ਇਕ ਉਜਾੜ ਵਿਚ, ਕਬਰਸਤਾਨ ਦੇ ਸਾਹਮਣੇ ਲਿਆ ਕੇ ਰੁਕਵਾ ਰਿਹਾ ਸੀ।

ਕਬਰਸਤਾਨ ਵਿਚ ਵੜਦਿਆਂ ਹੀ ਉਹਨੇਂ ਆਸ ਤੋਂ ਬਿਲਕੁਲ ਉਲਟ ਉੱਚੀ ਆਵਾਜ਼ ਵਿਚ, "ਸਲਾਮ-ਅਲ-ਏਕਮ,......ਅੱਲ੍ਹਾ-ਹੂ-ਅਕਬਰ", ਕਿਹਾ। ਫੇਰ ਕਤਰਾ-ਕਤਰਾ ਪਾਣੀ ਦਿੰਦੇ ਪੰਪ ਤੋਂ ਹੱਥ-ਮੂੰਹ ਧੋਤਾ ਅਤੇ ਕਬਰਸਤਾਨ ਦੇ ਦੂਜੇ ਪਾਸੇ ਇਕ ਪੁਰਾਣੀ ਕਬਰ ਦੇ ਕੋਲ ਖੜ੍ਹਾ ਹੋ ਗਿਆ। ਮੈਂ ਵੁਜ਼ੂ ਦੌਰਾਨ ਕੋਸ਼ਿਸ਼ ਕੀਤੀ ਕਿ ਸੁਣ ਸਕਾਂ ਪਈ ਉਹ ਕੀ ਕਹਿ ਰਿਹਾ ਹੈ......ਪੜ੍ਹ ਰਿਹਾ ਹੈ? ਕਬਰ ਕਾਫੀ ਦੂਰ ਸੀ। ਜਦੋਂ ਮੈਂ ਵੁਜ਼ੂ ਤੋਂ ਵਿਹਲਾ ਹੋ ਕੇ ਕਬਰ ਕੋਲ ਪਹੁੰਚਿਆ, ਉਹ ਆਖ਼ਰੀ ਫਿਕਰਾ ਬੋਲ ਰਿਹਾ ਸੀ........

"..........ਤੂੰ ਆਪਣਾ ਧਰਮ ਨਾ ਛੱਡ ਸਕੀ ਤੇ ਨਾ ਮੈਂ ਆਪਣਾ......... ਤੂੰ ਆਪਣਾ ਵਾਅਦਾ ਪੂਰਾ ਕੀਤਾ ਤੇ ਮੈਂ ਆਪਣਾ.......... ਬੰਸਤ ਕੌਰ! ...... ਖ਼ੁਦਾ ਹਾਫ਼ਿਜ਼........... ਸਲਾਮ-ਅਲ-ਏਕਮ........ ਰੱਬ ਰਾਖਾ................"

ਕਬਰ ਉੱਤੇ ਇਕ ਬਹੁਤ ਈ ਖਸਤਾ ਲੋਹੇ ਦੀ ਤਖ਼ਤੀ 'ਪਰ ਲਿਖਿਆ ਹੋਇਆ ਸੀ.........

***' ਭਾਗ ਭਰੀ, ਦੁਖ਼ਤਰ ਮੁਹੰਮਦ ਦੀਨ ਤਾਰੀਖ਼ ਵਫ਼ਾਤ, 15 ਅਗਸਤ 1947.'***

ੴ ੴ ੴ ੴ ੴ

---

ਰੋਹੀ, ਦੁਆਬੇ, ਮਾਲਵੇ, ਮਾਝੇ, ਗੁਰੂ ਦਸਮੇਂ ਨੇ ਸਿੰਘ ਸਾਜੇ।
ਐਸੀਆਂ ਸੱਜਦੀਆਂ, ਪੱਗ ਦੀਆਂ ਚੋਣਾਂ ਨਾ।
ਵੇਖੇ ਦੇਸ ਬਥੇਰੇ ਦੁਨੀਆ ਦੇ, ਕੋਈ ਦੇਸ ਪੰਜਾਬੋਂ ਸੋਹਣਾ ਨਾ।

**-ਬਾਬੂ ਰਜਬ ਅਲੀ-**

3

# ਧਰਤੀ ਵੀਰਾਂ ਵਾਲੀ

## ਅਸ਼ਰਫ਼ ਸੁਹੇਲ

ਘਰ ਵਿਚ ਤਾਇਆ ਜੀ ਆਪਣੇ ਬਾਲਾਂ ਸਮੇਤ ਆਏ ਹੋਏ ਸਨ। ਤਾਇਆ ਜੀ, ਬਹੁਤ ਘੱਟ ਸਾਡੇ ਘਰ ਆਉਂਦੇ ਨੇ। ਉਹ ਪਹਿਲਾਂ ਫੌਜ ਵਿਚ ਸਨ ਤੇ ਹੁਣ ਬਹਾਵਲ ਨਗਰ ਵਿਚ ਜ਼ਿਮੀਂਦਾਰੀ ਕਰਦੇ ਨੇ। ਉੱਥੇ ਉਹਨਾਂ ਦੀਆਂ ਆਪਣੀਆਂ ਜ਼ਮੀਨਾਂ ਨੇ।

ਤਾਇਆ ਜੀ, ਇੱਥੇ ਇੰਨੇ ਮਿੱਠੇ ਸੁਭਾਅ ਨਾਲ ਬੋਲਦੇ ਨੇ, ਕਿ ਯਕੀਨ ਨਹੀਂ ਆਉਂਦਾ ਪਈ ਉਹ ਫੌਜ ਵਿਚ ਕੈਪਟਨ ਵੀ ਰਹੇ ਹੋਣਗੇ। ਉਹ ਜਦੋਂ ਵੀ ਸਾਡੇ ਘਰ ਆਉਂਦੇ ਨੇ, ਤਾਂ ਆਪਣੀ ਸਾਬਕਾ ਨੌਕਰੀ ਦੇ ਕਿੱਸੇ ਸੁਣਾਂਦੇ ਨੇ। ਉਹ ਅਕਸਰ ਆਪਣੀ ਬਹਾਦਰੀ ਦੀਆਂ ਗੱਲਾਂ ਕਰਦੇ ਤੇ ਅੱਗੋਂ ਮੇਰੀ ਮਾਂ ਜੀ ਉਹਨਾਂ ਨੂੰ ਆਪਣੀ ਇੱਕੋ-ਇੱਕ ਕਹਾਣੀ ਸੁਣਾਉਂਦੇ। ਤਾਇਆ ਜੀ ਦੀਆਂ ਬਹਾਦਰੀ ਦੀਆਂ ਕਹਾਣੀਆਂ ਤੇ ਮਾਂ ਜੀ ਦੀ ਕਹਾਣੀ ਮੈਂ ਬਚਪਨ ਤੋਂ ਹੀ ਸੁਣਦਾ ਆਇਆ ਆਂ, ਪਰ ਹਰ ਵਾਰ ਕਹਾਣੀ ਸੁਣਨ ਦਾ ਚਾਅ ਮੈਨੂੰ ਰਹਿੰਦਾ ਏ। ਮਾਂ ਜੀ ਆਪਣੀ ਕਹਾਣੀ ਸੁਣਾਂਦੇ-ਸੁਣਾਂਦੇ ਅਕਸਰ ਰੋ ਪੈਂਦੇ ਨੇ ਤੇ ਉਹਨਾਂ ਦੀਆਂ ਗੱਲਾਂ ਸੁਣਦਿਆਂ, ਰਾਤ ਦੇ ਦੋ-ਤਿੰਨ ਵੱਜ ਜਾਂਦੇ ਨੇ। ਕਈ ਵਾਰ ਸਵੇਰ ਵੀ ਹੋ ਜਾਂਦੀ ਏ। ਮਾਂ ਜੀ ਜੋ ਕਹਾਣੀ ਸੁਣਾਉਂਦੇ ਹੁੰਦੇ ਨੇ ਉਹ ਇੰਝ ਏ:

'ਚੜ੍ਹਦੇ ਪੰਜਾਬ ਦੇ ਜ਼ਿਲ੍ਹਾ ਰੋਪੜ ਦੇ ਓਸ ਪਿੰਡ ਵਿਚ ਮੁਸਲਮਾਨ, ਹਿੰਦੂ ਤੇ ਸਿੱਖ ਭਰਾਵਾਂ ਵਾਂਗੂੰ ਰਹਿੰਦੇ ਸਨ। ਮੇਰੇ ਅੱਬਾ ਜੀ, ਫ਼ਰੀਦ ਬਖ਼ਸ਼ ਪਿੰਡ ਦੇ ਲੰਬੜਦਾਰ ਸਨ। ਸਾਰਾ ਪਿੰਡ ਸਾਡੇ ਪਰਵਾਰ ਦੀ ਇੱਜ਼ਤ ਕਰਦਾ ਸੀ। ਮਾਲ ਡੰਗਰ ਸਾਡੇ ਕੋਲ ਵਾਹਵਾ ਸੀ, ਪੰਜ ਨੌਕਰ ਘਰ ਵਿਚ ਮਾਲ-ਡੰਗਰ ਸਾਂਭਣ ਲਈ ਮੌਜੂਦ ਹੁੰਦੇ ਸਨ। ਮੈਂ ਉਦੋਂ ਨਿੱਕੀ ਜਿਹੀ ਸਾਂ, ਮਸਾਂ ਛੇ-ਸੱਤ ਸਾਲ ਦੀ। ਘਰ ਵਿਚ ਸਾਰਾ ਦਿਨ ਮੈਂ ਅਤੇ ਮਾਂ ਜੀ ਇੱਕਲੇ ਹੁੰਦੇ ਸਾਂ। ਮੇਰੇ ਅੱਬਾ ਫ਼ਰੀਦ ਬਖ਼ਸ਼ ਸਵੇਰੇ, ਮਾਲ-ਡੰਗਰ ਲੈ ਕੇ ਡੇਰੇ ਵੱਲ ਨਿਕਲ ਜਾਂਦੇ ਤੇ ਮੇਰੇ ਤਿੰਨੇ ਭਰਾ ਵੀ ਆਪਣੇ ਮਾਲ ਦੀ ਰਾਖੀ ਲਈ ਘੋੜੀਆਂ ਤੇ ਬਹਿ ਟੁਰ ਜਾਂਦੇ।

ਮੇਰੇ ਵੀਰ ਮੁਹੰਮਦ ਵਜ਼ੀਰ, ਮੁਹੰਮਦ ਵੀਰੂ ਤੇ ਮੁਹੰਮਦ ਬਦਰੂ ਗਭਰੂ ਜਵਾਨ ਸਨ। ਖ਼ਾਸ ਕਰ ਮੁਹੰਮਦ ਵੀਰੂ ਜਿੰਨਾ ਤਗੜਾ, ਪਿੰਡ ਵਿਚ ਹੋਰ ਕੋਈ ਜਵਾਨ ਨਹੀਂ ਸੀ। ਦੂਰੋਂ-ਦੂਰੋਂ ਉਸ ਨੂੰ ਕੱਬਡੀ ਖੇਡਣ ਦੇ ਬੁਲਾਵੇ ਆਉਂਦੇ। ਆਮ ਲੋਕੀਂ ਕਹਿੰਦੇ ਕਿ 'ਜਿਸ ਪਾਸੇ ਵੀ ਗੁੱਜਰਾਂ ਦਾ ਮੁੰਡਾ ਵੀਰੂ ਹੋਵੇਗਾ, ਜਿੱਤ ਉਸੇ ਪਿੰਡ ਦੀ ਹੋਵੇਗੀ'। ਮੇਰੇ ਵੀਰ ਨੂੰ ਬਹੁਤੇ ਲੋਕੀਂ ਗੁੱਜਰਾਂ ਦਾ ਮੁੰਡਾ ਈ ਕਹਿੰਦੇ ਸਨ। ਦੂਜੇ ਦੋਵੇਂ ਭਰਾ ਤੇ ਪਿੰਡ ਦੇ ਦੋ ਹੋਰ, ਸਿੱਖ ਮੁੰਡੇ ਬੱਗਾ ਸਿੰਘ ਤੇ ਨਿਸ਼ਾਨ ਸਿੰਘ ਵੀ ਚੰਗੇ ਖਿਡਾਰੀ ਮੰਨੇ ਜਾਂਦੇ ਸਨ। ਉਹ ਦੋਵੇਂ ਸਿੱਖ ਖਿਡਾਰੀ, ਮੇਰੇ ਵੀਰਾਂ ਦੇ ਗੂੜ੍ਹੇ ਬੇਲੀ ਬਣੇ ਹੋਏ ਸਨ।

ਉਹਨਾਂ ਦਿਨਾਂ ਵਿਚ ਮੁਲਕ ਟੁੱਟਣ ਦੀਆਂ ਖ਼ਬਰਾਂ, ਹਰ ਬੰਦੇ ਦੇ ਮੂੰਹ ਤੇ ਸਨ। ਜਦੋਂ ਮੁਸਲਮ ਲੀਗ ਤੇ ਕਾਂਗਰਸ ਦੇ ਇਲੈਕਸ਼ਨ ਹੋਏ, ਤਾਂ ਏਸ ਪਿੰਡ ਦੇ ਅਕਸਰ ਮੁਸਲਮਾਨਾਂ, ਕਾਂਗਰਸ ਨੂੰ ਇਸ ਲਈ ਵੋਟ ਦਿੱਤਾ, ਕਿ ਉਹ ਆਪਣੀ ਧਰਤੀ ਨਹੀਂ ਛੱਡਣਾ ਚਾਹੁੰਦੇ ਸਨ। ਉਹ ਆਖਦੇ ਕਿ 'ਸਾਨੂੰ ਏਥੇ ਕੋਈ ਤਕਲੀਫ਼ ਨਹੀਂ।' ਸਾਡੇ ਘਰ ਦਾ ਵਿਹੜਾ ਕਾਫੀ ਵੱਡਾ ਸੀ। ਸ਼ਾਮ ਵੇਲੇ ਅੱਬਾ ਜੀ ਕੋਲ ਪਿੰਡ ਦੇ ਵੱਡੇ ਹੁੱਕਾ ਪੀਣ ਆ ਜਾਂਦੇ, ਤੇ ਰਾਤ ਗਏ ਤੱਕ ਬੈਠੇ ਰਹਿੰਦੇ ਸਨ। ਮੇਰੇ ਵੱਡੇ ਭਰਾਵਾਂ ਦੇ ਗੂੜ੍ਹੇ ਬੇਲੀ, ਬੱਗਾ ਸਿੰਘ ਤੇ ਨਿਸ਼ਾਨ ਸਿੰਘ ਵੀ ਇਕ ਵੱਖਰੀ ਮੰਜੀ ਤੇ ਬੈਠੇ ਗੱਪਾਂ ਮਾਰਦੇ ਰਹਿੰਦੇ ਸਨ।

ਮੈਨੂੰ ਚੰਗੀ ਤਰ੍ਹਾਂ ਯਾਦ ਏ, ਇੱਕ ਦਿਨ ਸਾਡਾ ਗੁਆਂਢੀ ਕਿਰਪਾਲ ਸਿੰਘ, ਸਾਡੇ ਘਰ ਆਇਆ ਹੋਇਆ ਸੀ। ਕਿਰਪਾਲ ਸਿੰਘ, ਮੇਰੇ ਅੱਬਾ ਜੀ ਦਾ ਪੱਗ-ਵੱਟ ਭਰਾ ਬਣਿਆ ਹੋਇਆ ਸੀ। ਏਸ ਲਈ, ਅਸੀਂ ਸਾਰੇ ਭੈਣ-ਭਰਾ ਉਸ ਨੂੰ ਚਾਚਾ ਆਖਦੇ ਹੁੰਦੇ ਸੀ। ਮੇਰੇ ਅੱਬਾ ਜੀ ਓਸ ਵੇਲੇ ਹੁੱਕਾ ਪੀ ਰਹੇ ਸਨ। ਹੁੱਕਾ ਪੀਂਦੇਂ-ਪੀਂਦੇਂ ਪਤਾ ਨਹੀਂ ਕੀ ਗੱਲ ਹੋਈ ? ਅੱਬਾ ਜੀ, ਇਕ ਦਮ ਗਰਮ ਹੋ ਗਏ। ਉਹਨਾਂ ਦੀ ਆਵਾਜ਼ ਵਿਚ ਤਲਖ਼ੀ ਵੇਖ ਕੇ, ਮੈਂ ਤੇ ਮਾਂ ਜੀ ਉੱਧਰ ਨੂੰ ਦੌੜਦੇ ਹੋਏ ਗਏ।

ਅਸਾਂ ਵੇਖਿਆ ਕਿ ਅੱਬਾ ਜੀ ਕਹਿ ਰਹੇ ਨੇ, "ਏਹ ਮੁਲਕ ਵੰਡਿਆਂ ਨਹੀਂ ਜਾ ਸਕਦਾ। ਸਾਨੂੰ ਸਭਨਾਂ ਨੂੰ ਏਥੇ ਕੀ ਤਕਲੀਫ ਏ?" ਵਾਕਿਆ ਈ ਓਦੋਂ, ਕਿਸੇ ਮੁਸਲਮਾਨ ਨੂੰ ਕਿਸੇ ਸਿੱਖ ਕੋਲੋਂ, ਸਿੱਖ ਨੂੰ ਮੁਸਲਮਾਨ ਕੋਲੋਂ, ਤੇ ਹਿੰਦੂ ਨੂੰ ਮੁਸਲਮਾਨ ਜਾਂ ਸਿੱਖ ਕੋਲੋਂ ਕੋਈ ਤਕਲੀਫ਼ ਨਹੀਂ ਸੀ। ਸਗੋਂ ਉਹ ਇੱਕ-ਦੂਜੇ ਦੇ ਦੁੱਖ-ਸੁੱਖ ਵਿਚ ਸਾਂਝ ਪਾਉਂਦੇ ਸਨ। ਮੇਰੇ ਅੱਬਾ ਜੀ ਨੂੰ ਪੱਕ ਸੀ, ਕਿ ਏਸੇ ਧਰਤੀ ਤੇ ਮੁਸਲਮਾਨਾਂ, ਹਜ਼ਾਰਾਂ ਸਾਲ ਹਕੂਮਤ ਕੀਤੀ ਏ। ਇਹ ਸਾਡੀ ਆਪਣੀ ਜ਼ਮੀਨ ਏ, ਨਾਲੇ ਆਪਣੀ ਜੰਮਣ-ਭੋਇੰ ਨੂੰ ਤੇ ਮਾਲ-ਡੰਗਰ ਛੱਡ ਕੇ ਕੋਈ ਏਥੋਂ ਨਹੀ ਜਾਵੇਗਾ।

ਚਾਚਾ ਕਿਰਪਾਲ ਸਿੰਘ, ਅੱਬਾ ਜੀ ਨੂੰ ਹੌਲੀ ਬੋਲਣ ਲਈ ਕਹਿ ਰਹੇ ਸਨ। ਪਰ ਅੱਬਾ ਜੀ, ਉੱਚੀ-ਉੱਚੀ ਬੋਲ ਰਹੇ ਸਨ ਤੇ ਆਖ ਰਹੇ ਸਨ, "ਜੇ ਮੁਲਕ ਟੁੱਟ ਗਿਆ, ਤਾਂ ਵੀ ਮੈਂ ਏਥੇ ਈ ਰਹਾਂਗਾ। ਏਸ ਘਰ ਵਿਚ ਮੇਰਾ ਜਨਮ ਹੋਇਐ, ਇਹਨਾਂ ਗਲੀਆਂ ਵਿਚ ਈ ਖੇਡ ਕੇ ਮੈਂ ਜਵਾਨ ਹੋਇਆਂ, ਏਥੇ ਹੀ ਸਾਡਾ ਮਾਲ-ਡੰਗਰ ਏ, ਮੈਂ ਏਸ ਧਰਤੀ ਨੂੰ ਛੱਡ ਕੇ ਨਹੀਂ ਜਾ ਸਕਦਾ। ਜੇ ਮੈਨੂੰ ਮਰਨਾ ਈ ਏ, ਤਾਂ ਏਸੇ ਧਰਤੀ 'ਚ

ਮਰਨ 'ਚ ਫ਼ਖ਼ਰ ਮਹਿਸੂਸ ਕਰਾਂਗਾ।"

ਚਾਚਾ ਕਿਰਪਾਲ ਸਿੰਘ ਅੱਬਾ ਜੀ ਨੂੰ ਹੌਂਸਲਾ ਦੇ ਰਹੇ ਸਨ, "ਜੇ ਤੁਹਾਡੇ ਉੱਤੇ ਕੋਈ ਆਫ਼ਤ ਆਈ, ਤਾਂ ਮੇਰੇ ਉੱਤੋਂ ਗੁਜ਼ਰ ਕੇ ਆਵੇਗੀ। ਜੇ ਕੋਈ ਗੋਲੀ ਤੁਹਾਨੂੰ ਲੱਗੇਗੀ ਤਾਂ, ਪਹਿਲਾਂ ਮੈਨੂੰ ਵੱਜੇਗੀ। ਤੁਹਾਡੇ ਮਰਨ ਤੋਂ ਪਹਿਲਾਂ ਮੈਂ ਮਰਾਂਗਾ। ਮੇਰੇ ਹੁੰਦਿਆਂ, ਕੋਈ ਤੁਹਾਡੇ ਵੱਲ ਭੈੜੀ ਨੀਅਤ ਨਾਲ ਕਿਸ ਤਰ੍ਹਾਂ ਵੇਖ ਸਕਦਾ ਏ?"

ਇਹੋ ਜਿਹੀਆਂ ਗੱਲਾਂ ਵੱਡੇ ਭਰਾਵਾਂ ਦੇ ਬੇਲੀ ਵੀ ਉਹਨਾਂ ਨੂੰ ਆਖਦੇ ਹੁੰਦੇ ਸਨ। ਇਹਨਾਂ ਗੱਲਾਂ ਨਾਲ ਸਾਨੂੰ ਬੜਾ ਈ ਹੌਂਸਲਾ ਮਿਲਦਾ ਸੀ।

ਫੇਰ ਵੀ, ਜਦ ਬੋਲੀ-ਹਨ੍ਹੇਰੀ ਚੱਲੀ, ਤਾਂ ਅੱਬਾ ਜੀ ਤੋਂ ਇਲਾਵਾ, ਅਸੀਂ ਸਾਰੇ ਪਾਕਿਸਤਾਨ ਜਾਣ ਲਈ ਤਿਆਰ ਹੋ ਗਏ ਸਾਂ। ਉਹ ਦਿਨ ਮੈਂ ਜ਼ਿੰਦਗੀ ਵਿਚ ਕਦੀ ਵੀ ਨਹੀਂ ਭੁੱਲ ਸਕਦੀ। ਜਿਸ ਦਿਨ, ਮਾਂ-ਜੀ ਨੇ ਸਵੇਰੇ ਚੁੱਲ੍ਹਾ ਨਹੀਂ ਜਲਾਇਆ ਸੀ। ਅੱਬਾ ਜੀ ਮਾਲ-ਡੰਗਰ ਲੈ ਕੇ ਡੇਰੇ ਚਲੇ ਗਏ ਸਨ। ਪਿੰਡ ਦੇ ਅਕਸਰ ਮੁਸਲਮਾਨ ਆਪਣੇ ਘਰਾਂ ਨੂੰ ਤਾਲੇ ਲਾ ਕੇ ਕੈਂਪ ਵਿਚ ਚਲੇ ਗਏ ਸਨ, ਜੋ ਸਾਡੇ ਪਿੰਡੋਂ ਅੱਠ ਮੀਲ ਦੂਰ ਸੀ। ਅਜੇ ਦਿਨ ਚੜ੍ਹਿਆ ਨਹੀਂ ਸੀ, ਪਰ ਉਹ ਡੰਗਰ, ਜਿਹੜੇ ਅੱਬਾ ਜੀ ਸਵੇਰੇ ਡੇਰੇ ਵੱਲ ਲੈ ਗਏ ਸਨ, ਵਾਪਸ ਘਰ ਆ ਗਏ ਸੀ। ਪਰ ਓਹ ਆਪ ਨਹੀਂ ਸਨ ਪਰਤੇ।

ਪਤਾ ਲੱਗਾ, ਕਿ ਅੱਬਾ ਜੀ ਨੂੰ ਡੇਰੇ ਉੱਤੇ ਧਾੜਵੀਆਂ, ਕਤਲ ਕਰ ਦਿੱਤਾ ਏ। ਇਹ ਮਨਹੂਸ ਖ਼ਬਰ ਸੁਣ ਕੇ, ਬਿਨਾਂ ਸੋਚੇ ਸਮਝੇ, ਵੱਡੇ ਤਿੰਨੇ ਭਰਾ ਤੇ ਉਹਨਾਂ ਦੇ ਬੇਲੀ ਘਰੋਂ ਡੇਰੇ ਵੱਲ ਨੂੰ ਭੱਜ ਪਏ। ਮੈਨੂੰ ਤੇ ਮਾਂ ਜੀ ਨੂੰ ਚਾਚਾ ਕਿਰਪਾਲ ਸਿੰਘ ਆਪਣੇ ਘਰ ਲੈ ਗਿਆ। ਮਾਂ ਜੀ ਜਲਦੀ 'ਚ ਘਰ ਦੇ ਦਰਵਾਜ਼ੇ ਬੰਦ ਨਹੀਂ ਸਨ, ਕਰ ਸਕੇ। ਏਨੇ ਵਿਚ ਧਾੜਵੀਆਂ ਸਾਡੇ ਘਰ ਤੇ ਹਮਲਾ ਕਰ ਦਿੱਤਾ। ਤੇ, ਘਰ ਦਾ ਸਾਰਾ ਸਮਾਨ ਉਹ ਲੁੱਟ ਕੇ ਲੈ ਗਏ। ਡੰਗਰਾਂ ਨੂੰ ਵੀ, ਉਨ੍ਹਾਂ ਆਪਸ ਵਿਚ ਵੰਡ ਲਿਆ ਸੀ। ਸਿਰਫ਼ ਮੇਰਾ ਬਸਤਾ-ਫੱਟੀ ਤੇ ਕਿਤਾਬਾਂ, ਵਿਹੜੇ ਵਿਚ ਖਿੱਲਰੀਆਂ ਪਈਆਂ ਸਨ। ਪੌੜੀਆਂ ਲਾਗੇ ਮੇਰੀ ਸਿਆਹੀ ਦੀ ਦਵਾਤ ਡੁੱਲ੍ਹੀ ਪਈ ਸੀ।

ਵੱਡੇ ਭਰਾ ਅਜੇ ਵਾਪਸ ਨਹੀਂ ਸਨ ਆਏ, ਕਿ ਮਾਂ ਜੀ ਦਾ ਰੋਣਾ ਬੰਦ ਨਹੀਂ ਸੀ ਹੋ ਰਿਹਾ। ਚਾਚਾ ਕਿਰਪਾਲ ਸਿੰਘ ਮੈਨੂੰ ਤੇ ਮਾਂ ਜੀ ਨੂੰ ਨਾਲ ਲੈ ਕੇ ਕਿਸੇ ਕੈਂਪ ਵੱਲ ਨੂੰ ਤੁਰ ਪਏ ਸਨ। ਰਸਤੇ ਵਿਚ ਅਸੀਂ ਵੇਖਿਆ, ਵੱਡੇ ਭਰਾ ਮੁਹੰਮਦ ਵਜ਼ੀਰ ਦੀ ਲਾਸ਼ ਆਪਣੀ ਹੀ ਗਲੀ ਦੇ ਨੁੱਕਰ ਤੇ ਟੁੱਕੀ ਪਈ ਸੀ। ਜਿਸ ਨੂੰ ਵੇਖ ਕੇ ਮੇਰੀਆਂ ਤੇ ਮਾਂ ਜੀ ਦੀਆਂ ਚੀਕਾਂ ਈ ਨਿਕਲ ਗਈਆਂ। ਮਾਂ-ਜੀ ਨੇ ਅਗਾਂਹ ਵੱਧ ਕੇ ਆਪਣੇ ਲਾਡਲੇ ਪੁੱਤਰ ਦੀ ਲਾਸ਼ ਦਾ ਮੱਥਾ ਚੁੰਮਿਆਂ। ਚਾਚਾ ਕਿਰਪਾਲ ਸਿੰਘ ਸਾਨੂੰ ਖਿੱਚਦਾ-ਧੂਹੰਦਾਂ ਉੱਥੋਂ ਲੈ ਗਿਆ।

ਅਜੇ ਅਸੀਂ ਆਪਣੇ ਪਿੰਡ ਤੋਂ ਬਾਹਰ ਨਹੀਂ ਨਿਕਲੇ ਸਾਂ, ਅੱਗੋਂ ਫੇਰ ਧਾੜਵੀ ਸਾਡੇ ਸਾਹਮਣੇ ਆ ਗਏ। ਮੈਂ ਤੇ ਮਾਂ ਜੀ ਜਲਦੀ ਨਾਲ, ਇੱਕ ਘਰ ਵਿਚ ਵੜ ਗਏ। ਇਹ ਘਰ ਵੀ ਸਿੱਖਾਂ ਦਾ ਈ ਸੀ। ਧਾੜਵੀਆਂ ਸ਼ਾਇਦ ਚਾਚਾ ਕਿਰਪਾਲ ਸਿੰਘ ਨੂੰ ਸਾਡੇ ਨਾਲ ਆਉਂਦਾ ਵੇਖ ਲਿਆ ਸੀ। ਏਸੇ ਲਈ ਉਹਨਾਂ ਨੇ ਚਾਚੇ ਨੂੰ ਵੀ ਥਾਏਂ ਕਤਲ ਕਰ ਦਿੱਤਾ। ਓਸ ਵਿਚਾਰੇ ਨੂੰ ਸਾਡੀ ਹਿਫ਼ਾਜ਼ਤ ਕਰਨ ਦੀ ਸ਼ਜਾ, ਦਿੱਤੀ ਗਈ ਸੀ।

ਪਰ ਉਹ ਧਾੜਵੀ ਓਸ ਘਰ ਵਿਚ ਨਾ ਦਾਖਲ ਹੋ ਸਕੇ। ਕਿਉਂ ਜੋ, ਸ਼ੇਰਾਂ ਵਰਗੇ ਜੁਆਨ, ਸਿੱਖ ਵੀਰ ਸਾਡੀ ਹਿਫ਼ਾਜ਼ਤ ਕਰ ਰਹੇ ਸਨ।

ਓਸ ਘਰ ਅਸੀ ਦੋਵੇਂ ਮਾਂਵਾ-ਧੀਆਂ ਬੇਹੱਦ ਪਰੇਸ਼ਾਨ ਸਾਂ। ਉੱਥੇ ਈ ਸਾਨੂੰ ਇਹ ਭੈੜੀ ਖ਼ਬਰ ਵੀ ਮਿਲੀ, ਕਿ ਮੇਰਾ ਵੀਰ ਬਦਰੂ ਵੀ ਧਾੜਵੀਆਂ ਹੱਥੋਂ ਮਾਰਿਆ ਗਿਆ ਏ। ਰਾਤ ਤੱਕ ਬਾਹਰੋਂ ਆਏ ਸਾਰੇ ਧਾੜਵੀ ਸਾਡੇ ਪਿੰਡੋਂ ਜਾ ਚੁੱਕੇ ਸਨ। ਪਰ ਸੱਚੀ ਗੱਲ ਏ, ਕਿ ਜਿਸ ਘਰ ਅਸਾਂ ਪਨਾਹ ਲਈ ਸੀ, ਸਾਨੂੰ ਉਹਨਾਂ ਉੱਤੇ ਵੀ ਇਤਬਾਰ ਨਹੀਂ ਸੀ ਰਿਹਾ। ਇਸ ਲਈ ਉਹਨਾਂ ਨੂੰ ਦੱਸੇ ਬਗੈਰ , ਅਸੀਂ ਦੋਵੇਂ ਮਾਂਵਾ-ਧੀਆਂ, ਹਨ੍ਹੇਰੇ ਵਿਚ ਓਸ ਘਰੋਂ ਨਿਕਲ ਕੇ ਕੈਂਪ ਵਲ ਟੁਰ ਪਈਆਂ। ਓਸ ਵੇਲੇ ਤੱਕ ਮਾਂ ਜੀ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ ਸੀ। ਉਹਨਾਂ ਮੇਰੀ ਸੱਜੀ ਬਾਂਹ ਘੁੱਟ ਕੇ ਫੜੀ ਹੋਈ ਸੀ ਤੇ ਮੈਨੂੰ ਖਿੱਚਦੇ ਹੋਏ ਕੈਂਪ ਵਲ ਲਈ ਜਾ ਰਹੇ ਸਨ।

ਜਦੋਂ ਅਸੀ ਕੁਰਾਲੀ ਕੈਂਪ ਵਿਚ ਅੱਪੜੇ ਤਾਂ ਮਾਂ ਜੀ ਬੇਹੋਸ਼ ਹੋ ਕੇ ਡਿੱਗ ਪਏ। ਉੱਥੇ ਅੱਪੜਨ ਤੀਕਰ ਨਾ ਤਾਂ ਮਾਂ ਦੇ ਸਿਰ ਤੇ ਚੁੰਨੀ ਰਹੀ ਸੀ, ਨਾ ਮੇਰੇ ਪੈਰੀਂ ਜੁੱਤੀ। 'ਟੇਸ਼ਨ ਤੇ ਗੱਡੀ ਵਿਚ ਇੰਨਾਂ ਰਸ਼ ਸੀ, ਕਿ ਪੈਰ ਰੱਖਣ ਲਈ ਵੀ ਜਗ੍ਹਾ ਨਹੀਂ ਸੀ। ਪਤਾ ਨਹੀ ! ਕਿਸ ਤਰ੍ਹਾਂ ਮੈਂ ਤੇ ਮਾਂ ਜੀ ਕਿਸੇ ਬਾਰੀ ਵਿੱਚੋਂ ਗੁਜ਼ਰ ਕੇ, ਗੱਡੀ ਵਿਚ ਵੜ ਗਈਆਂ ਸਾਂ।

ਅਜੇ ਗੱਡੀ ਨੇ ਵਿਸਲ ਨਹੀਂ ਸੀ ਦਿੱਤੀ, ਕਿ ਸਾਨੂੰ ਲੱਭਦਾ-ਲੁਭਾਉਂਦਾ, ਓਸ ਘਰ ਦਾ ਇਕ ਬਜ਼ੁਰਗ ਜਿੱਥੇ ਅਸਾਂ ਪਨਾਹ ਲਈ ਸੀ, ਬਾਬਾ ਜਸਬੀਰ ਸਿੰਘ ਸਾਡੇ ਕੋਲ ਆ ਗਿਆ। ਸਾਡੇ ਮੰਦੇ ਅਹਵਾਲ ਵੇਖ ਕੇ ਉਹ ਰੋਣ ਈ ਲੱਗ ਪਿਆ। ਫੇਰ ਉਸ ਨੇ ਆਪਣੀ ਪੱਗ ਲਾਹ ਕੇ, ਮਾਂ ਦੇ ਸਿਰ ਨੂੰ ਕੱਜ ਦਿੱਤਾ ਤੇ ਮੈਨੂੰ ਆਪਣੀ ਜੁੱਤੀ ਲਾਹ ਕੇ ਦੇ ਦਿੱਤੀ। ਹਾਲਾਂ ਕਿ ਉਹ ਜੁੱਤੀ ਮੈਨੂੰ ਬਹੁਤ ਵੱਡੀ ਸੀ।

ਚਾਚਾ ਜਸਬੀਰ ਸਿੰਘ ਅੱਥਰੂ ਪੂੰਝਦੇ ਹੋਏ ਮੇਰੀ ਮਾਂ ਨੂੰ ਆਖਣ ਲੱਗਾ, "ਭੈਣਾਂ ਮੈਨੂੰ ਮਾਫ਼ ਕਰ ਦੇਈਂ।" ਗੱਡੀ ਚੱਲਣ ਈ ਵਾਲੀ ਸੀ, ਜਦ ਮੈਨੂੰ ਦੂਰੋਂ ਆਪਣਾ ਵੀਰ, ਵੀਰੂ ਭੱਜਦਾ ਹੋਇਆ ਰੇਲਵੇ ਸ਼ਟੇਸ਼ਨ ਵੱਲ ਆਉਂਦਾ ਦਿਸਿਆ। ਉਹਦੇ ਨਾਲ ਉਸ ਦੇ ਯਾਰ, ਬੱਗਾ ਸਿੰਘ ਤੇ ਨਿਸ਼ਾਨ ਸਿੰਘ ਵੀ ਸਨ। ਮੈਂ ਚੀਕ ਕੇ ਵੀਰ ਨੂੰ ਆਪਣੇ ਵੱਲ ਬੁਲਾਉਣ ਦਾ ਯਤਨ ਕੀਤਾ। ਪਰ ਦੂਰ

ਹੋਣ ਤੇ ਲੋਕਾਂ ਦਾ ਬੇਪਨਾਹ ਹਜੂਮ ਹੋਣ ਕਰ ਕੇ, ਵੀਰ ਨੇ ਮੇਰੀ ਗੱਲ ਨਾ ਸੁਣੀ। ਅਚਾਨਕ ਹੀ ਇਕ ਪਾਸਿਓਂ ਫਸਾਦੀਆਂ ਰੇਲਵੇ ਸ਼ਟੇਸ਼ਨ ਉੱਤੇ ਹਮਲਾ ਕਰ ਦਿੱਤਾ। ਗੱਡੀ ਤੇ ਚੜ੍ਹ ਰਹੀਆਂ ਬੀਬੀਆਂ, ਬਾਲਾਂ ਤੇ ਵਡੇਰੀ ਉਮਰ ਦੇ ਬੰਦਿਆਂ ਵਿਚ ਰੌਲਾ ਪੈ ਗਿਆ।

ਫੇਰ, ਮੈਂ ਆਪਣੇ ਵੀਰ ਨੂੰ ਉਹਨਾਂ ਫਸਾਦੀਆਂ ਨਾਲ ਲੜਦੇ ਵੇਖਿਆ। ਉਹਦੇ ਸਿੱਖ ਸਾਥੀ ਵੀ ਉਹਦਾ ਸਾਥ ਦੇ ਰਹੇ ਸਨ। ਸੈਂਕੜੇ ਵੈਰੀਆਂ ਅੱਗੇ ਉਨ੍ਹਾਂ ਦੀ ਵਾਹ ਨਾ ਚੱਲੀ। ਤੇ, ਮੈਂ ਆਪਣੇ ਵੀਰ ਵੀਰੂ ਨੂੰ, ਬੱਗਾ ਸਿੰਘ ਤੇ ਨਿਸ਼ਾਨ ਸਿੰਘ ਸਮੇਤ ਆਪਣੀਆਂ ਅੱਖਾਂ ਨਾਲ, ਆਪਣੇ ਈ ਲਹੂ ਵਿਚ, ਨਹਾਉਂਦੇ ਹੋਏ ਤੱਕਿਆ।

ਹਾਲਾਤ ਖਰਾਬ ਹੋਣ ਕਰ ਕੇ ਗੱਡੀ ਵੇਲੇ ਤੋਂ ਪਹਿਲਾਂ ਈ ਚਲਾ ਦਿੱਤੀ ਗਈ। ਮੇਰੇ ਮਾਂ ਜੀ ਰੌਲਾ ਪਾਉਣ ਤੋਂ ਬਾਅਦ, ਖੌਫ਼ ਨਾਲ ਇਕ ਪਾਸੇ ਸੁੰਗੜ ਕੇ ਬਹਿ ਗਏ ਸਨ । ਇਹ ਵੀ ਚੰਗਾ ਹੋਇਆ ਕਿ ਉਹ ਆਪਣੇ ਲਾਲ ਨੂੰ ਬੋਟੀ-ਬੋਟੀ ਹੁੰਦੇ ਨਾ ਵੇਖ ਸਕੇ। ਗੱਡੀ ਚੱਲ ਪਈ ਸੀ।

ਹਰ ਪਾਸੇ ਰੋਣ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ। ਰਾਹ ਵਿਚ ਏਧਰ-ਉੱਧਰ ਪਈਆਂ, ਬੇ-ਦਰਦੀ ਨਾਲ ਟੁੱਕੀਆਂ ਹੋਈਆਂ ਲਾਸ਼ਾਂ, ਕਿਸੇ 'ਨਵੇਂ ਮੁਲਕ' ਬਣਨ ਦੀਆਂ ਖ਼ਬਰਾਂ ਦੇ ਰਹੀਆਂ ਸਨ। ਉਹਨਾਂ ਵੱਲ ਵੇਖ ਕੇ ਮਾਂ, ਇੱਕ ਵਾਰ ਫੇਰ ਬਹੋਸ਼ ਹੋ ਗਈ। ਜਦੋਂ ਗੱਡੀ ਲਾਹੌਰ ਸਟੇਸ਼ਨ ਤੇ ਅੱਪੜੀ ਤਾਂ ਬਹਾਵਲਪੁਰ ਵੱਸਦਾ ਅੱਬਾ ਜੀ ਦਾ ਭਰਾ, ਅਹਿਮਦ ਬਖ਼ਸ਼ ਸਾਨੂੰ ਲੱਭ ਕੇ ਬਹਾਵਲਪੁਰ ਲੈ ਗਿਆ।'

ਮੇਰੇ ਮਾਂ ਜੀ ਦੀ ਏਸ ਕਹਾਣੀ ਦਾ ਅਖ਼ੀਰ ਹਮੇਸ਼ਾ ਰੋਣ ਤੇ ਹੁੰਦਾ ਏ। ਓਹ ਆਪਣੇ ਅੱਬਾ ਜੀ, ਤੇ ਪਿਆਰੇ ਵੀਰਾਂ, ਨੂੰ ਯਾਦ ਕਰਕੇ ਇੰਝ ਰੋਂਦੇ ਨੇ ਜਿਵੇਂ ਹੁਣੇ ਈ ਉਹਨਾਂ ਦੇ ਮਾਰੇ ਜਾਵਣ ਦੀ ਖ਼ਬਰ ਮਿਲੀ ਹੋਵੇ। ਪਰ ਹੈਰਾਨੀ ਵਾਲੀ ਗੱਲ ਇਹ ਹੈ, ਕਿ ਜਿਸ ਜੂਹ ਤੋਂ ਉਹਨਾਂ ਨੂੰ ਇੰਨੇ ਦੁੱਖ ਮਿਲੇ, ਉਹ ਉਹਨੂੰ ਆਪਣੇ ਮਨ ਤੋਂ ਕਦੇ ਵੀ ਦੂਰ ਨਹੀਂ ਕਰ ਸਕੇ।

ਹੁਣ ਵੀ ਜਦੋਂ ਵੀ ਇੰਡੀਆ ਤੋਂ ਮੇਰਾ ਕੋਈ ਖ਼ਤ ਆਉਂਦਾ ਏ, ਤਾਂ ਮਾਂ ਜੀ ਉਚੇਚਾ ਪੁੱਛਦੇ ਨੇ, "ਇਹ ਕਿਹੜੇ ਇਲਾਕੇ ਤੋਂ ਆਇਆ ਏ?"

ਤੇ, ਜਦੋਂ ਮੈਂ ਇਹ ਦੱਸਣਾਂ ਵਾਂ, "ਇਹ ਖ਼ਤ ਰੋਪੜ ਤੋਂ ਆਇਆ ਏ।"

ਤਾਂ ਮਾਂ ਜੀ, ਭੇਜਣ ਵਾਲੇ ਦਾ ਨਾਂ ਪੁੱਛਦੇ ਨੇ ਤੇ ਫੇਰ ਦੱਸੇ ਨਾਂ ਨੂੰ 'ਚਾਚਾ ਕਿਰਪਾਲ ਸਿੰਘ' ਤੇ 'ਬਾਬਾ ਜਸਬੀਰ ਸਿੰਘ' ਤੇ ਆਪਣੇ ਪਿਆਰੇ ਵੀਰਾਂ ਦੇ ਬੇਲੀਆਂ 'ਬੱਗਾ ਸਿੰਘ' ਤੇ 'ਨਿਸ਼ਾਨ ਸਿੰਘ' ਦੇ ਨਾਵਾਂ ਨਾਲ ਮੇਲਦੇ ਨੇ। ਆਖਦੇ ਨੇ, "ਸਾਨੂੰ ਬਚਾਉਂਦੇ ਹੋਏ ਆਪਣੀ ਜਾਨ ਕੁਰਬਾਨ ਕਰਨ ਵਾਲਾ, ਚਾਚਾ ਕਿਰਪਾਲ ਸਿੰਘ, ਮੇਰੇ ਅੱਬਾ ਜੀ ਦਾ 'ਭਰਾ' ਬਣਿਆ ਹੋਇਆ ਸੀ। ਮੇਰੇ ਵੀਰਾਂ ਨੂੰ ਬਚਾਉਂਦੇ ਹੋਏ ਜਾਨ ਦੇਣ ਵਾਲੇ ਵੀ ਮੇਰੇ 'ਵੀਰ' ਈ ਸਨ।"

ਉਹ ਅਨਪੜ੍ਹ ਨੇ, ਪਰ ਮੇਰੇ ਹੱਥੋਂ ਉਹ ਖ਼ਤ ਲੈ ਕੇ, ਦੇਰ ਤੱਕ ਉਸ ਨੂੰ ਵੇਖਦੇ ਰਹਿੰਦੇ ਨੇ। ਪਤਾ ਨਹੀਂ? ਉਹਨਾਂ ਨੂੰ ਇਹਨਾਂ ਖ਼ਤਾਂ ਵਿੱਚੋਂ ਆਪਣੇ 'ਵੀਰਾਂ ਵਾਲੀ ਧਰਤੀ ਦੀ ਖੁਸ਼ਬੂ' ਆਉਂਦੀ ਏ।

ਮੈਂ ਵੇਖਿਆ ਏ, ਕਈ ਵਾਰ ਉਹ ਖ਼ਤ ਨੂੰ ਚੁੰਮਣ ਲੱਗ ਪੈਂਦੇ ਨੇ। ਉਹਨਾਂ ਦੀਆਂ ਅੱਖਾਂ ਵਿਚੋਂ ਇਕਤਾਰ ਹੰਝੂ ਵਗਣ ਲੱਗ ਪੈਂਦੇ ਨੇ । ਇਹ ਸਭ ਕੁਝ ਮੈਥੋਂ ਬਰਦਾਸ਼ਤ ਨਹੀਂ ਹੁੰਦਾ, ਏਸੇ ਲਈ ਹੁਣ ਜਦੋਂ ਵੀ ਰੋਪੜ ਤੋਂ ਕੋਈ ਖ਼ਤ ਆਉਂਦਾ ਏ.........। ਤਾਂ, ਮੈਂ ਉਹਨੂੰ ਮਾਂ ਜੀ ਦੇ ਹਵਾਲੇ ਕਰ ਕੇ ਘਰੋਂ ਬਾਹਰ ਨਿਕਲ ਜਾਂਦਾ ਹਾਂ.........ਸੋਚਾਂ ਵਿਚ ਡੁੱਬ ਜਾਂਦਾ ਹਾਂ!

---

ਜੇ ਅੱਜ ਹੁੰਦਾ ਬੁੱਲੇ ਸ਼ਾਹ, ਉਹਦੇ ਕੋਲੋਂ ਮੈਂ ਪੁੱਛਦਾ।
ਮੇਰੇ ਆਲ-ਦੁਆਲ ਪਿਆ, ਅੰਨ੍ਹ ਅਨ੍ਹੇਰਾ ਏਹੋ ਜਿਹਾ।
ਜ਼ੁਲਮ ਦੀ ਚੱਕੀ ਦੇ ਵਿਚ ਬੰਦਾ, ਬਿਨ ਤਕਸੀਰੋਂ ਪਿੱਸੇ ਪਿਆ।
ਜ਼ੁਲਮਾਂ ਆਪਣੀ ਅੱਤ ਚੁੱਕੀ ਏ, ਰੱਬ ਦਾ ਵੀ ਨਹੀਂ ਖ਼ੌਫ਼ ਰਿਹਾ।

-ਅਹਿਮਦ ਰਾਹੀ-

4

# ਇਸ਼ਤਿਹਾਰੀ

## ਅਹਿਮਦ ਸਲੀਮ

'ਇਹ ਮੈਨੂੰ ਬੈਠਿਆਂ-ਬੈਠਿਆਂ ਕੀਹ ਹੋ ਗਿਆ ਏ? ਮੇਰਾ ਕੱਦ ਕਿਉਂ ਨਿੱਕਾ ਪਿਆ ਹੋਂਦਾ ਏ, ਤੇ ਮੈਂ ਸੁੰਗੜਦਾ ਕਿਉਂ ਵੈਂਦ੍ਹਾ ਆਂ--ਪਿਛਲੇ ਮਹੀਨੇ ਮੈਂ ਆਪਣੀ ਛੱਬੀਵੀਂ ਵਰ੍ਹੇ ਗੰਢ ਮਨਾਈ ਹਾਈ, ਅਹਿ ਕੀ? ਮੈਂ ਹਿੱਕ, ਨਿੱਕਾ ਜਿਹਾ ਛੋਹਰ ਲੱਗਣ ਲੱਗ ਪਿਆ ਵਾਂ, ਤੇ ਮੇਰਾ ਕਮਰਾ! ਮੇਰੀਆਂ ਕਿਤਾਬਾਂ ਆਲੀ ਮੇਜ਼, ਕਾਰਨਸ 'ਤੇ ਬੁੱਧ ਦਾ ਮੁਜੱਸਮਾ ਤੇ ਭਗਤ ਸਿੰਘ ਦੀ ਫ਼ੋਟੂ, ਏਹ ਸਾਰਾ ਕੁਝ, ਧੂੰਅ-ਧੂੰਅ ਕਿਉਂ ਹੋ ਗਿਆ ਏ? ਏਹ, ਕੀਹ ਹੋ ਗਿਆ ਏ? ਮੈਂ ਕਿਸੇ ਜੰਗਲ ਵਿਚ ਪਿਆਂ ਭਟਕਨਾਂ। ਥੋੜ੍ਹਾ ਚਿਰ ਪਹਿਲੋਂ ਤੇ, ਮੈਂ ਆਪਣੇ ਕਮਰੇ ਵਿਚ ਬੈਠਾ ਹੀਰ ਪਿਆ ਪੜ੍ਹਦਾ ਹਾਸੂ, ਤੇ ਹੁਣ ਮੇਰਾ ਕਮਰਾ ਜੰਗਲ ਕੀਕਣ ਬਣ ਗਿਐ? ਮੈਂ ਕਿੱਥਾਂ ਆਂ ? ਅੱਲ੍ਹਾ ਜੀ! ਮੈਂ ਕਿੱਥੇ ਵਾਂ?'

'ਤੇ ਉਹ ਬੁੱਢਾ, ਕੌਣ ਲਗਾ ਆਉਂਦਾ ਏ। ਸ਼ਕਲੋਂ ਤੇ ਬੜਾ ਸਾਊ ਲਗਦਾ ਏ। ਇਹ ਕੋਈ ਬੱਚੇ ਚਾਵਣ ਵਾਲਾ, ਪਠਾਣ ਏ ਯਾ ਕੋਈ ਫ਼ਲਸਫ਼ੀ?'

"ਛੋਹਰਾ! ਤੂੰ ਕੌਣ ਏ, ਏਥੇ ਕੀ ਪਿਆ ਕਰੇਂਦਾਂ ਏ?"

ਮੈਂ ਕੀਹ ਦੱਸਾਂ? ਬਾਬਾ ਕੀ ਆਖੇਸੀ? ਇਹ ਕਿਹੋ ਜਿਹਾ ਛੋਹਰ ਏ! ਮੇਰਾ ਕਮਰਾ, ਮੇਰੇ ਛੱਬੀ ਵਰ੍ਹੇ, ਕਿਥੇ ਖੜ੍ਹਾਚ ਗਏ ਹੈਨ? ਕਿਥੇ ਖੁਰ ਗਏ ਹੈਨ? ਮੈਂ ਕੀਹ ਦੱਸਾਂ!

ਬਾਬਾ ਨੇੜੇ ਆ ਕੇ, ਮੇਰਿਆਂ ਮੋਢਿਆਂ 'ਤੇ ਹੱਥ ਰੱਖ ਦੇਂਦਾ ਏ।

"ਤੈਨੂੰ ਰਾਹ ਨਹੀਂ, ਪਿਆ ਲੱਭਦਾ ਜਾਪਦਾ।"

ਮੈਂ ਵੱਤ ਚੁੱਪ ਰਹਿੰਨਾਂ। ਰਾਹ ਤੇ ਢੂੰਡਣ, ਜਿਨ੍ਹਾਂ ਟਿਕਾਣੇ 'ਤੇ ਪਹੁੰਚਣਾ ਹੋਵੇ। ਮੈਨੂੰ ਤਾਂ ਬੈਠਿਆਂ-ਸੁੱਤਿਆਂ, ਇਹ ਮੁਸੀਬਤ ਬਣ ਗਈ ਏ। ਭਲ੍ਹਾ! ਕਿਹੜਾ ਰਾਹ ਮੇਰੇ ਕਮਰੇ ਨੂੰ ਵੈਂਦ੍ਹਾ ਏ, ਮੇਰੀ ਜੁਆਨੀ ਨੂੰ ਵੈਂਦ੍ਹਾ ਏ?

"ਬੋਲ ਕੁਝ, ਪੁੱਤਰ! ਕੀ ਖੜ੍ਹਾਤਾ ਏ ਤੇਰਾ? "

"ਮੇਰੇ ਛੱਬੀ ਵਰ੍ਹੇ ਖੜ੍ਹਾਚ ਗਏ ਹੈਨ, ਬਾਬਾ ਜੀ", ਅਖ਼ੀਰ ਮੈਂ ਆਖਨਾ ਆਂ।

"ਆ ਰਲ ਕੇ ਲੱਭੀਏ! ਪਰ, ਤੈਨੂੰ ਆਪਣੇ ਵਰ੍ਹਿਆਂ ਦੀ ਸਿੰਞਾਣ ਵੀ ਹੈ, ਕੇ ਨਹੀਂ?"

"ਮੇਰਾ ਮੂੰਹ ਮੁਹਾਂਦਰਾ, ਆਪਣੇ ਪਿਉ ਉੱਤੇ ਪਿਆ ਏ। ਪਰ, ਮੇਰੇ ਵਰ੍ਹੇ, ਮੇਰੇ ਦਾਦੇ ਦੇ ਵਰ੍ਹਿਆਂ 'ਤੇ ਗਏ ਹੈਨ।"

"ਹੂੰਅ...........", ਲੰਮੀ ਸਾਰੀ ਹੂੰ ਕਰ ਕੇ ਬਾਬਾ ਮੇਰੀ ਉਂਗਲ ਫੜ ਕੇ ਟੁਰਨ ਲੱਗ ਪਉਂਦਾ ਏ।

ਟੁਰਦਿਆਂ-ਟੁਰਦਿਆਂ, ਅਸਾਂ ਹਿੱਕੀ ਸ਼ਹਿਰ ਅੱਪੜਨੇ ਆਂ। ਅਹਿ ਕੀ? ਅਹਿ ਤੇ ਮੇਰਾ ਈ ਸ਼ਹਿਰ ਏ। ਏਹਦੀਆਂ ਕੰਧ੍ਹਾਂ, ਵੱਡੇ-ਵੱਡੇ ਇਸ਼ਤਿਹਾਰਾਂ ਨਾਲ ਕਾਲ੍ਹੀਆਂ ਹੋਈਆਂ ਪਈਆਂ ਹੈ ਨੇ। ਇਸ਼ਤਿਹਾਰ ਵੇਖਦਿਆਂ ਈ, ਬਾਬਾ ਗਲ੍ਹੀਆਂ ਵਿਚ ਹੋ ਵੈਂਦ੍ਹਾ ਏ।

ਆਖੇਂਦਾ ਏ----

"ਅਹਿ ਇਸ਼ਤਿਹਾਰ, ਵੇਖੇ ਨੀਂ ਛੋਹਰਾ! ਏਹ ਮੈਨੂੰ ਫੰਦ੍ਹਣ ਆਸਤੇ ਲਾਏ ਹੋਏ ਨੀਂ, ਸਰਕਾਰ ਮੈਨੂੰ ਸੂਲੀ ਤੇ ਟੰਗਣਾ ਚਾਂਹਦੀ ਏ।"

"ਜੇ ਇੰਜ ਫਿਰਦਿਆਂ ਕਿਸੇ ਵੇਖ ਲਿਆ ਤੁਆਨੂੰ, ਵੱਤ ਕੀ ਹੋਸੀ?"

"ਮੇਰਾ ਮੂੰਹ ਮੁਹਾਂਦਰਾ ਸਗਵਾਂ, ਏਨ੍ਹਾਂ ਇਸ਼ਤਿਹਾਰਾਂ 'ਤੇ ਪਿਆ ਏ, ਪਰ ਵਰ੍ਹੇ, ਏਨ੍ਹਾਂ ਇਸ਼ਤਿਹਾਰਾਂ ਦੇ ਲਫ਼ਜ਼ਾਂ ਜੇਹੇ ਨਹੀਂ। ਸਰਕਾਰ ਮੈਨੂੰ, ਏਸ ਤੋਂ ਪਹਿਲਾਂ, ਛੱਬੀ ਵਾਰੀ ਸੂਲੀ ਤੇ ਟੰਗ ਬੈਠੀ ਏ। ਪਰ ਮੇਰੇ ਵਰ੍ਹੇ, ਵੱਤ-ਵੱਤ ਆ ਕੇ ਖੁਰੇ ਹੋਏ ਪਿੰਡ ਨੂੰ ਜੋੜ-ਜਾੜ, ਬਸਤੀਆਂ ਵਿਚ ਭੌਣ ਲੱਗ ਪੈਂਦੇ ਹੈਨ।"

ਬਾਬੇ ਦੇ ਮੂੰਹ 'ਤੋਂ ਹਿੱਕ ਸਕਿੰਟ ਵਾਸਤੇ, ਮੈਨੂੰ ਆਪਣੇ ਦਾਦੇ ਦੇ ਮੂੰਹ ਦਾ ਝੌਲ੍ਹਾ ਪਿਆ। ਮੈਂ ਆਖਿਆ:-

"ਤੁਆਡੀ ਸ਼ਕਲ ਮੇਰੇ ਦਾਦੇ ਨਾਲ ਬੜੀ ਰਲਦੀ ਏ।"

"ਤੇਰਾ ਦਾਦਾ......ਕੌਣ ਏ, ਉਹ?"

"ਉਦ੍ਹਾ ਨਾਂ ਲੈਣਾ ਵੀ ਓਸ ਵੇਲੇ ਦੀ ਸਰਕਾਰ ਕੋਲ ਜੁਰਮ ਹੋਂਦਾ ਹਾ। ਉਹਨੂੰ ਵੀ ਸੂਲੀ ਉੱਤੇ ਟੰਗਿਆਂ ਗਿਆ ਹਾ।"

"ਸੂਲੀ ਉਤੇ ਟੰਗਿਆਂ ਗਿਆ ਹਾ! ਕਿਉਂ, ਕਿਉਂ! ਕਿਹੜੇ ਗੁਨਾਹ ਕਾਰਣ?"

"ਉਸ, ਆਪਣੇ ਇਲਾਕੇ 'ਚੋਂ ਫੌਜ ਆਸਤੇ ਬੰਦੇ ਦੇਣ ਤੋਂ ਨਾਂਹ ਕਰ ਛੋੜੀ ਹਾਈ। ਆਂਹਦਾ ਹਾ, ਸਾਹਿਬਾ! ਤੂੰ ਬੰਦਾ ਮੰਗਦਾਂ ਏਂ, .............ਮੈਂ ਤਾਂ, ਤੈਨੂੰ ਬਾਰ ਦਾ ਕੁੱਤਾ ਵੀ ਨਾ ਦੇਸਾਂ । ਏਸ ਨੂੰ ਅੰਗਰੇਜ਼ਾਂ ਸੂਲੀ ਤੇ ਟੰਗ ਦਿੱਤਾ ਹਾ ਤੇ ਅੱਜ ਤੂੰ..............."

ਇਤਨੇ ਚਿਰ, ਚਵ੍ਹਾਂ ਪਾਸਿਓਂ ਪੁਲੀਸ ਦੀਆਂ ਸੀਟੀਆਂ ਚੀਕ ਪਈਆਂ। ਬਾਬੇ ਹੱਥ ਛੋੜ ਦਿੱਤਾ, ਤੇ ਆਖਣ ਲੱਗਾ:

"ਅਸਾਂ ਪੁਲੀਸ ਦੇ ਘੇਰੇ ਵਿਚ ਆ ਗਏ ਹਾਂ-ਤੂੰ ਜਾਤਕ ਏਂ, ਕਿਸੇ ਪਾਸੇ ਨਿਕਲ ਵੰਞ!"

ਮੈਨੂੰ ਕੁਝ ਸਮਝ ਨਹੀਂ ਲੱਗਦੀ--ਬਾਬਾ ਹਿੱਕੀ ਪਾਸੇ ਧ੍ਰੱਕਾ ਦੇ ਕੇ, ਆਪ ਅੱਗੇ ਵੱਧਦਾ ਏ। ਹਿੱਕ ਦਮ ਕਈ ਪਾਸਿਓਂ, ਬਹੁੰ ਸਾਰੇ ਸਿਪਾਹੀ ਆ ਕੇ ਬਾਬੇ ਨੂੰ ਘੇਰ ਲੈਂਦੇ ਹੈਨ। ਹੱਥਕੜੀਆਂ ਪਾਈ, ਬਾਬਾ ਸਿਰ ਚਾਅ ਕੇ ਟੁਰਿਆ ਵੈਂਦ੍ਹਾ ਏ। ਮੈਂ ਭ੍ਰੂੰਜ ਕੇ ਬਾਜ਼ਾਰ ਆਉਂਦਾ ਆਂ। ਜਾਂਈ-ਜਾਂਈ ਬਾਬੇ ਨੂੰ ਫੰਦ੍ਹਣ ਲਈ, ਇਸ਼ਤਿਹਾਰ ਲੱਗੇ ਹੋਏ ਹੈਨ।

ਮੈਂ ਇਸ਼ਤਿਹਾਰ ਪੜ੍ਹਨਾ ਵਾਂ-

"ਪੰਜਾਬ ਕੇ ਪੋਲੀਸ ਕੋ, ਫਿਰ 'ਵਾਰਿਸ ਸ਼ਾਹ' ਕੀ ਤਾਲਾਸ਼ ਹੈ। ਬਦਨਾਮ ਜ਼ਮਾਨਾ, ਇਸ਼ਤਿਹਾਰੀ ਸ਼ਾਇਰ, ਵਾਰਿਸ ਸ਼ਾਹ ਕੋ, ਇਸ ਸੇ ਪਹਿਲੇ ਬੀ ਛੱਬੀਸ ਬਾਰ, 'ਫਾਂਸੀ' ਦੀ ਜਾ ਚੁਕੀ ਹੈ। ਲੇਕਿਨ, ਵੁਹ ਮਰਤਾ ਹੀ ਨਹੀਂ, ਪੋਲੀਸ ਫਿਰ ਉਸ ਕੀ ਤਲਾਸ਼ ਮੈਂ ਹੈ। ਉਸ ਕਾ ਜੁਰਮ ਯੇਹ ਹੈ, ਕਿ ਵੁਹ 'ਮੁਤਹਿੱਦਾ ਪੰਜਾਬ' ਮੈਂ ਪੈਦਾ ਹੂਆ ਔਰ ਮਰਾ। 'ਪੰਜਾਬ ਤਕਸੀਮ' ਹੋ ਚੁਕਾ ਹੈ, ਲੇਕਿਨ ਇਸ ਕਾ ਨਾਮ ਅਭੀ ਤਕ ਤਕਸੀਮ ਨਹੀਂ ਹੋ ਸਕਾ। ਜਬ ਤਕ ਇਸ ਕਾ ਨਾਮ ਤਕਸੀਮ ਨਹੀਂ ਹੋ ਜਾਤਾ, ਇਸੇ ਬਾਰ-ਬਾਰ ਫਾਂਸੀ ਦੀ ਜਾਤੀ ਰਹੇਗੀ। ਮੁਜਰਿਮ ਕੋ ਜ਼ਿੰਦਾ, ਯਾ ਮੁਰਦਾ ਹਾਲਤ ਮੈਂ ਪਕੜਨੇ ਵਾਲੇ ਕੋ, ਮੂੰਹ ਮਾਂਗਾ ਇਨਾਮ ਦੀਆ ਜਾਏਗਾ।"

ਇਸ਼ਤਿਹਾਰ ਪੜ੍ਹਦਿਆਂ-ਪੜ੍ਹਦਿਆਂ, ਮੈਨੂੰ ਲੱਗਦਾ ਏ, ਸ਼ਹਿਰ ਦੀਆਂ ਕੁੰਧਾਂ ਭੁਰ੍ਹਦੀਆਂ ਤੇ ਖੁਰ੍ਹਦੀਆਂ ਵੈਂਦ੍ਹੀਆਂ ਨੇ। ਸਾਰਾ ਸ਼ਹਿਰ ਧੂੰਅ-ਧੂੰਅ ਹੋਣ ਲੱਗ ਪਿਆ ਏ। ਮੇਰਾ ਕੱਦ, ਵੱਤ ਵੱਧ ਰਿਹਾ ਏ। ਮੇਰਾ ਪਿੰਡ, ਜਿਹੜਾ ਆਪਣੇ ਆਪ 'ਚ ਸੁੰਗੜਿਆ-ਸੁੰਗੜਿਆ, ਵੱਤ ਖਿੱਲਰਨ ਲੱਗ ਪਿਆ ਏ।

'ਅਹਿ ਕੀ ਹੋਇਆ ? ਬਜ਼ਾਰ 'ਚੋਂ ਆਪਣੇ ਕਮਰੇ ਵਿਚ ਕੀਕਣ ਪਹੁੰਚ ਗਿਆ। ਭਗਤ ਸਿੰਘ ਦੀ ਫ਼ੋਟੂ, ਬੁੱਧ ਦਾ ਮੁੱਜਸਮਾ, ਮੇਰੀ ਕਿਤਾਬਾਂ ਆਲੀ ਮੇਜ਼, ਸਾਰਾ ਕੁਝ ਸਗਵੇਂ ਦਾ ਸਗਵਾਂ ਏ। ਮੇਰੇ ਹੱਥਾਂ ਵਿਚ ਹੀਰ ਉਂਜ ਦੀ ਉਂਜ ਖੁੱਲ੍ਹੀ ਪਈ ਏ। ਸਿਰਫ਼ ਉਸ ਦੇ ਵਰਕੇ ਸਿੱਜ ਗਏ ਨੇ। ਪਤਾ ਨਹੀਂ ਕੀਕਣ?'

ϒ ϒ ϒ ϒ ϒ

---

ਮਾਸੀ ਜਨਤੇ! ਲੁਕ ਲੁਕ ਕੇ ਤੂੰ ਗ੍ਰੰਥ ਦਾ ਪਾਠ ਕਰੇਂਦੀ,
ਬੁੱਢੀ ਹੋ ਗਈ ਏਂ।
ਏਹ ਹਨ੍ਹੇਰੀ ਕੋਠੜੀ! ਤੈਂਡੀ ਕਬਰ ਏ ਕਿ ਗੁਰਦੁਆਰਾ?
ਮਾਸੀ! ਮੈਂ ਹਿੱਕ ਮੁਸਲੇ ਦੇ ਘਰ ਜੰਮਿਆਂ,
ਆ ਤੈਂਡੀ ਪੀੜ ਲਿਖਾਂ।

-ਅਹਿਮਦ ਸਲੀਮ-

---

ਬੇ-ਬੰਨ੍ਹ ਚੱਲਿਆ ਤਰਫ਼ ਜ਼ਿਮੀਂ ਦੇ, ਅਰਸ਼ੋਂ ਫ਼ਰਸ਼ ਟਿਕਾਇਆ ਹੂ।
ਘਰ ਥੀਂ ਮਿਲਿਆ ਦੇਸ ਨਿਕਾਲਾ, ਅਸਾਂ ਲਿਖਿਆ ਝੋਲੀ ਪਾਇਆ ਹੂ।
ਰਹੁ ਨੀ ਦੁਨੀਆ ਨਾ ਕਰ ਝੇੜਾ, ਸਾਡਾ ਅਗੇ ਦਿਲ ਘਬਰਾਇਆ ਹੂ।
ਅਸੀਂ ਪਰਦੇਸੀ ਸਾਡਾ ਵਤਨ ਦੁਰਾਡਾ, ਬਾਹੂ ਦਮ ਦਮ ਗ਼ਮ ਸਵਾਇਆ ਹੂ।

-ਸੁਲਤਾਨ ਬਾਹੂ-

5

# ਪਰਮੇਸ਼ਰ ਸਿੰਘ

## ਅਹਿਮਦ ਨਦੀਮ ਕਾਸਮੀ

ਅਖ਼ਤਰ, ਆਪਣੀ ਮਾਂ ਤੋਂ ਅਚਾਨਕ ਇੰਝ ਵਿੱਛੜ ਗਿਆ ਜਿਵੇਂ ਕਿਸੇ ਭੱਜੇ ਜਾਂਦੇ ਆਦਮੀ ਦੀ ਜੇਬ ਚੋਂ ਰੁਪਿਆ ਡਿਗ ਪਏ।

"ਹੁਣੇ ਤਾਂ ਏਥੇ ਸੀ ਤੇ ਹੁਣੇ ਹੀ ਗ਼ਾਇਬ?" ਢੂੰਡ-ਭਾਲ ਕੀਤੀ ਗਈ, ਪਰ ਇਸ ਹੱਦ ਤੱਕ, ਕਿ ਲੁੱਟੇ-ਪੁੱਟੇ ਕਾਫ਼ਲੇ ਦੇ ਛੇੜਕਲੇ ਸਿਰੇ ਉੱਤੇ ਇੱਕ ਹੰਗਾਮਾ, ਸਾਬਣ ਦੀ ਝੱਗ ਵਾਂਗ ਉਠਿਆ ਤੇ ਬਹਿ ਗਿਆ।

"ਕਿਧਰੇ ਆ ਹੀ ਰਿਹਾ ਹੋਵੇਗਾ।" ਕਿਸੇ ਆਖ ਦਿੱਤਾ "ਹਜ਼ਾਰਾਂ ਦਾ ਕਾਫ਼ਲਾ ਏ।"

ਅਖ਼ਤਰ ਦੀ ਮਾਂ ਇਸ ਤਸੱਲੀ ਦੀ ਕੰਨੀ ਫੜ, ਪਾਕਿਸਤਾਨ ਵੱਲ ਹੌਲੀ-ਹੌਲੀ ਟੁਰੀ ਆਈ ਸੀ।

"ਉਹ ਆ ਹੀ ਰਿਹਾ ਹੋਣਾ ਏਂ।" ਉਹ ਸੋਚਦੀ, "ਕੋਈ ਤਿੱਤਲੀ ਫੜਨ ਲਈ ਨਿਕਲ ਗਿਆ ਹੋਵੇਗਾ, ਫਿਰ ਮਾਂ ਨੂੰ ਨਾ ਮਿਲਣ ਤੇ ਰੋਇਆ ਹੋਣੈ ਅਤੇ ਹੁਣੇ ਕਿਧਰੋਂ ਆ ਜਾਵੇਗਾ। ਸਮਝਦਾਰ ਏ, ਪੰਜਾਂ ਵਰ੍ਹਿਆਂ ਤੋਂ ਤਾਂ ਉੱਪਰ ਹੀ ਹੋ ਚੱਲਿਐ, ਆ ਜਾਵੇਗਾ, ਓਧਰ ਪਾਕਿਸਤਾਨ ਵਿਚ ਜ਼ਰਾ ਠਿਕਾਣੇ ਬੈਠਾਂਗੇ ਤੇ ਢੂੰਡ ਲਾਂਗੇ।"

ਪਰ, ਅਖ਼ਤਰ ਤਾਂ ਸਰਹੱਦ ਤੋਂ ਕੋਈ ਪੰਦਰਾਂ ਮੀਲ ਪਿੱਛੇ ਐਵੇਂ, ਬਿਨਾਂ ਕਾਰਣ ਈ ਏਡੇ ਵੱਡੇ ਕਾਫ਼ਲੇ ਨਾਲੋਂ ਨਿੱਖੜ ਗਿਆ ਸੀ। ਆਪਣੀ ਮਾਂ ਦੇ ਖ਼ਿਆਲ 'ਚ, ਉਸ ਨੇ ਤਿੱਤਲੀ ਦਾ ਪਿੱਛਾ ਕੀਤਾ ਜਾਂ ਕਿਸੇ ਖੇਤ ਵਿੱਚੋਂ ਗੰਨਾਂ ਪੁੱਟਣ ਗਿਆ ਅਤੇ ਪੁੱਟਦਾ ਹੀ ਰਹਿ ਗਿਆ।

ਏਸ ਹਾਲਤ ਵਿਚ ਜਦੋਂ ਉਹ ਰੋਂਦਾ-ਕੁਰਲਾਉਂਦਾ ਇਕ ਪਾਸੇ ਭੱਜਿਆ ਜਾ ਰਿਹਾ ਸੀ ਤਾਂ ਕੁਝ ਸਿੱਖਾਂ ਨੇ ਉਸ ਨੂੰ ਘੇਰ ਲਿਆ। ਅਖ਼ਤਰ ਤੈਸ਼ ਵਿਚ ਆ ਕੇ ਉਹਨਾਂ ਨੂੰ ਆਖਣ ਲੱਗਾ, "ਮੈਂ ਨਾਹਰਾ-ਇ-ਤਕਬੀਰ ਲਗਾ ਦੇਵਾਂਗਾ" ..........ਅਤੇ ਇਹ ਆਖ, ਉਹ ਸਹਿਮ ਗਿਆ ਸੀ ..........ਸਾਰੇ ਸਿੱਖ ਬੇਕਾਬੂ ਹੋ ਕੇ ਹੱਸ ਪਏ, ਬਗ਼ੈਰ ਇਕ ਜਣੇ ਦੇ, ਜਿਸ ਦਾ ਨਾਂ ਪਰਮੇਸ਼ਰ ਸਿੰਘ ਸੀ। ਢਿੱਲੀ ਪਗੜੀ 'ਚੋਂ, ਉਸ ਦੇ ਉਲਝੇ ਹੋਏ ਕੇਸ ਝਾਕ ਰਹੇ ਸਨ। ਜੂੜਾ ਬਿਲਕੁਲ ਨੰਗਾ। ਉਹ ਬੋਲਿਆ, "ਹੱਸੋ ਨਹੀਂ ਯਾਰੋ, ਇਸ ਬੱਚੇ ਨੂੰ ਵੀ ਤਾਂ ਉਸੇ ਵਾਹਿਗੁਰੂੰ ਨੇ ਪੈਦਾ ਕੀਤਾ ਏ, ਜਿਸ ਤੁਹਾਨੂੰ ਤੇ ਤੁਹਾਡੇ ਬੱਚਿਆਂ ਨੂੰ ਪੈਦਾ ਕੀਤਾ।"

ਇਕ ਗਭਰੂ ਸਿੱਖ ਜਿਸ ਨੇ ਹੁਣ ਤੱਕ ਮਿਆਨ 'ਚੋਂ ਕਿਰਪਾਨ ਕੱਢ ਲਈ ਸੀ ਬੋਲਿਆ, "ਜ਼ਰਾ ਠਹਿਰ ਪਰਮੇਸ਼ਰ, ਕਿਰਪਾਨ ਆਪਣਾ ਕੰਮ ਪੂਰਾ ਕਰ ਲਏ, ਫੇਰ ਈ ਅਸੀਂ ਧਰਮ ਦੀ ਗੱਲ ਕਰਾਂਗੇ।"

"ਮਾਰੋ ਨਾ ਯਾਰੋ", ਪਰਮੇਸ਼ਰ ਦੀ ਆਵਾਜ਼ ਵਿਚ ਪੁਕਾਰ ਸੀ, "ਉਸ ਨੂੰ ਮਾਰੋ ਨਾ, ਏਨਾਂ ਛੋਟਾ ਜਿਹਾ ਤੇ ਹੈ, ਅਤੇ ਉਸ ਨੂੰ ਭੀ ਤਾਂ ਉਸੇ ਵਾਹਿਗੁਰੂ ਨੇ ਪੈਦਾ ਕੀਤਾ ਏ ਜਿਸ ਨੇ.........?"

"ਪੁੱਛ ਲੈਨੇਂ ਆਂ ਉਹਨੂੰ", ਇਕ ਹੋਰ ਸਿੱਖ ਨੇ ਸਹਿਮੇ ਹੋਏ ਅਖ਼ਤਰ ਕੋਲ ਜਾ ਕੇ ਕਿਹਾ, "ਬੋਲ ਪੁੱਤਰਾ, ਤੈਨੂੰ ਕਿਸ ਪੈਦਾ ਕੀਤੈ ? ਖ਼ੁਦਾ ਨੇ ਕਿ ਵਾਹਿਗੁਰੂ ਨੇ?"

ਅਖ਼ਤਰ ਨੇ ਭੈਅ ਦੀ ਸਾਰੀ ਖ਼ੁਸ਼ਕੀ ਨੂੰ ਅੰਦਰ ਨਿਗਲਣ ਦੀ ਕੋਸ਼ਿਸ਼ ਕੀਤੀ, ਜੋ ਉਸ ਦੀ ਜ਼ੁਬਾਨ ਦੀ ਨੋਕ ਤੋਂ ਲੈ ਕੇ ਧੁੰਨੀ ਤੱਕ ਫ਼ੈਲ ਚੁੱਕੀ ਸੀ। ਅੱਖ ਝਮਕ ਕੇ ਉਸ ਅੱਥਰੂਆਂ ਨੂੰ ਡੇਗ ਦੇਣਾ ਚਾਹਿਆ ਜਿਹੜੇ ਰੇਤ ਦੀ ਤਰ੍ਹਾਂ, ਪਲਕਾਂ 'ਚ ਰੜਕ ਰਹੇ ਸਨ। ਉਸ ਪਰਮੇਸ਼ਰ ਵੱਲ ਇੰਝ ਤੱਕਿਆ ਜਿਵੇਂ ਮਾਂ ਨੂੰ ਵੇਖ ਰਿਹਾ ਹੋਵੇ। ਮੂੰਹ 'ਚ ਗਏ ਹੋਏ ਹੰਝੂਆਂ ਨੂੰ ਥੁੱਕਿਆ ਤੇ ਬੋਲਿਆ, "ਪਤਾ ਨਹੀ!"

"ਲਓ ਹੋਰ ਸੁਣੋ?" ਕਿਸੇ ਨੇ ਕਿਹਾ ਤੇ ਅਖ਼ਤਰ ਨੂੰ ਗਾਲ੍ਹ ਕੱਢ ਹੱਸਣ ਲੱਗਾ। ਅਖ਼ਤਰ ਨੇ ਅਜੇ ਆਪਣੀ ਗੱਲ ਪੂਰੀ ਵੀ ਨਹੀਂ ਸੀ ਕੀਤੀ, "ਅੰਮਾਂ ਤਾਂ ਕਹਿੰਦੀ ਏ ਮੈਂ, .....ਤੂੜੀ ਵਾਲੀ ਕੋਠੜੀ 'ਚੋਂ ਪਿਆ......ਮਿਲਿਆ ਸਾਂ।"

ਸਾਰੇ ਸਿੱਖ ਹੱਸ ਪਏ, ਪਰ ਪਰਮੇਸ਼ਰ ਬੱਚਿਆਂ ਵਾਂਗ ਇੰਝ ਰੋਇਆ ਕਿ ਦੂਜੇ ਘਬਰਾ ਗਏ। ਰੋਂਦੀ 'ਵਾਜ਼ 'ਚ ਜਿਵੇਂ ਵੈਣ ਪਾਉਂਦਾ ਹੋਵੇ ਆਖਣ ਲੱਗਾ, "ਸੱਭੇ ਬੱਚੇ ਇੱਕੋ ਜਿਹੇ ਈ ਹੁੰਦੇ ਨੇ ਯਾਰੋ! ਮੇਰਾ ਕਰਤਾਰਾ ਵੀ ਇਹੋ ਕਹਿੰਦਾ ਹੁੰਦਾ ਸੀ। ਉਹ ਵੀ ਤਾਂ ਆਪਣੀ ਮਾਂ ਨੂੰ ਤੂੜੀ ਵਾਲੀ ਕੋਠੜੀ 'ਚੋਂ ਈ ਮਿਲਿਆ ਸੀ।"

ਕਿਰਪਾਨ ਮਿਆਨ ਵਿਚ ਚਲੀ ਗਈ। ਸਿੱਖਾਂ ਪਰਮੇਸ਼ਰ ਤੋਂ ਵੱਖ ਥੋੜੀ ਜਿਹੀ ਘੁਸਰ-ਮੁਸਰ ਕੀਤੀ। ਇਕ ਸਿੱਖ ਅੱਗੇ ਵਧਿਆ, ਰੋਂਦੇ-ਰੋਂਦੇ ਅਖ਼ਤਰ ਨੂੰ ਬਾਂਹ ਤੋਂ ਫੜ, ਉਹ ਪਰਮੇਸ਼ਰ ਕੋਲ ਲੈ ਆਇਆ ਤੇ ਬੋਲਿਆ, "ਲੈ! ਸੰਭਾਲ ਏਹਨੂੰ, ਕੇਸ ਵਧਾ ਕੇ ਇਹਨੂੰ ਆਪਣਾ ਕਰਤਾਰਾ ਬਣਾ ਲੈ, ਲੈ ਫੜ।"

ਪਰਮੇਸ਼ਰ ਨੇ ਅਖ਼ਤਰ ਨੂੰ ਇੰਝ ਝਪਟ ਕੇ ਚੁੱਕ ਲਿਆ ਕਿ ਉਸ ਦੀ ਪਗੜੀ ਖੁੱਲ੍ਹ ਗਈ, ਕੇਸਾਂ ਦੀਆਂ ਲਿਟਾਂ ਲਮਕਣ ਲੱਗ ਪਈਆਂ। ਉਸ ਅਖ਼ਤਰ ਨੂੰ ਪਾਗਲਾਂ ਵਾਂਗ ਚੁੰਮਿਆ। ਉਹਨੂੰ ਆਪਣੀ ਛਾਤੀ ਨਾਲ ਲਾਇਆ ਤੇ ਫ਼ਿਰ ਉਸ ਦੀਆਂ ਅੱਖਾਂ 'ਚ ਅੱਖਾਂ ਪਾ ਕੇ, ਮੁਸਕਾਂਦਿਆਂ ਕੁਝ ਅਜਿਹੀਆਂ ਗੱਲਾਂ ਸੋਚਣ ਲੱਗਾ, ਜਿਹਨਾਂ ਉਹਦੇ ਚਿਹਰੇ ਨੂੰ ਨਿਖ਼ਾਰ ਦਿੱਤਾ। ਪਰਤ ਕੇ ਦੂਜੇ ਸਿੱਖਾਂ ਵੱਲ ਤੱਕਿਆ। ਅਚਾਨਕ ਉਹ ਅਖ਼ਤਰ ਨੂੰ ਭੁੰਜੇ ਲਾਹ, ਸਿੱਖਾਂ ਵੱਲ ਵਧਿਆ ਤੇ ਉਨ੍ਹਾਂ ਕੋਲੋਂ ਲੰਘ, ਬਾਂਦਰਾਂ-ਵਾਂਗ ਟਪੂਸੀਆਂ ਮਾਰਦਾ ਰਿਹਾ। ਉਹਦੇ ਕੇਸ ਉਸ ਦੀ ਲਪਟ-ਝਪਟ ਦਾ ਸਾਥ ਦੇਂਦੇ ਰਹੇ। ਦੂਜੇ ਸਿੱਖ ਹੈਰਾਨ

ਖੜ੍ਹੇ ਉਸ ਨੂੰ ਵੇਂਹਦੇ ਰਹੇ। ਫਿਰ ਉਹ ਇਕ ਹੱਥ ਨੂੰ ਦੂਜੇ ਹੱਥ ਉੱਤੇ ਰੱਖ ਕੇ ਹੱਸਦਾ ਹੋਇਆ ਵਾਪਸ ਪਰਤਿਆ। ਉਸ ਦੀ ਗਿੱਲੀ ਦਾੜ੍ਹੀ 'ਚ ਫਸੇ ਬੁੱਲਾਂ 'ਤੇ ਇਕ ਮੁਸਕਣੀ ਸੀ ਅਤੇ ਲਾਲ ਅੱਖਾਂ ਵਿਚ ਚਮਕ। ਉਹ ਬੁਰੀ ਤਰ੍ਹਾਂ ਸਾਹੋ-ਸਾਹ ਹੋ ਰਿਹਾ ਸੀ।

ਅਖ਼ਤਰ ਦੇ ਕੋਲ ਆ ਕੇ, ਗੋਡਿਆਂ ਪਰਨੇ ਬੈਠ ਕੇ ਬੋਲਿਆ, "ਪੁੱਤਰਾ ਕੀ ਨਾਂ ਏ ਤੇਰਾ?"

"ਅਖ਼ਤਰ।" ਹੁਣ ਅਖ਼ਤਰ ਰੋਂਦੂ ਨਹੀਂ ਸੀ।

"ਅਖ਼ਤਰ ਬੇਟੇ!" ਪਰਮੇਸ਼ਰ ਨੇ ਬੜੇ ਪਿਆਰ ਨਾਲ ਆਖਿਆ, "ਜ਼ਰਾ ਮੇਰੀਆਂ ਉਂਗਲਾਂ ਵਿੱਚੋਂ ਝਾਕੋ ਤਾਂ!"

ਅਖ਼ਤਰ ਥੋੜ੍ਹਾ ਜਿਹਾ ਝੁਕਿਆ। ਪਰਮੇਸ਼ਰ ਨੇ ਦੋਨਾਂ ਹੱਥਾਂ ਵਿਚ ਥੋੜ੍ਹੀ ਜਿਹੀ ਝੀਥ ਬਣਾ ਲਈ ਤੇ ਫ਼ੌਰਨ ਬੰਦ ਕਰ ਲਈ, "ਆ, ਹਾ!" ਅਖ਼ਤਰ ਨੇ ਤਾੜੀ ਵਜਾ ਕੇ ਆਪਣੇ ਹੱਥਾਂ ਨੂੰ ਪਰਮੇਸ਼ਰ ਦੇ ਹੱਥਾਂ ਵਾਂਗ ਬੰਦ ਕਰ ਲਿਆ ਤੇ ਅੱਥਰੂਆਂ ਵਿਚ ਈ ਮੁਸਕਰਾ ਕੇ ਕਿਹਾ, "ਤਿੱਤਲੀ।"

"ਲਓਗੇ?"

"ਹਾਂ!" ਅਖ਼ਤਰ ਨੇ ਆਪਣੇ ਹੱਥਾਂ ਨੂੰ ਮਲ਼ਿਆ।

"ਲੈ", ਪਰਮੇਸ਼ਰ ਨੇ ਹੱਥ ਖੋਲ੍ਹੇ। ਅਖ਼ਤਰ ਨੇ ਤਿੱਤਲੀ ਫੜਨ ਦੀ ਕੋਸ਼ਿਸ਼ ਕੀਤੀ, ਪਰ ਉਹ ਮੌਕਾ ਮਿਲਦਿਆਂ ਹੀ ਉੱਡ ਗਈ। ਅਤੇ ਅਖ਼ਤਰ ! ਅਖ਼ਤਰ ਉਦਾਸ ਹੋ ਗਿਆ। ਪਰਮੇਸ਼ਰ ਦੂਜੇ ਸਿੱਖਾਂ ਵੱਲ ਤੱਕ ਕੇ ਕਹਿਣ ਲੱਗਾ, "ਸਾਰੇ, ਇੰਵਾਣੇ ਇੱਕੋ ਜਿਹੇ ਕਿਉਂ ਹੁੰਦੇ ਨੇ ਯਾਰੋ? ਕਰਤਾਰੇ ਦੀ ਤਿੱਤਲੀ ਵੀ ਉੱਡ ਜਾਂਦੀ ਸੀ ਤੇ ਉਹ ਵੀ ਇੰਝ ਹੀ ਮੂੰਹ ਲਟਕਾ ਲੈਂਦਾ ਸੀ।"

"ਪਰਮੇਸ਼ਰ ਤਾਂ ਅੱਧਾ ਪਾਗਲ ਹੋ ਗਿਐ।" ਇਕ ਗਭਰੂ ਨੇ ਨਾ-ਪਸੰਦੀ ਨਾਲ ਕਿਹਾ ਤੇ ਫੇਰ ਸਾਰਾ ਟੋਲਾ ਵਾਪਸ ਟੁਰ ਪਿਆ।

ਪਰਮੇਸ਼ਰ, ਅਖ਼ਤਰ ਨੂੰ ਮੋਢਿਆਂ 'ਤੇ ਬਿਠਾ ਜਦ ਓਸੇ ਬੰਨੇ ਚੱਲਣ ਲੱਗਾ ਜਿਧਰ ਦੂਜੇ ਸਿੱਖ ਗਏ ਸਨ ਤਾਂ ਅਖ਼ਤਰ ਫੁੱਟ-ਫੁੱਟ ਰੋਣ ਲੱਗ ਪਿਆ, "ਮੈਂ ਤਾਂ ਅੰਮਾਂ ਕੋਲ ਜਾਣਾ ਏਂ, ਅੰਮਾਂ ਕੋਲ ਜਾਵਾਂਗਾ!" ਪਰਮੇਸ਼ਰ ਨੇ ਹੱਥ ਚੁੱਕ ਕੇ, ਪਲੋਸਣ ਦਾ ਯਤਨ ਕੀਤਾ ਪਰ ਉਸ ਨੇ ਹੱਥ ਪਰ੍ਹੇ ਕਰ ਦਿੱਤਾ। ਫੇਰ ਜਦੋਂ ਪਰਮੇਸ਼ਰ ਨੇ ਕਿਹਾ ਕਿ, "ਹਾਂ! ਹਾਂ, ਬੇਟੇ, ਤੈਨੂੰ ਤੇਰੀ ਅੰਮਾਂ ਕੋਲ ਹੀ ਲੈ ਜਾਵਾਂਗਾ।" ਤਾਂ ਅਖ਼ਤਰ ਚੁੱਪ ਹੋ ਗਿਆ। ਉਹ ਕਦੀ ਕਦਾਈਂ ਹੌਕੇ, ਆਹੀਂ ਭਰ ਲੈਂਦਾ ਤੇ ਪਰਮੇਸ਼ਰ ਦੀਆਂ ਥਾਪੜਾਂ ਨੂੰ ਅਣਚਾਹੁੰਦਿਆਂ ਵੀ ਬਰਦਾਸ਼ਤ ਕਰਦਾ ਰਿਹਾ।

ਪਰਮੇਸ਼ਰ ਉਸ ਨੂੰ ਆਪਣੇ ਘਰ ਲੈ ਆਇਆ। ਪਹਿਲਾਂ ਇਹ ਕਿਸੇ ਮੁਸਲਮਾਨ ਦਾ ਘਰ ਸੀ। ਲੁੱਟਿਆ-ਪੁੱਟਿਆ ਜਦੋਂ ਉਹ ਜ਼ਿਲ੍ਹਾ ਲਾਹੌਰ ਤੋਂ ਜ਼ਿਲ੍ਹਾ ਅੰਮ੍ਰਿਤਸਰ ਵਿਚ ਆਇਆ, ਤਾਂ ਪਿੰਡ ਵਾਲਿਆਂ ਨੇ ਓਸ ਨੂੰ ਇਹ ਮਕਾਨ ਅਲਾਟ ਕਰਵਾ ਦਿੱਤਾ ਸੀ। ਓਹ ਆਪਣੀ ਘਰ ਵਾਲੀ ਤੇ ਧੀ ਸਮੇਤ ਜਦ ਏਸ ਵਲਗਣ 'ਚ ਵੜਿਆ ਤਾਂ ਘਾਬਰ ਗਿਆ, ਅੱਖਾਂ ਪਥਰਾ ਗਈਆਂ ਅਤੇ ਉਹ ਸਹਿਮੀ 'ਵਾਜ਼ ਵਿਚ ਬੋਲਿਆ ਸੀ, "ਏਥੇ ਕੋਈ ਚੀਜ਼ ਕੁਰਾਨ ਪੜ੍ਹ ਰਹੀ ਏ।"

ਪਰਮੇਸ਼ਰ ਕਿੱਤੇ ਵਜੋਂ ਗ੍ਰੰਥੀ ਸੀ ਤੇ ਓਸ ਦੀ ਏਹ ਗੱਲ ਸੁਣ ਕੇ ਪਿੰਡ ਦੇ ਦੂਜੇ ਲੋਕੀਂ ਹੱਸ ਪਏ ਸਨ। ਪਰਮੇਸ਼ਰ ਦੀ ਵਹੁਟੀ ਨੇ ਉਹਨਾਂ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ, "ਕਰਤਾਰ ਸਿੰਘ ਦੇ ਵਿੱਛੜ ਜਾਣ ਸਾਰ ਈ ਏਸ ਨੂੰ ਕੁਝ ਹੋ ਗਿਐ। ਪਤਾ ਨਹੀਂ, ਕੀ ਹੋ ਗਿਆ ਏ?"

ਉਸ ਕਿਹਾ, "ਵਾਹਿਗੁਰੂ ਝੂਠ ਨਾ ਬੁਲਾਏ! ਉੱਥੇ ਦਿਨ ਵਿਚ ਕੋਈ ਦਸ ਵਾਰ ਤਾਂ ਏਹ ਕਰਤਾਰ ਨੂੰ ਗਧਿਆਂ ਵਾਂਗ ਕੁੱਟ ਸੁੱਟਦਾ ਸੀ। ਜਦ ਤੋਂ ਏਹ ਕਰਤਾਰੇ ਨਾਲੋਂ ਵਿੱਛੜਿਆ ਏ ਤਾਂ ਮੈਂ ਤੇ ਸ਼ੇਰ, ਬਹੁਤ ਰੋ ਲਈ ਪਰ ਏਸ ਦਾ ਰੋਣ ਨਾਲ ਵੀ ਜੀਅ ਹਲਕਾ ਨਹੀਂ ਹੋਇਆ। ਉੱਥੇ ਕੀ ਮਜ਼ਾਲ! ਜੇ ਬੇਟੀ ਅਮਰ ਕੌਰ ਨੂੰ ਮੈਂ ਵੀ ਥੋੜ੍ਹਾ ਜਿਹਾ ਗੁੱਸੇ ਨਾਲ ਤੱਕ ਲੈਂਦੀ, ਬਿਫ਼ਰ ਜਾਂਦਾ ਸੀ, ਕਹਿੰਦਾ ਸੀ, 'ਧੀ ਨੂੰ ਬੁਰਾ ਨਾ ਕਹੋ, ਬੜੀ ਮਸਕੀਨ ਹੁੰਦੀ ਏ। ਏਹ ਤਾਂ ਇਕ ਮੁਸਾਫਿਰ ਏ, ਵਿਚਾਰੀ! ਸਾਡੇ ਘਰ 'ਚ 'ਰਾਮ ਕਰਨ ਲਈ ਬੈਠ ਗਈ, ਵਕਤ ਆਏਗਾ ਤਾਂ ਇਹ ਤੁਰ ਜਾਵੇਗੀ।' ਪਰ ਹੁਣ ਅਮਰ ਕੋਲੋਂ ਥੋੜ੍ਹਾ ਜਿੰਨਾਂ ਵੀ ਕਸੂਰ ਹੋ ਜਾਵੇ, ਆਪੇ ਤੋਂ ਬਾਹਰ ਹੋ ਜਾਂਦਾ ਏ। ਏਥੋਂ ਤੱਕ ਬਕਵਾਸ ਕਰਨ ਲੱਗ ਪੈਂਦੈ, 'ਨੂੰਹਾਂ-ਧੀਆਂ ਅਗਵਾ ਹੁੰਦੀਆਂ ਤਾਂ ਸੁਣੀਆਂ ਸਨ, ਯਾਰੋ! ਪਰ ਏਹ ਨਹੀਂ ਸੀ ਸੁਣਿਆ ਕਿ ਪੰਜ-ਛੇ ਵਰ੍ਹਿਆਂ ਦੇ ਛੋਹਰ ਵੀ ਉੱਠ ਜਾਂਦੇ ਨੇ'।"

ਉਹ ਇਕ ਮਹੀਨੇ ਤੋਂ ਏਸ ਘਰ ਵਿਚ ਰਹਿੰਦਾ ਸੀ। ਉਹਦੀ ਆਦਤ ਸੀ ਕਿ ਸੌਣ ਵੇਲੇ ਬਹੁਤ ਜ਼ਿਆਦਾ ਪਾਸੇ ਪਰਤਦਾ ਰਹਿੰਦਾ। ਫੇਰ ਬੁੜ-ਬੁੜਾਉਣ ਲੱਗਦਾ ਤੇ ਉੱਠ ਬਹਿੰਦਾ। ਬੜੀ ਡਰੀ ਹੋਈ ਹੌਲੀ ਜਿਹੀ 'ਵਾਜ਼ 'ਚ ਘਰ ਵਾਲੀ ਨੂੰ ਆਖਦਾ, "ਸੁਣਨੀ ਏਂ! ਏਥੇ ਕੋਈ ਚੀਜ਼ ਕੁਰਾਨ ਪੜ੍ਹ ਰਹੀ ਏ।" ਬੀਵੀ ਉਸ ਨੂੰ ਮਹਿਜ "ਊਂ" ਨਾਲ ਟਾਲ ਕੇ ਸੌਂ ਜਾਂਦੀ। ਪਰ ਅਮਰ ਨੂੰ ਏਸ ਸਰਗੋਸ਼ੀ ਪਿੱਛੋਂ ਸਾਰੀ ਰਾਤ ਨੀਂਦਰ ਨਾ ਪੈਂਦੀ। 'ਨ੍ਹੇਰੇ 'ਚ ਬਹੁਤ ਸਾਰੇ ਪਰਛਾਵੇਂ ਹਰ ਪਾਸੇ ਬੈਠੇ, ਕੁਰਾਨ ਪੜ੍ਹਦੇ ਨਜ਼ਰ ਆਉਂਦੇ। ਜਦੋਂ ਥੋੜ੍ਹੀ ਜਿਹੀ ਪਹੁ-ਫੁੱਟਦੀ, ਤਾਂ ਉਹ ਆਪਣੇ ਕੰਨਾਂ 'ਚ ਉਂਗਲਾਂ ਪਾ ਲੈਂਦੀ। ਉੱਥੇ, ਜ਼ਿਲ੍ਹਾ ਲਾਹੌਰ 'ਚ ਉਹਨਾ ਦਾ ਘਰ, ਮਸਜਿਦ ਦੇ ਗੁਆਂਢ 'ਚ ਸੀ ਤੇ ਜਦ ਸਵੇਰੇ ਆਜ਼ਾਨ ਹੁੰਦੀ, ਤਾਂ ਕਿੰਨਾਂ ਮਜ਼ਾ ਆਉਂਦਾ। ਇੰਝ ਜਾਪਦਾ ਸੀ ਜਿਵੇਂ ਪਹੁ-ਫੁਟਾਲੇ ਦਾ ਘੁਸ-ਮੁਸਾ ਗਾਉਣ ਲੱਗ ਪਿਆ ਹੋਵੇ।

ਜਦੋਂ ਉੱਥੇ, ਗੁਆਂਢਣ ਪ੍ਰੀਤਮ ਕੌਰ ਨੂੰ ਕੁਝ ਨੌਜਵਾਨਾਂ ਨੇ ਬੇ-ਹੁਰਮਤੀ ਕਰ ਕੇ, ਗੰਦੇ ਕੱਪੜੇ ਵਾਂਗ, ਰੂੜੀ 'ਤੇ ਸੁੱਟ ਦਿੱਤਾ, ਤਾਂ ਪਤਾ ਨਹੀਂ ਕੀ ਹੋਇਆ ਕਿ ਆਜ਼ਾਨ ਦੇਣ ਵਾਲੇ ਦੀ 'ਵਾਜ਼ 'ਚੋਂ ਵੀ, ਏਹਨੂੰ ਪ੍ਰੀਤਮ

ਕੌਰ ਦੀ ਚੀਕ ਸੁਣਾਈ ਦੇਣ ਲੱਗ ਪਈ। ਬਾਂਗ ਦਾ ਤਸੱਵਰ ਹੀ ਭੈਅ-ਭੀਤ ਕਰ ਦੇਂਦਾ ਤੇ ਉਹ ਭੁੱਲ ਜਾਂਦੀ ਕਿ ਹੁਣ ਉਹਨਾਂ ਦੇ ਗੁਆਂਢ ਵਿਚ ਮਸਜਿਦ ਨਹੀਂ ਹੈ ਵੇ। ਐਵੇਂ ਕੰਨਾਂ ਵਿਚ ਉਂਗਲਾਂ ਦੇ ਕੇ ਸੌਂ ਜਾਂਦੀ ਤੇ ਰਾਤ ਭਰ ਜਾਗਦੇ ਰਹਿਣ ਪਾਰੋਂ, ਦਿਨ ਚੜ੍ਹਦੇ ਤੀਕਰ ਸੁੱਤੀ ਰਹਿੰਦੀ। ਪਰਮੇਸ਼ਰ ਏਸ ਗੱਲੋਂ ਗੁੱਸੇ ਹੋਂਦਾ ਤੇ ਕਹਿੰਦਾ, "ਠੀਕ ਏ! ਸਵੇਂ ਨਾ, ਤੇ ਹੋਰ ਕੀ ਕਰੇ? ਨਿਕੰਮੀਆਂ ਤੇ ਹੁੰਦੀਆਂ ਨੇ, ਏਹ ਛੋਕਰੀਆਂ। ਮੁੰਡਾ ਹੁੰਦਾ ਤੇ ਹੁਣ ਤੀਕਰ ਪਤਾ ਨਹੀਂ, ਕਿੰਨੇ ਕੰਮ ਕੀਤੇ ਹੁੰਦੇ ਯਾਰੋ!!"

ਪਰਮੇਸ਼ਰ ਵਿਹੜੇ 'ਚ ਵੜਿਆ ਤਾਂ ਆਦਤ ਤੋਂ ਉਲਟ ਅੱਜ ਉਹਦੇ ਬੁੱਲ੍ਹਾਂ 'ਤੇ ਮੁਸਕਰਾਹਟ ਸੀ। ਖੁੱਲ੍ਹੇ ਕੇਸ ਕੰਘੇ ਸਮੇਤ ਉਹਦੀ ਪਿੱਠ 'ਤੇ ਇਕ ਮੋਢੇ 'ਤੇ ਖਿੱਲਰੇ ਹੋਏ ਸਨ। ਉਸ ਦਾ ਇਕ ਹੱਥ ਅਖ਼ਤਰ ਦੀ ਲੱਕ ਉੱਤੇ ਸੀ। ਘਰ ਵਾਲੀ ਇੱਕ ਪਾਸੇ ਬੈਠੀ, ਛੱਜ 'ਚ ਕਣਕ ਛੱਟ ਰਹੀ ਸੀ। ਉਸ ਦੇ ਹੱਥ ਜਿੱਥੇ ਸਨ ਉੱਥੇ ਹੀ ਰੁੱਕ ਗਏ ਤੇ ਟਿਕ-ਟਿਕੀ ਲਾ ਕੇ ਪਰਮੇਸ਼ਰ ਸਿੰਘ ਵੱਲ ਦੇਖਣ ਲੱਗੀ। ਫੇਰ ਉਹ ਛੱਜ ਛੱਡ, ਟੱਪਦੀ ਹੋਈ ਆਈ ਤੇ ਬੋਲੀ, "ਇਹ ਕੌਣ ਏ?"

ਪਰਮੇਸ਼ਰ ਸਹਿਜ ਮੁਸਕਰਾਂਦਿਆਂ ਬੋਲਿਆ, "ਡਰ ਨਾ ਬੇਵਕੂਫ਼ੇ, ਏਹਦੀਆਂ ਆਦਤਾਂ ਬਿਲਕੁਲ ਆਪਣੇ ਕਰਤਾਰੇ ਵਰਗੀਆਂ ਨੇ। ਇਹ ਵੀ ਆਪਣੀ ਮਾਂ ਨੂੰ ਤੂੜੀ ਵਾਲੀ ਕੋਠੜੀ 'ਚੋਂ ਲੱਭਾ ਸੀ। ਇਹ ਵੀ ਤਿੱਤਲੀਆਂ ਦਾ ਸ਼ੌਕੀਨ ਏ। ਏਹਦਾ ਨਾਂ ਅਖ਼ਤਰ ਏ।"

"ਅਖ਼ਤਰ!!" ਪਤਨੀ ਦੀ ਦੇਖਣੀ ਇੱਕ ਦਮ ਬਦਲ ਗਈ।

"ਤੂੰ ਏਸ ਨੂੰ, 'ਅਖ਼ਤਰ ਸਿੰਘ' ਕਹਿ ਲੈਣਾ।" ਪਰਮੇਸ਼ਰ ਨੇ ਸਫ਼ਾਈ ਦਿੱਤੀ, "ਕੇਸਾਂ ਦਾ ਕੀ ਏ, ਦਿਨਾਂ ਵਿਚ ਹੀ ਵੱਧ ਜਾਂਦੇ ਨੇ। ਕੜਾ ਅਤੇ ਕਛਿਹਰਾ ਪਵਾ ਦੇਣਾ। ਕੰਘਾ, ਕੇਸਾਂ ਦੇ ਵੱਧਦੇ ਈ ਲੱਭ ਜਾਵੇਗਾ।"

"ਪਰ ਇਹ ਹੈ ਕਿਸ ਦਾ?" ਬੀਵੀ ਨੇ ਹੋਰ ਸਫਾਈ ਮੰਗੀ।

"ਕਿਸ ਦਾ?" ਪਰਮੇਸ਼ਰ ਨੇ ਅਖ਼ਤਰ ਨੂੰ ਮੋਢਿਓਂ ਉਤਾਰ, ਭੁੰਜੇ ਖੜਾ ਕਰ ਦਿੱਤਾ ਤੇ ਉਹਦੇ ਸਿਰ ਤੇ ਹੱਥ ਫੇਰਨ ਲੱਗਾ, "ਵਾਹਿਗੁਰੂ ਦਾ ਏ, ਸਾਡਾ ਆਪਣਾ ਹੈ। ਯਾਰੋ, ਏਹ ਔਰਤ ਏਨਾਂ ਵੀ ਨਹੀਂ ਤੱਕ ਸਕਦੀ ਕਿ ਅਖ਼ਤਰ ਦੇ ਮੱਥੇ 'ਤੇ ਜਿਹੜਾ ਛੋਟਾ ਜਿੰਨਾਂ ਤਿਲ ਏ, ਇਹ ਕਰਤਾਰੇ ਦਾ ਹੀ ਤਿਲ ਏ। ਕਰਤਾਰੇ ਦੇ ਵੀ ਇਕ ਤਿਲ, ਏਥੇ ਹੀ ਸੀ। ਥੋੜ੍ਹਾ ਜਿੰਨਾਂ ਵੱਡਾ। ਅਸੀਂ ਤਾਂ ਉਹਨੂੰ ਏਥੋਂ, ਤਿਲ ਉੱਪਰੋਂ ਹੀ ਚੁੰਮਦੇ ਸਾਂ। ਐਹ ਅਖ਼ਤਰ ਦੇ ਕੰਨਾਂ ਦੀਆਂ ਲਬਾਂ, ਗੁਲਾਬ ਦੇ ਫੁੱਲ ਵਾਂਗ ਗੁਲਾਬੀ ਨੇ। ਤੇ ਯਾਰੋ! ਏਹ ਨਹੀਂ ਸੋਚਦੀ ਕਿ ਕਰਤਾਰੇ ਦੇ ਕੰਨਾਂ ਦੀਆਂ ਲਬਾਂ ਵੀ ਤਾਂ ਐਹੋ-ਜਿਹੀਆਂ ਹੀ ਸਨ। ਫਰਕ ਸਿਰਫ ਏਨਾਂ ਏ ਕਿ ਉਹ ਮੋਟੀਆਂ ਤੇ ਏਹ ਜਰਾ ਪਤਲੀਆਂ ਨੇ, ਅਤੇ .................!!"

ਅਖ਼ਤਰ ਹੁਣ ਤੱਕ ਹੈਰਾਨ ਹੋਇਆ ਜ਼ਬਤ ਵਿਚ ਬੈਠਾ ਸੀ, ਅਚਾਨਕ ਰੋਣ ਲੱਗ ਪਿਆ, "ਮੈਂ ਏਥੇ ਨਹੀਂ ਰਵ੍ਹਾਂਗਾ, ਮੈਂ ਆਪਣੀ ਅੰਮਾਂ ਕੋਲ ਜਾਵਾਂਗਾ, ਅੰਮਾਂ ਕੋਲ!!"

ਪਰਮੇਸ਼ਰ ਅਖ਼ਤਰ ਦਾ ਹੱਥ ਫੜ ਕੇ, ਉਸ ਨੂੰ ਬੀਵੀ ਕੋਲ ਲੈ ਗਿਆ, "ਲੈ ਭਈ, ਏਹ ਅੰਮਾਂ ਕੋਲ ਜਾਣਾ ਚਾਂਹਦਾ ਏ।"

"ਤਾਂ ਜਾਵੇ", ਬੀਵੀ ਦੀਆਂ ਅੱਖਾਂ 'ਚ ਤੇ ਚਿਹਰੇ 'ਪਰ ਉਹੀ ਡਰ ਤੇ ਭੈਅ ਆ ਗਿਆ, ਜਿਸ ਨੂੰ ਪਰਮੇਸ਼ਰ ਆਪਣੀਆਂ ਅੱਖਾਂ ਤੇ ਚਿਹਰੇ 'ਚੋਂ ਨੋਚ ਕੇ ਬਾਹਰ ਖੇਤਾਂ ਵਿਚ ਸੁੱਟ ਆਇਆ ਸੀ।

"ਡਾਕਾ ਮਾਰਨ ਗਿਆ ਸੀ ਸੂਰਮਾ! ਤੇ ਚੁੱਕ ਲਿਆਇਐ ਏਹ ਨੀਂਗਰ। ਜੇ ਲਿਆਉਣਾ ਈ ਸੀ, ਕਿਸੇ ਕੁੜੀ ਨੂੰ ਹੀ ਚੁੱਕ ਲਿਆਉਂਦਾ। ਤਾਂ, ਹਜ਼ਾਰ ਵਿਚ ਨਾ ਸਹੀ, ਇਕ-ਦੋ ਸੌ ਵਿਚ ਤਾਂ ਵਿਕ ਈ ਜਾਂਦੀ। ਏਸ ਉੱਜੜੇ ਘਰ ਦਾ ਮੰਜਾ-ਪੀੜ੍ਹੀ ਹੀ ਬਣ ਜਾਂਦਾ। ਝੱਲਿਆ! ......ਤੈਨੂੰ ਤਾਂ ਕੁਝ ਹੋ ਗਿਆ ਏ, ਵੇਖਦਾ ਨਹੀਂ, ਏਹ ਮੁੰਡਾ ਤਾਂ ਮੁਸਲਾ ਏ......। ਜਿੱਥੋਂ ਚੁੱਕਿਆ ਏ, ਉੱਥੇ ਈ ਛੱਡ ਆ। ਖ਼ਬਰਦਾਰ! ਜੇ ਏਹਨੇਂ ਮੇਰੀ ਰਸੋਈ ਵਿਚ ਪੈਰ ਵੀ ਰੱਖਿਆ ਤੇ......!!"

ਪਰਮੇਸ਼ਰ ਨੇ ਤਰਲਾ ਕੀਤਾ, "ਕਰਤਾਰੇ ਤੇ ਅਖ਼ਤਰ ਨੂੰ ਇੱਕੋ ਹੀ ਵਾਹਿਗੁਰੂ ਨੇ ਪੈਦਾ ਕੀਤਾ ਏ, ਸਮਝੀ!"

"ਨਹੀਂ" ਘਰ ਵਾਲੀ ਚੀਕ ਉੱਠੀ, "ਮੈਂ ਨਹੀਂ ਸਮਝੀ, ਨਾ ਕੁਝ ਸਮਝਣਾ ਚਾਂਹਦੀ ਆਂ। ਮੈਂ ਏਸ ਦਾ ਅੱਜ ਰਾਤੀਂ ਈ ਝਟਕਾ ਕਰ ਦਿਆਂਗੀ....... ਵੱਢ ਕੇ ਸੁੱਟ ਦੇਵਾਂਗੀ। .......ਚੁੱਕ ਲਿਆਇਐ ਕਿਧਰੋਂ.......ਲੈ ਜਾ ਏਹਨੂੰ, ਸੁੱਟ ਦੇ ਬਾਹਰ!"

"ਤੈਨੂੰ ਨਾ ਸੁੱਟ ਦਿਆਂ ਬਾਹਰ?" ਹੁਣ ਪਰਮੇਸ਼ਰ ਨੂੰ ਗੁੱਸਾ ਚੜ੍ਹ ਗਿਆ, "ਤੇਰਾ ਨਾ ਝਟਕਾ ਕਰ ਦਿਆਂ?" ਉਹ ਬੀਵੀ ਵੱਲ ਵਧਿਆ।

ਬੀਵੀ ਛਾਤੀ ਨੂੰ ਦੁਹੱਥੜਾਂ ਨਾਲ ਪਿੱਟਦੀ, ਚੀਕਾਂ ਮਾਰਦੀ ਹੋਈ ਭੱਜ ਗਈ।

ਗੁਆਂਢਣ ਅਮਰ ਕੌਰ ਦੌੜੀ-ਦੌੜੀ ਆਈ ਤੇ ਉਸ ਦੇ ਪਿੱਛੇ-ਪਿੱਛੇ ਗਲੀ ਦੀਆਂ ਕੁਝ ਹੋਰ ਤੀਵੀਆਂ, ਆਦਮੀ ਇਕੱਠੇ ਹੋ ਗਏ ਤੇ ਪਰਮੇਸ਼ਰ ਦੀ ਬੀਵੀ ਕੁੱਟ-ਮਾਰ ਤੋਂ ਬਚ ਗਈ। ਸਾਰਿਆਂ ਸਮਝਾਇਆ, 'ਕਿ ਏਹ ਤਾਂ ਨੇਕ ਕੰਮ ਏ। ਇਕ ਮੁਸਲਮਾਨ ਨੂੰ ਸਿੱਖ ਬਨਾਉਣਾ ਕੋਈ ਮਾਮੂਲੀ ਕਾਰਜ ਤਾਂ ਨਹੀਂ। ਪੁਰਾਣਾ ਜ਼ਮਾਨਾ ਹੁੰਦਾ ਤੇ ਹੁਣ ਤੱਕ ਪਰਮੇਸ਼ਰ ਆਲੇ-ਦੁਆਲੇ ਮਸ਼ਹੂਰ ਹੋ ਚੁੱਕਾ ਹੁੰਦਾ।' ਵਹੁਟੀ ਨੂੰ ਹੌਂਸਲਾ ਹੋਇਆ, ਪਰ ਅਮਰ ਖੂੰਜੇ ਬੈਠੀ ਗੋਡਿਆਂ 'ਚ ਸਿਰ ਦੇ ਕੇ ਰੋਂਦੀ ਰਹੀ। ਅਚਾਨਕ ਪਰਮੇਸ਼ਰ ਦੀ ਗਰਜ਼ ਨੇ ਸਾਰੇ ਇਕੱਠ ਨੂੰ ਡਰਾ ਦਿੱਤਾ, "ਅਖ਼ਤਰ ਕਿੱਧਰ ਚਲਾ ਗਿਆ?" ਉਸ ਚੀਕ ਕੇ ਆਖਿਆ, "ਉਏ! ਕਿਧਰ ਗਿਆ ਸਾਡਾ ਅਖ਼ਤਰ? ਉਹ

ਤੁਹਾਡੇ ਵਰਗੇ ਕਿਸੇ ਕਸਾਈ ਦੇ ਕਾਬੂ ਵਿਚ ਤਾਂ ਨਹੀਂ ਆ ਗਿਆ? ਅਖ਼ਤਰ!! ਅਖ਼ਤਰ!!!"

ਉਹ ਚੀਕਦਾ ਹੋਇਆ ਮਕਾਨ ਦੇ ਖੱਲਾਂ-ਖੂੰਜੇ ਲੱਭਦਾ ਬਾਹਰ ਭੱਜ ਉੱਠਿਆ। ਬੱਚੇ ਦਿਲਚਸਪੀ ਨਾਲ ਉਸ ਦੇ ਪਿੱਛੇ-ਪਿੱਛੇ ਸਨ। ਜ਼ਨਾਨੀਆਂ ਛੱਤਾਂ ਉੱਤੇ ਚੜ੍ਹ ਗਈਆਂ, ਪਰ ਪਰਮੇਸ਼ਰ ਗਲੀਆਂ ਵਿੱਚੋਂ ਹੁੰਦਾ ਹੋਇਆ ਬਾਹਰ ਖੇਤਾਂ ਵੱਲ ਨਿਕਲ ਗਿਆ ਸੀ। "ਓਏ, ਮੈਂ ਤਾਂ ਉਸ ਨੂੰ ਅੰਮਾਂ ਕੋਲ ਲੈ ਜਾਂਦਾ, ਯਾਰੋ! ਉਹ ਕਿਧਰ ਗਿਆ? ......ਅਖ਼ਤਰ, ਓ ਅਖ਼ਤਰ!"

"ਮੈਂ ਤੇਰੇ ਕੋਲ ਨਹੀਂ ਅਵਾਂਗਾ।" ਡੰਡੀ ਦੇ ਇਕ ਮੋੜ 'ਤੇ ਗਿਆਨ ਸਿੰਘ ਦੇ ਕਮਾਦ ਆਲੇ ਖੇਤ ਦੀ ਆੜ ਤੋਂ, ਰੋਂਦੇ ਹੋਏ ਅਖ਼ਤਰ ਨੇ ਪਰਮੇਸ਼ਰ ਨੂੰ ਡਾਂਟ ਦਿੱਤਾ।

"ਤੂੰ ਤੇ ਸਿੱਖ ਏਂ।"

"ਸਿੱਖ ਤੇ ਹਾਂ", ਪਰਮੇਸ਼ਰ ਨੇ ਜਿਵੇਂ ਮਜ਼ਬੂਰ ਹੋ ਕੇ ਆਪਣਾ ਜੁਰਮ ਮੰਨ ਲਿਆ।

"ਫਿਰ ਮੈਂ ਨਹੀਂ ਅਵਾਂਗਾ।" ਅਖ਼ਤਰ ਨੇ ਪੁਰਾਣੇ ਅੱਥਰੂਆਂ ਨੂੰ ਪੂੰਝ ਕੇ ਨਵੇਂ ਹੰਝੂਆਂ ਲਈ ਰਸਤਾ ਸਾਫ਼ ਕਰ ਲਿਆ।

"ਨਹੀਂ ਆਵੋਗੇ?" ਪਰਮੇਸ਼ਰ ਦਾ ਲਹਿਜਾ ਅਚਾਨਕ ਬਦਲ ਗਿਆ।

"ਨਹੀਂ।"

"ਨਹੀਂ ਆਵੋਗੇ?"

"ਨਹੀਂ, ਨਹੀਂ, ਨਹੀਂ।"

"ਕਿਵੇਂ ਨਹੀਂ ਆਵੇਂਗਾ?" ਉਸ ਜਾ ਅਖ਼ਤਰ ਨੂੰ ਕੰਨੋਂ ਫੜਿਆ ਅਤੇ ਫੇਰ ਬੁੱਲ੍ਹ ਨੂੰ ਦੰਦਾਂ ਵਿਚ ਦੱਬਾ ਕੇ ਉਸ ਦੇ ਮੂੰਹ 'ਤੇ ਜ਼ੋਰ ਨਾਲ ਥੱਪੜ ਜੜ ਦਿੱਤਾ। "ਚਲੋ!" ਉਹ ਕੜਕਿਆ।

ਅਖ਼ਤਰ ਇੰਝ ਸਹਿਮ ਗਿਆ ਜਿਵੇਂ ਇਕ ਦਮ ਸਾਰਾ ਖ਼ੂਨ ਨੁਚੱੜ ਗਿਆ ਹੋਵੇ। ਅਚਾਨਕ ਉਹ ਧਰਤੀ 'ਤੇ ਡਿੱਗ ਕੇ, ਮਿੱਟੀ ਉਡਾਉਣ ਤੇ ਬਿਲਕ-ਬਿਲਕ ਰੋਣ ਲੱਗ ਪਿਆ, "ਨਹੀਂ ਜਾਂਦਾ, ਬੱਸ ਨਹੀ ਜਾਂਦਾ। ਤੁਸੀ ਸਿੱਖ ਓ, ਮੈਂ ਸਿੱਖਾਂ ਕੋਲ ਨਹੀ ਜਾਵਾਂਗਾ। ਮੈਂ ਆਪਣੀ ਅੰਮਾਂ ਕੋਲ ਜਾਵਾਂਗਾ। ਮੈਂ ਤੈਨੂੰ ਮਾਰ ਦਿਆਂਗਾ।"

ਹੁਣ ਪਰਮੇਸ਼ਰ ਦੇ ਡਰਨ ਦੀ ਵਾਰੀ ਸੀ। ਉਸ ਦਾ ਵੀ ਰੰਗ ਜਿਵੇਂ ਫੱਕ ਹੋ ਗਿਆ ਹੋਵੇ। ਆਪਣੇ ਬੁੱਲ੍ਹਾਂ ਨੂੰ ਦੰਦਾਂ ਵਿਚ ਘੁੱਟਦਿਆਂ, ਉਸਦੀਆਂ ਨਾਸਾਂ ਫਰਕਣ ਲੱਗੀਆਂ ਤੇ ਉਹ ਜ਼ਾਰ-ਜ਼ਾਰ ਰੋਣ ਲੱਗ ਪਿਆ। ਖੇਤ ਦੀ ਪਾਰਲੀ ਵੱਟ 'ਤੇ ਆਉਂਦੇ ਹੋਏ ਗੁਆਂਢੀ ਤੇ ਉਨ੍ਹਾਂ ਦੇ ਬੱਚੇ ਸਹਿਮ ਗਏ। ਪਰਮੇਸ਼ਰ ਗੋਡਿਆਂ ਪਰਨੇ ਅਖ਼ਤਰ ਦੇ ਸਾਹਮਣੇ ਬਹਿ ਗਿਆ। ਇੰਝ ਸਿਸਕ-ਸਿਸਕ ਰੋਣ ਲੱਗਾ ਕਿ ਉਸ ਹੇਠਲਾ ਬੁੱਲ੍ਹ ਵੀ ਬੱਚਿਆਂ ਵਾਂਗਰ ਅਟੇਰ ਲਿਆ। ਫੇਰ ਰੋਂਦੂ 'ਵਾਜ਼ ਵਿਚ ਆਖਿਆ, "ਮੈਨੂੰ ਮਾਫ਼ ਕਰ ਦੇ ਅਖ਼ਤਰ, ਮੈਨੂੰ ਤੇਰੇ ਖ਼ੁਦਾ ਦੀ ਕਸਮ, ਮੈਂ ਤੇਰਾ ਦੋਸਤ ਹਾਂ। ਤੂੰ 'ਕੱਲਾ ਏਥੋਂ ਜਾਵੇਂਗਾ ਤਾਂ ਤੈਨੂੰ ਕੋਈ ਮਾਰ ਦੇਵੇਗਾ । ਫੇਰ ਤੇਰੀ ਮਾਂ ਪਾਕਿਸਤਾਨੋਂ ਆ ਕੇ ਮੈਨੂੰ ਮਾਰੇਗੀ। ਮੈਂ ਖ਼ੁਦ ਜਾ ਕੇ ਤੈਨੂੰ ਛੱਡ ਆਵਾਂਗਾ, ਸੁਣਿਐ? ਸੁਣ ਰਿਹਾ ਏਂ ਨਾ? ਫੇਰ ਉੱਥੇ.. .......ਜੇ ਤੈਨੂੰ ਇਕ ਮੁੰਡਾ ਮਿਲ ਜਾਵੇ ਨਾ, 'ਕਰਤਾਰੇ' ਨਾਂ ਦਾ, ਤੂੰ ਓਸ ਨੂੰ ਏਧਰ ਏਸੇ ਪਿੰਡ, ਛੱਡ ਜਾਵੀਂ, ਅੱਛਾ?"

"ਅੱਛਾ!"

ਅਖ਼ਤਰ ਨੇ ਉਲਟੇ ਹੱਥਾਂ ਨਾਲ ਅੱਥਰੂ ਪੂੰਝਦੇ ਹੋਏ ਪਰਮੇਸ਼ਰ ਨਾਲ ਸੌਦਾ ਕਰ ਲਿਆ।

ਪਰਮੇਸ਼ਰ ਨੇ ਅਖ਼ਤਰ ਨੂੰ ਮੋਢਿਆਂ 'ਤੇ ਬੈਠਾ ਲਿਆ ਤੇ ਟੁਰ ਪਿਆ। ਇਕ ਹੀ ਕਦਮ ਚੁੱਕ ਕੇ ਉਹ ਰੁੱਕ ਗਿਆ। ਸਾਹਮਣੇ ਬਹੁਤ ਸਾਰੇ ਬੱਚੇ ਤੇ ਕੁਝ ਗੁਆਂਢੀ ਖੜ੍ਹੇ ਉਸਦੀਆਂ ਸਾਰੀਆਂ ਹਰਕਤਾਂ ਵੇਖ ਰਹੇ ਸਨ। ਅੱਧਖੜ ਉਮਰ ਦਾ ਇਕ ਗੁਆਂਢੀ ਬੋਲਿਆ, "ਰੋਂਦਾਂ ਕਿਉਂ ਏਂ ਪੇਰਮੇਸ਼ਰੇ, ਕੁਝ ਵੇਲੇ ਦੀ ਤਾਂ ਗੱਲ ਏ। ਮਹੀਨੇ ਵਿਚ ਕੇਸ ਵੱਧ ਜਾਣਗੇ, ਤਾਂ ਬਿਲਕੁਲ ਕਰਤਾਰਾ ਹੀ ਲੱਗੇਗਾ।"

ਕੁਝ ਕਹੇ ਬਿਨਾਂ ਉਹ ਤੇਜ਼-ਤੇਜ਼ ਟੁਰਨ ਲੱਗ ਪਿਆ। ਇੱਕ ਥਾਂ ਰੁੱਕ ਕੇ ਉਸ ਪਲਟ ਕੇ, ਪਿੱਛੇ ਆਉਣ ਵਾਲੇ ਗੁਆਂਢੀਆਂ ਵੱਲ ਤੱਕਿਆ, "ਤੁਸੀਂ ਕਿੰਨੇ ਜ਼ਾਲਿਮ ਹੋ ਯਾਰੋ! ਅਖ਼ਤਰ ਨੂੰ ਕਰਤਾਰਾ ਬਣਾਉਂਦੇ ਹੋ ਤੇ ਜੇ ਕੋਈ ਉਧਰ ਕਰਤਾਰੇ ਨੂੰ ਅਖ਼ਤਰ ਬਣਾ ਲਵੇ ਤਾਂ ਉਸ ਨੂੰ ਜ਼ਾਲਿਮ ਕਹੋਗੇ ਨਾ?" ਉਸ ਦੀ ਆਵਾਜ਼ ਵਿੱਚ ਗਰਜ਼ ਆ ਗਈ।

"ਇਹ ਲੜਕਾ ਮੁਸਲਮਾਨ ਹੀ ਰਹੇਗਾ, ਦਰਬਾਰ ਸਾਹਿਬ ਦੀ ਸਹੁੰ। ਮੈਂ ਕੱਲ੍ਹ ਹੀ ਅੰਬਰਸਰ ਜਾ ਕੇ ਇਹਦੇ ਅੰਗਰੇਜ਼ੀ ਵਾਲ ਬਣਾ ਲਿਆਵਾਂਗਾ। ਤੁਸੀਂ ਮੈਨੂੰ ਕੀ ਸਮਝ ਰੱਖਿਆ ਹੈ? ਖਾਲਸਾ ਹਾਂ, ਸੀਨੇ ਵਿਚ ਸ਼ੇਰ ਦਾ ਦਿਲ ਹੈ, ਮੁਰਗੀ ਦਾ ਨਹੀਂ।"

ਪਰਮੇਸ਼ਰ ਆਪਣੇ ਘਰ ਆ, ਆਪਣੀ ਘਰਦੀ ਤੇ ਧੀ ਨੂੰ ਅਖ਼ਤਰ ਨਾਲ ਸੁਲ੍ਹਾ ਦੇ ਸਿਲਸਲੇ ਵਿਚ ਹੁਕਮ ਹੀ ਦੇ ਰਿਹਾ ਸੀ ਕਿ ਪਿੰਡ ਦਾ ਗ੍ਰੰਥੀ ਸੰਤੋਖ ਸਿੰਘ ਅੰਦਰ ਆਣ ਵੜਿਆ ਤੇ 'ਵਾਜ਼ ਮਾਰੀ, "ਪਰਮੇਸ਼ਰ ਸਿੰਘ ।"

"ਜੀ!" ਪਰਮੇਸ਼ਰ ਨੇ ਘੁੰਮ ਕੇ ਵੇਖਿਆ, ਗ੍ਰੰਥੀ ਦੇ ਪਿੱਛੇ ਉਸ ਦੇ ਗੁਆਂਢੀ ਵੀ ਸਨ। "ਦੇਖੋ!" ਗ੍ਰੰਥੀ ਨੇ ਹੁਕਮ ਚਾੜ੍ਹਦਿਆਂ ਆਖਿਆ, "ਕੱਲ੍ਹ ਤੋਂ ਇਹ ਲੜਕਾ ਖਾਲਸੇ ਵਰਗੀ ਪੱਗੜੀ ਬੰਨ੍ਹੇਗਾ, ਕੜਾ ਪਾਵੇਗਾ, ਗੁਰਦੁਆਰੇ ਆਵੇਗਾ ਤੇ ਉਸ ਨੂੰ ਪ੍ਰਸ਼ਾਦ ਖੁਵਾਇਆ ਜਾਵੇਗਾ। ਉਸ ਦੇ ਕੇਸਾਂ ਨੂੰ ਕੈਂਚੀ ਨਹੀਂ ਛੂਹੇਗੀ, ਛੂਹ ਗਈ ਤਾਂ ਕੱਲ੍ਹ ਤੋਂ ਇਹ ਘਰ ਖ਼ਾਲੀ ਕਰ ਦਿਉ, ਸਮਝੇ?"

"ਜੀ!"ਪਰਮੇਸ਼ਰ ਨੇ ਹੌਲੀ ਦੇ ਕੇ ਕਿਹਾ।

"ਹਾਂ!" ਗ੍ਰੰਥੀ ਨੇ ਛੇਕੜਲੀ ਚੋਟ ਲਾਈ।

"ਇਵੇਂ ਹੀ ਹੋਵੇਗਾ, ਗ੍ਰੰਥੀ ਜੀ।" ਪਰਮੇਸ਼ਰ ਦੀ

ਘਰਦੀ ਬੋਲੀ, "ਮੁੱਢੋਂ ਹੀ ਏਹਨੂੰ ਰਾਤਾਂ ਨੂੰ ਘਰ ਦੇ ਕੋਨੇ-ਕੋਨੇ 'ਚੋਂ ਕੋਈ ਚੀਜ਼ ਕੁਰਾਨ ਪੜ੍ਹਦੀ ਸੁਣਾਈ ਦੇਂਦੀ ਹੈ। ਲੱਗਦੈ, ਪਿਛਲੇ ਜਨਮ ਵਿਚ ਮੁਸਲਾ ਰਹਿ ਚੁੱਕਾ ਏ। ਅਮਰ ਬੇਟੀ ਨੇ ਤਾਂ ਜਦ ਤੋਂ ਇਹ ਸੁਣਿਆ ਏ ਕਿ ਸਾਡੇ ਘਰ ਵਿਚ ਮੁਸਲਾ ਛੋਕਰਾ ਆਇਆ ਹੈ, ਤਾਂ ਬੈਠੀ ਰੋ ਰਹੀ ਹੈ। ਕਹਿੰਦੀ ਏ, 'ਘਰ ਵਿਚ ਕੋਈ ਹੋਰ ਮੁਸੀਬਤ ਆਵੇਗੀ।' ਜੇ ਇਸ, ਆਪ ਦੀ ਆਗਿਆ ਦਾ ਪਾਲਨ ਨਾ ਕੀਤਾ, ਤਾਂ ਮੈਂ ਗੁਰਦੁਆਰੇ ਚਲੀ ਆਵਾਂਗੀ ਤੇ ਅਮਰ ਵੀ। ਇਹ ਪਿਆ ਇਸ ਛੋਕਰੇ ਨੂੰ ਚੁੰਮਦਾ ਰਵ੍ਹੇ। ਮੋਇਆ, ਨਿਕੰਮਾ, ਵਾਹਿਗੁਰੂ ਦਾ ਵੀ ਲਿਹਾਜ ਨਹੀਂ ਕਰਦਾ।"

"ਵਾਹਿਗੁਰੂ ਦਾ ਕੌਣ ਲਿਹਾਜ ਨਹੀਂ ਕਰਦਾ ਖੋਤੀਏ!" ਪਰਮੇਸ਼ਰ ਨੇ ਗ੍ਰੰਥੀ ਦੀ ਗੱਲ ਦਾ ਗੁੱਸਾ ਪਤਨੀ 'ਤੇ ਕੱਢਿਆ ...... ਫਿਰ ਉਹ ਦੇਰ ਤੱਕ ਹੌਲੀ-ਹੌਲੀ ਗਾਲ੍ਹਾਂ ਕੱਢਦਾ ਰਿਹਾ। ਕੁਝ ਚਿਰ ਪਿੱਛੋਂ ਉਹ ਗ੍ਰੰਥੀ ਦੇ ਸਨਮੁੱਖ ਹੋਇਆ।

"ਅੱਛਾ ਜੀ, ਅੱਛਾ।" ਉਸ ਕੁਝ ਇੰਝ ਆਖਿਆ ਕਿ ਗ੍ਰੰਥੀ ਗੁਆਂਢੀ ਦੇ ਨਾਲ ਹੀ ਟੁਰ ਗਿਆ।

ਕੁਝ ਹੀ ਦਿਨਾਂ ਵਿਚ ਅਖ਼ਤਰ ਨੂੰ ਦੂਜੇ ਸਿੱਖ ਲੜਕਿਆਂ ਤੋਂ ਅੱਡ ਪਛਾਨਣਾ ਮੁਸ਼ਕਿਲ ਹੋ ਗਿਆ। ਕੰਨਾਂ ਦੀਆਂ ਲਵਾਂ ਤੱਕ ਬੰਨ੍ਹੀ ਹੋਈ ਪੱਗੜੀ, ਹੱਥ ਦਾ ਕੜਾ ਤੇ ਉਹੀ ਕਛਹਿਰਾ। ਸਿਰਫ਼ ਉਹ ਘਰ ਵਿਚ ਆ ਕੇ ਪਗੜੀ ਲਾਹੁੰਦਾ ਸੀ ਤਾਂ ਉਸ ਦੇ ਗੈਰ ਸਿੱਖ ਹੋਣ ਦਾ ਰਾਜ਼ ਖੁੱਲ੍ਹਦਾ ਸੀ। ਉਹਦੇ ਵਾਲ ਬੜੀ ਤੇਜ਼ੀ ਨਾਲ ਵੱਧ ਰਹੇ ਸਨ। ਪਰਮੇਸ਼ਰ ਦੀ ਬੀਵੀ ਵਾਲਾਂ ਨੂੰ ਛੂਹ ਕੇ ਬਹੁਤ ਖ਼ੁਸ਼ ਹੁੰਦੀ। "ਜ਼ਰਾ ਏਧਰ ਆ ਤਾਂ ਅਮਰ ਕੁਰੇ! ਐਹ ਦੇਖ, ਕੇਸ ਵੱਧ ਰਹੇ ਨੇ, ਇਕ ਦਿਨ ਜੂੜਾ ਬੱਝੇਗਾ, ਕੰਘਾ ਲੱਗੇਗਾ ਅਤੇ ਏਹਦਾ ਨਾਂ ਹੋਵੇਗਾ ਕਰਤਾਰ ਸਿੰਘ।"

"ਨਹੀਂ ਮਾਂ", ਅਮਰ ਉੱਥੇ ਹੀ ਜਵਾਬ ਦੇਂਦੀ, "ਜਿਸ ਤਰ੍ਹਾਂ ਵਾਹਿਗੁਰੂ ਜੀ ਇਕ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਹਨ ਅਤੇ ਚੰਨ ਇਕ ਏ, ਉਸੇ ਤਰ੍ਹਾਂ ਕਰਤਾਰਾ ਵੀ ਇੱਕ ਹੀ ਏ, ਮੇਰਾ ਨਿੱਕਾ ਜਿਹਾ ਵੀਰ", ਉਹ ਫੁੱਟ-ਫੁੱਟ ਕੇ ਰੋ ਪਈ ਅਤੇ ਗੁੱਸੇ ਨਾਲ ਕਿਹਾ, "ਮੈਂ ਏਸ ਖਿਡਾਉਣੇ ਨਾਲ ਨਹੀਂ ਪਰਚਾਂਗੀ। ਮਾਂ, ਮੈਨੂੰ ਪਤਾ ਹੈ ਇਹ 'ਮੁਸਲਾ' ਹੈ ਅਤੇ ਜੋ 'ਕਰਤਾਰਾ' ਹੁੰਦਾ ਹੈ ਉਹ ਮੁਸਲਾ ਨਹੀਂ ਹੁੰਦਾ।"

"ਮੈਂ ਕਦੋਂ ਕਹਿੰਨੀ ਆਂ, ਕਿ ਇਹ ਸੱਚ-ਮੁੱਚ ਦਾ ਕਰਤਾਰਾ ਏ। ਮੇਰਾ ਚੰਨ ਵਰਗਾ ਲਾਡਲਾ ਪੁੱਤਰ।" ਪਰਮੇਸ਼ਰ ਦੀ ਘਰਦੀ ਵੀ ਰੋ ਪਈ। ਦੋਵੇਂ ਅਖ਼ਤਰ ਨੂੰ 'ਕੱਲਾ ਛੱਡ, ਕਿਸੇ ਕੋਨੇ ਵਿਚ ਬੈਠ ਜਾਂਦੀਆਂ, ਜ਼ਾਰ-ਜ਼ਾਰ ਰੋਂਦੀਆਂ, ਇਕ ਦੂਜੀ ਨੂੰ ਤੱਸਲੀਆਂ ਦੇਂਦੀਆਂ ਅਤੇ ਫਿਰ ਹੋਰ ਜ਼ੋਰ ਨਾਲ ਰੋਣ ਲੱਗ ਪੈਂਦੀਆਂ। ਉਹ ਆਪਣੇ ਕਰਤਾਰੇ ਲਈ ਰੋਂਦੀਆਂ। ਅਖ਼ਤਰ, ਕੁਝ ਦਿਨ ਆਪਣੀ ਅੰਮਾਂ ਲਈ ਰੋਂਦਾ ਰਿਹਾ। ਹੁਣ ਕਿਸੇ ਹੋਰ ਗੱਲ ਉੱਤੇ ਰੋਂਦਾ। ਜਦ ਪਰਮੇਸ਼ਰ ਸਿੰਘ ਪਨਾਹਗੀਰਾਂ ਲਈ ਪੰਚਾਇਤ ਤੋਂ ਕੁਝ ਅਨਾਜ ਜਾਂ ਕੱਪੜਾ ਲੈ ਕੇ ਆਉਂਦਾ ਤਾਂ ਅਖ਼ਤਰ ਭੱਜ ਕੇ ਆਉਂਦਾ ਤੇ ਉਸ ਦੀਆਂ ਲੱਤਾਂ ਨਾਲ ਲਿਪਟ ਜਾਂਦਾ ਅਤੇ ਰੋ-ਰੋ ਕੇ ਕਹਿੰਦਾ, "ਮੇਰੇ ਸਿਰ 'ਤੇ ਪੱਗੀ ਬੰਨ੍ਹ ਦਿਓ, ਪਰਮੂੰ! ਮੇਰੇ ਕੇਸ ਵਧਾ ਦਿਉ, ਮੈਨੂੰ ਕੰਘਾ ਲੈ ਦਿਉ।"

ਪਰਮੇਸ਼ਰ ਉਸ ਨੂੰ ਆਪਣੀ ਛਾਤੀ ਨਾਲ ਲਾ ਲੈਂਦਾ ਤੇ ਮੋਟੀ ਜਿਹੀ ਉੱਚੀ ਆਵਾਜ਼ ਵਿਚ ਕਹਿੰਦਾ, "ਇਹ ਸਭ ਹੋ ਜਾਏਗਾ ਬੱਚੇ! ਸਭ ਕੁਝ ਹੋ ਜਾਵੇਗਾ। ਪਰ ਇਕ ਗੱਲ ਨਹੀਂ ਹੋਵੇਗੀ, ਉਹ ਗੱਲ ਕਦੰਤ ਨਹੀਂ ਹੋਵੇਗੀ, ਉਹ ਮੈਥੋਂ ਨਹੀਂ ਹੋ ਸਕੇਗਾ। ਸਮਝੇ? ਏਹ ਕੇਸ-ਵੇਸ ਸਭ ਵੱਧ ਜਾਣਗੇ।"

ਅਖ਼ਤਰ ਹੁਣ ਆਪਣੀ ਮਾਂ ਨੂੰ ਬਹੁਤ ਘੱਟ ਯਾਦ ਕਰਦਾ ਸੀ। ਜਿੰਨਾ ਚਿਰ ਤੱਕ ਪਰਮੇਸ਼ਰ ਘਰ ਰਹਿੰਦਾ, ਉਹ ਉਸ ਨਾਲ ਚਿਮਟਿਆ ਰਹਿੰਦਾ, ਜਦ ਉਹ ਕਿਧਰੇ ਬਾਹਰ ਜਾਂਦਾ ਤਾਂ ਅਖ਼ਤਰ ਉਸ ਦੀ ਬੀਵੀ ਤੇ ਅਮਰ ਵੱਲ ਇੰਝ ਵੇਂਹਦਾ ਰਹਿੰਦਾ, ਜਿਵੇਂ ਉਹਨਾਂ ਕੋਲੋਂ ਪਿਆਰ ਦੀ ਭੀਖ਼ ਮੰਗ ਰਿਹਾ ਹੋਵੇ। ਬੀਵੀ ਉਸ ਨੂੰ ਨੁਹਾਉਂਦੀ, ਉਸ ਦੇ ਕੱਪੜੇ ਧੋਂਦੀ ਅਤੇ ਵਾਲਾਂ ਨੂੰ ਕੰਘੀ ਕਰਦੀ ਹੋਈ ਜਦੋਂ ਰੋਣ ਲੱਗਦੀ ਤੇ ਰੋਂਦੀ ਹੀ ਰਹਿੰਦੀ।

ਪਰ, ਅਮਰ ਨੇ ਅਖ਼ਤਰ ਵੱਲ ਜਦ ਵੀ ਦੇਖਿਆ ਨਫ਼ਰਤ ਨਾਲ ਹੀ ਤੱਕਿਆ। ਸ਼ੁਰੂ-ਸ਼ੁਰੂ ਵਿਚ ਤਾਂ ਉਸ ਅਖ਼ਤਰ ਨੂੰ ਇੱਕ ਧਮੁੱਕਾ ਵੀ ਜੜ ਦਿੱਤਾ ਸੀ। ਫੇਰ ਜਦ ਅਖ਼ਤਰ ਨੇ ਪਰਮੇਸ਼ਰ ਕੋਲ ਸ਼ਕਾਇਤ ਕੀਤੀ ਤਾਂ ਪਰਮੇਸ਼ਰ ਬਿਫ਼ਰ ਗਿਆ। ਅਮਰ ਨੂੰ ਬਹੁਤ ਗੰਦੀਆਂ ਗਾਲ੍ਹਾਂ ਕੱਢਦਾ ਉਸ ਵੱਲ ਇੰਝ ਵਧਿਆ, ਕਿ ਜੇ ਉਹਦੀ ਘਰ ਵਾਲੀ ਉਹਦੇ ਪੈਰੀਂ ਨਾ ਪੈਂਦੀ ਤਾਂ ਉਹ ਕੁੜੀ ਨੂੰ ਚੁੱਕ, ਕੰਧ ਉੱਪਰੋਂ ਗਲੀ ਵਿਚ ਸੁੱਟ ਦੇਂਦਾ। "ਉੱਲੂ ਦੀ ਪੱਠੀ" ਉਸ ਦਿਨ ਉਹਨੇ ਕੜਕ ਕੇ ਕਿਹਾ ਸੀ। "ਸੁਣਿਆ ਤਾਂ ਏਹੀ ਸੀ ਪਈ ਕੁੜੀਆਂ ਚੁੱਕੀਆਂ ਜਾ ਰਹੀਆਂ ਨੇ, ਪਰ ਏਥੇ ਇਹ ਮੁਸ਼ਟੰਡੀ, ਸਾਡੇ ਨਾਲ ਚਿੰਬੜੀ ਬੈਠੀ ਏ? ਚਲਾ ਗਿਆ ਪੰਜ ਸਾਲ ਦਾ ਸਾਡਾ ਕਰਤਾਰਾ, ਜਿਸ ਨੂੰ ਹੁਣ ਤੱਕ ਨੱਕ ਪੂੰਝਣਾ ਵੀ ਨਹੀਂ ਸੀ ਆਉਂਦਾ। ਅਜਬ ਅਨ੍ਹੇਰ ਹੈ ਯਾਰੋ!"

ਇਸ ਘਟਨਾ ਪਿੱਛੋਂ ਅਮਰ ਨੇ ਅਖ਼ਤਰ 'ਤੇ ਹੱਥ ਤਾਂ ਫ਼ੇਰ ਕਦੀ ਨਹੀਂ ਚੁੱਕਿਆ ਪਰ ਉਹਦੀ ਨਫ਼ਰਤ ਵਧ ਗਈ।

ਇਕ ਦਿਨ ਅਖ਼ਤਰ ਨੂੰ ਤੇਜ਼ ਬੁਖ਼ਾਰ ਚੜ੍ਹ ਗਿਆ। ਪਰਮੇਸ਼ਰ ਵੈਦ ਕੋਲ ਗਿਆ ਤੇ ਉਸ ਦੇ ਚਲੇ ਜਾਣ ਦੇ ਕੁਝ ਦੇਰ ਬਾਅਦ ਹੀ, ਬੀਵੀ ਗੁਆਂਢਣ ਤੋਂ ਪੀਸੀ ਹੋਈ ਸੌਂਫ਼ ਮੰਗਣ ਟੁਰ ਗਈ। ਅਖ਼ਤਰ ਨੂੰ ਤ੍ਰੇਹ ਲੱਗੀ। "ਪਾਣੀ" ਉਸ ਮੰਗਿਆ। ਫੇਰ ਕੁਝ ਚਿਰ ਪਿੱਛੋਂ, ਲਾਲ ਸੁੱਜੀਆਂ ਅੱਖਾਂ ਖੋਲ੍ਹੀਆਂ। ਏਧਰ-ਉਧਰ ਤੱਕਿਆ ਅਤੇ "ਪਾਣੀ" ਦਾ ਸ਼ਬਦ ਇਕ ਕਰਾਹ ਬਣ ਕੇ ਉਸ ਦੇ ਗਲੇ 'ਚੋਂ

ਨਿਕਲਿਆ। ਕੁਝ ਦੇਰ ਮਗਰੋਂ ਉਹ ਰਜ਼ਾਈ ਨੂੰ ਇੱਕ ਬੰਨੇ ਸੁੱਟ ਕੇ ਉੱਠ ਬੈਠਾ। ਅਮਰ, ਸਾਹਮਣੇ ਦੇਹਲੀ 'ਤੇ ਬੈਠੀ ਖਜੂਰ ਦੇ ਪੱਤਿਆਂ ਦੀ ਚੰਗੇਰ ਬਣਾ ਰਹੀ ਸੀ।

"ਪਾਣੀ ਦੇਹ!" ਅਖ਼ਤਰ ਨੇ ਉਸ ਨੂੰ ਡਾਂਟਿਆ।

ਅਮਰ ਨੇ ਭਰਵੱਟੇ ਸੁਕੇੜ ਕੇ ਘੂਰ ਕੇ ਵੇਖਿਆ ਤੇ ਫੇਰ ਆਪਣੇ ਕੰਮ ਵਿਚ ਰੁਝ ਗਈ।

ਅਖ਼ਤਰ ਫੇਰ ਚੀਕਿਆ ,"ਪਾਣੀ ਦੇਨੀਂ ਏਂ ਕਿ ਨਹੀਂ? ਪਾਣੀ ਦੇਹ ਨਹੀਂ ਤੇ ਮੈਂ ਮਾਰਾਂਗਾ!"

----ਅਮਰ ਨੇ ਹੁਣ ਤਾਂ ਉਸ ਵੱਲ ਤੱਕਿਆ ਵੀ ਨਾ। ਬੋਲੀ, "ਮਾਰ ਤਾਂ ਸਹੀ, ਤੂੰ ਕਰਤਾਰਾ ਤਾਂ ਨਹੀ ਕਿ ਮੈਂ ਤੇਰੀ ਮਾਰ ਸਹਿ ਲਵਾਂਗੀ। ਮੈਂ ਤੇਰੀ ਬੋਟੀ-ਬੋਟੀ ਕਰ ਦਿਆਂਗੀ।"

ਅਖ਼ਤਰ ਬਿਲਕ-ਬਿਲਕ ਕੇ ਰੋਣ ਲੱਗਾ ਅਤੇ ਅੱਜ ਫੇਰ ਸਮੇਂ ਪਿੱਛੋਂ ਉਸ ਆਪਣੀ ਅੰਮਾਂ ਨੂੰ ਯਾਦ ਕੀਤਾ। ਜਦ ਪਰਮੇਸ਼ਰ ਦਵਾ ਲੈ ਕੇ ਆਇਆ, ਪਤਨੀ ਵੀ ਪੀਸੀ ਹੋਈ ਸੌਂਫ ਲੈਕੇ ਆ ਗਈ। ਤਾਂ, ਅਖ਼ਤਰ ਨੇ ਰੋਂਦੇ-ਰੋਂਦੇ ਬੁਰੀ ਹਾਲਤ ਬਣਾ ਲਈ ਸੀ ਅਤੇ ਉਹ ਸਿਸਕ ਕੇ ਕਹਿ ਰਿਹਾ ਸੀ, "ਮੈਂ ਤਾਂ ਹੁਣ ਅੰਮਾਂ ਕੋਲ ਚਲਾ ਜਾਵਾਂਗਾ। ਇਹ ਅਮਰੋ ਸੂਰ ਦੀ ਬੱਚੀ ਪਾਣੀ ਭੀ ਨਹੀਂ ਪਿਆਉਂਦੀ। ਮੈਂ ਤਾਂ ਅੰਮਾਂ ਪਾਸ ਚਲਾ ਜਾਵਾਂਗਾ।"

ਪਰਮੇਸ਼ਰ ਨੇ ਅਮਰ ਵੱਲ ਗੁੱਸੇ ਨਾਲ ਦੇਖਿਆ। ਉਹ ਰੋਂਦਿਆ ਮਾਂ ਨੂੰ ਕਹਿ ਰਹੀ ਸੀ, "ਕਿਉਂ ਪਾਣੀ ਪਿਆਉਂਦੀ? ਕਰਤਾਰਾ ਵੀ ਤੇ ਇੰਝ ਹੀ ਪਾਣੀ ਮੰਗ ਰਿਹਾ ਹੋਵੇਗਾ ਕਿਸੇ ਤੋਂ! ਕਿਸੇ ਨੂੰ ਉਸ ਉੱਤੇ ਤਰਸ ਨਾ ਆਏ, ਤਾਂ ਸਾਨੂੰ ਕਿਉਂ ਤਰਸ ਆਵੇ ਏਸ 'ਤੇ?.......ਹਾਂ।"

ਪਰਮੇਸ਼ਰ ਅਖ਼ਤਰ ਵੱਲ ਵਧਿਆ ਅਤੇ ਆਪਣੀ ਬੀਵੀ ਵੱਲ ਇਸ਼ਾਰਾ ਕਰਕੇ ਬੋਲਿਆ, "ਇਹ ਵੀ ਤੇਰੀ ਅੰਮਾਂ ਹੈ ਬੇਟੇ।"

"ਨਹੀਂ!" ਅਖ਼ਤਰ ਬੜੇ ਗੁੱਸੇ 'ਚ ਬੋਲਿਆ, "ਇਹ ਤਾਂ ਸਿੱਖ ਹੈ, ਮੇਰੀ ਅੰਮਾਂ ਤਾਂ ਪੰਜ ਵੇਲੇ ਨਿਮਾਜ਼ ਪੜ੍ਹਦੀ ਏ ਤੇ ਬਿਸਮਿੱਲਾ ਕਹਿ ਕੇ ਪਾਣੀ ਪਿਲਾਉਂਦੀ ਹੈ।"

ਪਰਮੇਸ਼ਰ ਦੀ ਘਰਦੀ ਤੁਰੰਤ ਇਕ ਕੌਲਾ ਪਾਣੀ ਭਰ ਲਿਆਈ। ਤਾਂ ਅਖ਼ਤਰ ਨੇ ਕੌਲਾ ਫੜ ਹੱਥੋਂ ਸੁੱਟ ਦਿੱਤਾ ਅਤੇ ਚੀਕਿਆ, "ਮੈਂ, ਤੇਰੇ ਹੱਥਾਂ ਦਾ ਨਹੀਂ ਪੀਵਾਂਗਾ। ਤੂੰ ਤਾਂ, ਅਮਰ ਕੌਰ ਸੂਰ ਦੀ ਬੱਚੀ ਦੀ ਅੰਮਾਂ ਏਂ, ਮੈਂ ਤਾਂ ਪਰਮੂੰ ਦੇ ਹੱਥਾਂ ਤੋਂ ਪੀਵਾਂਗਾ।"

"ਇਹ ਵੀ ਤਾਂ ਸੂਰ ਦੀ ਬੱਚੀ ਦਾ ਬਾਪ ਏ।" ਅਮਰ ਨੇ ਗੁੱਸੇ ਨਾਲ ਕਿਹਾ।

"ਤਾਂ, ਹੋਵੇ ਬੇਸ਼ੱਕ", ਅਖ਼ਤਰ ਬੋਲਿਆ, "ਤੈਨੂੰ ਏਸ ਨਾਲ ਕੀ?"

ਪਰਮੇਸ਼ਰ ਦੇ ਚਿਹਰੇ ਉੱਤੇ ਅਜੀਬ ਧੁੱਪ-ਛਾਂ ਜੇਹੀ ਪੈਦਾ ਹੋ ਗਈ। ਉਹ ਅਖ਼ਤਰ ਦੇ ਮੁਤਾਲਬੇ ਉੱਤੇ ਮੁਸਕਰਾਇਆ ਵੀ ਤੇ ਰੋਇਆ ਵੀ। ਫੇਰ ਉਹਨੇ ਅਖ਼ਤਰ ਨੂੰ ਪਾਣੀ ਪਿਲਾਇਆ, ਮੱਥੇ ਨੂੰ ਚੁੰਮਿਆਂ, ਪਿੱਠ ਉੱਤੇ ਹੱਥ ਫੇਰਿਆ, ਬਿਸਤਰੇ 'ਚ ਲਿਟਾ ਕੇ, ਉਸ ਦੇ ਸਿਰ ਨੂੰ ਹੌਲੀ-ਹੌਲੀ ਪਲੋਸਦਾ ਰਿਹਾ। ਕਿਧਰੇ ਸ਼ਾਮੀ ਉਸ ਦਾ ਕਰੋਧ ਠੰਢਾ ਹੋਇਆ। ਉਦੋਂ ਤਾਈਂ ਅਖ਼ਤਰ ਦਾ ਬੁਖ਼ਾਰ ਵੀ ਲੱਥ ਚੁੱਕਾ ਸੀ ਤੇ ਉਹ ਬੜੇ ਮਜ਼ੇ ਨਾਲ ਸੌਂ ਰਿਹਾ ਸੀ।

ਅੱਜ ਬਹੁਤ ਸਮੇਂ ਬਾਅਦ ਰਾਤ ਨੂੰ ਪਰਮੇਸ਼ਰ ਸਿੰਘ ਭੜਕ ਉੱਠਿਆ ਤੇ ਹੌਲੀ ਜਿਹੀ ਕਿਹਾ,"ਭਾਗਵਾਨੇ, ਸੁਣਨੀ ਏਂ? ਸੁਣ ਰਹੀ ਏਂ? ਏਥੇ ਕੋਈ ਚੀਜ਼ ਕੁਰਾਨ ਪੜ੍ਹ ਰਹੀ ਏ।"

ਪਤਨੀ ਨੇ ਪਹਿਲਾਂ ਤਾਂ ਉਸਨੂੰ ਪੁਰਾਣੀ ਆਦਤ ਕਹਿ ਕੇ ਟਾਲਣਾ ਚਾਹਿਆ, ਫੇਰ ਇਕ ਦਮ ਘਬਰਾ ਕੇ ਉੱਠੀ ਤੇ ਅਮਰ ਦੇ ਮੰਜੇ ਵੱਲ ਹੱਥ ਵਧਾ ਕੇ ਉਸ ਨੂੰ ਹੌਲੀ-ਹੌਲੀ ਹਿਲਾ ਕੇ ਆਹਿਸਤਾ ਨਾਲ ਬੋਲੀ, "ਬੇਟੀ।"

"ਜੀ! ਹਾਂ, ਮਾਂ", ਅਮਰ ਘਬਰਾ ਗਈ।

ਉਸ ਉਹਦੇ ਕੰਨ ਵਿਚ ਕਿਹਾ, "ਸੁਣੋਂ ਤਾਂ, ਸੱਚਮੁੱਚ ਕੋਈ ਚੀਜ਼ ਕੁਰਾਨ ਪੜ੍ਹ ਰਹੀ ਏ।" ਇਹ ਇਕ ਪਲ ਦਾ ਸਨਾਟਾ ਬੜਾ ਹੀ ਭਿਆਨਕ ਸੀ। ਅਮਰ ਦੀ ਚੀਕ਼, ਉਸ ਨਾਲੋਂ ਵੀ ਜ਼ਿਆਦਾ ਦਰਦਨਾਕ ਅਤੇ ਫੇਰ ਅਖ਼ਤਰ ਦੀ ਚੀਕ ਹੋਰ ਵੀ ਵਧੇਰੇ ਖੌਫ਼ਨਾਕ ਸੀ।

"ਕੀ ਹੋਇਆ ਬੇਟਾ?" ਪਰਮੇਸ਼ਰ ਸਿੰਘ ਤੜਪ ਕੇ ਉੱਠਿਆ ਅਤੇ ਅਖ਼ਤਰ ਦੇ ਮੰਜੇ ਕੋਲ ਜਾ ਕੇ ਉਹਨੂੰ ਆਪਣੀ ਛਾਤੀ ਨਾਲ ਲਾ ਲਿਆ, "ਡਰ ਗਿਐਂ ਬੇਟਾ?"

"ਹਾਂ!", ਅਖ਼ਤਰ ਰਜ਼ਾਈ 'ਚੋਂ ਸਿਰ ਕੱਢ ਕੇ ਬੋਲਿਆ, "ਕੋਈ ਚੀਕਿਆ ਸੀ।"

"ਅਮਰ ਕੌਰ ਚੀਕੀ ਸੀ।" ਪਰਮੇਸ਼ਰ ਨੇ ਕਿਹਾ, "ਅਸੀਂ ਸਾਰੇ ਇਉਂ ਸਮਝੇ ਜਿਵੇਂ ਕੋਈ ਚੀਜ਼ ਏਥੇ ਕੁਰਾਨ ਪੜ੍ਹ ਰਹੀ ਹੋਵੇ।"

"ਮੈਂ ਪੜ੍ਹ ਰਿਹਾਂ ਸਾਂ।" ਅਖ਼ਤਰ ਬੋਲਿਆ।

ਹੁਣ ਵੀ ਅਮਰ ਦੇ ਮੂੰਹ 'ਚੋਂ ਹਲਕੀ ਜਿਹੀ ਚੀਕ ਨਿਕਲ ਗਈ। ਘਰਦੀ ਨੇ ਜਲਦੀ ਹੀ ਚਿਰਾਗ਼ ਜਗਾ ਦਿੱਤਾ ਤੇ ਅਮਰ ਦੇ ਮੰਜੇ ਤੇ ਬੈਠ ਕੇ ਉਹ ਦੋਵੇਂ ਅਖ਼ਤਰ ਨੂੰ ਇੰਝ ਵੇਖਣ ਲੱਗੀਆਂ, 'ਜਿਵੇਂ ਉਹ ਹੁਣੇ ਧੂੰਆਂ ਬਣ ਕੇ ਦਰਵਾਜ਼ੇ ਦੀਆਂ ਝੀਥਾਂ ਵਿੱਚੋਂ ਉੱਡ ਜਾਵੇਗਾ ਤੇ ਬਾਹਰੋਂ ਡਰਾਉਣੀ ਆਵਾਜ਼ ਆਵੇਗੀ, "ਮੈਂ ਜਿੰਨ ਹਾਂ! ਮੈਂ ਕੱਲ੍ਹ ਫਿਰ ਆਵਾਂਗਾ ਤੇ ਕੁਰਾਨ ਪੜ੍ਹਾਗਾਂ।"

"ਕੀ ਪੜ੍ਹ ਰਹੇ ਸਓ ਭਲਾ?" ਪਰਮੇਸ਼ਰ ਨੇ ਪੁੱਛਿਆ।

"ਪੜ੍ਹਾਂ?" ਅਖ਼ਤਰ ਨੇ ਆਖਿਆ।

"ਹਾਂ, ਹਾਂ, ਬੜੇ ਸ਼ੌਕ ਨਾਲ।"

ਅਖ਼ਤਰ, "ਕੁੱਲ-ਹੂ-ਅੱਲਾ-ਅਹਿਦ" ਪੜ੍ਹਨ ਲੱਗਾ। 'ਕਫ਼ੂਅਨ ਅਹਿਦ' ਤੱਕ ਪਹੁੰਚ ਕੇ ਉਹਨੇ ਆਪਣੇ ਗਲੇ ਵਿਚ 'ਛੂ' ਕੀਤੀ ਤੇ ਫਿਰ ਪਰਮੇਸ਼ਰ ਸਿੰਘ ਵੱਲ ਮੁਸਕਰਾ ਕੇ ਦੇਖਦੇ ਹੋਏ ਬੋਲਿਆ, "ਤੇਰੇ ਸੀਨੇ ਉੱਤੇ ਵੀ ਛੂ ਕਰ ਦਿਆਂ।"

"ਹਾਂ, ਹਾਂ।" ਪਰਮੇਸ਼ਰ ਨੇ ਗਲੇ ਦਾ ਬਟਨ ਖੋਲ੍ਹ

ਦਿੱਤਾ ਅਤੇ ਅਖ਼ਤਰ ਨੇ ਛੂ ਕਰ ਦਿੱਤੀ। ਹੁਣ ਅਮਰ ਨੇ ਬੜੀ ਮੁਸ਼ਕਿਲ ਨਾਲ ਚੀਕ ਉੱਤੇ ਕਾਬੂ ਪਾਇਆ।

ਪਰਮੇਸ਼ਰ ਬੋਲਿਆ, "ਕੀ ਨੀਂਦਰ ਨਹੀਂ ਆਉਂਦੀ ਪਈ?"

"ਹਾਂ!" ਅਖ਼ਤਰ ਆਖਣ ਲੱਗਾ, "ਅੰਮਾਂ ਯਾਦ ਆ ਗਈ। ਅੰਮਾਂ ਕਹਿੰਦੀ ਏ, 'ਨੀਂਦ ਨਾ ਆਵੇ ਤਾਂ ਤਿੰਨ ਵਾਰ 'ਕੁੱਲ-ਹੂ-ਅੱਲਾ' ਪੜ੍ਹੋ, ਨੀਂਦ ਆ ਜਾਵੇਗੀ।' ਹੁਣ ਆ ਰਹੀ ਸੀ ਪਰ ਅਮਰ ਨੇ ਡਰਾ ਦਿੱਤਾ। "

"ਫਿਰ-ਤੋਂ ਪੜ੍ਹ ਕੇ ਸੌਂ ਜਾਵੋ", ਪਰਮੇਸ਼ਰ ਕਹਿਣ ਲੱਗਾ, "ਰੋਜ਼ ਪੜ੍ਹਿਆ ਕਰੋ, ਉੱਚੀ-ਉੱਚੀ ਪੜ੍ਹਿਆ ਕਰੋ। ਉਸ ਨੂੰ ਭੁੱਲਣਾ ਨਹੀਂ। ਨਹੀਂ, ਤੇਰੀ ਅੰਮਾਂ ਤੈਨੂੰ ਮਾਰੇਗੀ। ਲਓ ਹੁਣ ਸੌਂ ਜਾਉ।" ਉਸ ਅਖ਼ਤਰ ਨੂੰ ਲਿਟਾ ਕੇ ਰਜ਼ਾਈ ਨਾਲ ਢਕ ਦਿੱਤਾ। ਜਦੋਂ ਚਿਰਾਗ਼ ਬੁਝਾਉਣ ਲਈ ਵਧਿਆ ਤਾਂ ਅਮਰ ਬੋਲੀ, "ਨਹੀਂ, ਨਹੀਂ ਭਾਪਾ! ਬੁਝਾਉ ਨਾ, ਡਰ ਲੱਗਦਾ ਏ!"

"ਡਰ ਲੱਗਦਾ ਹੈ?" ਪਰਮੇਸ਼ਰ ਨੇ ਹੈਰਾਨ ਹੋ ਕੇ ਪੁਛਿਆ, "ਕਿਸ ਤੋਂ ਡਰ ਲੱਗਦਾ ਹੈ?"

"ਜਗਦਾ ਰਵ੍ਹੇ, ਕੀ ਏ?" ਪਤਨੀ ਬੋਲੀ।

ਪਰਮੇਸ਼ਰ ਦੀਵਾ ਬੁਝਾ ਕੇ ਹੱਸ ਪਿਆ, "ਕਮਲੀਆਂ .........ਚੁੜੇਲਾਂ।" ਰਾਤ ਦੇ ਹਨ੍ਹੇਰੇ ਵਿਚ ਅਖ਼ਤਰ ਹੌਲੀ-ਹੌਲੀ 'ਕੁੱਲ-ਹੂ ਅੱਲਾ' ਪੜ੍ਹਦਾ ਰਿਹਾ, ਫੇਰ ਕੁਝ ਦੇਰ ਬਾਅਦ ਉਹ ਛੋਟੇ-ਛੋਟੇ ਘੁਰਾੜੇ ਮਾਰਨ ਲੱਗ ਪਿਆ। ਪਰਮੇਸ਼ਰ ਸਿੰਘ ਵੀ ਸੌਂ ਗਿਆ ਤੇ ਉਸਦੀ ਘਰ ਵਾਲੀ ਵੀ। ਪਰ ਅਮਰ ਰਾਤ ਭਰ ਕੱਚੀ ਨੀਂਦ 'ਚ 'ਗੁਆਂਢ ਦੀ ਮਸਜਿਦ' ਤੋਂ ਬਾਂਗ ਸੁਣਦੀ ਰਹੀ ਤੇ ਡਰਦੀ ਰਹੀ।

ਹੁਣ ਅਖ਼ਤਰ ਦੇ ਕੇਸ ਅੱਛੇ-ਖਾਸੇ ਵਧ ਗਏ ਸਨ। ਛੋਟੇ ਜਿਹੇ ਜੂੜੇ ਵਿਚ ਕੰਘਾ ਵੀ ਅਟਕ ਜਾਂਦਾ ਸੀ। ਪਿੰਡ ਵਾਲਿਆਂ ਵਾਂਗ, ਘਰ ਵਾਲੀ ਵੀ ਉਹਨੂੰ 'ਕਰਤਾਰਾ' ਆਖਣ ਲੱਗ ਪਈ ਸੀ ਤੇ ਉਸ ਨਾਲ ਕਾਫ਼ੀ ਪ੍ਰੇਮ-ਪਿਆਰ ਨਾਲ ਪੇਸ਼ ਆਉਂਦੀ ਸੀ। ਪਰ ਅਮਰ, ਅਖ਼ਤਰ ਨੂੰ ਇੰਝ ਵੇਖਦੀ ਸੀ ਜਿਵੇਂ ਉਹ ਕੋਈ ਬਹਿਰੂਪੀਆ ਹੋਵੇ। ਹੁਣੇ ਉਹ ਪੱਗੜੀ ਅਤੇ ਕੇਸ ਲਾਹ ਕੇ ਸੁੱਟ ਦੇਵੇਗਾ ਤੇ 'ਕੁੱਲ-ਹੂ-ਅੱਲਾ' ਪੜ੍ਹਦਾ ਹੋਇਆ ਗ਼ਾਇਬ ਹੋ ਜਾਵੇਗਾ।

ਇਕ ਦਿਨ ਪਰਮੇਸ਼ਰ ਬੜੀ ਕਾਹਲੀ ਨਾਲ ਘਰ ਆਇਆ ਤੇ ਸਾਹੋ-ਸਾਹੀ ਹੋਏ ਆਪਣੀ ਘਰਦੀ ਤੋਂ ਪੁਛਿਆ, "ਉਹ ਕਿੱਥੇ ਵੇ?"

"ਕੌਣ, ਅਮਰ ਕੌਰ?" ਘਰ ਵਾਲੀ ਪੁੱਛਣ ਲੱਗੀ।

"ਨਹੀਂ, ਕਰਤਾਰਾ! ਨਹੀਂ", ਫਿਰ ਕੁਝ ਸੋਚ ਕੇ ਬੋਲਿਆ, "ਹਾਂ, ਹਾਂ, ਉਹੀ ਕਰਤਾਰਾ।"

"ਬਾਹਰ ਖੇਡਣ ਗਿਆ ਹੈ.......ਗਲੀ ਵਿਚ ਹੋਵੇਗਾ।"

ਪਰਮੇਸ਼ਰ ਵਾਪਸ ਦੌੜਿਆ, ਗਲੀ ਵਿਚ ਜਾ ਕੇ ਨੱਸਣ ਲੱਗਾ। ਬਾਹਰ ਖੇਤਾਂ 'ਚ ਜਾ ਉਸ ਦੀ ਚਾਲ ਹੋਰ ਵੀ ਤੇਜ਼ ਹੋ ਗਈ। ਫਿਰ ਦੂਰ ਗਿਆਨ ਸਿੰਘ ਦੇ ਕਮਾਦ ਕੋਲ ਕੁਝ ਮੁੰਡੇ ਕੌਡੀ ਖੇਡਦੇ ਨਜ਼ਰ ਆਏ। ਖੇਤ ਦੀ ਵੱਟ ਤੋਂ ਦੇਖਿਆ, 'ਅਖ਼ਤਰ ਨੇ ਇੱਕ ਮੁੰਡੇ ਨੂੰ ਗੋਡਿਆਂ ਹੇਠ ਲਿਆ ਹੋਇਆ ਏ। ਮੁੰਡੇ ਦੇ ਬੁੱਲ੍ਹਾਂ 'ਚੋਂ ਖ਼ੂਨ ਵੱਗ ਰਿਹਾ ਹੈ, ਪਰ ਅਜੇ ਵੀ ਕੌਡੀ-ਕੌਡੀ ਦੀ ਰਟ ਜਾਰੀ ਏ।' ਫੇਰ ਉਸ ਹਾਰ ਮੰਨ ਲਈ ਤੇ ਜਦ ਉਹ ਅਖ਼ਤਰ ਦੀ ਗ੍ਰਿਫ਼ਤ ਵਿੱਚੋਂ ਛੁੱਟਿਆ ਤਾਂ ਆਖਿਆ, "ਕਿਉਂ ਉਏ ਕਰਤਾਰੂ, ਤੂੰ ਮੇਰੇ ਮੂੰਹ ਉੱਤੇ ਗੋਡਾ ਕਿਉਂ ਮਾਰਿਆ?"

"ਚੰਗਾ ਕੀਤਾ ਜੋ ਮਾਰਿਆ।" ਅਖ਼ਤਰ ਆਕੜ ਕੇ ਬੋਲਿਆ ਤੇ ਖਿੱਲਰੇ ਹੋਏ ਵਾਲ ਸੰਭਾਲ, ਉਹਨਾਂ ਵਿਚ ਕੰਘਾ ਫਸਾਉਣ ਲੱਗ ਪਿਆ।

"ਤੇਰੇ ਰਸੂਲ ਨੇ ਤੈਨੂੰ ਏਹੀ ਸਮਝਾਇਐ?" ਮੁੰਡੇ ਨੇ ਵਿਅੰਗ ਨਾਲ ਪੁੱਛਿਆ। ਅਖ਼ਤਰ ਕੁਝ ਪਲਾਂ ਲਈ ਚਕਰਾ ਗਿਆ ਤੇ ਫੇਰ ਸੋਚ ਕੇ ਕਿਹਾ, "ਕੀ ਤੇਰੇ ਗੁਰੂ ਨੇ ਤੈਨੂੰ ਏਹੀ ਸਮਝਾਇਐ?"

"ਮੁਸਲਾ", ਲੜਕੇ ਨੇ ਗਾਲ੍ਹ ਦਿੱਤੀ।

"ਸਿੱਖੜਾ" .........ਅਖ਼ਤਰ ਨੇ ਮੋੜਾ ਦਿੱਤਾ।

ਸਾਰੇ ਮੁੰਡੇ ਅਖ਼ਤਰ ਉੱਤੇ ਟੁੱਟ ਪਏ। ਪਰ ਪਰਮੇਸ਼ਰ ਦੀ ਇੱਕੋ ਲਲਕਾਰ ਨਾਲ ਮੈਦਾਨ ਸਾਫ਼ ਸੀ। ਉਸ ਅਖ਼ਤਰ ਦੀ ਪਗੜੀ ਬੰਨ੍ਹੀ ਤੇ ਇਕ ਪਾਸੇ ਲਿਜਾ ਆਖਣ ਲੱਗਾ, "ਸੁਣ ਪੁੱਤਰ! ਮੇਰੇ ਕੋਲ ਰਹਿਣਾ ਏ ਕਿ ਅੰਮੀ ਕੋਲ ਜਾਵੇਂਗਾ?"

ਮੁੰਡਾ ਕੋਈ ਫੈਸਲਾ ਨਾ ਲੈ ਸਕਿਆ। ਕੁਝ ਦੇਰ ਤੱਕ ਪਰਮੇਸ਼ਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਖਲੋਤਾ ਰਿਹਾ। ਫੇਰ ਮੁਸਕਰਾਉਂਦਾ ਹੋਇਆ ਆਖਣ ਲੱਗਾ, "ਅੰਮਾਂ ਕੋਲ ਜਾਉਂਗਾ।"

"ਮੇਰੇ ਕੋਲ ਨਹੀਂ ਰਹੋਗੇ?" ਪਰਮੇਸ਼ਰ ਦਾ ਰੰਗ ਇੰਝ ਲਾਲ ਹੋ ਗਿਆ ਜਿਵੇਂ ਉਹ ਰੋਣ ਹੀ ਵਾਲਾ ਹੋਵੇ।

"ਤੁਹਾਡੇ ਕੋਲ ਈ ਰਵ੍ਹਾਂਗਾ", ਅਖ਼ਤਰ ਨੇ ਬੁਝਾਰਤ ਦਾ ਹੱਲ ਪੇਸ਼ ਕਰ ਦਿੱਤਾ। ਪਰਮੇਸ਼ਰ ਨੇ ਉਸ ਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ ਤੇ ਜੋ ਹੰਝੂ ਮਾਯੂਸੀ ਨੇ ਅੱਖਾਂ ਵਿਚ ਜਮਾਂ ਕੀਤੇ ਸਨ, ਖੁਸ਼ੀ ਦੇ ਅੱਥਰੂ ਬਣ ਕੇ ਟਪਕ ਪਏ। ਉਹ ਕਹਿਣ ਲੱਗਾ, "ਦੇਖ ਬੇਟੇ! ਅਖ਼ਤਰ ਪੁੱਤਰ, ਅੱਜ ਏਥੇ ਫੌਜ ਆ ਰਹੀ ਹੈ। ਇਹ ਫੌਜੀ ਤੈਨੂੰ ਮੇਰੇ ਕੋਲੋਂ ਖੋਹਣ ਲਈ ਆ ਰਹੇ ਨੇ, ਸਮਝਿਆ? ਤੂੰ ਕਿਧਰੇ ਲੁਕ ਜਾ, ਫੇਰ ਜਦ ਉਹ ਚਲੇ ਜਾਣਗੇ, ਮੈਂ ਤੈਨੂੰ ਲੈ ਆਵਾਂਗਾ।"

ਪਰਮੇਸ਼ਰ ਨੂੰ ਉਸੇ ਵੇਲੇ ਦੂਰੋਂ ਧੂੜ ਦਾ ਫੈਲਦਾ ਹੋਇਆ, ਵਾ-ਵਰੋਲਾ ਵਿਖਾਈ ਦਿੱਤਾ। ਪੈਲ਼ੀ ਦੀ ਉੱਚੀ ਵੱਟ ਤੇ ਚੜ੍ਹ ਕੇ, ਉਸ ਵਾ-ਵਰੋਲੇ ਨੂੰ ਬੜੇ ਗੌਹ ਨਾਲ ਵਾਚਿਆ ਤੇ ਅਚਾਨਕ ਤੜਪ ਕੇ ਬੋਲਿਆ, "ਫੌਜੀਆਂ ਦੀ ਲਾਰੀ ਆ ਗਈ!"

ਉਹ ਖੇਤ ਦੇ ਬੰਨੇ ਤੋਂ ਥੱਲੇ ਆ ਗਿਆ ਤੇ ਕਮਾਦ ਦੀ ਪੈਲ਼ੀ ਦਾ ਪੂਰਾ ਚੱਕਰ ਕੱਢਿਆ,

"ਗਿਆਨਿਆਂ, ਉਹ ਗਿਆਨ ਸਿੰਘਾਂ!" ਉਹਨੇਂ 'ਵਾਜ਼ ਦਿੱਤੀ। ਗਿਆਨ ਸਿੰਘ ਕਮਾਦ 'ਚੋਂ ਬਾਹਰ ਨਿਕਲਿਆ, ਉਹਦੇ ਇਕ ਹੱਥ ਵਿਚ ਦਾਤਰੀ ਤੇ ਦੂਜੇ ਵਿਚ ਥੋੜ੍ਹਾ ਜਿਹਾ ਘਾਹ ਸੀ। ਪਰਮੇਸ਼ਰ ਉਹਨੂੰ ਇਕ ਪਾਸੇ ਲੈ ਗਿਆ, ਕੋਈ ਗੱਲ ਸਮਝਾਈ ਤੇ ਫੇਰ ਦੋਵੇਂ ਅਖ਼ਤਰ ਕੋਲ ਆ ਗਏ। ਗਿਆਨ ਨੇ ਖੇਤ 'ਚੋਂ ਇਕ ਗੰਨਾ ਪੁੱਟਿਆ, ਦਾਤਰੀ ਨਾਲ ਉਹਦਾ ਆਗ ਲਾਹਿਆ ਤੇ ਛਿੱਲ ਕੇ ਅਖ਼ਤਰ ਨੂੰ ਦਿੰਦਾ ਹੋਇਆ ਆਖਣ ਲੱਗਾ, "ਹਾਂ ਬਈ ਕਰਤਾਰੇ! ਤੂੰ ਮੇਰੇ ਕੋਲ ਬੈਠ ਤੇ ਗੰਨਾ ਚੂਪ, ਜਦੋਂ ਤਾਂਈਂ ਫੌਜੀ ਇੱਥੋਂ ਚਲੇ ਨਾ ਜਾਣ। ਅੱਛਾ ਖਾਸਾ ਬਣਿਆ-ਬਣਾਇਆ ਖਾਲਸਾ ਹਥਿਆਉਣ ਆਏ ਨੇ। ਹੂੰ!!"

ਪਰਮੇਸ਼ਰ ਅਖ਼ਤਰ ਨੂੰ ਆਖਣ ਲੱਗਾ, "ਪੁੱਤਰ! ਮੈਂ ਜਾਵਾਂ"

ਅਖ਼ਤਰ ਨੇ ਦੰਦਾਂ ਵਿਚ ਗੰਨੇ ਦੀ ਪੋਰੀ ਚੂਸਦੇ ਹੋਏ ਮੁਸਕਰਾਉਣ ਦੀ ਕੋਸ਼ਿਸ਼ ਕੀਤੀ ਤੇ ਪਰਮੇਸ਼ਰ ਸਿੰਘ ਪਿੰਡ ਵੱਲ ਨੂੰ ਵਾਹੋ-ਦਾਹੀ ਭੱਜ ਉੱਠਿਆ, ਕਿਉਂ ਜੋ ਵਾ-ਵਰੋਲਾ ਪਿੰਡ ਦੇ ਨੇੜੇ ਢੁੱਕਦਾ ਆ ਰਿਹਾ ਸੀ।

ਘਰ ਜਾ, ਉਸ ਪਤਨੀ ਤੇ ਧੀ ਨੂੰ ਦੱਸਿਆ, ਫਿਰ ਭੱਜਾ-ਭੱਜਾ ਗ੍ਰੰਥੀ ਕੋਲ ਗਿਆ। ਉਹਦੇ ਨਾਲ ਗੱਲ ਕੀਤੀ, ਏਧਰ- ਉਧਰ ਲੋਕਾਂ ਨੂੰ ਸਮਝਾਉਂਦਾ ਰਿਹਾ। ਜਦ ਫੌਜੀਆਂ ਦੀ ਲਾਰੀ ਗੁਰਦੁਆਰੇ ਤੋਂ ਦੂਜੇ ਬੰਨੇ ਖੇਤ ਵੱਲ ਰੁਕ ਗਈ ਤਾਂ ਸਾਰੇ ਫੌਜੀ ਤੇ ਪੁਲਸ ਵਾਲੇ, ਗ੍ਰੰਥੀ ਕੋਲ ਆ ਗਏ। ਉਹਨਾਂ ਦੇ ਨਾਲ ਪਿੰਡ ਦਾ ਨੰਬਰਦਾਰ ਵੀ ਸੀ। ਮੁਸਲਮਾਨ ਕੁੜੀਆਂ ਬਾਬਤ ਪੁੱਛ-ਗਿੱਛ ਹੁੰਦੀ ਰਹੀ। ਗ੍ਰੰਥੀ ਨੇ 'ਗੁਰੂ ਗ੍ਰੰਥ ਸਾਹਿਬ' ਦੀ ਸਹੁੰ ਖਾ ਕੇ ਆਖਿਆ ਕਿ, "ਏਸ ਪਿੰਡ ਵਿਚ ਕੋਈ ਵੀ ਮੁਸਲਮਾਨ ਲੜਕੀ ਨਹੀਂ।'

'ਮੁੰਡੇ ਦੀ ਗੱਲ ਹੋਰ ਹੈ', ਕਿਸੇ ਨੇ ਪਰਮੇਸ਼ਰ ਦੇ ਕੰਨ ਵਿਚ ਹੌਲੀ ਜਿਹੀ ਘੁਸਰ-ਮੁਸਰ ਕੀਤੀ। ਆਸ-ਪਾਸ ਦੇ ਸਿੱਖ ਸਮੇਤ ਪਰਮੇਸ਼ਰ ਹੌਲੀ ਜਿਹੀ ਮੁਸਕਰਾਉਣ ਲੱਗ ਪਏ। ਫੇਰ ਇਕ ਫੌਜੀ ਅਫ਼ਸਰ ਨੇ ਪਿੰਡ ਵਾਲਿਆਂ ਦੇ ਸਾਹਮਣੇ ਤਕਰੀਰ ਕੀਤੀ। ਉਸ ਮਮਤਾ ਉੱਤੇ ਬੜਾ ਬਲ ਦਿੱਤਾ, ਜੋ ਮਾਵਾਂ ਦੇ ਦਿਲਾਂ 'ਚ, ਉਹਨਾਂ ਵੇਲਿਆਂ ਵਿਚ ਟੀਸ ਬਣ ਕੇ ਰਹਿ ਗਈ, ਜਿਨ੍ਹਾਂ ਦੀਆਂ ਧੀਆਂ ਵਿੱਛੜ ਗਈਆਂ ਸਨ। ਉਹਨਾਂ ਭਰਾਵਾਂ ਅਤੇ ਪਤੀਆਂ ਦੇ ਪਿਆਰ ਦੀ ਬੜੀ ਦਰਦਨਾਕ ਤਸਵੀਰ ਖਿੱਚੀ, ਜਿਨ੍ਹਾਂ ਦੀਆਂ ਭੈਣਾਂ ਤੇ ਵਹੁਟੀਆਂ ਉਹਨਾਂ ਕੋਲੋਂ ਖੋਹੀਆਂ ਗਈਆਂ ਸਨ।

"ਮਜ਼੍ਹਬ ਦਾ ਕੀ ਹੈ ਦੋਸਤੋ! ਦੁਨੀਆਂ ਦਾ ਹਰ ਮਜ਼੍ਹਬ, ਇਨਸਾਨ ਨੂੰ ਇਨਸਾਨ ਬਣਨਾ ਸਿਖਾਉਂਦਾ ਹੈ। ਅਤੇ ਤੁਸੀਂ ਮਜ਼੍ਹਬ ਦਾ ਨਾਂ ਲੈਕੇ , ਇਨਸਾਨ ਨੂੰ ਇਨਸਾਨ ਤੋਂ ਦੂਰਾ ਲੈਂਦੇ ਹੋ। ਉਹਨਾਂ ਦੀ ਆਬਰੂ ਲੁੱਟਦੇ ਹੋ ਤੇ ਕਹਿਨੇ ਓ ਕਿ ਅਸੀਂ ਸਿੱਖ ਹਾਂ........ਮੁਸਲਮਾਨ ਹਾਂ.......ਹਿੰਦੂ ਹਾਂ। ਅਸੀਂ ਗੁਰੂ ਜੀ ਦੇ ਸ਼ਰਧਾਲੂ ਹਾਂ, ਅਸੀਂ ਰਸੂਲ ਦੇ ਗੁਲਾਮ ਹਾਂ।" ਓਸ ਨੇ ਕਿਹਾ ਸੀ।

ਤਕਰੀਰ ਤੋਂ ਬਾਅਦ ਇੱਕਠ ਵਿੱਛੜਨ ਲੱਗਾ। ਫੌਜੀਆਂ ਦੇ ਅਫ਼ਸਰ ਨੇ ਗ੍ਰੰਥੀ ਦਾ ਸ਼ੁਕਰੀਆ ਕੀਤਾ, ਉਹਦੇ ਨਾਲ ਹੱਥ ਮਿਲਾਇਆ ਤੇ ਲਾਰੀ ਚਲੀ ਗਈ। ਸਭ ਤੋਂ ਪਹਿਲਾਂ ਗ੍ਰੰਥੀ ਨੇ ਪਰਮੇਸ਼ਰ ਨੂੰ ਵਧਾਈ ਦਿੱਤੀ। ਦੂਜੇ ਲੋਕਾਂ ਉਹਨੂੰ ਘੇਰ ਲਿਆ ਤੇ ਮੁਬਾਰਕਾਂ ਦੇਣ ਲੱਗੇ। ਪਰ ਪਰਮੇਸ਼ਰ ਜੋ ਫੌਜੀਆਂ ਦੇ ਆਉਣ ਤੋਂ ਪਹਿਲਾਂ ਘਬਰਾ ਰਿਹਾ ਸੀ ਤਾਂ ਚਲੇ ਜਾਣ ਤੋਂ ਬਾਅਦ ਵੀ ਲੁੱਟਿਆ-ਲੁੱਟਿਆ ਜਿਹਾ ਭਾਸ ਰਿਹਾ ਸੀ। ਉਹ ਪਿੰਡੋਂ ਹੋ ਕੇ ਗਿਆਨ ਸਿੰਘ ਦੇ ਕਮਾਦ ਵੱਲ ਗਿਆ ਤੇ ਉੱਥੋਂ ਅਖ਼ਤਰ ਨੂੰ ਮੋਢੇ ਤੇ ਬਿਠਾ ਘਰ ਲੈ ਆਇਆ। ਰੋਟੀ ਖਵਾਉਣ ਤੋਂ ਬਾਅਦ ਉਹਨੂੰ ਮੰਜੇ ਉੱਤੇ ਲਿਟਾ, ਥਾਪੜ ਕੇ ਸਵਾ ਦਿੱਤਾ ਤੇ ਆਪ ਦੇਰ ਤੀਕਰ, ਮੰਜੀ ਉੱਤੇ ਈ ਬੈਠਾ ਰਿਹਾ। ਕਦੀ ਕਦਾਈਂ ਦਾੜ੍ਹੀ ਵਿਚ ਖੁਰਕਦਾ, ਕਦੇ ਏਧਰ-ਓਧਰ ਐਵੇਂ ਹੀ ਦੇਖ ਕੇ ਮੁੜ ਸੋਚੀਂ ਡੁੱਬ ਜਾਂਦਾ।

ਗੁਆਂਢੀਆਂ ਦੇ ਕੋਠੇ ਉੱਤੇ ਖੇਡਦਾ ਉਹਨਾਂ ਦਾ ਬੱਚਾ ਅਚਾਨਕ ਜ਼ਾਰ-ਜ਼ਾਰ ਰੋਣ ਲੱਗ ਪਿਆ ਤੇ ਅੱਡੀ ਫੜ ਕੇ ਬਹਿ ਗਿਆ। "ਹਾਏ! ਏਡਾ ਵੱਡਾ ਕੰਡਾ ਖੁੱਭ ਗਿਆ, ਪੂਰੇ ਦਾ ਪੂਰਾ।" ਉਸ ਦੀ ਮਾਂ ਨੰਗੇ ਸਿਰ ਹੀ ਭੱਜੀ ਗਈ ਤੇ ਉਹਨੂੰ ਗੋਦੀ ਚੁੱਕ ਲਿਆ। ਹੇਠੋਂ ਆਪਣੀ ਧੀ ਨੂੰ 'ਵਾਜ਼ ਮਾਰ ਸੂਈ ਮੰਗਵਾਈ। ਕੰਡਾ ਕੱਢਣ ਪਿੱਛੋਂ ਬੱਚੇ ਨੂੰ ਬੇਹੱਦ ਚੁੰਮਿਆ।

ਪਰਮੇਸ਼ਰ ਨੇ ਘਬਰਾ ਕੇ ਆਪਣੀ ਪਤਨੀ ਤੋਂ ਪੁੱਛਿਆ, "ਸੁਣਨੀ ਏ! ਤੈਨੂੰ ਕਰਤਾਰਾ ਹੁਣ ਵੀ ਯਾਦ ਆਉਂਦੈ?"

"ਲਓ ਹੋਰ ਸੁਣੋ? ਕਰਤਾਰਾ ਤਾਂ ਮੇਰੇ ਕਲੇਜੇ ਦਾ ਸੱਲ ਬਣ ਗਿਆ ਏ।" ਓਸ ਰੋਂਦਿਆਂ ਜਵਾਬ ਦਿੱਤਾ।

ਭਰਾ ਦਾ ਨਾਂ ਸੁਣ ਕੇ ਅਮਰ ਵੀ ਉੱਠ ਕੇ ਮਾਂ ਦੇ ਗੋਡੇ-ਮੁੱਢ ਆ ਬੈਠੀ। ਪਰਮੇਸ਼ਰ ਕਾਹਲੀ ਨਾਲ ਉੱਠਿਆ ਤੇ ਉਹਨੇ ਕੱਚ ਦੇ ਭਾਂਡਿਆਂ ਦਾ ਭਰਿਆ ਥਾਲ ਅਚਾਨਕ ਹੀ ਭੁੰਜੇ ਸੁੱਟ ਦਿੱਤਾ ਤੇ ਭਾਂਡੇ ਚੱਕਨਾਂਚੂਰ ਹੋ ਗਏ।

ਖਾਓ-ਪੀਓ ਤੋਂ ਬਾਅਦ ਉਹ ਅਖ਼ਤਰ ਦੀ ਉਂਗਲ ਫੜ ਕੇ ਬਾਹਰ ਵਿਹੜੇ ਵਿਚ ਲੈ ਆਇਆ ਤੇ ਆਖਿਆ, "ਪੁੱਤਰ ਅੱਜ ਤੇ ਖ਼ੂਬ ਨੀਂਦਰਾਂ ਲਾਹੀਆਂ ਨੇ। ਕਿੰਨੀ ਸੋਹਣੀ ਚਾਨਣੀ ਰਾਤ ਏ, ਆ ਜ਼ਰਾ ਘੁੰਮਣ ਚੱਲੀਏ"

ਮੁੰਡਾ ਤੁਰੰਤ ਮੰਨ ਗਿਆ ਤੇ ਪਰਮੇਸ਼ਰ ਨੇ ਉਹਨੂੰ ਕੰਬਲ ਵਿਚ ਲਪੇਟਿਆ ਤੇ ਮੋਢੇ ਚੁੱਕ ਲਿਆ। ਖੇਤਾਂ ਵਿਚ ਪੁੱਜ, ਆਖਣ ਲੱਗਾ, "ਇਹ ਚੰਨ ਜੋ ਔਹ ਪੂਰਬ 'ਚੋਂ ਚੜ੍ਹ ਰਿਹਾ ਏ, ਨਾ ਪੁੱਤਰ! ਜਦੋਂ ਆਪਣੇ ਸਿਰ ਤੇ ਪੁੱਜੇਗਾ ਤਾਂ ਸੁਬ੍ਹਾ ਹੋ ਜਾਵੇਗੀ।

ਅਖ਼ਤਰ ਚੰਨ ਵੱਲ ਵੇਖਣ ਲੱਗ ਪਿਆ।

"ਇਹ ਚੰਨ ਜੋ ਏਥੇ ਚਮਕਦਾ ਪਿਆ ਏ ਨਾ, ਇਹ ਉੱਥੇ ਵੀ ਇੰਝ ਹੀ ਚਮਕ ਰਿਹਾ ਹੋਵੇਗਾ! ਤੇਰੀ ਅੰਮਾਂ ਦੇ ਦੇਸ ਵਿਚ।"

ਹੁਣ ਅਖ਼ਤਰ ਨੇ ਝੁੱਕ ਕੇ ਪਰਮੇਸ਼ਰ ਦਾ ਮੂੰਹ ਤੱਕਣ ਦੀ ਕੋਸ਼ਿਸ਼ ਕੀਤੀ।

"ਜਦੋਂ ਚੰਨ ਸਾਡੇ ਸਿਰ ਉੱਤੇ ਆਵੇਗਾ, ਤਾਂ ਉੱਥੇ ਤੇਰੀ ਅੰਮਾਂ ਦੇ ਸਿਰ ਉੱਤੇ ਵੀ ਹੋਵੇਗਾ"

ਅਖ਼ਤਰ ਨੇ ਪੁੱਛਿਆ, "ਅਸੀਂ ਚੰਨ ਵੇਖ ਰਹੇ ਹਾਂ ਕੀ ਅੰਮਾਂ ਵੀ ਇੰਝ ਹੀ ਚੰਨ ਵੇਖ ਰਹੀ ਹੋਵੇਗੀ?"

"ਹਾਂ, ਚੱਲੋਗੇ ਅੰਮਾਂ ਦੇ ਕੋਲ? ਪਰਮੇਸ਼ਰ ਦੀ ਆਵਾਜ਼ ਵਿਚ ਗੂੰਜ ਸੀ।

"ਹਾਂ, ਪਰ ਤੁਸੀਂ ਲੈ ਕੇ ਤਾਂ ਜਾਂਦੇ ਨਹੀਂ। ਤੁਸੀਂ ਬਹੁਤ ਭੈੜੇ ਓ, ਤੁਸੀਂ ਸਿੱਖ ਓ।"

"ਨਹੀਂ ਬੇਟੇ ਅੱਜ ਤੈਨੂੰ ਜ਼ਰੂਰ ਲੈ ਕੇ ਜਾਵਾਂਗਾ। ਤੇਰੀ ਅੰਮਾਂ ਦੀ ਚਿੱਠੀ ਆਈ ਏ, ਉਹ ਕਹਿੰਦੀ ਏ, 'ਮੈਨੂੰ ਅਖ਼ਤਰ ਪੁੱਤਰ ਬਹੁਤ ਯਾਦ ਆਉਂਦਾ ਹੈ'।"

"ਮੈਂ ਵੀ ਤਾਂ ਬਹੁਤ ਉਦਾਸ ਹਾਂ", ਅਖ਼ਤਰ ਨੂੰ ਜਿਵੇਂ ਕੁਝ ਭੁੱਲਿਆ ਹੋਇਆ ਚੇਤੇ ਆ ਗਿਆ ਹੋਵੇ।

"ਮੈਂ ਤੈਨੂੰ ਤੇਰੀ ਅੰਮਾਂ ਦੇ ਕੋਲ ਹੀ ਤੇ ਲੈ ਕੇ ਜਾ ਰਿਹਾ ਹਾਂ।"

"ਸੱਚ?" ਅਖ਼ਤਰ ਮੋਢਿਆਂ ਤੇ ਬੈਠਾ ਈ ਟੱਪਣ ਲੱਗ ਪਿਆ ਤੇ ਜ਼ੋਰ-ਜ਼ੋਰ ਨਾਲ ਆਖਣ ਲੱਗਾ, "ਅਸੀਂ ਅੰਮਾਂ ਕੋਲ ਜਾ ਰਹੇ ਹਾਂ। ਪਰਮੂੰ ਸਾਨੂੰ ਅੰਮਾਂ ਕੋਲ ਲੈ ਜਾਵੇਗਾ, ਉੱਥੋਂ ਅਸੀਂ ਪਰਮੂੰ ਨੂੰ ਚਿੱਠੀ ਲਿਖਾਂਗੇ!"

ਪਰਮੇਸ਼ਰ ਚੁੱਪ-ਚਾਪ ਰੋਈ ਜਾ ਰਿਹਾ ਸੀ। ਅੱਥਰੂ ਪੂੰਝ, ਗਲਾ ਸਾਫ਼ ਕਰ ਉਸ ਅਖ਼ਤਰ ਨੂੰ ਪੁੱਛਿਆ, "ਗੀਤ ਸੁਣੇਂਗਾ?"

"ਹਾਂ"

"ਪਹਿਲਾਂ ਤੂੰ ਕੁਰਾਨ ਸੁਣਾ"

"ਅੱਛਾ" ਤੇ ਅਖ਼ਤਰ 'ਕੁੱਲ-ਹੂ-ਅੱਲਾ-ਅਹਿਦ' ਪੜ੍ਹਨ ਲੱਗ ਪਿਆ। 'ਕਫੂ-ਅੱਲ-ਅਹਿਦ' ਤੇ ਪੁੱਜ ਉਸ ਆਪਣੀ ਛਾਤੀ ਤੇ ਫੂ ਕੀਤੀ ਤੇ ਕਿਹਾ, "ਲਿਆਓ, ਤੁਹਾਡੇ ਸੀਨੇ ਤੇ ਵੀ ਫੂ ਕਰ ਦਿਆਂ?"

ਪਰਮੇਸ਼ਰ ਸਿੰਘ ਨੇ ਰੁੱਕ ਕੇ ਕੁੜਤੇ ਦਾ ਬੀੜਾ ਖੋਲ੍ਹਿਆ ਤੇ ਧੌਣ ਉਤਾਂਹ ਚੁੱਕ ਲਈ। ਮੁੰਡੇ ਨੇ ਹੇਠਾਂ ਝੁਕ ਕੇ ਉਹਦੀ ਛਾਤੀ ਤੇ ਫੂ ਕੀਤੀ ਤੇ ਆਖਿਆ, "ਹੁਣ ਤੁਸੀਂ ਸੁਣਾਓ?" ਪਰਮੇਸ਼ਰ ਨੇ ਅਖ਼ਤਰ ਨੂੰ ਦੂਜੇ ਮੋਢੇ ਬਿਠਾਇਆ ਤੇ ਬੱਚਿਆਂ ਦਾ ਕੋਈ ਗੀਤ ਯਾਦ ਕਰਨ ਲੱਗਾ। ਗੀਤ ਗਾਉਣਾ ਸ਼ੁਰੂ ਕੀਤਾ ਤੇਜ਼-ਤੇਜ਼ ਉਲਾਂਘਾਂ ਪੁੱਟਣ ਲੱਗ ਪਿਆ:-

ਬੰਤੋ ਦਾ ਸਿਰ ਬਣ ਵਰਗਾ ਜੇ,
ਬੰਤੋ ਦਾ ਮੂੰਹ ਚੰਨ ਵਰਗਾ ਜੇ,
ਬੰਤੋ ਦਾ ਲੱਕ ਚਿਤਰਾ ਜੇ,
ਲੋਕੋ................ਬੰਤੋਂ ਦਾ ਲੱਕ ਚਿਤਰਾ।

"ਬੰਤੋ ਕੌਣ ਏ?" ਮੁੰਡੇ ਨੇ ਟੋਕਿਆ।

ਪਰਮੇਸ਼ਰ ਹੱਸਿਆ ਤੇ ਥੋੜੇ ਵਕਫ਼ੇ ਬਾਅਦ ਆਖਿਆ, "ਮੇਰੀ ਵਹੁਟੀ ਹੈ ਨਾਂ! ਅਮਰ ਦੀ ਮਾਂ, ਉਸ ਦਾ ਨਾਂ ਏ ਬੰਤੋਂ। ਅਮਰ ਦਾ ਨਾਂ ਵੀ ਬੰਤੋਂ ਹੈ, ਤੇਰੀ ਅੰਮਾਂ ਦਾ ਨਾਂ ਵੀ ਬੰਤੋਂ ਹੀ ਹੋਵੇਗਾ?"

"ਕਿਉਂ? ਉਹ ਕੋਈ ਸਿੱਖ ਥੋੜਾ ਏ?"

ਪਰਮੇਸ਼ਰ ਖਾਮੋਸ਼ ਹੋ ਗਿਆ।

ਚੰਨ ਬਹੁਤ ਉੱਚਾ ਹੋ ਗਿਆ ਸੀ। ਰਾਤ ਦੀ ਖਮੋਸ਼ੀ ਵਿਚ ਕਦੀ-ਕਦੀ ਕਮਾਦ ਦਿਆਂ ਖੇਤਾਂ ਦੇ ਆਲੇ ਦੁਆਲੇ ਗਿੱਦੜ ਰੋਂਦੇ ਤੇ ਫੇਰ ਸਨਾਟਾ ਛਾ ਜਾਂਦਾ। ਅਖ਼ਤਰ ਪਹਿਲਾਂ ਤਾਂ ਗਿਦੜਾਂ ਦੀਆਂ ਹੁਆਂਕਾਂ ਤੋਂ ਡਰਿਆ, ਪਰ ਫੇਰ ਚੁੱਪ ਕਰ ਗਿਆ ਤੇ ਪੁੱਛਣ ਲੱਗਾ, "ਹੁਣ ਕਿਉਂ ਨਹੀਂ ਰੋਂਦੇ ਗਿੱਦੜ?" ਪਰਮੇਸ਼ਰ ਹੱਸ ਪਿਆ ਤੇ ਉਹਨੂੰ ਇਕ ਕਹਾਣੀ ਯਾਦ ਆ ਗਈ।

ਏਹ ਗੁਰੂ ਗੋਬਿੰਦ ਸਿੰਘ ਜੀ ਦੀ ਕਹਾਣੀ ਸੀ, ਪਰੰਤੂ ਉਸ ਨੇ ਬੜੇ ਸਲੀਕੇ ਨਾਲ ਸਿੱਖ ਨਾਵਾਂ ਨੂੰ ਮੁਸਲਮਾਨ ਨਾਵਾਂ ਵਿਚ ਬਦਲ ਦਿੱਤਾ ਤੇ ਅਖ਼ਤਰ , "ਫੇਰ, ਫੇਰ?" ਦੀ ਰਟ ਲਾਉਂਦਾ ਰਿਹਾ। ਕਹਾਣੀ ਅਜੇ ਚਾਲੂ ਸੀ ਜਦ ਮੁੰਡਾ ਇਕ ਦਮ ਬੋਲਿਆ, "ਔਹ! ਚੰਨ ਤੇ ਸਿਰ 'ਤੇ ਆ ਗਿਆ।"

ਪਰਮੇਸ਼ਰ ਨੇ ਰੁਕ ਕੇ ਉੱਪਰ ਤੱਕਿਆ ...........
ਫਿਰ ਉਹ ਨੇੜੇ ਟਿੱਬੇ ਤੇ ਚੜ੍ਹ ਦੂਰ ਵੇਖਣ ਲੱਗਾ, "ਤੇਰੀ ਅੰਮਾਂ ਦਾ ਦੇਸ ਪਤਾ ਨਹੀਂ ਕਿਧਰ ਚਲਾ ਗਿਆ?" ਉਹ ਅਜੇ ਉੱਥੇ ਹੀ ਖੜਾ ਸੀ ਕਿ ਦੂਰ ਕਿਧਰੋਂ ਬਾਂਗ ਦੀ ਆਵਾਜ਼ ਆਉਣ ਲੱਗੀ। ਅਖ਼ਤਰ ਇੰਝ ਭੁੜਕਿਆ ਕਿ ਬੜੀ ਮੁਸ਼ਕਲ ਨਾਲ ਸੰਭਲਿਆ। ਮੁੰਡੇ ਨੂੰ ਮੋਢੇ ਤੋਂ ਲਾਹ, ਪਰਮੇਸ਼ਰ ਭੁੰਜੇ ਬਹਿ ਗਿਆ। ਅਖ਼ਤਰ ਦੇ ਮੋਢਿਆਂ 'ਤੇ ਹੱਥ ਰੱਖ ਆਖਣ ਲੱਗਾ, "ਜਾਹ ਪੁੱਤਰ! ਤੈਨੂੰ ਤੇਰੀ ਅੰਮਾਂ ਨੇ ਬੁਲਾਇਆ ਏ, ਬੱਸ ਤੂੰ ਏਸ ਆਵਾਜ਼ ਦੀ ਸੇਧ ਵਿਚ.........।"

"ਸ਼ਿਸ਼" ਅਖ਼ਤਰ ਨੇ ਆਪਣੇ ਬੁੱਲ੍ਹਾਂ ਤੇ ਉਂਗਲੀ ਰੱਖ ਲਈ ਤੇ ਬਹੁਤ ਹੌਲੀ ਪਰਮੇਸ਼ਰ ਦੇ ਕੰਨ ਵਿਚ ਕਿਹਾ, "ਬਾਂਗ ਦੇ ਵੇਲੇ ਨਹੀਂ ਬੋਲੀਦਾ। "

"ਪਰ ਮੈਂ ਤੇ ਸਿੱਖ ਹਾਂ, ਪੁੱਤਰ।"

"ਸ਼ਿਸ਼" ਇਸ ਵਾਰ ਅਖ਼ਤਰ ਨੇ ਘੂਰਦੇ ਹੋਏ ਕਿਹਾ।

ਪਰਮੇਸ਼ਰ ਨੇ ਉਹਨੂੰ ਆਪਣੀ ਗੋਦੀ ਵਿਚ ਬਿਠਾਇਆ, ਮੱਥੇ ਨੂੰ ਚੁੰਮਿਆਂ ਤੇ ਪਿਆਰ ਦਿੱਤਾ। ਬਾਂਗ ਖ਼ਤਮ ਹੋਣ ਮਗਰੋਂ, ਕਮੀਜ਼ ਦੀ ਬਾਂਹ ਨਾਲ ਅੱਖਾਂ ਪੂੰਝ ਕੇ ਰੋਣ-ਹਾਕੀ ਆਵਾਜ਼ ਵਿਚ ਕਿਹਾ, "ਮੈਂ ਏਸ ਲੀਕ ਤੋਂ ਅੱਗੇ ਨਹੀਂ ਜਾਵਾਂਗਾ। ਬੱਸ ਤੂੰ ............।"

"ਕਿਉਂ? ਕਿਉਂ ਨਹੀਂ ਜਾਵੋਗੇ?"

"ਤੇਰੀ ਅੰਮਾਂ ਨੇ ਚਿੱਠੀ ਵਿਚ ਲਿਖਿਆ ਏ ਕਿ ਅਖ਼ਤਰ ਇਕੱਲਾ ਹੀ ਆਵੇ।" ਉਹਨੇ ਅਖ਼ਤਰ ਨੂੰ ਰਾਜ਼ੀ ਕਰ ਲਿਆ, "ਬੱਸ ਤੂੰ ਸਿੱਧਾ ਚਲਾ ਜਾਹ, ਸਾਹਮਣੇ ਇਕ ਪਿੰਡ ਆਵੇਗਾ। ਉੱਥੇ ਜਾ ਕੇ ਆਪਣਾ ਨਾਂ ਦੱਸਣਾ, 'ਕਰਤਾਰਾ' ਨਹੀਂ, 'ਅਖ਼ਤਰ'। ਫੇਰ ਆਪਣੀ ਅੰਮਾਂ ਦਾ

ਨਾਂ ਦੱਸਣਾ, ਆਪਣੇ ਪਿੰਡ ਦਾ। ਦੇਖ! ਮੈਨੂੰ ਚਿੱਠੀ ਲਿਖਣੀ ਨਾ ਭੁੱਲਣਾ।"

"ਲਿਖਾਂਗਾ" ਮੁੰਡੇ ਨੇ ਵਾਅਦਾ ਕੀਤਾ।

"ਹਾਂ! ਜੇ ਤੈਨੂੰ ਕਰਤਾਰਾ ਨਾਂ ਦਾ ਕੋਈ ਮੁੰਡਾ ਮਿਲੇ ਨਾ, ਤਾਂ ਉਹਨੂੰ ਏਧਰ ਭੇਜ ਦੇਣਾ, ਅੱਛਾ!!"

"ਅੱਛਾ!"

ਪਰਮੇਸ਼ਰ, ਇੱਕ ਵਾਰੀ ਫਿਰ ਅਖ਼ਤਰ ਨੂੰ ਲਾਡ ਕੀਤਾ ਤੇ ਮੱਥਾ ਚੁੰਮਿਆਂ ਤੇ ਜਿਵੇਂ ਕੁਝ ਅੰਦਰ ਲੰਘਾਉਂਦਾ ਹੋਵੇ ਬੋਲਿਆ, "ਜਾਓ।"

ਅਖ਼ਤਰ ਕੁਝ ਕਦਮ ਚੱਲ ਕੇ ਪਰਤ ਆਇਆ, "ਤੁਸੀਂ ਵੀ ਚੱਲੋ ਨਾ!"

"ਨਹੀਂ ਪੁੱਤਰ, ਤੇਰੀ ਅੰਮਾਂ ਨੇ ਚਿੱਠੀ ਵਿਚ ਏਹ ਨਹੀਂ ਸੀ ਲਿਖਿਆ।"

"ਮੈਨੂੰ ਡਰ ਲੱਗਦਾ ਏ।"

"ਕੁਰਾਨ ਕਿਉਂ ਨਹੀਂ ਪੜ੍ਹਦਾ?" ਪਰਮੇਸ਼ਰ ਸਲਾਹ ਦਿੱਤੀ।

"ਅੱਛਾ", ਗੱਲ ਮੁੰਡੇ ਦੀ ਸਮਝ ਵਿਚ ਆ ਗਈ ਉਹ ਕੁੱਲ-ਹੂ-ਅੱਲਾ ਦਾ ਵਿਰਦ ਕਰਦਾ ਹੋਇਆ ਟੁਰਨ ਲੱਗਾ।

ਨਿੰਮ੍ਹੀ-ਨਿੰਮ੍ਹੀ ਪਹੁ-ਫੁਟਾਲੇ ਦੀ ਰੋਸ਼ਨੀ ਦੁਮੇਲ ਦੇ ਦਾਇਰੇ ਉੱਤੇ ਹਨ੍ਹੇਰੇ ਨਾਲ ਲੜ ਰਹੀ ਸੀ ਅਤੇ ਨਿੱਕਾ ਜਿਹਾ ਅਖ਼ਤਰ ਦੂਰ, ਧੁੰਦਲੀ ਪਗਡੰਡੀ ਉੱਤੇ, ਇਕ ਨੰਗ-ਧੜੰਗੇ ਸਿੱਖ ਜਵਾਨ ਵਾਂਗੂੰ ਬੜੀ ਤੇਜ਼ੀ ਨਾਲ ਅੱਗੇ ਵਧਦਾ ਜਾ ਰਿਹਾ ਸੀ। ਪਰਮੇਸ਼ਰ ਓਸ ਉੱਤੇ ਆਪਣੀਆਂ ਨਜ਼ਰਾਂ ਜਮਾਈ ਟਿੱਬੇ ਉੱਤੇ ਬੈਠਾ ਰਿਹਾ, ਜਦ ਤੀਕਰ ਅਖ਼ਤਰ ਦਾ ਪਰਛਾਵਾਂ ਫ਼ਿਜ਼ਾ ਦਾ ਹਿੱਸਾ ਬਣ ਕੇ ਅੱਖੋਂ ਉਹਲੇ ਨਾ ਹੋ ਗਿਆ।

ਅਖ਼ਤਰ ਅਜੇ ਪਿੰਡ ਕੋਲ ਪੁੱਜਿਆ ਵੀ ਨਹੀਂ ਸੀ ਕਿ ਦੋ ਸਿਪਾਹੀਆਂ, ਉਹਨੂੰ ਰੋਕ ਲਿਆ ਤੇ ਪੁੱਛਿਆ, "ਕੌਣ ਏਂ, ਤੂੰ?"

"ਅਖ਼ਤਰ।" ਉਹ ਇੰਝ ਬੋਲਿਆ ਜਿਵੇਂ ਕੁੱਲ ਦੁਨੀਆਂ ਉਹਦਾ ਨਾਂ ਜਾਣਦੀ ਹੋਵੇ।

"ਅਖ਼ਤਰ?" ਦੋਵੇਂ ਸਿਪਾਹੀ ਕਦੀ ਅਖ਼ਤਰ ਦੇ ਚਿਹਰੇ ਨੂੰ ਤੱਕਦੇ ਸਨ ਤੇ ਕਦੀ ਉਹਦੀ ਸਿੱਖਾਂ ਵਰਗੀ ਪਗੜੀ ਨੂੰ। ਫੇਰ ਇਕ ਨੇ ਅੱਗੇ ਵੱਧ ਕੇ ਉਹਦੀ ਪੱਗੜੀ ਝਟਕ ਕੇ ਲਾਹ ਦਿੱਤੀ। ਉਹਦੇ ਕੇਸ ਖੁੱਲ ਕੇ ਏਧਰ-ਉਧਰ ਖਿੱਲਰ ਗਏ।

ਅਖ਼ਤਰ ਨੇ ਆਪਣੀ ਪਗੜੀ ਖੋਹ ਲਈ ਤੇ ਸਿਰ ਨੂੰ ਇੱਕ ਹੱਥ ਨਾਲ ਢੂੰਡਦੇ ਹੋਏ ਉਹ ਧਰਤੀ 'ਤੇ ਲੰਮਾਂ ਪੈ ਗਿਆ। ਤੇ ਜ਼ੋਰ-ਜ਼ੋਰ ਨਾਲ ਰੋਂਦਿਆਂ ਆਖਿਆ, "ਮੇਰਾ ਕੰਘਾ ਦਿਉ, ਤੁਸੀਂ ਮੇਰਾ ਕੰਘਾ ਚੁੱਕ ਲਿਆ ਏ। ਦੇ ਦਿਉ, ਨਹੀਂ ਤੇ ਮੈਂ ਤੁਹਾਨੂੰ ਮਾਰਾਂਗਾ।"

ਇਕ ਦਮ ਦੋਨੋਂ ਸਿਪਾਹੀ ਧਰਤੀ ਉੱਤੇ ਧੜੱਮ ਕਰ ਕੇ ਡਿੱਗੇ ਤੇ ਰਾਈਫਲਾਂ ਮੋਢਿਆਂ ਨਾਲ ਲਾ ਕੇ, ਜਿਵੇਂ ਨਿਸ਼ਾਨਾ ਬੰਨਣ ਲੱਗੇ, "ਹਾਲਟ!" ਇੱਕ ਬੋਲਿਆ ਤੇ ਜਵਾਬ ਦਾ ਇੰਤਜ਼ਾਰ ਕਰਨ ਲੱਗਾ। ਵੱਧਦੇ ਹੋਏ ਉਜਾਲੇ ਵਿਚ, ਇਕ-ਦੂਜੇ ਵੱਲ ਤੱਕਿਆ ਤੇ ਇਕ ਨੇ ਫ਼ਾਇਰ ਕਰ ਦਿੱਤਾ। ਅਖ਼ਤਰ ਫ਼ਾਇਰ ਦੀ ਆਵਾਜ਼ ਨਾਲ ਦਹਿਲ ਗਿਆ ਤੇ ਸਿਪਾਹੀਆਂ ਨੂੰ ਇੱਕ ਪਾਸੇ ਭੱਜਦਾ ਵੇਖ ਉਹ ਵੀ ਚੀਕਾਂ ਮਾਰਦਾ ਉਨ੍ਹਾਂ ਪਿੱਛੇ ਭੱਜ ਖਲੋਤਾ।

ਸਿਪਾਹੀ ਜਦ ਇੱਕ ਜਗ੍ਹਾ ਰੁਕੇ ਤਾਂ ਪਰਮੇਸ਼ਰ ਸਿੰਘ ਆਪਣੇ ਪੱਟ ਉੱਤੇ ਕਸ ਕੇ ਪੱਗੜੀ ਬੰਨ ਚੁੱਕਿਆ ਸੀ। ਪਰ ਖ਼ੂਨ.........ਉਸ ਦੀ ਪਗੜੀ ਦੀਆਂ ਸੈਂਕੜੇ ਪਰਤਾਂ ਵਿੱਚੋਂ ਵੀ ਫੁੱਟ ਆਇਆ ਸੀ। ਤੇ ਉਹ ਕਹਿ ਰਿਹਾ ਸੀ, "ਤੁਸਾਂ ਮੈਨੂੰ ਕਿਉਂ ਮਾਰਿਆ? ਮੈਂ ਤਾਂ ਅਖ਼ਤਰ ਦੇ ਕੇਸ ਕਟਾਣੇ ਭੁੱਲ ਗਿਆ ਸਾਂ...... ਮੈਂ ਤਾਂ ਅਖ਼ਤਰ ਨੂੰ ਉਸ ਦਾ ਮਜ਼ਬ ਵਾਪਸ ਦੇਣ ਆਇਆ ਸਾਂ.........ਯਾਰੋ!! "

...............ਦੂਰੋਂ ਅਖ਼ਤਰ ਭੱਜਿਆ ਆ ਰਿਹਾ ਸੀ ਤੇ ਉਹ ਦੇ ਕੇਸ ਹਵਾ ਵਿਚ ਲਹਿਰਾ ਰਹੇ ਸਨ।

---

ਰਾਵੀ ਸੋਹਣੀ ਪਈ ਵੱਗਦੀ, ਮੈਨੂੰ ਸਤਲੁਜ ਪਿਆਰਾ ਹੈ!
ਮੈਨੂੰ ਝਨਾਂ ਵਾਜ਼ਾਂ ਮਾਰਦੀ, ਅਟਕਾਂ ਦੀ ਲਹਿਰ ਦੀ ਠਾਠ,
ਮੇਰੇ ਬੂਹੇ ਤੇ ਵੱਜਦੀ!
ਖਾੜ-ਖਾੜ ਚੱਲਣ, ਮੇਰੇ ਸੁਫ਼ਨਿਆਂ ਵਿਚ,
ਪੰਜਾਬ ਦੇ ਦਰਿਆ!

-ਪ੍ਰੋ:ਪੂਰਨ ਸਿੰਘ-

6

# ਚਿੜੀ-ਘਰ ਦੀ ਕਹਾਣੀ

## ਅਕਬਰ ਲਾਹੌਰੀ

1

ਚਿੜੀ-ਘਰ ਗਹਿਮਾਂ-ਗਹਿਮ ਵੱਸਦਾ ਸੀ। ਚਿੜੀਆਂ ਦੀਆਂ ਜਾਲੀਆਂ, ਕਬੂਤਰਾਂ ਦੀਆਂ ਕਾਬਕਾਂ, ਬੱਤਖਾਂ ਦੀਆਂ ਛੱਪੜੀਆਂ, ਲੂੰਮੜਾਂ, ਗਿੱਦੜਾਂ, ਬਘਿਆੜਾਂ, ਘੋੜੀਆਂ, ਬਾਂਦਰਾਂ ਤੇ ਲੰਗੂਰਾਂ ਦੇ ਘੁਰਨੇ, ਸ਼ੇਰਾਂ, ਚੀਤਿਆਂ ਤੇ ਰਿੱਛਾਂ ਦੇ ਪਿੰਜਰੇ, ਹਿਰਨਾਂ, ਹਿਰਨੀਆਂ, ਬਾਰਾਂ-ਸਿੰਗਿਆਂ ਤੇ ਗੋਂਦਾਂ ਦੇ ਵਲਗਣ ਭਰੇ ਦਿੱਸਦੇ ਸਨ। ਜ਼ਰਾ ਕੁ ਠੰਢੀ 'ਵਾ ਵਗੀ ਯਾਂ ਭੋਰਾ ਕੁ ਮੀਂਹ ਦਾ ਛਿੱਟਾ ਲੱਗਣਾ ਤੇ ਮੋਰਾਂ ਨੇ ਨੱਚ ਖਲੋਣਾ। ਬੁਲਬੁਲਾਂ ਨੇ ਗਾਉਣ ਲੱਗਣਾ। ਤੋਤਿਆਂ ਨੇ ਖੋੜਾਂ ਵਿਚੋਂ ਲਾਲ-ਲਾਲ ਚੁੰਝਾਂ ਤੇ ਹਰੀਆਂ-ਹਰੀਆਂ ਸਿਰੀਆਂ ਕੱਢ ਕੇ ਬੰਦਿਆਂ ਦੀਆਂ ਬੋਲੀਆਂ ਬੋਲਣ ਲੱਗ ਪੈਣਾ। ਚਿੜੀ-ਘਰ ਨੂੰ ਬੰਦਾ ਇਕ ਵਾਰੀ ਵੇਖ ਕੇ ਕਦੀ ਨਹੀਂ ਸੀ ਭੁੱਲ ਸਕਦਾ। ਇਸ ਦੇ ਰੰਗਾਂ-ਰੰਗ ਨਜ਼ਾਰੇ ਤੇ ਇਸਦੀਆਂ ਅਣਗਿਣਤ ਬੋਲੀਆਂ ਦੀ ਘੁੰਮਕਾਰ ਸਾਰੀ-ਸਾਰੀ ਉਮਰ ਮਨੋਂ ਨਹੀਂ ਸੀ ਲਹਿੰਦੀ। ਦੂਰ ਦੇਸਾਂ ਦੇ ਪਰਦੇਸੀ ਉਹਦੇ ਨਜ਼ਾਰਿਆਂ ਦਾ ਸਵਾਦ ਲੈਣ ਤੇ ਉਹਦੀਆਂ ਖੁਸ਼ੀਆਂ ਮਾਨਣ ਲਈ ਸਦਾ ਆਉਂਦੇ ਰਹਿੰਦੇ ਸਨ। ਚਿੜੀ-ਘਰ ਦੀਆਂ ਚਿੜੀਆਂ ਵਿੱਚੋਂ ਇਕ ਚਿੜੀ ਸੋਨੇ ਦੀ ਸੀ, ਜਿਹਦੀ ਦੱਖ ਹੀਰਿਆਂ ਨੂੰ ਵੀ ਮਾਤ ਕਰਦੀ ਸੀ। ਵੱਡੇ-ਵੱਡੇ ਹਾਥੀਆਂ, ਸ਼ੇਰਾਂ, ਚੀਤਿਆਂ, ਤੇ ਬਘਿਆੜਾਂ ਦੇ ਹੁੰਦਿਆਂ ਵੀ ਏਸ ਥਾਂ ਦਾ ਨਾਂ ਚਿੜੀ-ਘਰ ਵੱਜਣ ਦਾ ਕਾਰਨ, ਇਹੋ ਈ ਸੋਨੇ ਦੀ ਚਿੜੀ ਸੀ।

2

ਆਂਹਦੇ ਨੇ, ਹੋਣੀ ਨੂੰ ਕੋਈ ਘਰ ਸੁੱਖ ਵੱਸਦਾ ਚੰਗਾ ਨਹੀਂ ਲਗਦਾ। ਓੜਕ ਹੋਣੀ ਨੇ ਇਸ ਘਰ ਨੂੰ ਵੀ ਤਾੜ ਲਿਆ। ਤੇ ਆਂਹਦੇ ਨੇ ਹੋਣੀ ਹੋ ਕੇ ਰਹਿੰਦੀ ਏ। ਏਸੇ ਲਈ ਵੱਸਦੇ-ਰਸਦੇ ਚਿੜੀ-ਘਰ ਤੇ ਵੀ ਹੋਣੀ ਦਾ ਵਰਤਾਰਾ ਵਰਤ ਗਿਆ।

3

ਚਿੜੀ-ਘਰ ਵਿਚ ਸੈਰ-ਮਸ਼ਕੂਲੇ ਲਈ ਦੂਰ ਦੇਸਾਂ ਦੇ ਜਿਹੜੇ ਪਰਦੇਸੀ ਆਉਂਦੇ ਉਹ ਆਪਣੇ ਨਾਲ, ਆਪਣੇ ਦੇਸ ਦੀ, 'ਵਾ ਦੇ ਬੁੱਲ੍ਹੇ ਵੀ ਲੈ ਆਉਂਦੇ ਸਨ। ਪਰਦੇਸੀ 'ਵਾ-ਬੁੱਲਿਆਂ ਦਾ ਚਿੜੀ-ਘਰ ਦੇ ਵਸਨੀਕਾਂ 'ਤੇ ਇਹ ਅਸਰ ਹੋਇਆ ਪਈ, ਪਹਿਲਾਂ ਚਿੜੀ-ਘਰ ਦੀਆਂ ਬੁਲਬੁਲਾਂ, ਚਿੜੀ-ਘਰ ਦੀ ਸਲਾਹੁਣਾ ਦੇ ਗੌਣ ਗਾਵਣ ਲੱਗ ਪਈਆਂ, ਤੇ ਤੋਤੇ ਪਰਦੇਸੀਆਂ ਦੀ ਬੋਲੀ ਬੋਲ ਕੇ ਪਿੰਜਰਿਆਂ ਦੇ ਬੂਹੇ ਖੁਲ੍ਹਾਣ ਦੀ ਮੰਗ ਕਰਨ ਲੱਗ ਪਏ, ਤੇ ਨਿੱਤ ਟੱਕਰਾਂ ਮਾਰ-ਮਾਰ ਕੇ ਪਿੰਜਰਿਆਂ ਤੋਂ ਬਾਹਰ ਆਉਣ ਲਈ, ਤੜਫਣ-ਕੁਰਲੌਣ ਲੱਗ ਪਏ। ਚਿੜੀ-ਘਰ ਵਿਚ ਪਿੰਜਰਿਆਂ, ਪਿੰਜਰੇ ਖੁਲ੍ਹਾਣ ਦਾ ਰੌਲਾ ਏਨਾ ਵਧਿਆ ਪਈ ਪਿੰਜਰਿਆਂ ਤੇ ਜਾਨਵਰਾਂ ਦੇ ਆਗੂਆਂ ਨੇ ਖਾਣ-ਪੀਣ ਛੱਡ ਦਿੱਤਾ। ਜਿਹਦੇ ਲਈ ਖਾਣਾ-ਦਾਣਾ ਆਉਣਾ, ਉਵੇਂ ਦਾ ਉਵੇਂ ਈ, ਪਿਆ ਰਹਿਣਾ। ਚਿੜੀ-ਘਰ ਦੇ ਕਈ ਵਸਨੀਕਾਂ, ਭੁੱਖਿਆਂ ਤੇ ਤੱਸਿਆਂ (ਪਿਆਸਿਆਂ) ਰਹਿ-ਰਹਿ ਕੇ ਜੋਬਨ-ਜਵਾਨੀ ਤੇ ਰੰਗ ਰੂਪ ਗਵਾ ਲਏ।

4

ਸ਼ੇਰ ਦਾ ਪਿੰਜਰਾ, ਭਾਵੇਂ ਚਿੜੀ-ਘਰ ਦੇ ਸਾਰੇ ਪਿੰਜਰਿਆਂ ਤੋਂ ਨਿਵੇਕਲਾ ਤੇ ਅੱਡਰਾ ਸੀ, ਪਰ ਫੇਰ ਵੀ ਉਹਦੀ ਭੁੱਬ ਸਾਰੇ ਚਿੜੀ ਘਰ ਵਿਚ ਗੂੰਜਦੀ ਹੁੰਦੀ ਸੀ ਤੇ ਸਾਰੇ ਵਸਨੀਕ ਚਿਰਾਂ ਤੋਂ ਉਹਨੂੰ ਆਪਣਾ ਆਗੂ ਤੇ ਗੁਰੂ ਮੰਨਦੇ ਆਏ ਸਨ। ਸ਼ੇਰ ਨੇ ਪਿੰਜਰਿਆਂ ਦੇ ਬੂਹੇ ਖੁਲ੍ਹਾਣ ਦੀ ਮੰਗ ਦੇ ਬਾਰੇ, ਚਿੜੀ-ਘਰ ਦੇ ਵਸਨੀਕਾਂ ਨੂੰ ਇਹ ਸਲਾਹ ਦਿੱਤੀ ਪਈ, ਮੈਂ ਭਾਵੇਂ ਤੁਹਾਥੋਂ ਦੂਰ ਤੇ ਨਿਵੇਕਲਾ ਵੱਸਣਾਂ, ਪਰ ਇਹ ਗੱਲ ਮੈਨੂੰ ਸਪਸ਼ਟ ਦਿੱਸਦੀ ਏ, ਪਈ ਪਿੰਜਰਿਆਂ ਵਿਚ ਡੱਕੇ ਤੇ ਸੀਖਾਂ ਓਹਲੇ ਬੈਠੇ, ਇਕ-ਦੂਜੇ ਨੂੰ ਕੈਰ੍ਹੀਆਂ ਨਜ਼ਰਾਂ, ਤੇ ਰੱਤੀਆਂ ਅੱਖਾਂ ਤੇ ਖਰਵੇਂ ਸੁਭਾਅ ਨਾਲ ਵੇਂਹਦੇ ਰਹਿੰਦੇ ਨੇ। ਗੱਲ-ਗੱਲ ਤੇ ਖੌਰੂ ਪਾਂਦੇ, ਪੂਛਲਾਂ ਹਿਲਾਰਦੇ ਤੇ ਪੌਂਹਚਿਆਂ 'ਚੋਂ ਨੌਂਧਰਾਂ ਕੱਢਦੇ ਰਹਿੰਦੇ ਨੇ। ਇਸ ਲਈ ਵੇਲੇ ਦੀ ਸਭ ਤੋਂ ਵੱਡੀ ਮੰਗ ਤੇ ਕਾਹਲੀ ਲੋੜ, ਇਹ ਵੇ ਪਈ ਪਿੰਜਰਿਆਂ ਦੇ ਬੂਹੇ ਖੁਲ੍ਹਣ ਤੋਂ ਅਗੇਰੇ, ਚਿੜੀ-ਘਰ ਦੇ ਸਾਰੇ ਵਸਨੀਕ ਆਪ-ਆਪਣੇ ਪਿਆਰ ਤੇ ਸੁਲ੍ਹਾ ਦੀ ਸਹੁੰ ਚੁੱਕ ਲੈਣ ਤੇ ਜਦ ਤੋੜੀ ਸਾਰੇ ਪੰਛੀਆਂ ਤੇ ਜਾਨਵਰਾਂ ਦੀ ਸਹੁੰ 'ਤੇ, 'ਕੱਠ ਨਾ ਹੋ ਜਾਵੇ, ਕਿਸੇ ਪਿੰਜਰੇ ਦਾ ਬੂਹਾ ਨਾ ਖੁਲ੍ਹੇ।

5

ਪਰ ਕਰਨਾ ਰੱਬ ਦਾ! ਇੰਜ ਹੋਇਆ, ਪਈ ਪਿੰਜਰੇ ਖੁਲ੍ਹਾਣ ਲਈ ਤੋਤੇ ਇੰਜ ਕੁਰਲਾਏ, ਪਈ ਇਨ੍ਹਾਂ ਦੀਆਂ ਹਿੱਕਾਂ ਦੇ ਲੂੰ ਸੜ ਗਏ ਤੇ ਕਲੇਜੇ ਪਾਟ ਗਏ। ਬੁਲਬੁਲਾਂ ਨੇ ਏਨੇ ਗਾਉਣ ਸੁਣਾਏ, ਪਈ ਉਨ੍ਹਾਂ ਦੇ ਸੰਘ ਬਹਿ ਗਏ, ਤੇ ਪਿੰਜਰਿਆਂ ਦੇ ਵਸਨੀਕਾਂ ਨੇ ਭੁੱਖਿਆਂ-ਤੱਸਿਆਂ ਰਹਿ-ਰਹਿ ਕੇ ਏਨਾ ਚੀਕ-ਚਿਹਾੜਾ ਪਾਇਆ, ਤੇ ਇਸ ਹਾਹਾ-ਕਾਰ ਨੇ ਏਨਾ ਟਿੱਲ ਫੜਿਆ ਪਈ ਇਕ ਦਿਹਾੜੀ ਪਿੰਜਰੇ ਦੇ ਬੂਹੇ ਖੜ-ਖੜ ਕਰ ਕੇ ਹਿੱਲੇ, ਤੇ ਮੁੜ ਅਚਨਚੇਤੀ ਖੁਲ੍ਹ ਗਏ।

6

ਸ਼ੇਰ ਪਿੰਜਰਿਓਂ ਨਿਕਲਿਆ ਤੇ ਉਹਦਾ ਸ਼ਿਕਾਰ ਕਰਨ ਲਈ ਦੂਰੋਂ-ਦੂਰੋਂ ਸ਼ਿਕਾਰੀ ਦੋਨਾਲੀਆਂ ਤਾਣ ਕੇ

ਨੱਸੇ। ਪਰ ਉਹ ਭਾਗਾਂ ਵਾਲਾ, ਸ਼ਿਕਾਰੀਆਂ ਦੀਆਂ ਅੱਖਾਂ 'ਚ ਧੂੜ ਪਾ ਕੇ ਨੱਸ ਗਿਆ। ਫੇਰ ਸੁਣਿਆ, ਪਈ ਟਾਪੂ ਦੇ ਜੰਗਲ ਵਿਚ ਜਿੱਥੇ ਉਹਦੀ ਜੰਮਣ ਭੋਂ ਸੀ, ਖ਼ੈਰੀ-ਸਲਾਮਤ ਜਾ ਅੱਪੜਿਆ ਏ।

7

ਉਧਰ ਚਿੜੀ-ਘਰ ਦੇ ਪਿੰਜਰਿਆਂ ਦੇ ਬੂਹੇ ਖੁੱਲ੍ਹੇ ਤੇ ਬੂਹੇ ਖੁੱਲ੍ਹਦਿਆਂ ਈ ਰਿੱਛ ਸੂਰਾਂ ਨਾਲ ਜੁੱਟ ਪਏ।

ਚਿਤਰੇ, ਚਿਤਰਿਆਂ ਨਾਲ ਭਿੜ ਪਏ। ਬਘਿਆੜਾਂ ਗਿੱਦੜਾਂ ਨੂੰ ਚੀਰ ਕੱਢਿਆ। ਲੰਮੇ ਦੰਦ, ਲੰਮਿਆਂ ਦੰਦਾਂ ਨਾਲ ਜਾ ਫਸੇ ਤੇ ਤ੍ਰਿੱਖੇ ਪੌਹਚੇ, ਤ੍ਰਿੱਖੇ ਪੌਹਚਿਆਂ ਨਾਲ ਜਾ ਅੜੇ। ਹਿਰਨ-ਹਿਰਨੀਆਂ, ਸਹੇ-ਸਹੀਆਂ, ਸਾਹਨਾਂ ਦੇ ਭੇੜ ਵਿਚ ਬੋਟਾਂ ਵਾਙੂੰ ਮਿੱਧੇ ਗਏ। ਕਬੂਤਰਾਂ ਦੇ ਆਂਡੇ ਭੱਜ ਗਏ, ਹੰਸਾਂ ਦੇ ਗਾਟੇ ਲਹਿ ਗਏ। ਲੂੰਮੜ ਤੇ ਬਾਂਦਰ ਭੱਜਦਿਆਂ ਦੇ ਅੱਗੇ ਤੇ ਮਾਰਦਿਆਂ ਦੇ ਪਿੱਛੇ ਰਹਿ ਕੇ, ਜਿੰਦ ਬਚਾ ਗਏ। ਪਰਾਂ ਵਾਲੇ ਉੱਡ ਗਏ, ਬੇ-ਪਰਾਂ ਦੀ ਸ਼ਾਮਤ ਆ ਗਈ। ਹਾਥੀ ਵੱਡੇ ਜੁੱਸੇ ਪਾਰੋਂ ਢੇਰ ਔਕੜ 'ਚ ਜਾ ਫਾਥਾ। ਪਰ ਓੜਕ ਏਸ ਢਾਓ-ਵਿੰਜਰ ਵਿੱਚੋਂ ਲੰਘ ਗਿਆ। ਪਿੱਛੇ ਪੂਛਲ ਰਹਿ ਗਈ। ਵਿੰਹਦਿਆਂ-ਵਿੰਹਦਿਆਂ, ਚਿੜੀ-ਘਰ ਦੀ ਧਰਤੀ ਲਾਲੋ-ਲਾਲ ਹੋ ਗਈ। ਸੱਖਣਿਆ ਪਿੰਜਰਿਆਂ ਤੇ ਲਾਲੋ-ਲਾਲ ਧਰਤੀ ਤੋਂ ਬਿਨਾਂ ਚਿੜੀ-ਘਰ ਦਾ ਖੋਜ-ਖੁਰਾ ਨਾ ਰਿਹਾ। ਹਰ ਪਾਸੇ ਸੁੰਮ-ਸਮਾਟ, ਚੁੱਪ-ਚਾਣ, ਨਾ ਕੁੱਕੜ ਦੀ ਬਾਂਗ, ਨਾ ਕੋਇਲ ਦੀ ਤਾਣ। ਦਿਨ, ਰਾਤ ਵਾਙੂੰ, ਤੇ ਰਾਤ ਕਬਰਾਂ ਤੇ ਮੜ੍ਹੀਆਂ ਵਾਙੂੰ। ਹੁਣ ਕਦੀ-ਕਦੀ ਪੁਰਾਣੇ ਬੋਹੜ ਤੋਂ ਉੱਲੂ ਬੋਲਦਾ ਏ ਤੇ ਪੁੱਛਦਾ ਏ: "ਦੱਸੋ ਉਏ ਚਿੜੀ-ਘਰ ਵਾਲਿਓ, ਪਿੰਜਰੇ ਖੁਲ੍ਹਾ ਕੇ ਤੁਸਾਂ ਕੀ ਖੱਟਿਆ ਏ?" ਉਹਦੀ ਆਵਾਜ਼ ਪਹਾੜੀ ਵਿਚੋਂ ਗੂੰਜ ਕੇ ਪਿਛਾਂਹ ਨੂੰ ਪਰਤਦੀ ਏ, ਤੇ ਗੂੰਜ ਨਾਲ ਇਕ ਹੋਰ ਆਵਾਜ਼ ਉੱਭਰਦੀ ਏ:

"ਓਏ! ਉੱਲੂ ਦਿਆ ਪੱਠਿਆ।"

---

**ਸ਼ਹੀਦਾਂ ਦੀ ਬਰਕਤ**

ਗੁਮਨਾਮੀ ਦੇ ਭੌਜਲ ਡੁੱਬਣ, ਜਦੋਂ ਕੌਮ ਦੀਆਂ ਪੈੜਾਂ।
ਜਦੋਂ ਮਾਸੂਮਾਂ ਦੇ ਤਨ ਡੰਗੇ, ਛੁਪੇ ਪੁਰਾਣੇ ਵੈਰਾਂ;
ਸਾਰ ਲਵੇ ਜੇ ਮਾਵਾਂ ਵਾਂਗੂੰ, ਕੌਮ ਸ਼ਹੀਦਾਂ ਸੰਦੀ-
ਫਿਰ ਨਾ ਕਦੇ ਉਲਾਂਭਾ ਦੇਵਣ, ਸਮੇਂ ਵਾਂਗ ਹੋ ਗ਼ੈਰਾਂ।

-ਹਰਿੰਦਰ ਸਿੰਘ ਮਹਿਬੂਬ-

ਸਾਨੂੰ ਡਾਢਾ ਲੋੜੀਂਦਾ ਵੇ, ਅੱਜ ਇਕ ਦੁੱਲਾ ਭੱਟੀ ਹੋਰ॥
ਭੰਨੇ ਕਿੰਗਰੇ ਦਿੱਲੀ ਦੇ, ਤੇ ਭਾਜੜ ਪਾਵੇ ਤਖ਼ਤ ਲਾਹੌਰ॥
-ਫ਼ਖ਼ਰ ਜ਼ਮਾਨ-

7

# ਸੋਚ ਸਮੁੰਦਰ

### ਆਗ਼ਾ ਅਸ਼ਰਫ਼

ਏਹ ਵੀ, ਓਸ ਦੀ ਇਕ ਜਾਗੋ ਮੀਟੀ ਰਾਤ ਸੀ। ਮੁੱਦਤਾਂ ਤੋਂ ਉਸ ਨੂੰ ਰਾਤ ਨੀਂਦਰ ਨਹੀਂ ਸੀ ਆਉਂਦੀ। ਜੇ ਘੜੀ ਪਲ ਲਈ ਉਹ ਸੌਂ ਵੀ ਜਾਂਦਾ, ਤਾਂ ਉਹਦੀਆਂ ਡੂੰਘੀਆਂ ਸੋਚਾਂ ਦੀਆਂ ਛੱਲਾਂ, ਉਹਨੂੰ ਝੂਟੇ ਦੇ ਕੇ ਫੇਰ ਜਗਾ ਦਿੰਦੀਆਂ ਸਨ। ਮੁੱਦਤਾਂ ਤੋਂ ਉਹਦੀ ਸਾਰੀ-ਸਾਰੀ ਰਾਤ ਸੋਚਾਂ ਦੇ ਸਮੁੰਦਰ ਦੀਆਂ ਛੱਲਾਂ ਉੱਤੇ ਡਿੱਕੋ-ਡੋਲੇ ਖਾਂਦਿਆਂ ਲੰਘ ਜਾਂਦੀ ਸੀ। ਭਾਂਅ-ਭਾਂਅ ਕਰਦੀਆਂ ਰਾਤਾਂ 'ਚ, ਉਹਦੀਆਂ ਸੋਚਾਂ ਉਹਨੂੰ ਫ਼ਜਰੇ ਤੀਕ ਜ਼ਗਾਂਦੀਆਂ ਸਨ, ਪਰ ਉਹਨੂੰ ਨੀਂਦਰ ਨਹੀਂ ਸੀ ਪੈਂਦੀ। ਕਮਲੀ ਰਾਤ ਸ਼ੂਕੇਂਦੀ, ਭਾਂਅ........ਭਾਂਅ ਕਰਦੀ ਗੁਜ਼ਰ ਜਾਂਦੀ। ਸੋਚਾਂ ਦੇ ਸਮੁੰਦਰ ਵਿਚ, ਉਹ ਬੁਲਬੁਲੇ ਵਾਂਗਰ ਲਹਿਰਾਂ ਤੇ ਡਿੱਕੋ-ਡੋਲੇ ਖਾਂਦਾ, ਰਿੜ੍ਹਿਆ ਜਾਂਦਾ ਸੀ।

ਪੂਰੇ ਪੰਝੀ ਵਰ੍ਹੇ ਹੋ ਗਏ ਸਨ, ਉਹਨੂੰ ਆਪਣੀ ਭੈਣ ਕੋਲੋਂ ਵਿਛੜਿਆਂ, ਜਿਹੜੀ ਏਹਦੇ ਨਾਲੋਂ 1947 ਦੇ ਫਿਰਕਾਂ-ਦਰਾਨਾ ਫ਼ਸਾਦਾਤ 'ਚ ਵਿੱਛੜ ਗਈ ਸੀ। ਉਹਨਾਂ ਦੀ ਬਸਤੀ ਤੇ, ਬਲਵਾਈਆਂ ਨੇ ਬਲਵਾ ਕੀਤਾ ਤੇ ਉਹਦੇ ਘਰ ਦੇ ਸਾਰੇ ਜੀਅ ਮਾਰੇ ਗਏ। ਇੱਕ ਭੈਣ, ਨਜ਼ਮਾ ਬਚੀ ਸੀ। ਉਹਨੂੰ ਲੈ ਕੇ, ਉਹ ਖੇਤਰਾਂ 'ਚ ਲੁਕਦਾ-ਲੁਕਾਦਾਂ ਇਕ ਕਾਫ਼ਲੇ ਨਾਲ ਆ ਰਲਿਆ ਸੀ। ਬਿਆਸ ਕੋਲ ਆ ਕੇ ਕਾਫ਼ਲਾ ਰੁਕ ਗਿਆ, ਕਿਉਂ ਜੇ ਬੜੇ ਜ਼ੋਰ ਦੀ ਬਾਰਸ਼ ਹੋ ਰਹੀ ਸੀ। ਦਰਿਆ ਵਿਚ ਕਾਂਗ ਚੜ੍ਹੀ ਹੋਈ ਸੀ, ਤੇ ਦਰਿਆ ਨੂੰ ਪਾਰ ਕਰਨਾ ਕੋਈ ਅਸਾਨ ਕੰਮ ਨਹੀਂ ਸੀ। ਪੁਲ ਤੋਂ ਲੰਘਣਾ ਵੀ ਖ਼ਤਰੇ ਤੋਂ ਖਾਲੀ ਨਹੀਂ ਸੀ। ਦੋਵੇਂ ਪਾਸੇ, ਪੁਲੋਂ ਪਾਰ ਮੀਲਾਂ ਤੱਕ ਫ਼ੈਲੇ ਜੰਗਲ-ਬੇਲੇ ਵਿਚ ਸਿੱਖ ਤੇ ਹਿੰਦੂ ਫ਼ਸਾਦੀ, ਹਰ ਤਰ੍ਹਾਂ ਦੇ ਹਥਿਆਰਾਂ ਨਾਲ ਲੈਸ, ਲੁਕੇ ਰਹਿੰਦੇ ਸਨ। ਜਿਸ ਵੇਲੇ ਮੁਸਲਮਾਨਾਂ ਦਾ ਕੋਈ ਕਾਫ਼ਲਾ ਉੱਧਰੋਂ ਲੰਘਦਾ ਸੀ, ਉਹ ਅਚਨਚੇਤੀ ਹਮਲਾ ਕਰਦੇ ਸਨ। ਉਹ ਕਤਲੋ-ਗਾਰਤ ਕਰਦੇ ਤੇ ਮੁਸਲਮਾਨ ਮੁਹਾਜਰਾਂ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੰਦੇ ਸਨ। ਜਵਾਨ ਔਰਤਾਂ ਨੂੰ ਅਗਵਾ ਕਰ ਲੈਂਦੇ ਤੇ ਬੱਚਿਆਂ-ਬੁੱਢਿਆਂ ਨੂੰ ਕਤਲ ਕਰ ਦਿੰਦੇ।

ਓਸ ਦਿਨ, ਬਾਰਸ਼ ਤੇ ਹੜ੍ਹ ਦੇ ਤੂਫ਼ਾਨ 'ਚ, ਸਿੱਖਾਂ ਨੇ ਬਿਆਸਾ ਕੰਢੇ ਰੁਕੇ ਮੁਸਲਮਾਨਾਂ ਦੇ ਕਾਫ਼ਲੇ ਤੇ ਹਮਲਾ ਕੀਤਾ ਤੇ ਮੁਹਾਜਰਾਂ ਤੇ ਕਿਆਮਤ ਟੁੱਟ ਪਈ। ਅੱਗੇ ਠਾਠਾਂ ਮਾਰਦਾ ਦਰਿਆ ਤੇ ਪਿੱਛੇ ਦੁਸ਼ਮਣਾਂ ਦੀਆਂ ਤਲਵਾਰਾਂ, ਬਰਛੀਆਂ ਤੇ ਚਮਕਦੀਆਂ ਕਿਰਪਾਨਾਂ ਦਾ ਜਥਾ। ਮੁਹਾਜਰਾਂ ਨੇ ਦੁਸ਼ਮਣ ਦਾ ਡਟ ਕੇ ਮੁਕਾਬਲਾ ਕੀਤਾ। ਉਹ ਵੀ ਓਸ ਮੁਕਾਬਲੇ ਵਿਚ ਡਾਢਾ ਜ਼ਖ਼ਮੀ ਹੋ ਕੇ ਬੇਹੋਸ਼ ਹੋ ਗਿਆ ਸੀ। ਫੇਰ, ਉਹਨੂੰ ਜਦੋਂ ਹੋਸ਼ ਆਇਆ ਸੀ, ਉੱਥੇ ਉਹਨੇ ਆਪਣੇ ਚਾਰ-ਚੁਫੇਰੇ ਲਾਸ਼ਾਂ-ਈ-ਲਾਸ਼ਾਂ ਵੇਖੀਆਂ ਤੇ ਬਲਵਾਈਆਂ ਤੋਂ ਬਚੇ ਹੋਏ ਦੋ-ਚਾਰ ਮੁਹਾਜਰ। ਹੋਰ ਉਹਨੂੰ ਕੁਝ ਵੀ ਨਜ਼ਰ ਨਾ ਆਇਆ। 'ਬਲਵਾਈ ਉਹਦੀ ਭੈਣ ਨੂੰ ਅਗਵਾ ਕਰ ਕੇ ਲੈ ਗਏ ਸਨ', ਬਚੇ ਹੋਏ ਮੁਹਾਜ਼ਰਾਂ ਨੇ ਉਸ ਨੂੰ ਦੱਸਿਆ ਸੀ।

ਇੰਨੇ 'ਚ ਉੱਥੋਂ ਇਕ ਫੌਜੀ ਕਾਨਵਾਏ ਲੰਘਿਆ, ਜਿਹੜਾ ਪਨਾਹਗੀਰਾਂ ਨੂੰ ਇੱਧਰੋਂ-ਉੱਧਰ ਲੈ ਜਾ ਰਿਹਾ ਸੀ। ਓਸ ਕਾਨਵਾਏ ਨੇ ਉਹਨੂੰ ਏਧਰ ਲੈ ਆਂਦਾ ਤੇ ਓਹ ਮੁਹਾਜ਼ਰ ਕੈਂਪਾਂ 'ਚ ਆਪਣੀ ਭੈਣ ਨੂੰ ਲੱਭਦਾ ਰਿਹਾ। ਲੱਭਦਿਆਂ-ਲਭਾਂਦਿਆਂ, ਪੰਝੀ ਵਰ੍ਹੇ ਲੰਘ ਗਏ, ਪਰ ਉਹ ਨਾ ਮਿਲੀ। ਉਹ ਉਹਨੂੰ ਲੱਭਦਾ ਤੇ ਹਰ ਵੇਲੇ ਸੋਚਾਂ ਦੇ ਸਮੁੰਦਰ ਵਿਚ ਗੋਤੇ ਖਾਂਦਾ ਰਹਿੰਦਾ ਸੀ। ਲੋਕ ਉਹਨੂੰ, ਸ਼ੁਦਾਈ ਤੇ ਝੱਲਾ ਸਮਝਦੇ ਸਨ।

*'ਦਿਲ ਦਰਿਆ ਸਮੁੰਦਰੋਂ ਡੂੰਘੇ,*
*ਕੌਣ ਦਿਲਾਂ ਦੀਆਂ ਜਾਣੇ ਹੂ।*
*ਵਿੱਚੇ ਜੋੜੇ ਤੇ ਵਿੱਚੇ ਬੇੜੇ,*
*ਵਿੱਚੇ ਵੰਝ ਮੁਹਾਣੇ ਹੂ।'*

ਤੇ ਏਹ ਇੱਕੋ 'ਹੂ', ਇਹਦੀ ਜ਼ਿੰਦਗੀ ਨੂੰ ਸੁੰਞਾ ਥੱਲ਼ ਬਣਾ ਗਈ ਸੀ। ਓਸ ਦਿਨ ਵੀ ਉਹਦੀ ਜਾਗੋ-ਮੀਟੀ ਰਾਤ 'ਚ, ਸੋਚਾਂ ਉਹਨੂੰ ਛੱਲਾਂ ਤੇ ਉਛਾਂਲ ਰਹੀਆਂ ਸਨ। ਕਦੇ ਰੱਜ ਕੇ ਹੱਸਦਾ ਤੇ ਕਦੇ ਰੱਜ ਕੇ ਰੋਂਦਾ। ਉਹਨੂੰ ਆਪਣੇ ਇਕਲਾਪੇ ਦਾ ਬੜਾ ਹਿਰਖ ਸੀ .......ਹਉਕੇ 'ਕੱਲੇ...... ਸੱਧਰਾਂ ਕੱਲੀਆਂ। ਕਾਲੇ-ਕਾਲੇ ਅੰਬਰ ਉੱਤੇ ਲੁਕਦੇ-ਛੁਪਦੇ ਤਾਰੇ ਇੰਝ ਦਿਸਦੇ ਸਨ, ਜਿਵੇਂ ਭੁੱਲੀਆਂ ਯਾਦਾਂ। ਧੁੰਦਲਾ-ਧੁੰਦਲਾ ਚੰਨ ਇੰਝ ਲੱਗਦਾ ਸੀ ਜਿਵੇਂ ਕੋਈ ਉਦਾਸ ਖਿਆਲ....... ਉਹਦਾ ਕੋਈ ਗਵਾਚਾ ਹੋਇਆ ਸੁਫ਼ਨਾ।

ਸੋਚਾਂ ਦੀ ਇੱਕ ਹੋਰ ਛੱਲ ਆਈ ਤੇ ਉਹਨੂੰ ਪੰਝੀ ਵਰ੍ਹੇ ਪਿਛਾਂਹ ਲੈ ਗਈ .......ਹਿੰਦੁਸਤਾਨ ਤਕਸੀਮ ਹੋ ਰਿਹਾ ਸੀ....... ਹਰ ਬਸਤੀ, ਹਰ ਸ਼ਹਿਰ, ਹਰ ਗਰਾਂ 'ਚੋ ਸ਼ੋਅਲੇ ਉੱਠ ਰਹੇ ਸਨ। ਅੱਗ ਦੇ ਲਾਂਬੂ .......ਜਿੱਧਰ ਦੇਖੋ, ਅੱਗ ਹੀ ਅੱਗ .....ਖ਼ੂਨ-ਈ-ਖ਼ੂਨ ......ਲਾਸ਼ਾਂ-ਈ-ਲਾਸ਼ਾਂ .......ਲਾਸ਼ਾਂ ਦੇ ਖੇਤ, ਲਾਸ਼ਾਂ ਦੇ ਟਿੱਲੇ, ਲਾਸ਼ਾਂ ਦੇ ਢੇਰ......।

ਹਿੰਦੁਸਤਾਨ ਦੀ ਆਜ਼ਾਦੀ ਆਪਣੇ ਵਾਲ ਪੁੱਟ-ਪੁੱਟ ਕੇ ਵੈਣ ਪਾ ਰਹੀ ਸੀ। ਉਹਦੇ ਨਵੇਂ-ਨਰੋਲ ਪਿੰਡੇ ਤੇ ਲੱਗੇ ਹੋਏ ਜ਼ਖ਼ਮ ਬੇਹਿਸਾਬ ਸਨ। ਸਤਲੁਜ ਦਾ ਪੱਤਣ ਲੰਘਦੇ ਲੋਕਾਂ ਦੀਆਂ ਚੀਕਾਂ, ਕੂਕਾਂ, ਹਿਮਾਲੀਆ ਪਰਬਤ ਦੀ ਟੀਸੀ ਤੋਂ ਵੀ ਉੱਪਰ, ਅੰਬਰਾਂ 'ਚ ਲੁਕੇ ਹੋਏ, ਰੱਬ ਦੇ ਰਹਿਮ ਦੇ ਸੰਗਲ ਖੜਕਾ ਰਹੀਆਂ ਸਨ। ਇਨਕਲਾਬ ਦੇ ਚੌਮੁਖੀਏ ਦੀਵੇ 'ਚ ਤੇਲ ਨਹੀਂ, ਇਨਸਾਨਾਂ ਦਾ ਲਹੂ ਜਗ ਰਿਹਾ ਸੀ। ਕਿਆਮਤ ਤੋਂ ਪਹਿਲਾਂ ਕਿਆਮਤ ਆ ਗਈ ਸੀ, ਇਨਸਾਨ ਇਨਸਾਨ ਦੇ ਲਹੂ ਦਾ ਪਿਆਸਾ ਹੋ

ਰਿਹਾ ਸੀ। ਸਦੀਆਂ ਪੁਰਾਣੇ ਤੁਅੱਲਕਾਤ ਸੂਤਰ ਦੇ ਕੱਚੇ ਧਾਗੇ ਬਣ ਗਏ ਸਨ। ਦੋਸਤੀਆਂ ਤੇ ਪੁਰਾਣੇ ਤੁਅਸਬ, ਮਜ਼੍ਹਬੀ ਜਨੂੰਨ ਦੀ ਭੇਟ ਚੜ੍ਹ ਚੁੱਕੇ ਸਨ ਤੇ ਹਜ਼ਾਰਾਂ ਮੁਸਲਮਾਨ ਮੁਹਾਜਰ.......ਪਨਾਹਗਜ਼ੀਨ...... ਪਾਕਿਸਤਾਨ ਦੀਆਂ ਸਰਹੱਦਾਂ ਵੱਲ ਵਧੇ ਆ ਰਹੇ ਸਨ। ਹਜ਼ਾਰਾਂ ਸ਼ਰਨਾਰਥੀ, ਹਿੰਦੁਸਤਾਨ ਦੀਆਂ ਸਰਹੱਦਾਂ ਵੱਲ ਨੱਸੇ ਜਾ ਰਹੇ ਸਨ।

ਦਿੱਲੀ ਦਾ ਬਾਜ਼ਾਰੇ-ਹੁਸਨ ਵੀ ਉੱਜੜ ਗਿਆ ਸੀ। ਉਹਦੇ ਇੱਕ ਪਾਸੇ ਮੁਸਲਮਾਨਾਂ ਦਾ ਮੁਹੱਲਾ ਸੀ ਤੇ ਦੂਜੇ ਪਾਸੇ ਹਿੰਦੂਆਂ ਦਾ ਮੁਹੱਲਾ। ਏਸ ਰਾਮ ਰੌਲੇ ਵਿਚ, ਬਾਜ਼ਾਰੇ-ਹੁਸਨ ਦੇ ਕੁਝ ਕੋਠੇ ਹਾਲੇ ਵੀ ਆਬਾਦ ਸਨ। ਇਹਨਾਂ ਵਿਚੋਂ ਇਕ ਕੋਠਾ ਗੀਤਾ ਬਾਈ ਦਾ ਸੀ। ਗੀਤਾ ਬਾਈ....... ਇਕ ਵਿੱਛੜੀ ਭੈਣ .......ਜਿਹਨੂੰ ਬਲਵਈਆਂ ਨੇ ਅਗਵਾ ਕਰ ਲਿਆ ਸੀ! ਫੇਰ ਕਈਆਂ ਨੇ ਉਹਦੇ ਨਾਲ ਮੂੰਹ ਕਾਲਾ ਕੀਤਾ .......ਤੇਜ਼ ਤਲਵਾਰਾਂ ਦੀਆਂ ਧਾਰਾਂ ਤੇ ਨੱਚਦੀ, ਓੜਕ ਓਸ ਮੰਡੀ ਵਿਚ ਲਿਆਂਦੀ ਗਈ, ਜਿੱਥੇ ਡੰਗਰ-ਢੋਰਾਂ ਦੇ ਨਾਲ-ਨਾਲ ਔਰਤਾਂ ਵੀ ਵਿਕਦੀਆਂ ਸਨ। ਮੱਥਰਾ ਦੇ ਇਕ ਚਕਲੇ ਦੀ ਬਾਈ ਉਹਨੂੰ ਖਰੀਦ ਕੇ ਲੈ ਗਈ, ਪਰ ਉਸ ਵੇਲੇ ਤੇ ਚਕਲਿਆਂ ਵਿਚ ਜਾਣ ਦੀ ਲੋੜ ਨਹੀਂ ਸੀ, ਲੁੱਟ-ਮਾਰ ਵਿਚ ਔਰਤਾਂ ਮੁਫ਼ਤ ਮਿਲ ਰਹੀਆਂ ਸਨ। ਫੇਰ ਬਾਈ ਨੇ ਮੰਦੇ-ਮੰਦੇ ਵਿਚ ਉਹਨੂੰ ਇੱਕ ਭੜੂਏ ਅੱਗੇ ਵੇਚ ਦਿੱਤਾ, ਜੀਹਨੇ ਅੱਗੋਂ ਆਗਰੇ ਦੇ ਬਦਨਾਮ ਬਾਜ਼ਾਰ ਦੀ ਇਕ ਕੋਠੇਵਾਲੀ ਕੋਲ ਵੇਚ ਦਿੱਤਾ। ਏਸੇ ਤਰ੍ਹਾਂ ਕਈ ਥਾਂ ਵਿਕਦੀ-ਵਿਕਾਂਦੀ ਉਹ ਦਿੱਲੀ ਦੇ ਬਾਜ਼ਾਰੇ-ਹੁਸਨ 'ਚਾਵੜੀ' 'ਚ ਅੱਪੜ ਗਈ ............ਚਾਵੜੀ।

ਜਿਹਦੇ ਹੋਰ ਵੀ ਦੋ ਤਿੰਨ ਨਾਂ ਨੇ! ਤੇ ਇਹਦੇ ਵੀ ਦੋ ਤਿੰਨ ਨਾਂ ਰੱਖੇ ਗਏ ਸਨ।

ਉਹਦਾ ਅਸਲੀ ਨਾਂ ਤੇ ਨਜ਼ਮਾ ਸੀ, ਪਰ ਮੱਥਰਾ ਵਿਚ ਉਹਦਾ ਨਾਂ ਚਕੋਰੀ ਰੱਖਿਆ, ਆਗਰੇ ਵਿਚ ਉਹਦਾ ਨਾਂ ਗੁਲਬਦਨ ਸੀ ਤੇ ਚਾਵੜੀ 'ਚ ਆ ਕੇ ਉਹ ਗੀਤਾ ਬਾਈ ਬਣ ਗਈ, ਜਿੱਥੇ ਉਹ ਗਾਣ-ਵਜਾਣ ਦਾ ਧੰਦਾ ਕਰਦੀ ਸੀ।

ਉਸ ਦਿਨ ਵੀ ਉਹ ਗਾਉ-ਤਕੀਏ ਨਾਲ ਟੇਕ ਲਗਾ ਕੇ ਬਣ-ਠਣ ਕੇ ਬੈਠੀ ਹੋਈ ਸੀ। ਉਹਦੀਆਂ ਬੁਝੀਆਂ-ਬੁਝੀਆਂ ਅੱਖਾਂ ਤੋਂ ਇੰਝ ਲਗਦਾ ਸੀ, ਜਿਵੇਂ ਉਹਦੇ ਚੇਹਰੇ ਮੋਹਰੇ ਤੇ ਲਿੱਪੇ ਹੋਏ ਸੁਰਖੀ, ਪਾਊਡਰ ਦੀਆਂ ਪਰਤਾਂ ਹੇਠਾਂ,ਇਹਦੇ ਡੂੰਘੇ ਜ਼ਖ਼ਮ, ਹਾਲੇ ਵੀ ਸੱਜਰੇ-ਸੱਜਰੇ ਸਨ। ਇਹਨਾਂ 'ਚੋਂ ਰੱਤ ਸਿੰਮ ਰਹੀ ਏ, ਉਹਦੇ ਲੂੰਲ੍ਹਾਂ, ਗੱਲ੍ਹਾਂ ਦੀਆਂ ਸੁਰਖੀਆਂ ਦੇ ਪੋਚੇ ਹੇਠਾਂ ਹਾਲੇ ਵੀ ਉਹ ਜ਼ਰਦੀਆਂ ਖਿੰਡੀਆਂ ਹੋਈਆਂ ਨੇ,ਜਿਹੜੀਆਂ ਫਿਰਕਾਦਾਰਾਨਾਂ ਫ਼ਸਾਦਾਂ 'ਚ ਥਾਂ-ਥਾਂ ਖਿੱਲਰੀਆਂ ਲਾਸ਼ਾਂ 'ਤੇ ਖਿੰਡੀਆਂ ਹੋਈਆਂ ਸਨ।

ਉਹਦੇ ਸਾਹਮਣੇ ਉਸ ਵੇਲੇ ਤਿੰਨ ਗਾਹਕ ਬੈਠੇ ਸਨ, ਇੱਕ ਹਿੰਦੂ...... ਇੱਕ ਸਿੱਖ...... ਤੇ ਇੱਕ ਮੁਸਲਮਾਨ.....।

ਗੀਤਾ ਬਾਈ ਆਪਣੀ ਥਾਂ ਤੋਂ ਉੱਠੀ........ ਪਾਨਾਂ ਦੀ ਮਨ-ਕਸ਼ ਥਾਲੀ ਇਹਦੇ ਕੂਲੇ-ਕੂਲੇ ਹੱਥਾਂ 'ਚ ਸੀ।

"ਸਤਿ ਸ੍ਰੀ ਅਕਾਲ ......ਸ਼ੌਕ ਕਰੋ .......", ਗੀਤਾ ਬਾਈ ਨੇ ਸਿੱਖ ਨੂੰ ਗਲੋਰੀ ਪੇਸ਼ ਕਰਦਿਆਂ ਹੋਇਆਂ ਆਖਿਆ। ਸਿੱਖ ਨੇ ਪਾਨ ਲੈ ਲਿਆ। ਹੁਣ ਰੁਖ ਹਿੰਦੂ ਸ਼ਾਹੂਕਾਰ ਵੱਲ ਸੀ, "ਨਮਸਤੇ, ਸਵੀਕਾਰ ਕਰੋ ਸਵੀਕਾਰ......", ਗੀਤਾ ਬਾਈ ਨੇ ਪਾਨ ਪੇਸ਼ ਕਰਦਿਆਂ ਹੋਇਆ ਆਖਿਆ।

ਹਿੰਦੂ ਸ਼ਾਹੂਕਾਰ ਨੇ ਗਲੋਰੀ ਲੈ ਕੇ ਮੂੰਹ ਵਿਚ ਪਾ ਲਈ। ਹੁਣ ਗੀਤਾ ਬਾਈ ਮੁਸਲਮਾਨ ਵੱਲ ਵਧੀ ਤੇ ਸਿੱਖ ਕਿਰਪਾਨ ਕੱਢ ਕੇ ਗੱਜਿਆ, "ਤੂੰ ਸਾਡੇ ਸਾਹਮਣੇ ਮੁਸਲਮਾਨ ਨੂੰ ਪਾਨ ਨਹੀਂ ਦੇ ਸਕਦੀ।"

"ਸਰਦਾਰ ਜੀ ਇਹ ਤਵਾਇਫ਼ ਦਾ ਕੋਠਾ ਏ, " ਗੀਤਾ ਬਾਈ ਨੇ ਆਖਿਆ, "ਏਸ ਕੋਠੇ ਤੇ ਆਣ ਵਾਲੇ ਦਰਵਾਜ਼ੇ ਤੇ ਈ ਆਪਣਾ ਮਜ਼੍ਹਬ ਛੱਡ ਆਉਂਦੇ ਨੇ।"

ਇਹ ਸੁਣ ਕੇ ਸਿੱਖ ਹੋਰ ਭੂਤਰਿਆ, ਉਹਨੇ ਕਿਰਪਾਨ ਨੂੰ ਲਹਿਰਾਇਆ ਪਰ ਮੁਸਲਮਾਨ ਬੜਾ ਫੁਰਤੀਲਾ ਨਿਕਲਿਆ। ਉਹਨੇ ਆਪਣੇ ਨੇਫੇ ਚੋਂ ਸ਼ਿਕਾਰੀ ਚਾਕੂ ਕੱਢਿਆ ਤੇ ਸਿੱਖ ਨੂੰ ਉਹਨੇ ਖ਼ੂਨ ਵਿਚ ਈ ਰੰਗ ਦਿੱਤਾ। ਹਿੰਦੂ ਸ਼ਾਹੂਕਾਰ ਜਾਨ ਬਚਾ ਕੇ ਨੱਸ ਗਿਆ। ਮੁਸਲਮਾਨ ਨੇ ਬਾਈ ਨੂੰ ਆਖਿਆ, "ਗੀਤਾ ਬਾਈ! ਤੂੰ ਮੁਸਲਮਾਨ ਏਂ, ਮੈਂ ਜਾਣਨਾਂ ਵਾਂ, ਤੂੰ ਤਵਾਇਫ਼ ਨਹੀਂ, ਤੈਨੂੰ ਤਵਾਇਫ਼ ਬਣਾ ਦਿੱਤਾ ਗਿਆ ਏ। ਮੈਂ ਇਸ ਹਾਲਤ 'ਚੋਂ ਕੱਢਣ ਲਈ ਕਈਆਂ ਦਿਨਾਂ ਤੋਂ ਇੱਥੇ ਆ ਰਿਹਾ ਹਾਂ। ਤੇਰੇ ਕਾਰਨ ਅੱਜ, ਇਕ ਖ਼ੂਨ ਵੀ ਹੋ ਗਿਆ ਏ। ਚੱਲ, ਮੇਰੇ ਨਾਲ ਫ਼ਰਾਰ ਹੋ ਚੱਲ। ਜੇ ਤੂੰ ਇਨਕਾਰ ਕੀਤਾ ਤੇ ਮੇਰਾ ਕੀ ਏ, ਹੁਣੇ ਏਥੋਂ ਗਾਇਬ ਹੋ ਜਾਵਾਂਗਾ। ਪਰ ਤੇਰੀ ਖ਼ੈਰ ਨਹੀਂ! ਪੁਲੀਸ ਤੈਨੂੰ ਕਾਤਿਲ ਸਮਝਦਿਆਂ ਹੋਇਆਂ ਖਿੱਚ-ਘਸੀਟ ਕਰੇਗੀ। ਬਚ! ਇਸ ਮੁਸੀਬਤ ਕੋਲੋਂ। ਚਲ...... ਤੁਰ ਮੇਰੇ ਨਾਲ! ਮੈਂ ਤੈਨੂੰ ਇਕ ਐਸੀ ਥਾਂ ਲੈ ਚਲਾਂਗਾ, ਜਿੱਥੇ ਤੂੰ ਬੜੀ ਇੱਜ਼ਤ-ਆਬਰੂ ਨਾਲ ਜ਼ਿੰਦਗੀ ਗੁਜ਼ਾਰ ਸਕੇਂਗੀ।"

ਤੇ ਗੀਤਾ ਬਾਈ ਉਹਦੇ ਨਾਲ ਟੁਰ ਪਈ। ਨਾਇਕਾ ਨੂੰ ਉਹਦੇ ਜਾਣ ਦਾ ਪਤਾ ਈ ਨਾ ਲੱਗ ਸਕਿਆ। ਦਿੱਲੀ ਤੋਂ ਕਰਾਚੀ ਆ ਗਈ। ਜਿੱਥੇ ਉਹ ਬੜੇ ਠਾਠ ਨਾਲ ਧੰਦਾ ਕਰਨ ਲੱਗ ਪਈ ਤੇ ਉਹ ਬੰਦਾ ਆਬਰੂ ਨਾਲ ਉਹਦੇ ਕੋਲੋਂ ਧੰਦਾ ਕਰਾਣ ਲੱਗ ਪਿਆ।

ਜਿਵੇਂ ਬਿਜਲੀ ਲਿਸ਼ਕਦੀ ਏ! ਇਕ ਲਿਸ਼ਕਾਰਾ ਜਿਹਾ ਪਿਆ, ਤੇ ਗੁਜ਼ਰੇ-ਬੀਤੇ ਸਮੇਂ ਦੀਆਂ ਇਹ ਯਾਦਾਂ ਲਿਸ਼ਕ-ਲਿਸ਼ਕ ਕੇ ਬੀਤੇ ਸਮੇਂ ਦੀਆਂ ਘੁੱਪ ਹਨ੍ਹੇਰੀਆਂ ਵਿਚ ਲੁਕ-ਲੁਕਾ ਗਈਆਂ। ਇਹਦੀਆਂ ਸੋਚਾਂ ਦੇ ਸਮੁੰਦਰ ਵਿਚ ਇਕ ਹੋਰ ਛੱਲ ਉੱਠੀ ਤੇ ਉਹਨੂੰ ਖਿੱਦੋ ਵਾਂਗ ਉਛਾਲਦੀ ਬੀਤੇ ਸਮੇਂ ਦੇ ਘੁਰਾਲ ਵਿਚ ਲੈ ਗਈ-ਕੱਪਰ

ਵਿਚ ਬਹਿ ਗਈ। ਘੁੱਪ ਹਨ੍ਹੇਰੇ ਵਿਚ ਲੈ ਗਈ। ਉਹ ਜਦੋਂ ਮੁਹਾਜ਼ਰਾਂ ਦੇ ਲੁੱਟੇ-ਪੁੱਟੇ ਕਾਫ਼ਲੇ ਨਾਲ ਅੱਗ ਤੇ ਹੋਣੀ ਦਾ ਸਮੁੰਦਰ ਪਾਰ ਕਰ ਕੇ ਆਇਆ, ਤੇ ਏਧਰ ਵੀ ਓਹੋ ਕੁਝ ਹੋ ਰਿਹਾ ਸੀ। ਸਰਹੱਦ ਪਾਰ ਕਰਦੇ ਸ਼ਰਨਾਰਥੀਆਂ ਤੇ ਬਲਵਈਆਂ ਨੇ ਹਮਲਾ ਕਰ ਕੀਤਾ। ਕਤਲੋ-ਗ਼ਾਰਤ ਤੇ ਲੁੱਟ ਮਾਰ ਵੀ ਕੀਤੀ। ਇਹ ਉਸ ਵੇਲੇ ਇਕ ਮੁਹਾਜਰ ਕੈਂਪ ਸੀ।

ਏਧਰੋਂ ਵੀ ਇਕ ਭਰਾ ਕੋਲੋਂ ਭੈਣ ਵਿੱਛੜੀ ਤੇ ਆਪਣੀ ਵਿੱਛੜੀ ਭੈਣ ਦੇ ਇਵਜ਼ ਵਿਚ, ਓਹਨੇ ਉਹਦੀ ਸਹਾਇਤਾ ਕੀਤੀ। ਖ਼ੁਦ ਜ਼ਖ਼ਮੀ ਹੋ ਗਿਆ ਪਰ ਉਹਨੂੰ ਆਂਚ ਨਾ ਆਣ ਦਿੱਤੀ। ਉਹਨੂੰ ਬਘਿਆੜਾਂ ਦੇ ਮੂੰਹ 'ਚੋਂ ਕੱਢ ਲਿਆ। ਬਿਗ਼ਾਨੀ ਭੈਣ ਨੂੰ ਆਪਣੀ ਭੈਣ ਸਮਝਿਆ। ਗੁਰਬਖਸ਼ ਕੌਰ ਏਸ ਦਾ ਨਾਮ ਸੀ। ਤੇ ਫੇਰ ਜਦੋਂ ਦੋਨੋਂ ਪਾਸੇ, ਗੁੰਮ ਹੋਈਆਂ ਔਰਤਾਂ ਦੀ ਬਰਾਮਦਗੀ ਦੀ ਮੁਹਿੰਮ ਸ਼ੁਰੂ ਹੋਈ, ਉਹਨੇਂ ਗੁਰਬਖਸ਼ ਕੌਰ ਨੂੰ ਕਮਿਸ਼ਨ ਦੇ ਸਪੁਰਦ ਕਰ ਦਿੱਤਾ। "ਭੈਣਾਂ, ਗੁਰਬਖਸ਼ ਕੌਰੇ! ਉੱਧਰ ਜਾ ਕੇ ਆਪਣੀ ਭੈਣ, ਨਜ਼ਮਾ ਦਾ ਖੁਰਾ-ਖੋਜ ਜ਼ਰੂਰ ਕੱਢੀਂ, ਤੇ ਜੇ ਤੈਨੂੰ ਉਹ ਮਿਲ ਜਾਏ ਤੇ ਉਹਨੂੰ, ਏਧਰ ਘੱਲਣ ਦਾ ਯਤਨ ਕਰੀਂ।"

ਗੁਰਬਖਸ਼ ਕੌਰ ਨੂੰ ਤੋਰਦਿਆਂ ਹੋਇਆਂ, ਉਹ ਮੂੰਹ ਲੁਕਾ ਕੇ ਬੜਾ ਈ ਰੋਇਆ ਤੇ ਗੁਰਬਖਸ਼ ਦੀਆਂ ਅੱਖੀਆਂ ਵੀ ਗਿੱਲੀਆਂ ਹੋ ਗਈਆਂ ਸਨ। ਵਿੱਛੜੀਆਂ ਕੂੰਜਾਂ ਦਾ ਕਾਫ਼ਲਾ, ਜਦ ਤੀਕ ਉਹਨੂੰ ਨਜ਼ਰ ਆਉਂਦਾ ਰਿਹਾ, ਉਹ ਲਾਲ ਲਕੀਰ ਤੇ ਖਲੋਤਾ ਉਹਨਾਂ ਨੂੰ ਜਾਂਦਿਆਂ ਬਿੱਟ-ਬਿੱਟ ਵੇਖਦਾ ਰਿਹਾ। ਫੇਰ, ਉਹਨੇ ਹਰ ਰੋਜ਼ ਉੱਥੇ ਜਾਣ ਦਾ ਦਸਤੂਰ ਈ ਬਣਾ ਲਿਆ। ਦਿਨ ਚੜ੍ਹੇ ਉਹ ਓਸ ਲਕੀਰ ਤੇ ਜਾ ਖਲੋਂਦਾ ਤੇ ਦਿਨ ਡੁੱਬੇ ਮੁੜ ਆਉਂਦਾ। ਉਹਨੂੰ ਯਕੀਨ ਸੀ, ਪਈ ਗੁਰਬਖਸ਼ ਕੌਰ ਜ਼ਰੂਰ ਉਹਦੀ ਭੈਣ ਨਜ਼ਮਾ ਨੂੰ ਲੱਭੇਗੀ। ਨਜ਼ਮਾ ਇੱਧਰ ਆਏਗੀ, ਪਰ ਉਹ ਨਹੀਂ ਸੀ ਜਾਣਦਾ ਨਜ਼ਮਾ ਤੇ ਕਰਾਚੀ ਅੱਪੜ ਕੇ ਬੜੀ ਇੱਜ਼ਤ ਆਬਰੂ ਨਾਲ ਧੰਦਾ ਕਰ ਰਹੀ ਏ। ਉਹਨੂੰ ਨਹੀਂ ਸੀ ਮਾਲੂਮ, ਕਿ ਗੁਰਬਖਸ਼ ਕੌਰ ਨੂੰ ਵੀ ਇਕ ਐਸਾ ਫੁਰਤੀਲਾ ਮਿਲਿਆ ਜਿਹਨੇ ਉਹਨੂੰ ਗੀਤਾ ਬਾਈ ਦੀ ਥਾਂ 'ਚਵੜੀ' ਕੋਠੇ ਤੇ ਬਿਠਾ ਦਿੱਤਾ ਏ।

ਜੇ ਉਹਨੂੰ ਪਤਾ ਲੱਗ ਜਾਂਦਾ, ਤੇ ਖੌਰੇ ਉਹਦੀਆਂ ਸੋਚਾਂ ਦਾ ਸਮੁੰਦਰ ਈ ਸੁੱਕ ਜਾਂਦਾ, ਜਾਂ ਫਿਰ ਏਡਾ ਤੂਫ਼ਾਨ ਆ ਜਾਂਦਾ, ਜਿਹਦੇ ਵਿਚ ਪੂਰੀ ਧਰਤੀ ਤੇ ਛੱਲਾਂ-ਹੀ-ਛੱਲਾਂ ਹੁੰਦੀਆਂ, ਹੋਰ ਕੁਝ ਨਾ ਹੁੰਦਾ!

---

ਚੋਲਾ ਦਿਲਾਂ ਦਾ ਲੀਰੋ-ਲੀਰ ਏਧਰ,  
ਓਸ ਪਾਸੇ ਵੀ ਜਿੰਦ ਬੇਹਾਲ ਫਿਰਦੀ।  
ਸੂਹੇ ਜੋੜੇ ਨੂੰ ਉੱਥੇ ਵੀ ਤਾਪ ਚੜ੍ਹਦਾ,  
ਕਾਈ ਇੱਥੇ ਵੀ ਖੋਹਲ ਕੇ ਵਾਲ ਫਿਰਦੀ।  
ਤੇਰੇ ਪਿੰਡ ਵੀ ਚੂੜੀਆਂ ਟੁੱਟਦੀਆਂ ਨੇ,  
ਮੇਰੇ ਚੱਕ ਵੀ ਹੋਠਾਂ ਦੇ ਫੁੱਲ ਵਿਕਦੇ।  
ਓਸ਼ ਨਗਰ ਵੀ ਤੁਲਦਾ ਏ ਗੌਣ ਤੇਰਾ,  
ਮੇਰੇ ਬੋਲ ਇਸ ਨਗਰ ਵੀ ਮੁੱਲ ਵਿਕਦੇ।

**-ਅਹਿਮਦ ਸਲੀਮ-**

8

## ਚਾਚਾ ਸ਼ਿੰਗਾਰਾ

### ਅਨੂਪ ਵਿਰਕ

ਚਾਚਾ ਸ਼ਿੰਗਾਰੇ ਦੀ ਗੱਲ ਕਰਦਿਆਂ ਮੈਨੂੰ ਇੰਝ ਲੱਗਣ ਲੱਗ ਪੈਂਦਾ, ਜਿਵੇਂ ਰਹਿਰਾਸ ਦਾ ਪਾਠ ਕਰਦਿਆਂ ਕਿਤੇ ਕੋਈ ਅੱਖਰ ਵੱਧ-ਘੱਟ ਕਹਿ ਬੈਠਾ, ਤਾਂ ਪੁੰਨ ਦੀ ਥਾਂ ਪਾਪਾਂ ਦਾ ਹੀ ਭਾਗੀ ਨਾ ਬਣ ਜਾਵਾਂ। ਉਹਦੀਆਂ ਯਾਦਾਂ ਦੇ ਬੋਹਲ ਤੋਂ ਮੈਂ ਸਾਰੀ ਉਮਰ ਝੋਲੀਆਂ ਭਰ-ਭਰ ਸ਼ਬਦਾਂ ਦੀ ਹੱਟੀ ਤੇ ਸੁੱਟੀ ਜਾਂਵਾਂ, ਉਹਨੇ ਕਦੇ ਘਟਣਾ ਨਹੀਂ। ਖੌਰੇ ਉਹ ਕੇਹੜੀ ਮਿੱਟੀ ਦਾ ਬਣਿਆ ਸੀ, ਕਿ ਉਹਦੇ ਲੱਖ ਐਬਾਂ 'ਚੋਂ ਵੀ, ਹਾੜ੍ਹ ਵਿਚ ਪਏ ਮੀਂਹ ਨਾਲ ਭਿੱਜੀ ਧਰਤੀ ਵਰਗੀ ਮਹਿਕ ਆਉਂਦੀ। ਮੇਰੇ ਚੇਤੇ ਦੀ ਉਮਰ ਹਾਲੇ ਦੋਧੇ-ਦੰਦੀ ਸੀ, ਜਦੋਂ ਉਹਨੇ ਮੈਨੂੰ ਘਨਾੜੇ ਚੁੱਕ ਕੇ ਮੇਰੇ ਭਰਾ ਦੇ ਵਿਆਹ ਤੇ ਬਾਰ ਦਾ ਝੁੰਮਰ ਪਾਉਂਦਿਆਂ, ਕੋਈ ਢੋਲੇ ਵਰਗੀ ਸ਼ੈਅ ਲੰਮੀ ਹੇਕ ਵਿਚ ਗਾਈ ਸੀ। ਜਿਸ ਦੀਆਂ ਦੋ ਸਤਰਾਂ ਦੇ ਭਾਵ ਦੇ ਹਿਰਨ ਹਾਲੇ ਤੀਕਰ, ਮੇਰੇ ਮਨ ਦੀ ਹਰੀ-ਕਚੂਰ ਭਾਵਨਾ ਨੂੰ ਚਰਦੇ ਰਹਿੰਦੇ ਨੇ।

*ਮਿੱਟੀ ਵਤਨਾਂ ਦੀ ਵਾਜਾਂ ਪਈ ਊ ਮਾਰਦੀ,*
*ਉਏ ਬੋੜੇ ਖੂਹ ਦੇ ਪਾਣੀਆਂ।*
*ਪਰਦੇਸਾਂ ਦੀ ਤੇ ਠੰਢੀ ਵਾਅ ਵੀ ਹਿੱਕ ਸਾੜਦੀ।*
*ਉਏ ਮੁੜ ਘਰੀਂ ਆ ਜਾ ਹਾਣੀਆਂ।*

ਉਸ ਦਿਨ ਉਹਨੇ ਦਾਰੂ ਨਾਲ ਗਹਿ-ਗੱਚ ਹੋ ਕੇ ਚਾਂਗਰਾਂ ਮਾਰੀਆਂ ਤੇ ਹਿੰਦੁਸਤਾਨ, ਪਾਕਿਸਤਾਨ ਬਨਾਣ ਵਾਲਿਆਂ ਨੂੰ ਬੜੀਆਂ ਨੰਗੀਆਂ ਗਾਲ੍ਹਾਂ ਕੱਢੀਆਂ। ਤੇ ਫੇਰ, ਕਈ ਦਿਨ ਡੰਗਰਾਂ ਵਾਲੀ ਕੁੜ ਵਿਚ ਟੁੱਟੀ ਮੰਜੀ ਤੇ ਚੁੱਪ-ਚਾਪ ਪਿਆ ਰਿਹਾ। ਸਾਰਿਆਂ ਨੇ ਲੱਖ ਤਰਲੇ ਕੀਤੇ, ਪਰ ਉਹਨੇ ਨਾ ਕੁਝ ਖਾਧਾ, ਨਾ ਪੀਤਾ। ਏਹੋ ਕਹੀ ਜਾਵੇ, 'ਮੇਰਾ ਨਹੀਂ ਜੇ ਸੌਂਕਣ ਧਰਤੀ ਤੇ ਮਨ ਭਿੱਜਦਾ, ਮੇਰੇ ਟੋਟੇ ਕਰਕੇ ਰਾਵੀ ਵਿਚ ਵਹਾ ਆਓ, ਮੇਰੀ ਉਮਰਾਂ ਦੀ ਤਰੇਹ ਬੁਝ ਜਾਵੇਗੀ।" ਮੈਂ ਉਦੋਂ ਅੰਞਾਣਾ ਬਾਲ ਇਹੋ ਸੋਚਦਾ, 'ਚਾਚੇ ਨੂੰ ਦੁੱਖ ਕਾਹਦਾ ਏ? ਨਾ ਕਿਸੇ ਬੀਅ ਪਾਉਣ ਦੀ ਪਰਵਾਹ, ਨਾ ਧੀ ਦੇ ਵਿਆਹੁਣ ਦਾ ਫ਼ਿਕਰ, ਨਾ ਮੁੰਡੇ ਦੇ ਵਿਗੜ ਜਾਣ ਦਾ ਡਰ?' ਪਰ ਅੱਜ ਸਮਝ ਆਉਂਦੀ ਏ, ਕਿ ਪਰਾਈ ਧਰਤੀ ਕਿਵੇਂ ਪੈਰਾਂ ਨੂੰ ਠੂਹੇ ਵਾਂਗ ਡੰਗਦੀ ਰਹਿੰਦੀ ਏ।

ਚਾਚੇ ਨੂੰ ਏਧਰਲਾ ਮੁਲਕ ਉੱਕਾ ਹੀ ਨਾ ਭਉਂਦਾ। ਓਕੜੂ ਹਲ ਵਾਂਗ ਉਹ ਕਿਤੇ ਵੀ ਖੁੱਭ ਕੇ ਦਿਲ ਨਾ ਲਾਉਂਦਾ। ਪਹਿਲਾਂ-ਪਹਿਲ ਜਦੋਂ ਮੁੰਡੇ ਹਲ ਵਾਹੁੰਦੇ, ਉਹ ਮਿੱਟੀ ਦੀ ਮੁੱਠ ਚੁੱਕ ਕੇ ਨੀਝ ਲਾ ਕੇ ਵੇਖਦਾ, ਤੇ ਫੇਰ ਸੁੰਘ ਕੇ ਪਰਾਂ ਸੁੱਟਦਾ ਹੋਇਆ ਇੰਝ ਬੋਲਦਾ ਜਿਵੇਂ ਕਿਸੇ ਸਪੋਲੀਏ ਨੇ ਉਹਦੀ ਜੀਭ ਨੂੰ ਡੰਗ ਲਿਆ ਹੋਵੇ। "ਓਏ ਮੁੰਡਿਓ! ਕਿਉਂ ਇਸ ਫੰਡਰ ਭੋਇੰ ਨਾਲ ਮੱਥਾ ਮਾਰਦੇ ਓ, ਇਹਦੀ ਕੁੱਖ 'ਚੋਂ ਕੁਝ ਨਹੀਂ ਜੇ ਉੱਗਣਾ। ਉਹ ਪੈਲੀ! ਜਿਦ੍ਹੇ ਵਿਚ ਬੰਦਾ ਵੱਢ ਕੇ ਸੁੱਟਿਆਂ, ਸਵੇਰੇ ਫਿਰ ਉੱਗ ਪੈਂਦਾ ਸੀ, ਉਹ ਏਥੇ ਕਿੱਥੇ? ਐਵੇਂ ਨਾ ਇਹਦੀ ਹਿੱਕ ਫਰੋਲੀ ਜਾਉ, ਮਤਾਂ ਕਿਤੇ ਕੋਈ ਸੱਪ-ਸਲੂੰਘੜਾ ਈ ਸੁੰਘ ਜਾਂਦਾ ਜੇ।"

ਉਹਦੀ ਇਹੋ ਜਿਹੀ ਹਾਲਤ ਵੇਖ ਕੇ ਸਾਰੇ ਤਰਸ ਨਾਲ ਉਹਦੇ ਵੰਨੀ ਵੇਖਦੇ, ਤੇ ਉਹ ਕਮਲਿਆਂ-ਹਾਰ ਕਿਸੇ ਅਗਲੀ ਪੈਲੀ ਨੂੰ ਝੁਕਿਆ ਹੋਇਆ ਸੁੰਘ ਰਿਹਾ ਹੁੰਦਾ। ਫੇਰ ਉਹਨੇ ਮੁੱਲ ਦੀ ਲਿਆਂਦੀ ਵਹੁਟੀ ਵਾਂਗ ਹੌਲੀ-ਹੌਲੀ ਜੀਅ ਲਾਉਣਾ ਸ਼ੁਰੂ ਕੀਤਾ। ਪਰ ਆਪਣੀ ਅੰਦਰਲੀ ਦੁਨੀਆਂ ਦੇ ਰੁੱਖ 'ਤੇ ਉਹਨੇ, ਇਸ ਓਪਰੀ ਧਰਤੀ ਦੇ ਕਿਸੇ ਵੀ ਪੰਛੀ ਦਾ ਆਲ੍ਹਣਾ ਨਾ ਪੈਣ ਦਿੱਤਾ।

ਚਾਚੇ ਸ਼ਿੰਗਾਰੇ ਦਾ ਗੱਲ-ਬਾਤ ਕਰਨ ਦਾ ਹਿਸਾਬ-ਕਿਤਾਬ ਆਪਣੀ ਹੀ ਕਿਸਮ ਦਾ ਸੀ। ਉਹਦੇ ਨਾਲ ਭਾਵੇਂ ਕਿੱਡੀ ਵੀ ਨਮੋਸ਼ੀ ਦੀ ਗੱਲ ਹੋਈ ਹੋਵੇ, ਉਹ ਨੇ ਤੁਹਾਨੂੰ ਇਸ ਲਹਿਜੇ ਨਾਲ ਸੁਨਾਉਣੀ ਏ, ਕਿ ਤੁਹਾਨੂੰ ਖ਼ੁਦ ਆਪਣਾ ਆਪ ਬੌਣਾ ਲੱਗਣ ਲੱਗ ਪੈਣਾ। ਉਹ ਨੇ ਆਪਣੀ ਅਣਖ ਦਾ ਕਿੰਗਰਾ ਕਦੇ ਨਹੀਂ ਭੁਰਨ ਦਿੱਤਾ। ਉਹ ਇਕ ਅਜਿਹਾ ਸ਼ਹਿਨਸ਼ਾਹ ਸੀ, ਜਿਹੜਾ ਜ਼ਿੰਦਗੀ ਦੀਆਂ ਸਾਰੀਆਂ ਲੜਾਈਆਂ ਹਾਰ ਕੇ ਵੀ, ਪ੍ਰਭਾਵ ਜੇਤੂਆਂ ਵਰਗਾ ਹੀ ਪਾਈ ਰੱਖਦਾ। ਨਿੱਕੀਆਂ-ਨਿੱਕੀਆਂ ਵਾਰਦਾਤਾਂ ਦੱਸਦਾ ਉਹ ਸ਼ਬਦਾਂ ਦਾ ਅਜਿਹਾ ਪਲੱਥਾ ਮਾਰਦਾ ਕਿ ਸੁਣਨ ਵਾਲਾ ਉਦ੍ਹੇ ਪੈਰਾਂ ਵਿਚ ਡਿਗ ਪੈਂਦਾ। ਤੇ, ਚਾਚਾ ਅਣਭੋਲ ਹੀ ਕਹਿ ਜਾਂਦਾ, "ਗੱਲ ਤੇ ਵਿਚੋਂ ਕੋਈ ਵੱਡੀ ਨਹੀਂ ਸੀ, ਪਰ ਬਣ ਹੀ ਇੰਝ ਦੀ ਗਈ ।"

ਚਾਚੇ ਨੇ ਬੜੇ ਲਾਡ ਨਾਲ ਦੱਸਣਾ ਕਿ 'ਉਹਦਾ ਨਿੱਕੇ ਹੁੰਦੇ ਦਾ ਰੰਗ ਕੱਕਾ-ਭੂਰਾ ਸੀ, ਜਿਵੇਂ ਆਟੇ ਵਿਚ ਸੰਧੂਰ ਰਲਿਆ ਹੋਵੇ। ਉਹਦੀ ਬੇਬੇ ਉਹਨੂੰ 'ਸਾਹਬ' ਆਂਹਦੀ ਹੁੰਦੀ ਸੀ। ਸਦਾ ਇਹੋ ਕਹਿੰਦੀ, ਕਿ ਮੈਂ ਤੇ ਸ਼ਿੰਗਾਰ ਨੂੰ ਕਿਸੇ 'ਮੇਮ' ਨਾਲ ਵਿਆਹੁਣਾ ਏ।' ਉਹ ਮੱਝੀਂ ਚਾਰਦਾ ਕਿਸੇ ਅਣਡਿੱਠੀ ਮੇਮ ਨਾਲ ਹੀ ਮਨ-ਮਖਾਣਿਆਂ ਵਰਗੀਆਂ ਗੱਲਾਂ ਕਰਦਾ ਰਹਿੰਦਾ। ਚਾਚੇ ਨੇ ਸਾਰੀ ਉਮਰ ਵਿਆਹ ਨਾ ਕਰਵਾਇਆ। ਜਾਂ ਇੰਝ ਕਹਿ ਲਓ ਕਿ ਹੋਇਆ ਹੀ ਨਾ। ਪਰ ਉਸ ਨੂੰ ਇਸ ਗੱਲ ਦਾ ਭੋਰਾ ਵੀ ਰੰਜ ਨਹੀਂ ਸੀ। ਤਾਏ ਹਜ਼ਾਰਾ ਸਿੰਘ ਦੇ ਧੀ-ਪੁੱਤਰ ਉਹਦੇ ਜਿਗਰ ਦੇ ਟੋਟੇ ਸਨ। ਸਾਰੀ ਕਬੀਲਦਾਰੀ ਦਾ ਝੰਜਟ ਚਾਚੇ ਦੇ ਗਲ ਸੀ। ਹਜ਼ਾਰਾ ਸਿੰਘ ਤੇ 'ਮੋਰਚਿਆਂ' 'ਤੇ ਹੀ ਤੁਰਿਆ ਰਹਿੰਦਾ; ਜਦੋਂ ਚਾਚੇ ਨੂੰ ਪੁੱਛਣਾ ਕਿ, "ਤਾਇਆ ਨਹੀਂ ਨਜ਼ਰੀ ਆਇਆ ?" ਉਹਨੇ ਸੁਭਾਇਕੀ ਹੀ ਕਹਿਣਾ, "ਉਹ 'ਕਾਲੀਆਂ ਦੇ ਮੋਰਚੇ ਤੇ ਗਿਐ। ਆਂਹਦੇ ਨੇ ਸੰਤ ਮੋਰਚੇ ਤੇ ਬਹਿ ਗਏ, ਜਿਵੇਂ ਕੁੱਕੜੀ

ਸੇਵੇ ਤੇ ਬੈਠੀ ਹੋਵੇ। ਭਲਾਂ! ਬਈ ਪੁੱਛੋ, ਮੋਰਚਾ ਹੈ ਕਿ ਕੁੱਕੜੀ ਦੇ ਆਂਡੇ। ਜਦੋਂ ਜੀਅ ਕੀਤਾ, ਚੂਚੇ ਕੱਢ ਲਏ। ਇਹਨਾਂ ਨੂੰ ਨਹੀਂ ਸਾਰੀ ਉਮਰ ਪਤਾ ਲੱਗਣਾ, ਕਿ ਮੰਗਦੇ ਕੀਹ ਨੇ ?" ਉਹਨੇ ਸੂਰਜ ਵਾਂਗ ਬਲਦੀ ਉਮਰ ਨੂੰ ਆਪਣਿਆਂ ਭਤੀਜਿਆਂ ਦੇ ਦੁੱਖਾਂ-ਦਰਦਾਂ ਦੇ ਸਿਆਲ ਨੂੰ ਗਰਮਾਉਣ ਦੇ ਲੇਖੇ ਲਾ ਦਿੱਤਾ। ਜੇ ਕਿਸੇ ਨੇ ਕਹਿਣਾ, "ਚਾਚਾ ਤੇਰੀ ਮੜ੍ਹੀ 'ਤੇ ਕਿਸੇ ਨੇ ਦੀਵਾ ਨਹੀਂ ਬਾਲਣਾ।" ਉਹਨੇ ਹੱਸ ਕੇ ਕਹਿਣਾ, "ਜੇ ਮੇਰੀ ਮੜ੍ਹੀ ਹੋਵੇਗੀ ਤੇ ਦੀਵਾ ਬਾਲੋਗੇ ਨਾ!........ਮੈਂ ਸਾਬਤਾ-ਸਬੂਤਾ ਉਤਾਂਹ ਜਾ ਪੇਸ਼ ਹੋਣੈਂ, ਕਿ ਲੈ ਸਾਂਭ! ਜੋ ਕੁਝ ਦਿੱਤਾ ਸੀ, ਅਸਾਂ ਨਹੀਂ ਇਹਦੇ 'ਚੋਂ ਕੁਝ ਖਰਚਿਆ-ਗੁਆਇਆ।"

ਚਾਚਾ ਜਦੋਂ ਜਵਾਨ ਸੀ, ਕਿਤੇ ਲਾਹੌਰ ਗਿਆ। ਉੱਥੇ ਮੇਮ ਵੇਖ ਕੇ ਉਹਨੂੰ ਆਪਣੀ ਬੇਬੇ ਦੀ ਗੱਲ ਯਾਦ ਆ ਗਈ। ਸਹੁੰ ਖਾ ਕੇ ਮੁੜਿਆ ਕਿ 'ਜੇ ਫੇਰੇ ਲੈਣੇ ਨੇ ਤੇ ਇਸ ਮੇਮ ਨਾਲ, ਨਹੀਂ ਤੇ ਇਹ ਬਾਜਰੇ ਦੀ ਰੋਟੀ ਖਾਣ ਦਾ ਕੀ ਫ਼ਾਇਦਾ?' ਉਹ ਮੇਮ ਕਿਸੇ ਜੱਜ ਦੀ ਕੁੜੀ ਸੀ। ਚਾਚਾ ਆਪਣੇ ਬੇਲੀਆਂ ਨੂੰ ਲੈ ਕੇ ਉਹਨੂੰ ਚੁੱਕਣ ਜਾ ਪਿਆ। ਉਹ ਤੇ ਹੱਥ ਨਾ ਆਈ, ਮੁੜਦਿਆਂ ਜੱਜ ਦੀ ਘੋੜੀ ਖੋਲ੍ਹ ਲਿਆਇਆ। ਸੂਹੀਆਂ, ਪੈੜ ਕੱਢ ਕੇ ਚਾਚੇ ਦੇ ਖੂਹ ਤੇ ਲੈ ਆਂਦੀ। ਘੋੜੀ ਕਮਾਦ ਵਿਚ ਬੱਝੀ ਹਿਣਕ ਪਈ। ਚਾਚੇ ਨੂੰ ਉਸ ਚੋਰੀ ਵਿਚ ਪੰਜਾਂ ਸਾਲਾਂ ਦੀ ਕੈਦ ਹੋਈ। ਮੈਂ ਇਹ ਗੱਲ ਜਦੋਂ ਚਾਚੇ ਨੂੰ ਪੁੱਛੀ, ਕਹਿਣ ਲੱਗਾ, "ਗੱਲ ਤੇ ਕੁਝ ਇਸ ਤਰ੍ਹਾਂ ਹੀ ਹੋਈ ਸੀ, ਅਸਲ ਵਿਚ ਘੋੜੀ ਬੜੀ ਚੰਗੀ ਨਸਲ ਦੀ ਸੀ। ਮੈਂ ਆਖਿਆ ਆਏ ਤੇ ਹੋਏ ਆਂ, ਕੁਝ ਤੇ ਲੈ ਕੇ ਜਾਈਏ! ਖਾਲੀ ਹੱਥ ਮੁੜਿਆਂ, ਪਿੰਡ ਵਾਲਿਆਂ ਵੀ ਝੇਡ੍ਹਾਂ ਕਰਨੀਆਂ ਨੇ, ਕਿ ਆ ਗਿਆ ਸ਼ੰਗਾਰਾ 'ਮੇਮ ਨਾਲ ਗਾਨਾ ਖੇਡ ਕੇ।' ਬੱਸ, ਏਸ ਜੇਹਲ ਦੇ ਗੇੜ ਉਮਰ ਪੱਕੀ ਹੋ ਗਈ। ਫਿਰ ਸੋਚਿਆ ਜੇ ਹੁਣ ਕਿਤੇ ਵਿਆਹ ਵੀ ਕਰਵਾ ਲਿਆ ਤਾਂ ਐਵੇਂ ਪਿਛਲੀ ਉਮਰ ਦੀ ਔਲਾਦ ਨੂੰ ਲੋਕੀਂ ਸ਼ੱਕ ਦੀ ਨਜ਼ਰੇ ਵੇਂਹਦੇ ਨੇ। ਕਿ ਖੌਰੇ ਆਪਣੀ ਵੀ ਸੂ, ਕਿ ਨਹੀਂ? ਸੋ ਵਕਤ ਲੰਘ ਗਿਆ ਵੇਖ ਕੇ, ਮਨ ਨੂੰ ਸਮਝਾ ਲਿਆ, ਕਿ ਜੇ ਮੇਮ ਹੱਥ ਲੱਗ ਜਾਂਦੀ ਤਾਂ ਤੇ ਸੁਰਗ ਸੀ, ਨਹੀਂ ਤੇ ਅਗਾਂਹ ਰੱਬ ਤੇ ਅਹਿਸਾਨ ਕਰਨ ਵਾਲੇ ਤੇ ਹੋਵਾਂਗੇ। ਕਿ ਤੂੰ ਕਿਹੜਾ ਲਾਲ ਚੂੜੇ ਵਾਲੀ ਸਾਡੇ ਲੜ ਲਾਈ ਸੀ, ਜ਼ਿਹਦਾ ਰੋਬ੍ਹ ਦੇਣੈਂ।"

ਮੈਂ ਆਖਿਆ, "ਜੇ ! ਚਾਚੇ ਤੈਨੂੰ ਮੇਮ ਵੀ ਮਿਲ ਜਾਂਦੀ, ਫਿਰ ਉਹਨੂੰ ਕਿੱਥੇ ਰੱਖਦੋਂ?" ਬੋਲਿਆ, "ਰੱਖਣ ਨੂੰ ਪੁੱਤਰ! ਉਹ ਕਿਹੜਾ ਕੰਠਾ ਸੀ ਜਿਹੜਾ ਮੈ ਰਾਤ ਦਿਨੇ ਗਲ ਪਾਈ ਫਿਰਨਾ ਸੀ। ਮੈਂ ਤੇ ਰਾਂਝਾ-ਰਾਜ਼ੀ ਕਰਕੇ, ਉਹਨੂੰ ਅੰਬਰਸਰ ਗੁਰਦੁਆਰੇ ਚੜ੍ਹਾ ਆਉਣਾ ਸੀ, ਕਿ ਲੈ ਬਾਬਾ ਕਿਸੇ ਹੋਰ ਲੋੜਵੰਦ ਨੂੰ ਬਖ਼ਸ਼ ਦੇਈਂ, ਅਸਾਂ ਕਿਹੜਾ ਏਹਨੂੰ ਗਹਿਣੇ ਰੱਖ ਕੇ ਭੋਇੰ ਛੁਡਾਣੀ ਏਂ।"

ਇਕ ਦਿਨ ਮੈਂ ਚਾਚੇ ਦੇ ਅੰਦਰੋਂ ਉਹ ਗੱਲ ਖਰੋਚੀ, ਜਿਦ੍ਹਾ ਸਾਰੇ ਇਲਾਕੇ ਦੇ ਲੋਕ ਚਰਚਾ ਕਰਦੇ ਹੱਸ-ਹੱਸ ਦੂਹਰੇ ਹੁੰਦੇ ਰਹਿੰਦੇ। ਚਾਚਾ ਦੱਸਣ ਲੱਗਾ, "ਅਸੀਂ ਵੱਡੀ ਫਿੰਨ ਦਾ ਕੀਤਾ ਵਿਆਹ, ਸਾਕ ਮਿਲੇ ਬਖ਼ਤਾਵਰ। ਅਸੀਂ ਵਿਤੋਂ ਵੱਧ ਪੈਲੀ ਗਹਿਣੇ ਰੱਖ ਕੇ ਦਿੱਤਾ-ਲਿਆ। ਸਾਰੀ ਬਾਰ ਵਿਚ ਕਿਸੇ ਏਡਾ ਵਿਆਹ ਹੁੰਦਾ ਨਹੀਂ ਸੀ ਵੇਖਿਆ। ਉਦੋਂ ਤੇ ਹੋ ਗਈ ਬੱਲੇ........। ਮਗਰੋਂ ਆਹ ਤੇਰੇ ਭਰਾ ਲੜਨ ਕਿ ਤੁਸੀਂ ਤੇ ਸਾਡੇ ਹੱਥ ਠੂਠਾ ਫੜਾ ਦਿਤੈ । ਮੈਂ ਇਨ੍ਹਾਂ ਨੂੰ ਬਥੇਰਾ ਸਮਝਾਇਆ ਪਈ ਕੁੜੀ ਦੇ ਜਿਹੋ-ਜਿਹੇ ਕਰਮ ਸੀ, ਉਹ ਲੈ ਗਈ। ਆਖਣ ਨਹੀਂ, 'ਅਸੀਂ ਬਾਰ ਵਿਚ ਕਿਤੇ ਮੂੰਹ ਵਿਖਾਣ ਜੋਗੇ ਨਹੀਂ। ਲੋਕੀਂ ਮੂੰਹ ਜੋੜ-ਜੋੜ ਗੱਲਾਂ ਬਣਾਉਂਦੇ ਨੇ ਕਿ ਵੱਡੇ ਖੱਬੀ ਖਾਨਾਂ ਨੇ ਸਿਆੜ ਰੱਖਕੇ ਚੌਧਰ ਬਣਾਈ ਏ, ਤੇ ਹੁਣ ਭੁੱਖ ਦੇ ਛੁੱਫੜ ਬਣੀ ਫਿਰਦੇ ਨੇ।' ਮੈਂ ਅੱਕ ਕੇ ਆਖਿਆ, ਜੇ ਨਹੀਂ ਜੇ ਖਲੋਂਦੇ, ਤਾਂ ਚਲੋ! ਲੈ ਆਉਂਦੇਂ ਆਂ ਦਿੱਤਾ ਸਮਾਨ। ਅਸੀਂ ਇਕ ਰਾਤ ਜਾ ਪਾੜ ਲਾਇਆ, ਆਪਣੇ ਹੀ ਕੁੜਮਾਂ ਵੱਲ। ਕੁਦਰਤੀ ਓਹ ਜਾਗ ਪਏ। ਸਾਡਾ ਜਵਾਈ ਲੱਗਿਆ ਮੇਰੇ ਗੰਡਾਸਾ ਮਾਰਨ ਤੇ ਬੀਰ੍ਹਾ ਬੋਲ ਪਿਆ, "ਪ੍ਰਾਹੁਣਿਆਂ ਨਾ ਮਾਰੀਂ, ਇਹ ਮਾਸੜ ਈ।' ਉਹਨੇ ਗੰਡਾਸਾ ਨਾ ਮਾਰਿਆ। ਪਰ ਸਵੇਰੇ ਸਾਨੂੰ ਕਮਲੇ ਪਰ੍ਹੇ ਵਿਚ ਲੈ ਗਏ। ਪਿੰਡ ਦਾ ਜ਼ੈਲਦਾਰ ਕਹਿਣ ਲੱਗਾ, 'ਕਿਹੜੇ ਭਈ, ਭਲਾਮਾਣਸ! ਜਿਹੜਾ ਆਪਣੀ ਧੀ ਦਾ ਘਰ ਈ ਭੰਨਣ ਆ ਪਿਆ?' ਮੇਰੇ ਚਿੱਟੇ ਲੱਠੇ ਦੀ ਖੜ-ਖੜ ਕਰਦੀ ਚਾਦਰ ਬੰਨ੍ਹੀ ਹੋਈ, ਕਲੀਆਂ ਵਾਲਾ ਦੁੱਧ ਧੋਤਾ ਝੱਗਾ, ਸਿਰ ਤੇ ਮਾਇਆ ਲੱਗੀ ਸ਼ਮਲੇ ਵਾਲੀ ਪੱਗ, ਹੱਥ ਵਿਚ ਕੋਕਿਆਂ ਵਾਲਾ ਖੂੰਡਾ......ਜਦੋਂ ਮੈਂ ਉੱਠ ਕੇ ਖਲੋਤਾ, ਧਰਮ ਨਾਲ! ਸਾਰਾ ਪਿੰਡ ਪਾਣੀਓਂ-ਪਾਣੀ ਹੋ ਗਿਆ। ਤੇ ਉਤਾਂਹ ਸਾਡੇ ਵੱਲ ਕੋਈ ਅੱਖ ਹੀ ਨਾ ਚੁੱਕੇ। ਅਸੀਂ ਆਪਣੇ ਪਿੰਡ ਪਰਤ ਕੇ ਸ਼ੁਕਰ ਕੀਤਾ ਕਿ ਬਹੁਤਾ ਨਹੀਂ ਵਿਗਾੜ ਪਿਆ, ਬਚਾ ਰਹਿ ਗਿਆ ਏ।" ਚਾਚਾ ਇਹ ਗਲ ਸੁਣਾਂਦਿਆਂ ਹੋਇਆ ਆਪਣੀ ਨਮੋਸ਼ੀ ਦੀ ਨਦੀ 'ਚੋਂ ਮੁਰਗਾਬੀ ਵਾਂਗ ਬਿਨਾਂ ਭਿੱਜੇ ਲੰਘ ਗਿਆ।

ਇੱਕ ਵਾਰ ਚਾਚਾ ਆੜ੍ਹਤੀਏ ਤੋਂ ਪੈਸੇ ਲੈਣ ਗਿਆ। ਚੇਤਰ ਦਾ ਮਹੀਨਾ, ਤੇਰ੍ਹਵਾਂ ਗਿਣਿਆ ਜਾਂਦੈ ਪੈਸੇ ਦੀ ਤੰਗੀ ਖੁਣੋਂ। ਚਾਚੇ ਨੇ ਸ਼ਾਹ ਤੋਂ ਪੰਜ ਹਜ਼ਾਰ ਕੱਢਵਾ ਲਿਆ। ਸ਼ਾਹ ਕਹਿਣ ਲੱਗਾ, "ਸ਼ਿੰਗਾਰਾ ਸਿੰਘ! ਵੇਖ, ਪੈਸੇ ਤੇ ਲੈ ਜਾਹ, ਪਰ ਆਪਣੀ ਬਣੀ ਹੋਈ ਵਿਗੜੇ ਨਾ। ਪੈਸਾ ਬੜੇ ਸਬੰਧ ਖਰਾਬ ਕਰ ਦਿੰਦਾ ਏ।" ਫਤੂਹੀ ਦੇ ਬੋਝੇ ਵਿਚ ਪੈਸੇ ਪਾਉਂਦਿਆਂ ਚਾਚਾ ਬੋਲਿਆ, "ਸ਼ਾਹ ਜੀ, ਮੇਰੇ ਵਲੋਂ ਤੇ ਨਹੀ ਵਿਗੜਨੀ। ਜਦੋਂ ਵਿਗੜਨੀ ਏ ਤੁਸਾਂ ਪਹਿਲ ਕਰਨੀ ਏ।" ਸ਼ਾਹ ਹੈਰਾਨ ਹੋਇਆ ਕਹਿੰਦਾ ........"ਕਿਸ ਤਰਾਂ?" ਚਾਚਾ ਆਖਣ ਲੱਗਾ, "ਵੇਖੋ ਮੈਂ ਤੇ ਹੁਣ ਤੁਹਾਡੀ ਹੱਟੀ ਤੇ ਪੈਰ ਨਹੀਂ

ਜੇ ਪਾਉਣਾ, ਤੁਸੀਂ ਪਿੰਡ ਗੇੜੇ ਮਾਰਨੇ ਨੇ। ਮੈਂ ਤੇ ਜੇ ਆਖੋ ਤੁਹਾਡੇ ਮੱਥੇ ਨਹੀਂ ਲੱਗਦਾ। ਗਰਮ-ਸਰਦ ਤੁਸੀਂ ਹੋਣਾ ਏਂ, ਮੈਂ ਤੇ ਕਿਸੇ ਗੱਲ ਦੀ ਕਲਾਮ ਨਹੀਂ ਕਰਦਾ ਤੁਹਾਡੇ ਨਾਲ।" ਸ਼ਾਹ ਨੂੰ ਇਹ ਸੁਣ ਕੇ ਹੱਸਦਿਆਂ, ਉੱਥੂ ਆ ਗਿਆ।

ਮੈਂ ਪਟਿਆਲੇ ਕਾਲਜ ਵਿਚ ਪੜ੍ਹਦਾ ਸਾਂ। ਇਕ ਦਿਨ ਵੇਖਿਆ ਚਾਚੇ ਦੇ ਦੋਵੀਂ ਹੱਥੀਂ, ਦੋ ਪੀਪੀਆਂ ਫੜੀਆਂ ਹੋਈਆਂ, ਤੁਰਿਆ ਆਵੇ। ਪਹਿਲਾਂ ਉਹ ਸਿੱਧਾ ਪ੍ਰਿੰਸੀਪਲ ਦੇ ਦਫ਼ਤਰ ਗਿਆ। ਸਾਸਰੀ- ਕਾਲ ਬੁਲਾ ਕੇ ਪ੍ਰਿੰਸੀਪਲ ਦੇ ਪੈਰਾਂ ਕੋਲ ਪੀਪੀ ਧਰਦਾ ਹੋਇਆ ਬੋਲਿਆ, "ਮੋਤੀਆਂ ਵਾਲਿਓ! ਸਾਡਾ ਛੋਹਰ ਚਾਰ ਹਰਫ਼ ਸਿੱਧੇ ਪਾਉਣ ਲਈ, ਤੁਹਾਡੇ ਕੋਲ ਆਇਐ। ਮੇਰੇ ਕੋਲ ਤੁਹਾਡੀ ਬੜੀ ਸਿਫ਼ਤ ਕਰਦੈ। ਆਂਹਦਾ ਹੁੰਦੈ, 'ਮਾਪਿਆਂ ਨਾਲੋਂ ਵੀ ਵੱਧ ਪਿਆਰ ਕਰਦੇ ਨੇ ਸਾਡੇ ਗੁਰੂ।' ਮੈਂ ਸੋਚਿਆ, ਨਾਲੇ ਤੁਹਾਡੇ ਦਰਸ਼ਨ ਦੀਦਾਰ ਹੋ ਜਾਣਗੇ। ਚਾਰ ਕੁ ਸੇਰ ਤੋਕੜ ਮੱਝ ਦਾ ਘਿਉ ਜੋੜਿਆ ਸੀ, ਨਾਲੇ ਉਹਦਾ ਤੁਹਾਡੇ ਚਰਨੀਂ ਮੱਥਾ ਟੇਕ ਆਵਾਂਗਾ। ਨਾਲੇ ਅਰਜ ਕਰ ਆਵਾਂਗਾ ਕਿ ਇਹਦਾ ਧਿਆਨ ਰੱਖਿਓ, ਪੜ੍ਹ ਲਿਖ ਕੇ ਕਿਤੇ ਅਫ਼ਸਰ ਬਣ ਜਾਵੇ, ਸਾਡੀ ਕੁਲ ਸੌਰ ਜਾਏ। ਅਸੀਂ ਤਾਂ ਹੁਣ ਤੀਕਰ ਜੇਹਲਾਂ ਨੂੰ ਹੀ ਘਰ ਬਣਾਈ ਰੱਖਿਐ।" ਪ੍ਰਿੰਸੀਪਲ ਨੇ ਉਹਦੀ ਸ਼ਰਧਾ ਵੇਖ ਕੇ ਘਿਉ ਰੱਖ ਲਿਆ। ਪਰ ਗੱਲ ਉਲਟ ਹੋ ਗਈ। ਚਾਚਾ ਦਾਰੂ ਵਾਲੀ ਪੀਪੀ ਜਿਹੜੀ ਮੇਰੇ ਯਾਰਾਂ-ਦੋਸਤਾਂ ਲਈ ਲਿਆਇਆ ਸੀ, ਉਹ ਗਲਤੀ ਨਾਲ ਪ੍ਰਿੰਸੀਪਲ ਨੂੰ ਦੇ ਆਇਆ ਤੇ ਘਿਉ ਵਾਲੀ ਸਾਡੇ ਕੋਲ ਆਣ ਧਰੀ ।

ਸਵੇਰੇ ਹੋਸਟਲ ਵਿਚ ਹੀ ਮੈਨੂੰ ਬੁਲਾਵਾ ਆ ਗਿਆ। ਮੈਂ ਡਰਦਾ ਮਾਰਾ ਪ੍ਰਿੰਸੀਪਲ ਸਾਹਿਬ ਕੋਲ ਗਿਆ। ਮੈਂ ਸੋਚ ਲਿਆ ਕਿ ਹੁਣ ਕਾਲਜ ਤੋਂ ਤੇ ਛੁੱਟੀ ਕਿਸੇ ਨਹੀਂ ਬਖ਼ਸ਼ਣੀ । ਪਰ ਪ੍ਰਿੰਸੀਪਲ ਨੇ ਉਪਰੀ ਜਿਹੀ ਝਾੜ ਪਾਉਂਦਿਆਂ ਮੈਨੂੰ ਤਾੜਨਾ ਕੀਤੀ ਕਿ, 'ਚਾਚੇ ਨੂੰ ਆਖੀਂ ਤੇਰਾ ਛੇਤੀ ਪਤਾ ਲੈਂਦਾ ਰਿਹਾ ਕਰੇ, ਨਹੀਂ ਹੋਸਟਲ ਵਿਚ ਰਹਿੰਦੇ ਮੁੰਡੇ ਵਿਗੜ ਜਾਂਦੇ ਨੇ।' ਮੈਂ ਚਾਚੇ ਨੂੰ ਦੱਸਿਆ ਕਿ ਮੈਨੂੰ ਇੰਝ ਆਖਿਆ ਸੂ। ਹੱਸ ਕੇ ਕਹਿਣ ਲੱਗਾ, "ਲੱਗ ਤੇ ਮੈਨੂੰ ਮੁਕਾਲਾ ਈ ਗਿਆ ਸੀ, ਪਰ ਜਦੋਂ ਉਹਨੇ ਛਿੱਟ ਕੁ ਚੱਖੀ ਹੋਵੇਗੀ, ਅੱਖੀਂ ਵਿਚ ਸੁਰਗ ਉੱਤਰ ਆਇਆ ਹੋਸੂਗਾ। ਏਹੋ ਜਿਹੀ ਆਬੇ-ਹਯਾਤ ਦਾ ਤਾਂ ਰੱਬ ਵੀ ਮੰਗ ਕੇ ਹਾੜਾ ਪੀਂਦੈ। ਰੂਹ ਦਾ ਮਾਖਿਉਂ ਏ, ਇਹ ਦਾਰੂ। ਹਾਰੀ-ਸਾਰੀ ਨਹੀਂ ਬਣਾ ਸਕਦਾ।"

ਹੋਸਟਲ ਤੋਂ ਤਿਆਰ ਹੋ ਕੇ ਜਦੋਂ ਬਾਹਰ ਨਿਕਲੇ ਤਾਂ ਅੱਗੋਂ ਵਛੇਰੀ ਵਰਗੀ ਕੁੜੀ ਤੁਰੀ ਆਵੇ। ਚਾਚੇ ਮੈਨੂੰ ਸੈਨਤ ਨਾਲ ਉਸ ਸਰੂੰ ਦੀ ਗੰਦਲ ਬਾਰੇ ਪੁੱਛਿਆ। ਮੈਂ ਦੱਸਿਆ, 'ਇਹ ਡੀ. ਸੀ. ਦੀ ਕੁੜੀ ਏ। ਮੇਰੇ ਨਾਲ ਪੜ੍ਹਦੀ ਏ।' ਚਾਚਾ ਪਲ ਕੁ ਸੋਚ ਕੇ ਬੋਲਿਆ, "ਵਾਹ ਲੈ ਵੱਤਰ, ਜੇ ਵਗਦਾ ਈ, ਨਾਲੇ ਕੋਈ ਕੰਮ ਈ ਲਵਾਂਗੇ ਡੀ.ਸੀ. ਕੋਲੋਂ।" ਮੈਂ ਹੱਸ ਪਿਆ, "ਚਾਚਾ ਸਾਡੇ ਜਿਹੇ ਪਜਾਮੇ ਪਾਉਣ ਵਾਲਿਆਂ ਜੱਟ ਬੂਟਾਂ ਨਾਲ, ਇਹ ਅਫ਼ਸਰਾਂ ਦੀਆਂ ਕੁੜੀਆਂ ਗੱਲ ਨਹੀਂ ਕਰਦੀਆਂ। ਏਹ ਤੇ ਸੂਟਾਂ-ਬੂਟਾਂ ਵਾਲਿਆਂ ਨਾਲ ਗਿੱਟ-ਮਿੱਟ ਕਰਦੀਆਂ ਨੇ।" ਚਾਚਾ ਮੈਨੂੰ ਸਿੱਧਾ ਬਜ਼ਾਰ ਲੈ ਗਿਆ। ਗਰਮ ਸੂਟ, ਪੈਰਾਂ ਲਈ ਤਸਮਿਆਂ ਵਾਲੇ ਸੋਹਣੇ ਬੂਟ ਤੇ ਹੋਰ ਕਿੰਨਾਂ ਹੀ ਸ਼ੁਕੀਨੀ ਲਾਣ ਵਾਲਾ ਨਿੱਕ-ਸੁੱਕ ਸਮਾਨ ਲੈ ਦਿੱਤਾ। ਕੁਝ ਯਾਦ ਕਰ ਕੇ ਮੈਂ ਆਖਿਆ, "ਚਾਚਾ ਮੇਰੇ ਕੱਛੇ ਵੀ ਪਾਟੇ ਨੇ, ਲੱਗਦੇ ਹੱਥ ਦੋ ਉਹ ਵੀ ਲੈ ਦੇ।" ਮੈਨੂੰ ਝਿੜਕ ਕੇ ਬੋਲਿਆ, "ਬਥੇਰਾ ਕੁਝ ਲੈ ਲਿਆ ਈ, ਹੁਣ ਰੋਟੀ ਦੀ ਬੁਰਕੀ ਖੁਆ। ਮੈਂ ਪਿੰਡ ਜਾ ਕੇ ਡੰਗਰਾਂ ਦੇ ਪੱਠੇ-ਦੱਥੇ ਦਾ ਵੀ ਕੁਝ ਕਰਨੈਂ ।" ਮੈਂ ਹੈਰਾਨ, ਕਿ ਪੰਜ ਸੌ ਦਾ ਸਮਾਨ ਲੈ ਕੇ ਦੇਣ ਵਾਲਾ ਚਾਚਾ ਪੰਜਾਂ ਰੁਪਈਆਂ ਤੇ ਡੋਲ ਗਿਆ। ਸੋ ਫਿਰ ਹੌਸਲਾ ਕਰਕੇ ਆਖਿਆ, "ਚਾਚਾ ਲੈ ਦੇ ਦੋ ਕੱਛੇ।" ਘੂਰੀ ਵੱਟ ਕੇ ਬੋਲਿਆ, "ਟੁਰਿਆ ਚੱਲ, ਕਰ ਦਿਆਂਗਾ ਉਹ ਇੰਤਜ਼ਾਮ ਵੀ।" ਮੈਂ ਡੌਰ ਭੌਰ, ਕਿ ਇਹ ਇੰਤਜ਼ਾਮ ਕਿੱਥੋਂ ਕਰੇਗਾ? ਮੈਂ ਫੇਰ ਤਰਲਾ ਕੀਤਾ, ਕਹਿੰਦਾ, "ਤੂੰ ਤੇ ਸ਼ੁਦਾਈ ਜੰਮਿਆਂ ਏ ਵਿਰਕਾਂ ਦੇ ਘਰ, ਕੋਈ ਸਰਫ਼ਾ ਤੇ ਤੈਨੂੰ ਕਰਨਾਂ ਆਉਂਦਾ ਹੀ ਨਹੀਂ। ਹੋਟਲ, ਜਿੱਥੇ ਤੂੰ ਰਹਿੰਦਾ ਏਂ, ਉੱਥੇ ਮੈਂ ਸਵੇਰੇ ਵੇਖਿਆ ਸੀ ਤਣੀ ਤੇ ਕਈ ਕੱਛੀਆਂ ਜਿਹੀਆਂ ਲਟਕਦੀਆਂ ਸਨ। ਉੱਥੋਂ ਦੋ ਖਿਸਕਾ ਕੇ ਦੇ ਦਿਆਂਗਾ। ਕੋਈ ਪਤਾ ਲੱਗਦਾ ਏ!" ਮੇਰਾ ਹਾਸਾ ਨਿਕਲ ਗਿਆ। ਮੈ ਕਿਹਾ, "ਚਾਚਾ ਮਨ ਗਏ ਤੇਰੇ ਹਿਸਾਬੀ ਹੋਣ ਨੂੰ, ਪੰਜ ਰੁਪਏ ਬਚਾ ਕੇ ਤੂੰ ਕਿੱਲਾ ਪੈਲੀ ਖਰੀਦ ਲਏਂਗਾ।" ਭੋਲੇ ਭਾਅ ਬੋਲਿਆ, "ਜਿੱਥੇ ਏਧਰੋਂ ਸਰਦਾ ਹੋਵੇ, ਉੱਥੇ ਜ਼ਰੂਰ ਆਪਣਾ ਬੋਝਾ ਹੌਲਾ ਕਰਨਾ ਏ।" ਵਿਰਕਾਂ ਦੀ ਚੋਰੀ ਵਾਲੀ ਆਦਤ ਬਾਰੇ ਚਾਚਾ ਏਹ ਕਹਿੰਦਾ, "ਵਿਰਕ ਭਾਵੇਂ ਲੱਖ ਪਾਤਸ਼ਾਹ ਹੋਣ, ਚੰਗੀ ਘੋੜੀ, ਮੱਝ ਵੇਖ ਕੇ ਉਹਨਾਂ ਦਾ ਮਨ ਡੋਲ ਜਾਂਦਾ ਏ। ਚੰਗੀ ਚੀਜ਼ ਦੂਜੇ ਕੋਲ ਉਹ ਜ਼ਰ ਈ ਨਹੀਂ ਸਕਦੇ। ਏਹ ਕੋਈ ਉਹਨਾਂ ਦੀ ਹਵਸ ਨਹੀਂ, ਸੁਭਾਅ ਏ।"

ਏਹ ਉਦੋਂ ਦੀ ਗੱਲ ਏ ਜਦੋਂ ਜਨਤਾ ਸਰਕਾਰ ਬਣੀ ਸੀ। ਚਾਚੇ ਨੇ ਇੰਜਣ ਲਈ ਕਰਜ਼ਾ ਲਿਆ। ਕਿਸ਼ਤ ਵੇਲੇ ਸਿਰ ਨਾ ਮੋੜਨ ਕਰ ਕੇ ਬੈਂਕ ਵਾਲੇ ਫੜ ਕੇ ਲੈ ਗਏ। ਮੈਂ ਜਿੱਦਣ ਪਿੰਡ ਗਿਆ। ਮੈਨੂੰ ਘਰਦਿਆਂ ਨੇ ਦੱਸਿਆ ਕਿ ਚਾਚੇ ਨੂੰ ਕਰਜ਼ੇ ਵਾਲੇ ਲੈ ਗਏ ਸਨ। ਪੂਰੀ ਰਕਮ ਤਾਰ ਕੇ ਉਹਨੂੰ ਛੁਡਾ ਕੇ ਲਿਆਂਦਾ ਏ। ਚਾਚਾ ਖੂਹ ਤੇ ਬੈਠਾ ਸਨ੍ਹਕੜਾ ਕੱਢਦਾ ਸੀ। ਮੈਂ ਗੋਡੀਂ ਹੱਥ ਲਾਉਣ ਤੋਂ ਬਾਅਦ, ਜਦੋਂ ਇਹ ਗੱਲ ਪੁੱਛੀ ਤਾਂ ਹੱਸ ਪਿਆ। ਖੰਗੂਰਾ ਮਾਰ ਕੇ ਬੋਲਿਆ, "ਆਹੋ ਇਕ ਦਿਨ ਆਏ ਸਨ ਡੀ.ਸੀ. ਦੇ ਬੰਦੇ.......ਅਖੇ, ਤੈਨੂੰ ਸੱਦਿਐ, ਕਿ ਕੋਈ ਸਲਾਹ-ਬਾਤ ਕਰਨੀ ਏ। ਪਹਿਲਾਂ ਤੇ ਮੈਂ ਨਾਂਹ-ਨੁੱਕਰ ਕੀਤੀ, ਜਦੋਂ ਜ਼ਿਆਦਾ ਖਹਿੜੇ ਪੈ ਗਏ,

ਮੈਂ ਲਗਾ ਗਿਆ। ਡੀ.ਸੀ. ਕਹਿਣ ਲੱਗਾ, "ਚਾਚਾ ਸਰਕਾਰ ਹੋ ਗਈ ਆ, ਪੈਸੇ ਵੱਲੋਂ ਕਮਜ਼ੋਰ.......ਜਿਵੇਂ-ਕਿਵੇਂ ਇਹਦੀ ਇਮਦਾਦ ਕਰ। ਸਾਥੋਂ ਤੇ ਹੁਣ ਮੁਲਾਜ਼ਮਾਂ ਦੀਆਂ ਤਨਖਾਹਾਂ ਵੀ ਨਹੀਓਂ ਦਿੱਤੀਆਂ ਜਾਣੀਆਂ। ਤੂੰ ਸਿਆਣਾ ਏਂ, ਕੋਈ ਜੁਗਤ ਦੱਸ?"

ਮੈਂ ਪੁੱਛਿਆ, "ਲੱਭਿਆ ਈ ਕੋਈ ਢੰਗ?"

"ਪੁੱਤਰ, ਢੰਗ ਲੱਭਣਾ ਸੀ ਸੁਆਹ ਤੇ ਖੇਹ। ਪਹਿਲਾਂ ਆਂਹਦੇ ਨੇ ਟੂਵਲ ਲੁਆਓ, ਉਪਜ ਵਧਾਓ, ਫੇਰ ਜੱਟਾਂ ਦੇ ਮਗਰ ਕਮਾਦਾਂ ਵਿਚ ਉਗਰਾਹੀ ਲਈ ਭੱਜੇ ਫਿਰਦੇ ਨੇ। ਮੇਰੇ ਤੇ ਹਿਸਾਬ ਵਿਚ ਇਹੋ ਗਲ ਆਈ, ਕਿ ਇਹ ਮੂਤਰ-ਪੀਣਿਆਂ ਦੀ ਸਰਕਾਰ ਬਹੁਤਾ ਚਿਰ ਨਹੀਂ ਉ ਚੱਲਣੀ।"

ਆਜ਼ਾਦੀ ਲਈ ਕੈਦ ਹੋਏ ਲੋਕਾਂ ਲਈ ਪੈਨਸ਼ਨ ਲਾਉਣ ਦੀ ਗੱਲ ਤੁਰੀ। ਚਾਚਾ ਸ਼ੰਗਾਰਾ ਸਿੰਘ ਨੇ ਕਾਗਜ਼ ਭਰ ਦਿੱਤੇ। ਸ਼ਹੀਦ ਭਗਤ ਸਿੰਘ ਦੇ ਭਰਾ, ਕੁਲਤਾਰ ਸਿੰਘ ਨੇ ਪੁੱਛ ਗਿੱਛ ਕਰਨੀ ਸੀ। ਜਦੋਂ ਚਾਚੇ ਦੀ ਵਾਰੀ ਆਈ ਤਾਂ ਉਹਨੇ ਪੁੱਛਿਆ, "ਬਾਪੂ ਜੀ, ਤੁਸੀਂ ਕਦੋਂ ਜੇਹਲ ਕੱਟੀ ਸੀ?"

ਚਾਚੇ ਨੇ ਹੋਰ ਪਾਸੇ ਗਲ ਤੋਰ ਲਈ........"ਮੈਂ ਕੋਈ ਪਿਨਸ਼ਨ ਲੈਣ ਨਹੀਂ ਆਇਆ, ਮੈਂ ਤੇ ਤੇਰੇ 'ਚੋਂ ਉਸ ਸੂਰਮੇ ਦੇ ਦਰਸ਼ਨ ਕਰਨ ਆਇਆਂ, ਜ੍ਹਿਨੂੰ ਵੇਖਿਆਂ ਭੁੱਖ ਲਹਿੰਦੀ ਸੀ। ਓਧਰ ਚਾਰ ਮੁਰੱਬੇ, ਵੱਸਦੇ-ਰੱਸਦੇ ਘਰ, ਛੱਡ ਆਏ ਹਾਂ। ਤੁਹਾਡੀ ਇਸ ਪਿਨਸ਼ਨ ਨੇ ਕੋਈ ਮਹਿਲ ਤੇ ਪਾ ਨਹੀਂ ਦੇਣੇ। ਸਭ ਨੂੰ.......... ਉਹ ਦਾਤਾ ਦੇਣ ਵਾਲਾ ਏ, ਬੰਦੇ ਦੇ ਹੱਥੋਂ ਦੁਆ ਕੇ ਤੇ ਉਹਨੂੰ, ਉਹਨੇ ਵਡਿਆਈ ਦੇਣੀ ਹੁੰਦੀ ਏ। ਉਹ ਉੱਪਰ ਵਾਲੇ ਦਾ ਜਿਵੇਂ ਜੀਅ ਕਰੇ ਉਹਨੂੰ ਜੱਸ ਦੇਵੇ। ਅਸੀਂ-ਤੁਸੀਂ ਕਿਦ੍ਹੇ ਪਾਣੀ ਹਾਰ ਹਾਂ।" ਚਾਚੇ ਨੂੰ ਉਹਨੇ ਕੁਝ ਹੋਰ ਪੁੱਛੇ, ਬਿਨਾਂ ਪਿਨਸ਼ਨ ਲਾ ਦਿੱਤੀ। ਸਾਰੇ ਹੱਸਣ, ਕਿ ਘੋੜੀ ਖੋਲ੍ਹਣ ਦੇ ਜੁਰਮ ਵਿਚ ਕੈਦ ਹੋਇਆ ਚਾਚਾ ਪਿਨਸ਼ਨੀਆਂ ਬਣ ਗਿਆ।

ਚਾਚੇ ਨੂੰ ਪਤਾ ਲੱਗਿਆ, ਕਿ ਉਧਰਲੇ ਗੁਰਦੁਵਾਰਿਆਂ ਦੇ ਦਰਸ਼ਨਾਂ ਲਈ ਜਥੇ ਨੂੰ ਖੁੱਲ੍ਹ ਮਿਲੀ ਏ। ਉਹਨੇ ਝੱਟ ਆਪਣਾ ਨਾਂ ਪਤਾ ਅੰਬਰਸਰ ਜਾ ਲਿਖਾਇਆ। ਪਾਕਿਸਤਾਨ ਜਾਣ ਲੱਗਿਆਂ ਉਹ ਸਾਰਿਆਂ ਦੇ ਗਲ ਲੱਗ ਕੇ ਮਿਲਿਆ। ਉਹਦੀਆਂ ਅੱਖਾਂ 'ਚੋਂ ਸਾਉਣ ਦੀ ਝੜੀ ਵਾਂਗ ਅੱਥਰੂ ਤਰਪਕਦੇ ਸੀ। ਮੈਂ ਆਖਿਆ,"ਚਾਚਾ ਇੰਝ ਲੱਗਦੈ, ਜਿਵੇਂ ਲਾਮ ਤੇ ਚੱਲਿਆ ਹੋਵੇਂ। ਔਹ ਦਸਾਂ ਦਿਨਾਂ ਨੂੰ ਤੂੰ ਫਿਰ ਮੁੜ ਆਉਣੈ, ਐਡੀ ਦਿਲ ਨੂੰ ਲਾਉਣ ਵਾਲੀ ਕਿਹੜੀ ਗੱਲ ਏ।" ਕਹਿੰਦਾ,"ਪੁੱਤਰ! ਆਪਣੇ ਵਤਨ ਚੱਲਿਆਂ, ਖੌਰੇ! ਉਹ ਹੁਣ ਆਪਣੇ ਕੋਲ ਈ ਰੱਖ ਲਏ। ਮੈਨੂੰ ਤੇ ਅੱਜ ਏਨਾ ਚਾਅ ਏ, ਕਿ ਜਿਵੇਂ ਕੋਈ ਭੈਣ ਆਪਣੇ ਭਰਾ ਦੇ ਪਲੇਠੀ ਦੇ ਛੋਹਰ ਦੇ ਧਮਾਨ, ਚੱਲੀ ਹੋਵੇ।"

ਜਥੇ ਵਾਲੇ ਦੱਸਦੇ, ' ਉਹ ਜਿੰਨ੍ਹਾਂ ਚਿਰ ਉਧਰ ਰਿਹਾ ਅੰਞਾਣਿਆ ਵਾਂਗ ਕਦੇ ਖੁਸ਼, ਕਦੇ ਭੁੱਬਾਂ ਮਾਰ ਕੇ ਰੋ ਪਵੇ, ਕਦੇ ਭੁੰਜੇ ਲੇਟਣੀਆਂ ਲੈਣ ਲੱਗ ਜਾਂਦਾ।' ਜੇ ਕਿਸੇ ਨੇ ਡੱਕਣਾ ਕਿ ਕੱਪੜੇ ਖਰਾਬ ਹੁੰਦੇ ਨੇ। ਉਹਨੇ ਝਈ ਲੈ ਕੇ ਪੈਣਾ......, "ਏਹ ਮਿੱਟੀ ਤੇ ਸੁੱਚੀ ਏ, ਏਹ ਤਨ ਮਨ ਦੀ ਮੈਲ ਲਾਹ ਦੇਂਦੀ ਏ......ਤੁਹਾਨੂੰ ਕੀ ਪਤੈ, ਏਹਦੀ ਤਸੀਰ ਦਾ?"

ਵਾਪਸ ਆਉਂਦਿਆਂ ਨਾਲ ਵਾਲੇ ਦੱਸਦੇ ਨੇ 'ਉਹ ਨਨਕਾਣਿਉਂ ਹੀ ਗੱਡੀ ਦੀ ਬਾਰੀ ਵਿਚ ਖਲੋ ਗਿਆ। ਅਸਾਂ ਬੜਾ ਜ਼ੋਰ ਲਾਇਆ ਕਿ ਵਡੇਰਾ ਸਰੀਰ ਏ। ਅੰਦਰ ਰਮਾਨ ਨਾਲ ਬਹੁ, ਪਰ ਮੰਨਿਆਂ ਨਾ। ਰਾਵੀ ਆਈ, ਉਹਨੇ ਗੱਡੀ 'ਚੋਂ ਅਛੋਪਲੇ ਛਾਲ ਮਾਰ ਦਿੱਤੀ.........ਸਾਰੇ ਹਫੜਾ ਦਫੜੀ ਮੱਚ ਗਈ। ਉਹਦੀ ਸੀਟ ਤੇ ਝੋਲਾ ਪਿਆ ਸੀ.........ਫਰੋਲ ਕੇ ਵੇਖਿਆ.........ਨਨਕਾਣਾ ਸਾਹਿਬ ਤੋਂ ਮਿਲਿਆ ਪ੍ਰਸ਼ਾਦ ਤੇ ............'ਮੁੱਠ ਕੁ ਮਿੱਟੀ' ............ਉਹਦੇ ਪਰਨੇ ਲੜ ਬੱਝੀ ਸੀ!!'

ੴੴੴੴੴੴ

ਨਾ ਰੋਕੋ! ਅਸਾਂ ਰੁਕਣਾ ਨਾਹੀਂ,
ਸਾਨੂੰ ਸੱਦ ਪੱਤਣਾਂ ਤੋਂ ਆਈ।
ਅਸਾਂ, ਤਾਂ ਉਹ ਮਹਿਕਾਂ ਦੇ ਬੁੱਲੇ,
ਜਿਹਨੂੰ ਰੋਕ ਸਕੇ ਨਾ ਕਾਈ।
·ਇਕਬਾਲ ਕੈਸਰ

9

# ਗੁੜ ਦੀ ਭੇਲੀ

### ਅਨਵਰ ਅਲੀ

ਮੌਲਵੀ ਅਹਿਮਦ ਦੀਨ ਕਲਾਨੌਰੀ, ਮੁਹੱਲੇ ਦੀ ਮਸੀਤ ਵਿਚ ਆਪਣੇ ਸਾਢੇ ਤੇਰ੍ਹਾਂ ਨਿਮਾਜ਼ੀਆਂ ਅੱਗੇ 'ਮੁਸ਼ਰੱਕਾਂ ਤੇ ਕਬਰਪ੍ਰਸਤਾਂ' ਦੀ ਐਸੀ-ਤੈਸੀ ਫੇਰ ਰਿਹਾ ਸੀ। ਮੌਕਾ-ਮੇਲ ਏਸ ਵਾਅਜ਼ ਦਾ ਸੀ, 'ਸਾਈਂ ਜਮਾਲੇ' ਦਾ ਲੰਗਰ। ਲੰਗਰ ਸਾਈਂ ਜਮਾਲੇ ਦਾ ਵੀ ਨਹੀਂ ਸੀ। ਅਸਲ ਵਿਚ ਖ਼ਲੀਫਾ ਮਾਮੂਦੀਨ ਨੇ ਆਪਣੇ ਘਰ ਪੁੱਤਰ ਹੋਣ 'ਤੇ ਨਿਆਜ਼ੀ ਦਿੱਤੀ ਸੀ, ਤੇ 'ਮਕੌੜੇ ਸ਼ਾਹ' ਦੇ ਮਜ਼ਾਰ ਉੱਤੇ ਦੇਗਾਂ ਚੜ੍ਹਾਈਆਂ ਸਨ। ਸਾਈਂ ਜਮਾਲਾ ਤੇ ਵਿਚਾਰਾ ਮਜ਼ਾਰ ਦਾ ਦਰਬਾਨ ਸੀ ।

ਸਾਈਂ ਜਮਾਲੇ ਦੀ ਕੁੱਲ ਕਾਇਨਾਤ, ਦੋ ਕੋਠੜੀਆਂ ਤੇ ਇਕ ਨਿੱਕਾ ਜਿਹਾ ਵੇਹੜਾ ਸੀ। ਇਕ ਕੋਠੜੀ ਵਿਚ ਉਹਦਾ ਕੋਹਲੂ ਲੱਗਿਆ ਸੀ। ਇਹ ਕਾਰਖਾਨਾ, ਦੁਕਾਨ, ਤੇ ਗੋਦਾਮ ਸਭੋ ਕੁਝ ਸੀ। ਦੂਜੀ ਕੋਠੜੀ, ਉਹਦਾ ਘਰ, ਜਿਸ ਵਿਚ ਜਮਾਲਾ, ਉਹਦੀ ਬੀਵੀ, ਦੋ ਪੁੱਤਰ ਤੇ ਇਕ ਕਾਕੀ ਰਹਿੰਦੇ ਸਨ। ਰਹਿ ਗਿਆ ਵੇਹੜਾ, ਤੇ ਵੇਹੜੇ ਦੇ ਵਾਸੀ ਸਨ, ਮਕੌੜੇ। ਗਹਿਰੇ ਭੂਰੇ ਰੰਗ ਦੇ, ਮੋਟੇ-ਮੋਟੇ ਸਿਰਾਂ ਵਾਲੇ, ਨਿੱਕੇ-ਨਿੱਕੇ ਮਕੌੜੇ। ਇਹ ਫ਼ਜਰੇ-ਫ਼ਜਰੇ, ਆਪਣੀ ਖੁੱਡੋਂ ਨਿਕਲ ਖੜ੍ਹੇ ਹੁੰਦੇ ਤੇ ਘਰ ਦੇ ਕੋਨੇ-ਕੋਨੇ ਵਿਚ ਫੈਲ ਜਾਂਦੇ। ਹਰ ਸ਼ੈਅ ਤੇ ਹਰ ਜੀਅ ਨੂੰ ਮੂੰਹ ਮਾਰਦੇ। ਗਵਾਂਢਣਾਂ, ਗਵਾਂਢੀ, ਜਮਾਲੇ ਦੇ ਘਰ ਜਾਣ ਤੋਂ ਡਰਦੇ। ਜਮਾਲੇ ਤੇ ਉਹਦੀ ਬੀਵੀ, ਸੌ ਕਾਰਨ ਕੀਤੇ ਪਰ ਮਕੌੜਿਆਂ ਅੱਗੇ ਇਕ ਨਾ ਚੱਲੀ। ਇਹ ਇਕ ਖੁੱਡ ਬੰਦ ਕਰਦੇ, ਉਹ ਦਸ ਖੁੱਡਾਂ ਹੋਰ ਕੱਢ ਲੈਂਦੇ। ਇਹ ਦਵਾਈਆਂ ਛਿੜਕਦੇ ਤਾਂ ਇਹਨਾਂ ਦੇ ਆਪਣੇ ਨਿਆਣੇ ਬਿਮਾਰ ਪੈ ਜਾਂਦੇ, ਤੇ ਮਕੌੜਿਆਂ ਦੇ ਦੰਦ ਹੋਰ ਤੇਜ਼ ਹੋ ਜਾਂਦੇ। ਮੁਹੱਲੇ ਦੇ ਬੁੱਢਿਆਂ ਦਾ ਕਹਿਣਾ ਸੀ ਕਿ, 'ਜਿਸ ਥਾਂ ਜਮਾਲੇ ਦਾ ਮਕਾਨ ਏ, ਉੱਥੇ ਕਿਸੇ ਵੇਲੇ ਕਬਰਸਤਾਨ ਹੁੰਦਾ ਸੀ ਤੇ ਇਹ ਮਕੌੜੇ, ਮਕੌੜੇ ਨਹੀਂ, ਬਾਬੇ ਸਨ'।

ਜਮਾਲਾ ਬੁੱਢਿਆਂ-ਬਾਬਿਆਂ ਨੂੰ ਨਹੀਂ ਸੀ ਮੰਨਦਾ। ਪਰ ਮਕੌੜਿਆਂ ਦੇ ਹੱਥੋਂ ਤੰਗ ਆ ਕੇ ਉਹਨੇ ਤੇ ਉਹਦੇ ਟੱਬਰ ਨੇ ਮਕੌੜਿਆਂ ਨਾਲ ਸਮਝੌਤਾ ਕਰ ਲਿਆ। ਉਹਨਾਂ ਆਪਣੀ ਬਚੀ-ਖੁਚੀ ਰੋਟੀ ਤੇ ਮਿੱਟੀ-ਰਲੀ ਖਲ਼, ਖੁੱਡ ਕੋਲ ਪਾਉਣੀ ਸ਼ੁਰੂ ਕਰ ਦਿੱਤੀ। ਹੁਣ ਮਕੌੜਿਆਂ ਨੂੰ ਆਪਣੀ ਦਾਲ ਰੋਟੀ ਲਈ ਦੂਰ ਨਾ ਜਾਣਾ ਪਿਆ ਤੇ ਬਾਕੀ ਦਾ ਘਰ ਬਚਿਆ ਰਿਹਾ। ਏਸ ਸਮਝੌਤੇ, ਏਸ ਘਰ ਦੇ ਦੋਹਾਂ ਤਰ੍ਹਾਂ ਦੇ ਵਾਸੀਆਂ ਨੂੰ, ਇਕ ਦੂਜੇ ਦੀ ਇੱਜ਼ਤ ਕਰਨੀ ਤੇ ਮਿਲ-ਜੁਲ ਕੇ ਰਹਿਣਾ ਸਿਖਾ ਦਿੱਤਾ।

ਹੁਣ ਜੇ ਕੋਈ ਬਾਬਾ ਆਪਣੇ 'ਭਵਨ' ਤੋਂ ਭਟਕ ਕੇ ਦੂਰ ਵੀ ਚਲਿਆ ਜਾਂਦਾ ਤਾਂ ਚਲਦੇ ਪੈਰ ਰੁਕ ਜਾਂਦੇ, ਤਾਂ ਜੋ ਬਾਬਾ ਆਪਣੀ ਰਾਹ ਚੱਲਦਾ ਰਵ੍ਹੇ। ਉਧਰ ਬਾਬਿਆਂ ਬੰਦਿਆਂ ਨੂੰ ਵੱਢਣਾਂ ਬੰਦ ਕਰ ਦਿੱਤਾ। ਗਵਾਂਢੀ-ਗਵਾਂਢਣਾਂ ਮੁੜ ਜਮਾਲੇ ਦੇ ਘਰ ਆਣ-ਜਾਣ ਲੱਗ ਪਏ ਤੇ ਜਮਾਲੇ ਦੇ ਤੇਲ ਤੇ ਖਲ਼ ਦੀ ਵਿਕਰੀ ਵੱਧ ਗਈ।

ਇਕ ਦਿਨ ਜਮਾਲਾ ਦਸ ਮਣ ਸਰ੍ਹੋਂ ਮੰਡੀਓਂ ਲਿਆਇਆ, ਦੂਜੇ ਦਿਨ ਬਾਬਿਆਂ ਦੀ ਬਰਕਤ ਨਾਲ ਬਰਤਾਨੀਆਂ ਨੇ ਹਿਟਲਰ ਨੂੰ ਜੰਗ ਦਾ ਅਲਟੀਮੇਟਮ ਦੇ ਦਿੱਤਾ। ਫੇਰ ਕੀ ਸੀ! ਜਮਾਲੇ ਦੀ ਦਸ ਮਣ ਸਰ੍ਹੋਂ, ਦਸ ਮਣ ਸੋਨਾ ਬਣ ਗਈ। ਉਸ ਦਿਨ ਜਮਾਲੇ ਬੜੀ ਅਕੀਦਤ ਨਾਲ ਬਾਬਿਆਂ ਦੀ ਖੁੱਡ ਤੇ ਇਕ ਗੁੜ ਦੀ ਭੇਲੀ ਚੜ੍ਹਾਈ। ਮੁਹੱਲੇ ਵਿਚ ਇਹ ਖ਼ਬਰ ਫੈਲ ਗਈ ਕਿ, 'ਬਾਬਿਆਂ ਜਮਾਲੇ ਨੂੰ ਬਰਕਤ ਬਖ਼ਸ਼ੀ ਏ।'

ਜਮਾਲੇ ਨੂੰ 'ਬਸ਼ਾਰਤਾਂ' ਹੋਣ ਲੱਗ ਪਈਆਂ। ਮੁਹੱਲੇ ਦੀਆਂ ਤੀਵੀਆਂ ਬਾਬਿਆਂ ਨੂੰ ਗੁੜ ਚੜ੍ਹਾਣਾ ਸ਼ੁਰੂ ਕਰ ਦਿੱਤਾ। ਕਿਸੇ ਦਾ ਬੱਚਾ ਬਿਮਾਰ ਹੋਵੇ, ਕਿਸੇ ਦੀ ਸੱਸ ਨਾਲ ਲੜਾਈ ਹੋਵੇ, ਸਭ ਆ ਕੇ ਬਾਬਿਆਂ ਨੂੰ ਗੁੜ ਚੜ੍ਹਾਂਦੀਆਂ ਤੇ 'ਸਾਈਂ ਜਮਾਲਾ' ਉਹਨਾਂ ਲਈ ਦੁਆਵਾਂ ਤੇ 'ਗਾਂਢੇ-ਤਾਵੀਜ਼' ਕਰਦਾ।

ਸਾਈਂ ਜਮਾਲੇ, ਬਾਬਿਆਂ ਦੀ ਖੁੱਡ ਉੱਤੇ ਇਕ ਛੋਟਾ ਜਿਹਾ ਛੱਪਰ ਪਾ ਦਿੱਤਾ ਤੇ ਹਰ ਜੁਮੇਰਾਤ (ਵੀਰਵਾਰ), ਉੱਥੇ ਦੀਵਾ ਬਾਲਦਾ। ਲੋਕੀਂ ਉੱਥੇ ਤੇਲ, ਫ਼ਲ, ਪਤਾਸੇ ਤੇ ਦੁਪੱਟੇ ਚੜ੍ਹਾਣ ਲੱਗ ਪਏ। ਸਾਈਂ ਜਮਾਲਾ ਸਾਰੀ ਰਾਤ ਰਿਆਜ਼ਤ ਕਰਦਿਆਂ, ਦਿਨੇ ਕੋਹਲੂ ਨਾ ਚਲਾ ਸਕਦਾ। ਫੇਰ ਇਕ ਰਾਤ, ਉਹਨੂੰ ਬਸ਼ਾਰਤ ਹੋਈ ਤੇ ਉਹਨੇ ਕੋਹਲੂ ਚੁਕਾ ਦਿੱਤਾ, ਬਲਦ ਵੇਚ ਦਿੱਤਾ, ਕੋਠੜੀ ਨੂੰ 'ਹੁਜ਼ਰਾ' ਬਣਾ ਲਿੱਤਾ। ਆਪਣੇ ਪੁੱਤਰਾਂ ਨੂੰ ਉਸ, ਚੌੜੇ ਬਜ਼ਾਰ ਵਿਚ ਦੁਪੱਟਿਆਂ ਦੀ ਹੱਟੀ ਪਾ ਦਿੱਤੀ।

ਇਹ ਉਹਨਾਂ ਦਿਨਾਂ ਦੀ ਗੱਲ ਏ ਜਦੋਂ ਖ਼ਲੀਫ਼ਾ ਮਾਮੂਦੀਨ ਦੀ ਜੁਆਨ ਬੀਵੀ ਨੂੰ ਇਕ ਪੁੱਤਰ ਦੀ ਲੋੜ ਪੈ ਗਈ। ਖ਼ਲੀਫ਼ੇ ਦੀ ਪਹਿਲੀ ਬੀਵੀ ਤੋਂ ਔਲਾਦ ਜੁਆਨ ਸੀ, ਪਰ ਨੂਰਾਂ ਨੂੰ ਬੱਚਾ ਨਹੀਂ ਸੀ ਹੁੰਦਾ। ਖ਼ਲੀਫ਼ੇ ਦੀ ਚੰਗੀ ਚੋਖੀ ਜਾਇਦਾਦ ਸੀ। ਨੂਰਾਂ ਨੇ ਸਾਈਂ ਜਮਾਲੇ ਨੂੰ ਆਪਣੀ ਬਿਪਤਾ ਸੁਣਾਈ। ਸਾਂਈ ਹੋਰਾਂ ਨੂਰਾਂ ਨੂੰ ਦੱਸਿਆ ਕਿ, 'ਖ਼ਾਵੰਦ ਔਰਤ ਦੇ ਸਿਰ ਦਾ ਤਾਜ ਹੁੰਦਾ ਏ ਤੇ ਉਹਦੀ ਇਜਾਜ਼ਤ ਤੋਂ ਬਿਨਾਂ ਕਿਸੇ ਦਰਬਾਰ ਵਿਚ ਰਸਾਈ ਨਹੀਂ ਹੁੰਦੀ।' ਅਗਲੀ ਜੁਮੇਰਾਤ, ਖ਼ਲੀਫ਼ਾ ਮਾਮੂਦੀਨ, ਨੂਰਾਂ ਨੂੰ ਲੈ ਕੇ ਸਾਈਂ ਜਮਾਲੇ ਕੋਲ ਹਾਜ਼ਰ ਹੋ ਗਿਆ। ਨਾਲ ਦੋ ਕਾਲੇ ਕੁੱਕੜ, ਸਵਾ ਸੇਰ ਘਿਉ ਤੇ ਪੰਜ ਸੇਰ ਮਿਠਾਈ ਵੀ ਨਜ਼ਰ ਕੀਤੀ। ਨੂਰਾਂ, ਚਾਲੀ ਦਿਨ ਤੇ ਚਾਲੀ ਰਾਤਾਂ, ਹੁਜਰੇ ਅੰਦਰ ਵਜ਼ੀਫ਼ਾ ਕੀਤਾ।

ਬਾਬਿਆਂ ਨੂਰਾਂ ਦੀ ਸੁਣ ਲਈ ਤੇ ਉਹਨੂੰ ਇਕ ਚੰਨ ਜਿਹਾ ਪੁੱਤਰ ਦਿੱਤਾ। ਉਸ ਬਖ਼ਤਾਬਰ ਦਿਨ, ਖ਼ਲੀਫ਼ਾ ਮਾਮੂਦੀਨ ਨੇ 'ਬਾਬਾ ਮਕੌੜੇ ਸ਼ਾਹ' ਦੇ ਮਜ਼ਾਰ ਤੇ ਦੇਗ਼ਾਂ ਚੜ੍ਹਾਈਆਂ। ਓਸੇ ਦਿਨ ਮੌਲਵੀ ਅਹਿਮਦ ਦੀਨ ਕਲਾਨੌਰੀ ਨੇ ਕਬਰ ਪ੍ਰਸਤੀ ਤੇ ਸ਼ਰਕ ਬਾਰੇ ਮਸੀਤ ਵਿਚ ਵਾਅਜ਼ ਕੀਤੀ।

ਪਰ! ਜਿਹਨਾਂ ਉੱਤੇ ਬਾਬਾ ਮਕੌੜੇ ਸ਼ਾਹ ਮੇਹਰਵਾਨ ਹੋਵੇ, ਉਹਨਾਂ ਨੂੰ ਦੁਸ਼ਮਣਾਂ, ਸਿਆਹ-ਸਿਆਣਿਆ ਤੋਂ ਕੀ ਡਰ? ਰੱਬ ਸੱਚੇ, ਸਾਈਂ ਜਮਾਲੇ ਨੂੰ ਹੋਰ ਇੱਜ਼ਤ ਬਖਸ਼ੀ, ਉਹਦਾ ਰੁਤਬਾ ਵਧਾ ਕੇ, 'ਸਈਅਦ ਜਮਾਲ-ਉਲ-ਦੀਨ ਸ਼ਾਹ ਬੁਖ਼ਾਰੀ' ਕਰ ਦਿੱਤਾ। ਬਾਬਾ ਮਕੌੜੇ ਸ਼ਾਹ ਦਾ ਮਜ਼ਾਰ, 'ਹਜ਼ਰਤ ਸ਼ਾਹ' ਦਾ ਡੇਰਾ ਬਣ ਗਿਆ। ਸਈਅਦ ਜਮਾਲ-ਉਲ-ਦੀਨ ਸ਼ਾਹ ਬੁਖ਼ਾਰੀ ਤੇ ਉਹਨਾਂ ਦੀ ਅਲ-ਮੁਬਾਰਕ, ਆਪਣੀ ਨਵੀਂ ਹਵੇਲੀ, 'ਆਸਤਾਨਾਂ-ਏ-ਸ਼ਾਹ' ਵਿਚ ਚਲੇ ਗਏ। ਹੁਣ ਹਜ਼ਰਤ ਸ਼ਾਹ ਦਾ ਡੇਰਾ ਪਹਿਲੋਂ ਕੋਲੋਂ ਵੀ ਵੱਧ ਆਬਾਦ ਹੋ ਗਿਆ।

ਡੇਰੇ ਨੂੰ ਮੁੜ ਕੇ ਬਣਾਇਆ ਗਿਆ, ਗੁੰਬਦਾਂ, ਮਹਿਰਾਬਾਂ ਨਾਲ ਸਜਾਇਆ ਗਿਆ। ਸਰਕਾਰੇ-ਏ-ਆਲੀਆ ਨੇ ਸ਼ਾਹ ਸਾਹਿਬ ਨੂੰ 'ਖ਼ਾਨ ਬਹਾਦਰ' ਦਾ ਖ਼ਿਤਾਬ ਦਿੱਤਾ। ਡਿਪਟੀ ਕਮਿਸ਼ਨਰ, ਸਮਿੱਥ ਸਾਹਿਬ-ਬਹਾਦਰ ਨੇ, ਸ਼ਾਹ ਸਾਹਿਬ ਨੂੰ ਦੋ ਰਾਸ਼ਨ ਡੀਪੂ ਅਲਾਟ ਕਰ ਦਿੱਤੇ। ਹੁਣ ਚੜ੍ਹਾਵੇ ਦੇ ਸੰਦੂਕ ਨਾਲ ਇਕ ਸੰਦੂਕਚੀ ਹੋਰ ਵੀ ਰੱਖੀ ਗਈ, ਜਿਹਦੇ ਤੇ ਲਿਖਿਆ ਸੀ 'ਵਾਰ-ਫ਼ੰਡ'।

ਇਕ ਦਿਨ ਜ਼ਿਲ੍ਹਾ ਕਾਂਗਰਸ ਦੇ ਸਦਰ, ਸੇਠ ਚਰਨ ਦਾਸ, ਨੰਗੇ ਪੈਰੀਂ ਆ ਕੇ ਡੇਰੇ ਸਲਾਮ ਕੀਤਾ ਤੇ ਹਜ਼ਰਤ ਸ਼ਾਹ ਹੋਰਾਂ ਦੇ ਚਰਨਾਂ ਨੂੰ ਹੱਥ ਲਾਏ। ਉਸ ਤੋਂ ਬਾਅਦ ਉਹ ਹਰ ਜੁਮੇਰਾਤੀਂ ਡੇਰੇ ਸਲਾਮੀ ਦਿੰਦਾ, ਹਜ਼ਰਤ ਸ਼ਾਹ ਹੋਰਾਂ ਦੀਆਂ ਨੇਕੀਆਂ, ਕਰਾਮਾਤਾਂ ਦੀਆਂ ਤਾਰੀਫ਼ਾਂ ਕਰਦਾ ਤੇ ਹਿੰਦੂਆਂ-ਮੁਸਲਮਾਨਾਂ ਨੂੰ ਭਰਾਵਾਂ ਵਾਂਗੂੰ ਰਹਿਣ ਦੀ ਨਸੀਅਤ ਕਰਦਾ। ਉਹਨਾਂ ਈ ਦਿਨਾਂ ਵਿਚ, ਜ਼ਿਲ੍ਹਾ ਮੁਸਲਮ ਲੀਗ ਦੇ ਸਦਰ, ਖ਼ਾਨ-ਗਿਆਸੁ-ਦੀਨ ਖ਼ਾਨ ਤੇ ਮਜਲਸ-ਇਹਰਾਰ ਦੇ ਸਦਰ, ਮੌਲਾਨਾ ਸਨਾ-ਇ-ਉੱਲਾ ਅਨਸਾਰੀ ਨੂੰ ਵੀ ਵਾਰੀ-ਵਾਰੀ ਹਜ਼ਰਤ ਸ਼ਾਹ ਹੋਰਾਂ ਦੇ ਹੱਥ ਤੇ ਬਈਅਤ ਕੀਤੀ। ਹੁਣ ਡੇਰੇ ਤੇ ਹਾਜ਼ਤ-ਮੰਦਾਂ ਦੀ ਭੀੜ ਹੋਣ ਲੱਗ ਪਈ। ਹਜ਼ਰਤ ਸ਼ਾਹ ਹੋਰਾਂ ਲਈ ਕੁੱਲ ਸਰਕਾਰੀ ਤੇ ਗੈਰ-ਸਰਕਾਰੀ ਇੱਕਠਾਂ ਉੱਤੇ ਜਾਣਾ ਜ਼ਰੂਰੀ ਹੋ ਗਿਆ। ਡੇਰੇ ਦੀ ਰੌਣਕ ਵੱਧਦੀ ਗਈ......, ਹਜ਼ਰਤ ਸ਼ਾਹ ਦੇ ਮਰਾਤਬੇ ਬੁਲੰਦ ਹੁੰਦੇ ਗਏ।

ਫੇਰ ਕਰਨਾ ਰੱਬ ਦਾ! ਕਿ ਪਾਕਿਸਤਾਨ ਬਣ ਗਿਆ। ਰੱਬ ਓਹਲਾ ਰੱਖ ਲਿਆ! ਤੇ ਹਜ਼ਰਤ ਸ਼ਾਹ ਹੋਰਾਂ ਨੂੰ 'ਬਸ਼ਾਰਤ' ਨਾ ਹੋਈ......, ਸ਼ੈਤਾਨ ਧੋਖੇ ਵਿਚ ਰੱਖਿਆ ਕਿ ਧਰਤੀ ਵੰਡੀ ਜਾ ਰਹੀ ਏ!!.......ਤੇ ਲੁਧਿਆਣਾ, ਪਾਕਿਸਤਾਨ ਵਿਚ ਨਾ ਆਇਆ। ਲੋਕ ਵੱਢੀਦੇਂ, ਟੁੱਕੀਦੇਂ, ਮਾਰਾਂ ਖਾਂਦੇ, ਘਰਾਂ ਦੇ ਜੀਅ ਅੱਖਾਂ ਸਾਹਮਣੇ ਕਤਲ ਕਰਵਾਉਂਦੇ, ਬੀਬੀਆਂ-ਭੈਣਾਂ ਦੀ ਅਸਮਤ ਲੁਟਾਂਦੇ.......ਕਿਵੇਂ ਨਾ ਕਿਵੇਂ ......ਧਰਤੀ ਉੱਤੋਂ ਦੀ ਆਪਣੇ 'ਨਵੇਂ ਵਤਨ' ਪਹੁੰਚੇ।

ਲੋਕਾਈ ਵਿਚ ਭਾਜੜ ਪੈ ਗਈ, ਹਾ-ਹਾ ਕਾਰ ਮੱਚ ਗਈ, ਕਤਲੋ-ਗ਼ਾਰਤ ਦਾ ਬਾਜ਼ਾਰ ਗਰਮ ਹੋ ਗਿਆ। ਹਜ਼ਰਤ ਸ਼ਾਹ ਹੋਰਾਂ ਨੂੰ ਵੀ ਹਿਜ਼ਰਤ ਦਾ ਹੁਕਮ ਹੋਇਆ।

ਸ਼ਾਇਦ, ਏਹ ਪੀਰ ਮਕੌੜੇ ਸ਼ਾਹ ਦੀ ਈ ਕਰਾਮਾਤ ਸੀ ਕਿ ਹਜ਼ਰਤ ਸ਼ਾਹ ਹੋਰਾਂ ਦਾ ਸਾਰਾ ਕੁਨਬਾ, ਖ਼ੈਰੀਂ-ਮੇਹਰੀਂ, ਸਰਹੱਦ ਪਾਰ ਕਰ ਗਿਆ। ਪਰ, 'ਪੀਰ ਮਕੌੜੇ ਸ਼ਾਹ' ਪਤਾ ਨਹੀਂ, ਆਪਣੀਆਂ 'ਬਹਿਸ਼ਤੀ ਬਰਕਤਾਂ' ਸਦਕੇ ਕਿੰਝ, ............ਪਤਾਲ ਦੇ ਰਸਤੇ, ਟੋਟੇ ਹੋਏ ਦੇਸ ਦੇ, ਨਵੇਂ ਟੱਪੇ ਵਿਚ ਆ ਡੇਰੇ ਜਮਾਏ? ਲੋਕ ਤੇ 'ਨਵੇਂ ਦੇਸ' ਵਾਲੇ ਵੀ......'ਪੁਰਾਣੇ ਮੁਲਕ' ਜੇਹੇ ਸੀ ਸਨ। ....... ਫੇਰ ਭਲਾ, ਨਵੇਂ ਦੀ ਕੀ ਜ਼ਰੂਰਤ ਪੈ ਗਈ?

ਪਾਕਿਸਤਾਨ ਆ ਕੇ, ਉਹ ਹਰ ਵੇਲੇ ਰੋਂਦੇ ਰਹਿੰਦੇ। ਸਾਹਬਜ਼ਾਦਿਆਂ, ਉਹਨਾਂ ਨੂੰ ਬੜਾ ਸਮਝਾਇਆ ਕਿ, 'ਪੰਦਰਾਂ ਸੇਰ ਸੋਨਾ, ਕੀ ਸ਼ੈਅ ਹੁੰਦੀ ਏ?' ਪਰ ਹਜ਼ਰਤ ਸ਼ਾਹ ਦੇ ਅੱਥਰੂ ਨਾ ਰੁਕਦੇ, ਉਹਨਾਂ ਨੂੰ ਤਾਂ ਡੇਰੇ ਦੀ ਜੁਦਾਈ ਦਾ ਘੁਣ ਲੱਗ ਗਿਆ ਸੀ। ਹੌਲੀ ਹੌਲੀ ਮੁਰੀਦਾਂ ਨੂੰ ਪਤਾ ਲੱਗਿਆ ਤੇ ਉਹ 'ਵਾਲਟਨ ਕੈਂਪ' ਹਜ਼ਰਤ ਸ਼ਾਹ ਹੋਰਾਂ ਕੋਲ ਪੁੰਹਚਣ ਲੱਗ ਪਏ। ਮੁਰੀਦਾਂ ਨੂੰ ਮਿਲ ਕੇ ਹਜ਼ਰਤ ਸ਼ਾਹ, ਸ਼ਾਦ-ਸ਼ਾਦ ਹੋ ਗਏ।

ਫੇਰ ਇਕ ਰਾਤ, 'ਬਸ਼ਾਰਤ' ਹੋਈ ਤੇ....... ਹਜ਼ਰਤ ਸ਼ਾਹ! ਸਾਹਬਜ਼ਾਦਿਆਂ, ਬੀਬੀ ਪਾਕ ਤੇ ਮਾਈ ਪਾਕ ਨੂੰ, ਮੀਆਂ ਮੁਨੀਰ ਅਹਿਮਦ ਲੁਧਿਆਣਵੀ ਬੀ.ਏ. ਐੱਲ.ਐੱਲ.ਬੀ ਦੀ ਕੋਠੀ ਛੱਡ ਕੇ, ਆਪੂੰ 'ਟਿੱਬਾ ਗੁਲਾਬ ਸਿੰਘ' ਚਲੇ ਗਏ। ਟਿੱਬੇ ਦਾ ਪਟਵਾਰੀ ਆਪਦੇ ਨਾਲ ਸੀ। ਡੇਰੇ ਦੀ ਜੁਦਾਈ ਦੇ ਬਾਇਸ ਆਪ ਖੂੰਡੇ ਤੇ ਪੂਰਾ ਭਾਰ ਪਾਕੇ ਚੱਲਦੇ। ਇਕ ਥਾਂ 'ਖੂੰਡਾ-ਸ਼ਰੀਫ਼' ਛੇ ਇੰਚ ਜ਼ਮੀਨ ਵਿੱਚ ਖੁੱਭ ਗਿਆ। ਆਪ ਨੇ ਵੀ ਉੱਥੇ ਈ ਤਸ਼ਰੀਫ ਰੱਖ ਦਿੱਤੀ। ਪਿੰਡ ਵਾਲਿਆਂ, ਖੜ੍ਹਿਆਂ-ਖੜ੍ਹਿਆਂ ਈ......ਇਕ ਛੱਪਰ ਖੜ੍ਹਾ ਕਰ ਦਿੱਤਾ। ਮੰਜੀਆਂ, ਬਿਸਤਰੇ ਆ ਗਏ। ਨੌਕਰਾਣੀਆਂ, ਹਜ਼ਰਤ ਸ਼ਾਹ ਦੀਆਂ ਮੁੱਠੀਆਂ ਭਰਨ ਲੱਗ ਪਈਆਂ..........।

ਅਗਲੇ ਦਿਨ ਤਸੀਲਦਾਰ ਆਇਆ। ਆਪ ਦੇ ਪੈਰ ਫੜ੍ਹ ਕੇ ਰੋਣ ਲੱਗ ਪਿਆ, ਉਹ ਵੀ ਆਪ ਦਾ ਮੁਰੀਦ ਸੀ। ਇਹ ਜ਼ਮੀਨ ਇਕ ਸਰਦਾਰ ਪ੍ਰਤਾਪ ਸਿੰਘ ਛੱਡ ਗਿਆ ਸੀ............., ਕੁੱਲ ਪੰਦਰਾਂ ਸੌ ਕਿੱਲੇ। ਏਸ ਦੀ ਅਲਾਟਮੈਂਟ ਤੇ ਹੀ ਸ਼ੁਕਰਗੁਜ਼ਾਰ ਹੋਏ।

ਟਿੱਬਾ ਗੁਲਾਬ ਸਿੰਘ ਦੇ ਦਿਨ ਫਿਰ ਗਏ। ਹਜ਼ਰਤ ਸ਼ਾਹ ਦੇ ਡੇਰੇ, ਟਿੱਬਾ ਗੁਲਾਬ ਸਿੰਘ ਨੂੰ 'ਟਿੱਬਾ-ਸ਼ਰੀਫ਼'

ਬਣਾ ਦਿੱਤਾ। ਮੁਰੀਦਾਂ ਨੂੰ 'ਟਿੱਬਾ-ਸ਼ਰੀਫ਼' ਦੀ ਖ਼ਬਰ ਅੱਪੜੀ ਤੇ ਉਹ ਡੇਰੇ ਹਾਜ਼ਰੀ ਦੇਣ ਲੱਗੇ। ਡੇਰੇ ਦੇ ਤੁਫ਼ੈਲ, ਉਹ ਮੁੜ ਘਰਾਂ, ਜ਼ਮੀਨਾਂ ਤੇ ਕਾਰੋਬਾਰਾਂ ਦੇ ਮਾਲਕ ਬਣ ਗਏ ਤੇ ਉਹ ਵੀ, ਟਿੱਬਾ ਸਰੀਫ਼ ਦੇ ਆਲੇ-ਦੁਆਲੇ। ਜਿਹਨਾਂ ਦੇ ਦਿਲਾਂ ਵਿਚ ਸ਼ੱਕ ਦੀ ਸਿਆਹੀ ਸੀ, ਉਹ ਖੁਆਰ ਹੋਏ....... ਤੇ ਡੇਰੇ ਦਾ ਜਵਾਲ ਵੱਧਦਾ ਗਿਆ। ਹਜ਼ਰਤ ਸ਼ਾਹ ਦੀ 'ਬਜ਼ੁਰਗੀ' ਦੀ ਸ਼ੋਹਰਤ ਦੂਰ-ਦੂਰ ਅਪੜੀ ਤੇ ਪਾਕਿਸਤਾਨ ਦੇ ਕੋਨੇ-ਕੋਨੇ ਤੋਂ ਅਮੀਰ-ਗਰੀਬ ਸਰਸ਼ਾਰ ਹੋਣ ਲਈ ਟਿੱਬੇ-ਸ਼ਰੀਫ਼ ਆਣ ਲੱਗੇ।

ਕਰਨਾ ਖ਼ੁਦਾ ਦਾ! ਜਦੋਂ ਮੁੰਤਕਲੀਆਂ ਦੀ ਵਾਰੀ ਆਈ ਤਾਂ, ਹਜ਼ਰਤ ਸ਼ਾਹ ਦੀਆਂ ਜਮਾਂਬੰਦੀਆਂ, ਮਸ਼ਰਕੀ ਪੰਜਾਬ ਤੋਂ ਨਾ ਆਈਆਂ। ਡਿਪਟੀ ਕਮਿਸ਼ਨਰ, ਹੱਦ ਦੀਆਂ ਕੋਸ਼ਿਸ਼ਾਂ ਕੀਤੀਆਂ, ਪਰ ਪਰਤਾਪ ਸਿੰਘ ਦੇ 15 ਸੌ ਕਿੱਲੇ ਇਕ, ਏ.ਡੀ. ਐਸ.ਕੇ.ਨਕਵੀ ਨੂੰ ਮਿਲ ਗਏ। ਉਹ ਛਬੀ ਸੌ ਏਕੜ ਦਾ ਬਾਗ਼, ਬਾਰਾਂਬੰਕੀ ਛੱਡ ਕੇ ਆਇਆ ਸੀ। ਜਮਾਂਬੰਦੀਆਂ ਦੀ ਉਸ ਨੂੰ ਕੋਈ ਲੋੜ ਈ ਨਹੀਂ ਸੀ। ਪਰ ਜਿਸ ਦਿਨ ਉਹ ਜ਼ਮੀਨ ਵੇਖਣ ਆਇਆ, ਉਹਦੇ ਦੂਜੇ ਦਿਨ ਈ ਉਸ ਇਹ ਜ਼ਮੀਨ ਮਨਸੂਖ ਕਰਵਾ ਲਈ।

ਮੁਰੀਦਾਂ, ਹਜ਼ਰਤ ਸ਼ਾਹ ਹੋਰਾਂ ਨੂੰ ਦੱਸਿਆ ਕਿ ਉਹ ਏ.ਡੀ.ਐਸ.ਕੇ.ਨਕਵੀ, ਅਸਲ ਵਿਚ 'ਮੌਲਵੀ ਅਹਿਮਦ ਦੀਨ ਕਲਾਨੌਰੀ' ਸੀ। ਪਰ ਹਜ਼ਰਤ ਸ਼ਾਹ ਹੋਰਾਂ ਦੀ ਸ਼ਾਨ ਵੇਖੋ! ਉਹਨਾਂ, ਉਸ ਮਰਦੂਦ ਵਾਸਤੇ ਵੀ ਦੁਆ ਫਰਮਾਈ ਤੇ ਉਹਨੂੰ 'ਆਰਫ਼ਵਾਲੇ' ਵਿਚ ਟਿੱਬਾ ਸਰੀਫ਼ ਤੋਂ ਵੀ ਵੱਧ ਚੰਗੀ ਜ਼ਮੀਨ ਮਿਲ ਗਈ। ਏਸ ਤੋਂ ਵੱਧ ਅਸੈਂਬਲੀ ਦੇ ਇਲੈਕਸ਼ਨਾ ਉੱਤੇ, ਜਦੋਂ ਕਮਿਸ਼ਨਰ ਸਾਹਿਬ ਨੇ ਹਜ਼ਰਤ ਸ਼ਾਹ ਹੋਰਾਂ ਨੂੰ ਮੈਂਬਰੀ ਵਾਸਤੇ ਆਖਿਆ, ਤਾਂ ਆਪ ਨੇ 'ਫੱਤੇ' ਦੇ ਸਿਰ ਹੱਥ ਰੱਖ ਦਿੱਤਾ। .......ਫੱਤਾ, ਫੱਤਿਓਂ 'ਚੌਧਰੀ ਫਤਿਹ ਦੀਨ' ਐਮ.ਪੀ. ਬਣਿਆ, ਤੇ ਅਸੈਂਬਲੀ ਦੇ ਮਿੰਬਰਾਂ ਵਿਚ ਹਜ਼ਰਤ ਸ਼ਾਹ ਹੋਰਾਂ ਦਾ ਨਾਂ ਬੜੇ ਅਦਬ ਨਾਲ ਲਿਆ ਜਾਣ ਲੱਗਾ। ਹਾਜ਼ਤ-ਮੰਦਾਂ ਦੀਆਂ ਹਾਜ਼ਤਾਂ ਪੂਰੀਆਂ ਹੋਣ ਲੱਗੀਆਂ ਤੇ ਬਦਕਾਰਾਂ ਤੇ ਰੱਬ ਦਾ ਗਜ਼ਬ ਬਰਸਿਆ। ਜ਼ਿਮੀਂਦਾਰ, ਮੁਜਾਰੇ ਆਪਸ ਵਿਚ ਪਿਆਰ ਨਾਲ ਰਹਿਣ ਲੱਗ ਪਏ। ਜੇ ਕੋਈ ਗਰੀਬ ਮੁਜਾਰਾ ਜ਼ਿਮੀਂਦਾਰ ਨੂੰ ਤੰਗ ਕਰਦਾ, ਤੇ ਮੁਜਾਰੇ ਦੀ ਧੀ ਕੱਢੀ ਜਾਂਦੀ, ਤਾਂ ਹਜ਼ਰਤ ਸ਼ਾਹ ਚੌਥੇ ਦਿਨ ਈ ਥਾਣੇਦਾਰ ਨੂੰ ਸੁਨੇਹਾ ਭੇਜ ਕੇ, ਮੁਜਾਰੇ ਨੂੰ ਹਵਾਲਾਤੋਂ ਮੰਗਵਾਂ ਲੈਂਦੇ। ਆਪ ਦੀ ਦੁਆ ਨਾਲ ਮੁਜਾਰੇ ਦੀ ਧੀ ਵੀ ਆਪੂੰ ਘਰ ਮੁੜ ਆਉਂਦੀ।

ਇੰਞ ਟਿੱਬੇ ਸਰੀਫ਼, ਤੇ ਉਹਦੇ ਵਾਸੀਆਂ ਉੱਤੇ ਰੱਬ ਦੀ ਰਹਿਮਤ ਬਰਸਦੀ ਰਹੀ। ਇਕ ਗੱਲ ਜਿਉਂ ਦੀ ਤਿਉਂ ਰਹੀ। ਉਹ ਇਹ ਕਿ ਹਜ਼ਰਤ ਸ਼ਾਹ ਦੀਆਂ ਜਮਾਂਬੰਦੀਆਂ ਨਾ ਆਈਆਂ ਤੇ ਜਮੀਨ ਦਾ ਪੱਕਾ ਫੈਸਲਾ ਨਾ ਹੋਇਆ। ਪਰ ਹਜ਼ਰਤ ਸ਼ਾਹ ਨੂੰ ਕੀ ਗ਼ਮ? ਜ਼ਮੀਨ ਤਾਂ ਡੇਰੇ ਦੀ ਸੀ, ਉਹਨਾਂ ਦੀ ਨਹੀਂ। ਉਹਨਾਂ ਨੂੰ ਤੇ 'ਵੱਡੀ ਸਰਕਾਰ' ਨੇ ਦੋ ਚੌਲਾਂ ਦੀਆਂ ਮਿੱਲਾਂ ਤੇ ਇਕ ਆਈਸ ਫੈਕਟਰੀ ਬਖ਼ਸ਼ ਦਿੱਤੀ ਸੀ। ਫੇਰ ਜਦੋਂ ਵਜ਼ਾਰਤ ਬਦਲਦੀ, ਤਾਂ ਕਮਿਸ਼ਨਰ ਸਾਹਿਬ ਆਕੇ ਹਜ਼ਰਤ ਹੋਰਾਂ ਨੂੰ 'ਖਾਵਤ' ਵਿਚ ਮਿਲਦੇ। ਜ਼ਮੀਨ ਬਾਰੇ ਗੱਲਬਾਤ ਕਰਦੇ, ਪਰ ਹਰ ਵਾਰੀ ਅਕੀਦਤ ਪੇਸ਼ ਕਰ ਕੇ ਹੀ ਜਾਂਦੇ। ਹਰ ਨਵੀਂ ਵਜ਼ਾਰਤ ਵਿਚ, ਹਜ਼ਰਤ ਸ਼ਾਹ ਦੀ ਪਾਰਟੀ, ਪਹਿਲੇ ਕੋਲੋਂ ਵੱਧ ਤਕੜੀ ਹੋ ਕੇ ਨਿਕਲਦੀ। ਇੰਞ ਜਦੋਂ ਵਜ਼ਾਰਤ ਬਦਲਦੀ, ਹਜ਼ਰਤ ਸ਼ਾਹ ਹੋਰਾਂ ਨੂੰ ਬਿਲਡਿੰਗਾਂ, ਫੈਕਟਰੀਆਂ ਤੇ ਸਿਨਮਾ ਘਰਾਂ ਦੇ ਨਜ਼ਰਾਨੇ ਪੇਸ਼ ਹੁੰਦੇ।

'ਸਾਹਬਜ਼ਾਦਾ ਅਲਾ-ਉਲ-ਦੀਨ ਸ਼ਾਹ ਬੁਖ਼ਾਰੀ' ਤੇ 'ਸਾਹਬਜ਼ਾਦਾ ਤਾਜ਼-ਉਲ-ਦੀਨ ਬੁਖ਼ਾਰੀ' ਟੱਬਰਾਂ ਵਾਲੇ ਹੋ ਚੁੱਕੇ ਸਨ। ਅੱਗੋਂ ਉਹਨਾਂ ਦੇ ਪੁੱਤਰ, ਐਚਸਨ ਕਾਲਜ ਦੀਆਂ ਉੱਚੀਆਂ ਜਮਾਤਾਂ ਵਿਚ ਅੱਪੜ ਗਏ ਸਨ। ਹਜ਼ਰਤ ਸ਼ਾਹ ਹੋਰਾਂ ਨੂੰ ਆਪਣੇ ਪੋਤਿਆਂ ਨਾਲ ਬੜਾ ਪਿਆਰ ਸੀ। ਉਹਨਾਂ ਗੁਲਬਰਗ ਵਿਚ, ਇਕਤਾਲੀ ਕਨਾਲ ਦਾ ਟੁਕੜਾ ਲੈ ਕੇ ਇਕ 'ਆਸ਼ੀਆਨਾ ਸ਼ਰੀਫ', ਲਾਹੌਰ ਵਿਚ ਵੀ ਬਣਾ ਲਿਆ। ਹੁਣ ਉਹ ਬਹੁਤਾ ਵੇਲਾ ਉੱਥੇ ਈ ਗੁਜ਼ਾਰਦੇ। ਮਾਈ-ਬਾਪ, ਗੋਸ਼ਾ-ਨਸ਼ੀਨ ਹੋ ਚੁੱਕੇ ਸਨ ਤੇ ਆਪ ਨੇ 'ਬਸ਼ਾਰਤ' ਮੁਤਾਬਕ, ਇਕ ਭਾਗਭਰੀ 'ਚੰਚਲ ਬਾਈ' ਨੂੰ, ਹਰਮ ਵਿਚ ਸ਼ਾਮਲ ਹੋਣ ਦੀ ਇੱਜ਼ਤ ਬਖ਼ਸ਼ੀ। ਹਜ਼ਰਤ ਸ਼ਾਹ ਹੋਰੀਂ ਰਿਆਜ਼ਤ ਦੀਆਂ ਹੱਦਾਂ ਟੱਪ ਚੁੱਕੇ ਸਨ। ਹੁਣ ਉਹਨਾਂ ਦਾ ਵੱਧ ਵਕਤ, ਵਜ਼ੀਰਾਂ ਤੇ ਸੈਕਟਰੀਆਂ ਨੂੰ ਇੱਜ਼ਤ ਬਖ਼ਸ਼ਣ ਵਿਚ ਲੰਘਦਾ ਜਾਂ ਕਦੇ-ਕਦੇ ਗੌਰਮਿੰਟ ਹਾਊਸ ਹੋ ਆਉਂਦੇ। ਬਾਕੀ ਵੇਲੇ ਉਹ ਚੰਚਲ ਬਾਈ ਦੇ 'ਮਿਜ਼ਾਜ' ਦੇ ਗੀਤਾਂ ਵਿਚ, 'ਹਕੀਕਤ' ਦੇ ਰਾਜ਼ ਸੁਣਦੇ ਤੇ ਹਰਮ ਦੀਆਂ ਦੂਜੀਆਂ ਬੀਬੀਆਂ, ਉਹਨਾਂ ਦੀ ਮੁੱਠੀ ਚਾਪੀ ਕਰਦੀਆਂ। ਇਹ ਬੀਬੀਆਂ ਹਜ਼ਰਤ ਸ਼ਾਹ ਨੇ ਬਸ਼ਾਰਤ ਮੁਤਾਬਿਕ, ਪਾਕਿਸਤਾਨ ਦੇ ਕੋਨੇ-ਕੋਨੇ ਤੋਂ ਚੁਣੀਆਂ ਸਨ। ਉਹਨਾਂ ਵਾਸਤੇ ਵੱਖ-ਵੱਖ ਕੋਠੀਆਂ ਹੁੰਦੀਆਂ। ਹਰ ਇਕ ਵਾਸਤੇ, ਉਹਦੀ ਮਰਜ਼ੀ ਦੀ ਕਾਰ ਤੇ ਡਰਾਈਵਰ। ਇਹ ਬੀਬੀਆਂ, ਹਜ਼ਰਤ ਸ਼ਾਹ ਦੀਆਂ ਖ਼ਿਦਮਤ-ਗੁਜ਼ਾਰ ਸਨ, ਤੇ ਉਹਨਾਂ ਦੇ ਪੋਤਿਆਂ ਤੋਂ ਨਿਸਾਰ। ਹਜ਼ਰਤ ਸ਼ਾਹ ਦੇ ਪੋਤੇ, ਦਿਨ-ਰਾਤ ਆਸ਼ੀਆਨਾ ਸਰੀਫ਼ ਦੀ ਅਨੈਕਸੀ ਵਿਚ ਗੁਜ਼ਾਰਦੇ।

ਉਹ ਚਾਰ ਕਨਾਲ ਦੀ ਅਨੈਕਸੀ, ਹਜ਼ਰਤ ਸ਼ਾਹ ਹੋਰਾਂ ਕੋਲੋਂ ਇਕ ਗ਼ੈਰ ਮੁਲਕੀ, ਸਫ਼ਾਰਤਖਾਨੇ ਵਾਲਿਆਂ, ਪੰਜ ਲੱਖ ਦੇ ਬਦਲੇ, ਤਿੰਨ ਸਾਲ ਲਈ ਕਿਰਾਏ ਤੇ ਲਈ ਹੋਈ ਸੀ। ਇਹ, ਉਸ ਸਫ਼ਾਰਤ ਖਾਨੇ ਦਾ ਮਹਿਮਾਨ ਖਾਨਾ ਸੀ। ਹਰ ਸ਼ਾਮੀ, ਸਫ਼ਾਰਤਖਾਨੇ ਦਾ ਇਕ ਬੰਦਾ ਆਉਂਦਾ ਤੇ ਇਕ ਬਕਸਾ ਵਿਸਕੀ, ਚਾਕਲੇਟ ਤੇ ਕੈਂਡੀ ਦੇ ਡੱਬੇ ਛੱਡ ਜਾਂਦਾ। ਫੇਰ ਹਜਰਤ ਸ਼ਾਹ ਦੇ ਛੇ ਪੋਤੇ, ਉਹਨਾਂ ਦੇ 15-20 ਯਾਰ ਬੇਲੀ, ਅਮੀਰਾਂ-ਅਫਸਰਾਂ

ਦੀਆਂ 30-40 ਧੀਆਂ ਨਾਲ, ਰਾਤ ਭਰ 'ਟੋਸਟ' ਕਰਦੇ। ........ਦੂਜੇ ਦਿਨ ਫਜ਼ਰੇ-ਫਜ਼ਰੇ, ਨੌਕਰਾਂ ਦੇ ਨਿਆਣੇ ਰਬੜ ਦੇ ਗੁਬਾਰਿਆਂ ਤੋਂ ਲੜਦੇ। ਇਹਨਾਂ ਕੁੜੀਆਂ ਦੀਆਂ ਮਾਵਾਂ, ਘਰੋ-ਘਰੀਂ ਆਪਣੀਆਂ ਧੀਆਂ ਲਈ ਸੋਚਾਂ ਦੇ ਮਹੱਲ ਬਣਾਉਂਦੀਆਂ, ਪਰ ਹਜ਼ਰਤ ਸ਼ਾਹ ਦੇ ਪੋਤਿਆਂ ਦੀਆਂ ਮੰਜ਼ਲਾਂ ਉੱਚੀਆਂ ਸਨ।

ਪਿੱਛੇ ਜਿਹੇ ਹਜ਼ਰਤ ਸਾਹ ਹੋਰੀਂ ਮੁਲਕ ਦੇ ਸਭ ਤੋਂ 'ਵੱਡੇ ਆਦਮੀ' ਨੂੰ ਇੱਜ਼ਤ ਬਖ਼ਸ਼ਣ ਗਏ.......। ਉੱਥੇ ਉਹਨਾਂ ਸਟੀਲ-ਮਿੱਲ ਤੇ ਜੂਟ-ਮਿੱਲ ਦੀ ਗੱਲ ਕੀਤੀ.........। ਉਸ ਸਭ ਤੋਂ 'ਵੱਡੇ ਬੰਦੇ' ਨੇ, ਆਪਣੀਆਂ ਦੋ ਦੋਹਤੀਆਂ ਦਾ ਜ਼ਿਕਰ ਕੀਤਾ.......। ਵਿਆਹ ਦਾ ਦਿਨ ਰੱਖਣ ਲਈ ਹੁਣ ਹਜ਼ਰਤ ਸ਼ਾਹ ਹੋਰਾਂ ਨੂੰ 'ਬਸ਼ਾਰਤ' ਦੀ ਉਡੀਕ ਏ.................!

---

ਜੀਵਨ ਹੈ ਰੋਣਾ ਤੇ ਹੱਸਣਾ,
ਮਾਰ ਪਲਾਕੀ ਕਾਲ ਤੇ ਚੜ੍ਹਨਾ,
ਡਿਗਣਾ ਫੇਰ ਉਸੇ ਵੱਲ ਨੱਸਣਾ,
ਜੀਵਨ ਹੈ ਰੋਣਾ ਤੇ ਹੱਸਣਾ।

ਅੰਧਕਾਰ-ਖਿੰਘਰਾਂ ਸੰਗ ਖਹਿਣਾ,
ਦੁੱਖ-ਸੁੱਖ ਦੇ ਨਰਕਾਂ ਵਿਚ ਪੈਣਾ,
ਦਿਲ-ਸਾਗਰ 'ਚੋਂ ਉਠਦੇ ਰਹਿਣਾ,
ਲੱਛ-ਲੱਛ ਨੈਣ ਗਗਨ 'ਚੋਂ ਵੱਸਣਾ,
ਜੀਵਨ ਹੈ ਰੋਣਾ ਤੇ ਹੱਸਣਾ।

ਕਦੇ ਕਿਸੇ ਨੂੰ ਦਿਲ ਦੇ ਬਹਿਣਾ,
ਅੱਜ-ਕੱਲ੍ਹ ਦੇ ਕੋਹਲੂ ਵਿਚ ਪੈਣਾ,
ਵਿਸਮਾਦੀ ਮੌਜਾਂ ਵਿਚ ਵਹਿਣਾ,
ਜਿਗਰ ਦੇ ਛਾਲੇ ਅਰਸ਼ ਨੂੰ ਦੱਸਣਾ,
ਜੀਵਨ ਹੈ ਰੋਣਾ ਤੇ ਹੱਸਣਾ।

–ਬਾਵਾ ਬਲਵੰਤ–

10

# ਗੁਆਚੀ ਹੋਈ ਖ਼ੁਸ਼ਬੂ

## ਅਫ਼ਜ਼ਲ ਅਹਿਸਨ ਰੰਧਾਵਾ

ਮੈਂ ਕਿਹੜੀ ਕਹਾਣੀ ਲਿਖਾਂ?

ਜਦੋਂ ਮੈਂ ਕਹਾਣੀ ਲਿਖਣ ਦੀ ਸੋਚਨਾਂ ਆਂ, ਕਿੰਨੀਆਂ ਕਹਾਣੀਆਂ ਮੇਰੇ ਚਾਰ-ਚੁਫ਼ੇਰੇ ਖਲੋ ਜਾਂਦੀਆਂ ਨੇ। ਕਿਸੇ ਕਹਾਣੀ ਦੇ ਹੱਥ ਮਿਹਨਤ-ਮੁਸ਼ੱਕਤ ਕਰ ਕੇ ਖ਼ੁਰਦਰੇ ਹੋ ਗਏ ਨੇ। ਕਿਸੇ ਕਹਾਣੀ ਦੇ ਸਿਰ ਤੇ ਚੁੰਨੀ ਨਹੀਂ.....ਕਿਸੇ ਕਹਾਣੀ ਦਾ ਮੱਖਣ ਵਰਗਾ ਜੁੱਸਾ ਜਹਾਜ਼ ਦੀ ਸਟ੍ਰੈਫਿੰਗ ਨਾਲ ਛਾਣਨੀਂ ਏ......ਕਿਸੇ ਕਹਾਣੀ ਦੇ ਸੁਹਣੇ ਚਿਹਰੇ ਤੇ ਬਾਰੂਦ ਦੀ ਸੜ੍ਹਾਂਦ ਤੇ ਲਹੂ ਦੇ ਦਾਗ਼ ਨੇ.....ਕਿਸੇ ਕਹਾਣੀ ਦੀ ਬਾਂਹ ਵੱਢੀ ਏ.....ਕਿਸੇ ਦੀ ਲੱਤ ਹੈ ਨਹੀਂ......ਕਿਸੇ ਦੀਆਂ ਅੱਖਾਂ ਟੁਰ ਗਈਆਂ......ਕਿਸੇ ਦਾ ਗੋਸ਼ਤ ਨੇਪਾਮ ਬੰਮ ਦੀ ਅੱਗ ਨਾਲ ਝੁਲਸ ਗਿਆ ਏ।

ਚਾਰ-ਚੁਫ਼ੇਰੇ ਵੇਖਨਾ ਆਂ ਤੇ ਮੇਰੀ ਕੋਈ ਕਹਾਣੀ ਸਾਲਮ ਨਹੀਂ---ਕਿਸੇ ਦਾ ਹੁਸਨ ਵੀ ਕਾਇਮ ਨਹੀਂ ਰਿਹਾ---ਕਿਸੇ ਦੇ ਲੀੜੇ ਵੀ ਪੂਰੇ ਤੇ ਪਿੰਡਾ ਢੱਕਣ ਵਾਲੇ ਨਹੀਂ---ਸਭ ਬਦ-ਸੂਰਤੀ ਦੇ ਗਹਿਰੇ ਸਾਏ ਥੱਲੇ ਨੇ---ਪਰ ਬਦ-ਸੂਰਤੀ ਵੀ ਤੇ ਹੁਸਨ ਏ। ਤੇ ਸ਼ਾਇਰ ਅਦੀਬ ਤੇ ਅਜ਼ਲ ਤੋਂ ਹੁਸਨ ਵੰਡਦਾ ਤੇ ਹੁਸਨ ਸਰਾਹੁੰਦਾ ਆਇਆ ਏ। ਤੇ ਮੈ ਕਿਉਂ ਬਦ-ਸੂਰਤੀ ਨੂੰ ਹੁਸਨ ਦੀ ਝੂਠੀ ਚਾਦਰ ਵਿਚ ਲਵ੍ਹੇਟ ਕੇ ਲੋਕਾਂ ਨੂੰ ਵਿਖਾਉਂਦਾ ਆਂ? ਚਾਦਰ ਲਾਹ ਕੇ ਕਿਉਂ ਨਹੀਂ ਦੱਸਦਾ? ਪਰ ਇਹਦੀ ਵੀ ਕੀ ਲੋੜ ਏ? ਮੇਰੀਆਂ ਸਾਰੀਆਂ ਕਹਾਣੀਆਂ ਦਾ ਜਨਮ ਵੀ ਤਾਂ ਮਿੱਟੀ ਤੋਂ ਹੋਇਆ ਏ ਤੇ ਇਹਨਾਂ ਦੇ ਪੈਰ ਵੀ ਮਿੱਟੀ ਉੱਤੇ ਨੇ। ਇਹਨਾਂ ਦੀ ਬਦਸੂਰਤੀ ਵਿਚ ਵੀ ਮਿੱਟੀ ਦੀ ਪੀੜ ਏ। ਤੇ ਇਹੋ ਪੀੜ ਇਹਨਾਂ ਨੂੰ ਬਦਸੂਰਤ ਕਰ ਦਿੰਦੀ ਏ। ਪਰ ਹੁਣ ਮੈਂ ਬਦ-ਸੂਰਤ ਦਾ ਲਫ਼ਜ ਨਹੀਂ ਲਿਖਾਂਗਾ। ਕਿਉਂ ਜੁ ਮਿੱਟੀ ਦਾ ਜ਼ਖ਼ਮ......ਮਿੱਟੀ ਦਾ ਦੁੱਖ........ਮਿੱਟੀ ਦੀ ਸਾਂਝ, ਕਦੀ ਵੀ ਬਦਸੂਰਤੀ ਨਹੀਂ, ਸਗੋਂ ਖ਼ੂਬਸੂਰਤੀ ਦੇਂਦੇ ਨੇ। ਪਰ ਮਿੱਟੀ ਇਨਸਾਨ ਦੇ ਪੈਦਾ ਹੋਣ ਤੋਂ ਪਹਿਲਾਂ ਵੀ ਇਹੋ ਜਿਹੀ ਸੀ। ਸਗੋਂ ਇਨਸਾਨ ਨੇ ਮਿੱਟੀ ਨੂੰ ਜ਼ਖ਼ਮ...... ਦੁੱਖ......ਦਰਦ.. ...... ਤੇ ਬਦ-ਸੂਰਤੀਆਂ ਦਿੱਤੀਆਂ...... ਮਿੱਟੀ ਨੇ ਸਦਾ ਇਨਸਾਨ ਦੀ ਸੂਰਤ ਵੇਖਣ ਤੋਂ ਬਗ਼ੈਰ ਈ ਆਸਰਾ ਦਿੱਤਾ ਏ..... ਤੇ ਦੇਂਦੀ ਰਹੇਗੀ। ਇਨਸਾਨ, ਮਿੱਟੀ ਤੇ ਆਸਰਾ!

ਪਰ ਇਨਸਾਨ ਕੋਲੋਂ ਮਿੱਟੀ ਦਾ ਆਸਰਾ ਖੋਹਣ ਵਾਲਾ ਕੌਣ ਏ ? ਮੇਰੇ ਕੋਲੋਂ ਮੇਰੀ ਪੱਗ ਤੇ ਮੇਰੀ ਜੁੱਤੀ ਕਿਨੇ ਖੋਹੀ, ਜਿਹੜੀ ਮੈਂ ਆਪਣੇ ਦਾਣੇ ਵੇਚ ਕੇ ਲਿਆਂਦੀ ਸੀ ? ਦਾਣੇ, ਜਿਹੜੇ ਮੈਂ ਆਪਣਾ ਮੁੜ੍ਹਕਾ, ਮਿੱਟੀ ਦੇ ਮੁੜ੍ਹਕੇ ਵਿਚ ਰਲਾ ਕੇ, ਮਿੱਟੀ ਵਿੱਚੋਂ ਕੱਢੇ ਸਨ। ਮੇਰੇ ਅੰਦਰੋਂ ਮੇਰਾ ਸਾਰਾ ਲਹੂ ਕਿਸ ਮਸ਼ੀਨ ਨੇ ਨਚੋੜ ਲਿਆ ਏ ? ਜਿਹੜਾ ਮੈਂ ਆਪਣਾ ਤੇ ਆਪਣੇ ਬਾਲ-ਬੱਚੇ ਦਾ ਢਿੱਡ ਭਰਨ ਦਾ ਠੇਕਾ ਕਰਨ ਦੇ ਭੁਲੇਵੇਂ ਖ਼ੁਹਾ ਬੈਠਾ। ਤੇ ਮੇਰਾ ਢਿੱਡ ਕਿਉਂ ਖ਼ਾਲੀ ਏ? ਮੇਰਾ ਸਾਰਾ ਲਹੂ ਮਸ਼ੀਨ ਨੂੰ ਦੇਣ ਮਗਰੋਂ ਵੀ ਮੇਰੇ ਬਾਲ-ਬੱਚੇ ਭੁੱਖੇ ਕਿਉਂ ਨੇ? ਮੇਰੀ ਮਿੱਟੀ ਉੱਤੇ ਲੀਕਾਂ ਕਿਸ ਨੇ ਖਿੱਚ ਦਿੱਤੀਆਂ ਤੇ ਕਿਉਂ? ਜਮੀਲਾ ਦੇ ਹੁਸਨ ਨੂੰ ਅੱਲ-ਜਜ਼ਾਇਰ ਦੀ ਕਿਹੜੀ ਸ਼ੈਅ ਵਿਗਾੜ ਦਿੱਤਾ? ਵੀਅਤਨਾਮ ਦਰ ਹਰੇ-ਭਰੇ ਜੰਗਲਾਂ ਤੇ ਨਿੱਕੇ-ਨਿੱਕੇ ਘਰਾਂ ਨੂੰ ਕਿਸ ਸੁਆਹ ਦਾ ਢੇਰ ਬਣਾ ਦਿਤਾ? ਸਹਿਰਾਏ-ਸਿਨਾ ਵਿਚ ਲਹੂ ਕਿਉਂ ਤੇ ਕਿਸ ਉਹਦੀ ਰੇਤ ਤੇ ਰੋੜ੍ਹ ਕੇ, ਰੇਤ ਦਾ ਰੰਗ ਬਦਲ ਦਿਤਾ? ਕਾਲੇ ਨੂੰ ਗੋਰੇ, ਨਫ਼ਰਤ ਨਾਲ ਗਟਰ ਦਾ ਭਰਾ ਸਮਝ ਕੇ ਗਟਰ ਵਿਚ ਕਿਉਂ ਸੁੱਟ ਦਿੱਤਾ ? ਇਨਸਾਨ ਜੇ ਜਮਾਂਦਰੂ ਅਜ਼ਾਦ ਏ, ਤਾਂ ਫਿਰ ਉਹਨੂੰ ਗੁਲਾਮ ਬਨਾਉਣ ਲਈ ਸਾਇੰਸ ਨੇ ਏਨੀਆਂ ਈਜਾਦਾਂ ਕਿਉਂ ਕੀਤੀਆਂ ਨੇ? ਮਿੱਟੀ ਜੇ ਮੁਕੱਦਸ ਏ ਤੇ ਫੇਰ ਉਹਦੇ ਸੀਨੇ ਉੱਤੇ ਰੋਜ਼ ਜਖ਼ਮ ਲਾ ਕੇ ਲਹੂ ਵਗਾ ਕੇ, ਉਹਦਾ ਪਿੰਡਾ ਕਿਉਂ ਛਾਨਣੀ ਕੀਤਾ ਜਾਂਦਾ ਏ? ਰੱਬ ਜੇ ਆਸਰਾ ਏ, ਤੇ ਫੇਰ ਇਨਸਾਨ ਕੋਲੋਂ ਉਹਦਾ ਆਸਰਾ ਕਿਉਂ ਖੋਹਿਆ ਜਾਂਦਾ ਹੈ? ਰੱਬ, ਮਿੱਟੀ , ਇਨਸਾਨ ਤੇ ਆਸਰਾ, ਜੇ ਇੱਕ ਚਕੋਰ ਏ, ਤੇ ਫਿਰ ਕਿਹੜਾ ਹੱਥ ਇਹਨਾਂ ਲੀਕਾਂ ਤੇ ਪੂੰਝੇ ਮਾਰ ਕੇ ਇਹਨਾਂ ਨੂੰ ਮਿਟਾਉਣ ਦਾ ਚਾਰਾ ਕਰਦਾ ਏ? ਤੇ ਜਦੋਂ ਨਾਜ਼ੀ ਆਕਸਫ਼ੋਰਡ ਦੇ ਲਹਿਜੇ ਵਿਚ ਅੰਗਰੇਜ਼ੀ ਬੋਲਦੀ-ਬੋਲਦੀ, ਉਹ ਪੰਜਾਬੀ ਬੋਲੀ ਸੁਣ ਕੇ ਮੇਰੇ ਵੱਲ ਮੋਟੀਆਂ ਸ਼ਰਬਤੀ ਅੱਖਾਂ ਨਾਲ ਸਵਾਲੀਆ ਅੰਦਾਜ਼ ਵਿਚ ਵੇਖਦੀ ਏ:

ਰੱਬ ਵਰਗਾ ਆਸਰਾ ਤੇਰਾ,ਵੱਸਦਾ ਰਹੁ ਮਿੱਤਰਾ।

ਉਹ ਨੂੰ ਕੀ ਜਵਾਬ ਦੇਵਾਂ? ਆਖਾਂ, ਰੱਬ ਕੋਲ ਹੋਰ ਬੜੇ ਕੰਮ ਨੇ, ਦੁਨੀਆਂ ਵੱਧ ਗਈ ਏ। ਮਸਾਇਲ ਵਧ ਗਏ ਨੇ। ਉਹ ਵਿਹਲਾ ਨਹੀਂ, ਤੇ ਆਸਰਾ? ਆਸਰਾ ਕਿੱਦਾਂ ਤੇ ਕਾਹਦਾ? ਜਦੋਂ ਆਸਰਿਆਂ ਦੀ ਤਾਦਾਦ ਤੋਂ ਕਈ ਹਜ਼ਾਰ ਗੁਣਾ ਵੱਧ, ਉਹਨਾਂ ਲੋਕਾਂ ਦੀ ਤਾਦਾਦ ਏ, ਜਿਹੜੇ ਆਸਰੇ ਖੋਹਦੇਂ ਨੇ।

ਚਾਚਾ ਟਹਿਲ ਸਿੰਘ ਠੀਕ ਆਖਦਾ ਹੁੰਦਾ ਸੀ, "ਪੁੱਤਰਾ! ਅਸੀਂ ਸਾਰੇ ਈ ਕਹਾਣੀਆਂ ਆਂ। ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ।"

" ਆਹੋ ਚਾਚਾ, ਟਹਿਲ ਸਿੰਘਾਂ! ਤੂੰ ਠੀਕ ਆਖਦਾ ਸੈਂ। ਅਜੇ ਕੱਲ ਦੀ ਗੱਲ ਏ ਜਦੋਂ ਤੂੰ ਏਥੇਂ, ਏਸ ਮਿੱਟੀ ਦਾ ਪੁੱਤਰ, ਏਸ ਮਿੱਟੀ ਵਿਚੋਂ ਕੱਢੇ ਸੋਨੇ ਦੀਆਂ ਮੌਜਾਂ ਮਾਣਦਾ ਸੈਂ। ਇਹ ਮਿੱਟੀ ਤੈਨੂੰ ਲਾਡਲੇ ਪੁੱਤਰਾਂ ਵਾਂਗਰ ਲਾਡ ਲਡਾਉਂਦੀ ਸੀ। ਤੇਰੀਆਂ ਹਵਾ ਨਾਲੋਂ ਤੇਜ਼ ਦੌੜਨ ਵਾਲੀਆਂ ਘੋੜੀਆਂ ਦੀ ਧੁੰਮ, ਸਾਰੇ ਬਾਹਰੇ ਵਿਚ ਸੀ।

ਤੇਰੇ ਧੰਨੀ ਦੇ ਡੱਗੇ, ਲੋਕ ਦੂਰੋਂ-ਦੂਰੋਂ ਵੇਖਣ ਆਉਂਦੇ ਸਨ। ਤੇਰੀਆਂ ਨੀਲੀਆਂ ਮੱਝਾਂ ਦੇ ਨਾਲ ਦੀਆਂ ਸਾਰੇ ਪੰਜਾਬ ਵਿਚ ਕਿਸੇ ਕੋਲ ਮੱਝਾਂ ਨਹੀਂ ਸਨ। ਤੇਰੇ ਦਲ੍ਹਾਨ, ਰੰਗੀਲ ਮੰਜੀਆਂ ਤੇ ਪੇਟੀਆਂ, ਰੰਗ-ਬਰੰਗੀਆਂ ਫੁਲਕਾਰੀਆਂ, ਰਜ਼ਾਈਆਂ ਤੇ ਸੋਹਣੀਆਂ ਖੇਸੀਆਂ ਭਰੀਆਂ ਰਹਿੰਦੀਆਂ ਸਨ। ਤੇਰੇ ਬੂਹੇ ਤੋਂ ਕਦੇ ਕੋਈ ਲੋੜਵੰਦ ਖਾਲੀ ਹੱਥ ਨਹੀਂ ਸੀ ਗਿਆ। ਤੂੰ ਇਕ ਵੱਡਾ ਸਰਦਾਰ ਹੋ ਕੇ ਵੀ ਆਪਣੇ ਨੌਕਰਾਂ ਨੂੰ ਪੁੱਤਰਾਂ ਵਾਂਗੂੰ ਰੱਖਦਾ ਸੈਂ, ਪਿੰਡ ਦੀ ਧੀ-ਭੈਣ ਨੂੰ ਆਪਣੀ ਧੀ-ਭੈਣ ਸਮਝਦਾ ਸੈਂ। ਹਰ ਇਕ ਦੀ ਪੀੜ ਵਿਚ ਤੇਰੀ ਸਾਂਝ ਸੀ।

ਭੈਣੀ ਸਾਹਿਬ ਵਾਲੇ ਗੁਰੂ, ਦਾਇਰੇ ਵਾਲੇ ਬੋਹੜ ਥੱਲੇ ਸੰਗਤਾਂ ਲਾਈ ਬੈਠੇ ਸਨ। ਤੇਰੀ ਹਵੇਲੀ ਵਿਚ ਸੈਂਕੜੇ ਪ੍ਰਾਹੁਣਿਆਂ ਲਈ ਪ੍ਰਸ਼ਾਦ ਪੱਕ ਰਹੇ ਸਨ। ਬੇਸਮਝ ਮੁੰਡੇ ਲੁਕ-ਲੁਕ ਕੇ ਬੋਲੀਆਂ ਪਾਉਂਦੇ ਸਨ:

*ਕੁਣਕਾ ਖਾਣ ਦੇ ਮਾਰੇ , ਆ ਗਏ ਨਾਮਧਾਰੀਏ।*

ਸਾਰੇ ਪਿੰਡ ਵਿਚ ਮੇਲਾ ਲੱਗਾ ਹੋਇਆ ਸੀ। ਅਸੀਂ ਵੀ ਨਿੱਕੇ-ਨਿੱਕੇ ਗੁਰੂ ਹੋਰਾਂ ਦੇ ਦਰਸ਼ਨ ਕਰਨ ਗਏ। ਹੋਰ ਵੀ ਲੋਕ ਦੂਰੋਂ-ਦੂਰੋਂ ਗੁਰੂ ਸਾਹਿਬ ਦੇ ਦਰਸ਼ਨ ਨੂੰ ਆਏ ਹੋਏ ਸਨ। ਤੂੰ ਪਾਲ ਸਿੰਘ ਤੇ ਮੈਨੂੰ ਫੜ ਕੇ ਗੁਰੂ ਹੋਰਾਂ ਸਾਹਮਣੇ ਖਲ੍ਹਾਰ ਦਿੱਤਾ।

"ਏਹ ਮੇਰੇ ਪੁੱਤਰ ਨੇ।" ਤੂੰ ਆਖਿਆ। ਪਾਲੇ ਦਾ ਸਿਰ ਨੰਗਾ ਸੀ ਤੇ ਉਸ ਨਿੱਕਾ ਜਿਹਾ ਜੂੜਾ ਘੁੱਟ ਕੇ ਬੰਨ੍ਹਿਆ ਹੋਇਆ ਸੀ। ਗੁਰੂ ਹੋਰਾਂ ਪਹਿਲਾਂ ਉਹਦੇ ਸਿਰ ਤੇ ਪਿਆਰ ਦਿੱਤਾ ਤੇ ਤੇਰੇ ਵਲ ਸਵਾਲੀਆ ਨਜ਼ਰ ਨਾਲ ਵੇਖਿਆ, ਜਿਵੇਂ ਪੁੱਛਦੇ ਹੋਣ, "ਏਹ ਦੂਜਾ ਮੁਸਲਮਾਨ ਮੁੰਡਾ ਕੌਣ ਏ ?" ਤੇ ਤੂੰ ਆਖਿਆ ਸੀ, " ਮੇਰੇ ਭਰਾ ਦਾ ਪੁੱਤਰ ਏ ?"

ਗੁਰੂ ਹੋਰਾਂ ਹੱਸ ਕੇ ਦੋਹਾਂ ਹੱਥਾਂ ਨਾਲ ਮੇਰੇ ਸਿਰ ਤੇ ਪਿਆਰ ਦਿੱਤਾ ਤੇ ਦੁਆ ਦਿੱਤੀ।

ਤੇ ਫੇਰ ਚਾਚਾ ਤੇਰੀ ਸਾਵੀ ਘੋੜੀ ਨੇ, ਜਿਹੜੀ ਤੂੰ ਮਹਾਰਾਜਾ ਕਪੂਰਥਲਾ ਕੋਲੋਂ ਉਸ ਜ਼ਮਾਨੇ ਵਿਚ ਦਸ ਹਜ਼ਾਰ ਦੀ ਲਈ ਸੀ, ਬੜੀਆਂ ਆਸਾਂ ਤੇ ਸੱਧਰਾਂ ਦੀ ਵਛੇਰੀ ਦਿੱਤੀ। ਤੇਰੀ ਉਸ ਵਛੇਰੀ ਵਿਚ ਜਾਨ ਸੀ ਤੇ ਬੜਾ ਚਿਰ ਮਗਰੋਂ ਮੈਨੂੰ ਪਤਾ ਲੱਗਾ ਕਿ ਉਹ ਵਛੇਰੀ ਬੜੇ ਬੇਬਹਾ ਮੁੱਲ ਦੀ ਸੀ। ਉਦੋਂ ਵਛੇਰੀ ਮਸਾਂ ਹੀ ਛੇਆਂ ਮਹੀਨਿਆਂ ਦੀ ਹੋਵੇਗੀ। ਮੈਂ ਇਕ ਦਿਨ ਖੇਡਦਾ-ਖੇਡਦਾ ਤੇਰੇ ਘਰ ਚਲਾ ਗਿਆ। ਸੋਨੇ ਦੀ ਦਿਲ ਵਾਲੀ ਚਾਚੀ ਨੇ ਸਦਕੇ ਵਾਰੀ ਹੋ ਕੇ, ਘੁੱਟ ਕੇ ਦੂਹਾਂ ਹੱਥਾਂ ਦਾ ਪਿਆਰ ਮੇਰੇ ਸਿਰ ਤੇ ਦਿੱਤਾ। ਮੱਥਾ ਚੁੰਮਿਆਂ ਤੇ ਮੈਨੂੰ ਗੋਦੀ ਵਿਚ ਬਿਠਾ ਲਿਆ । ਇਕ ਰੋਟੀ ਦੀ ਚੂਰੀ ਕੁੱਟ ਕੇ ਤੇ ਸ਼ੱਕਰ ਪਾ ਕੇ ਤੇ ਮੈਨੂੰ ਧੱਕੇ ਨਾਲ ਖਵਾਉਣ ਲੱਗ ਪਈ। ਏਨੇ ਚਿਰ ਵਿਚ ਪਾਲਾ ਆ ਗਿਆ ਤੇ ਅਸੀਂ ਦੋਵੇਂ ਖੇਡਦੇ-ਮੱਲਦੇ ਹਵੇਲੀ ਆ ਗਏ। ਭਾਊ ਰਤਨ ਸਿੰਘ ਹਵੇਲੀ ਵਿਚ ਸੀ। ਉਹਦੀ ਬਾਂਦਰੀ ਬੰਦਿਆਂ ਵਾਂਗੂੰ ਵੇਲਣੇ ਵਿਚ ਗੰਨੇ ਲਾਉਣ ਡਹੀ ਸੀ। ਭਾਊ ਧੂੜ ਵਿਚ ਸੋਡਾ ਪਾ ਕੇ, ਉੱਤੋਂ ਮੈਲ ਲਾਹੁਣ ਡਿਹਾ ਸੀ।(ਮੈਨੂੰ ਅਜੇ ਤੀਕਰ ਯਾਦ ਏ। ਭਾਊ ਦਾ ਗੁੜ ਸਾਰੇ ਪਿੰਡ ਦੇ ਗੁੜ ਵਿੱਚੋਂ ਚਿੱਟਾ ਤੇ ਸਾਫ਼ ਹੁੰਦਾ ਸੀ) ਨਿੱਕੂ ਈਸਾਈ ਚੁੰਬਾ ਝੋਕਣ ਡਿਹਾ ਸੀ। ਭਾਊ ਚੁੰਬੇ ਤੇ ਧੂੰਏਂ ਤੇ ਗੁੜ ਦੀ ਧੂੜ ਵਿੱਚੋਂ ਉੱਠਣ ਵਾਲੀ ਭਾਫ਼ ਵਿਚ ਲੁਕਿਆ ਲੱਗਦਾ ਸੀ। ਪਰ ਉਸ ਪਾਲੇ ਤੇ ਮੈਨੂੰ ਵੇਖ ਲਿਆ।

"ਰਹੁ ਪੀ!"

"ਗੁੜ ਖਾ!"

"ਗੰਨਾ ਚੂਪ ਲੈ!"

"ਬਹਿ ਜਾ! ਉਏ ਮੁੰਡਿਆ! ਮੰਜੀ ਪਰ੍ਹਾਂ ਧੁੱਪੇ ਕਰ ਦੇ ਵੀਰ ਨੂੰ।"

'ਖੌਰੇ , ਭਾਊ ਰਤਨ ਸਿੰਘ ਨੇ ਮੇਰੇ ਤੇ ਕਿੰਨੇ ਕੁ ਹੁਕਮ ਲਾ ਦਿੱਤੇ। ਪਰ ਮੇਰਾ ਧਿਆਨ ਉਸ ਵਛੇਰੀ ਵੱਲ ਚਲਾ ਗਿਆ ਤਾਂ ਮੈਂ ਤੇ ਪਾਲ ਸਿੰਘ ਕੋਲ ਜਾ ਕੇ ਵਛੇਰੀ ਵੇਖਣ ਲੱਗ ਪਏ। ਰੱਜ ਕੇ ਸੋਹਣੀ ਵਛੇਰੀ, ਤਸਵੀਰ ਲੱਗਦੀ ਸੀ। ਖੌਰੇ ਕਿਧਰੋਂ ਚਾਚਾ ਟਹਿਲ ਸਿੰਘ ਆ ਗਿਆ ਤੇ ਖੌਰੇ ਕਿਸ ਮੂਰਖਪੁਣੇ ਵਿਚ ਮੈਂ ਉਹਦੀ ਗੋਦੀ ਚੜ੍ਹਿਆ, ਉਸ ਵਛੇਰੀ ਤੇ ਚੜ੍ਹਨ ਦੀ ਜ਼ਿੱਦ ਕੀਤੀ । ਸੱਤਾਂ ਵਰਿਆਂ ਦੇ ਬਾਲ ਵਿਚ ਸਮਝ ਕਿੰਨੀ ਕੁ ਹੁੰਦੀ ਏ? ਪਰ ਚਾਚਾ! ਤੂੰ ਮੈਨੂੰ ਇਕ ਵਾਰ ਨਾ ਮੋੜਿਆ, ਨਾ ਸਮਝਾਇਆ ਤੇ ਉਸ ਮਾਸੂਮ ਤੇ ਬੇ-ਬਹਾ ਮੁੱਲ ਦੀ ਵਛੇਰੀ ਨੂੰ ਫੜ ਕੇ, ਲਗਾਮ ਨੂੰ ਗੰਢਾਂ ਦੇ ਕੇ ਛੋਟੀ ਕਰ ਕੇ ਉਹਨੂੰ ਲਗਾਮ ਦੇ ਦਿੱਤੀ। ਜਿਹੜਾ ਬੰਦਾ, ਜਿੱਥੇ ਸੀ, ਹੈਰਾਨੀ ਨਾਲ ਬੁੱਤ ਬਣ ਗਿਆ। ਭਾਊ ਪੱਕੇ ਹੋਏ ਧੂੜ ਨੂੰ ਛੱਡ ਕੇ ਖਲੋ ਗਿਆ। ਹਰ ਬੰਦਾ, ਚਾਚਾ, ਤੇਰੇ ਵੱਲ ਵੇਖਣ ਡਿਹਾ ਸੀ, ਜਿਹੜਾ ਤੂੰ ਇਕ ਬਾਲ ਦੇ ਮੂਰਖਪੁਣੇ ਨਾਲ ਆਪ ਵੀ ਬਾਲ ਬਣ ਗਿਆ ਸੈਂ, ਪਰ ਤੇਰੇ ਕੰਮਾਂ ਵਿਚ ਦਖਲ ਦੇਣ ਦੀ ਹਿੰਮਤ ਤੇ ਜੁਅਰੱਤ ਕਿਹਨੂੰ ਸੀ। ਫੇਰ ਤੂੰ ਮੋਢੇ ਵਾਲੀ ਖੱਦਰ ਦੀ ਚਾਦਰ ਲਾਹ, ਟੱਪਦੀ, ਨੱਚਦੀ ਘਬਰਾਈ ਹੋਈ ਤੇ ਪ੍ਰੇਸ਼ਾਨੀ ਨਾਲ ਨਿਢਾਲ ਹੋਈ ਵਛੇਰੀ ਉੱਤੇ ਪਾਈ ਤੇ ਫੇਰ ਕਾਠੀ ਉਹਦੇ ਮਾਸੂਮ, ਨਿੱਕੇ, ਨਰਮ ਤੇ ਨਰੋਏ ਲੱਕ ਤੇ ਪਾ ਦਿੱਤੀ ਤੰਗ ਨੂੰ ਗੰਢਾਂ ਦੇ ਕੇ ਕੱਸ ਦਿੱਤਾ। ਅੱਜ ਸੋਚਨਾਂ ਆਂ ਛੇਆਂ ਮਹੀਨਿਆਂ ਦੀ ਦੁੱਧ ਪੀਦੀਂ ਕੋਮਲ ਬਾਲੜੀ ਬਛੇਰੀ ਦੀ ਜਾਨ ਲੈਣ ਲਈ ਏਨਾਂ ਦੁਖ ਤੇ ਸਦਮਾ ਈ ਬੜਾ ਸੀ। ਪਰ ਚਾਚਾ! ਫੇਰ ਤੂੰ ਮੈਨੂੰ ਉਹਦੇ ਤੇ ਚਾੜ੍ਹ ਕੇ ਤੇ ਉਹਨੂੰ ਅੱਗੋਂ ਫੜ ਕੇ ਤੇ ਹਵੇਲੀ ਦੇ ਦੋ ਫੇਰੇ ਲਵਾਏ ਤੇ ਵਛੇਰੀ ਦੁੱਖ ਤੇ ਸਦਮੇ ਨਾਲ ਨਿਢਾਲ ਹੋ ਕੇ ਡਿੱਗ ਕੇ ਮਰ ਗਈ-ਮਹਾਰਾਜਾ ਕਪੂਰਥਲੇ ਦੀ ਲਾਡਲੀ ਸਾਵੀ ਘੋੜੀ ਦੀ ਸੋਹਣੀ ਵਛੇਰੀ। ਜਿਹੜੀ ਤੂੰ ਕਿੰਨੀਆਂ ਸੱਧਰਾਂ ਤੇ ਆਸਾਂ ਨਾਲ ਲਈ ਸੀ। ਪਰ ਤੇਰੇ ਮੱਥੇ ਤੇ ਵੱਟ ਤੇ ਕੀ , ਕਿਸੇ ਵੀ ਉਫ਼ ਨਾ ਕੀਤੀ ਸਿਵਾਏ ਅੱਬਾ ਜੀ ਦੇ ਕਿ ਜਦੋਂ ਉਹਨਾਂ ਸੁਣਿਆਂ, ਮੈਨੂੰ

ਵੀ ਗੁੱਸੇ ਹੋਏ ਤੇ ਤੈਨੂੰ ਵੀ। ਪਰ ਤੂੰ ਹੱਸ ਛੱਡਿਆ।

ਚਾਚਾ ਅੱਜ ਮੈਂ ਬਾਲਗ਼ ਆਂ। ਸਿਆਣਾ ਵਾਂ। ਪੱਥਰ ਵਾਂਗੂੰ ਠੇਡੇ ਖਾ-ਖਾ ਕੇ ਗੋਲ ਹੋ ਗਿਆ ਆਂ। ਦੁਨੀਆਂ ਦਾ ਸਰਦ-ਗਰਮ ਵੇਖਿਆ ਤੇ ਉਹਨਾਂ ਦੇ ਵਸਨੀਕਾਂ ਨੂੰ ਵੇਖਣ, ਪਰਖਣ ਤੇ ਸਮਝਣ ਦੀ ਕੋਸ਼ਿਸ਼ ਵੀ ਕੀਤੀ ਏ। ਅੱਜ ਉਹ ਖ਼੍ਵਾਬਾਂ ਦੀਆਂ ਗੱਲਾਂ ਲੱਗਦੀਆਂ ਨੇ, ਗਵਾਚੇ ਹੋਏ ਖ਼੍ਵਾਬ। ਕਿੱਡਾ ਬਦਕਿਸਮਤ ਹੁੰਦਾ ਏ ਉਹ ਬੰਦਾ, ਜਿਸ ਦੇ ਖ਼੍ਵਾਬ ਗਵਾਚ ਜਾਣ। ਅੱਜ ਸੋਚਨਾਂ ਆਂ, ਚਾਚਾ ਅਜੇ ਤੂੰ ਤੇ ਮੇਰੇ ਪਿਉ ਦਾ ਮੂੰਹ ਬੋਲਿਆ ਭਰਾ ਸੈਂ, ਤੂੰ ਤੇ ਉਹਦੇ ਨਾਲ ਪੱਗ ਵਟਾਈ ਸੀ। ਤੂੰ, ਉਹਦਾ ਸਕਾ ਭਰਾ ਤੇ ਨਹੀਂ ਸੈਂ। ਪਰ ਜਿੰਨ੍ਹਾਂ ਪਿਆਰ ਤੂੰ ਮੈਨੂੰ ਦਿੱਤਾ, ਓਨਾ ਤੇ ਮੇਰੇ ਸਕੇ ਚਾਚੇ ਵੀ ਨਹੀਂ ਦਿੱਤਾ। ਲਹੂ ਤੇ ਲਹੂ ਦੀ ਸਾਂਝ ਈ ਬੜੀ ਹੁੰਦੀ ਏ, ਜਿਵੇਂ ਭੁੱਖ ਦੀ ਤੇ ਭੁੱਖ ਦੀ ਬੜੀ ਸਾਂਝ ਹੁੰਦੀ ਏ। ਪਰ ਫੇਰ ਵੀ ਮੈਨੂੰ ਸਕਿਆਂ ਨਾਲੋਂ ਪਿਆਰਾ ਕਿਉਂ ਸੈਂ? ਮੈਂ ਤੈਨੂੰ, ਤੇਰੇ ਪਾਲੇ ਨਾਲੋਂ ਬਹੁਤਾ ਪਿਆਰਾ, ਬਹੁਤਾ ਲਾਡਲਾ ਤੇ ਬਹੁਤਾ ਨੇੜੇ ਕਿਉਂ ਸਾਂ?

ਫੇਰ ਉਹ ਅਨ੍ਹੇਰੀ ਚੜ੍ਹੀ ਤੇ ਹੋਣੀ ਜ਼ਮੀਨ ਤੇ ਆ ਕੇ ਇਨਸਾਨ ਦੇ ਰੂਪ ਵਿਚ ਬਹਿ ਗਈ। ਰਾਵੀ ਤੇ ਬਸੰਤਰ ਹੜ੍ਹ ਨਾਲ ਗ਼ਜ਼ਬਨਾਕ ਹੋਏ ਤੇ ਛੱਲਾਂ ਵਿਚ ਝੱਗ ਨਾਲ ਭਰੇ ਮੂੰਹ ਲੈ ਕੇ ਅੰਦਰੋਂ ਬਾਹਰ ਨਿਕਲ ਆਈਆਂ। ਚਾਰ-ਚੁਫ਼ੇਰੇ ਲੱਕ-ਲੱਕ ਪਾਣੀ ਏ। ਤੂੰ ਭਰੀ ਹਵੇਲੀ ਤੇ ਭਰੇ ਘਰ ਵਿੱਚੋਂ, ਬੱਸ ਦੋ ਚਾਰ ਸ਼ੈਵਾਂ ਲਈਆਂ ਤੇ ਮੇਰੇ ਚਾਚੇ-ਤਾਏ ਤੇ ਪਿਓ ਓਸ ਗੱਡੇ ਨੂੰ ਬਰਛੀਆਂ, ਛੱਵੀਆਂ ਤੇ ਬੰਦੂਕਾਂ ਦੇ ਪਹਿਰੇ ਵਿਚ ਲੈ ਕੇ ਟੁਰ ਪਏ। ਗੱਡੇ ਤੇ ਚਾਚੀ, ਪਾਲਾ, ਭੈਣ, ਤੂੰ ਤੇ ਰੱਤੂ ਸਉ ਤੇ ਤੁਹਾਡੇ ਆਲੇ-ਦੁਆਲੇ, ਤੁਹਾਡੀ ਹਿਫ਼ਾਜ਼ਤ ਲਈ ਅਸੀਂ ਡੇਰੇ ਦੇ ਪੁਲ ਤੀਕਰ ਗਏ। ਤੁਸੀਂ ਵੀ ਰੋ-ਰੋ ਕੇ ਨਿਢਾਲ ਹੋ ਗਏ ਤੇ ਤੁਹਾਨੂੰ ਛੱਡਣ ਜਾਣ ਵੇਲੇ ਵੀ। ਰਾਹ ਵਿਚ ਲੁੱਟ-ਮਾਰ, ਕਤਲੋ-ਗਾਰਤ, ਹਮਲੇ ਤੇ ਹੋਰ ਕੀ-ਕੀ ਬਲਾਵਾਂ ਤੇ ਪੁਲ ਉੱਤੇ ਜਾ ਕੇ ਜਦੋਂ ਮੇਰੇ ਪਿਓ ਤੇ ਤੂੰ ਜੱਫ਼ੀ ਮਾਰੀ ਤੇ ਤੁਸਾਂ ਦੋਹਾਂ ਈ ਢਾਹੀਆਂ ਮਾਰੀਆਂ, ਤੁਹਾਨੂੰ ਡੇਰੇ ਵਾਲੇ ਪੁਲ ਤੋਂ ਲੰਘਦਿਆਂ ਜਾਂਦਿਆਂ ਤੇ ਪਰਤ-ਪਰਤ ਕੇ ਵੇਖਦਿਆਂ ਨੂੰ, ਵੇਖ-ਵੇਖ ਕੇ ਮੇਰਾ ਪਿਉ, ਕਿਵੇਂ ਬਾਲਾਂ ਵਾਂਗੂੰ ਢਾਹਾਂ ਮਾਰਦਾ ਰਿਹਾ। ਤੁਸੀ ਅਗਾਂਹ ਲੰਘ ਕੇ ਖ਼ਲਕਤ ਦੇ ਹੜ੍ਹ ਵਿਚ ਗਵਾਚ ਗਏ, ਪਰ ਅਸੀਂ ਸ਼ਾਮ ਤੀਕਰ ਕਿਉਂ ਪੁਲ ਤੇ ਰੋਂਦੇ ਰਹੇ। ਤੇ ਅਖ਼ੀਰ ਤੁਹਾਨੂੰ ਗਵਾ ਕੇ, ਆਪਣੇ ਤੇ ਤੁਹਾਡੇ ਉਜੜਿਆਂ ਘਰਾਂ ਵਿਚ ਪਰਤ ਕੇ ਆ ਗਏ। ਓਦੋਂ ਮੈਂ ਅੱਠਾਂ ਵਰ੍ਹਿਆਂ ਦਾ ਸਾਂ ਤੇ ਹੁਣ ਅਠੱਤੀਆਂ ਵਰ੍ਹਿਆਂ ਦਾ, ਪਰ ਮੈਂ ਔਖੇ ਤੋਂ ਔਖੇ ਵੇਲੇ ਵੀ ਆਪਣੇ ਪਿਓ ਨੂੰ ਰੋਂਦਿਆਂ ਨਹੀਂ ਵੇਖਿਆ, ਸਿਵਾਏ ਓਸ ਦਿਨ ਦੇ। ਹੁਣ ਤਾਂ ਬੱਸ, ਤੇਰਾ ਨਾਂ, ਤੇ ਓਹਦੀਆਂ ਅੱਖਾਂ ਭਿੱਜ ਜਾਂਦੀਆਂ ਨੇ।

ਤੇ ਅੱਜ ਮੁਕੇਰੀਆਂ ਦੇ ਕਿਸੇ ਪਿੰਡ ਵਿਚ ਸ਼ਰਨਾਰਥੀ ਟਹਿਲ ਸਿੰਘ ਖੌਰੇ ਕਿੱਡਾ ਕੁ ਖ਼ੁਸ਼ ਏ? ਤੇ ਖੌਰੇ ਹੁਣ ਪਾਲਾ ਸਿੰਘ ਮੇਰੇ ਵਾਂਗੂੰ ਅੱਧੇ ਧੌਲਿਆਂ ਵਾਲੇ ਸਿਰ ਤੇ ਆਪਣੀਆਂ ਰੌਸ਼ਨ ਬਦਾਮੀ ਅੱਖਾਂ ਵਿਚ ਕੋਈ ਖ਼੍ਵਾਬ ਰੱਖਦਾ ਏ ਕਿ ਨਹੀਂ?

ਚਾਚਾ ਟਹਿਲ ਸਿੰਘ ਆਖਦਾ ਹੁੰਦਾ ਸੀ, "ਅਸੀਂ ਸਾਰੇ ਈ ਕਹਾਣੀਆਂ ਆਂ, ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ।" ਤੇ ਚਾਚਾ ਵੇਖ ਲੈ ਮੈਨੂੰ ਤੇਰੀ ਕਹਾਣੀ ਯਾਦ ਏ, ਤੇ ਮੈਂ ਏਹਨੂੰ ਕਿਸੇ ਦਿਨ ਲਿਖਾਂਗਾ ਵੀ। ਅੱਜ ਤੇ ਮੇਰੇ ਚਾਰ-ਚੁਫ਼ੇਰੇ ਕਹਾਣੀਆਂ 'ਕੱਠੀਆਂ ਹੋ ਕੇ ਘੇਰਾ ਪਾ ਕੇ ਖਲੋਤੀਆਂ ਨੇ, ਚਾਰ-ਚੁਫ਼ੇਰੇ ਕਿਆਮਤ ਵਾਲਾ ਸ਼ੋਰ ਏ.......

ਮੇਰੀਆਂ ਕਹਾਣੀਆਂ ਲਹੂ-ਲੁਹਾਣ ਨੇ। ਉਹਨਾਂ ਦੇ ਸਿਰ ਨੰਗੇ, ਵਾਲ ਖਿੱਲਰੇ ਤੇ ਪਿੰਡੇ ਜ਼ਖ਼ਮੀ ਨੇ। ਮੇਰਿਆਂ ਹੱਥਾਂ ਵਿਚ ਟੁੱਟਾ ਹੋਇਆ ਕਲਮ, ਤੇ ਟੁੱਟਾ ਹੋਇਆ ਠੂਠਾ ਏ, ਜਿਹਦੇ ਵਿਚ ਮੈਂ ਆਪਣੀਆਂ ਕਹਾਣੀਆਂ ਲਈ ਖ਼ੁਸ਼ੀਆਂ ਲੈਣ ਘਰੋਂ ਨਿਕਲਿਆ ਸਾਂ। ਮੇਰੀਆਂ ਅੱਖਾਂ ਵਿਚ ਏਨੇ ਅੱਥਰੂ ਨੇ, ਕਿ ਮੈਂ ਆਪਣਾ ਰਾਹ ਵੀ ਨਹੀਂ ਵੇਖ ਸਕਦਾ। ਮੇਰਾ ਆਪਣਾ ਹਾਲ ਵੀ ਮੇਰੀਆਂ ਆਪਣੀਆਂ ਕਹਾਣੀਆਂ ਵਾਲਾ ਏ। ਤੇ ਮੈਂ ਸੋਚਨਾਂ ਆਂ। ਮੈਂ ਕਿਵੇਂ ਕਹਾਣੀ ਲਿਖਾਂ?

---

ਮੌਤ ਨੂੰ ਮਖੌਲਾਂ ਕਰਨ,
ਬੇਪਰਵਾਹ, ਇਹ ਜਵਾਨ ਪੰਜਾਬ ਦੇ।
ਟੈਂ ਨਾ ਮੰਨਣ ਕਿਸੇ ਦੀ,
ਖੜ੍ਹ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ।
-ਪ੍ਰੋ: ਪੂਰਨ ਸਿੰਘ-

11

# ਇਕ ਕਿਰਚ ਦੀ ਕਹਾਣੀ

## ਅਫ਼ਜ਼ਲ ਤੌਸੀਫ਼

ਬੀਤੇ ਵਰ੍ਹੇ, ਏਨ੍ਹਾਂ ਹੀ ਦਿਨਾਂ ਦੀ ਹੀ ਗੱਲ ਏ ਕਿ ਉਹ ਮੇਰੇ ਬੁੱਢੇ ਤਾਏ ਨੂੰ ਸ਼ਹਿਰ ਚੁੱਕ ਲਿਆਏ। ਜਿਨ੍ਹੇ ........ ਇਨ੍ਹਾਂ ਸਾਰਿਆਂ ਨੂੰ ਜਨਮ ਦਿੱਤਾ ਸੀ, ਤੇ ਰਿਜ਼ਕ ਦਿੱਤਾ ਸੀ। ਸ਼ਹਿਰ ਨੂੰ ਵੀ ਤੇ , ਸ਼ਹਿਰ ਵਾਲਿਆਂ ਨੂੰ ਵੀ। ਉਹ ਹੈ ਕੌਣ? ਤਾਏ ਦੀ ਆਪਣੀ ਆਲ-ਔਲਾਦ ਤੋਂ ਸਿਵਾਇ ਹੋਰ ਕੋਈ ਨਹੀਂ। ਉਨ੍ਹਾਂ ਨੂੰ ਇਹ ਸਭ ਕਰਨਾ ਪਿਆ। ਉਹ ਵੀ ਬੇਵੱਸ ਸਨ, ਕਰਦੇ ਵੀ ਕੀ! ਤਾਇਆ ਉੱਥੇ ਪਿੰਡ ਵਿਚ ਬਿਲਕੁਲ 'ਕੱਲਾ ਰਹਿ ਗਿਆ ਸੀ। ਘਰ ਦੇ ਸਾਰੇ ਪੰਛੀ, ਸ਼ਹਿਰ ਨੂੰ ਉਡਾਰੀ, ਮਾਰ ਚੁੱਕੇ ਸਨ। ਤੇ ਤਾਇਆ ਉੱਥੇ, ਪਿੰਡ ਵਿਚ ਰਹਿੰਦਾ ਸੀ। ਆਪਣੇ ਪੁਰਾਣੇ ਕੱਚੇ ਘਰ ਵਿਚ, ਨਵੀਆਂ-ਪੁਰਾਣੀਆਂ ਯਾਦਾਂ ਦੇ ਸੰਗ। ਉਂਜ ਤਾਂ ਪਿੰਡ ਅਜੇ ਖ਼ਾਲੀ ਸੀ, ਕੁਝ ਨਵੇਂ-ਪੁਰਾਣੇ ਲੋਕ ਸਨ ਉੱਥੇ, ਪਰ ਆਪਣਾ ਕੋਈ ਨਹੀਂ ਸੀ। ਕੁਝ ਮਰ ਗਏ, ਕੁਝ 'ਕਮਾਈਆਂ ਕਰਨ ਚਲੇ ਗਏ, ਤੇ ਕੁਝ ਕਮਾਣ ਵਾਲਿਆਂ ਦੇ ਪਿੱਛੇ ਨਿਕਲ ਗਏ। ਤੇ ਇਥੇ ਸ਼ਹਿਰ ਵਿਚ ਪੁੱਤਰ-ਨੂੰਹ, ਪੋਤਰੇ-ਪੋਤਰੀਆਂ ਸਾਰੇ ਸਨ, ਆਪਣੇ ਪੱਕੇ ਫਰਸ਼ ਵਾਲੇ ਮਕਾਨ ਵਿਚ, ਜੋ ਪੱਕੀ ਗਲੀ ਵਿਚ ਪੱਕੀ ਸੜਕ ਤੇ ਬਣਿਆ ਹੋਇਆ ਸੀ।

ਤਾਏ ਨੇ ਇਥੇ, ਆ ਕੇ ਬੜਾ ਵਾ-ਵੇਲਾ ਕੀਤਾ, ਆਪਣੇ ਪਿੰਡ ਨੂੰ ਚੇਤੇ ਕੀਤਾ। ਆਪਣੀ ਬੇਜ਼ਾਰੀ ਬਾਰ-ਬਾਰ ਦੱਸੀ -- 'ਕਿਉਂ ਮੇਰੀ ਮਿੱਟੀ ਖ਼ਰਾਬ ਕਰਦੇ ਓ!' ਭਰੀਆਂ ਅੱਖਾਂ ਨਾਲ ਤਾਏ ਨੇ ਕਿਹਾ। ਕਦੇ ਗੰਭੀਰ ਤੇ ਕਦੇ ਗੱਲੇ-ਗੱਲੇ ਤਕਾਜ਼ਾ ਕੀਤਾ--'ਮੇਰਾ ਆਖਰੀ ਫ਼ੇਰਾ ਏ, ਮੈਨੂੰ ਛੱਡ ਆਓ, ਓਥੇ। ਮੈਂ ਆਪਣੇ ਘਰ ਵਿਚ ਰਵ੍ਹਾਂਗਾ। ਅੰਤ ਸਮੇਂ ਮੈਨੂੰ ਉਥੇ ਹੋਣਾ ਚਾਹੀਦਾ ਏ' -- 'ਪਰ ਅੱਬਾ ਜੀ! ਏਹ ਵੀ ਤੁਹਾਡਾ ਘਰ-ਏ', ਨੂੰਹ ਨੇ ਬੜੀ ਕੂਲੀ ਆਵਾਜ਼ ਵਿਚ ਕਿਹਾ। 'ਦੱਸੋ! ਏਥੇ ਤੁਹਾਨੂੰ ਕੀ ਤਕਲੀਫ਼ ਏ? ਅਸੀਂ ਸਾਰੇ ਤੁਹਾਡੇ ਕੋਲ ਹਾਂ। ਸਾਡੇ ਕੋਲ ਵੀ ਕੁਝ ਦਿਹਾੜੇ ਰਵ੍ਹੋ!'

--'ਇੱਥੇ ਤਕਲੀਫ਼.......ਇਕ ਤਾਂ ਇਹ ਪੱਕਾ ਫ਼ਰਸ਼'-- ਤਾਏ ਚਿਪਸ ਵਾਲੇ ਫਰਸ਼ ਨੂੰ ਹੱਥ ਨਾਲ ਛੋਹਿਆ -- 'ਇਹ ਫ਼ਰਸ਼ ਮੇਰੇ ਪੈਰਾਂ ਨੂੰ ਬੜਾ ਠੰਢਾ ਤੇ ਸਖ਼ਤ ਲਗਦਾ ਏ' -- ਨੂੰਹ ਹੱਸ ਪਈ 'ਤੁਸੀਂ ਜੁੱਤੀ ਪਾ ਕੇ ਨਹੀਂ ਰੱਖਦੇ ਨਾ!'

'ਲੈ ਦੱਸ ਝੱਲੀ -- ਬਾਹਰ ਦੀ ਜੁੱਤੀ ਘਰ ਦੇ ਅੰਦਰ ਸਾਡੀਆਂ ਪੁਸ਼ਤਾਂ ਵਿਚ ਕਿਸੇ ਨੇ ਨਹੀਂ ਪਾਈ' - - ਇਹ ਸ਼ਾਇਦ ਪੁਸ਼ਤਾਂ ਦੀ ਤਹਿਜ਼ੀਬ ਸੀ, ਜੁੱਤੀ ਮੁਹਾਠਾਂ ਤੇ ਲਾਹ ਕੇ ਅੰਦਰ ਆਉਣ ਦੀ । ਹੁਣ ਤਾਏ ਤੇ ਆ ਕੇ ਰੁਕ ਗਈ ਸੀ। ਦੂਜੇ ਦਿਨ ਨੂੰਹ ਨੇ ਸੌਹਰੇ ਦੇ ਮਸਲੇ ਦਾ ਹੱਲ ਬਜ਼ਾਰੋਂ ਖ਼ਰੀਦ ਲਿਆ। ਸਲੀਪਰ ਲਿਆ ਕੇ ਤਾਏ ਦੇ ਅੱਗੇ ਰੱਖੇ -- 'ਹੁਣ ਏਹ ਪਾਇਆ ਕਰੋ ਅੱਬਾ ਜੀ! ਬੜੇ ਹਲਕੇ ਨੇ, ਤੇ ਨਰਮ ਵੀ। ਦੇਖੋ! ਅੰਦਰ ਫ਼ਲਾਲੈਨ ਦਾ ਅਸਤਰ ਲੱਗਾ ਹੋਇਆ ਏ।'

-- 'ਨਹੀਂ!' ਤਾਏ ਨੇ ਰੈਕਸਿਨ ਦੇ ਸਲੀਪਰ ਪਰ੍ਹਾਂ ਹਟਾ ਦਿੱਤੇ। ਕਿਹਾ -- 'ਮੈਨੂੰ ਸਿਰਫ਼ ਚਮਾਰਾ-ਜੁੱਤੀ ਹੀ ਠੀਕ ਰਹਿੰਦੀ ਏ।' -- ਨੂੰਹ ਨੇ ਕਿਹਾ -- 'ਚੰਗਾ! ਪਿੰਡ ਜਾ ਕੇ ਚਮਾਰਾ-ਜੁੱਤੀ ਬਣਵਾ ਲਿਔਨੇ ਆਂ।'

---'ਜੁੱਤੀ ਕੀ ਬਨਵਾਣੀ ਏਂ, ਤੁਸੀਂ ਮੈਨੂੰ ਓਥੇ ਜਾਣ ਦਿਉ! ਕਈ ਹੋਰ ਤਕਲੀਫ਼ਾਂ ਵੀ ਹੈਗੀਆਂ ਏਥੇ ਮੈਨੂੰ।'

-- 'ਹੋਰ ਤਕਲੀਫ਼ਾਂ?'

-- 'ਇਕ ਤਾਂ ਏਥੇ ਮਸੀਤ ਕੋਈ ਨਹੀਂ। ਬੜੀ ਤੰਗੀ ਏ।'

ਤਾਏ ਦਾ ਪੁੱਤਰ ਹੈਰਾਨ ਹੋ ਕੇ ਹੱਸ ਪਿਆ -- 'ਮਸਜਿਦਾਂ ਤਾਂ ਆਪਣੀ ਗਲੀ ਵਿਚ ਚਾਰ ਨੇ, ਸੁੰਨੀ, ਵਹਾਬੀ, ਸ਼ੀਆ, ਅਹਿਲੇ-ਹਦੀਸ -- ਚਾਰ-ਚਾਰ ਲਾਊਡ ਸਪੀਕਰ ਲੱਗੇ ਨੇ। ਤੁਸੀਂ ਚਾਹੋ, ਤਾਂ ਘਰ ਬੈਠੇ ਸਾਰਾ ਦਿਨ ਵਾਅਜ਼ ਸੁਣ ਸਕਦੇ ਓ। ਅਸੀਂ ਤਾਂ ਰਹਿੰਦੇ ਹੀ ਮਸਜਿਦਾਂ ਦੇ ਸਾਏ ਵਿਚ ਹਾਂ।' ਤਾਏ ਦੇ ਬੇਟੇ ਹੱਸਦਾ ਜਿਹਾ ਲਹਿਜ਼ਾ ਅਖ਼ਤਿਆਰ ਕਰ ਕੇ, ਬਾਪ ਦੀ ਬੇ-ਮਾਅਨੀ ਦਲੀਲ ਨੂੰ ਰੱਦ ਕਰ ਦਿੱਤਾ। ਪਰ ਤਾਏ ਨੇ ਬੇਟੇ ਦੀ ਗੱਲ ਨੂੰ ਇਕਦਮ ਛਿਣਕ ਦਿੱਤਾ, ਏਹ ਕਹਿ ਕੇ -- 'ਕਿ ਤੈਨੂੰ ਪਤਾ ਏ ਬਰਖ਼ੁਰਦਾਰ! ਕਿ ਏਥੇ ਦੇ ਮੌਲਵੀ ਵਾਅਜ਼ ਕਰਨਾ ਨਹੀਂ ਜਾਣਦੇ..........'

-- 'ਕੀ ਮਤਲਬ ਏ, ਮੌਲਵੀ ਵਾਅਜ਼ ਕਰਨਾ ਨਹੀਂ ਜਾਣਦੇ?' ਨੂੰਹ ਨੇ ਪੁੱਛਿਆ।

-- 'ਆਹੋ ਕਾਕੀ!' ਤਾਏ ਨੇ ਉਹਨੂੰ ਨਰਮ ਲਹਿਜ਼ੇ ਵਿਚ ਸਮਝਾਣਾ ਸ਼ੁਰੂ ਕੀਤਾ -- 'ਮੈਂ ਠੀਕ ਕਹਿੰਦਾ ਹਾਂ। ਇਕ ਤਾਂ ਏਹ, ਕੜਕਵੀਂ 'ਵਾਜ਼ ਵਿਚ ਬੋਲਦੇ ਨੇ। ਇਸਲਾਮ ਵਿਚ ਕੜਕੇ ਦਾ ਬੋਲਣਾ ਮਨ੍ਹਾਂ ਏ। ਤੇ ਫੇਰ ਸਾਰੀਆਂ ਗੱਲਾਂ ਗ਼ਲਤ-ਮਲਤ ਕਹਿੰਦੇ ਨੇ। ਸਰਕਾਰ ਦੇ ਮੁਲਾਜ਼ਮ ਨੇ। ਇਨ੍ਹਾਂ ਦਾ ਆਪਣਾ ਈਮਾਨ ਤਾਂ ਬਹੁਤ ਈ ਮਾੜਾ ਏ। ਦੂਜਿਆਂ ਨੂੰ ਆਪਣੇ ਵਾਅਜ਼ ਨਾਲ ਠੰਢ ਨਹੀਂ ਪਾਂਦੇ, ਅੱਗ ਲਾਂਦੇ ਨੇ। ਮੈਂ ਤਾਂ ਏਹਨਾਂ ਦੇ ਪਿੱਛੇ ਨਮਾਜ਼ ਨਹੀਂ ਪੜ੍ਹ ਸਕਦਾ। ਦਿਲ ਹੋਰ, ਮੂੰਹ ਹੋਰ, ਬੇਦੀਨ ਕਿਤੋਂ ਦੇ। ਐਵੇਂ ਮਸਜਿਦਾਂ ਮੱਲ ਕੇ ਬੈਠੇ ਹੋਏ ਨੇ.........'

-- 'ਚੱਲੋ ਛੱਡੋ! ਤੁਸੀਂ ਘਰ ਵਿਚ ਨਮਾਜ਼ ਪੜ੍ਹ ਲਿਆ ਕਰੋ!' ਮਸਲੇ ਦਾ ਸੌਖਾ ਜਿਹਾ ਹੱਲ ਢੂੰਡਿਆ ਗਿਆ।

-- 'ਨਾ, ਨਾ, ਇਹ ਪੱਕਾ-ਪੱਕਾ ਫਰਸ਼! ਵੇਖੋ ਮੇਰੇ ਗੋਡੇ ਨੀਲੇ ਪੈ ਗਏ ਨੇ। ਦੇਖੋ! ਤੁਸੀਂ ਸਾਰੇ ਮਿਲ ਕੇ ਮੇਰੀ ਆਖ਼ਰਤ ਖ਼ਰਾਬ ਕਰਨਾ ਚਾਹੁੰਦੇ ਹੋ, ਮੈਨੂੰ ਪਿੰਡ

ਜਾਣੋਂ ਰੋਕਦੇ ਹੋ?' ਇਹ ਛੋਟਾ ਜਿਹਾ ਕਰਾਈਸਿਸ ਜਦੋਂ ਦਿਨਾਂ ਤੇ ਫੈਲ ਗਿਆ, ਤਾਂ ਉਦੋਂ ਤਾਏ ਦੀ ਨੂੰਹ ਨੇ ਮੈਨੂੰ ਮੱਦਦ ਲਈ ਬੁਲਾਇਆ। ਮੈਂ ਬਚਪਨ ਤੋਂ ਤਾਏ ਦੀ ਲਾਡਲੀ ਭਤੀਜੀ ਸਾਂ, ਮਕਤੂਲ ਭਰਾ ਦੀ ਬੇਟੀ। ਮੇਰੇ ਵਾਲਦ, ਤਾਏ ਦੀਆਂ ਨਜ਼ਰਾਂ ਵਿਚ ਸ਼ਹੀਦ ਦਾ ਦਰਜਾ ਪਾ ਗਏ ਸਨ -- ਉਹ, ਤੇ ਹੋਰ ਸਾਰੇ ਲੋਕ, ਜੋ ਪਾਕਿਸਤਾਨ ਦੇ ਨਾਂ ਤੇ ਹਲਾਕ ਕੀਤੇ ਗਏ, ਸਾਰਾ ਪਿੰਡ ਤੇ ਕੁਨਬਾ -- ਪੂਰਾ ਘਰ, ਉੱਥੇ ਸਰਹੰਦ ਨਹਿਰ ਦੇ ਕੰਢੇ, ਉਨ੍ਹਾਂ ਦਾ ਲਹੂ ਡੁੱਲ੍ਹਦਾ ਰਿਹਾ। ਤੇ ਜਿਸਮ ਦੇ ਹਿੱਸੇ ਵੀ। ਓਥੇ ਹੀ ਉਨ੍ਹਾਂ ਦੀਆਂ ਅੱਖਾਂ ਗੁਆਚ ਗਈਆਂ, ਨਾਲ ਔਰਤਾਂ ਤੇ ਬੱਚੇ ਵੀ। ਦਰਿੰਦਿਆਂ ਨੇ ਕੀ ਨਹੀਂ ਕੀਤਾ! ਤਾਇਆ ਲੜਦਾ ਰਿਹਾ। ਖ਼ੌਰੇ ਕਿਹਨੂੰ-ਕਿਹਨੂੰ ਬਚਾਂਦਾ ਰਿਹਾ। ਖ਼ਾਲੀ ਹੱਥੀਂ, ਹਥਿਆਰਾਂ ਨਾਲ ਨਿੱਬੜਦਿਆਂ, ਉਹਦੀ ਆਪਣੀ ਬਾਂਹ ਵੱਢੀ ਗਈ ਸੀ ਤੇ ਉੱਥੇ ਡਿੱਗ ਪਈ। ਉਂਜ ਤਾਂ ਕਈ ਬਾਂਹਵਾਂ ਵੱਢੀਆਂ ਗਈਆਂ। ਭਰਾ-ਭਰਾ ਨੂੰ, ਪੰਜਾਬ ਵਾਲੇ ਬਾਂਹਵਾਂ ਮੰਨਦੇ ਨੇ। ਤਾਏ ਦੀਆਂ ਛੇ ਬਾਂਹਵਾਂ ਹੋਰ ਸਨ -- ਕੜੀ ਵਰਗੀਆਂ ਜਵਾਨ, ਇਕੋ ਵੇਹੜੇ ਦੇ ਬੂਟੇ, ਸਾਂਝੀ ਜ਼ਮੀਨ ਦੇ ਮਾਲਕ, ਸਾਂਝੀ ਕਮਾਈ ਲਿਔਂਦੇ। ਕਿੰਨੀਆਂ ਹੀ ਮੱਝਾਂ ਦੁੱਧ ਦੇ ਗੜਵੇ, ਲੱਸੀ ਦੇ ਛੰਨੇ, ਮੱਖਣ ਦੇ ਪੇੜੇ, ਤੇ ਵੇਹੜਾ ਭਰ ਸੋਹਣੇ ਗੋਭਲੇ ਬੱਚੇ। ਪਰ ਤਾਇਆ ਤਾਂ ਲਾਸ਼ਾਂ ਦੇ ਢੇਰ ਤੋਂ ਉੱਠ ਕੇ ਪਾਕਿਸਤਾਨ ਆ ਗਿਆ ਸੀ।

-- 'ਕਿਸ ਤਰ੍ਹਾਂ? ਕੀ ਹੋਇਆ ਸੀ?' ਮੈਂ ਜਦੋਂ ਵੀ ਮਿਲਾਂ ਪੁੱਛਦੀ ਹਾਂ, ਪਰ ਤਾਇਆ ਕਦੇ ਤਫ਼ਸੀਲ ਨਹੀਂ ਸੁਣਾਂਦਾ। 'ਬਸ ਪੁੱਤਰ ਆ ਗਏ ਸਾਂ, ਆਈ ਦੇ ਅੱਗੇ ਹੋਰ ਕੀ ਹੋਣਾ ਸੀ। ਇਹ ਵੀ ਚੰਗਾ, ਤੇਰੀ ਮਾਂ ਤੈਨੂੰ ਤੇਰੇ ਨਾਨਕੇ ਲੈ ਕੇ ਗਈ ਹੋਈ ਸੀ, ਨਹੀਂ ਤਾਂ ਤੂੰ ਵੀ ...........' ਤੇ ਤਾਏ ਦਾ ਪਿੰਡਾ ਕੰਬਣ ਲੱਗ ਪੈਂਦਾ। ਮੈਨੂੰ ਤੇ ਪਤਾ ਏ ਤਾਇਆ । ਕਿਉਂ ਤੂੰ ਏਸ ਹੋਣੀ ਦੀ ਤਫ਼ਸੀਲ ਨਹੀਂ ਸੁਣਾਂਦਾ। ਉਹਨੂੰ ਆਪਣੀਆਂ ਕਈ ਭਤੀਜੀਆਂ, ਭੈਣਾਂ ਤੇ ਭਾਬੀਆਂ ਯਾਦ ਔਂਦੀਆਂ ਨੇ। ਜੋ ਨਹਿਰ ਸਰਹੰਦ ਵਿਚ ਡੁੱਬ ਗਈਆਂ ਸਨ। ਉਹ ਆਪਣੀ ਕਹਾਣੀ ਉਥੋਂ ਸ਼ੁਰੂ ਕਰਦਾ ਏ -- ਜਿੱਥੇ ਉਹ ਲਾਹੌਰ ਵਿਚ ਕਿਸੇ ਥਾਂ ਆਪਣੀ ਕੱਟੀ ਹੋਈ ਬਾਂਹ ਲਈ, ਬੈਠਾ ਸੀ, ਤੇ ਆਪਣੇ ਆਪ ਨੂੰ ਕਹਿੰਦਾ ਸੀ -- ਹੁਣ ਕੀ ਜੀਊਣਾ! ਮਨਾਂ ਕਾਹਦੇ ਲਈ! ਮੇਰਾ ਕੀ ਏ! ਏਸ ਜੱਗ ਵਿਚ! ਸਾਂਝ ਤਾਂ ਮੁੱਕ ਗਈ।

ਫ਼ੇਰ ਇਕ ਦਿਨ ਉਹਨੇ ਸੁਣਿਆ, ਕੈਂਪ ਦੇ ਲਾਊਡ ਸਪੀਕਰ ਤੇ ਉਹਦੇ ਪਿੰਡ ਦਾ ਨਾਂ ਲਿਆ ਜਾ ਰਿਹਾ ਸੀ ਕਿ ਉਥੋਂ ਕੁਝ ਬੱਚੇ ਆਂਦੇ ਗਏ ਸਨ, ਬੱਚੇ ਜੋ ਕਿਸੇ ਤਰ੍ਹਾਂ ਬਚ ਗਏ ਸਨ। ਇਨ੍ਹਾਂ ਬੱਚਿਆਂ ਦਾ ਕੋਈ ਵਾਲੀ-ਵਾਰਸ ਜੇ ਕਿਤੇ ਸੁਣ ਰਿਹਾ ਹੋਵੇ -- ਪਤਾ ਨਹੀਂ ਕਿੱਡੀਆਂ ਵੱਡੀਆਂ-ਵੱਡੀਆਂ ਛਲਾਂਗਾਂ ਲਾਂਦਾ, ਉਹ ਜ਼ਖ਼ਮੀ, ਪਨਾਹਗੀਰ ਐਲਾਨਣ ਵਾਲੀ ਥਾਂਵੇਂ ਜਾ ਪਹੁੰਚਿਆ। ਤੇ ਇਨਸਾਨਾਂ ਦੀ ਬੇਰੰਗ ਭੀੜ ਵਿਚ ਉਹਨੇ ਆਪਣੇ ਛੋਟੇ ਕਾਕੇ ਨੂੰ ਪਛਾਣ ਲਿਆ। ਫੇਰ ਦੂਜੇ ਨੂੰ, ਤੇ ਭਤੀਜੇ ਨੂੰ। ਹੁਣ ਕੀ ਸੀ! ਇਕ ਪਲ ਵਿਚ ਦੁਨੀਆਂ ਬਦਲ ਗਈ। ਹੁਣ ਉਹ ਦੁਨੀਆਂ ਦੇ ਵਿਚ ਲੁੱਟਿਆ-ਪੁੱਟਿਆ ਪਨਾਹਗੀਰ ਨਹੀਂ ਸੀ ਰਿਹਾ, ਉਹਦੇ ਤਿੰਨ ਬੱਚੇ ਸਨ। ਜੜ੍ਹਾਂ/ਜ਼ਿੰਦਗੀ ਵਿਚ ਉਹਦਾ ਮੁਕਾਮ ਸੀ। ਜ਼ਿੰਮੇਵਾਰੀ ਸੀ। ਉਹ ਬੱਚੇ ਕੌਣ ਲਿਆਇਆ ਸੀ? ਕਿਵੇਂ ਬਚ ਗਏ ਸਨ?

ਤਾਇਆ ਦੱਸਦਾ -- 'ਬਸ ਫ਼ਰਿਸ਼ਤਾ ਸੀ, ਚੰਗਾ ਪੜ੍ਹਿਆ-ਲਿਖਿਆ ਸੀ। ਪਨਾਹਗੀਰਾਂ ਦੇ ਕਾਫ਼ਲੇ ਨਾਲ ਤੁਰਦਾ-ਤੁਰਦਾ ਆਇਆ ਸੀ। ਫੇਰ ਏਥੇ ਕੈਂਪ ਵਿਚ ਟਿਕਿਆ ਰਿਹਾ। ਵਿੱਛੜੇ ਮਿਲਾਂਦਾ ਰਿਹਾ, ਨੇਕੀਆਂ ਖੱਟਦਾ ਰਿਹਾ। ਫ਼ੇਰ ਹਿੰਦੂਆਂ-ਸਿੱਖਾਂ ਦੇ ਗੁਆਚੇ ਨਿਆਣੇ ਲੱਭਦਾ ਫਿਰਿਆ। ਫੇਰ ਉਨ੍ਹਾਂ ਦੇ ਕਾਫ਼ਲੇ ਵਿਚ ਰਲ ਕੇ ਪਿਛਾਂਹ ਮੁੜ ਗਿਆ..........'

ਤਾਏ ਦੀ ਕਹਾਣੀ ਲੰਬੀ ਏ, ਪਰ ਕਹਾਣੀ ਦਾ ਹਿੱਸਾ ਜੋ ਪਾਕਿਸਤਾਨ ਤੋਂ ਸ਼ੁਰੂ ਹੁੰਦਾ ਏ ਉਹੀ ਦਿਲ ਨਾਲ ਉਹ ਸੁਣਾਂਦਾ ਏ। ਜਿੰਨੀ ਵਾਰ ਛੇੜੋ ਉਹ ਸੁਣਾਏਗਾ। ਤੇ ਬੜੀ ਜਲਦੀ ਉਸ ਮੁਕਾਮ ਤੇ ਆ ਜਾਏਗਾ, 'ਜਦੋਂ ਕੈਂਪ ਵਿਚ ਤਿੰਨ ਬੱਚੇ ਉਹਦਾ ਛੋਟਾ ਜਿਹਾ ਟੱਬਰ ਬਣ ਗਏ। ਉਹਦੀ ਜ਼ਿੰਮੇਦਾਰੀ ਵੱਧ ਗਈ ਸੀ । ਹੁਣ ਉਹ ਕੱਟਿਆ ਰੁੱਖ ਨਹੀਂ ਸੀ, ਸਿਰ ਵਾਲਾ ਸੀ। ਖ਼ਾਨਦਾਨ ਦੀ ਜੜ੍ਹ ਬਚ ਗਈ ਸੀ। ਬੜੀ ਜਲਦੀ ਉਹਨੇ ਕੈਂਪ ਦੀ ਰੋਟੀ ਛੱਡ ਦਿੱਤੀ। ਮਜ਼ਦੂਰੀ ਸ਼ੁਰੂ ਕਰ ਦਿੱਤੀ। ਜਿਨ੍ਹਾਂ ਦੀ ਜੱਦੋ-ਪੁਸ਼ਤ ਵਿਚ ਕਿਸੇ ਬਹਿ ਕੇ ਨਾ ਖਾਧਾ ਹੋਵੇ, ਉਹ ਰੋਟੀ ਕਿਵੇਂ ਮੰਗੇ! ਪੂਰਾ ਸਾਲ ਇਹਨਾਂ ਮੈਨੂੰ ਜ਼ਮੀਨ ਨਾ ਦਿੱਤੀ ਪਰ ਮੈਂ ਆਪਣੇ ਬੱਚਿਆਂ ਨੂੰ ਰੋਟੀ ਕਮਾ ਕੇ ਖੁਆਈ।' ਤਾਏ ਦੀ ਜ਼ਿੰਦਗੀ ਵਿਚ ਇਹ ਫ਼ਖ਼ਰ ਦੀ ਗੱਲ ਸੀ, ਬੱਸ ਇਕ ਪਛਤਾਵਾ ਰਹਿ ਗਿਆ -- 'ਕਿ ਸੌਣ ਲਈ ਮੰਜੀਆਂ ਦਾ ਬੰਦੋ-ਬਸਤ ਛੇਤੀ ਨਾ ਹੋ ਸਕਿਆ। ਇਨ੍ਹਾਂ ਲੜਕਿਆਂ ਵਿਚੋਂ ਇੱਕ ਨੂੰ, ਸੁੱਤੇ ਪਏ ਨੂੰ ਸੱਪ ਨੇ ਡੱਸ ਲਿਆ। ਉਹਨਾਂ ਦਿਨਾਂ ਵਿਚ ਸੱਪ ਵੀ ਆਪ-ਮੁਹਾਰੇ ਹੋਏ ਪਏ ਸਨ। ਮੁਹਾਜਰਾਂ ਨਾਲ ਦਰਿਆਵਾਂ ਦਾ ਹੜ੍ਹ ਵੀ ਹੱਦਾਂ ਤੋੜ ਗਿਆ ਸੀ। ਪਾਣੀ ਨਾਲ ਸੱਪ ਜ਼ਮੀਨ 'ਤੇ ਆ ਗਏ ਸਨ। ਤੇ ਬਲਵਈਆਂ ਨਾਲ ਰਲ ਕੇ ਉਹ ਵੀ ਬੰਦਿਆਂ ਨੂੰ ਖਾਣ ਲੱਗੇ.............'

ਤਾਏ ਨਾਲ ਹੁਣ ਦੋ ਬੱਚੇ ਰਹਿ ਗਏ ਸਨ। ਉਹਨੂੰ ਸ਼ਹਿਰ ਤੋਂ ਡਰ ਔਣ ਲੱਗ ਪਿਆ ਸੀ। ਦੋਹਾਂ ਨੂੰ ਉਂਗਲੀ ਲਾ ਕੇ ਉਹਨੇ ਪਿੰਡ ਦਾ ਰਾਹ ਫੜਿਆ। ਉੱਥੇ ਕੱਚਾ ਕੋਠਾ ਮਿਲਿਆ, ਇਕ ਜੋੜੀ ਬੈਲ, ਕੁਝ ਭਾਂਡੇ-ਟੀਂਡੇ, ਜ਼ਿੰਦਗੀ ਦੋਵੇਂ ਸਿਰਿਉਂ ਬੱਝੀ। ਹੱਥ ਤਾਂ ਇੱਕੋ ਸੀ, ਪਰ ਤਾਏ ਨੇ ਹਲ਼ ਜੋਇਆ, ਖੇਤ ਬੀਜਿਆ, ਆਟਾ ਗੁੰਨ੍ਹਿਆਂ, ਮੱਝ ਚੋਈ, ਤੇ ਰੋਟੀ ਤੱਕ ਲਾਹੁਣ ਲੱਗਾ -

– ਇਹੀ ਸਿਲਸਲਾ ਹੁਣ ਤੱਕ ਸੀ। ਪਰ ਵਰ੍ਹਿਆਂ ਦੀ ਕਮਾਈ ਸ਼ਹਿਰ ਆ ਗਈ। ਉੱਥੇ ਪਿੰਡ, ਘਰ ਦਾ ਕੋਈ ਬੰਦਾ ਨਹੀਂ ਸੀ ਰਹਿੰਦਾ। ਮਕਾਨ ਵੀ ਇਕ ਖੋਲ੍ਹਾ ਹੋ ਗਿਆ ਸੀ। ਕਿਸੇ ਵੇਲੇ ਵੀ ਡਿੱਗ ਸਕਦਾ ਸੀ.......ਇਕ ਹੋਰ ਮੁਸ਼ਕਿਲ ਇਹ, 'ਕਿ ਬੁੱਢਾ ਤਾਇਆ ਉੱਥੇ ਰਹਿ ਕੇ ਉਸੇ ਤਰ੍ਹਾਂ ਮਿਹਨਤ ਕਰੀ ਜਾਂਦਾ ਹੈ। ਕਮਜ਼ੋਰ ਅੱਖਾਂ ਨਾਲ ਵੀ, ਉਹਨੇ ਖੇਤਾਂ ਵਿਚ ਹਰਿਆਲੀ ਜਵਾਨ ਰੱਖੀ ਏ। ਪਰ ਏਸ ਸੂਰਤ ਵਿਚ ਤਾਏ ਦਾ ਪ੍ਰੋਫ਼ੈਸਰ ਪੁੱਤਰ ਤੇ ਨੂੰਹ ਖੁਸ਼ ਨਹੀਂ ਉਹ ਆਪਣੇ ਵੱਲੋਂ ਬੜੇ ਹੱਸਾਸ-ਦਿਲ ਦੇ ਨੇ। ਇਕ ਗੁਨਾਹ ਦਾ ਅਹਿਸਾਸ ਉਹਨਾਂ ਨੂੰ ਸਤਾਂਦਾ ਏ। ਉਹ ਆਪਣੇ ਬੁਜ਼ਰਗ ਨੂੰ ਏਸ ਉਮਰ ਵਿਚ ਮੁਸ਼ੱਕਤੋਂ ਬਚਾ ਕੇ ਚਾਰ ਦਿਨ ਅਰਾਮ ਦੇ ਵੀ ਨਹੀਂ ਦੇ ਸਕਦੇ? ਤੇ ਉਹ ਜ਼ਮੀਨ ? ਉਸ ਨੂੰ ਕਾਸ਼ਤ ਕੌਣ ਕਰੇਗਾ? ਵੇਚ ਦੇਣੀ ਚਾਹੀਦੀ ਏ, ਪਰ ਇਹ ਗੱਲ ਤਾਏ ਦੇ ਇਲਮ ਵਿਚ ਨਹੀਂ। ਉਹ ਤਾਂ ਸ਼ਹਿਰ ਤੋਂ ਬੇਜ਼ਾਰ ਤੇ ਰੁੱਸਿਆ ਬੈਠਾ ਏ ਬਾਲਾਂ ਵਾਂਗ ਜ਼ਿੱਦਾਂ ਕਰ ਰਿਹਾ ਏ।'

'ਹੁਣ ਉਹਨਾਂ ਨੂੰ ਮੇਰੀ ਲੋੜ ਪਈ। ਮੈਨੂੰ ਵੀ ਆਪਣੇ ਉੱਤੇ ਕੁਝ ਜ਼ਿਆਦਾ ਇਤਬਾਰ ਤਾਂ ਨਹੀਂ ਸੀ, ਕਿ ਇਹਨਾਂ ਪੇਂਡੂਆਂ-ਵਡੇਰਿਆਂ ਦੀਆਂ ਆਦਤਾਂ ਸਮਝਦੀ ਹਾਂ, ਪਰ ਇਹ ਲੋਕ ਸ਼ਹਿਰੀ ਬਜ਼ੁਰਗਾਂ ਤੋਂ ਬਿਲਕੁਲ ਮੁਖ਼ਤਲਿਫ਼ ਹੁੰਦੇ ਨੇ। ਇਨ੍ਹਾਂ ਦਾ ਮਸਲਾ ਏਹ ਨਹੀਂ ਹੁੰਦਾ---ਕਿ ਹਿਰਸਾਂ ਕੁਝ ਪੂਰੀਆਂ ਹੋਣ, ਦੂਜਿਆਂ ਕੋਲੋਂ ਅਰਾਮ ਦੇ ਤਲਬਗਾਰ ਹੋਣ, ਕੁਝ ਆਪਣੇ ਲਈ ਮੰਗਣ, ਨਹੀਂ। ਇਨ੍ਹਾਂ ਦਾ ਮਸਲਾ ਸਿਰਫ ਏਨਾਂ ਹੁੰਦਾ ਏ ਕਿ ਆਪਣਾ ਜ਼ਿੰਦਗੀ ਭਰ ਦਾ ਉੱਠਣ-ਬੈਠਣ ਕਾਇਮ ਰੱਖਣ। ਤੇ ਹਰ ਹਾਲ ਵਿਚ ਓਹਾੜ-ਤੋਹੜ ਕਰਦੇ ਰਹਿਣ। ਨੂੰਹ ਆ ਕੇ ਪਲੰਘ-ਪੀੜ੍ਹੇ ਉੱਤੇ ਜਮ-ਜਮ ਬੈਠੇ, ਪਰ ਹਾਂਡੀ-ਡੋਈ 'ਤੇ ਕਬਜ਼ਾ ਨਾ ਕਰੇ। ਪੁੱਤਰ ਨਿੱਤ-ਨਿੱਤ ਅਫ਼ਸਰ ਬਣੇ, ਸ਼ਹਿਰ ਵਿਚ ਰਹੇ, ਪਰ ਉਹਨਾਂ ਦੇ ਖੇਤ ਦਾ ਬੰਨਾਂ, ਉਹਨਾਂ ਕੋਲ ਆਖਰੀ ਸਾਹਵਾਂ ਤੱਕ ਰਹਿਣਾ ਚਾਹੀਦਾ ਏ। ਕੋਈ ਉਨ੍ਹਾਂ ਨੂੰ ਕੁਝ ਨਾ ਦੇਵੇ, ਇਹ ਉਹਨੂੰ ਕੁਝ ਨਹੀਂ ਕਹਿਣਗੇ, ਪਰ ਜੇ ਕੋਈ ਉਨ੍ਹਾਂ ਨੂੰ ਬਹੁਤ ਕੁਝ ਦੇਣਾ ਚਾਹੇ ਤਾਂ ਇਹ ਖ਼ਫ਼ਾ ਹੋ ਜਾਣਗੇ।

ਉਂਜ ਤਾਂ ਤਾਏ ਦੇ ਏਥੇ ਆ ਕੇ ਰਹਿਣ ਵਿਚ ਮੈਨੂੰ ਵੀ ਬੜੀ ਦਿਲਚਸਪੀ ਸੀ ਕਿ ਮੇਰਾ ਤਾਇਆ ਕਹਾਣੀਆਂ ਦੀ ਇਕ ਗੰਢ ਬੰਨ੍ਹੀ ਫਿਰਦਾ ਸੀ, ਤੇ ਮੈਂ ਇਕ ਇਕ-ਇਕ ਕਰ ਕੇ ਉਹ ਸੁਣਨਾ ਚਹੁੰਦੀ ਸੀ.........ਇਹੀ ਰੰਗ ਦਾ ਪੱਤਾ ਮੇਰੇ ਕੋਲ ਸੀ, ਕਿ ਤਾਏ ਨੂੰ ਵੀ ਕਹਾਣੀ ਸੁਨਾਣ ਦਾ ਬੜਾ ਝੱਸ ਸੀ।

ਮੈਂ ਹੌਲੀ ਜਿਹੀ ਤਾਏ ਨੂੰ ਚੇਤਾ ਕਰਾਇਆ -- ਇਹ ਸ਼ਹਿਰ ਉਹੀਓ ਏ, ਜਿੱਥੇ ਆ ਕੇ ਉਹ ਪਹਿਲੀ ਵਾਰ ਪਨਾਹਗੀਰ ਬਣਿਆ ਸੀ, ਤੇ ਕੈਂਪ ਵਿਚ ਉਹ ਦਿਨ.......ਇਹ ਕਹਾਣੀ ਦਾ ਮੋੜ ਸੀ, ਜਿਥੇ ਆ ਕੇ ਤਾਏ ਦਾ ਦਿਲ ਦਰਿਆ ਹੋ ਜਾਂਦਾ ਸੀ। ਇਨਸਾਨੀਅਤ ਦਾ ਖੁੱਲ੍ਹਾ ਤੇ ਡੂੰਘਾ ਦਰਿਆ...... ਤੇ ਉਸੇ ਗੁਜ਼ਰੇ ਵਕਤ ਦੀਆਂ ਗੱਲਾਂ ਕਰਦਿਆਂ, ਮੈਂ ਤਾਏ ਨੂੰ ਮਨਾਇਆ ਕਿ ਕੁਝ ਦਿਨ ਸਾਡੇ ਕੋਲ ਹੋਰ....... ਤੇ ਤਾਏ ਨੇ ਵਾਅਦਾ ਕਰ ਲਿਆ ਬਸ ਇਕ ਸਿਆਲਾ...... 'ਚੰਗਾ ਜੀਵੇਂ! ਜਿਵੇਂ ਤੁਹਾਡੀ ਮਰਜ਼ੀ ਕੁੜੀਓ! ਪਰ ਮੇਰਾ ਜੀਅ ਏਥੇ ਨਹੀ ਲੱਗਦਾ.......' ਸੋ ਸਾਰਿਆਂ ਨੇ ਕਿਹਾ -- ਅੱਛਾ ਜਦੋਂ ਜੀਅ ਕਰੇ ਆਪਣਾ ਖੇਤ ਵੇਖ ਔਣਾਂ ਗੱਲ ਤਾਂ ਤੀਹਾਂ ਮੀਲਾਂ ਦੀ ਏ..........

ਫੇਰ ਹਫ਼ਤਾ ਨਹੀਂ ਸੀ ਹੋਇਆ, ਤਾਇਆ ਘਰੋਂ ਨਿਕਲਿਆ, ਪਤਾ ਨਹੀਂ ਕਾਹਦੇ ਲਈ, ਚੌੜੀ ਸੜਕ ਤੇ ਚੜ੍ਹਦਿਆਂ ਹੀ ਇਕ ਬਦਮਸਤ ਕਾਰ ਨੇ ਉਹਨੂੰ ਉਛਾਲ ਕੇ ਵੀਹ ਗਜ਼ ਪਰ੍ਹੇ ਸੁੱਟ ਦਿੱਤਾ। ਤੇ ਉਸ ਹਾਦਸੇ ਤੋਂ ਬਆਦ ਵੀ ਤਾਏ ਨੇ ਸਾਹਾਂ ਦੀ ਡੋਰੀ ਕਈ ਮਹੀਨਿਆਂ ਤੱਕ ਖਿੱਚੀ ਰੱਖੀ। ਪਰ ਉਸ ਦੌਰਾਨ ਉਹਨੂੰ ਉਹ ਪਿੰਡ ਭੁੱਲ ਗਿਆ, ਜਿਹਦੀ ਪੂਰੇ ਇਕ ਮੁਰੱਬੇ ਦੀ ਮਿੱਟੀ ਉਹਦੇ ਹੱਥ ਦੀ ਕਮਾਈ ਹੋਈ ਸ਼ੱਕਰ ਵਰਗੀ ਨਰਮ ਮਿੱਟੀ ਸੀ। ਉਹ ਖੇਤ, ਉਹਦੀ ਮਹਿਕ ਨਾਲ ਉਹ ਅੰਤ ਸਮੇਂ ਤਕ ਜੀਊਣਾ ਚਾਹੁੰਦਾ ਸੀ। ਪਰ ਸਮੇਂ ਦਾ ਅੰਤ ਹੁੰਦਾ ਏ ਨਾ -- ਜ਼ਖ਼ਮਾਂ ਦਾ ਅੰਤ , ਪਰ ਇਕ ਹਾਦਸੇ ਵਿਚ ਤਾਏ ਦੀਆਂ ਹੱਡੀਆਂ ਨੂੰ ਪੂਰੇ ਇੱਕੀ ਫਰੈਕਚਰ ਆਏ ਸਨ, ਪੰਜ ਸਿਰ ਵਿਚ ਸਨ। ਕਈਆਂ ਘੰਟਿਆਂ ਪਿੱਛੋਂ ਹਸਪਤਾਲ ਵਿਚ ਉਹਨੂੰ ਹੋਸ਼ ਆਈ, ਤਾਂ ਉਸ ਨੇ ਡਾਕਟਰ ਨੂੰ ਵੇਖਦਿਆਂ ਹੀ ਕਿਹਾ -- 'ਤੂੰ ਏਥੇ ਕੀ ਕਰਨਾਂ ਪਿਆਂ ਏ ਕਾਕਾ! ਜਾਹ ਦੌੜ ਜਾਹ! ਲੁਕ ਜਾ ਕਿਤੇ ਜਾ ਕੇ , ਛੱਡ ਜਾ ਏਸ ਥਾਂ ਨੂੰ, ਐਥੇ ਜ਼ੁਲਮ ਫੈਲ ਗਿਆ ਏ -- ਦੇਖ ਮੈਂ ਇਹਨਾਂ ਦਾ ਕੀ ਵਿਗਾੜਿਆ ਸੀ, ਜ਼ਾਲਮਾਂ ਨੇ ਮੈਨੂੰ ਇਉਂ ਫੱਟੜ ਕਰਕੇ ਸੁੱਟ ਦਿੱਤਾ ਏ।' ਤਾਏ ਦੇ ਜਿਸਮ ਵਿੱਚੋਂ ਆਪਣੇ ਲਹੂ ਦੀ ਬੂੰਦ-ਬੂੰਦ ਵੱਗ ਚੁੱਕੀ ਸੀ। ਪਰ ਪਿਆਰਿਆਂ ਦਾ ਦਿੱਤਾ ਖ਼ੂਨ ਗਰਦਸ਼ ਕਰਨ ਲੱਗਾ, ਤਾਂ ਉਹਦੀ ਜਾਨ ਪਰਤੀ। ਅੱਖਾਂ ਚਾਰੇ ਪਾਸੇ ਵੇਖਣ ਤਾਂ ਲੱਗੀਆਂ, ਪਰ ਡੌਰ-ਭੌਰੀਆਂ, ਉਹ ਰੂਹ ਕਦੇ ਪਰਤ ਕੇ ਨਾ ਆਈ, ਜਿਹਦੇ ਨਾਲ ਤਾਏ ਨੇ ਪਾਕਿਸਤਾਨ ਵਿਚ ਜ਼ਿੰਦਗੀ ਗੁਜ਼ਾਰੀ ਸੀ। ਉਹ ਪੂਰੀ ਬੇਦਾਰੀ ਨਾਲ ਆਪਣੇ ਪੁਰਾਣੇ ਪਿੰਡ ਚਲਾ ਗਿਆ ਸੀ। ਆਪਣੇ ਬਚਪਨ ਤੋਂ ਲੈ ਕੇ ਆਪਣੇ ਵੱਡਿਆਂ ਤੱਕ ਦੀਆਂ ਗੱਲਾਂ ਕਰਦਾ ਰਹਿੰਦਾ। ਸਾਰਿਆਂ ਲੋਕਾਂ ਨੂੰ, ਜੋ ਕਦੇ ਉੱਥੇ ਹੁੰਦੇ ਸੀ, ਵਾਜ਼ਾਂ ਦੇਂਦਾ, ਬੁਲਾਂਦਾ। ਬੜੇ ਜਾਗਦੇ ਜ਼ੇਹਨ ਨਾਲ ਤਾਇਆ, ਆਪਣੇ ਮਾਜ਼ੀ ਦੇ ਪਿੰਡ ਵਿਚ ਜਾ ਕੇ ਵੱਸ ਗਿਆ ਸੀ। ਪਿਛੋਕੜ ਦੀਆਂ ਤਮਾਮ ਨਿੱਕੀਆਂ-ਵੱਡੀਆਂ ਗੱਲਾਂ, ਬੀਤੇ ਦੁੱਖ-ਸੁੱਖ ਚੇਤੇ ਕਰਕੇ, ਉਨ੍ਹਾਂ ਨਾਲ ਜੀਊਣ ਲੱਗ ਪਿਆ ਸੀ। ਵਰ੍ਹੇ ਦੀਆਂ ਚਾਰੇ ਰੁੱਤਾਂ, ਆਪਣੇ ਖੇਤ-ਬੰਨੇ, ਨਦੀ ਦਾ ਕੰਢਾ ਤੇ ਯਾਰ-ਬੇਲੀ, ਉਹਨੇ ਵਾਪਸ ਬੁਲਾ ਲਏ ਸਨ। ਪੁਰਾਣੇ ਗੀਤ ਗੁਣ-ਗੁਣਾਏ --

ਮੈਂ ਸਾਲੂ ਰੰਗਾਂ ਰੱਤਾ........

ਖਾਣ-ਪੀਣ ਦੀ ਲੋੜ ਹੁੰਦੀ ਤਾਂ ਕਿਸੇ ਅਜਿਹੇ ਨਾਂ ਨੂੰ ਵਾਜ ਮਾਰਦਾ, ਜਿਹਨੂੰ ਬੁਲਾਣਾ ਕਿਸੇ ਦੀ ਵੱਸ ਦੀ ਗੱਲ ਨਹੀ ਸੀ। ਕੋਈ ਹਲਕੀ ਗਿਜ਼ਾ -- ਦਲੀਆਂ-ਖਿਚੜੀ ਸਾਹਮਣੇ ਰੱਖਦੇ, ਤਾਂ ਉਹਨੂੰ ਗੁੱਸਾ ਆ ਜਾਂਦਾ -- 'ਬਦਮਜ਼ਾ, ਨਿਰਾ ਸਾਬਨ ਘੁਲਿਆ ਹੋਇਆ -- ਲੱਸੀ-ਰੋਟੀ ਕਿਉਂ ਨਹੀਂ ਦੇਂਦੇ? ਰੱਬਾ! ਕਹੇ ਜ਼ਾਲਮ ਲੋਕ ਨੇ।' ਉਹ ਵੱਡੇ ਭਰਾ ਨੂੰ ਬੁਲਾਣ ਲੱਗਦਾ। ਰੋਣ ਲੱਗ ਪੈਂਦਾ । ਅਸੀਂ ਉਸ ਵੇਲੇ ਨੂੰ ਪਛਤਾਂਦੇ -- ਜਦੋਂ ਤਾਏ ਨੂੰ ਸ਼ਹਿਰ ਲਿਆਏ ਸਾਂ। ਪੱਟੀਆਂ ਨੂੰ ਉਹ ਰੱਸੀਆਂ ਸਮਝਦਾ, ਕਹਿੰਦਾ -- 'ਖੋਲ੍ਹੋ!' ਅਸੀਂ ਉਹਦੀ ਖ਼ਿਦਮਤ ਕਰਦੇ, ਉਹ ਬੇਜ਼ਾਰ ਹੁੰਦਾ। ਅਸੀਂ ਕਿਵੇਂ ਦੱਸਦੇ ਕਿ ਅਸੀਂ ਉਹਦੇ ਗ਼ੈਰ ਨਹੀਂ --

ਫ਼ੇਰ ਇਕ ਦਿਨ ਨੂੰਹ ਦੁੱਧ ਦਾ ਗਲਾਸ ਲੈ ਕੇ ਆਈ, ਤਾਂ ਉਹਦੇ ਹੱਥੋਂ ਲੈਕੇ ਇਕ ਘੁੱਟ ਪੀਤਾ, ਤੇ ਹੱਥ ਪਰ੍ਹਾਂ ਕਰਕੇ ਕਿਹਾ -- 'ਏਹ ਦੁੱਧ ਏ? ਨਿਰਾ ਕੱਚੀ-ਲੱਸੀ ਵਰਗਾ। ਬੂਰੀ ਦਾ ਕੱਚਾ ਦੁੱਧ ਲੈ ਕੇ ਆ ਮੇਰੇ ਲਈ!'

ਅਸਾਂ ਗਵਾਲੇ ਦੀ ਮਿੰਨਤ ਕੀਤੀ -- ਵੇਖ ਭਰਾ! ਦੁੱਧ ਚਾਹੀਦਾ ਏ, ਦਵਾਈ ਦੀ ਤਰ੍ਹਾਂ ਅਸਲੀ, ਖ਼ਾਲਸ, ਜਿੰਨੇ ਪੈਸੇ ਲਾਣੇ ਨੀਂ ਲਾ ਲਈਂ। ਕਿਸੇ ਤਰ੍ਹਾਂ ਤਾਏ ਨੂੰ ਪਸੰਦ ਆ ਜਾਏ। ਦੂਜੇ ਦਿਨ ਫੇਰ ਗਾੜ੍ਹੇ ਦੁੱਧ ਦਾ ਗਲਾਸ ਵੀ ਤਾਏ ਨੇ ਮੋੜ ਦਿੱਤਾ -- 'ਝੱਲੀ, ਕੁੜੀ! ਬੂਰੀ ਦਾ ਦੁੱਧ ਨਹੀਂ ਲੈ ਕੇ ਆਈ।'

ਨੂੰਹ ਦੇ ਦਿਲ ਵਿਚ ਪਤਾ ਨਹੀਂ ਕੀ ਆਈ, ਉਹ ਤਾਂ ਗਵਾਲਿਆਂ ਦੇ ਮੁਹੱਲੇ ਚਲੀ ਗਈ। ਉੱਥੇ ਉਸ ਨੇ ਬੂਰੀ ਮੱਝ ਵੇਖੀ, ਤੇ ਉਹਦੇ ਮਾਲਕ ਨੂੰ ਕਹਿ ਕੇ, ਦੁੱਧ ਸਾਹਮਣੇ ਚੁਆ ਕੇ ਲਿਆਈ। ਗਲਾਸ ਪੇਸ਼ ਹੋਇਆ ਤਾਂ ਤਾਏ ਨੇ ਸੁੰਘ ਕੇ ਇਜ਼ਹਾਰ ਕੀਤਾ। ਮਿੰਟਾਂ ਵਿਚ ਗਲਾਸ ਖਾਲੀ ਕਰ ਕੇ, ਆਪਣੇ ਜ਼ਖ਼ਮੀ ਹੱਥ ਦੇ ਪੁੱਠੇ ਪਾਸੇ ਨਾਲ ਮੂੰਹ ਪੂੰਝਿਆ। ਫੇਰ ਸੌਖੇ ਸਾਹ ਤਾਇਆ ਬੋਲਿਆ--- 'ਆਪਣੀ ਬੂਰੀ ਕੁਝ ਲਿੱਸੀ ਹੋ ਗਈ ਏ। ਖਲ-ਵੜੇਵੇਂ ਥੋੜ੍ਹੇ ਪਾਂਦੇ ਓ ਤੁਸੀਂ। ਚਲੋ, ਮੈਂ ਉੱਠ ਕੇ ਸਾਂਭ ਲਵਾਂਗਾ। ਪਰ ਤੁਸੀਂ ਲੋਕ ਦਿਲਗੀਰ ਸਿੰਘ ਨੂੰ ਰੋਟੀ ਪਹਿਲਾਂ ਦੇ ਆਇਆ ਕਰੋ। ਬੜਾ ਕੰਮ ਕਰਦਾ ਏ ਉਹ। ਕਾਮੇ ਨੂੰ ਤੇ ਮੱਝ ਨੂੰ ਖੁਰਾਕ ਚੰਗੀ ਹੋਣੀ ਚਾਹੀਦੀ ਏ। ਸ਼ੁਦਾਈਓ! ਪੈਦਾਵਾਰ ਦੇਣ ਵਾਲੇ ਨਾਲ ਕੀ ਸਰਫ਼ਾ!'

-- ਦਿਲਗੀਰ ਸਿੰਘ? ਸ਼ਾਇਦ ਪਹਿਲਿਆਂ ਵੇਲਿਆਂ ਵਿਚ ਕੋਈ ਕਾਮਾ ਹੁੰਦਾ ਹੋਵੇਗਾ। ਕੋਈ ਹੋਵੇਗਾ! ਉਹ ਦਿਲਗੀਰ ਸਿੰਘ ਵਾਲੀ ਗੱਲ ਆਖਰੀ ਸੀ, ਜੋ ਏਸ ਅਜ਼ਲੀ-ਅਬਦੀ, ਕਿਸਾਨ ਦੇ ਮੂੰਹੋਂ ਨਿਕਲੀ। ਸਾਹ ਉੱਤੇ ਦਾ ਉੱਤੇ ਰਹਿ ਗਿਆ। ਥੋੜ੍ਹੀ ਦੇਰ ਧੌਂਕਣੀ ਚੱਲੀ, ਫੇਰ ਸਾਰੇ ਬੰਧਨ ਟੁੱਟ ਗਏ।

ਚੁੱਪ-ਚਾਪ, ਬੇ-ਅਵਾਜ਼ ਪੈਰਾਂ ਨਾਲ ਤੁਰਦਾ, ਉਹ ਜ਼ਿੰਦਗੀ ਦਾ ਪਾਲਣਹਾਰ, ਮੌਤ ਦੀ ਘਾਟੀ ਉੱਤਰ ਗਿਆ। ਕਣਕ ਬੀਜਣ ਵਾਲਾ ਮਰ ਗਿਆ। ਤੇ ਸਾਲੂ ਰੱਤਾ ਰੰਗਾਣ ਵਾਲਾ ਵੀ -- ਪੌਣੀ ਸਦੀ ਦੇ ਬਰਾਬਰ ਦੀ ਕਾਲੀ ਰਾਤ -- ਮੇਰੇ ਤਾਏ ਦੀ ਜ਼ਿੰਦਗੀ ਦੀ ਰਾਤ ਉਸ ਪਲ ਪੂਰੀ ਹੋ ਗਈ -- ਉਹਦੀ ਪੱਟੀ ਨਾਲ ਸਿਰ ਲਾ ਕੇ ਮੈਂ ਕਿੰਨਾਂ ਕੁਝ ਸੋਚਿਆ -- 'ਅੱਧੀ ਰਾਤ ਦੀ ਆਜ਼ਾਦੀ ਦਾ ਮੁਸਾਫਿਰ -- ਵੀਹਵੀ ਸਦੀਂ ਦਾ ਇਕ ਪਨਾਹਗੀਰ, ਅੰਤ ਵੇਲੇ ਤੱਕ ਜ਼ਖ਼ਮੀ ਸੀ। ਪੱਟੀਆਂ ਪਲਸਤਰਾਂ ਵਿਚ ਜਕੜਿਆਂ! ਹੋਇਆ ਉਹਦਾ ਜਿਸਮ ਸਾਹਮਣੇ ਪਿਆ ਸੀ। ਪਰ ਉਹਦੀ ਰੂਹ ਹਮੇਸ਼ਾ ਤੰਦਰੁਸਤ ਤੇ ਬੇਦਾਗ਼ ਰਹੀ -- ਅਮਨ ਦੀ ਘੁੱਗੀ ਜਿਹੀ -- ਹੁਣ ਉਹ ਲੰਬੀ ਉਡਾਰੀ ਲਾ ਗਈ ਸੀ -- ਉਸ ਦੁਨੀਆਂ ਵਾਲੇ ਪਾਸੇ, ਜਿੱਥੇ ਕੋਈ ਮਜ਼ਬ ਨਹੀਂ ਹੁੰਦਾ, ਤੇ ਲੋਕ ਮਜ਼ਬ ਦੇ ਨਾਂ ਤੇ ਆਪਣੀਆਂ ਜ਼ਮੀਨਾਂ ਤੋਂ ਕੱਢੇ ਨਹੀ ਜਾਂਦੇ।' ਤਾਇਆ ਹੁਣ ਆਜ਼ਾਦ ਸੀ, ਪਰ ਮੈਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਬੈਠੀ ਸਾਂ। ਸੋਚ ਦੀਆਂ ਜ਼ੰਜੀਰਾਂ ਵਿਚ ਬੱਝੀ -- ਉਦਾਸ----ਸੋਚੀ ਜਾ ਰਹੀ ਸਾਂ-- 'ਇਸ ਫ਼ਾਨੀ ਦੁਨੀਆਂ ਦੀ ਜ਼ਿੰਦਗੀ ਵਿਚ, ਤਾਰੀਖ਼ ਨੇ, ਸਿਆਸਤ ਨੇ, ਮਜ਼ਬ ਵਾਲਿਆਂ ਦੇ ਦਿਲ ਦੀ ਕਾਲਖ ਨੇ, ਇਸ ਭੋਲੇ-ਭਾਲੇ ਦਿਹਾਤੀ ਇਨਸਾਨ ਨਾਲ ਕੀ-ਕੀ ਕੀਤਾ! ਓਸ ਮਾਸੂਮ ਦੀ ਖੱਲ ਨੂੰ ਸਾਰਿਆਂ ਨੇ ਆਪਣੀ-ਆਪਣੀ ਅੱਗ ਵਿਚ ਭੁੰਨਿਆਂ। ਉਹਦੇ ਦਿਲ ਨੂੰ ਆਪਣੀ-ਆਪਣੀ ਛੁਰੀ ਦੇ ਤਜ਼ਰਬਿਆਂ ਲਈ ਪੰਸਦ ਕੀਤਾ!'

ਅਸੀ ਤਾਏ ਦੀ ਲਾਸ਼ ਨੂੰ ਉਹਦੇ ਪਿੰਡ ਲੈ ਗਏ। ਉਥੇ ਸ਼ੱਕਰ ਵਰਗੀ ਨਰਮ ਮਿੱਟੀ ਵਿਚ ਉਹਦੀ ਕਬਰ ਬਣਾ ਦਿੱਤੀ । ਉਹੀ ਮਿੱਟੀ, ਜਿਹਦੀ ਮਹਿਕ ਨਾਲ ਭਰੀ ਹੋਈ ਬਾਸਮਤੀ ਉਗਦੀ ਏ, ਤੇ ਛੇ-ਛੇ ਫੁੱਟ ਉੱਚੇ ਗੰਨੇ --

ਪਿੰਡ ਤੋਂ ਵਾਪਸ ਆ ਕੇ ਅਸੀਂ ਤਾਏ ਦੀਆਂ ਗੱਲਾਂ ਕਰਦੇ ਰਹੇ। ਉਹ ਹਸਪਤਾਲ ਵਿਚ ਕਿਆਮ, ਆਪਣੇ ਦੂਜੇ ਪਿੰਡ ਤੋਂ ਵਿਛੋੜਾ, ਤੇ ਉਹ ਗੱਲਾਂ, ਜੋ ਉਹਨੇ ਹਸਪਤਾਲ ਵਿਚ ਉਹਨਾਂ ਦਿਨਾਂ ਵਿਚ ਕੀਤੀਆਂ -- ਜਦੋਂ ਕਿ ਹੋਸ਼-ਹਵਾਸ਼ ਵਿਚ ਉਹਨਾਂ ਤੋ ਵਿੱਛੜ ਚੁੱਕਾ ਹੋਇਆ ਸੀ। ਉਹ ਆਪਣੇ ਪੁਰਾਣੇ ਪਿੰਡ ਚਲਾ ਗਿਆ ਸੀ -- ਉਹਨਾਂ ਸਾਰਿਆਂ ਨੂੰ ਜਾ ਮਿਲਿਆ ਸੀ, ਜੋ ਜ਼ਿੰਦਗੀ ਦੀ ਹੱਦ ਤੋਂ ਕਿਤੇ ਪਰ੍ਹਾਂ ਰਹਿੰਦੇ ਸਨ। ਉਹਦੇ ਭੈਣ ਭਰਾ, ਯਾਰ ਬੇਲੀ, ਪਰ ਉਹ ਦਿਲਗੀਰ ਸਿੰਘ? ਉਹ ਕੌਣ ਸੀ? ਤਾਏ ਦੇ ਬਹੂ-ਬੇਟੇ ਨੇ ਤਾਂ ਸਿਰਫ਼ ਏਨਾ ਸੋਚਿਆ, ਕਿ ਉਹ ਪੁਰਾਣੇ ਪਿੰਡ ਦਾ ਕੋਈ ਦੋਸਤ ਹੋਵੇਗਾ। ਪਰ ਮੈਨੂੰ ਸਭ ਕੁਝ ਪਤਾ ਸੀ। ਪਤਾ ਸੀ ਕਿ ਦਿਲਗੀਰ ਸਿੰਘ ਕੌਣ ਸੀ । ਉਹ ਪੁਰਾਣੇ ਪਿੰਡ ਦਾ ਨਹੀਂ, ਏਸੇ ਪਿੰਡ ਦਾ ਸੀ, ਜਿੱਥੇ ਅੱਜ ਤਾਏ ਦੀ ਕਬਰ ਬਣੀ ਹੋਈ ਏ। ਦਿਲਗੀਰ ਸਿੰਘ ਦੀ ਕਹਾਣੀ ਆਖ਼ਰੀ ਕਹਾਣੀ ਸੀ, ਜੋ ਤਾਏ ਨੇ ਮੈਨੂੰ ਸੁਣਾਈ ਸੀ । ਮੈਂ ਏਹ

ਕਹਾਣੀ -- ਜ਼ਰੂਰ ਲਿਖਾਂਗੀ, ਕਿਉਂਕਿ ਏਸ ਕਹਾਣੀ ਸੁਣਾਂਦਿਆਂ, ਮੇਰਾ ਤਾਇਆ ਰੋਇਆ ਸੀ।

******

### ਦਿਲਗੀਰ ਸਿੰਘ

ਏਹ ਘਟਨਾ ਤਾਏ ਨੂੰ ਉਸ ਵੇਲੇ ਮਿਲੀ, ਜਦੋਂ ਉਹ ਲਾਹੌਰ ਦੇ ਪਨਾਹਗੀਰ ਕੈਂਪ ਨੂੰ ਛੱਡ ਕੇ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਆਬਾਦ ਹੋਣ ਲਈ ਗਿਆ। ਉਹ ਦੋ ਖੇਤ ਵੇਖਣ ਲਈ ਗਿਆ ਸੀ, ਜੋ ਉਹਨੂੰ ਗੁਜ਼ਾਰਾ ਯੂਨਿਟ -- ਦੇ ਹਿਸਾਬ ਵਿਚ ਉੱਥੇ ਮਿਲੇ ਸਨ। ਉੱਥੇ ਹੀ ਇਕ ਖੇਤ ਦੇ ਬੰਨੇ ਤੇ ਉਹ ਘਟਨਾ ਵਾਲਾ ਬੈਠਾ ਹੋਇਆ ਸੀ -- ਦਿਲਗੀਰ ਸਿੰਘ। ਪਟਵਾਰੀ ਨੇ ਤਾਏ ਨੂੰ ਦੱਸਿਆ, ਤੇ ਤਾਏ ਨੇ ਵੇਖਿਆ -- ਮੈਲੇ ਜਿਹੇ ਕੱਪੜੇ ਪਾਈ ਇਕ ਜਵਾਨ ਸਿੱਖ, ਸਿਰ ਝੁਕਾਈਂ, ਜ਼ਮੀਨ ਉੱਤੇ ਕੁਝ ਲਿਖਦਾ ਤੇ ਬੁਝਾਂਦਾ ਪਿਆ ਸੀ। ਪਟਵਾਰੀ ਉੱਥੇ ਦਾ ਪੁਰਾਣਾ ਬੰਦਾ ਸੀ, ਉਹਨੇ ਸਾਰੀ ਗੱਲ ਸੁਣਾਈ -- 'ਏਹ ਸਿੱਖੜਾ ਅਜੇ ਵੀ ਏਥੇ ਮੁਰੱਬੇ ਨਾਲ ਚੰਬੜ ਕੇ ਬੈਠਾ ਹੋਇਆ ਏ' ਪਟਵਾਰੀ ਹੱਸਿਆ, ਪਰ ਉਹਦਾ ਹਾਸਾ ਤਾਏ ਨੂੰ ਚੰਗਾ ਨਾ ਲੱਗਾ। ਪਟਵਾਰੀ ਨੇ ਆਪਣੀ ਬਕਵਾਸ ਜਾਰੀ ਰੱਖੀ -- ਏਹ ਥੋੜ੍ਹਾ ਜਿਹਾ ਗਵਈਆ ਵੀ ਏ,' ਕਹਿਣ ਲੱਗਾ----

'ਕਿਉਂ ਸਰਦਾਰਾ, ਕਿੱਥੇ ਚਲੀ ਗਈ ਤੇਰੀ ਹੀਰ ਸਲੇਟੀ, ਕੁਝ ਸੁਣਾ ਨਾ। ਮੁਰੱਬੇ ਦਾ ਨਵਾਂ ਮਾਲਕ ਆਇਆ ਏ' -- ਦਿਲਗੀਰ ਸਿੰਘ ਉਸੇ ਤਰ੍ਹਾਂ ਜ਼ਮੀਨ ਤੇ ਬੈਠਾ ਲਿਖਦਾ ਰਿਹਾ, ਤਾਏ ਨੇ ਉਹਦੇ ਲਿਖੇ ਹਰਫ਼ ਪੜ੍ਹੇ --

*'ਗੱਡੀ ਆਈ ਵੇ ਕਲਾਈ ਵਾਲੀ,*<br>
*ਉੱਠ ਵਿਦਾ ਕਰ ਨੀ ਬਾਲ੍ਹੋ!*<br>
*ਸਾਡੀ ਰਾਤ ਜੁਦਾਈ ਵਾਲੀ'*

ਪਟਵਾਰੀ ਚਲਾ ਗਿਆ, ਤਾਂ ਦਿਲਗੀਰ ਸਿੰਘ ਉੱਠ ਕੇ ਤਾਏ ਦੇ ਕਰੀਬ ਆ ਗਿਆ। ਹੁਣ ਉਹ ਦੋਵੇਂ ਇਕ ਦੂਜੇ ਨੂੰ ਵੇਖ ਰਹੇ ਸਨ। ਪਰ ਦੋਹਾਂ ਦੀਆਂ ਅੱਖਾਂ ਵਿਚ ਉਹ ਕੁਝ ਨਹੀਂ ਸੀ, ਉਹ ਨਫ਼ਰਤ, ਜਿਹਦੇ ਤੂਫ਼ਾਨ ਦੋਹਾਂ ਨੂੰ ਬਰਬਾਦ ਕਰ ਗਏ ਸਨ। ਅੱਖਾਂ ਵਿਚ ਸਿਰਫ਼ ਇਕ ਹੈਰਾਨੀ ਸੀ, ਕਿ ਉਹ ਦੋਵੇਂ ਕਿਸ ਤਰ੍ਹਾਂ ਆਮ੍ਹਣੇ-ਸਾਹਮਣੇ ਆ ਗਏ! ਕਿਹਦੀ ਕਰਨੀ ਨਾਲ! ਸ਼ਾਇਦ ਹੀ ਦੁਨੀਆਂ ਵਿਚ ਕਦੇ ਇੰਝ ਹੋਇਆ ਏ। ਚੁੱਪ ਦੇ ਬੇਸ਼ੁਮਾਰ ਮਾਅਨੇ ਸਨ, ਉਨ੍ਹਾਂ ਨੂੰ ਲਫ਼ਜ਼ ਨਹੀਂ ਸਨ ਲੱਭਦੇ............

---'ਤੈਨੂੰ ਇਥੇ ਛੇ ਕਿੱਲੇ ਮਿਲੇ ਨੇ, ਉਂਜ ਇਹ ਸਾਰਾ ਮੁਰੱਬਾ ਮੇਰਾ ਏ।' ਆਖਰ ਦਿਲਗੀਰ ਸਿੰਘ ਬੋਲਿਆ, 'ਨਾਲ ਵਾਲਾ ਮੁਰੱਬਾ ਵੀ ਮੇਰਾ ਏ। ਇਹ ਦੋਵੇਂ ਮੁਰੱਬੇ ਸਾਰੇ ਪਿੰਡ ਵਿਚ ਨੰਬਰ ਇਕ ਨੇ। ਮੈਂ ਆਪ ਕਮਾਏ ਨੇ। ਬਹੁਤ ਛੋਟਾ ਸਾਂ, ਜਦੋਂ ਇਥੇ ਆਇਆ ਸਾਂ -- ਆਪਣੇ ਮਾਂ-ਬਾਪ ਨਾਲ, ਇਹਨਾਂ ਜ਼ਮੀਨਾਂ ਨੂੰ ਆਬਾਦ ਕਰਨ ਲਈ। ਇਹ ਸਾਰੀ ਮਿੱਟੀ ਮੈਂ ਖ਼ੁਦ ਕਮਾਈ ਏ -- ਤੇ ਉਹਨੇ ਦੋਵੇਂ ਬਾਂਹਵਾਂ ਫ਼ੈਲਾਅ ਕੇ ਜਿਵੇਂ ਜ਼ਮੀਨ ਨੂੰ ਆਪਣੀਆਂ ਬਾਹਵਾਂ ਵਿਚ ਲੈ ਲਿਆ --

ਫੇਰ ਉਹਨੇ ਦੋਵੇਂ ਮੁੱਠਾਂ ਭਰ ਕੇ ਨਰਮ ਮਿੱਟੀ, ਆਪਣੇ ਗਲਾਵੇਂ 'ਚ ਪਾ ਲਈ, ਸਾਰੇ ਪਿੰਡੇ ਉੱਤੇ । ਤੇ ਕਹਿਣ ਲੱਗਾ -- ਅਜੇ ਕਪਾਹ ਦੇ ਨਿੱਕੇ-ਨਿੱਕੇ ਬੂਟੇ ਸਨ ਜਦੋਂ ਲਹੂ ਵੱਸਣ ਲੱਗ ਪਿਆ................

------ 'ਕੀ ਏਥੇ ਵੀ ਉਸੇ ਤਰ੍ਹਾਂ ਵੱਢ ਟੁੱਕ ਹੋਈ?'

------ 'ਹਾਂ ਏਥੇ ਵੀ ਸਭ ਕੁਝ ਹੋਇਆ ਭਰਾਵਾ। ਮੇਰੇ ਦੋ ਕਾਕੇ ਸਨ, ਇਕ ਜਵਾਨ ਭੈਣ। ਨਿੱਕਾ ਭਰਾ .........ਹੋਰ.........' ਕਹਿੰਦਿਆਂ-ਕਹਿੰਦਿਆਂ ਦਿਲਗੀਰ ਦਾ ਸੰਘ ਭਰ ਗਿਆ । ਫੇਰ ਉਹਨੇ ਅੱਥਰੂ ਪੀ ਲਏ, ਤੇ ਦੂਜੇ ਪਾਸੇ ਵੇਖ ਕੇ ਰਤਾ ਉੱਚੀ ਥਾਂ ਵਲ ਇਸ਼ਾਰਾ ਕੀਤਾ, 'ਜਿੱਥੇ ਨਿੱਕੀਆਂ ਨਿੱਕੀਆਂ ਟਾਹਲੀਆਂ, ਹੁਣੇ ਜਿਹੇ ਲਾਈਆਂ ਸਨ, ਮੇਰੇ ਟੱਬਰ ਤੇ ਅੱਧੇ ਜੀਅ ਏਥੇ ਪਏ ਨੇ, ਏਸੇ ਮਿੱਟੀ ਨੇ ਉਨ੍ਹਾਂ ਦੀਆਂ ਹੱਡੀਆਂ ਕੱਜ ਲਈਆਂ ਨੇ। ਮੈਂ ਵੀ ਇਥੇ ਹਾਂ -- ਆਪਣੇ ਖੇਤ ਵਿਚ ਪਨਾਹਗੀਰ ਹੋ ਕੇ ਬੈਠਾ ਹੋਇਆ। ਜਿਹੜੇ ਨਾਤੇ-ਵਾਲੇ ਬਚ ਨਿਕਲੇ, ਕਾਫ਼ਲੇ ਨਾਲ ਉਧਰ ਚਲੇ ਗਏ, ਉਥੇ ਵੀ ਤੇਰੇ ਵਾਂਗ ਗੁਜ਼ਾਰਾ ਯੂਨਿਟ ਨੇ ਉਹਨਾਂ ਨੂੰ ਕੁਝ ਜ਼ਮੀਨ ਦਿੱਤੀ ਹੋਵੇਗੀ...........'

ਦੁੱਖ-ਸੁੱਖ ਦੀਆਂ ਗੱਲਾਂ ਤੁਰ ਪਈਆਂ। ਉਹ ਦੋਵੇਂ ਕਿਸਾਨ ਸਨ ਨਾ, ਗੱਲਾਂ ਕਰਦਿਆਂ-ਕਰਦਿਆਂ ਕਪਾਹ ਦੀਆਂ ਫੁੱਟੀਆਂ ਚੁਨਣ ਲੱਗੇ। ਖਿੜ-ਖਿੜ ਕਰਦੀ ਕਪਾਹ ਕਿਸੇ ਚੁਗੈਣ ਦੇ ਹੱਥਾਂ ਨੂੰ ਉਡੀਕਦੀ ਉਦਾਸ ਹੋ ਲਮਕੀ ਸੀ। ਦਿਲਗੀਰ ਫੁੱਟੀਆਂ ਚੁਣਦਾ ਦੱਸਦਾ - ਰਿਹਾ--'ਮੇਰੀ ਕਪਾਹ ਵਰਗਾ ਫੁੱਲ ਏਥੇ ਕਿਸੇ ਦੇ ਖੇਤ ਨਹੀਂ ਖਿੜਦਾ। ਮੇਰੇ ਗੰਨਿਆਂ ਜਿੱਡੇ ਉੱਚੇ ਗੰਨੇ ਕਿਸੇ ਵੀ ਕਮਾਦ ਵਿਚ ਨਹੀਂ ਉੱਗਦੇ। ਮੇਰੇ ਚੌਲਾਂ ਦੀ ਖ਼ੁਸ਼ਬੋ ਰਾਵੀਓਂ ਪਾਰ ਜਾਂਦੀ ਏ।'

ਵਕਤ ਦੇ ਪੰਛੀ ਪਿਛਾਂਹ ਵਲ ਉਡਾਰੀ ਭਰੀ..... ਮੇਰੇ ਚੌਲ, ਮੇਰੇ ਖੇਤ ਤੇ ਫੇਰ ਉਹ ਪਰਤ ਆਇਆ। ਉਦਾਸ ਹੋ ਗਿਆ। ਲੁੱਟਿਆ-ਪੁੱਟਿਆ, ਉੱਜੜਿਆ ਹੋਇਆ, ਖਾਲੀ ਹੱਥ। ਇਕ ਭੋਲਾ ਕਿਸਾਨ ਇਕ ਪੇਂਡੂ ਬੰਦਾ, ਸਿਆਸਤ ਵਾਲਿਆਂ ਦਾ ਸ਼ਿਕਾਰ , ਮਜ਼ਹਬ ਦਾ ਸ਼ਿਕਾਰ...........

'ਚੰਗਾ ਹੋਇਆਂ ਚੌਧਰੀ ਤੂੰ ਏਥੇ ਆ ਗਿਆ ਵੇਂ। ਇਹ ਸਾਰਾ ਮੁਰੱਬਾ ਆਪਣੇ ਨਾਂ ਪੁਆ ਲਈਂ, ਪਰ ਵੇਖੀ! ਏਸ ਥਾਂ ਦਾ ਧਿਆਨ ਰੱਖੀਂ, ਜਿੱਥੇ ਮੈਂ ਨਵੀਆਂ ਟਾਹਲੀਆਂ ਲਾਈਆਂ ਨੇ। ਏਨ੍ਹਾਂ ਟਾਹਲੀਆਂ ਦੇ ਥੱਲੇ ਮੇਰੇ ਲਹੂ ਦੀ ਅਮਾਨਤ ਦੱਬੀ ਹੋਈ ਏ।' ਉਹਨੇ ਫੇਰ ਤਾਏ ਦਾ ਹੱਥ ਫੜ ਲਿਆ, 'ਮੈਂ ਵੀ ਪਨਾਹੀ, ਤੂੰ ਵੀ ਪਨਾਹੀ। ਸਾਡੇ

ਵਿਚ ਫਰਕ ਕੀ ਏ! ਪਰ ਅੱਜ ਸਾਡੀ ਦੋਹਾਂ ਦੀ ਸੱਜਣੀ ਰੁੱਸ ਗਈ ਹੋਈ ਏ। ਅਸੀ ਬੇ-ਟਿਕਾਣੇ ਹੋ ਗਏ ਹਾਂ' -- ਤੇ ਉਹ ਦੋਵੇਂ ਮਰਦ ਬੈਠੇ ਰੋਂਦੇ ਰਹੇ।

ਤਾਏ ਨੇ ਰੋਟੀ-ਲੱਸੀ ਵਾਸਤੇ ਦਿਲਗੀਰ ਨੂੰ ਘਰ ਚੱਲਣ ਲਈ ਕਿਹਾ, ਪਰ ਉਹ ਮੰਨਿਆਂ ਨਹੀਂ, ਉੱਥੇ ਜ਼ਮੀਨ 'ਤੇ ਲਿਖਣ ਲੱਗ ਪਿਆ --

*ਸੁਫ਼ਨਿਆਂ ਦੇ ਹਵਾਲੇ ਮੇਰਾ ਦਿਲ,*
*ਮੇਰਾ ਪਿੰਡ --*
*ਸਾਡੀ ਰਾਤ ਜੁਦਾਈ ਵਾਲੀ..........*

ਕਈ ਦਿਨ ਇੰਝ ਦੀਆਂ ਗੱਲਾਂ ਹੋਈਆਂ। ਉਨ੍ਹਾਂ ਦੀ ਦੋਸਤੀ ਹੁਣ ਜ਼ਖ਼ਮ-ਜ਼ਖ਼ਮ ਪੱਕੀ ਸੀ। ਪੀੜਾਂ ਦੀ ਸਾਂਝ ਨੇ ਜੜ੍ਹਾਂ ਫੜ ਲਈਆਂ। ਕਿੰਨੇ ਹੀ ਦਿਨ ਤਾਏ ਨੇ ਲੱਸੀ-ਰੋਟੀ ਲਿਜਾ ਕੇ ਦਿਲਗੀਰ ਨੂੰ ਪੁਚਾਈ। ਉਹ ਤਾਂ ਜਿਵੇਂ ਕਾਮਾ ਬਣ ਗਿਆ । ਸਾਰਾ ਦਿਨ ਖੇਤਾਂ ਤੇ ਕੰਮ ਕਰਦਾ ਰਹਿੰਦਾ। ਕਪਾਹ ਦੀਆਂ ਫੁੱਟੀਆਂ ਚੁਣ ਕੇ ਢੇਰੀਆਂ ਲਾ ਦੇਂਦਾ। ਸਬਜ਼ੀਆਂ ਨੂੰ ਗੋਡੀ ਕਰਦਾ। ਕੂਲੀਆਂ-ਕੂਲੀਆਂ ਸਬਜ਼ੀਆਂ ਤੋੜ ਕੇ ਜਮਾਂ ਕਰ ਦੇਂਦਾ। ਪਾਣੀ ਦੀਆਂ ਨਾਲੀਆਂ ਦਰੁਸਤ ਕਰਦਾ। ਜਦੋਂ ਥੱਕ ਜਾਂਦਾ ਤਾਂ ਠੀਕਰੀ ਦਾ ਕਲਮ ਹੱਥ ਵਿਚ ਲੈ ਕੇ ਜ਼ਮੀਨ ਉੱਤੇ ਲਿਖਣ ਲੱਗਦਾ। ਨਾਲ-ਨਾਲ ਗੌਂਦਾ। ਫੇਰ ਰਾਤ ਪੈਂਦੀ ਤਾਂ ਉਥੇ ਈ ਸੌਂ ਜਾਂਦਾ। ਖੇਤ ਦੇ ਇਕ ਪਾਸੇ ਪੁਰਾਣੀ ਟਾਹਲੀ ਦੇ ਹੇਠਾਂ ਉਸ ਨੇ ਥਾਂ ਖੋਦ ਕੇ ਪਰਾਲੀ ਵਿਛਾ ਲਈ ਸੀ। ਉਹੀ ਉਸਦਾ ਵਿਛੌਣਾ ਸੀ। ਉੱਤੇ ਪਰਾਲੀ ਨੂੰ ਹੀ ਰਜ਼ਾਈ ਵਾਂਗ ਪਾ ਕੇ ਪਿਆ ਰਹਿੰਦਾ। ਇੰਜ ਜਿਵੇਂ ਕਈ ਜਨਮਾਂ ਤੋਂ ਇੰਜ ਹੀ ਰਹਿੰਦਾ ਰਿਹਾ ਹੋਵੇ। ਜਿਵੇਂ ਉਸਨੇ ਜਨਮ-ਜਨਮ ਤੋਂ ਇਹ ਘਰ ਇਹ ਵਤਨ ਜੀਵਿਆ ਹੋਵੇ।

ਉਹ ਸਿੱਖ ਸੀ, ਪਰ ਮਜ਼੍ਹਬ ਉਹਦਾ ਮਾਮਲਾ ਨਹੀਂ ਸੀ। ਉਹ ਤਾਂ ਆਪਣੇ ਪਿਆਰ ਦੀ ਜ਼ਮੀਨ ਨਾਲ ਬੱਝਾ ਹੋਇਆ ਸੀ। ਇੱਕ ਦਿਨ ਤਾਏ ਨੇ ਉਸ ਨੂੰ ਮਸ਼ਵਰਾ ਦਿੱਤਾ ਕਿ ਉਹ ਵਾਲ ਕਟਵਾ ਦੇਵੇ ਤੇ ਨਾਂ ਬਦਲ ਲਵੇ। ਬੱਸ ਅਰਾਮ ਨਾਲ ਰਵ੍ਹੇ । "ਨਹੀਂ" ਉਹਨੇ ਜਵਾਬ ਦਿੱਤਾ "ਇਹ ਤਾਂ ਦੂਜੀ ਵਾਰ ਜਨਮ ਲੈਣ ਦੇ ਬਰਾਬਰ ਹੋਇਆ। ਦੂਜੀ ਵਾਰ ਜਨਮ ਲੈਣ ਲਈ, ਮੈਨੂੰ ਮਾਂ ਵੀ ਬਦਲਣੀ ਪਵੇਗੀ। ਕਦੇ ਹੋਇਆ ਏ ਇੰਜ? ਕਦੇ ਇਕ ਬੰਦੇ ਦੀਆਂ ਦੋ ਮਾਂਵਾਂ ਹੋਈਆਂ ਨੇ? ਜਾਨਵਰ ਦੀ ਵੀ ਨਹੀਂ ਹੁੰਦੀ"----ਪਰ ਤਾਏ ਨੂੰ ਫਿਕਰ ਸੀ ਕਿ ਦੂਜੇ ਲੋਕਾਂ ਨੇ ਇਤਰਾਜ਼ ਉਠਾਣੇ ਸ਼ੁਰੂ ਕਰ ਦਿੱਤੇ ਸਨ। 'ਸਿੱਖ ਓਥੇ ਕਿਉਂ? ਉਹਨੂੰ ਜਾਣਾ ਚਾਹੀਦਾ ਏ।'

'ਇਕ ਦਿਨ ਦੁਪਿਹਰ ਵੇਲੇ ਲੱਸੀ ਦਾ ਛੰਨਾ ਖਾਲੀ ਕਰ ਕੇ ਉਹਨੇ ਤਾਏ ਨੂੰ ਪੁਛਿਆ -- ਸੱਚ ਦੱਸੀਂ ਚੌਧਰੀ! ਏਹ ਕਿਹੜੀ ਮੱਝ ਦੀ ਲੱਸੀ ਏ?'

----- 'ਬੂਰੀ ਦੀ,' ਤਾਏ ਨੇ ਦੱਸਿਆ।

----- 'ਬੂਰੀ ਪੰਜ ਕਲਿਆਣੀ?'

-----'ਹਾਂ'

---- 'ਉਹਦੀ ਇੱਕ ਅੱਖ ਬਲੌਰੀ ਏ?'

-----'ਆਹੋ'

-----'ਉਹਦੇ ਮੱਥੇ ਫੁੱਲ ਏ?'

-----'ਆਹੋ, ਤੂੰ ਕਿਉਂ ਪੁੱਛੀ ਜਾਂਨਾ ਏ?'

-----'ਸਹੁੰ ਰੱਬ ਦੀ, ਆਪਣੀ ਮੱਝ ਏ। ਮੇਰੀ ਭਾਬੀ ਦੇ ਦਾਜ ਵਿਚ ਆਈ ਸੀ, ਚਾਂਦੀ ਦੀਆਂ ਝਾਂਜਰਾਂ ਪਾ ਕੇ। ਬੜੀ ਨਰੋਈ ਲੱਸੀ ਏ ਇਹਦੀ।' ਤੇ ਫੇਰ ਉਹਨੇ ਫਰਮਾਇਸ਼ ਕੀਤੀ---'ਚੌਧਰੀ! ਬੂਰੀ ਦੀ ਖ਼ਿਦਮਤ ਕੀਤਿਆਂ ਬਹੁਤ ਦਿਨ ਹੋ ਗਏ ਨੇ, ਕਿਸੇ ਦਿਨ ਖੇਤ ਤੇ ਲੈ ਆ! ਤਾਂ ਮੈਂ ਉਹਨੂੰ ਉਸੇ ਤਰ੍ਹਾਂ ਮਲ-ਮਲ ਕੇ ਨਹਾਵਾਂਗਾ।'

ਤਾਏ ਨੇ ਫਰਮਾਇਸ਼ ਪੂਰੀ ਕੀਤੀ ਤਾਂ ਅਜਬ ਤਮਾਸ਼ਾ ਲੱਗਾ---ਦੂਰੋਂ ਹੀ ਅੜਿੰਗਣ ਲੱਗ ਪਈ । ਉਹਨੂੰ ਤਾਂ ਦਿਲਗੀਰ ਦੀ ਖੁਸ਼ਬੂ ਦੂਰੋਂ ਹੀ ਆ ਗਈ ਸੀ ਤੇ ਜਦੋਂ ਦਿਲਗੀਰ ਨੇ ਮੱਝ ਦੀ ਅਵਾਜ਼ ਸੁਣੀ ਤਾਂ ਬਉਰਿਆਂ ਵਾਂਗ ਦੌੜਿਆ। ਮੱਝ ਦੇ ਗੱਲ ਨਾਲ ਇੰਝ ਲਿਪਟ ਗਿਆ ਜਿਵੇਂ ਉਹਦਾ ਕੋਈ ਭੈਣ-ਭਰਾ ਮਿਲ ਗਿਆ ਹੋਵੇ । ਦੋਵੇਂ ਰੋਣ ਲੱਗ ਪਏ! ਤਾਇਆ ਵੀ, ਦਿਲਗੀਰ ਵੀ ਤੇ ਮੱਝ ਉਹਦੇ ਹੱਥਾਂ ਨੂੰ ਚੱਟਣ ਲੱਗ ਗਈ। ਉਸ ਦਿਨ ਦਿਲਗੀਰ ਨੇ ਬੂਰੀ ਨੂੰ ਆਪਣੇ ਬੱਚੇ ਦੀ ਤਰ੍ਹਾਂ ਨੁਹਾਇਆ। ਉਹਦਾ ਪਿੰਡਾ ਲਿਸ਼ਕਣ ਲੱਗਾ, ਤਾਂ ਪੁਰਾਣੀਆਂ ਗੱਲਾਂ ਛੇੜ ਲਈਆਂ। ਦੱਸਣ ਲੱਗਾ---ਏਸ ਤਰ੍ਹਾਂ ਉਹਦੀ ਭਾਬੋ ਦੀ ਡੋਲੀ ਪਿੱਛੇ ਤੁਰੀ ਸੀ। ਚਾਂਦੀ ਦਾ ਸਿਹਰਾ, ਚਾਂਦੀ ਦੀਆਂ ਝਾਂਜਰਾ ਤੇ ਰੇਸ਼ਮ ਦਾ ਪੱਟਾ ਗਲ ਵਿਚ। ਲੋਕ ਖੜੇ ਹੋ ਕੇ ਵੇਖ ਰਹੇ ਸਨ ਫਿਰ ਉਸਨੇ ਮਾਰਫ਼ਤ ਦੀ ਗੱਲ ਕੀਤੀ---

---'ਇਹ ਮੱਝ ਸਿੱਖਾਂ ਦੀ ਮੱਝ ਸੀਗੀ। ਹੁਣ ਮੁਸਲਮਾਨਾਂ ਦੀ ਹੋ ਗਈ। ਇਹਦੀ ਲੱਸੀ ਦਾ ਸਵਾਦ ਉਹੋ ਹੀ ਏ। ਇਨ੍ਹੇ ਤਾਂ ਆਪਣਾ ਮਜ਼੍ਹਬ ਨਹੀਂ ਵਟਾਇਆ।'

ਤਾਇਆ ਖ਼ੁਦ ਵੀ ਏਸੇ ਤਰ੍ਹਾਂ ਸੋਚਦਾ ਸੀ ਪਰ ਉਹ ਦਿਲਗੀਰ ਨੂੰ ਦੱਸ ਨਹੀਂ ਸਕਿਆ। ਇਨਸਾਨ ਨੇ ਇਨਸਾਨ ਨੂੰ ਨੀਵੇਂ ਤੋਂ ਨੀਵਾਂ ਜਾਨਵਰ ਕਿਵੇਂ ਬਣਾ ਦਿੱਤਾ।

ਦਿਲਗੀਰ ਸਿੰਘ ਦਾ ਦਿਲ ਹਰ ਵੇਲੇ ਦਲੀਲੀਂ ਪਿਆ ਰਹਿੰਦਾ ਸੀ। ਭਾਵੇਂ ਉਹ ਜਾਨਵਰ ਦੀ ਜੂਨ ਜੀਊ ਰਿਹਾ ਸੀ, ਇਨਸਾਨਾਂ ਦੀ ਦੁਨੀਆਂ ਤੋਂ ਉਹਦੀ ਜੜ੍ਹ ਉੱਖੜ ਚੁੱਕੀ ਸੀ ਪਰ ਤਾਏ ਦੇ ਉੱਥੇ ਆ ਜਾਣ ਨਾਲ ਉਹ ਉੱਖੜਿਆ ਬੂਟਾ ਜ਼ਿੰਦਗੀ ਦੀ ਜ਼ਮੀਨ ਵਿਚ ਫੇਰ ਥਾਂ ਬਨਾਣ ਲੱਗ ਪਿਆ ਸੀ। ਬੱਚਿਆਂ ਨੂੰ ਵੇਖ ਕੇ ਤਾਂ ਉਹਦੇ ਵਿਚ ਜਾਨ ਜਿਹੀ ਪੈ ਜਾਂਦੀ। ਦੋਹਾਂ ਨੂੰ ਚੁੱਕ ਕੇ ਮੋਢਿਆਂ ਤੇ ਬਿਠਾ ਲੈਂਦਾ। ਤੇ ਊਠ ਵਾਂਗ ਖੇਤ ਵਿਚ ਦੌੜਿਆ ਫਿਰਦਾ, --- 'ਮੈਨੂੰ ਚਾਚਾ ਕਹਿ ਕੇ ਬੁਲਾਓ। ਮੈਂ ਤੁਹਾਡੇ ਲਈ ਵਧੀਆ ਗੰਨੇ ਲੈ ਕੇ ਆਵਾਂਗਾ' ਤੇ ਫੇਰ

ਉਹ ਗੰਨੇ ਲੈਣ ਲਈ ਕਮਾਦ ਵਿਚ ਵੜ ਜਾਂਦਾ। ਫੇਰ ਇਕ ਦਿਨ ਕੁਝ ਲੋਕ ਉਹਨੂੰ ਮਾਰਨ ਲਈ ਆਏ ਉਹਨੇ ਸਭ ਦੀਆਂ ਲਾਠੀਆਂ ਤਾਂ ਧਰਵਾ ਲਈਆਂ ਪਰ ਉਦਾਸ ਬਹੁਤ ਹੋਇਆ 'ਮੈਂ ਏਥੇ ਨਹੀਂ ਰਹਿ ਸਕਦਾ' ਉਹਨੂੰ ਏਹਦਾ ਯਕੀਨ ਸੀ। ਫੇਰ ਇਕ ਦਿਨ ਉਹਨੇ ਤਾਏ ਨੂੰ ਦੱਸਿਆ ਕਿ 'ਪਟਵਾਰੀ ਦੀ ਨੀਅਤ ਠੀਕ ਨਹੀਂ। ਉਹ ਉਹਨਾਂ ਦੀ ਜ਼ਮੀਨ ਤੇ ਕਬਜ਼ਾ ਕਰਨਾ ਚਾਹੁੰਦਾ ਏ। ਕਿਸੇ ਸਰਕਾਰੀ ਅਹਿਲਕਾਰ ਨੂੰ ਨਾਲ ਲਈ ਫਿਰਦਾ ਏ। ਸ਼ਾਇਦ ਏਸ ਮੁਰੱਬੇ ਉੱਤੇ ਅਹਿਲਕਾਰ ਦੀ ਵੀ ਨਜ਼ਰ ਏ। ਪਟਵਾਰੀ ਬਦ-ਨੀਅਤ ਇਹ ਜ਼ਮੀਨ ਉਹਦੇ ਨਾਂ ਪਾ ਦੇਵੇਗਾ ਤੇ ਤਾਏ ਨੂੰ ਬੇਵੱਸ ਪਨਾਹਗੀਰ ਵੇਖ ਕੇ ਕੋਈ ਹਲਕੀ ਜ਼ਮੀਨ ਦੇ ਦੇਵੇਗਾ।' ਤੇ ਬਾਅਦ ਵਿਚ ਹੋਇਆ ਵੀ ਏਹੋ। ਤਾਏ ਨੂੰ ਇਕ ਬੰਜਰ ਟੋਟਾ ਅਲਾਟ ਕਰ ਦਿੱਤਾ। ਪਰ ਏਸ ਤੋਂ ਪਹਿਲਾਂ ਜੋ ਕੁਝ ਹੋਇਆ, ਉਹ ਇਸ ਤਰ੍ਹਾਂ ਸੀ ਕਿ ਪਟਵਾਰੀ ਨੇ ਦਿਲਗੀਰ ਨੂੰ ਘਰ ਬੁਲਾਇਆ, ਉਹ ਨਹੀਂ ਗਿਆ। ਪਟਵਾਰੀ ਆਪ ਖੇਤ 'ਤੇ ਆਇਆ ਤੇ ਇੱਕਲਾ ਵੇਖ ਕੇ ਸਮਝਾਇਆ ਕਿ ਉਹ ਮੁਰੱਬਾ ਛੱਡ ਕੇ ਕਿਤੇ ਹੋਰ ਚਲਾ ਜਾਏ। ਉਹ ਸਿੱਖ ਏ। ਉਹਦੀ ਥਾਂ ਹੁਣ ਉੱਥੇ ਨਹੀਂ ਰਹੀ-----

ਦਿਲਗੀਰ ਨੇ ਜੋ ਜੁਆਬ ਦਿੱਤਾ ਉਹ ਸਿਰਫ਼ ਇਨ੍ਹਾਂ ਸੀ---'ਜੇ ਮੈਂ ਜਾਣ ਵਾਲਾ ਹੁੰਦਾ ਤਾਂ ਉਸੇ ਦਿਨ ਚਲਾ ਜਾਂਦਾ, ਮੈਨੂੰ ਵੇਲੇ ਨੇ ਫੜਿਆ ਹੋਇਆ ਏ। ਜਿਸ ਦਿਨ ਛੱਡ ਦਿੱਤਾ, ਮੈਂ ਜਹਾਨ ਤੋਂ ਈ ਚਲਾ ਜਾਵਾਂਗਾ।' ਦੋ-ਚਾਰ ਦਿਨ ਗੁਜ਼ਰ ਗਏ। ਇਕ ਸਵੇਰ ਨੂੰ ਦਿਲਗੀਰ ਜਾਗਿਆ ਹੀ ਨਹੀਂ। ਦਿਨ ਚੜ੍ਹੇ ਤੱਕ ਆਪਣੀ ਜਗ੍ਹਾ ਪਿਆ ਰਿਹਾ। ਇਹ ਉਹਦੀ ਆਦਤ ਨਹੀਂ ਸੀ। ਉਹ ਤਾਂ ਤੜਕੇ ਉੱਠ ਕੇ ਕੰਮੀ ਰੁਝ ਜਾਂਦਾ ਸੀ। ਨਰਮ ਜਿਹੀ ਦੁਪਹਿਰ ਹੋ ਗਈ। ਜਦੋਂ ਤਾਏ ਨੇ ਆ ਕੇ ਉਹਦੇ ਮੂੰਹ ਤੋਂ ਪਰਾਲੀ ਹਟਾਈ ਉਹਦਾ ਪਿੰਡਾ ਠੰਢਾ ਸੀ, ਉਹਦੇ ਹੋਂਠ ਨੀਲੇ ਸਨ, ਤੇ ਪੁੜਪੁੜੀਆਂ ਉੱਤੇ ਡੂੰਘੇ ਨੀਲੇ ਜ਼ਖ਼ਮਾਂ ਦੇ ਨਿਸ਼ਾਨ ਸਨ। ਉਹਨੂੰ ਡੱਸ ਲਿਆ ਸੀ----ਸੱਪ ਨੇ, ਸ਼ਾਇਦ ਪਟਵਾਰੀ ਨੇ, ਕੋਈ ਨਹੀਂ ਜਾਣਦਾ?'

ਆਪਣੇ ਅੱਥਰੂਆਂ ਨਾਲ ਉਹਦਾ ਮੂੰਹ ਧੋਤਾ । ਫੇਰ ਉਹਨੂੰ ਦਫ਼ਨ ਕਰ ਦਿੱਤਾ ਉੱਥੇ ਈ ਉਸ ਖੇਤ ਵਿਚ, ਤੇ ਉਹਦੀ ਕਬਰ ਉੱਤੇ ਇਕ ਨਵੀਂ ਟਾਹਲੀ ਲਾ ਦਿੱਤੀ।

'ਉਹ ਨਿਸ਼ਾਨੀ ਹੁਣ ਜਵਾਨ ਹੋ ਚੁਕੀ ਏ।' ਤਾਏ ਨੇ ਮੈਨੂੰ ਦੱਸਿਆ ਕਿ, 'ਉਹਨੂੰ ਪਤਾ ਏ ਕਿ ਉਹ ਟਾਹਲੀ ਕਿਹੜੀ ਏ।'

'ਉਹਨਾਂ ਟਾਹਲੀਆਂ ਦਾ ਪਤਾ ਵੀ ਕਿਸੇ ਨੂੰ ਨਹੀਂ, ਜੋ ਅਖੀਰ ਦਿਲਗੀਰ ਉੱਥੇ ਲਾਈਆਂ ਸਨ----ਨਿਸ਼ਾਨੀਆਂ।' ਤਾਏ ਨੇ ਉਹਨਾਂ ਦੀ ਦੇਖਭਾਲ ਦਾ ਵਾਅਦਾ ਨਿਭਾਇਆ ਸੀ, ਉਹ ਸਭ ਟਾਹਲੀਆਂ ਜਵਾਨ ਹੋ ਚੁੱਕੀਆਂ ਨੇ। ਮੇਰੇ ਤਾਏ ਦੇ ਦਿਲ ਵਿਚ ਜਿੰਨੇ ਦੁੱਖ ਸਨ, ਉਹਨਾਂ ਸਾਰਿਆਂ ਉੱਤੇ ਵਕਤ ਨੇ ਟਾਹਲੀਆਂ ਬੀਜ ਦਿੱਤੀਆਂ। ਏਹ ਵੀ ਗੱਲ ਵੀ ਤਾਇਆ ਖ਼ੁਦ ਹੀ ਦੱਸਦਾ ਸੀ, 'ਵੇਲਾ ਆਪ ਵੀ ਟਾਹਲੀਆਂ ਬੀਜ ਦੇਂਦਾ ਏ।'

ਪਰ ਫਿਰ ਵੀ ਲੱਖਾਂ ਦੀਆਂ ਹੱਡੀਆਂ---ਕਿਰਚਾਂ ਮਿੱਟੀ ਵਿਚ ਲੁਕੀਆਂ ਰਹਿ ਜਾਂਦੀਆਂ ਨੇ, ਲਫ਼ਜ਼ਾਂ ਦੀ ਜ਼ੁਬਾਨੀ ਦਿਲਗੀਰ ਦੀ ਕਹਾਣੀ ਜਦੋਂ ਏਥੇ ਤੱਕ ਪਹੁੰਚੀ ਸੀ, ਤਾਂ ਤਾਇਆ ਹੰਝੂਆਂ ਦੇ ਘੁੱਟ ਅੰਦਰੋ-ਅੰਦਰ ਪੀਣ ਲੱਗਾ ਸੀ। 'ਕੁਝ ਨਹੀਂ ਕਾਕੀ! ਏਹ ਦੁਨੀਆਂ! ਕੁਝ ਨਹੀਂ। ਨਾ ਇਹਦੀ ਖ਼ੁਸ਼ੀ ਚੰਗੀ, ਨਾ ਏਹਦਾ ਦੁੱਖ ਭਲਾ!' ਏਹ ਲਫ਼ਜ਼ ਕਹਾਣੀ ਦੇ ਅੰਤ ਵਿਚ ਤਾਏ ਨੇ ਕਹੇ ਸਨ।

ਪਰ ਇਹ ਕਹਾਣੀ ਅੰਤ ਦੀ ਕਹਾਣੀ ਸੀ।

---

## -ਸਾਂਝਾਂ-

ਲੁਕੀਆਂ ਛੁਪੀਆਂ ਕਦੇ ਨਾਂ ਰਹੀਆਂ, ਸਾਂਝਾਂ, ਏਸ ਜਹਾਨ ਦੀਆਂ।

ਕਿਵੇਂ, ਮਿੱਟੀ ਦੇ ਵਿਚ ਮਿੱਟੀ ਹੋਈਆਂ, ਸਾਂਝਾਂ ਸਭ ਇਨਸਾਨ ਦੀਆਂ।

ਦਾਮਨ! ਏਹ ਤੇ ਰਹਿਣ ਦਿਉ, ਕੁਝ ਸਾਂਝਾਂ ਰਹਿਣ ਜ਼ੁਬਾਨ ਦੀਆਂ।

-ਉਸਤਾਦ ਦਾਮਨ-

12

# ਘਿਉ ਦਾ ਗੜਵਾ

## ਅਬਦਲ ਹੱਕ ਅਲਵੀ

ਸਾਡਾ ਪਿੰਡ, ਜਲੰਧਰ ਛਾਉਣੀ ਤੋਂ ਪਹਾੜ ਵਾਲੇ ਪਾਸੇ, ਹੁਸ਼ਿਆਰਪੁਰ ਵਾਲੀ ਸੜਕ 'ਤੇ, ਛਾਉਣੀ ਤੋਂ ਦੋ ਮੀਲ ਦੀ ਵਿੱਥ 'ਤੇ ਸੀ। ਪੜ੍ਹਿਆਂ-ਲਿਖਿਆਂ ਦਾ ਪਿੰਡ ਹੋਣ ਕਰਕੇ ਚੰਗੀ ਮਸ਼ਹੂਰੀ ਸੀ, ਕਿਉਂ ਜੇ ਇਲਾਕੇ ਵਿੱਚੋਂ ਤਾਲੀਮ, ਪਹਿਲਾਂ ਏਥੇ ਆਈ ਸੀ। ਮੀਆਂ ਨਸੀਰ ਅਹਿਮਦ, ਸਾਡੇ ਪਿੰਡ ਦੇ ਹੀ ਵਸਨੀਕ ਸਨ। ਅਸਲ ਵਿਚ, ਪਿੰਡ ਦੀ ਲੋਕੇਸ਼ਨ ਦੀ ਵਜ੍ਹਾ ਨਾਲ ਤਾਲੀਮ ਆਮ ਸੀ। ਕਾਲਜ ਤੀਕ ਪੜ੍ਹਾਈ, ਸਰ੍ਹੋਂ ਦਾ ਸਾਗ ਖਾ ਕੇ ਹੋ ਜਾਂਦੀ ਸੀ। ਆਲੇ-ਦੁਆਲੇ ਦੇ ਪਿੰਡਾਂ ਨਾਲ ਚੰਗਾ ਭਾਈਚਾਰਾ ਸੀ।

ਸਨ-ਸਤਵੰਜਾਂ ਦੀ ਗੱਲ ਏ, ਜਦੋਂ ਮੈਂ ਵਿਲਾਇਤ ਪੜ੍ਹਾਈ ਲਈ ਗਿਆ ਤੇ ਫੇਰ ਉੱਥੋਂ ਦਾ ਈ ਹੋ ਕੇ ਰਹਿ ਗਿਆ। ਇੰਜ ਵਤਨੀ ਭਰਾਵਾਂ ਨਾਲ ਮੇਲ-ਮੁਲਾਕਾਤ ਹੋਈ ਤੇ ਕਦੇ-ਕਦੇ ਇਕ ਦੂਜੇ ਨਾਲ ਸਨ-ਸੰਤਾਲੀ ਤੋਂ ਪਹਿਲਾਂ ਦੀਆਂ ਗੱਲਾਂ ਵੀ ਹੋਣ ਲੱਗ ਪੈਂਦੀਆਂ। ਮੈਂ ਅੱਜ ਉਹਨਾਂ ਦਿਨਾਂ ਦੀ ਹੀ ਕਹਾਣੀ ਸੁਨਾਣ ਲੱਗਾ ਹਾਂ।

ਜਦੋਂ ਮੁਲਕ ਦੀ ਵੰਡ ਹੋਈ, ਤੇ ਅੰਗਰੇਜ਼ਾਂ ਦੀ ਸ਼ਾਜ਼ਿਸ਼ ਨਾਲ ਪੰਜਾਬ ਵੀ ਟੋਟੇ-ਟੋਟੇ ਹੋ ਗਿਆ। ਸਦੀਆਂ ਤੋਂ ਰਲ ਵੱਸਦੇ ਲੋਕੀ ਇਕ-ਦੂਜੇ ਦੇ ਲਹੂ ਦੇ ਤ੍ਰਿਹਾਏ ਬਣ ਗਏ । ਪਲਾਂ ਵਿਚ ਲੋਕਾਂ ਦੀਆਂ ਅੱਖਾਂ ਬਦਲ ਗਈਆਂ, ਜਿਹੜੇ ਇਕ-ਦੂਜੇ ਦੇ ਪੱਗ-ਵੱਟ ਸਨ, ਖ਼ੂਨ ਦੇ ਵੈਰੀ ਬਣ ਗਏ। ਖੌਰੇ! ਕੀ ਹੋ ਗਿਆ ਸੀ?

ਲਹਿੰਦੇ ਪਾਸੇ, ਸਾਡਾ ਪਿੰਡ ਲਾਲੇ ਵਾਲਾ ਸੀ ਤੇ ਚੜ੍ਹਦੇ ਪਾਸੇ ਨੰਗਲ, ਸਿੱਖਾਂ ਦਾ ਪਿੰਡ ਸੀ। ਬੜੀ ਭਰੱਪੀ ਹੈਗੀ ਸੀ, ਸਿਆਣੇ ਰੱਲ ਬਹਿੰਦੇ ਹੁੰਦੇ ਸਨ। ਅਸੀਂ ਕਈ ਵਾਰ ਫੁੱਟਬਾਲ ਦਾ ਮੈਚ ਖੇਲਣਾ ਤੇ ਇਹ ਫ਼ਰਕ ਕਦੇ ਨਹੀ ਸੀ ਲੱਗਾ, ਜੇ ਇਕ ਦਿਨ ਸਾਡੇ ਫਾਸਲੇ ਏਨੇ ਕੁ ਵੱਧ ਜਾਣੇ ਨੇ, ਜੋ ਮੁੜ ਇਕ-ਦੂਜੇ ਦਾ ਮੂੰਹ ਵੇਖਣਾ ਵੀ ਨਸੀਬ ਨਹੀਂ ਹੋਣਾ।

ਅਗਸਤ 1947 ਵਿਚ, ਜਦੋਂ ਮੁਲਕ ਦੀ ਵੰਡ ਤੇ ਹੱਦਬੰਦੀ ਦਾ ਐਲਾਨ ਹੋਇਆ, ਤਾਂ ਸਾਡੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਅਸੀਂ ਆਪਣੀ ਧਰਤੀ 'ਤੇ ਗ਼ੈਰ-ਮੁਲਕੀ ਹੋ ਗਏ ਸਾਂ। ਸਿਆਣਿਆਂ ਰਲ ਕੇ ਇਹ ਫੈਸਲਾ ਕੀਤਾ, 'ਜੇ ਨੰਗਲ ਵਾਲੇ ਸਾਡੇ ਉੱਤੇ ਹਮਲਾ ਕਰਨ ਵਾਲਿਆਂ ਨੂੰ ਰੋਕਣਗੇ ਤਾਂ, ਅਸੀਂ ਉਹਨਾਂ ਤੇ ਹਮਲਾ ਕਰਨ ਵਾਲਿਆਂ ਨੂੰ ਠੱਲਾਂਗੇ।' ਜਦੋਂ ਗੱਲ ਵਸੋਂ-ਬਾਹਰ ਹੋ ਗਈ ਤੇ ਸਾਰਾ ਪੰਜਾਬ ਲਹੂ-ਲੁਹਾਨ ਹੋ ਗਿਆ, ਪਿੰਡ ਵਾਲਿਆਂ 'ਕੱਠੇ ਹੋ, ਸਲਾਹ ਕੀਤੀ ਪਈ ਹੁਣ ਖ਼ਬਰਦਾਰ ਰਹਿਣਾ ਪਵੇਗਾ। ਇਕ ਦੁਪਹਿਰ ਵੇਲੇ, ਕੁਝ ਫੌਜੀ ਗੱਡੀਆਂ ਸਾਡੇ ਪਿੰਡ ਆਈਆਂ। ਉਹਨਾਂ ਲੋਕਾਂ ਨੂੰ ਇਕੱਠਿਆਂ ਕਰ ਕੇ ਆਖਿਆ, "ਨਾ ਤੇ ਤੁਸੀਂ ਕਿਸੇ ਤੇ ਹਮਲਾ ਕਰੋਗੇ, ਤੇ ਨਾ ਈ ਉਹ ਕਿਸੇ ਨੂੰ ਸਾਡੇ ਤੇ ਹਮਲਾ ਕਰਨ ਦੇਣਗੇ।" ਜਾਂਦੇ ਹੋਏ, ਉਹ ਦੋ ਸਿਪਾਹੀ ਸਾਡੇ ਪਿੰਡ ਛੱਡ ਗਏ । ਲੌਢੇ ਵੇਲੇ ਨਾਲ ਨੰਗਲ ਵਾਲੇ ਰਾਹ ਕੋਲ ਇਕ ਟਰੱਕ ਆ ਖਲੋਤਾ। ਕੁਝ ਬੰਦੇ ਵਿਚੋਂ ਉੱਤਰ ਕੇ, ਟਿੱਬੇ ਦੇ ਥੱਲੇ ਵੱਲ ਚਲੇ ਗਏ ਤੇ ਇਕ ਦੋ ਬੰਦੇ ਟਿੱਬੇ ਉੱਤੇ ਹੀ ਬਹਿ ਗਏ। ਉਹ ਸਾਰੇ ਹੀ ਮੁਸੱਲ੍ਹਾ ਸਨ। ਮਿਲਟਰੀ ਦਾ ਅੰਗਰੇਜ਼ ਅਫਸਰ ਜਦੋਂ ਜੀਪ ਵਿੱਚੋਂ ਲੰਘਿਆ, ਉਹਨੂੰ ਵੇਖ ਕੇ ਟਿੱਬੇ ਉੱਤੇ ਬੈਠੇ ਬੰਦੇ, ਖਿਸਕ ਕੇ ਲਾਂਭੇ ਚਲੇ ਗਏ। ਉਹਨੂੰ ਸ਼ੱਕ ਪੈ ਗਿਆ। ਉਸ ਹੁਸ਼ਿਆਰਪੁਰ ਵੱਲ ਜੀਪ ਮੋੜ ਲਈ ਤੇ ਕੋਈ ਫਰਲਾਂਗ ਕੁ ਪੰਧ ਜਾ ਕੇ, ਇਕ ਰਾਹ ਨੰਗਲ ਵੱਲ ਮੁੜਦਾ ਸੀ, ਉਹਨੇ ਜੀਪ ਉੱਧਰ ਮੋੜ ਦਿੱਤੀ, ਤੇ ਚੜ੍ਹਦੇ ਪਾਸਿਓਂ ਟਿੱਬੇ ਲਾਗੇ ਅੱਪੜ ਕੇ, ਹਮਲੇ ਲਈ ਇੱਕਠੇ ਹੋਣ ਵਾਲਿਆਂ ਨੂੰ ਲਹੂ-ਲੁਹਾਨ ਕਰ ਦਿੱਤਾ।

ਇਸ ਤੋਂ ਪਿੱਛੋਂ ਸਿਆਣਿਆਂ ਮਸ਼ਵਰਾ ਕੀਤਾ, 'ਜੇ ਹੁਣ, ਜਾਣ ਲਈ ਕਾਕੀ ਪਿੰਡ ਛਾਉਣੀ ਲਾਗੇ ਚਲੇ ਚੱਲੀਏ।' ਜੋ ਨਿੱਕਾ ਨਿਆਣਾ ਸੀ, ਸਭ ਕੈਂਪ ਵਿੱਚ ਚਲੇ ਗਏ। ਰੱਬ ਦਾ ਕਰਨਾ ਇੰਜ ਹੋਇਆ ਜੋ, ਅਸੀ ਟਾਂਗੇ ਵਿਚ ਬਹਿ ਕੇ ਪਿੰਡ ਜਾਣ ਲਈ ਕਾਕੀ ਪਿੰਡ ਤੋਂ ਬਾਹਰ ਹੀ ਨਿਕਲਦੇ ਪਏ ਸਾਂ, ਜੋ ਦਸ-ਪੰਦਰਾਂ ਬੱਸਾਂ ਹੁਸ਼ਿਆਰਪੁਰ ਵੱਲੋਂ ਆ ਕੇ ਸੜਕ 'ਤੇ ਖਲੋ ਗਈਆ। ਉਹਨਾਂ ਐਲਾਨ ਕੀਤਾ ਕਿ ਪਾਕਿਸਤਾਨ ਜਾਣ ਲਈ ਤਿਆਰ ਹੋ ਜਾਓ। ਕਿਉਂ ਜੇ, ਹੁਸ਼ਿਆਰਪੁਰ ਦੇ ਰਾਹ ਵਿੱਚ ਚੋਅ ਚੜ੍ਹੇ ਪਏ ਨੇ। ਅਸਾਂ ਟਾਂਗਾ ਉੱਥੇ ਛਡਿਆ ਤੇ ਭੱਜ ਕੇ ਆਪਣੇ ਕੈਂਪ ਵਿਚ ਪਹੁੰਚ ਗਏ। ਥੋੜ੍ਹੇ ਚਿਰ ਵਿਚ ਬੱਸਾਂ ਭਰ ਗਈਆਂ, ਤੇ ਸਾਡੇ 'ਖ਼੍ਵਾਬਾਂ ਦੇ ਦੇਸ ਪਾਕਿਸਤਾਨ' ਵੱਲ ਮੂੰਹ ਮੋੜ ਲਏ। ਉਸ ਜ਼ਮਾਨੇ ਵਿਚ ਬੱਸਾਂ ਭਾਫ਼ ਨਾਲ ਚੱਲਦੀਆਂ ਸਨ ਤੇ ਤੋਰ ਬੜੀ ਮੱਠੀ ਹੁੰਦੀ ਸੀ। ਸ਼ਾਮ ਵੇਲੇ ਵਾਘੇ ਦੀ ਸਰਹੱਦ 'ਤੇ ਅੱਪੜ ਕੇ ਬੱਸਾਂ ਖਲੋ ਗਈਆਂ, ਤੇ ਏਸ ਪੜਾਅ ਸਾਰੇ ਮੁਹਾਜਰਾਂ ਦੀ ਸੇਵਾ ਜ਼ੋਰ-ਸ਼ੋਰ ਨਾਲ ਕੀਤੀ ਗਈ। ਰਾਤ ਲਾਹੌਰ ਰੇਲਵੇ ਸ਼ਟੇਸ਼ਨ ਦੇ ਪਲਾਟਾਂ ਵਿੱਚ ਲੰਘਾ ਕੇ, ਅਸੀਂ ਆਪਣੇ ਭਰਾ ਦੇ ਘਰ ਘੁਮਿਆਰ ਪੁਰੇ ਪੁੱਜ ਗਏ।

ਸਾਡਾ ਘਰ ਦਾ ਸਾਰਾ ਸਮਾਨ, ਮਾਲ ਡੰਗਰ ਤੇ ਬੰਦੇ ਪਿੱਛੇ ਰਹਿ ਗਏ ਸਨ। ਜਲੰਧਰ ਛਾਉਣੀ ਤੋਂ ਜਦੋਂ ਮਿਲਟਰੀ ਲੱਭ ਜਾਂਦੀ ਤਾਂ ਕਾਫ਼ਲਾ ਟੁਰ ਪੈਂਦਾ ਸੀ। ਮੈਂ ਵੀ ਲਾਹੌਰੋਂ ਵਾਪਸ, ਆਪਣੇ ਪਿੰਡ ਅੱਪੜ ਗਿਆ। ਜਦੋਂ ਮੈ ਕਾਕੀ ਪਿੰਡ ਕੈਂਪ ਵਿਚ ਗਿਆ, ਤਾਂ ਸਾਰੇ ਲੋਕੀਂ ਲਾਲੇ ਵਾਲਾ ਨੂੰ ਛੱਡ ਕੇ, ਸਣੇ ਸਮਾਨ ਤੇ ਡੰਗਰਾਂ, ਕੈਂਪ ਵਿਚ ਅੱਪੜ ਚੁੱਕੇ ਸਨ। ਮਾਲ ਡੰਗਰਾਂ ਲਈ ਪੱਠੇ

ਲਿਆਉਣ ਦੀ ਜ਼ਿੰਮੇਦਾਰੀ ਜੁਆਨਾਂ ਦੀ ਸੀ। ਟੁਰਨ ਤੋਂ ਪਹਿਲਾਂ ਇਕ ਭਰਾ ਆਖਣ ਲੱਗਾ, 'ਯਾਰ! ਫੇਰ ਖੌਰੇ ਮੁੜ ਕੇ ਨਾ ਆਣਾ ਹੋਵੇ, ਚੰਗਾ ਨਹੀ ਜੇ, ਆਪਾਂ ਬਜ਼ੁਰਗਾਂ ਦੀਆਂ ਕਬਰਾਂ ਉੱਤੇ 'ਫਾਤਾਹ' ਆਖ ਲਈਏ।' ਸਾਰਿਆਂ ਇਹ ਸਲਾਹ ਮੰਨ ਲਈ। ਜਦੋਂ ਪਿੰਡ ਦੀ ਜੂਹ ਲਾਗੇ ਅੱਪੜੇ, ਤਾਂ ਵਰਿਆਮਾ ਚਮਾਰ ਮੱਝਾਂ ਚਾਰਦਾ ਨਜ਼ਰੀਂ ਆਇਆ । ਉਸ, ਜਦੋ ਸਾਨੂੰ ਵੇਖਿਆ ਤੇ ਮਾਲ-ਡੰਗਰ ਛੱਡ ਕੇ ਸਾਡੇ ਵੱਲ ਭੱਜਦਾ ਆਇਆ ਤੇ ਹੱਥ ਜੋੜ ਕੇ ਆਖਣ ਲੱਗਾ, "ਰੱਬ ਦਾ ਵਾਸਤਾ ਜੇ! ਏਥੋਂ ਈ ਮੁੜ ਜਾਵੋ। ਏਥੇ ਜਿਹੜੇ ਲੋਕੀਂ ਬਾਹਰੋਂ ਆਏ ਨੇ ਉਹ ਤੁਹਾਡੇ ਲਹੂ ਦੇ ਪਿਆਸੇ ਨੇ।" ਅਸੀਂ ਦਲੀਲੀਂ ਪੈ ਗਏ। ਏਨੇ ਨੂੰ ਕੀ ਵੇਖਣੇ ਆਂ, ਜੇ ਪੰਜ-ਛੇ ਜਣੇ ਕਿਰਪਾਨਾਂ, ਟਕੂਏ ਲੈ ਕੇ ਸਾਡੇ ਵੱਲ ਨੱਸੇ ਆਉਂਦੇ ਨੇ। ਜਦੋਂ ਥੋੜ੍ਹੀ ਜਿਹੀ ਵਿੱਥ ਤੇ ਰਹਿ ਗਏ ਅਸਾਂ ਵੀ ਦੁੜਕ ਲਾ ਦਿੱਤੀ। ਕਮਾਦ ਦੇ ਖੇਤ ਦਾ ਉਹਲਾ ਹੋਣ ਕਰਕੇ, ਉਹਨਾਂ ਨੂੰ ਸਾਡੇ ਭੱਜਣ ਦਾ ਪਤਾ ਕੁਝ ਚਿਰ ਮਗਰੋ ਲੱਗਾ। ਨਾਲੇ ਮੌਤ ਜਦੋਂ ਸਾਹਮਣੇ ਆਣ ਹੁੰਗਾਰਾ ਭਰਦੀ ਦਿਸਦੀ ਹੋਵੇ, ਉਸ ਵੇਲੇ ਬੰਦਾ ਆਪ ਹੀ ਤ੍ਰਿਖਾ ਹੋ ਜਾਂਦਾ ਏ। ਰੱਬ-ਰੱਬ, ਕਰਕੇ ਪੱਕੀ ਸੜਕ ਤੇ ਅੱਪੜੇ। ਉੱਧਰੋਂ ਮਿਲਟਰੀ ਦੀਆਂ ਦੋ ਗੱਡੀਆਂ ਆ ਗਈਆ। ਇੰਜ ਸਾਡੀ ਬੱਚਤ ਹੋ ਗਈ । ਮੌਤ, ਹਰ ਵੇਲੇ ਆਲੇ-ਦੁਆਲੇ ਗੇੜੇ ਕੱਢਦੀ ਨਜ਼ਰੀ ਪੈਂਦੀ ਸੀ।

ਅਗਲੇ ਦਿਨ ਈ ਐਲਾਨ ਹੋ ਗਿਆ, 'ਜੇ ਕਾਫ਼ਲਾ ਸੁਬ੍ਹਾ-ਤੜਕੇ ਟੁਰ ਪਏਗਾ।' ਸਮਾਨ ਤੇ ਅੱਗੇ ਈ ਬੰਨ੍ਹਿਆ ਹੋਇਆ ਸੀ। ਤੜਕ-ਸਾਰ ਮੀਂਹ ਸ਼ੁਰੂ ਹੋ ਗਿਆ, ਪਰ ਕਾਫ਼ਲੇ ਦੇ ਟੁਰਨ ਵਿਚ ਕੋਈ ਰੁਕਾਵਟ ਨਾ ਪਈ। ਸਾਡਾ ਸਾਰਾ ਸਮਾਨ ਦੋ ਗੱਡਿਆ ਤੇ ਲੱਦਿਆ ਹੋਇਆ ਸੀ। ਤਿੰਨ ਬਲਦ ਤੇ ਇਕ ਸੰਢਾ ਸੀ। ਰੱਬ ਦੇ ਆਸਰੇ ਕਾਫ਼ਲਾ ਚੱਲ ਪਿਆ। ਦੁਪਹਿਰ ਵੇਲੇ ਕਾਫ਼ਲਾ ਜਲੰਧਰੋਂ ਅੱਗੇ ਲੰਘ ਆਇਆ ਸੀ। ਮੀਂਹ ਵਿਚ ਟੁਰਦੇ-ਟੁਰਦੇ ਬਿਆਸੇ ਦਰਿਆ ਉਤੇ ਕਾਫ਼ਲਾ ਰਾਤ ਨੂੰ ਠਹਿਰ ਗਿਆ। ਬਾਰਸ਼ਾਂ ਦਾ ਮੌਸਮ ਸੀ। ਰਾਤ ਹਨ੍ਹੇਰੀ ਤੇ ਚਾਰ-ਚੁਫੇਰੇ ਦਰਿਆ ਦੇ ਸ਼ੂਕਰਨ ਦੀਆ ਆਵਾਜ਼ਾਂ ਆਉਂਦੀਆਂ ਸਨ। ਬਾਰਸ਼ ਜ਼ੋਰਾਂ ਨਾਲ ਵਰ੍ਹਦੀ ਪਈ ਸੀ। ਇਕ ਦਮ ਬਿਆਸੇ ਦਰਿਆ ਦਾ ਪਾਣੀ, ਕੰਢਿਆਂ ਤੋਂ ਬਾਹਰ ਉੱਬਲ ਪਿਆ। ਨੱਸ-ਦੌੜ ਸ਼ੁਰੂ ਹੋ ਗਈ, ਹਰ ਕੋਈ ਹੜ੍ਹ ਦੇ ਪਾਣੀ ਤੋਂ ਬਚਣ ਲਈ ਉੱਚੀ ਥਾਂ ਵੱਲ ਭੱਜ ਪਿਆ। ਪਰ, ਫੇਰ ਵੀ ਸਾਰੇ ਲੋਕੀਂ ਲਲਕਰਾਂ ਮਾਰਦੇ, ਪਾਣੀ ਵਿਚ ਡੁੱਬਦੇ, ਹਾੜ੍ਹੇ ਪਏ ਕਰਦੇ ਸਨ। ਪਰ ਉਹਨਾਂ ਨੂੰ ਬਚਾਣ ਵਾਲਾ ਕੋਈ ਨਹੀਂ ਸੀ। ਸਾਡੀਆਂ ਅੱਖਾਂ ਦੇ ਸਾਹਮਣੇ ਮੌਤ ਦਾ ਨਾਚ ਹੋ ਰਿਹਾ ਸੀ। ਅਸੀ ਬੇ-ਵੱਸ, ਇੱਕ ਖੂਹ ਦੀ ਪੈੜ ਉੱਤੇ ਪਨਾਹ ਲੈਣ ਲਈ ਚੜ੍ਹ ਗਏ ਸਾਂ। ਗੱਡਿਆ ਉੱਤੇ ਬੈਠੇ ਇਨਸਾਨ ਰੁੜ੍ਹੀਂ ਜਾਂਦੇਂ ਸਨ। ਤੇ, ਜਦ ਬੰਦਾ ਕਿਸੇ ਦਰਖ਼ਤ ਨਾਲ ਅੜ ਕੇ ਹਲੂਣਾ ਖਾਂਦਾ ਤੇ ਮੂਧਾ ਹੋ ਜਾਂਦਾ।

ਫੌਜੀ ਜਵਾਨ ਬਿਆਸੇ ਦੇ ਪੁਲ ਉੱਤੇ ਰੱਸੇ ਲੈ ਕੇ ਲੋਕਾਂ ਨੂੰ ਬਚਾਉਣ ਦਾ ਯਤਨ ਕਰ ਰਹੇ ਸਨ। ਫੇਰ ਵੀ ਸੈਂਕੜੇ ਲੋਕ ਆਪਣੀਆਂ ਜਾਨਾਂ ਗੁਆ ਬੈਠੇ ਸਨ। ਅਸੀਂ ਤਿੰਨ ਦਿਨ ਤੇ ਤਿੰਨ ਰਾਤਾਂ ਪਾਣੀ ਵਿਚ ਖਲੋ ਕੇ ਗੁਜ਼ਾਰੇ, ਖਾਣ-ਪੀਣ ਤੋ ਬਗ਼ੈਰ। ਮਾਸਟਰ ਅਲੀ ਗੌਹਰ, ਸਣ-ਟੱਬਰੇ ਖੂਹ ਦੀ ਪੈੜ ਤੇ ਬੱਚਿਆਂ ਨੂੰ ਕੁੱਛੜ ਚੁੱਕ ਕੇ ਖਲੋਤੇ ਰਹੇ। ਤੀਜੇ ਦਿਨ ਪਾਣੀ ਨੇ ਲਹਿਣਾ ਸ਼ੁਰੂ ਕਰ ਦਿੱਤਾ ਤੇ ਅਖ਼ੀਰ ਦਰਿਆ ਆਪਣੇ-ਆਪ ਵਿਚ ਹੋ ਗਿਆ। ਲੋਕੀਂ ਇਕ ਦੂਜੇ ਨੂੰ ਲੱਭਣ ਲੱਗ ਪਏ, ਤਾਂ ਜੇ ਕੋਈ ਬਚ ਗਿਆ ਏ ਕਿ ਨਹੀਂ। ਡੰਗਰਾਂ ਲਈ ਪੱਠਾ-ਤੂੜੀ ਮੁੱਕ ਗਿਆ ਸੀ। ਖਾਣ-ਪੀਣ ਦਾ ਸਮਾਨ ਹੜ੍ਹ ਨੇ ਬਰਬਾਦ ਕਰ ਦਿੱਤਾ ਸੀ, ਭੁੱਖ ਨੇ ਹਿੱਲਣ ਜੋਗੇ ਨਹੀਂ ਸੀ ਛੱਡਿਆ।

ਇਕ ਸਰਦਾਰ, ਦੋ ਜੁਆਨ ਲੈ ਕੇ ਹੜ੍ਹ ਵਾਲੇ ਇਲਾਕੇ ਵਿੱਚ ਗੇੜਾ ਲਾ ਰਿਹਾ ਸੀ। ਅਸੀਂ ਹੈਰਾਨ ਹੋਏ, ਜੇ ਇਹ ਰੱਬ ਦਾ ਬੰਦਾ, ਕੀ ਲੱਭਦਾ ਫਿਰਦਾ ਏ?

ਉਹ ਸਾਡੇ ਲਾਗੇ ਆਏ ਤੇ ਮੇਰੇ ਚਾਚੇ ਆਖਿਆ,"ਸਰਦਾਰ ਜੀ! ਕੀ ਲੱਭਦੇ ਓ?" ਉਸ ਅੱਗੋਂ ਮੋੜ ਦਿੱਤਾ, "ਲੱਭਦੇ ਤਾਂ ਕੁਛ ਨਹੀਂ! ਤੁਸੀਂ ਦੱਸੋ ਕਿਸੇ ਸ਼ੈਅ ਦੀ ਲੋੜ ਹੋਵੇ ?"

ਮੈਂ ਛੇਤੀ ਨਾਲ ਆਖਿਆ, "ਸਰਦਾਰ ਜੀ ਸਾਨੂੰ ਕੋਈ ਲੋੜ ਨਹੀਂ'।" ਕਿਉਂ ਜੇ ਮੈਨੂੰ ਪਤਾ ਸੀ, ਜੇ ਉਸ ਵੇਲੇ, ਕੋਈ ਸਿੱਖ ਸਾਡਾ ਸੱਜਣ ਕਿਵੇਂ ਹੋ ਸਕਦਾ ਸੀ? ਬੰਦਾ ਸਿਆਣਾ ਸੀ , ਸਮਝ ਗਿਆ ਤੇ ਕਹਿਣ ਲੱਗਾ, "ਕਾਕਾ ਮੈਂ ਤੇਰੀ ਗੱਲ ਸਮਝ ਗਿਆ, ਤੁਹਾਨੂੰ ਹਰ ਸ਼ੈਅ ਦੀ ਥੋੜ੍ਹ ਏ, ਪਰ ਤੁਸੀਂ ਡਰਦੇ ਓ।" ਮੇਰੇ ਮੂੰਹੋਂ ਛੇਤੀ ਨਾਲ ਨਿਕਲ ਗਿਆ, "ਆਹੋ! ਤੁਹਾਡੇ ਕੋਲੋਂ ਡਰ ਆਂਦਾ ਏ।" ਉਹ ਹੱਸ ਕੇ ਆਖਣ ਲੱਗਾ, "ਪੁੱਤਰ ! ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ, ਮੈਨੂੰ ਅਜ਼ਮਾਕੇ ਦੇਖੋ! ਤੁਹਾਡੇ ਡੰਗਰ ਭੁੱਖੇ ਨੇ, ਪੱਕ ਨਾਲ! ਤੁਸੀਂ ਵੀ ਕਈ ਦਿਨਾਂ ਤੋਂ ਭੁੱਖੇ ਓ।"

ਗੱਲ ਤੇ ਠੀਕ ਸੀ। ਚਾਚੇ ਹੁਰੀਂ ਆਖਣ ਲੱਗੇ, "ਸਰਦਾਰ ਜੀ ਭੁੱਖ ਬੜੀ ਬੁਰੀ ਸ਼ੈਅ ਜੇ, ਅੱਜ ਪੰਜ ਦਿਨ ਦਾ ਫ਼ਾਕਾ ਏ।" ਉਹਦੀਆਂ ਅੱਖਾਂ ਵਿੱਚੋਂ ਤ੍ਰਿਪ-ਤ੍ਰਿਪ ਅੱਥਰੂ ਡਿੱਗਣ ਲੱਗ ਪਏ। ਸਰਦਾਰ ਨੇ ਚਾਚੇ ਨੂੰ ਘੁੱਟ ਕੇ ਜੱਫੀ ਪਾਈ ਤੇ ਧਾਈਂ ਮਾਰ ਕੇ ਰੋਣ ਡਹਿ ਪਿਆ, ਕਹਿਣ ਲੱਗਾ, "ਚੌਧਰੀ ਜੀ! ਮੈਂ ਉਹਨਾਂ ਇਨਸਾਨਾਂ ਵਿੱਚੋਂ ਨਹੀ ਜਿਹੜੇ ਅੱਜ ਹੈਵਾਨ ਬਣੇ ਹੋਏ ਨੇ। ਤੂੰ ਚੱਲ ਮੇਰੇ ਨਾਲ, ਮੈਂ ਹਰ ਸ਼ੈਅ ਦਾ ਬੰਦੋਬਸਤ ਕਰਨਾ ਵਾਂ।" ਮੈਂ ਰੋਣ ਲੱਗ ਪਿਆ, ਜੇ ਮੈਂ ਆਪਣੇ ਚਾਚੇ ਨੂੰ ਨਹੀਂ ਘੱਲਣਾ। ਪਰ ਸਰਦਾਰ ਬੂਟਾ ਸਿੰਘ ਜ਼ੋਰੋ-ਜ਼ੋਰੀ ਆਪਣੇ ਘਰ ਬਿਆਸੇ ਲਾਗੇ, (ਖੌਰੇ ਉਸ ਪਿੰਡ ਦਾ ਨਾਂ 'ਗਡਾਣਾ' ਸੀ) ਚਾਚੇ ਨੂੰ ਲੈ ਗਿਆ। ਘਰ

ਲਿਜਾ ਕੇ ਖ਼ੂਬ ਟਹਿਲ-ਸੇਵਾ ਕੀਤੀ, ਬਿਸਤਰਾ ਵਿਛਾ, ਚਾਚੇ ਹੋਰਾਂ ਨੂੰ ਲਿਟਾ ਦਿੱਤਾ। ਆਪ ਖਰਾਸ ਜੋੜ ਦਿੱਤਾ। ਤਿੰਨ ਤੰਗੜ ਤੂੜੀ, ਕੁਝ ਲੂਣ-ਤੇਲ ਤੇ ਘਿਉ ਦਾ ਗੜਵਾ ਭਰ ਕੇ ਤਿਆਰ ਕਰ ਦਿੱਤੇ। ਪਰੌਂਠੇ ਪਕਾ ਕੇ ਪੌਣੇ ਵਿਚ ਬੰਨ੍ਹ ਦਿੱਤੇ। ਇਕ ਤੋੜਾ ਆਟੇ ਦਾ, ਪਸ਼ੂਆਂ ਲਈ ਤੇ ਦੂਜਾ ਸਾਡੇ ਖਾਣ ਲਈ। ਤੂੜੀ ਤੇ ਸਭ ਕੁਛ ਲੈ ਕੇ ਸਰਦਾਰ ਜੀ, ਸਾਡੇ ਕੋਲ ਅੱਪੜ ਗਏ ਤੇ ਆਖਣ ਲੱਗੇ, "ਲੈ ਬਈ ਕਾਕਾ! ਆਪਣੇ ਚਾਚੇ ਨੂੰ ਸਾਂਭ ਲੈ। ਮੈਂ ਆਖਿਆ ਸੀ ਨਾ! ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ।" ਅਸੀਂ ਬੜੇ ਹੈਰਾਨ ਸਾਂ। ਪਰ, ਧਰਤੀ ਤੇ ਵੱਸਦੇ 'ਫ਼ਰਿਸ਼ਤੇ' ਦਾ ਰੂਪ ਸਾਡੇ ਸਾਹਮਣੇ ਖੜਾ ਸੀ। ਮੈਨੂੰ ਇੰਜ ਲੱਗਾ ਜਿਵੇਂ 'ਇਕ ਫ਼ਰਿਸ਼ਤਾ, ਅੱਲ੍ਹਾ ਵੱਲੋਂ ਸਾਡੇ ਲਈ ਇਮਦਾਦ ਲੈ ਕੇ ਆਇਆ ਹੋਵੇ'।

ਉਸ ਆਖਿਆ ਮੇਰੇ ਕੋਲ ਵੇਲਾ ਘੱਟ ਏ। ਜੇ ਕੱਲ੍ਹ ਤੀਕਰ ਕਾਫ਼ਲਾ ਨਾ ਤੁਰਿਆ, ਤਾਂ ਮੈਂ ਦੁੱਧ ਵੀ ਅੱਪੜਾਵਾਂਗਾ। ਪਰ ਅਗਲੇ ਦਿਨ ਸਵੇਰੇ ਈ ਅਸੀ ਟੁਰ ਪਏ ਤੇ ਖ਼ੈਰ-ਖ਼ੈਰੀਅਤ ਨਾਲ ਵਾਘੇ ਅੱਪੜ ਗਏ। ਆਪਣੀ ਧਰਤੀ ਵੇਖ ਕੇ ਅੱਖਾਂ ਵਿਚ ਅੱਥਰੂ ਆ ਗਏ। ਫਿਰਦੇ-ਫਿਰਾਂਦੇ ਅਸੀਂ ਗੋਜਰੇ ਇਕ ਪਿੰਡ ਵਿਚ ਆ ਵੱਸੇ। 'ਘਿਉ ਵਾਲਾ ਗੜਵਾ' ਹਲੇ ਵੀ ਸਾਡੇ ਕੋਲ ਸੀ, ਜਿਹੜਾ ਸਾਨੂੰ ਸਰਦਾਰ ਬੂਟਾ ਸਿੰਘ ਦੀ ਯਾਦ ਕਰਾਉਂਦਾ ਰਹਿੰਦਾ ਸੀ।

ਮੈਂ ਪੜ੍ਹ-ਪੜ੍ਹਾ ਕੇ, ਸਨ-ਸਤਵੰਜਾ ਵਿਚ ਮਾਨਚੈਸਟਰ ਅੱਪੜ ਗਿਆ। ਉਹ ਗੜਵਾ ਵੀ ਆਪਣੇ ਨਾਲ ਈ ਲੈ ਗਿਆ। ਕਿਉਂ ਜੇ, ਮੈਨੂੰ ਇਹ ਆਪਣੀ ਹਯਾਤੀ ਨਾਲੋਂ ਵੀ ਵੱਧ ਪਿਆਰਾ ਸੀ, ਜਿਹਦੇ ਨਾਲ ਇਕ ਫਰਿਸ਼ਤੇ ਇਨਸਾਨ ਦੀ ਯਾਦ ਹਰ ਵੇਲੇ ਤਾਜ਼ਾ ਰਹਿੰਦੀ ਸੀ। ਮੇਰੇ ਡਰਾਇੰਗ-ਰੂਮ ਦੀ ਇੱਕ ਗੁੱਠ ਉਹਦੇ ਲਈ ਮਖ਼ਸੂਸ ਸੀ। ਜਦੋ ਮੈਨੂੰ ਕੋਈ ਪੁੱਛਦਾ, 'ਕਿ ਇਹ ਗੜਵਾ ਕੀ ਸ਼ੈਅ ਏ?' ਕਿਉਂ ਜੋ, ਮੈਂ ਉਹਨੂੰ ਬੜਾ ਸਜਾ-ਫ਼ਬਾ ਕੇ ਰੱਖਿਆ ਹੋਇਆ ਸੀ। ਮੈਂ ਸ਼ੁਰੂ ਤੋਂ ਅਖ਼ੀਰ ਤੱਕ, ਇਹ ਕਹਾਣੀ ਦੱਸ ਛੱਡਦਾ ਸਾਂ।

ਸਾਡੇ ਸ਼ਹਿਰ ਵਿਚ ਇਹ ਰਿਵਾਜ਼ ਬਣ ਗਿਆ ਸੀ। ਕਿ ਇਥੋਂ ਦੇ ਪੱਕੇ ਵਸਨੀਕ ਆਪਣੇ ਬਜ਼ੁਰਗਾਂ ਨੂੰ ਵਲੈਤ ਦੀ ਸੈਰ ਲਈ ਸੱਦ ਲੈਂਦੇ ਹੁੰਦੇ ਸਨ। ਮੈਂ ਚਾਚੇ ਹੁਰਾਂ ਨੂੰ ਸੈਰ ਕਰਾਉਣ ਲਈ ਵਿਲਾਇਤ ਸੱਦ ਲਿਆ, ਤਾਂ ਜੋ ਸੈਰ ਵੀ ਹੋ ਜਾਵੇ ਤੇ ਪਰਤਣ ਵੇਲੇ "ਹੱਜ" ਦੀ ਸੁਆਦਤ ਵੀ ਪੂਰੀ ਹੋ ਜਾਵੇ।

ਹੁਣ ਮੈਂ ਚੰਗੇ ਭਲੇ ਸਟੋਰ ਦਾ ਮਾਲਕ ਸਾਂ। ਮੈਨੂੰ ਉਹ ਸਭ ਦੁੱਖ ਤੇ ਮੁਸੀਬਤਾਂ ਭੁੱਲ ਚੁੱਕੇ ਸਨ। ਜਦੋਂ ਮੈਂ ਆਪਣੇ ਡਰਾਇੰਗ-ਰੂਮ ਵਿਚ ਪਏ ਗੜਵੇ ਨੂੰ ਦੇਖਦਾ ਸਾਂ, ਤਾਂ ਮੈਨੂੰ ਬਿਆਸੇ ਦਾ ਹੜ੍ਹ ਯਾਦ ਆ ਜਾਂਦਾ ਸੀ। ਮੇਰੇ ਸਟੋਰ ਦੇ ਸਾਹਮਣੇ, ਸਿੱਖਾਂ ਦੀ ਫ਼ੈਮਲੀ ਦਾ ਸਟੋਰ ਸੀ। ਹੌਲੀ-ਹੌਲੀ ਸਾਡਾ ਦੋਹਾਂ ਦਾ, ਬੜਾ ਭਾਈਚਾਰਾ ਬਣ ਗਿਆ ਸੀ।

ਮੈਂ ਰੱਜ ਕੇ, ਚਾਚੇ ਹੁਰਾਂ ਨੂੰ ਵਿਲਾਇਤ ਦੇ ਸਾਰੇ ਸ਼ਹਿਰ ਆਪਣੀ ਕਾਰ ਵਿੱਚ ਬਿਠਾ ਕੇ ਵਿਖਾਏ। ਜਦੋਂ ਰੱਜ ਗਏ ਤਾਂ ਹੱਜ ਦਾ ਮਹੀਨਾ ਵੀ ਲਾਗੇ ਅੱਪੜ ਚੁੱਕਿਆ ਸੀ।

ਉਹਨਾਂ ਦੇ ਵਾਪਸ ਮੁੜਨ, ਵਿਚ ਥੋੜ੍ਹੇ ਦਿਨ ਰਹਿੰਦੇ ਸਨ। ਜੇ, ਇਕ ਦਿਨ ਪ੍ਰੀਤਮ ਸਿੰਘ (ਸਾਹਮਣੇ ਵਾਲੇ ਸਟੋਰ ਦਾ ਸੱਜਣ) ਆਖਣ ਲੱਗਾ, "ਯਾਰ! ਮੇਰੇ ਦਾਦਾ ਜੀ ਕੱਲ੍ਹ ਈ ਅਪੱੜੇ ਨੇ, ਉਹ ਬੜੇ ਉਦਾਸੇ ਹੋਏ ਨੇ।"

ਮੈਂ ਆਖਿਆ, "ਇਕ ਦਿਨ ਵਿਚ ਈ ਉਦਾਸ ਹੋ ਗਏ ਨੇ?"

"ਆਹੋ ਯਾਰ!"

ਮੈਂ ਉਹਨੂੰ ਆਖਿਆ, "ਇੰਜ ਕਰ, ਉਹਨਾਂ ਨੂੰ ਕੱਲ੍ਹ ਸਾਡੇ ਘਰ ਲੈ ਆਵੀਂ। ਚਾਚੇ ਹੁਰਾਂ ਨਾਲ ਗੱਲ-ਬਾਤ ਕਰ ਕੇ ਉਦਾਸੀ ਦੂਰ ਹੋ ਜਾਵੇਗੀ।"

ਉਹ ਹੱਸ ਪਿਆ ਤੇ ਨਾਲੇ ਕਹਿਣ ਲੱਗਾ, "ਯਾਰ, ਗੱਲ ਤੇ ਠੀਕ ਏ।" ਸਾਡਾ ਭਾਈਚਾਰਾ ਕਾਫ਼ੀ ਗੂੜ੍ਹਾ ਹੋ ਚੁੱਕਿਆ ਸੀ। ਅਗਲੇ ਦਿਨ ਸ਼ਾਮ ਨੂੰ ਉਹ ਸਾਡੇ ਘਰ ਆ ਗਏ।

ਪ੍ਰੀਤਮ ਦੇ ਦਾਦਾ ਜੀ, ਬੜੇ ਗਹੁ ਨਾਲ ਗੁੱਠ ਵਿਚ ਪਏ 'ਗੜਵੇ' ਵੱਲ ਵੇਖ ਰਹੇ ਸਨ। ਆਖਣ ਲੱਗੇ, "ਕਾਕਾ ਇਹ ਗੜਵਾ ਏਥੇ ਕਿਉਂ ਰੱਖਿਆ ਹੋਇਆ ਏ?"

ਮੈਂ ਜਵਾਬ ਦਿੱਤਾ, "ਸਰਦਾਰ ਜੀ! ਇਹ ਇਕ ਫ਼ਰਿਸ਼ਤਾ ਸੂਰਤ ਇਨਸਾਨ ਦੀ ਨਿਸ਼ਾਨੀ ਏ।"

ਉਹ ਬੜੇ ਖ਼ੁਸ਼ ਹੋਏ ਤੇ ਆਖਣ ਲੱਗੇ, "ਉਹ ਖ਼ੁਸ਼-ਕਿਸਮਤ ਇਨਸਾਨ ਕੌਣ ਏ?"

ਮੈਂ ਆਖਿਆ, "ਉਸ ਦਾ ਤੁਅੱਲਕ ਤੁਹਾਡੇ ਅੰਮ੍ਰਿਤਸਰ ਨਾਲ ਏ, ਤੇ ਉਹ ਸਿੱਖ ਮਜ਼੍ਹਬ ਦਾ ਪੈਰੋਕਾਰ ਏ।"

ਇਹ ਸੁਣ ਕੇ ਉਹ ਹੋਰ ਖ਼ੁਸ਼ ਹੋਏ। ਏਨੇ ਵਿਚ ਚਾਚੇ ਹੁਰੀਂ ਅੰਦਰ ਆ ਵੜੇ। ਦੋਹਾਂ ਬਜ਼ੁਰਗਾਂ, ਇੱਕੋ ਵਾਰੀ ਇਕ-ਦੂਜੇ ਨੂੰ ਚੰਗੀ ਤਰ੍ਹਾਂ ਤਾੜਿਆ ਤੇ ਭੱਜ ਕੇ ਜੱਫ਼ੀ ਪਾ ਲਈ। ਦੋਹਾਂ ਦੀਆਂ ਅੱਖਾਂ ਵਿੱਚੋਂ ਹੰਝੂਆਂ ਦਾ ਹੜ੍ਹ ਵਗ ਰਿਹਾ ਸੀ। ਅਸੀਂ ਸਾਰੇ ਹੈਰਾਨ ਸਾਂ, 'ਕਿ ਇਹ ਕੀ ਤੁਅੱਲਕ! ਤੇ ਕੀ ਰਿਸ਼ਤਾ ਏ?' ਜਦੋਂ ਪਤਾ ਲੱਗਾ, ਜੇ ਸਰਦਾਰ ਹੁਰੀਂ, ਗਡਾਣੇ ਵਾਲੇ ਫ਼ਰਿਸ਼ਤਾ-ਸੀਰਤ ਇਨਸਾਨ ਨੇ, ਤਾਂ ਮੈਂ ਵੀ ਉਹਨਾਂ ਨੂੰ ਘੁੱਟ ਕੇ ਜੱਫੀ ਪਾ ਬਹੁਤ ਰੋਇਆ। ਮੇਰੇ ਪੈਰ ਜ਼ਮੀਨ ਤੇ ਨਹੀਂ ਸਨ ਲੱਗਦੇ। ਮੈਂ ਬਹੁਤ ਜਜ਼ਬਾਤੀ ਹੋ ਗਿਆ ਸਾਂ। ......ਮੈਂ ਭੱਜ ਕੇ ਗੜਵਾ ਚੁੱਕ ਲਿਆਂਦਾ ਤੇ ਆਖਿਆ, "......ਇਹ ਤੁਹਾਡੀ ਨਿਸ਼ਾਨੀ, ਮੈਂ ਵਿਲਾਇਤ ਆਪਣੇ ਕੋਲ ਲਿਆਂਦੀ ਹੋਈ ਸੀ......ਇਹ ਆਪਣੀ ਅਮਾਨਤ ਸੰਭਾਲ ਲਉ।"

ਉਹ ਹੱਸ ਪਏ ਤੇ ਆਖਣ ਲੱਗੇ, "ਨਾ ਕਾਕਾ ਨਾ! ਮੈਂ ਇਹ ਜ਼ੁਲਮ ਨਹੀਂ ਕਰ ਸਕਦਾ। ਇਹ ਗੜਵਾ ਤੇਰੇ ਡਰਾਇੰਗ-ਰੂਮ ਵਿਚ ਈ ਰਵ੍ਹੇ, ਤਾਂ ਜੇ ਤੂੰ ਇਹਦੇ ਰਾਹੀਂ ਮੈਨੂੰ ਯਾਦ ਰੱਖੇਂ।"

ਅੱਧੀ ਰਾਤ ਤੀਕਰ ਸ.ਬੂਟਾ ਸਿੰਘ ਹੁਰਾਂ, ਤੇ ਉਹਨਾਂ ਦੇ ਪਰਵਾਰ ਨਾਲ ਗੱਲਾਂ ਕਰਦੇ ਰਹੇ।

ਜਿੰਨਾਂ ਚਿਰ ਚਾਚੇ ਹੁਰੀਂ ਹੱਜ ਤੇ ਨਹੀਂ ਗਏ, ਸਰਦਾਰ ਜੀ ਤੇ ਚਾਚੇ ਹੁਰੀਂ, ਸਾਰੀ ਦਿਹਾੜੀ 'ਕੱਠੇ ਈ ਰਹਿੰਦੇ ਸਨ। ਕਦੀ ਮੇਰੇ ਸਟੋਰ ਤੇ, ਕਦੀ ਪ੍ਰੀਤਮ ਦੇ ਸਟੋਰ ਤੇ। ਜਿਸ ਦਿਨ ਚਾਚਾ ਜੀ ਹੱਜ ਲਈ ਤਿਆਰ ਹੋਏ, ਸਾਡੇ ਨਾਲ ਸਰਦਾਰ ਜੀ ਦਾ ਸਾਰਾ ਟੱਬਰ ਚਾਚਾ ਜੀ ਨੂੰ 'ਰੱਬ ਰਾਖਾ' ਆਖਣ ਲਈ ਜੁੜਿਆ ਹੋਇਆ ਸੀ।

---

ਸਾਰੇ ਦੇਸ ਪੰਜਾਬ ਖ਼ਰਾਬ ਵਿੱਚੋਂ,
ਸਾਨੂੰ ਵੱਡਾ ਅਫ਼ਸੋਸ ਕਸੂਰ ਦਾ ਏ।
—ਮੀਆਂ ਵਾਰਿਸ—

### ਮਸ਼ਵਰਾ

ਆਪਸ ਦੇ ਵਿਚ ਗਿਲਾ-ਗੁਜ਼ਾਰੀ
ਹੋ ਜਾਵੇ ਤੇ ਚੰਗਾ ਏ।
ਪਹਿਲੀ ਯਾਰੀ ਫਿਰ ਇਕ ਵਾਰੀ,
ਹੋ ਜਾਵੇ ਤੇ ਚੰਗਾ ਏ।
ਮੇਲ-ਮਿਲਾਪ ਦੀਆਂ ਬੁਨਿਆਦਾਂ,
ਰੱਖਿਆਂ ਮੁੱਦਤਾਂ ਹੋਈਆਂ ਨੇ।
ਹੁਣ ਇਹਨਾਂ 'ਤੇ ਪਿਆਰ ਉਸਾਰੀ,
ਹੋ ਜਾਵੇ ਤੇ ਚੰਗਾ ਏ।

ਲਾਲਾ ਮੋਹਸਿਨ ਰਫ਼ੀ

## 13
# ਕਮੀਣ
### ਅੰਮ੍ਰਿਤਾ ਪ੍ਰੀਤਮ

ਵੀਰਾਂ ਦਾ ਪਿਉ ਕਰਮ ਚੰਦ ਹੁਰਾਂ ਦੇ ਖੇਤ ਵਿਚ ਕਾਮਾ ਹੁੰਦਾ ਸੀ ਤੇ ਜਦੋਂ ਉਹ ਮੋਇਆ, ਵੀਰਾਂ ਮਸੇਂ ਕੁਛੜੋਂ ਲੱਥ ਕੇ ਰਿੜ੍ਹਨ ਜੋਗੀ ਹੋਈ ਸੀ। ਵੀਰਾਂ ਦਾ ਪਿਉ ਭਰ ਜਵਾਨੀ ਦੀ ਮੌਤ ਮੋਇਆ ਸੀ, ਜਿਸ ਲਈ ਇਕ ਵਾਰੀ ਤਾਂ ਸਾਰੇ ਪਿੰਡ ਦਾ ਦਿਲ ਵੀਰਾਂ ਦੀ ਜਵਾਨ-ਜਹਾਨ ਮਾਂ ਦੇ ਦੁੱਖ ਵਿਚ ਪੰਘਰ ਉੱਠਿਆ ਸੀ। ਕਿਸੇ ਨੇ ਕੱਪੜਾ ਕਿਸੇ ਨੇ ਦਾਣੇ ਕਿਸੇ ਨੇ ਕਪਾਹ ਢੋ-ਢੋ ਕੇ ਵੀਰਾਂ ਦੀ ਮਾਂ ਨੂੰ ਆਉਂਦੇ ਸਿਆਲ ਦਾ ਬਾਨ੍ਹਣੂ ਬੰਨ੍ਹ ਦਿੱਤਾ।

ਕੋਈ ਆਂਹਦਾ ਹੈ, ਵੀਰਾਂ ਦਾ ਪਿਉ ਛੀਂਬਿਆਂ ਦਾ ਪੁੱਤਰ ਸੀ ਤੇ ਕੋਈ ਆਂਹਦਾ ਜੁਲਾਹਿਆਂ ਦਾ । ਇਕ ਵਾਰ ਜਦੋਂ ਪਿੰਡਾਂ ਵਿਚ ਭਾਰੀ ਤਾਊਨ ਪਈ ਸੀ, ਉਸਦੇ ਵੱਡਿਆਂ ਦਾ ਘਰ ਜਿਵੇਂ ਹੂੰਝਿਆ ਗਿਆ ਸੀ, ਤੇ ਉਹ ਆਪਣੇ ਨਸੀਬਾਂ ਨੂੰ ਘਰ ਦੀ 'ਕੱਲੀ ਨਿਸ਼ਾਨੀ ਰਹਿ ਗਿਆ ਸੀ। ਤੇ ਫਿਰ ਉਹ ਜਿੰਨ੍ਹਾਂ ਚਿਰ ਜੀਵਿਆ ਕਰਮ ਚੰਦ ਦੇ ਖੇਤਾਂ ਵਿਚ ਕਾਮਾ ਬਣ ਕੇ ਰਿਹਾ। ਪਿੰਡ ਦੀਆਂ ਤੀਵੀਆਂ ਵੀਰਾਂ ਦੀ ਮਾਂ ਨੂੰ ਚੌਂਕੇ-ਚੁੱਲ੍ਹੇ ਦਾ ਕੰਮ ਨਹੀਂ ਸਨ ਦੱਸਦੀਆਂ, ਪਰ ਉਸ ਨੂੰ ਕਰਮ ਚੰਦ ਹੁਰਾਂ ਦੇ ਘਰ ਵਿਚ ਤੇ ਹੋਰ ਉਰ੍ਹਾਂ- ਪਰ੍ਹਾਂ ਦਾਣੇ ਛੜਣ ਦਾ ਚੋਖਾ ਕੰਮ ਮਿਲ ਗਿਆ ਸੀ। ਕਰਮ ਚੰਦ ਦੀ ਤੀਵੀਂ ਵੀਰਾਂ ਦੀ ਮਾਂ ਕੋਲੋਂ ਕੱਪੜਾ ਲੱਤਾ ਧੁਆ ਲੈਂਦੀ, ਚਰਖ਼ਾ ਕਤਵਾ ਲੈਂਦੀ ਤੇ ਹੋਰ ਉਸ ਨੂੰ ਕਿੰਨੇ ਨਿੱਕੇ-ਮੋਟੇ ਕੰਮ ਦੱਸ ਦੇਂਦੀ। ਕਰਮ ਚੰਦ ਦੀ ਤੀਵੀਂ ਹੱਥ ਦੀ ਘੁੱਟਵੀਂ ਨਹੀਂ ਸੀ ਜਿਸ ਲਈ ਵੀਰਾਂ ਨੂੰ ਰੋਜ਼ ਦੁੱਧ ਦਾ ਘੁੱਟ ਵੀ ਮਿਲ ਜਾਂਦਾ ਤੇ ਉਹਦੀ ਮਾਂ ਕਦੇ ਕੱਪੜੇ- ਲੱਤੇ ਤੋਂ ਵੀ ਸੌੜੀ ਨਾ ਹੁੰਦੀ।

ਕਰਮ ਚੰਦ ਨੇ ਮੰਨਤਾਂ ਮੰਨ-ਮੰਨ ਕੇ ਰੱਬ ਕੋਲੋਂ ਪਿਛਲੀ ਉਮਰੇ ਇਕ ਪੁੱਤਰ ਲੱਭਾ ਸੀ। ਡਾਢੀਆਂ ਰੀਝਾਂ ਨਾਲ ਉਸ ਨੇ ਪੁੱਤਰ ਦਾ ਨਾਂ ਰੂਪ ਚੰਦ ਰੱਖਿਆ ਸੀ। ਹੋਰ ਰੂਪ ਚੰਦ ਦੀ ਨਾ ਕੋਈ ਭੈਣ ਸੀ ਨਾ ਕੋਈ ਭਰਾ। ਰੂਪ ਦੀ ਮਾਂ ਰੂਪ ਨੂੰ ਲਡਿਆਂਦੀ ਆਂਹਦੀ ਹੁੰਦੀ ਸੀ, "ਇਹੋ ਮੇਰਾ ਪਲੇਠੀ ਤੇ ਇਹੋ ਪੇਟ-ਘਰੋੜੀ।"

ਵੀਰਾਂ ਰੂਪ ਚੰਦ ਤੋਂ ਕੋਈ ਸੱਤ-ਅੱਠ ਵਰ੍ਹੇ ਛੋਟੀ ਸੀ। ਉਹ ਖੇਡਣ ਲਈ ਉਸਦਾ ਹਾਣ ਨਹੀਂ ਸੀ ਪਰ ਕੱਲੇ-ਕਾਰੇ ਰੂਪ ਨੂੰ ਜਿਵੇਂ ਉਹ ਇਕ ਖਿਡੌਣਾ ਲੱਭ ਪਈ ਸੀ। ਰੂਪ ਰੋਟੀ ਖਾਣ ਲੱਗਦਾ ਵੀਰਾਂ ਨੂੰ ਆਵਾਜ਼ ਦੇ ਲੈਂਦਾ। ਕਦੇ ਸੇਵੀਆਂ ਦਾ ਬੁੱਕ ਉਸ ਦੇ ਹੱਥਾਂ ਉੱਤੇ ਪਾ ਦਿੰਦਾ, ਕਦੇ ਖੀਰ ਦੀ ਕੌਲੀ ਉਸ ਦੀ ਰੋਟੀ ਉੱਤੇ ਲੱਦ ਦੇਂਦਾ। ਤੇ ਰਾਤੀਂ ਮਾਂ ਜਦੋਂ ਕਾੜ੍ਹਨੀ ਦਾ ਦੁੱਧ ਮਲਾਈ ਭਰ ਕੇ ਰੂਪ ਦੇ ਅੱਗੇ ਧਰਦੀ, ਉਹ, ਜਿਵੇਂ ਇਕਲੌਤੇ ਧੀਆਂ-ਪੁੱਤਰ ਕਰਦੇ ਹਨ, ਦੁੱਧ ਤੋਂ ਮੂੰਹ ਭੁਆਂ ਲੈਂਦਾ। ਮਾਂ ਫੇਰ ਵੀਰਾਂ ਨੂੰ ਲੱਭਦੀ, ਉਸ ਨੂੰ ਵੀ ਉਸ ਦੀ ਕਟੋਰੀ ਵਿਚ ਦੁੱਧ ਪਾ ਦੇਂਦੀ ਤੇ ਫੇਰ ਉਹ, "ਵੇਖਾਂ ਭਲਾ ਕਿਹੜਾ ਡੀਕ ਲਾ ਕੇ ਪੀਂਦਾ ਏ....... ਅੱਖੀਂ ਮੀਟੀ ਕੌਣ ਪੀਵੇਗਾ......... ਮੇਰਾ ਰੂਪ ਪੀਵੇਗਾ... .....।" ਸੌ ਸੌ ਪੱਜ ਕਰਦੀ ਤਾਂ ਮਸਾਂ ਕਿਤੇ ਕੁਝ ਰੂਪ ਦੇ ਸੰਘੋਂ ਲਹਿੰਦਾ।

ਉਸ ਦੀਆਂ ਸ਼ਰੀਕਣੀਆਂ ਕਈ ਵਾਰ ਉਸ ਨੂੰ ਸੁਣਾਂਦੀਆਂ, "ਤੂੰ ਏਸ ਕਮੀਣ ਕੁੜੀ ਨੂੰ ਕਿਹਾ ਹਿਲਾ ਛੱਡਿਆ ਏ। ਜੋ ਵੀ ਤੇਰਾ ਪੁੱਤਰ ਖਾਵੇ, ਬਰਾਬਰ ਉਹਦੇ ਨਾਲ ਖਾਂਦੀ ਏ। ਲੋਕ ਪੁੱਤਰਾਂ ਨੂੰ ਅੰਦਰ ਵੜ ਕੇ ਖੁਆਂਦੇ ਨੇ ਕਿ ਇੰਝ ਖਾਧਾ-ਪੀਤਾ ਨਸ਼ਰ ਕਰਦੇ ਨੇ...........?"

"ਨੀ ਉਹ ਜਾਣੇ..... ਮੈਂ ਏਸ ਮੂੰਹ ਜੋਗੀ ਕਿੱਥੇ ਸਾਂ....... ਕਿਸੇ ਪੱਜ ਗਰਾਹੀ ਖਾਂਦਾ ਤੇ ਹੈ ਨਾ ....." ਮਾਂ ਆਪਣੀਆਂ ਸ਼ਰੀਕਣੀਆਂ ਨੂੰ ਮੂੰਹ ਨਾ ਚੜ੍ਹਨ ਦੇਂਦੀ।

------------

ਵੀਰਾਂ ਨੂੰ ਨਾਵਾਂ ਵਰ੍ਹਾ ਚੜ੍ਹ ਪਿਆ। ਹੁਣ ਉਹ ਮਾਂ ਦੇ ਕੰਮਾਂ ਵਿਚ ਬਰਾਬਰ ਹੱਥ ਵਟਾਂਦੀ ਸੀ। ਆਪਣੇ ਘਰ ਉਸ ਦੀ ਮਾਂ ਜੇ ਭਾਂਡੇ ਮਾਂਜਦੀ ਹੁੰਦੀ, ਤਾਂ ਉਹ ਤੰਦੂਰ ਦੀ ਗਰਮ ਸੁਆਹ ਵਿਚ ਟਾਕੀ ਲਬੇੜ ਕੇ ਭਾਂਡਿਆਂ ਨੂੰ ਸੁੱਕਾ ਕਰਦੀ ਜਾਂਦੀ। ਤੇ ਜੇ ਸ਼ਾਹਣੀ ਦੇ ਘਰ ਉਸ ਦੀ ਮਾਂ ਕੱਪੜੇ ਧੋਂਦੀ ਹੁੰਦੀ ਤਾਂ ਉਹ ਨਿੱਕੇ ਕੱਪੜਿਆਂ ਨੂੰ ਛੰਡ-ਛੰਡ ਕੇ ਸੁੱਕਣੇ ਪਾਂਦੀ ਤੇ ਸੁੱਕਿਆਂ ਨੂੰ ਸਾਂਭਦੀ, ਅੰਦਰ ਸ਼ਾਹਣੀ ਦੀ ਮੰਜੀ ਉੱਤੇ ਤੈਹਾਂ ਲਾ ਆਉਂਦੀ। ਸ਼ਾਹਣੀ ਦੇ ਟਰੰਕਾਂ ਵਿਚ ਲੋੜ ਦੀਆਂ ਚੀਜ਼ਾਂ ਧਰ ਆਉਂਦੀ ਤੇ ਪੈਲੀਆਂ ਵਿਚੋਂ ਸਾਗ-ਪੱਤਰ ਤੋੜ ਲਿਆਉਂਦੀ।

ਪੂਰੇ ਚਾਲ੍ਹੀ ਕਿੱਲੇ ਕਰਮ ਚੰਦ ਦੀ ਜ਼ਮੀਨ ਸੀ, ਪਿੰਡ ਵਿਚ ਨਿੱਕੀਆਂ ਇੱਟਾਂ ਦੀ ਕਿਲ੍ਹੇ ਜਿੱਡੀ ਹਵੇਲੀ ਸੀ ਤੇ ਬੂਹੇ ਉੱਤੇ ਤ੍ਰੈ ਲਵੇਰੇ ਬੱਝੇ ਹੋਏ ਸਨ। ਸੋਲ੍ਹਾਂ-ਸਤਾਰਾਂ ਵਰ੍ਹਿਆਂ ਦੇ ਰੂਪ ਨੂੰ ਹੁਣ ਕੁੜਮਾਈਆਂ ਢੁੱਕ-ਢੁੱਕ ਆਉਂਦੀਆਂ ਸਨ।

"ਮੈਂ ਨਹੀਂ ਜੇ ਲੋਕਾਂ ਨੂੰ ਬਹੁਤੇ ਫੇਰੇ ਪਵਾਣੇ। ਅੱਜ ਮੈਂ ਏਸ ਮੂੰਹ ਜੋਗੀ ਹੋਈ, ਤਾਂ ਲੋਕ ਮੇਰੀਆਂ ਦਲ੍ਹੀਜਾਂ ਤੇ ਚੜ੍ਹੇ। ਮਰ-ਮਰ ਕੇ ਮੈਂ ਪੁੱਤਰ ਲੱਭਾ ਏ। ਇੰਝ ਲੋਕਾਂ ਦੇ ਮੂੰਹ ਵਿਚ ਆ ਜਾਈਦਾ ਏ ਲੋਕ ਆਂਹਦੇ ਨੇ ਇਹ ਫ਼ਿੱਟ ਗਏ ਨੇ......" ਇੰਝ ਕਰਮ ਚੰਦ ਦੀ ਤੀਵੀਂ ਕਰਮ ਚੰਦ ਨੂੰ ਆਂਹਦੀ ਰਹਿੰਦੀ । ਆਖ਼ਰ ਕਰਮ ਚੰਦ ਨੇ ਨਾਲ ਦੇ ਪਿੰਡ ਦੇ ਇਕ ਸਰਦੇ-ਪੁੱਜਦੇ ਘਰੋਂ ਗੁੜ ਦੀ ਰੋੜੀ ਤੇ ਪੰਜ ਰੁਪਈਏ ਲੈ ਲਏ।

ਅਜੇ ਵਿਆਹ ਦੀ ਤਾਰੀਖ਼ ਨਹੀਂ ਸੀ ਪਈ ਜਦੋਂ ਕਰਮ ਚੰਦ ਦੇ ਘਰ ਵਿਚ ਹੋਣੀ ਵਰਤ ਗਈ। ਰੂਪ ਦੀ

ਮਾਂ ਦੋ ਦਿਨਾਂ ਦੇ ਤਾਪ ਨਾਲ ਇਸ ਦੁਨੀਆਂ ਤੋਂ ਟੁਰ ਗਈ। ਤੇ ਆਪ ਕਰਮ ਚੰਦ ਦੀਆਂ ਅੱਖਾਂ ਰਹਿ ਗਈਆਂ।

ਵੀਰਾਂ ਦੀ ਮਾਂ ਨੇ ਆਪਣਾ ਅੰਗ ਪਾਲਿਆ ਤੇ ਘਰ ਨੂੰ ਇਸ ਤਰ੍ਹਾਂ ਸਾਂਭਦੀ-ਸਿਕਰਦੀ ਰਹੀ ਕਿ ਬੁੱਢੇ ਤੇ ਮੁਥਾਜ ਕਰਮ ਚੰਦ ਦੇ ਮੂੰਹੋਂ ਦਿਹਾੜੀ ਵਿਚ ਵੀਰਾਂ ਨੂੰ ਤੇ ਉਸਦੀ ਮਾਂ ਨੂੰ ਸੱਤ ਸੱਤ ਅਸੀਸਾਂ ਨਿਕਲਦੀਆਂ। ਰੋਟੀ ਟੁੱਕਰ ਕਰਨ ਵਾਸਤੇ ਉਨ੍ਹਾਂ ਨੇ ਪਿੰਡ ਦੀ ਇਕ ਮਹਿਰੀ ਨੂੰ ਲਾ ਲਿਆ ਸੀ।

"ਵੀਰਾਂ ਧੀਏ! ਮੇਰੀ ਸੋਟੀ ਤੇ ਫੜਾ ਜਾਈਂ.....ਕੀ ਚਾੜ੍ਹਿਆ ਜੇ ਅੱਜ ਵੀਰਾਂ ਧੀਏ......ਅੱਜ ਲੱਸੀ ਵਿਚ ਲੂਣ ਨਹੀਂ ਜੇ ਖੋਰਿਆ..... ਮੈਂ ਨਹੀਂ ਜੇ ਦੁੱਧ ਪੀਣਾ ਜਾਗ ਲਾ ਛੱਡੋ......." ਭਾਂਵੇਂ ਇਹ ਕੰਮ ਉਸ ਮਹਿਰੀ ਤੀਵੀਂ ਨੇ ਕਰਨੇ ਹੁੰਦੇ ਸਨ ਪਰ ਪਲੇ-ਪਲੇ ਕਰਮ ਚੰਦ ਵੀਰਾਂ ਨੂੰ ਹੀ ਆਵਾਜ਼ਾਂ ਦੇਂਦਾ। ਉਹ ਕਰਮ ਚੰਦ ਦਾ ਹੱਥ ਫੜ ਕੇ ਉਸ ਨੂੰ ਪਸਾਰ ਵਿਚ ਲਿਆਉਂਦੀ ਤੇ ਜੇ ਉੱਥੇ ਪਾਲ਼ਾ ਹੁੰਦਾ ਉਸ ਦੀ ਮੰਜੀ ਅੰਦਰ ਕਰ ਦੇਂਦੀ। ਇੰਝ ਵੀਰਾਂ ਦੀ ਤੇ ਉਸਦੀ ਮਾਂ ਦੀ ਦਿਹਾੜ ਬੀਤ ਜਾਂਦੀ।

ਸਾਰੇ ਲੋਕ ਆਂਹਦੇ ਸਨ ਤੇ ਕਰਮ ਚੰਦ ਆਪ ਵੀ ਆਂਹਦਾ ਸੀ, "ਹੁਣ ਜਿਵੇਂ-ਕਿਵੇਂ ਰੂਪ ਦਾ ਵਿਆਹ ਕਰ ਛਡੀਏ" ਸ਼ਰੀਕੇ ਵਿੱਚੋਂ ਰੂਪ ਚੰਦ ਦੀ ਇਕ ਤਾਈ ਸੱਤਾਂ ਹਸਾਨਾਂ ਨਾਲ ਰਹਿਣ ਵਾਸਤੇ ਆਈ ਤੇ ਘਰ ਵਿਚ ਰੂਪ ਦਾ ਵਿਆਹ ਰਚਿਆ ਗਿਆ ।

ਕੰਮਾਂ ਦਾ ਗਾਹੜ ਪੈ ਗਿਆ। ਵੀਰਾਂ ਦੀ ਮਾਂ ਪਲੇ-ਪਲੇ ਸ਼ਾਹਣੀ ਨੂੰ ਯਾਦ ਕਰਦੀ ਤੇ ਅੱਖਾਂ ਭਰ ਲੈਂਦੀ। ਵੀਰਾਂ ਵਿਆਹ ਦੇ ਕੰਮਾਂ ਵਿਚ ਉੱਡਦੀ ਫਿਰਦੀ ਸੀ।

ਜੰਞ ਦੇ ਨਾਲ ਹੋਰ ਕੋਈ ਤੀਵੀਂ ਨਹੀਂ ਸੀ ਸਿਰਫ ਵੀਰਾਂ ਤੇ ਵੀਰਾਂ ਦੀ ਮਾਂ ਮੌਲੀ-ਮਹਿੰਦੀ ਤੇ ਹੋਰ ਸ਼ਗਨ ਦੀਆਂ ਚੀਜ਼ਾਂ ਲੈ ਕੇ ਗਈਆਂ।

ਸ਼ਿੱਬੋ, ਰੂਪ ਦੀ ਹੋਣ ਵਾਲੀ ਵਹੁਟੀ ਦਾ ਨਾਂ ਸੀ । ਵੀਰਾਂ ਨੇ ਸਹੇਲੀਆਂ ਨੇ ਵਾਕੁਰ ਸ਼ਿੱਬੋ ਨੂੰ ਮਹਿੰਦੀ ਲਾਈ। ਤੇ ਜਦੋਂ ਸ਼ਿੱਬੋ ਦੀਆਂ ਪੇਕੀਆਂ ਸ਼ਿੱਬੋ ਨੂੰ ਵਟਨਾਂ ਮਲ-ਮਲ ਨੁਹਾਂਦੀਆਂ ਰਹੀਆਂ, ਵੀਰਾਂ ਬਰਾਬਰ ਉਨ੍ਹਾਂ ਦੇ ਨਾਲ ਗਾਉਂਦੀ ਰਹੀ। ਤੇ ਫੇਰ ਵੀਰਾਂ ਨੇ ਉਸਦੇ ਵਾਲਾਂ ਵਿਚ ਸੂਹਾ ਲਾਲ ਪਰਾਂਦਾ ਗੁੰਦਿਆਂ।

ਸ਼ਿੱਬੋ ਦਾ ਬੁੱਕ ਭਾਰਾ ਸੀ, ਜਿਸ ਲਈ ਉਸਦਾ ਮਾਮਾ ਸਰ੍ਹੋਂ ਦਾ ਤੇਲ ਲਾ-ਲਾ ਕੇ ਉਸ ਨੂੰ ਚੂੜਾ ਚਾੜ੍ਹਦਾ ਰਿਹਾ। ਕਿੱਡੀਆਂ ਹੀ ਚੀਸਾਂ ਸ਼ਿੱਬੋ ਨੇ ਸਹੀ ਨਾ ਹੋਣ ਦਿੱਤੀਆਂ ਪਰ ਹੁਣ ਸੱਜੇ ਹੱਥ ਦੀਆਂ ਅਗਲੀਆਂ ਚੂੜੀਆਂ ਚਾੜ੍ਹਨ ਲਈ ਜਿਉਂ-ਜਿਉਂ ਉਸਦਾ ਮਾਮਾ ਜ਼ੋਰ ਲਾਂਦਾ ਸ਼ਿੱਬੋ ਦੇ ਹੱਥ ਉੱਤੇ ਲਾਸ ਡੂੰਘੀ ਹੁੰਦੀ ਜਾਂਦੀ ਤੇ ਮਾਸ ਉੱਭਰਦਾ ਆਉਂਦਾ।

ਸ਼ਿੱਬੋ ਦੀ ਖੱਬੀ ਬਾਂਹ ਨੂੰ ਚੂੜਾ ਚੜ੍ਹ ਚੁੱਕਾ ਸੀ ਤੇ ਵੀਰਾਂ ਉਸ ਦੇ ਪਾਸੇ ਨਾਲ ਅੱਟੀ ਹੋਈ ਉਸ ਦੀ ਚੂੜੇ ਵਾਲੀ ਬਾਂਹ ਆਪਣੇ ਹੱਥਾਂ ਵਿਚ ਲੈ ਕੇ ਸ਼ਿੱਬੋ ਦੇ ਮੂੰਹ ਵੱਲ ਇੰਝ ਤੱਕਦੀ ਪਈ ਸੀ, ਜਿਵੇਂ ਉਸ ਦੇ ਕੋਲੋਂ ਸ਼ਿੱਬੋ ਦੀ ਝਾਲ ਨਾ ਝੱਲੀ ਜਾਂਦੀ ਹੋਵੇ।

ਸ਼ਿੱਬੋ ਦਾ ਮਾਮਾ ਥੱਕ ਲੱਥਾ ਸੀ ਪਰ ਸੱਜੇ ਹੱਥ ਦੀਆਂ ਅਗਲੀਆਂ ਦੋ ਚੂੜੀਆਂ ਅਜੇ ਵੀ ਸ਼ਿੱਬੋ ਦੇ ਬੁੱਕ ਤੋਂ ਲੰਘੀਆਂ ਨਹੀਂ ਸਨ ਤੇ ਸ਼ਿੱਬੋ ਦੀਆਂ ਅੱਖਾਂ ਵਿਚ ਗਲੇਡੂ ਭਰ ਆਏ ਸਨ। ਆਖਰ ਚੂੜੀਆਂ ਨੇ ਮਾਸ ਦੇ ਉੱਭਰੇ ਵੱਟਾਂ ਨੂੰ ਪੀਚਿਆ ਤੇ ਬਾਂਹ ਵੱਲ ਨੂੰ ਤਿਲਕੀਆਂ, "ਉਈ...." ਸ਼ਿੱਬੋ ਕੋਲੋਂ ਪੀੜ ਨਾ ਜਰੀ ਗਈ ਪਰ ਜਿਉਂ ਹੀ ਵੀਰਾਂ ਨੇ ਦੋਹਾਂ ਹੱਥਾਂ ਵਿਚ ਲੈ ਕੇ ਸ਼ਿੱਬੋ ਦੀ ਬਾਂਹ ਨੂੰ ਛਣਕਾਇਆ, ਸ਼ਿੱਬੋ ਨੂੰ ਮੱਲੋ-ਮੱਲੀ ਹਾਸਾ ਆ ਗਿਆ।

ਸ਼ਿੱਬੋ ਦੀਆਂ ਬਾਂਹਵਾ ਨਾਲ ਗਰੀਆਂ ਤੇ ਕੌਡੀਆਂ ਨਾਲ ਪਰੁਚੇ ਹੋਏ ਕਲੀਰੇ ਬੱਝ ਗਏ। ਵੀਰਾਂ ਨੇ ਚਿੱਟੀਆਂ ਤੇ ਗੁਟਕਣੀਆਂ ਕੌਡੀਆਂ ਨੂੰ ਮੁੜ ਛਣਕਾ ਕੇ ਤੱਕਿਆ।

"ਆਹ ਲੈ ਖੋਪਾ ਤੇਰੇ ਸਿਰ ਉੱਤੇ ਮਾਰਨੀ ਆਂ, ਤੇਰੇ ਵਿਆਹ ਬੱਸ ਝੱਟ ਹੀ ਹੋ ਜਾਵੇਗਾ। ਤੇ ਫੇਰ ਤੂੰ ਇਹੋ-ਜਿਹਾ ਚੂੜਾ ਪਾਵੇਂਗੀ, ਇਹੋ-ਜਿਹੇ ਕਲ਼ੀਰੇ ਬੰਨੇਂਗੀ" ਸ਼ਿੱਬੋ ਨੇ ਹੱਸ-ਹੱਸ ਕੇ ਜਿੱਥੇ ਆਪਣੀਆਂ ਹੋਰ ਕੰਵਾਰੀਆਂ ਸਹੇਲੀਆਂ ਦੇ ਸਿਰ 'ਤੇ ਵਾਰੋ-ਵਾਰ ਕਲ਼ੀਰੇ ਦਾ ਖੋਪਾ ਮਾਰਿਆ ਉੱਥੇ ਵੀਰਾਂ ਦੇ ਸਿਰ ਉੱਤੇ ਦੋ ਵਾਰ ਖੋਪਾ ਧਰਿਆ।

ਵੀਰਾਂ ਰੱਜ ਕੇ ਖੁਸ਼ ਸੀ। ਜਦੋਂ ਸ਼ਿੱਬੋ ਨੇ ਮੱਥੇ ਉੱਤੇ ਦੌਣੀ ਬੱਝੀ ਵੀਰਾਂ ਦੀਆਂ ਅੱਡੀਆਂ ਭੋਏਂ 'ਤੇ ਨਹੀਂ ਸਨ ਲ਼ੱਗਦੀਆਂ। ਉਹ ਪੱਬਾਂ ਦੇ ਭਾਰ ਹੋ-ਹੋ ਕੇ ਸ਼ਿੱਬੋ ਦੇ ਮੱਥੇ ਵੱਲ ਵੇਂਹਦੀ ਰਹੀ। ਆਖਰ ਡੋਲੀ ਤੁਰਨ ਦਾ ਵੇਲਾ ਹੋ ਪਿਆ। ਵੀਰਾਂ ਨੂੰ ਨਾ ਖਾਣ ਦੀ ਸੁੱਧ ਸੀ ਨਾ ਪੀਣ ਦੀ। ਉਸ ਨੂੰ ਜਿਵੇਂ ਅੱਜ ਕੁਝ ਲੱਭ ਪਿਆ ਸੀ।

ਪੇਕੀਆਂ ਤੀਵੀਆਂ ਮੁੜ-ਮੁੜ ਸ਼ਿੱਬੋ ਦੇ ਗਲ ਮਿਲਦੀਆਂ। ਹੁਣ ਉਹ ਸਹੁਰਿਆਂ ਦੀ ਦੌਲਤ ਸੀ ਤੇ ਪੇਕਿਆਂ ਦੀ ਪ੍ਰਾਹੁਣੀ ਸੀ। ਨਿੱਕਿਆਂ, ਅੰਜਾਣਿਆ ਨੂੰ ਵਹੁਟੀ ਬਣੀ ਸ਼ਿੱਬੋ ਦੇ ਕੋਲ ਢੁਕ-ਢੁਕ ਕੇ ਬਹਿਣ ਦਾ ਚਾਅ ਸੀ। ਪਰ ਵੀਰਾਂ ਨੂੰ ਜਾਪਦਾ ਸੀ ਹੁਣ ਸ਼ਿੱਬੋ ਉੱਤੇ ਉਸ ਦਾ ਸਾਰਿਆਂ ਤੋਂ ਬਹੁਤਾ ਹੱਕ ਸੀ। ਇਸ ਲਈ ਉਹ ਸ਼ਿੱਬੋ ਦੇ ਪਾਸੇ ਨਾਲ ਅੱਟੀ ਹੋਈ ਸੀ।

ਸ਼ਿੱਬੋ ਦੀਆਂ ਸਹੇਲੀਆਂ ਉਸ ਦੇ ਕੰਨਾਂ ਵਿਚ ਪਤਾ ਨਹੀਂ ਕੀ-ਕੀ ਕਹਿਣਾ ਚਾਹੁੰਦੀਆਂ ਸਨ ਤੇ ਉਹਨਾਂ ਦਾ ਜੀਅ ਕਰਦਾ ਸੀ ਉਹ ਦੋ ਮਿੰਟ ਇਕੱਲੀਆਂ ਸ਼ਿੱਬੋ ਕੋਲ ਬਹਿਣ। ਆਖਰ ਇਕ ਸਹੇਲੀ ਨੇ ਡਾਢੇ ਰੋਹ ਨਾਲ ਆਖਿਆ, "ਇਕ ਤੇ ਅਹਿ ਕਮੀਣ ਕੁੜੀ ਨਹੀਂ ਇਹਦੇ ਪਾਸੇ ਨਾਲੋਂ ਲਹਿੰਦੀ"

ਵੀਰਾਂ ਦਾ ਮੂੰਹ ਲਹਿ ਗਿਆ ਤੇ ਉਹ ਚੁੱਪ-

ਚਪੀਤੀ ਸ਼ਿੱਬੋ ਤੋਂ ਪਰ੍ਹਾਂ ਹਟ ਗਈ।

---------

ਨਾ ਸ਼ਿੱਬੋ ਨੇ ਚਾਰ ਦਿਨ ਪੀਹੜੇ ਉੱਤੇ ਬਹਿ ਕੇ ਤੱਕਿਆ ਤੇ ਨਾ ਗੋਟੇ ਨਾਲ ਜੜੇ ਹੋਏ ਕੱਪੜੇ ਹੰਢਾ ਕੇ ਵੇਖੇ। ਪੇਕੇ ਵੀ ਕਦੀ ਰੱਜ ਕੇ ਸ਼ਿੱਬੋ ਨੂੰ ਜਾਣਾ ਨਾ ਮਿਲਿਆ। ਭਾਵੇਂ ਉੱਤਲਾ ਕੰਮ ਵੀਰਾਂ ਦੀ ਮਾਂ ਹੀ ਕਰਦੀ ਸੀ ਪਰ ਰੋਟੀ-ਟੁੱਕਰ ਹੁਣ ਸ਼ਿੱਬੋ ਆਪ ਕਰਦੀ ਸੀ। ਮਹਿਰੀ ਉਹਨਾਂ ਨੇ ਲਾਹ ਛੱਡੀ ਸੀ। ਚਾਟੀਆਂ ਕੂਰਦੀ, ਦੁੱਧ ਜਮਾਂਦੀ ਤੇ ਲੱਸੀ ਰਿੜਕਦੀ ਸ਼ਿੱਬੋ ਦੀ ਦਿਹਾੜ ਲੰਘ ਜਾਂਦੀ। ਦੋ ਵੇਲੇ ਰੋਟੀ ਵੀ ਕਰਦੀ। ਫੇਰ ਦੁਪਿਹਰਾਂ ਵੇਲੇ ਚਰਖੇ ਨੂੰ ਚੋਪੜਦੀ, ਮਾਹਲ ਵੱਟਦੀ, ਨਵਾਂ ਬੀੜਾ ਪਾਂਦੀ ਤੇ ਜਾਂ ਕੋਈ ਮੂਹੜਾ ਜਾਂ ਪੱਛੀ ਉਣਦੀ, ਸ਼ਿੱਬੋ ਨੂੰ ਵਾਰ ਨਹੀਂ ਸੀ ਆਉਂਦਾ।

ਕਰਮ ਚੰਦ ਗੱਲੇ-ਗੱਲੇ ਸ਼ਿੱਬੋ ਨੂੰ ਅਸੀਸਾਂ ਦੇਂਦਾ ਸੀ। ਪਰ ਵਰ੍ਹੇ ਉੱਤੇ ਵਰ੍ਹਾ ਪੈ ਚੱਲਿਆ ਸੀ ਪਤਾ ਨਹੀ ਸ਼ਿੱਬੋ ਨੂੰ ਕੋਈ ਅਸੀਸ ਲੱਗਦੀ ਕਿਉਂ ਨਹੀਂ ਸੀ। ਲੋਕ ਆਂਹਦੇ ਸਨ,"ਬੁੜ੍ਹਾਂ ਵਾਲੇ ਘਰ ਮਾਲੂਮ ਕਿੱਥੋਂ ਹੋਣ।"

ਵਾਹ ਲੱਗਦੇ ਵੀਰਾਂ ਸਾਰਿਆਂ ਕੰਮਾਂ ਵਿਚ ਸ਼ਿੱਬੋ ਦਾ ਹੱਥ ਵਟਾਂਦੀ ਸੀ ਤੇ ਵੀਰਾਂ ਦੀ ਮਾਂ ਘਰ ਦੀ ਸੱਸ ਮਾਂ ਵਾਕੁਰ ਸ਼ਿੱਬੋ ਦਾ ਦਰਦ ਕਰਦੀ ਸੀ। ਵੀਰਾਂ ਨੂੰ ਜੁਆਨੀ ਹਾੜ੍ਹ ਕੇ ਚੜ੍ਹਦੀ ਪਈ ਸੀ। ਵੇਲਣਿਆਂ ਵਾਂਗ ਉਸਦੀਆਂ ਬਾਂਹਵਾਂ ਗੁੰਦੀਆਂ ਗਈਆਂ ਸਨ, ਕਈ ਵਾਰ ਵੀਰਾਂ ਦੀ ਮਾਂ ਸ਼ਿੱਬੋ ਦੇ ਕੋਲ ਬਹਿੰਦੀ ਤੇ ਆਂਹਦੀ, "ਪੱਲੇ ਚਾਰ ਕੌਡਾਂ ਵੀ ਨਹੀਂ, ਤੇ ਵੀਰਾਂ ਛੱਤ ਨੂੰ ਹੱਥ ਪਾਉਣ ਲੱਗ ਪਈ ਏ।"

"ਤੂੰ ਕਾਹਨੂੰ ਝੁਰਨੀ ਏਂ ਮਾਂ! ਜਿੱਥੇ ਉਹਦੇ ਸੰਜੋਗ ਹੋਣਗੇ......." ਸ਼ਿੱਬੋ ਹਮੇਸ਼ਾਂ ਉਸ ਦਾ ਦਿਲ ਰੱਖ ਲੈਂਦੀ।

ਸ਼ਿੱਬੋ ਦੇ ਵਿਆਹ ਨੂੰ ਛੇਵਾਂ ਵਰ੍ਹਾ ਲੱਗ ਪਿਆ। ਅਸੀਸਾਂ ਦੇ ਦੇ ਕੇ ਵਿਚਾਰੇ ਕਰਮ ਚੰਦ ਦੀ ਜੀਭ ਸੁੱਕ ਗਈ ਸੀ ਤੇ ਹੁਣ ਉਹ ਆਪਣੀ ਉਮਰ ਦੇ ਆਖ਼ਰੀ ਸਾਹ ਗਿਣਦਾ ਪਿਆ ਸੀ।

"ਅੱਛਾ ਮੇਰੇ ਕਰਮਾਂ ਵਿਚ ਨਾ ਹੋਵੇਗਾ...." ਵਿਚਾਰਾ ਕਰਮ ਚੰਦ ਆਖ਼ਰੀ ਸਾਹ ਤਕ ਕਹਿੰਦਾ ਰਿਹਾ।

ਹੁਣ ਘਰ ਵਿਚ ਸ਼ਿੱਬੋ ਤੇ ਉਸ ਦਾ ਮਰਦ ਹੀ ਰਹਿ ਗਏ ਸਨ। ਸ਼ਰੀਕੇ ਵਾਲੇ ਘਰਾਂ ਵਿਚ ਲੋਕ ਮੂੰਹ ਜੋੜਨ ਲੱਗ ਪਏ "ਜੀਵੇ ਰੂਪ ਚੰਦ..... ਕੱਲ੍ਹ ਨੂੰ ਕਰਮ ਚੰਦ ਦਾ ਨਾਂ ਏਸ ਪਿੰਡ ਵਿਚ ਕਿਨ੍ਹੇ ਲੈਣਾ ਏਂ.....ਛੇ ਵਰ੍ਹੇ ਹੋ ਗਏ ਨੇ..... ਰੱਬ ਨੇ ਦੇਣਾ ਹੁੰਦਾ ਤੇ ਪਹਿਲੇ ਦਿਨੋਂ ਹੀ ਨਾ ਦੇ ਦੇਂਦਾ....... ਐਡੀਆਂ ਜ਼ਮੀਨਾਂ .....ਐਡੀਆਂ ਹਵੇਲੀਆਂ......."

ਸ਼ਿੱਬੋ ਜਿਉਂ-ਜਿਉਂ ਘਰ ਨੂੰ ਬਣਾਂਦੀ, ਸੰਵਾਰਦੀ, ਭਾਂਡਿਆਂ ਦੇ ਮੂੰਹ ਲਿਸ਼-ਲਿਸ਼ ਕਰਦੇ ਪਰ ਸ਼ਿੱਬੋ ਦਾ ਮੂੰਹ ਮੈਲਾ ਹੁੰਦਾ ਜਾਂਦਾ ਸੀ।

ਰੂਪ ਚੰਦ ਨੇ ਕਦੇ ਉਸ ਨੂੰ ਕੁਝ ਨਹੀਂ ਸੀ ਆਖਿਆ। ਕਦੇ ਇਕ ਸੁਨੌਤ ਵੀ ਨਹੀਂ ਸੀ ਸੁੱਟੀ ਪਰ ਉਹ ਮਨ ਹੀ ਮਨ ਸੋਚਦੀ "ਆਖ਼ਰ ਉਹ ਉਹਦਾ ਕਿੰਨਾਂ ਕੁ ਚਿਰ ਲਿਹਾਜ ਕਰੇਗਾ?"

ਇਕ ਦਿਹਾੜੇ ਸ਼ਿੱਬੋ ਆਪਣੇ ਮਨ ਨੂੰ ਆਟੇ ਵਾਂਗ ਪੀਹ ਲਿਆ ਤੇ ਆਪਣੇ ਮਰਦ ਨੂੰ ਹੋਰ ਵਿਆਹ ਕਰ ਲੈਣ ਲਈ ਆਖਿਆ। ਰੂਪ ਚੰਦ ਜਿਉਂ-ਜਿਉਂ ਗੱਲ ਨੂੰ ਟਾਲਦਾ ਰਿਹਾ, ਸ਼ਿੱਬੋ ਹੋਰ ਵੀ ਖਹਿੜੇ ਪੈਂਦੀ ਰਹੀ।

"ਤੂੰ ਮੇਰਾ ਦਿਲ ਲੈਨੀ ਏਂ......."

"ਮੈਨੂੰ ਕਿਸੇ ਦੀ ਸਹੁੰ ਪੁਆ ਲਵੋ ਜੇ ਮੈਂ ਸੱਚੇ ਦਿਲੋਂ ਨਾ ਆਂਹਦੀ ਹੋਵਾਂ....."

"ਮੈਨੂੰ ਤੇ ਕੋਈ ਲੋੜ ਨਹੀਂ"

"ਸਾਰੀ ਉਮਰ?"

"ਸਾਰੀ ਉਮਰ।" ਤੇ ਰੂਪ ਚੰਦ ਬਾਹਰ ਖੇਤਾਂ ਨੂੰ ਟੁਰ ਗਿਆ। ਉਸ ਦਿਹਾੜੇ ਸ਼ਿੱਬੋ ਖ਼ੁਸ਼ ਸੀ। ਅਸਲ ਵਿਚ ਉਹ ਮਰਦ ਦਾ ਦਿਲ ਟੋਂਹਦੀ ਸੀ ਤੇ ਉਸ ਦੇ ਮੂੰਹੋਂ ਨਾਂਹ ਸੁਣ ਕੇ ਜਿਵੇਂ ਉਸ ਦੇ ਦਿਲ ਨੂੰ ਟੋਹਣੀ ਮਿਲ ਗਈ ਸੀ।

ਵੀਰਾਂ ਨੂੰ ਭਰ ਜੁਆਨੀ ਚੜ੍ਹੀ ਸੀ। ਪਿਛਲੇ ਸਾਲ ਦੇ ਕੱਪੜੇ ਉਸ ਨੂੰ ਅੜਦੇ ਨਹੀਂ ਸਨ। ਵੀਰਾਂ ਦਾ ਰੰਗ ਕਣਕ- ਭਿੰਨਾਂ ਸੀ ਪਰ ਇਹ ਸੱਚ ਕਿ ਵੇਖਣ ਵਾਲੇ ਦੀ ਉਸ ਦੇ ਮੂੰਹ ਉੱਤੋਂ ਅੱਖ ਤਿਲਕ ਪੈਂਦੀ ਸੀ।

ਵੀਰਾਂ ਦੀ ਮਾਂ ਸ਼ਿੱਬੋ ਨੂੰ ਮੁੜ-ਮੁੜ ਚੇਤੇ ਕਰਾਂਦੀ "ਜਿਹਦੇ ਬੂਹੇ ਏਡੀ ਜਵਾਨ ਧੀ ਹੋਵੇ, ਉਹਨੂੰ ਰਾਤੀਂ ਨੀਂਦਰ ਨਹੀਂ ਪੈਂਦੀ ਧੀਏ! ਤੂੰਏਂ ਇਹਦੇ ਸਿਰ ਉੱਤੇ ਹੱਥ ਰੱਖ........"

ਇਕ ਰਾਤ ਸ਼ਿੱਬੋ ਨੇ ਰੂਪ ਚੰਦ ਅੱਗੇ ਵੀਰਾਂ ਦੇ ਵਿਆਹ ਦੀ ਗੱਲ ਛੇੜੀ ਤੇ ਆਪਣੀ ਵਲੋਂ ਦੋ-ਤਿੰਨ ਮੁੰਡਿਆਂ ਦੀ ਦੱਸ ਪਾਈ। ਫੇਰ ਵੀਰਾਂ ਨੂੰ ਦੇਣ-ਲੈਣ ਵਲੋਂ ਕਈ ਗੱਲਾਂ ਕਰਦੀ ਰਹੀ। ਰਾਤ ਕਿੱਡੀ ਹੋ ਚੱਲੀ ਸੀ ਪਰ ਰੂਪ ਚੰਦ ਨਾ ਹੁੰਗਾਰਾ ਭਰਦਾ ਸੀ ਤੇ ਨਾ ਅਜੇ ਤੱਕ ਸੁੱਤਾ ਸੀ।

" ਸ਼ਿੱਬੋ ?" ਰੂਪ ਚੰਦ ਨੇ ਜਿਵੇਂ ਤ੍ਰਭਕ ਕੇ ਆਖਿਆ।

"ਦੱਸੋ।"

"ਇਕ ਵਾਰ ਤੂੰ..........." ਤੇ ਰੂਪ ਚੰਦ ਚੁੱਪ ਕਰ ਰਿਹਾ।

"ਕੀ ਇਕ ਵਾਰ ਮੈਂ....." ਸ਼ਿੱਬੋ ਪੁੱਛਦੀ ਰਹਿ ਗਈ ਪਰ ਰੂਪ ਚੰਦ ਕਿਨਾਂ ਚਿਰ ਕੁਝ ਨਾ ਬੋਲਿਆ।

"ਅੱਜ ਕਲ੍ਹ ਜਾਤਾਂ ਕੌਣ ਵੇਂਹਦਾ ਏ ਸ਼ਿੱਬੋ , ਜੇ ਵੀਰਾਂ.........." ਰੂਪ ਚੰਦ ਤੋਂ ਮਸਾਂ ਏਨਾਂ ਹੀ ਕਹਿਣ ਹੋਇਆ। ਸ਼ਿੱਬੋ ਨੂੰ ਸਮਝ ਕੁਝ ਨਾ ਪਈ।

"ਵੀਰਾਂ ਸਾਰੀ ਉਮਰ ਤੇਰੀ ਟਹਿਲ ਕਰੇਗੀ........" ਫੇਰ ਜਿਵੇਂ ਅੱਬੜ-ਵਾਹੇ ਰੂਪ ਚੰਦ ਨੇ ਆਖਿਆ।

ਹੁਣ ਸ਼ਿੱਬੋ ਨੂੰ ਸਮਝ ਪੈ ਗਈ ਤੇ ਉਹ ਆਪਣੇ

ਮਰਦ ਦੇ ਮੂੰਹ ਵਲ ਤੱਕਦੀ ਦੀ ਤੱਕਦੀ ਰਹਿ ਗਈ।

"ਵੀਰਾਂ ......." ਸ਼ਿੱਬੋ ਕੋਲੋਂ ਫੇਰ ਏਨਾਂ ਹੀ ਆਖ ਹੋਇਆ ਤੇ ਫੇਰ ਆਪਣੇ ਚੂੜੇ ਨਾਲ ਖੇਡਦੀ ਉਸ ਨੂੰ ਬਾਲੜੀ ਜਿਹੀ ਵੀਰਾਂ ਚੇਤੇ ਆ ਗਈ। ਤੇ ਫੇਰ ਸ਼ਿੱਬੋ ਨੂੰ ਚੇਤੇ ਆਇਆ ਕਿ ਉਸ ਨੇ ਵੀਰਾਂ ਨੂੰ ਦੋ ਵਾਰ ਖੋਪਾ ਮਾਰ ਕੇ ਆਖਿਆ ਸੀ , "ਆਹ ਲੈ ਤੇਰਾ ਵਿਆਹ ਝੱਟ ਹੀ ਹੋ ਜਾਏਗਾ।"

ਫੇਰ ਸ਼ਿੱਬੋ ਦੇ ਜੀਅ ਵਿਚ ਇਕ ਵਲ੍ਹੇਟ ਪਿਆ, "ਵੀਰਾਂ ਤੂੰ ਉਦੋਂ ਹੀ ਕਿਉਂ ਨਾ ਇਹ ਚੂੜਾ ਚਾੜ੍ਹ ਲਿਆ...... ਤੂੰ ਉਦੋਂ ਹੀ ਕਿਉਂ ਨਾ ਏਹ ਮਹਿੰਦੀ ਲਾ ਲਈ....ਤੂੰ ਉਦੋਂ ਹੀ ਕਿਉਂ ਨਾ ਏਹ ਕਲ੍ਹੀਰੇ ਬੰਨ ਲਏ..........."

ਪਤਾ ਨਹੀਂ ਕਿੱਥੋਂ ਦੇ ਪੱਥਰ ਸ਼ਿੱਬੋ ਨੇ ਆਪਣੇ ਜੀਅ ਉੱਤੇ ਧਰ ਲਏ। ਉਂਜ ਵੀ ਉਹ ਸੋਚਦੀ ਸੀ ਜੇ ਮਰਦ ਆਪਣੀ ਆਈ ਉੱਤੇ ਆ ਜਾਏ ਤਾਂ ਉਹ ਭਲਾ ਉਸਦਾ ਕੀ ਕਰ ਸਕਦੀ ਸੀ। ਵੀਰਾਂ ਨਹੀਂ ਤੇ ਕੋਈ ਹੋਰ ਉਸ ਦੀ ਥਾਵੇਂ ਆ ਜਾਏਗੀ। ਨਾਲ ਦੇ ਪਿੰਡਾਂ ਵਿਚੋਂ ਕੇਹੜਾ ਸੀ ਜੁ ਆਪਣੀ ਧੀ ਨਹੀਂ ਸੀ ਦੇਣਾ ਚਾਹੁੰਦਾ......ਜੇ ਹੋਰ ਕਿਸੇ ਆਉਣਾ ਏਂ ਤਾਂ ਵੀਰਾਂ ਹੀ ਸਹੀ..........ਤੇ ਦਲੀਲਾਂ ਵਿਚ ਪੈ-ਪੈ ਕੇ ਸ਼ਿੱਬੋ ਨੇ ਵੀਰਾਂ ਦੀ ਮਾਂ ਕੋਲੋਂ ਵੀਰਾਂ ਮੰਗ ਲਈ।

"ਹਾਏ ਮੈਂ ਮਰ ਜਾਂ।.......ਭਲਾ ਕਦੀ ਇੰਜ ਵੀ ਹੋਇਆ ਏ.........ਜਹੀ ਮੇਰੀ ਤੂੰ ਧੀ ਜਹੀ ਉਹ.........." ਵੀਰਾਂ ਦੀ ਮਾਂ ਦੀ ਅੱਥਰ ਨਹੀਂ ਸੀ ਸੁੱਕਦੀ ਪਰ ਸ਼ਿੱਬੋ ਆਂਹਦੀ ਸੀ, "ਜਿੱਥੇ ਵੀਰਾਂ ਦੀ ਲਿਖੀ ਹੋਈ ਏ......."

ਦੂਜੇ ਕੰਨ ਓਸੇ ਵੇਲੇ ਖ਼ਬਰ ਹੋਈ ਜਦੋਂ ਵੀਰਾਂ ਨਿੱਕੀਆਂ ਇੱਟਾਂ ਦੀ ਹਵੇਲੀ ਵਿਚ ਵਹੁਟੀ ਬਣ ਕੇ ਆ ਗਈ।

ਰੂਪ ਚੰਦ ਦੇ ਮੂੰਹ ਉੱਤੇ ਹੋਰ ਤੇ ਕਿਸੇ ਕੁਝ ਨਾ ਆਖਿਆ ਸਿਰਫ਼ ਪਿੰਡ ਦੇ ਦੋ ਚਾਰ ਵੱਡਿਆਂ ਨੇ ਇਕ ਉਲਾਂਭੇ ਨਾਲ ਕਿਹਾ, "ਰੂਪ ਚੰਦਾ! ਭਲਾ ਤੂੰ ਉਂਗਲੀ ਕਰਦੋਂ ਤਾਂ ਕਿਸੇ ਨੇ ਤੈਨੂੰ ਉੱਚੇ ਘਰ ਦੀ ਧੀ ਨਹੀਂ ਸੀ ਦੇਣੀ? ਤੂੰ ਕਮੀਣਾ ਦੀ ਧੀ ਵਿਆਹ ਲਈ........."

"ਕੋਈ ਨਹੀਂ ਚਾਚਾ, ਅੱਜ ਕੱਲ੍ਹ ਜਾਤਾਂ ਕੌਣ ਵੇਂਹਦਾ ਏ........." ਰੂਪ ਚੰਦ ਨੇ ਸਾਰਿਆਂ ਨੂੰ ਇੰਜ ਹੱਸ ਕੇ ਟਾਲ ਛੱਡਿਆ।

ਕਈਆਂ ਨੇ ਉਭਾਸਰ ਕੇ ਤਾਂ ਕੁਝ ਨਾ ਕਿਹਾ ਪਰ ਆਲੇ ਟੋਲੇ ਕਰ ਕੇ ਰੂਪ ਚੰਦ ਦੇ ਘਰ ਦਾ ਲੱਸੀ ਪਾਣੀ ਛੱਡ ਦਿੱਤਾ।

ਜਿਉਂ-ਜਿਉਂ ਸ਼ਿੱਬੋ ਦਾ ਮਨ ਕੰਮਾਂ ਵਿੱਚੋਂ ਮੁੱਕਦਾ ਜਾਂਦਾ ਸੀ। ਤਿਉਂ-ਤਿਉਂ ਵੀਰਾਂ ਪੈਸੇ-ਧੇਲੇ ਤੇ ਗਹਿਣੇ-ਗੱਟੇ ਦਾ ਸਾਂਭ-ਸਿੱਕਰ ਜ਼ੋਰੀਂ ਸ਼ਿੱਬੋ ਉੱਤੇ ਪਾਂਦੀ ਰਹਿੰਦੀ ਸੀ। ਉਂਜ ਉਸਨੇ ਸ਼ਿੱਬੋ ਕੋਲੋਂ ਸਾਰਾ ਖੇਚਲ ਵਾਲਾ ਕੰਮ ਆਪਣੇ ਜ਼ਿੰਮੇ ਲੈ ਲਿਆ ਸੀ। ਉਹ ਮੂੰਹ ਹਨ੍ਹੇਰੇ ਜਾਗਦੀ, ਖੁਰਚ, ਖੁਰਚ ਕੇ ਅੰਦਰ

ਕੰਮ ਕਰਦੀ ਦੁਪਹਿਰਾਂ ਲ

ਵੀਰਾਂ ਦੇ ਹੱਥੀ

ਹੋਇਆ ਜਦੋਂ 1947 ਚੜ੍ਹ

ਵਿਚ ਫਸਾਦਾਂ ਦੀ ਅੱਗ ਲੱਗ ਪਈ। ਲਕ

ਗੁਵਾਂਢੀਆਂ ਦੇ ਘਰ ਛੁਰਿਆਂ ਨੂੰ ਸਾਣ ਉਤੇ ਚੜ੍ਹਦਿਆਂ ਵੇਖਦੇ। ਲੋਕ ਛਵ੍ਹੀਆਂ ਨੂੰ ਮਾਂਜ-ਮਾਂਜ ਕੇ ਅੰਦਰ ਧਰਦੇ। ਛੋਟੇ ਚਾਕੂ ਅਤੇ ਲੰਮੀਆਂ ਕਰਦਾਂ, ਗਾਜ਼ਰਾਂ ਤੇ ਮੂਲੀਆਂ ਵਾਕੁਰ ਵਿਕਦੀਆਂ। ਲੋਕਾਂ ਨੇ ਟੁੱਟੇ-ਭੱਜੇ ਸ਼ੀਸ਼ਿਆਂ ਦੀਆਂ ਕੰਕਰਾਂ ਇਕੱਠੀਆਂ ਕਰ ਲਈਆਂ ਤੇ ਸਾਬਣ ਵਿਚ ਪਾਣ ਵਾਲਾ ਸੋਢਾ ਘੋਲ-ਘੋਲ ਕੇ ਲੋਕਾਂ ਨੇ ਭਾਂਡੇ ਭਰ ਲਏ। ਕਿਤੇ ਕੋਈ ਅੱਗ ਲਾਣ ਦਾ ਸਾਮਾਨ ਇਕੱਠਾ ਕਰਦਾ ਤੇ ਕਿਤੇ ਅੱਗ ਬੁਝਾਣ ਲਈ ਅਪਣੇ ਅੰਦਰ ਰੇਤ ਦੀਆਂ ਬੋਰੀਆਂ ਧਰਦਾ। ਤੀਵੀਂਆਂ ਨੇ ਤੋਲਾ-ਤੋਲਾ ਅਫ਼ੀਮ ਦਾ ਕੰਨੀ ਨਾਲ ਬੰਨ੍ਹ ਛੱਡਿਆ ਸੀ।

ਅੱਗ ਅੰਦਰੇ-ਅੰਦਰ ਧੁਖਦੀ ਰਹੀ। ਫੇਰ ਧੂੰਏਂ ਉੱਚੇ ਹੁੰਦੇ ਗਏ ਤੇ ਫੇਰ ਅੱਖਾਂ ਦੇ ਸਾਹਮਣੇ ਲਾਟਾਂ ਬਲਣ ਲੱਗ ਪਈਆਂ। ਪਿੰਡਾਂ ਤੋਂ ਪਿੰਡਾਂ ਦੇ ਰਾਹ ਟੁੱਟ ਗਏ ਸਨ। ਜਿਥੇ ਕੋਈ ਹੈ ਸੀ, ਹੈ ਸੀ । ਦੂਜੇ ਦੀ ਸੁਰਤ ਲੈਣ ਜੋਗਾ ਕੋਈ ਨਹੀਂ ਸੀ। ਵੀਰਾਂ ਦੀ ਮਾਂ ਵੀਰਾਂ ਦੇ ਵਿਆਹ ਤੋਂ ਕੋਈ ਅੱਠ ਦਿਨ ਪਿੱਛੋਂ ਇਕ ਦੂਰ ਦੇ ਪਿੰਡ ਆਪਣੇ ਕਿਸੇ ਸਬੰਧੀ ਕੋਲ ਟੁਰ ਗਈ ਸੀ। ਹੁਣ ਉਸ ਨੂੰ ਆਪਣੀ ਧੀ ਦੇ ਘਰ ਰਹਿਣਾ ਚੰਗਾ ਨਹੀਂ ਸੀ ਲੱਗਦਾ। ਇਸ ਲਈ ਹਵੇਲੀ ਵਿਚ ਸ਼ਿੱਬੋ ਤੇ ਵੀਰਾਂ ਦੋਵੇ ਇਕੱਲੀਆਂ ਸਨ।

ਸ਼ਰੀਕੇ ਦੇ ਦੋ ਘਰਾਂ ਨੇ, ਜਿਹਨਾਂ ਦੀ ਕੰਧ ਕਰਮ ਚੰਦ ਦੇ ਘਰ ਨਾਲ ਲੱਗਦੀ ਸੀ, ਉਸਦੀ ਪੱਕੀ ਹਵੇਲੀ ਵਿਚ ਠਾਹਰ ਲੈ ਲਈ। ਇਨ੍ਹਾਂ ਵਿਚੋਂ ਇਕ ਰੂਪ ਚੰਦ ਦਾ ਸ਼ਰੀਕੇ ਵਿਚ ਭਰਾ ਲੱਗਦਾ ਸੀ ਤੇ ਦੂਜਾ ਭਤੀਜਾ। ਭਰਾ ਨੇ ਆਪਣੇ ਤ੍ਰੈਵੇ ਬਾਲ ਆਪਣੀ ਇਕ ਭੈਣ ਕੋਲ ਲੁਧਿਆਣੇ ਘੱਲ ਛੱਡੇ ਸਨ ਤੇ ਆਪ ਦੋਵੇਂ ਜੀਅ ਆਪਣੇ ਘਰਾਂ-ਜ਼ਮੀਨਾਂ ਦੀ ਰਾਖੀ ਲਈ ਪਿੱਛੇ ਰਹਿ ਗਏ ਸਨ। ਭਤੀਜੇ ਦਾ ਵਿਆਹ ਵੀਰਾਂ ਦੇ ਵਿਆਹ ਤੋਂ ਮਸਾਂ ਮਹੀਨਾਂ ਅਗਦੋਂ ਹੋਇਆ ਸੀ ਤੇ ਉਸਦੀ ਵਹੁਟੀ ਦੇ ਹੱਥ ਵੀ ਅਜੇ ਦੰਦ-ਖੰਡ ਦਾ ਚੂੜਾ ਉਂਜੇ ਦਾ ਉਂਜੇ ਪਿਆ ਹੋਇਆ ਸੀ।

ਮੁਸੀਬਤ ਨੇ ਤਿੰਨਾਂ ਘਰਾਂ ਨੂੰ ਇਕੱਠਿਆਂ ਕਰ ਦਿੱਤਾ ਸੀ, ਪਰ ਜ਼ਨਾਨੀਆਂ ਅਜੇ ਵੀ ਆਪਣਾ ਪਕਾਂਦੀਆਂ ਤੇ ਆਪੋ ਆਪਣਾ ਖਾਂਦੀਆਂ ਸਨ । ਵੀਰਾਂ ਆਪ ਵੀ ਵੱਸ ਲੱਗਦੇ ਚੌਕੇ ਵਲ ਨਾ ਜਾਂਦੀ। ਉਂਜ ਕਿਸੇ ਨੂੰ ਵੀਰਾਂ ਤੋਂ ਹੋਰ ਕੋਈ ਸ਼ਿਕਾਇਤ ਨਹੀਂ ਸੀ।

ਕਿਆਮਤ ਦਾ ਦਿਨ ਇਸ ਤੋਂ ਅੱਗੇ ਹੋਰ ਕੋਈ ਨਹੀ ਸੀ ਆਉਣਾ। ਰੂਪ ਚੰਦ ਦਾ ਸ਼ਰੀਕ ਭਰਾ ਬਾਹਰ ਪੈਲੀਆਂ ਵਿਚ ਕਿਸੇ ਨੇ ਵੱਢ ਛੱਡਿਆ ਤੇ ਆਪ ਰੂਪ

ਚੰਦ ਉਸ ਰਾਤ ਹਵੇਲੀ ਦਾ ਪਹਿਰਾ ਦੇਂਦਾ ਮਾਰਿਆ ਗਿਆ। ਸਾਰੀ ਰਾਤ ਹਵੇਲੀ ਦੇ ਬੰਦ ਬੂਹੇ ਭੱਜਦੇ ਰਹੇ ਤੇ ਜ਼ਨਾਨੀਆਂ ਦੀਆਂ ਚੀਕਾਂ ਕੰਧਾਂ ਨਾਲ ਵੱਜ-ਵੱਜ ਕੇ ਟੁੱਟਦੀਆਂ ਰਹੀਆਂ। ਵੀਰਾਂ ਨੇ ਆਪਣਾ ਚੂੜਾ ਭੰਨ-ਭੰਨ ਕੇ ਆਪਣੀਆਂ ਬਾਂਹਵਾਂ ਘਾਇਲ ਕਰ ਛੱਡੀਆਂ ਸਨ।

ਘਰ ਵਿਚ ਹੁਣ ਇਕੋ ਮਰਦ ਰੂਪ ਚੰਦ ਦਾ ਸ਼ਰੀਕ ਭਤੀਜਾ ਰਹਿ ਗਿਆ ਸੀ ਉਹ ਹਵੇਲੀ ਦੇ ਬਾਹਰਲੇ ਬੂਹੇ ਵਲ ਬੰਦੂਕ ਤਾਣ ਕੇ ਆਪਣੀ ਬਾਰੀ ਵਿਚ ਬੈਠਾ ਹੋਇਆ ਸੀ ਤੇ ਜਿਥੋਂ ਤੱਕ ਵਾਹ ਲੱਗਦੀ ਕਿਸੇ ਨੂੰ ਹਵੇਲੀ ਦੇ ਬੂਹੇ ਤੱਕ ਨਹੀਂ ਸੀ ਆਉਣ ਦੇਂਦਾ।

ਸਵੇਰੇ ਅਜੇ ਚੜ੍ਹੀ ਨਹੀਂ ਸੀ, ਜਦੋਂ ਹਵੇਲੀ ਦੇ ਬੰਦ ਬੂਹਿਆਂ ਉੱਤੇ ਤੇਲ ਛਿੜਕਿਆ ਗਿਆ ਤੇ ਅੱਗ ਦੀ ਪਹਿਲੀ ਲੰਬ ਅਕਾਸ਼ ਵੱਲ ਉੱਠੀ।

ਹਵੇਲੀ ਦੇ ਪਿਛਵਾੜੇ ਹਵੇਲੀ ਦੀ ਉੱਚੀ ਤੇ ਪੱਥਰ ਵਰਗੀ ਕੰਧ ਨਾਲ ਕਿੰਨੇ ਹੀ ਨੀਵੇਂ-ਉੱਚੇ ਕੋਠੇ ਸਨ। ਜਿਹਨਾਂ ਉੱਤੋਂ ਪੰਜਵੇ, ਚੌਥੇ, ਤੀਸਰੇ ਤੇ ਦੂਜੇ ਘਰ ਦੀਆਂ ਕੰਧਾਂ ਵਿਚ ਰੱਸੀਆਂ, ਅੜਾਦਾਂ ਤੇ ਛੱਤਾਂ, ਟੱਪਦਾ ਨਜ਼ੀਰ ਆਖ਼ਰ ਹਵੇਲੀ ਦੀ ਛੱਤ ਉੱਤੇ ਪਹੁੰਚ ਪਿਆ ਸੀ।

ਤ੍ਰੀਮਤਾਂ ਨੇ ਸੁਣਿਆ ਹੋਇਆ ਸੀ ਜਦੋਂ ਮਕਾਨ ਸੜ ਰਿਹਾ ਹੋਵੇ ਤਾਂ ਕੋਈ ਛੱਤ ਹੇਠਾਂ ਨਹੀ ਬਹਿੰਦਾ । ਉਸ ਵੇਲੇ ਪੌੜੀਆਂ ਵਿਚ ਬੈਠਣਾ ਚਾਹੀਦਾ ਹੈ। ਛੱਤਾਂ ਸਭ ਤੋਂ ਪਹਿਲਾਂ ਡਿਗਦੀਆਂ ਹਨ ਫੇਰ ਕੰਧਾਂ ਤੇ ਫੇਰ ਪੌੜੀਆ । ਸ਼ਿੱਬੋ, ਵੀਰਾਂ ਤੇ ਦੋਵੇਂ ਤੀਵੀਂਆਂ ਹਵੇਲੀ ਦੀਆਂ ਉੱਤਲੀਆਂ ਪੌੜੀਆਂ ਵਿਚ ਬੈਠੀਆਂ ਕੰਬ ਰਹੀਆਂ ਸਨ। ਬਾਹਰ ਆਖਰਾਂ ਦਾ ਧੂੰਆਂ ਸੀ ਤੇ ਵਿਚ-ਵਿਚ ਲੋਕਾਂ ਦੀਆਂ ਆਵਾਜ਼ਾਂ ਰਲੀਆਂ ਹੋਈਆਂ ਸਨ। ਵੀਰਾਂ ਨੇ ਪੌੜੀਆਂ ਤੋਂ ਬਾਹਰ ਆ ਕੇ ਖੁੱਲ੍ਹੀ ਛੱਤ ਉਤੋਂ ਇਕ ਵਾਰ ਬਾਹਰ ਨੂੰ ਨਜ਼ਰ ਕੀਤੀ ਪਰ ਧੂੰਏਂ ਤੋਂ ਬਿਨਾਂ ਦਿਸਦਾ ਕੁਝ ਨਹੀਂ ਸੀ। ਜਿਉਂ ਜਿਉਂ ਅੱਗ ਉੱਚੀ ਹੁੰਦੀ ਪਈ ਸੀ ਲੋਕਾਂ ਦੀਆਂ ਆਵਾਜ਼ਾਂ ਕੁਝ ਦੂਰ ਹੋ ਗਈਆਂ ਸਨ।

"ਵੀਰਾਂ" ਵੀਰਾਂ ਤ੍ਰਹਿ ਗਈ। ਨਜ਼ੀਰ ਨੇ ਉਸਦੇ ਮੋਢੇ ਉੱਤੇ ਹੱਥ ਧਰਿਆ ਹੋਇਆ ਸੀ।

"ਜੋ ਕੁਝ ਹੋਣਾ ਸੀ ਹੋ ਗਿਆ ਏ ਵੀਰਾਂ, ਹੁਣ ਅਜਾਈਂ ਮੌਤੇ ਮਰਨ ਵਿਚ ਕੁਝ ਨਹੀਂ ਲੱਭਣਾਂ।" ਨਜ਼ੀਰ ਨੇ ਡਾਢੀ ਹਲੀਮੀ ਨਾਲ ਆਖਿਆ।

ਵੀਰਾਂ ਜਿਵੇਂ ਆਪਣੀ ਹੋਸ਼ ਵਿਚ ਨਹੀਂ ਸੀ ਨਾ ਉਸ ਨੇ ਆਪਣੇ ਗਵਾਂਢੀ ਨਜ਼ੀਰ ਨੂੰ ਪਛਾਣਿਆ ਤੇ ਨਾ ਜਿਵੇਂ ਉਸ ਦੀ ਗੱਲ ਸਮਝੀ।

"ਸੱਚਾ ਰੱਬ ਗਵਾਹ ਏ ਵੀਰਾਂ, ਵਰ੍ਹਿਉਂ ਉੱਤੇ ਹੋਣ ਲੱਗਾ ਏ, ਮੈ ਕਦੇ ਰੱਜ ਕੇ ਸੁੱਤਾ ਨਹੀਂ, ਸਾਰੀ-ਸਾਰੀ ਰਾਤ ਮੈਂ ਤੇਰੇ ਸੁਪਨੇ ਘੜਦਾ ਰਹਿਨਾਂ ਵਾਂ......."

"ਤੂੰ ਕੌਣ ਏ?" ਵੀਰਾਂ ਦੇ ਮੂੰਹੋਂ ਮਸਾਂ ਏਨਾਂ ਹੀ ਨਿਕਲਿਆ।

"ਮੈਂ ਤੇਰਾ ਗਵਾਂਢੀ ਨਜ਼ੀਰ ਹਾਂ ਵੀਰਾਂ, ਤੂੰ ਮੈਨੂੰ ਪਛਾਣਦੀ ਕਿਉਂ ਨਹੀਂ? ਜਿੰਨੀ ਵਾਰ ਤੂੰ ਆਪਣੇ ਖੇਤਾਂ ਵਿਚ ਜਾਂਦੀ ਰਹੀ ਏਂ, ਮੈਂ ਓਨੀ ਵਾਰ ਹੀ ਖੂਹ ਉੱਤੇ ਬਹਿ ਕੇ ਟੱਪੇ ਗਾਉਂਦਾ ਰਿਹਾ ਹਾਂ। ਆਪਣੀ ਜਵਾਨੀ ਉਤੇ ਰਹਿਮ ਕਰ ਵੀਰਾਂ! ਜੇ ਤੂੰ ਜਿਉਂਦੀ ਕਿਸੇ ਹੋਰ ਦੇ ਹੱਥ ਲੱਗ ਗਈਓਂ ਤਾਂ ਵੀ ਤੂੰ ਨਹੀਂ ਬਚਣਾਂ। ਮੈਂ ਸਾਰੀ ਉਮਰ ਤੈਨੂੰ ਅਜਾਂ ਨਹੀਂ ਲੱਗਣ ਦਿਆਂਗਾ। ਐਸ ਰਾਹੋਂ ......ਪਿਛਲੇ ਰਾਹੋਂ ਮੈਂ ਤੈਨੂੰ ਫੁੱਲਾਂ ਵਾਂਗ ਉਤਾਰ ਲਵਾਂਗਾ .......ਛੇਤੀ ਕਰ ਵੀਰਾਂ, ਹੁਣ ਇਹ ਹਵੇਲੀ ਸੜ ਕੇ ਸਵਾਹ ਹੋ ਜਾਣੀ ਏਂ....."

ਅੱਗ ਦੀਆਂ ਲਾਟਾਂ ਵੀਰਾਂ ਦੇ ਮੂੰਹ 'ਤੇ ਲਿਸ਼ਕੀਆਂ ਤੇ ਉਸ ਨੇ ਇਕ ਨਜ਼ਰ ਭਰ ਕੇ ਨਜ਼ੀਰ ਦੀਆਂ ਅੱਖਾਂ ਵਿਚ ਵੇਖਿਆ।

"ਇਕ ਮੇਰੀ ਗੱਲ ਮੰਨੇਂਗਾ?"

"ਮੈਂ ਤੇਰੀਆਂ ਸੱਭੇ ਮੰਨਾਂਗਾ ਵੀਰਾਂ! ਸਾਰੀ ਉਮਰ ਮੰਨਾਂਗਾ।"

"ਸਾਰੀ ਉਮਰ ਨਹੀਂ ਨਜ਼ੀਰ ਹੁਣੇ........ਬੱਸ ਹੁਣੇ........."

"ਦੱਸ ਵੀਰਾਂ "

"ਤੂੰ ਸ਼ਿੱਬੋ ਨੂੰ ਤੇ ਦੋਹਾਂ ਤ੍ਰੀਮਤਾਂ ਨੂੰ ਏਥੋਂ ਅਮਨ-ਅਮਾਨ ਕੱਢ ਦੇ ਕਿਸੇ ਨੂੰ ਓਨ੍ਹਾਂ ਦੀ ਸੂਹ ਨਾ ਪਵੇ.........."

"ਏਹ ਮੈਂ ਕਿੰਝ ਕਰਾਂਗਾ ਵੀਰਾਂ! ਲੋਕ ਤੇ ਅੱਗੇ ਹੀ ਚਾਹੁੰਦੇ ਸਨ ਜੁ ਕਿਤੇ ਉਹ ਜੀਉਂਦੀਆਂ ਲੱਭ ਪੈਣ। ਉਹਨਾਂ ਨੂੰ ਤੇ ਹੋਰ ਕੋਈ ਰਾਹ ਨਹੀਂ ਲੱਭਾ ਤਾਂ ਉਹਨਾਂ ਨੇ ਅੱਗ ਲਾਈ ਏ........"

"ਏਹ ਮੈਨੂੰ ਪਤਾ ਨਹੀਂ, ਪਰ ਜੇ ਤੂੰ ਇੰਜ ਕਰ ਦਏਂ.........ਮੈਂ ਸਾਰੀ ਉਮਰ ਤੇਰੀ ਹੱਥ-ਬੱਧੀ ਗੁਲਾਮ ਹੋ ਜਾਂਵਾਂਗੀ..........ਨਹੀ ਤੇ ਮੈਂ ਏਸ ਅੱਗ ਵਿਚੋਂ ਬਾਹਰ ਨਹੀਉਂ ਆਉਣਾ।"

"ਚੰਗਾ ਮੈਂ ਆਪਣੀ ਵਾਹ ਲਾ ਦੇਨਾਂ ਵਾਂ.........."

"ਸੱਚ ਆਹਨਾਂ ਏਂ?"

"ਰੱਬ ਗਵਾਹ ਏ"

"ਮੈਨੂੰ ਇਤਬਾਰ ਏ, ਨਹੀਂ ਤੇ ਫੇਰ ਕਿਨ੍ਹੇ ਮਰਨੋਂ ਡੱਕ ਲੈਣਾ ਏਂ"

ਅੱਗ ਦੀਆਂ ਲਾਟਾਂ ਹੁਣ ਸੂਹੀਆਂ-ਘੁੱਟ ਹੋ ਗਈਆਂ ਸਨ ਤੇ ਲੋਕਾਂ ਦੀਆਂ 'ਵਾਜ਼ਾਂ ਹੋਰ ਦੂਰ ਚਲੀਆਂ ਗਈਆਂ ਸਨ।

ਇਕ-ਇਕ ਤ੍ਰੀਮਤ ਨੂੰ ਨਜ਼ੀਰ ਨੇ ਬਾਂਹਵਾਂ ਵਿਚ ਚੁੱਕ-ਚੁੱਕ ਕੇ ਨਾਲ ਦੇ ਘਰ ਉਤਾਰਿਆ। ਵੀਰਾਂ ਨੇ ਧੂੰਏਂ ਨੂੰ ਚੀਰ ਕੇ ਹਵੇਲੀ ਦੀਆਂ ਪੌੜੀਆਂ ਉੱਤਰੀਆਂ ਤੇ ਹੇਠਲੀ ਛੱਤੋਂ ਖਾਲੀ ਬੰਦੂਕ ਫੜ ਰੂਪ ਚੰਦ ਦੇ ਭਤੀਜੇ ਦੀ ਬਾਂਹ ਫੜ ਆਂਦੀ। ਕੜੀ ਜਿਹਾ ਜਵਾਨ ਮੁੰਡਾ ਜਿਵੇਂ

ਅੱਧਿਓਂ ਬਹੁਤਾ ਮਰ ਚੁੱਕਾ ਸੀ ਬੇ-ਸੁਰਤ ਦਾ ਬੇਸੁਰਤ ਵੀਰਾਂ ਦੇ ਪਿੱਛੇ ਤੁਰਦਾ, ਰੱਸੀਆਂ ਨੂੰ ਫੜਦਾ, ਕੰਧਾਂ ਨਾਲ ਲਮਕਦਾ ਉਹ ਨਾਲ ਦੇ ਘਰ ਉੱਤਰਿਆ ਤੇ ਫੇਰ ਉਸ ਤੋਂ ਨਾਲ ਦੇ, ਹੋਰ ਨਾਲ ਦੇ, ਹੋਰ ਨੀਵੇਂ ਨਜ਼ੀਰ ਦੇ ਘਰ ਲੱਥਾ। ਸ਼ੁਕਰ ਏਹ ਸੀ, ਜੁ ਲੋਕ ਘਰਾਂ ਵਿਚ ਨਹੀ ਸਨ ਤੇ ਦੂਜੇ ਬੰਨੇ ਹਵੇਲੀ ਦੇ ਮੂੰਹ ਵਲ ਖਲੋਤੇ, ਸੜਦੀ ਹਵੇਲੀ ਨੂੰ ਤੱਕ ਰਹੇ ਸਨ।

ਅੱਗ ਦੇ ਲਾਂਬੇ ਅਸਮਾਨਾਂ ਨੂੰ ਛੋਹਣ ਲੱਗੇ ਸਨ। ਪਰ ਹੁਣ ਲੋਕ ਅੱਗ ਬੁਝਾ ਰਹੇ ਸਨ, ਨਹੀ ਤੇ ਨਾਲ ਦਾ, ਉਸ ਤੋਂ ਨਾਲ ਦਾ ਤੇ ਹੋਰ ਪਤਾ ਨਹੀ ਕਿੰਨੇ ਘਰ ਸੜ ਜਾਣੇ ਸਨ।

ਨਾਲ ਦੇ ਖਾਲੀ ਘਰ ਦੀਆਂ ਬਾਰੀਆਂ ਕਾਲੀਆਂ-ਚੁਆਤੀ ਹੋ ਗਈਆਂ ਸਨ, ਜਦੋਂ ਅੱਗ ਨੂੰ ਡੱਕਾ ਪਿਆ ਲਾਂਬੇ ਹੇਠਾਂ ਲਹਿ ਗਏ। ਪਰ ਧੂੰਆਂ ਤੇ ਸੇਕ ਕਿਸੇ ਨੂੰ ਹਵੇਲੀ ਦੇ ਨੇੜੇ ਨਹੀਂ ਸੀ ਆਉਣ ਦੇਂਦਾ। ਪੂਰੇ ਦੋ ਦਿਨ ਹਵੇਲੀ ਦਾ ਅੰਦਰ ਧੁਖਦਾ ਰਿਹਾ ਤੇ ਜਦੋਂ ਲੋਕਾਂ ਨੇ ਹਵੇਲੀ ਦੀ ਸਵਾਹ ਫਰੋਲੀ ਤਾਂ ਉਹ ਹੈਰਾਨ ਸਨ, ਨਾਂ ਕਿਸੇ ਮਨੁੱਖ ਦੀ ਹੱਡੀ ਲੱਭਦੀ ਸੀ, ਤੇ ਨਾਂ ਪੰਘਰੇ ਹੋਏ ਸੋਨੇ ਦੀ ਝਲਕ ਪੈਂਦੀ ਸੀ। ਫੇਰ ਆਪੇ ਹੀ ਲੋਕ ਆਖਦੇ, "ਅੱਗ ਵੀ ਤੇ ਆਖਰਾਂ ਦੀ ਸੀ, ਹੱਡੀਆਂ ਵੀ ਸੜ ਕੇ ਸਵਾਹ ਹੋ ਗਈਆਂ ਹੋਣਗੀਆਂ।"

ਸਾਰੇ ਪਿੰਡ ਵਿੱਚੋਂ ਮੁਰਦਿਆਂ ਨੂੰ ਬਾਹਰ ਢੋਅ ਦਿੱਤਾ ਗਿਆ ਤੇ ਲੋਕਾਂ ਨੇ ਲਹੂ ਦੀ ਆਖ਼ਰੀ ਬੂੰਦ ਵੀ ਧੋ ਪੂੰਝ ਕੇ ਪਿੰਡ ਨੂੰ ਮੁੜ ਨਰੋਇਆ ਕਰ ਲਿਆ। ਸਿਰਫ਼ ਅਜੇ ਹਵੇਲੀ ਦੀ ਸਵਾਹ ਆਪਣੀ ਥਾਂ 'ਤੇ ਪਈ ਹੋਈ ਸੀ।

ਰਾਤ ਅੱਧੀਓਂ ਬਹੁਤੀ ਲੰਘ ਗਈ ਸੀ। ਮਾੜੀ-ਮਾੜੀ ਹਵਾ ਵਗਦੀ ਪਈ ਸੀ। ਹਵੇਲੀ ਦੀ ਸਵਾਹ ਇਸ ਤਰ੍ਹਾਂ ਹਿੱਲੀ, ਜਿਵੇਂ ਇਕ ਵਾਰ ਉਸਦਾ ਦਿਲ ਹਿੱਲ ਗਿਆ ਹੋਵੇ। ਪਾਰ ਕਮਾਦ ਵਿੱਚੋਂ ਅੱਗੜ-ਪਿੱਛੜ ਤਿੰਨ ਘੋੜੀਆਂ ਲੰਘ ਰਹੀਆਂ ਸਨ। ਜਿਨ੍ਹਾਂ ਵਿਚੋਂ ਵਿਚਲੀ, ਸ਼ਿੱਬੋ ਦੀ ਘੋੜੀ ਕੋਲ ਖਲੋ ਕੇ, ਵੀਰਾਂ ਨੇ ਗਹਿਣਿਆਂ ਦੀ ਇਕ ਪੋਟਲੀ ਸ਼ਿੱਬੋ ਦੇ ਲੱਕ ਨਾਲ ਬੱਧੀ ਤੇ ਫੇਰ ਉੱਚੇ-ਉੱਚੇ ਕਮਾਦ ਵਿਚ ਇਕ ਪਰਛਾਵਾਂ ਬਣ ਗਈ।

ਉਸ ਪਿੰਡ ਦੇ ਲੋਕ ਸਿਰਫ ਇਹੋ ਜਾਣਦੇ ਹਨ, ਕਿ ਰੂਪ ਚੰਦ ਨੇ ਜੁ ਕਮੀਣਾ ਦੀ ਧੀ ਨਾਲ ਨਵਾਂ ਵਿਆਹ ਕੀਤਾ ਸੀ, ਉਹ ਕੁੜੀ ਪਤਾ ਨਹੀਂ ਕਿਵੇਂ ਨਜ਼ੀਰ ਨੇ ਹਵੇਲੀ ਵਿਚੋਂ ਜੀਉਂਦੀ ਕੱਢ ਲਈ ਹੈ, ਤੇ ਆਪਣੇ ਘਰ ਪਾ ਲਈ ਹੈ।

ਪ ਪ ਪ ਪ ਪ

---

ਜਾਗ ਫਰੀਦਾ ਸੁੱਤਿਆ, ਤੈਨੂੰ ਕਿਵੇਂ ਜਗਾਈਏ।
ਦਰ ਦਰਵਾਜ਼ੇ ਬੰਦ ਨੇ, ਦਸ ਕਿੱਧਰ ਜਾਈਏ।
ਸੁਣੀਂ ਫਰੀਦਾ ਮੇਰਿਆ, ਮੇਰੀ ਦਰਦ ਕਹਾਣੀ।
ਬਾਬਲ ਕਿੱਥੇ ਟੁਰ ਗਏ ਛੱਡ ਧੀ ਧਿਆਣੀ।
ਵੇਖ ਫਰੀਦਾ ਮੇਰਿਆ, ਮੈਂ ਕੀਕਣ ਦੱਸਾਂ।
ਗਏ ਵਲੂੰਧਰੇ ਅੰਦਰੋਂ ਮੈਂ ਕੀਕਣ ਹੱਸਾਂ।
ਤੱਕ ਫਰੀਦਾ ਮੇਰਿਆ, ਕੀ ਕਹਿਰ ਕਮਾਇਆ।
ਮਾਂ ਨੂੰ ਮਾਰਨ ਆ ਗਿਆ, ਅੱਜ ਮਾਂ ਦਾ ਹੀ ਜਾਇਆ।
ਸੁਣੀ ਫਰੀਦਾ ਮੇਰਿਆ, ਮੈਂ ਕਿੱਧਰ ਨੱਸਾਂ।
ਛੱਤਾਂ ਕੰਧਾਂ ਖਾ ਗਈਆਂ, ਮੈਂ ਕਿੱਥੇ ਵੱਸਾਂ।
ਦੱਸ ਫਰੀਦਾ ਮੇਰਿਆ, ਤੈਨੂੰ ਪੁੱਛਣ ਮਾਵਾਂ।
ਰੁੱਖਾਂ ਕੀਕਣ ਖਾਧੀਆਂ, ਖ਼ੁਦ ਆਪਣੀਆਂ ਛਾਵਾਂ।
ਬੋਲ ਫਰੀਦਾ ਮੇਰਿਆ, ਕੋਈ ਬੋਲ ਸੁਹਾਵਾ।
ਮੌਤੋਂ ਪਹਿਲਾਂ ਮਾਰ ਗਏ ਜੀਹਨਾਂ ਤੇ ਦਾਅਵਾ।
ਬਖ਼ਸ਼ ਫਰੀਦਾ ਸਾਡੀਆਂ, ਭੁੱਲਾਂ ਪਛੋਤਾਵਾ।
ਬੋਲ ਜੇ ਤੇਰੇ ਬੋਲਿਆਂ, ਹੋਏ ਥਾਨ ਸੁਹਾਵਾ।

—ਅਨੂਪ ਵਿਰਕ—

14

# ਹਮਕੀ-ਤੁਮਕੀ

## ਅਲਾਮਾ ਮਜੀਦ ਲਾਹੌਰੀ

'ਅੱਲਾ ਬਖ਼ਸ਼ਕੇ! .....ਚਾਚਾ ਮੰਦੂ ਬਸ਼ਕ, ਕੇਡਾ ਭਲਾ ਲੋਕ ਸੀ! ਪਾਕਿਸਤਾਨ ਬਨਣ ਤੋਂ ਕੁਝ ਚਿਰ ਈ ਬਾਅਦ, ਉਹ ਮਰ ਗਿਆ। ਮਰਦੀ ਵਾਰੀ ਕਹਿਣ ਲੱਗਾ, 'ਲੈ ਭਈ! ਸਾਡੇ ਦਿਲ ਦੀ ਸੱਧਰ, ਰੱਬ ਚਾ ਪੂਰੀ ਕੀਤੀ........ ਮੁਲਕ ਆਜ਼ਾਦ ਹੋ ਗਿਆ........ ਨਾ ਹੁਣ ਏਥੇ 'ਰਾਮ-ਰਾਜ' ਤੇ ਨਾ 'ਟਾਮ-ਰਾਜ'......., ਤਕਦੀਰੀਂ ਮਿਲ ਗਿਆ ਏ 'ਇਸਲਾਮ ਰਾਜ'। .......... ਸਾਡੇ ਦਿਲ ਦੀ ਸੱਧਰ ਏਹੋ ਸੀ, ਪਈ ਖ਼ੁੱਸੀ ਹੋਈ ਬਾਦਸ਼ਾਹੀ ਸਾਨੂੰ ਫੇਰ ਮਿਲੇ ਤੇ ਉਹ ਮਿਲ ਗਈ ਏ।'

'ਰੱਬ'! ਨੇ 'ਬਾਬੇ ਜਿਨਾਹ' ਨੂੰ ਭੇਜ ਦਿੱਤਾ। ਬਾਬਾ ਜਿਨਾਹ ਸੀ ਖੋਜਾ, ਤੇ ਉਹਦੇ ਸਾਹਮਣੇ ਸੀ, ਗੁਜਰਾਤ ਦਾ ਕਰਾੜ 'ਗਾਂਧੀ'। .......ਦੋਵੇਂ ਵਾਹਵਾ ਸਿਆਣੇ ਤੇ ਮੰਨੇ-ਪ੍ਰਮੰਨੇ, ਦਾਨੇ। ਪਰ ਕਰਾੜ ਨੂੰ ਟੱਕਰਿਆ, ਤੇ ਖੋਜਾ ਈ ਟੱਕਰਿਆ। ਉਹਨੇ ਕੌਡੀ-ਕੌਡੀ ਦਾ ਹਿਸਾਬ ਕਰ ਕੇ ਪਾਕਿਸਤਾਨ ਲੈ ਲਿਆ। ਅੱਲਾ ਦਾ ਸ਼ੁਕਰ ਏ! ਪਈ ਸਾਡੀ ਨਿਗਾਹ ਦੇ ਸਾਹਮਣੇ, ਖ਼ੁੱਸੀ ਹੋਈ ਬਾਦਸ਼ਾਹੀ ਸਾਨੂੰ ਮਿਲ ਗਈ...... ਸਨਾਅ ਵਾਸਤੇ, ਅੱਲਾ ਤਾਲਾ ਦੀ ਵਡਿਆਈ ਵਾਸਤੇ, ਨਬੀ-ਪਾਕ ਦੇ ਸਵਾਬ ਵਾਸਤੇ......, ਮਗ਼ਰਬ ਦੇ ਮੂੰਹ, ਤਰਫ਼ 'ਕ੍ਰਾਬੇ-ਸ਼ਰੀਫ਼' ਦੇ.......... ਅੱਲਾ-ਅਕਬਰ!!'

'ਲਓ ਭਈ ! ਹੁਣ ਅਸੀਂ ਵਿਦਿਆ ਹੋਣ ਲੱਗੇ ਜੇ! ਸਾਡੀ ਸੱਧਰ ਏਹੋ ਈ ਸੀ, ਪਈ ਖ਼ੁੱਸੀ ਹੋਈ ਬਾਦਸ਼ਾਹੀ ਮਿਲ ਜਾਏ....... ਨਾ ਅਸੀਂ 'ਵਜ਼ੀਰ' ਬਣਨਾ ਏ, ਤੇ ਨਾ 'ਸਫ਼ੀਰ' ਬਣਨਾ ਏ, ਹੁਣ ਵਿਦਿਆ ਹੋ ਜਾਈਏ.....!! ਹੁਣ ਛੇਤੀ-ਛੇਤੀ ਕਰ, ਤੇ ਚੱਲੀਏ ਆਪਣੇ ਘਰ.......।'

'ਅੱਲਾ ਬਖ਼ਸ਼ਕੇ! ਚਾਚੇ ਮੰਦੂ ਬਸ਼ਕ ਇਹ ਕਿਹਾ, ਤੇ ਸਵੇਰ ਦੀ ਨਮਾਜ਼ ਵੇਲੇ ਦਮ ਦੇ ਦਿੱਤਾ।' ਖ਼ੁਦਾ ਬਖ਼ਸ਼ ਨੇ ਜਦੋਂ ਉਹਦੀ ਮੌਤ ਦੀ ਖ਼ਬਰ ਸੁਣੀ ਤਾਂ ਠੰਢਾ ਸਾਹ ਲੈ ਕੇ ਕਿਹਾ,

'ਖ਼ੁਦਾ ਬਖ਼ਸ਼ਾ! ਕਿੰਨੀਆਂ ਖ਼ੂਬੀਆਂ ਸਨ, ਮਰਨ ਵਾਲੇ ਵਿਚ'

'ਅੱਲਾ ਬਖ਼ਸ਼ਕੇ! ਚਾਚੇ ਮੰਦੂ ਬਸ਼ਕ ਨੂੰ, ਉਹਦੇ ਗੁਆਂਢ ਵਿਚ ਰਹਿੰਦੇ ਸਨ, ਪੂਰਬੀਏ ..........ਤੇ ਵੀਹਾਂ-ਪੰਝੀਆਂ ਵਰ੍ਹਿਆਂ ਤੋਂ ਉਹ ਲਾਹੌਰ ਵਿਚ ਈ ਸਨ। ਉਹਨਾਂ, ਜਦੋਂ ਹਮਕੀ-ਤੁਮਕੀ ਕਰ ਕੇ ਗੱਲ ਕਰਨੀ, ਤਾਂ ਚਾਚੇ ਮੰਦੂ ਬਸ਼ਕ ਨੂੰ ਕੌੜ ਚੜ੍ਹਨੀ। ਉਹਨੇ ਕਹਿਣਾ, "ਓਏ ਜੁਆਨ! ਤੁਸੀਂ ਇਹ ਹਮਕੀ-ਤੁਮਕੀ ਕੀ ਕਰਦੇ ਓ? ......ਏਨੇ ਵਰ੍ਹੇ ਏਥੇ ਹੋ ਗਏ, ਤੇ ਤੁਸੀਂ ਕੋਈ ਬੰਦਿਆਂ ਵਾਲੀ ਗੱਲ ਕਰੋ! ਹਰ ਵੇਲੇ, ਹਮਕੀ-ਤੁਮਕੀ, ਹਮਕੀ-ਤੁਮਕੀ"

ਇਕ ਪੂਰਬੀਏ ਨੇ ਕਿਹਾ, "ਅੱਛਾ! ਤੁਮ ਪੰਜ.. ਐ..ਬੀ.. ਓ!"

ਚਾਚੇ ਮੰਦੂ ਬਸ਼ਕ ਨੂੰ ਸੁਣ ਕੇ, ਹੋਰ ਕੌੜ ਚੜ੍ਹੀ। ਉਹਨੇ ਕਿਹਾ, "ਲਓ ਭਈ! ਹੁਣ ਅਸੀਂ ਪੰਜਾਬੀ ਲੋਕ, ਪੰਜ-ਐਬੀ ਆਂ। ਓਏ ਪੂਰਬੀਓ!! ਤੁਮ ਪੁਰ-ਐਬੀ ਓ....... ਸਾਡੇ ਤਾਂ ਪੁੱਤਰੋ! ਪੰਜ ਐਬ ਹੋਏ ਨਾ, ਤੇ ਤੁਸੀਂ, ਐਬਾਂ ਨਾਲ ਪੁਰ-ਪੁਰ ਵਿੱਧੇ ਹੋਏ ਓ।"

ਪੁਰ-ਐਬਾਂ, ਅੱਗ ਭਖਾ ਕੇ ਚਿਲਮ ਭਰਨੀ ਤੇ ਸੂਟਾ ਲਾਣਾ। ਉਹ ਧੂੰਆਂ, ਜਦੋਂ ਮੱਖਣ ਸਿੰਘ ਚੌਕੀਦਾਰ ਦੀਆਂ ਨਾਸਾਂ ਨੂੰ ਚੜ੍ਹਨਾ ਤੇ ਮੱਖਣ ਸਿੰਘ ਨੇ ਕਹਿਣਾ, "ਓਏ ਪੂਰਬੀਓ! ਤੁਮ ਸਾਰਾ ਦਿਨ ਏਥੇ ਬਹਿ ਕੇ ਹੁੱਕਾ ਛਕਤਾ ਰਹਿਤਾ ਹੈ .......ਸਾਹਬ ਖ਼ਸਮਾਂ ਨੂੰ ਖਾਣ ਆਤਾ ਹੈ ......ਜੁੱਤੀਆਂ ਮਾਰ-ਮਾਰ ਹਮਾਰਾ ਸਿਰ ਪੋਲਾ ਕਰਤਾ ਹੈ, ਤੁਮਹਾਰਾ ਕੀ ਜਾਤਾ ਹੈ?"

ਪੁਰ-ਐਬੀਆਂ ਨੇ ਇਹ ਗੱਲ ਸੁਣ ਕੇ ਹੱਸ ਪੈਣਾ, ਤੇ ਹਮਕੀ-ਤੁਮਕੀ ਕਹਿ ਕੇ ਮੱਖਣ ਸਿੰਘ ਨਾਲ ਹਾਸਾ-ਮਖ਼ੌਲ ਕਰਨਾ।

ਚਾਚੇ ਮੰਦੂ ਬਸ਼ਕ ਨੂੰ, ਅੱਲਾ! ਜ਼ਨੱਤ ਵਿਚ ਚਾਚੀ ਜ਼ਨੱਤੇ ਨਸੀਬ ਕਰੇ! ਬੜਾ ਈ ਭਲਾ ਲੋਕ ਸੀ। ਜਦੋਂ ਪੂਰਬੀਆਂ ਨੇ, ਪੰਜ ਐਬੀ ਕਹਿ ਕੇ ਤੰਗ ਕਰਨਾ ਤੇ ਚਾਚੇ ਮੰਦੂ ਬਸ਼ਕ ਨੇ ਕੰਨ 'ਤੇ ਹੱਥ ਰੱਖ ਕੇ ਗਾਉਣਾ:-

'ਪੂਰਬਸਤਾਨੀ ਭਈਏ, ਬੜੇ ਸ਼ੈਤਾਨੀ, ਆਕੜ-ਆਕੜ ਚਲਤੇ ਹੈਂ।

ਦੋ ਕੌਡੀ ਦਾ ਤੇਲ ਲਿਆਕੇ,
ਮੁੱਛ-ਦਾੜ੍ਹੀ ਕੋ ਮਲਤੇ ਹੈਂ।
ਚਿੱਠੀ ਆਈ, ਘਰੇ ਉਨਕੇ,
ਬੱਚੇ ਭੁੱਖੇ ਮਰਤੇ ਹੈਂ।
ਉਹ ਕਹਿਤੇ ਹੈਂ, ਹਮ ਕਿਆ ਜਾਣੇ,
ਹਮ ਤੋਂ ਮੌਜਾਂ ਕਰਤੇ ਹੈਂ।'

ਪੂਰਬੀਆਂ ਨੇ ਹਮਕੀ-ਤੁਮਕੀ ਕਹਿਕੇ ਹਾਸਾ ਬਖੇੜਾ ਕਰਨਾ ਤੇ ਆਈ-ਗਈ ਹੋ ਜਾਣੀ।

ਮੁਲਕ ਦੀ ਵੰਡ ਹੋਈ, ਤੇ ਇਹ ਪੂਰਬੀਏ ਜਿੱਥੋਂ ਆਏ ਸਨ, ਉੱਥੇ ਚਲੇ ਗਏ .....ਯਾਨੀ , ਹਿੰਦੁਸਤਾਨ। ਮੱਖਣ ਸਿੰਘ ਵੀ ਚਲਾ ਗਿਆ। ਹਮਕੀ-ਤੁਮਕੀ ਦੇ ਉਹ ਹਾਸੇ-ਬਖੇੜੇ ਵੀ ਮੁੱਕ ਗਏ।

ਕੁਝ ਦਿਨ ਬੀਤੇ ਸਨ, ਕਿ ਚਾਚੇ ਮੰਦੂ ਬਸ਼ਕ ਦੇ ਗੁਆਂਢ, ਫੇਰ ਹਮਕੀ-ਤੁਮਕੀ ਸ਼ੁਰੂ ਹੋ ਗਿਆ। ਨਾਲ ਦੇ ਮੌਲਵੀਆਂ ਦਾ ਪੁੱਤਰ ਨੂਰ ਜਮਾਲ, ਜਿਹੜਾ ਦਿੱਲੀ ਦੇ ਕਿਸੇ ਸਕੂਲ ਵਿਚ ਮਾਸਟਰ ਸੀ, ਬਾਰ੍ਹੀਂ ਵਰ੍ਹੀਂ ਪਰਤ ਕੇ ਘਰ ਆਇਆ । ਉਹ ਹੈ ਤੇ ਸੀ ਪੰਜਾਬੀ, ਪਰ ਦਿੱਲੀ ਵਿਚ ਰਹਿ ਕੇ .......ਹਮਕੀ-ਤੁਮਕੀ ਹੋ ਗਿਆ ਸੀ।

ਉਸ ਆਉਂਦਿਆਂ ਈ, ਜਦੋਂ ਹਮਕੀ-ਤੁਮਕੀ ਸ਼ੁਰੂ ਕੀਤੀ ਤੇ ਚਾਚੇ ਨੂੰ ਫੇਰ ਕੌੜ ਚੜ੍ਹ ਗਿਆ। ਚਾਚੇ ਨੇ ਕਿਹਾ, "ਉਏ ਮੌਲਵੀ ਦਿਆ ਪੁੱਤਰਾ! ਤੂੰ, ਮੈਂ, ਤੇ ਏਸੇ ਬਾਗ਼ ਦੀ ਮਿੱਟੀ ਆਂ, ਇਹ ਹਮਕੀ-ਤੁਮਕੀ ਕੀ ਕਰਨਾ ਏਂ? ਸਾਡੇ ਨਾਲ ਤੇ, 'ਬੰਦਿਆਂ ਵਰਗੀ' ਗੱਲ ਕਰ। ਉਏ! ਨਾ ਤੇਰੇ ਦਾਦੇ ਨੇ ਹਮਕੀ-ਤੁਮਕੀ ਕੀਤੀ, ਨਾ ਤੇਰੇ ਪਿਉ ਨੇ। ਤੇਰੀ ਮਾਂ ਭਾਗ ਭਰੀ, ਵੀ ਏਥੇ ਜੰਮੀ, ਤੇ ਏਥੇ ਮੋਈ........ ਨਾ ਉਹਨੇ ਹਮਕੀ-ਤੁਮਕੀ ਕੀਤੀ ..........ਉਏ! ਤੈਨੂੰ ਇਹ ਕੀ ਮਾਰ ਵਗ ਗਈ .....ਜਦੋਂ ਵੇਖੋ! ਹਮਕੀ-ਤੁਮਕੀ .........ਹਮਕੀ-ਤੁਮਕੀ।

ਇਕ ਦਿਨ, ਢਾਰੇ ਵਿਚ ਹੁੱਕਾ ਪੀਂਦਿਆਂ ਚਾਚੇ ਮੰਦੂ ਬਸ਼ਕ ਨੇ ਬੜੀ ਈ ਸੁਆਦੀ ਗੱਲ ਸੁਣਾਈ। ਉਹਨੇ ਕਿਹਾ, "ਮਾਸਟਰ ਨੂਰ ਜਮਾਲ ਦੇ ਘਰੋਂ ਜਿਹੜੀ ਏ ਨਾ.........ਉਹ ਜੰਡਿਆਲੇ ਦੀ ਰਹਿਣ ਵਾਲੀ, ਬੜੀ ਸਿੱਧੜ ਜਿਹੀ ਜ਼ਨਾਨੀ ਏ ........ਤੇ ਹਮਕੀ-ਤੁਮਕੀ ਨਹੀਂ ਜਾਣਦੀ। ਨੂਰ ਜਮਾਲ, ਉਹਦੇ ਨਾਲ ਵੀ ਹਮਕੀ-ਤੁਮਕੀ ਕਰਦਾ ਏ। ਇਕ ਦਿਨ ਮਾਸਟਰ ਨੂਰ ਜਮਾਲ, ਉਹਨੂੰ ਝਿੜਕਦਾ-ਝੰਬਦਾ ਸੀ", ਤੇ ਕਹਿੰਦਾ ਸੀ,

'ਹਮ ਨੇ ਤੁਮ ਕੋ ਕਹਾ ਥਾ ਕਿ ਮੀਠੇ ਅੰਡੇ ਪਕਾਣਾ ........ਯੇਹ ਤੁਮ ਨੇ ਨਮਕੀਨ ਅੰਡੇ ਕਿਉਂ ਪਕਾਏ ਹੈ ?'

ਉਸ, ਅੱਲਾ ਦੀ ਬੰਦੀ ਨੇ ਕਿਹਾ, 'ਬਾਬੂ ਜੀ! ਤੁਸਾਂ ਮਿੱਠੇ ਅੰਡੇ ਪਕਾਣ ਨੂੰ ਕਦੋਂ ਕਿਹਾ ਸੀ?'

ਮਾਸਟਰ ਨੂਰ ਜਮਾਲ ਬੋਲਿਆ, 'ਕਿਆ ਤੁਮਹਾਰੇ ਕਾਨ ਬਹਰੇ ਹੋ ਗਏ ਹੈਂ? ਮੈਂਨੇ ਘਰ ਸੇ ਜਾਤੇ ਵਕਤ ਤੁਮ ਸੇ ਕਹਾ ਥਾ।'

ਉਹ ਬੋਲੀ, 'ਤੁਸਾਂ ਨਹੀਂ ਸੀ ਕਿਹਾ।'

ਨੂਰ ਜਮਾਲ ਕਹਿਣ ਲੱਗਾ, 'ਯੇਹ, ਤੁਸਾਂ-ਤੁਸਾਂ ਕਿਆ ਬਕਤੀ ਹੋ ?'

ਚਾਚੇ ਮੰਦੂ ਬਸ਼ਕ ਨੇ, ਇਹ ਗੱਲ ਸੁਣ ਕੇ ਕਿਹਾ, "ਦੇਖੋ ਜੀ ! ਕੀ ਹਨ੍ਹੇਰ ਝੁੱਲ ਗਿਆ ਏ? ਕਿ ਉਹ ਮੌਲਵੀ ਦਾ ਪੁੱਤਰ, ਸਿੱਧੇ ਮੂੰਹ ਨਾਲ ਗੱਲ ਈ ਨਹੀਂ ਕਰਦਾ .....ਉਹ ਪੂਰਬੀਏ ਸਾਡੀ ਬੋਲੀ ਨਹੀਂ ਸੀ ਜਾਣਦੇ ........ਪਰ ਇਹ ਪੰਜਾਬੀ ਹੋ ਕੇ, 'ਹਮਕੀ-ਤੁਮਕੀ' ਹੋ ਗਿਆ ਏ।"

ਚਾਚੇ ਮੰਦੂ ਬਸ਼ਕ ਨੂੰ, ਉਸ ਦਿਨ ਬੜੀ ਕਿੜ ਲੱਗੀ, ਜਦੋਂ ਮੌਲਵੀ ਦੇ ਪੁੱਤਰ ਨੂਰ ਜਮਾਲ ਨੇ ਕਿਹਾ, 'ਤੁਮ ਜਾਹਲ ਆਦਮੀ! ਹਮਾਰੀ ਬਾਤ ਕਿਆ ਸਮਝੋ?'

ਚਾਚੇ ਨੇ ਕਿਹਾ, 'ਉਏ ! ਹਮਕੀ-ਤੁਮਕੀ ਦਿਆ ਪੁੱਤਰਾ! ਮੈ ਜਾਹਲ ਆਦਮੀ ਆਂ...... ਤੇਰੇ ਦਾਦੇ ਮੇਰੇ ਕੋਲੋਂ 'ਹੀਰ' ਪੜ੍ਹੀ.......ਤੇਰੇ ਪਿਉ ਨੂੰ, ਮੈਂ 'ਯੂਸਫ਼-ਜ਼ੁਲੈਖਾਂ' ਪੜ੍ਹਾਈ ........ ਤੇਰੀ ਮਾਂ ਭਾਗ ਭਰੀ ਨੇ, ਮੇਰੇ ਕੋਲੋਂ 'ਪੱਕੀ ਰੋਟੀ ਤੇ ਨੂਰ-ਨਾਮਾ' ਪੜ੍ਹਿਆ............ ਉਏ! ਤੂੰ!!! ..........ਹਮਕੀ-ਤੁਮਕੀ ਪੜ੍ਹ ਕੇ ਸਾਨੂੰ ਜਾਹਲ ਸਮਝਦਾ ਏਂ.......ਜਾਹ ਉਏ! ਹਮਕੀ-ਤੁਮਕੀ ਦਿਆ ਪੁੱਤਰਾ............?'

---

### ਮਾਂ-ਬੋਲੀ

ਮਿੱਠੀ ਬੋਲੀ ਦੇ ਵਾਰਸਾ ਸੱਚ ਮੰਨੀ, ਮੈਂ ਮੰਨਾਂ ਪੰਜਾਬੀ ਦਾ ਪੀਰ ਤੈਨੂੰ।

ਦਿੱਤੀ ਜਿੰਦ ਤੂੰ ਹੀਰ ਸਲੇਟੜੀ ਨੂੰ, ਦੇ ਗਈ ਸਦਾ ਦੀ ਜ਼ਿੰਦਗੀ ਹੀਰ ਤੈਨੂੰ।

**ਵਿਧਾਤਾ ਸਿੰਘ ਤੀਰ**

15

# ਇੱਲ੍ਹ-ਕੋਕੋ

## ਇਲਿਆਸ ਘੁੰਮਣ

ਉਹਨਾਂ ਦੇ ਹੱਥਾਂ ਵਿਚ ਚਮ-ਚਮ ਕਰਦੀਆਂ ਛਵ੍ਹੀਆਂ, ਕੁਹਾੜੀਆਂ ਤੇ ਮਨਾਂ ਵਿਚ ਅੰਨ੍ਹਾਂ ਕਹਿਰ-ਕਰੋਧ ਸੀ। ਉਹਨਾਂ ਦਿਆਂ ਮੂੰਹਾਂ ਵਿੱਚੋਂ ਮੰਦੇ ਬੋਲ ਉਬਲ-ਉਬਲ ਪੈਂਦੇ ਸਨ, ਤੇ ਅੱਖਾਂ ਵਿੱਚੋਂ ਖ਼ੂਨ ਪਿਆ ਡੁਲ੍ਹਦਾ ਸੀ। ਚਾਨਣੀ ਰਾਤ ਵਿਚ ਪਿੰਡ ਤੋਂ ਦੋ ਕਿੱਲੇ ਹੱਟਵੀਂ, ਬਣੀ ਪੱਕੀ ਹਵੇਲੀ ਵੱਲ ਜਾਂਦਿਆਂ ਉਹਨਾਂ ਦੇ ਪੈਰ ਤਰਿਖੇ, ਤੇ ਇਰਾਦੇ ਚੋਖੇ ਖ਼ਤਰਨਾਕ ਜਾਪਦੇ ਸਨ। ਜਿਉਂ-ਜਿਉਂ ਇਹ ਹਵੇਲੀ ਉਹਨਾਂ ਦੇ ਲਾਗੇ ਆ ਰਹੀ ਸੀ, ਉਹਨਾਂ ਦਾ ਜੋਸ਼ ਮਿਉਂਦਾ ਨਹੀਂ ਸੀ, ਸਹੀ ਹੋਂਦਾ। ਪੈਰਾਂ ਥੱਲੇ ਪੈਲੀਆਂ ਰੋਲਦੇ ਓੜਕ ਉਹ ਆਪਣੇ ਨਿਸ਼ਾਨੇ ਉੱਤੇ ਅੱਪੜ ਈ ਗਏ। ਆਪਣੇ ਸਾਹਵੇਂ ਪੱਕੀ ਹਵੇਲੀ ਦੇ ਬਾਹਰਲੇ ਕਵਾੜ ਬੰਦ ਹੋਏ ਵੇਖ ਕੇ, ਉਹਨਾਂ ਨੂੰ ਜਿਵੇਂ ਝੱਲ ਈ ਕੁੱਦ ਗਿਆ। ਉਹ ਸਾਰੇ ਲੰਮੀ ਚੌੜੀ ਹਵੇਲੀ ਦੇ ਆਲੇ-ਦੁਆਲੇ ਖਿਲਰ ਗਏ, ਤੇ ਮੁਰਦਾਰ ਨੂੰ ਚੰਬੜੀਆਂ ਗਿਰਝਾਂ ਵਾਂਗੋਂ, ਉਹਦੀਆਂ ਕੰਧਾਂ ਉੱਤੇ ਝਪੱਟੇ ਮਾਰਨ ਲੱਗ ਪਏ। ਪਰ, ਹਵੇਲੀ ਦੀ ਉੱਚੀ ਵਲਗਣ ਓਹਨਾਂ ਦੀ ਕੋਈ ਪੇਸ਼ ਨਹੀਂ ਜਾਣ ਦੇ ਰਹੀ ਸੀ। ਏਨੇ ਵਿਚ ਈ, ਉੱਥੇ ਇਕ ਲੰਮੀ ਪੌੜੀ ਵਾਲਾ ਵੀ ਆ ਗਿਆ। ਤੇ ਮੁੜ ਥੋੜ੍ਹੇ ਚਿਰ ਮਗਰੋਂ ਈ, ਉਹ ਸਾਰੇ ਹਵੇਲੀ ਦੇ ਅੰਦਰ ਸਨ। ਹੁਣ ਮਾੜੇ ਬੂਹੇ ਟੁੱਟ ਰਹੇ ਸਨ ਤੇ ਤਗੜੇ ਚੁਗਾਠਾਂ ਤੋਂ ਉੱਖੜ ਰਹੇ ਸਨ। ਭੱਜਣ ਵਾਲੇ ਭਾਂਡੇ, ਥੱਬਰੇ-ਥੱਬਰੇ ਹੋ ਰਹੇ ਸਨ, ਤੇ ਨਾ ਭੱਜਣ ਵਾਲੇ ਡਿਗ-ਡਿਗ ਚਿੱਬੇ ਹੋ ਰਹੇ ਸਨ। ਇਹਦੇ ਨਾਲ ਈ ਪਸਾਰਾਂ ਵਿਚੋਂ ਵਧੀਆ-ਵਧੀਆ ਵਸਤਾਂ ਕੱਸੀਆਂ ਹੋ ਰਹੀਆਂ ਸਨ।

ਉਹਨਾਂ ਵਿਚੋਂ ਇਕ, ਜਿਹਦੇ ਹੱਥ ਵਿਚ ਮਿਸ਼ਾਲ ਸੀ ਤੇ ਹੋਠਾਂ ਉੱਤੇ ਜ਼ਹਿਰੀ ਮੁਸਕਾਨ ਸੀ, ਉਹ ਚੌਂਤਰੇ ਉੱਤੇ ਖਲੋ ਕੇ ਉੱਚੀ ਸਾਰੀ ਬੋਲਿਆ, "ਗ਼ਾਜ਼ੀਓ! ਅੱਲਾਹ ਨੇ ਇਸ ਮੁਲਕ ਸੇ ਕੁਫ਼ਰ ਕੋ ਮਲੀਆ ਮੇਟ ਕਰਨੇ ਕਾ ਫ਼ਰਜ਼ ਤੁਮਹੇਂ ਸੌਂਪਾ ਹੈ, ਜੋ ਕੋਈ ਏਕ ਕਾਫ਼ਰ ਕੋ ਜਹੱਨਮ ਰਸੀਦ ਕਰੇਗਾ, ਵੁਹ ਖ਼ੁਦ ਸੀਧਾ ਜੱਨਤ ਮੇਂ ਜਾਏਗਾ......ਇਧਰ ਦੇਖੋਂ, ਯੇਹ ਦਰਵਾਜ਼ਾ ਅੰਦਰ ਸੇ ਬੰਦ ਮਾਅਲੂਮ ਪੜਤਾ ਹੈ?"

ਉਹ ਸਾਰੇ ਜਿਹੜੇ ਛੋਟੇ-ਛੋਟੇ ਵਾਅ-ਵਰੋਲਿਆਂ ਵਾਂਗੋਂ ਹਵੇਲੀ ਦੇ ਪਸਾਰਾਂ ਤੇ ਵੇੜ੍ਹੇ ਵਿਚ ਥਾਂ-ਥਾਂ ਧੂੜ ਧੁਮਾ ਰਹੇ ਸਨ, ਉਹ ਹੁਣ ਇਕ ਪੱਰਾ ਬਣਾ ਕੇ, ਨਿੱਕੀ ਇੱਟ ਨਾਲ ਬਣੇ ਹਵੇਲੀ ਦੇ ਉਸ ਸਭ ਤੋਂ ਮਜ਼ਬੂਤ ਕਮਰੇ ਵਲ ਵਧੇ। ਫ਼ੇਰ ਬੇ-ਹਿਸਾਬੀਆਂ ਕੁਹਾੜੀਆਂ, ਉਹਦੇ ਬੂਹੇ ਉੱਤੇ ਵੱਜੀਆਂ। ਇਸ ਬੂਹੇ ਦੇ ਭਿੱਤਾਂ ਉੱਤੇ ਲੋਹੇ ਦੀਆਂ ਮੋਟੀਆਂ ਪੱਟੀਆਂ ਦਾ ਜਾਲ ਇੰਝ ਜੜਿਆ ਹੋਇਆ ਸੀ, ਕਿ ਉਹਨੂੰ ਵੱਜਣ ਵਾਲੇ ਤਿੱਖੇ ਹਥਿਆਰ ਖੁੰਡੇ ਹੁੰਦੇ ਗਏ। ਪਰ ਉਹ ਆਪਣੀ ਥਾਂ ਤੇ ਹਿੱਕ ਡਾਹ ਤੇ ਖਲੋਤਾ ਰਿਹਾ। ਅਚਨਚੇਤ ਇੱਕ ਅਵਾਜ਼ ਆਈ "ਪਰਾਂਹ ਹੱਟ ਜਾਓ, ਪਰਾਂਹ ਹੱਟ ਜਾਓ, ਝਲਾਨੀ ਵਿਚੋਂ ਬੜੇ ਕੰਮ ਦੀ ਸ਼ੈਅ ਲੱਭੀ ਏ, ਵੇਖਣਾ! ਜਦੋਂ ਅੱਗ ਦੇ ਲੰਬੂ ਨਿਕਲੇ ਤੇ ਇਹ ਬੂਹਾ ਆਪਣੇ ਆਪ ਕਿੰਜ ਖੁੱਲ੍ਹਦਾ ਏ।"

ਇਹਦੇ ਨਾਲ ਈ ਦੋ ਜਣੇ ਜਿਹਨਾਂ ਰਲ ਕੇ ਇਕ ਭਾਰਾ ਪੀਪਾ ਚੁੱਕਿਆ ਹੋਇਆ ਸੀ, ਬਰੂਹਾਂ, ਚੁਗਾਠਾਂ ਤੇ ਭਿੱਤਾਂ ਉੱਤੇ ਮਿੱਟੀ ਦੇ ਤੇਲ ਦਾ ਤਰੌਂਕਾ ਕਰਨ ਲੱਗ ਪਏ। ਤੇ ਦੂਜੇ, ਉਹਨਾਂ ਦਾ ਕਾਰਨਾਮਾ ਵੇਖ-ਵੇਖ ਹਾਂਗਰੇ ਮਾਰਨ ਡਹਿ ਪਏ। ਮੁੜ ਸਾਰੇ ਬੰਦੇ ਪੀਪਾ ਖੋਹਣ-ਖੋਹਾਉਂਣ ਦੇ ਸ਼ੁਗਲ ਵਿਚ ਪੈ ਗਏ। ਜਿਹੜੇ ਹੱਥ ਪੀਪਾ ਚੜ੍ਹਦਾ, ਉਹ ਉਹਨੂੰ ਪਿੱਛੇ ਕਰਕੇ ਪੂਰੇ ਜ਼ੋਰ ਨਾਲ ਅੱਗੇ ਵੱਲ ਇੰਜ ਹੁਲਾਰਾ ਦਿੰਦਾ ਕਿ ਉਤਲੀ ਮੋਰੀ ਵਿਚੋਂ ਉੱਚਾ ਛੱਲਕਾ ਮਾਰ ਕੇ ਨਿਕਲਿਆ ਮਿੱਟੀ ਦਾ ਤੇਲ, ਕਮਰੇ ਦੀਆਂ ਬਾਹਰ ਵੱਲ ਨਿਕਲੀਆਂ ਕੜੀਆਂ ਨੂੰ ਭੇਂਦਾ, ਉਹਦੀਆਂ ਕੰਧਾਂ ਉੱਤੇ ਖਿੱਲਰ ਜਾਂਦਾ। ਇੰਜ ਕਰਦਿਆਂ-ਕਰਦਿਆਂ ਇਕ ਦਾ ਰੱਜ ਹੋ ਜਾਂਦਾ ਤੇ ਦੂਜਾ ਕੋਈ ਪੀਪਾ ਖੋਹ ਕੇ ਕਿਸੇ ਹੋਰ ਥਾਂ ਤੇ ਤੇਲ ਸੁੱਟਣ ਲੱਗ ਪੈਂਦਾ। ਇਹ ਖੇਡ ਉਦੋਂ ਤੀਕ ਖੇਡੀ ਜਾਂਦੀ ਰਹੀ, ਜਦੋਂ ਤੱਕ ਪੀਪੇ ਦੇ ਤੇਲ ਦਾ ਅਖ਼ੀਰੀ ਤੁਪਕਾ ਵੀ ਉਸ ਕਮਰੇ ਦੇ ਕਿਸੇ ਹਿੱਸੇ ਉੱਤੇ ਨਾ ਛਿੜਕ ਘੱਤਾ।

ਪੀਪਾ ਸੱਖਣਾ ਹੋਇਆ ਤੇ ਮਿਸ਼ਾਲ ਵਾਲਾ ਫਿਰ ਉੱਚੀ ਅਵਾਜ਼ ਵਿਚ ਬੋਲਿਆ "ਓ ਅਹਿਮਕ! ਅਗਰ ਬੀਵੀ ਬੱਚੋਂ ਸਮੇਤ ਨਹੀਂ ਜਲ ਮਰਨਾ ਚਾਹਤੇ ਤੋਂ ਅਬ ਭੀ ਵਕਤ ਹੈ, ਹਮਾਰ੍ਹਾ ਕਲਮਾ ਪੜ੍ਹ ਲੋ।"

"ਨਹੀਂ ਪੜ੍ਹਨਾ, ਨਹੀਂ ਪੜ੍ਹਨਾ.....ਤੁਸੀ ਬਦੋ-ਬਦੀ ਮੇਰਾ ਤੇ ਮੇਰੇ ਪਰਿਵਾਰ ਦਾ ਧਰਮ ਨਹੀਂ ਬਦਲ ਸਕਦੇ।" ਪਹਿਲੀ ਵਾਰ ਅੰਦਰੋਂ ਇਕ ਗਰਜ਼ਦਾਰ ਅਵਾਜ਼ ਸੁਣਾਈ ਦਿੱਤੀ ਦਿੱਤੀ।

"ਬੇਵਕੂਫ਼, ਜ਼ਿੱਦੀ.....ਜ਼ਿੰਦਾ ਜਲਾ ਦੋ ਸਾਲੇ ਕੋ।" ਮਿਸ਼ਾਲ ਵਾਲਾ ਚੋਖੇ ਗੁੱਸੇ ਨਾਲ ਬੂਹੇ ਉੱਤੇ ਪਾਨ ਥੁੱਕਦਾ ਬੋਲਿਆ, ਨਾਲ ਈ ਉਹਨੇ ਆਪਣੀ ਮਿਸ਼ਾਲ ਵੀ ਬਰੂਹਾਂ ਉੱਤੇ ਸੁੱਟ ਦਿੱਤੀ। ਥੱਲੇ ਡਿਗਣ ਨਾਲ ਮਿਸ਼ਾਲ ਬੁਝਣ ਡਹਿ ਪਈ ਸੀ। ਤਦੇ ਬਰੂਹਾਂ ਉੱਤੇ ਮਿੱਟੀ ਦਾ ਤੇਲ ਖਿੱਲਰਿਆ ਹੋਣ ਦੇ ਬਾਵਜੂਦ ਵੀ ਅੱਗ ਨਾ ਭੜਕੀ। ਇਕ ਜਣੇ ਨੇ ਅੱਗੇ ਵਧ ਕੇ ਮਿਸ਼ਾਲ ਨੂੰ ਚੁੱਕ ਲਿਆ ਤੇ ਉਹਦੀ ਲਾਟ ਉਸ ਥਾਂ ਲੈ ਗਿਆ ਜਿੱਥੇ ਲੱਕੜ ਦੀ ਸਰਦਲ ਮਿੱਟੀ ਦੇ ਤੇਲ ਨਾਲ ਚੋਖੀ ਤੱਰ ਸੀ। ਇਕ ਦਮ ਈ ਸਰਦਲ ਨੇ ਅੱਗ ਫੜ ਲਈ, ਹੁਣ ਸਾਰਾ ਮਜ਼ਮਾਂ ਨਾਅਰੇ ਮਾਰ ਰਿਹਾ ਸੀ। ਫੇਰ ਤਾਂ ਪੀਪੇ

ਵਾਂਗੋਂ ਮਿਸ਼ਾਲ ਖੋਹ-ਖੋਹ ਕੇ ਥਾਂ-ਥਾਂ ਅੱਗ ਲਾਉਣ ਦੀ ਖੇਡ ਵੀ ਸ਼ੁਰੂ ਹੋ ਗਈ। ਛੇਤੀ ਈ ਬੂਹੇ ਬਾਰੀਆਂ, ਛੱਤ ਦੀਆਂ ਕੜੀਆਂ ਤੇ ਹੋਰ ਸੜਨ-ਜੋਗ ਸ਼ੈਵਾਂ ਉੱਚੇ ਭਾਂਬੜ ਮਚਾ ਰਹੀਆਂ ਸਨ।

ਹੁਣ ਅੰਦਰੋਂ ਕਈ ਬੰਦਿਆਂ ਦੇ ਖੰਘਣ ਤੇ ਡੁਸਕਣ ਦੀਆਂ ਅਵਾਜ਼ਾਂ ਵੀ ਆਉਣ ਡਹਿ ਪਈਆਂ, ਜਿਹੜੀਆਂ ਅੰਦਰ ਹੋਰ ਧੂੰ ਇਕੱਠਾ ਹੋਣ ਤੇ ਅੱਗ ਦਾ ਸੇਕ ਨੇੜੇ ਪੁੱਜਣ ਪਾਰੋਂ, ਵਧਦੀਆਂ-ਵਧਦੀਆਂ ਦਰਦੀਲੀਆਂ ਚੀਕਾਂ ਦਾ ਰੂਪ ਧਾਰ ਗਈਆਂ। ਅੱਗ ਦੇ ਲਾਂਬੂ ਬੁਰੀ ਤਰ੍ਹਾਂ ਉਸ ਕਮਰੇ ਦੀ ਛੱਤ ਨੂੰ ਖਾ ਰਹੇ ਸਨ। ਅਸਮਾਨ ਵੱਲ ਉੱਠਦੀਆਂ ਉੱਚੀਆਂ ਲਾਟਾਂ ਵੇਖ ਕੇ ਬਾਹਰ ਖਲੋਤੇ ਲੋਕ ਜੋਸ਼ ਨਾਲ ਪਾਗਲ ਹੋਏ ਏਨਾਂ ਰੌਲਾ ਪਾ ਰਹੇ ਸਨ ਕਿ ਅੰਦਰ ਵਾਲਿਆਂ ਦੀਆਂ ਅਖ਼ੀਰੀ ਕੁਰਲਾਟਾਂ ਉਹਦੇ ਥੱਲੇ ਦਬ ਗਈਆਂ ਸਨ।

ਯਕਦਮ ਕਮਰੇ ਦਾ ਸੜਦਾ-ਸੜਦਾ ਬੂਹਾ ਜ਼ੋਰ ਦੀ ਬਾਹਰ ਵੱਲ ਖੁਲ੍ਹਿਆ ਤੇ ਇਕ ਖੌਂ-ਖੌਂ ਕਰਦਾ ਜੀਅ ਭੌਂ-ਭਵਾਂਟੀਆਂ ਖਾਂਦਾ ਬਾਹਰ ਵੇੜ੍ਹੇ ਵਿਚ ਆ ਡਿੱਗਾ। ਬੂਹਾ ਖੁੱਲਣ ਨਾਲ ਈ ਅੰਦਰ ਇਕੱਠੇ ਹੋਏ ਧੂੰਏਂ ਦਾ ਬੱਦਲ ਵੀ ਬਾਹਰ ਆਣ ਲੱਗ ਪਿਆ। ਚੋਖੇ ਧੂੰਏ ਵਿਚ ਇੰਜ ਈ ਲੱਗਾ ਜਿਵੇਂ ਲੰਮੇ-ਲੰਮੇ ਵਾਲਾਂ ਵਾਲੀ ਕੋਈ ਕੁੜੀ ਅੰਦਰੋਂ ਬਾਹਰ ਆ ਗਈ ਏ। ਬਾਹਰ ਖਲੋਤੇ ਸਾਰੇ ਬੰਦੇ ਚੁੱਪ ਹੋ ਗਏ ਤੇ ਕੁਹਾੜੀਆਂ ਉੱਗਰ ਕੇ ਇਕ ਗੋਲ ਦਾਇਰੇ ਵਿਚ ਉਹਦੇ ਚੁਫ਼ੇਰੇ ਆਣ ਖਲੋਤੇ।

ਉਹਨੇ ਸਾਹੀ-ਸਾਹੀ ਭੋਏਂ ਤੋਂ ਆਪਣਾ ਸਿਰ ਚੁੱਕਿਆ। ਉਹਦੇ ਸੰਘਣੇ ਕਾਲੇ ਵਾਲ ਉਹਦੀਆਂ ਬਾਹਾਂ ਜਿੰਨੇ ਲੰਮੇ ਸਨ। ਉਹ ਕੋਈ ਮੁਟਿਆਰ ਨਹੀਂ ਸੀ, ਸਗੋਂ ਚੌਦਾਂ-ਪੰਦਰਾਂ ਵਰ੍ਹਿਆਂ ਦਾ ਇਕ ਪਤਲਾ ਜਿਹਾ ਖ਼ੂਬਸੂਰਤ ਮੁੰਡਾ ਸੀ। ਉਸ ਮੁੰਡੇ ਦੀਆਂ ਭੂਰੀਆਂ ਅੱਖਾਂ ਮੌਤ ਨੂੰ ਮੂਹਰੇ ਵੇਖ ਕੇ ਅੱਡੀਆਂ ਹੋਈਆਂ ਸਨ। ਮੁੜ ਉਹ ਹੱਥ ਜੋੜ ਕੇ ਕੁਰਲਾਇਆ "ਮੈਨੂੰ ਨਾ ਮਾਰਿਆ ਜੇ, ਜਿਹੜਾ ਕਲਮਾ ਆਖਦੇ ਓ ਪੜ੍ਹ ਲੈਨਾਂ। ਮੇਰੇ ਭਾਪਾ ਜੀ, ਮੈਨੂੰ ਤੇ ਮਾਤਾ ਜੀ ਨੂੰ ਬਲਦੀ ਅੱਗ ਵਿਚ ਆਪਣੀਆਂ ਬਾਹਵਾਂ ਦੀ ਗੱਲਵੱਕੜੀ ਮਾਰ ਲਈ ਸੀ। ਪਰ ਸੜ ਮਰਨ ਤੋਂ ਪਹਿਲਾਂ ਮੇਰੇ ਮਾਂ ਜੀ ਧਰਘੱਲਾ ਮਾਰਕੇ ਮੈਨੂੰ ਬੰਨੇ ਸੁੱਟ ਦਿੱਤਾ........ ਉਹਨਾਂ ਨੂੰ ਪਤਾ ਸੀ ਕਿ ਮੈਨੂੰ ਅੱਗ ਕੋਲੋਂ ਬੜਾ ਡਰ ਆਉਂਦਾ ਏ।" ਮੁੰਡਾ ਇਕਤਾਰ ਰੋ ਰਿਹਾ ਸੀ।

ਥੱਲੇ ਡਿੱਗੇ ਪਏ ਮੁੰਡੇ ਦੇ ਤਰਲੇ ਤੇ ਰੋਣ ਵੇਖ ਕੇ ਕਿਸੇ ਨੂੰ ਤਰਸ ਨਾ ਆਇਆ। ਉਹਨਾਂ ਦੇ ਹਥਿਆਰ ਉਹਦੇ ਲਹੂ ਦਾ ਸੁਆਦ ਚਖਣ ਈ ਵਾਲੇ ਸਨ ਕਿ ਪਿਛੋਂ ਕਿਤੋਂ ਭੱਜਦਾ ਆਇਆ ਇਕ ਵਡੇਰੀ ਉਮਰ ਦਾ ਬੰਦਾ ਭੀੜ ਨੂੰ ਚੀਰ ਕੇ ਉਹਦੇ ਉੱਤੇ ਆਪਣੀਆਂ ਬਾਹਵਾਂ ਦੀ ਛਾਂ ਕਰ ਕੇ ਖਲੋ ਗਿਆ ਤੇ ਬੋਲਿਆ "ਜ਼ਾਲਮੋ! ਹੁਣ ਕੀ ਚਾਹੁੰਦੇ ਓ, ਇਹ ਸ਼ੁਹਦਾ ਤੇ ਕਲਮਾਂ ਪੜ੍ਹਨ ਲਈ ਵੀ ਤਿਆਰ ਏ, ਕੁਝ ਤੇ ਹਿਆ ਕਰੋ।" ਫ਼ੇਰ ਉਹ ਆਪਣਾ ਲਹਿਜ਼ਾ ਬਦਲ ਕੇ ਬੋਲਿਆ "ਖਬਰਦਾਰ! ਜੇ ਕੋਈ ਭੈੜੀ ਨੀਅਤ ਨਾਲ ਇਹਦੇ ਵੱਲ ਵਧਿਆ।"

--------------

ਅਗਲੇ ਦਿਨ ਸੱਤੀਂ-ਸਵੇਰੇ ਈ ਸੁਲਤਾਨ ਲੰਬੜ ਦੇ ਡੇਰੇ ਉੱਤੇ ਸਾਰੇ ਨਿੱਕੇ-ਵੱਡੇ ਇੱਕਠੇ ਹੋਏ ਸਨ। ਲੰਬੜਦਾਰ ਤੇ ਪਿੰਡ ਦਾ ਮੁਲਵਾਣਾ ਮੀਆਂ ਲੁਕਮਾਨ ਮੋਟੇ ਪਾਵਿਆਂ ਵਾਲੇ ਮੂੜ੍ਹਿਆਂ ਉੱਤੇ ਬੈਠੇ ਸਨ। ਤੇ ਪਿੰਡ ਪੱਗ-ਬੰਨ੍ਹ ਮੋਅੱਤਬਰ ਮੰਜੀਆਂ ਉੱਤੇ ਬੈਠੇ ਸਨ। ਕੰਮੀਂ ਤੇ ਮੁੰਡੇ-ਖੁੰਡੇ, ਇਧਰ-ਉੱਧਰ ਕੰਧਾਂ ਨਾਲ ਢੋਅ ਲਾਈ ਖਲੋਤੇ ਸਨ। ਸਭ ਦੀਆਂ ਨਜ਼ਰਾਂ ਹੈਦਰ ਨਾਈਂ ਦੇ ਹੱਥਾਂ ਵਲ ਸਨ। ਹੈਦਰ ਨਾਈ ਦੇ ਖੱਬੇ ਹੱਥ ਵਿਚ ਲੱਕੜ ਦੀ ਚੌੜੀ ਕੰਘੀ ਤੇ ਸੱਜੇ ਹੱਥ ਵਿਚ ਕੈਂਚੀ ਸੀ। ਕੰਘੀ ਵਿਚ ਲੰਮੇ-ਲੰਮੇ ਕਾਲੇ ਕੇਸ ਫਸੇ ਸਨ, ਜਿਹਨਾਂ ਨੂੰ ਕੈਂਚੀ ਕਰਚ-ਕਰਚ ਕੱਟ ਰਹੀ ਸੀ। ਇੱਥੇ ਉਸ ਮੁੰਡੇ ਦੀ ਹਜਾਮਤ ਕੀਤੀ ਜਾ ਰਹੀ ਸੀ, ਜਿਹਨੂੰ ਰਾਤੀਂ ਲੰਬੜਦਾਰ ਪੱਕੀ ਹਵੇਲੀ ਉੱਤੇ ਹੱਲਾ ਬੋਲਣ ਵਾਲਿਆਂ ਤੋਂ ਬਚਾ ਕੇ ਲਿਆਇਆ ਸੀ। ਇਸ ਕੁੜੀ ਵਰਗੇ ਮੁੰਡੇ ਦਾ ਰੰਗ ਅਜੇ ਵੀ ਖ਼ੌਫ਼ ਨਾਲ ਪੀਲਾ ਵਸਾਰ ਸੀ, ਤੇ ਸਾਰੀ ਰਾਤ ਰੋਂਦੇ ਰਹਿਣ ਮਗਰੋਂ ਉਹਦੀਆਂ ਅੱਖਾਂ ਸੁੱਕ ਗਈਆਂ ਸਨ। ਕੈਂਚੀ ਦੀ ਹਰ ਕਰਚ ਨਾਲ ਉਹਦੇ ਕੇਸਾਂ ਦਾ ਜਿਹੜਾ ਗੁੱਛਾ ਭੋਏਂ ਤੇ ਡਿੱਗਦਾ, ਉਹ ਆਪਣੀ ਕੜੇ ਵਾਲੀ ਬਾਂਹ ਅਗਾਂਹ ਕਰਕੇ ਚੁੱਕ ਲੈਂਦਾ ਤੇ ਉਹਨੂੰ ਆਪਣੀਆਂ ਸੁੱਕੀਆਂ ਅੱਖਾਂ ਅੱਗੇ ਲਿਆਕੇ ਫੇਰ ਅਡੋਲ ਹੀ ਥੱਲੇ ਰੱਖ ਦੇਂਦਾ। ਇੰਝ ਲੱਗਦਾ ਸੀ ਜਿਵੇਂ ਉਹ ਆਪਣੀਆਂ ਲੰਮੀਆਂ-ਲੰਮੀਆਂ ਜ਼ੁਲਫ਼ਾਂ ਨੂੰ ਹਮੇਸ਼ਾ ਲਈ ਰੱਬ ਰਾਖਾ, ਆਖ ਰਿਹਾ ਹੋਵੇ।

"ਲੰਬੜਦਾਰਾ ਇੱਕ ਗੱਲ ਤੈਨੂੰ ਮੰਨਣੀ ਪਏਗੀ, ਜੇ ਮੁਹਾਜਰਾਂ ਦੇ ਹੇੜ੍ਹ ਇੱਥੇ ਨਾ ਅੱਪੜਦੇ ਤੇ ਇਸ ਦੂਰ-ਦੁਰਾਡੇ ਪਿੰਡ ਵਿਚ ਸਾਨੂੰ ਕਿੱਥੇ ਪਤਾ ਲੱਗਣਾ ਸੀ ਕਿ ਸਾਡਾ ਦੇਸ ਆਜ਼ਾਦ ਹੋ ਗਿਆ ਏ।" ਮੰਜੀ ਉਤੇ ਬੈਠਾ ਇਕ ਸਿਆਣਾ ਬੋਲਿਆ।

"ਆਹੋ ਭਾਈਆ ਫ਼ਜ਼ਲਦਾਦ! ਅਸੀਂ ਸੱਚੀ-ਮੁੱਚੀ ਆਜ਼ਾਦ ਹੋ ਗਏ ਆਂ। ਪਹਿਲੀ ਵਾਰ ਅਸਾਂ ਏਨੀ ਖੁਲ੍ਹ ਵੇਖੀ ਏ।" ਸੁਲਤਾਨ ਲੰਬੜ ਬੋਲਿਆ।

"ਇਕ ਪਨਾਹਗ਼ੀਰ ਪਿਆ ਦੱਸਦਾ ਸੀ ਕਿ ਪਿਛਲੇ ਦੋ ਮਹੀਨਿਆਂ ਤੋਂ ਵੱਡੇ-ਵੱਡੇ ਸ਼ਹਿਰਾਂ ਵਿਚ ਕਤਲਾਮ ਹੋ ਰਹੀ ਏ, ਵੇਖੋ ਸਾਨੂੰ ਇੱਥੇ ਕੋਈ ਸਾਰ ਈ ਨਹੀਂ", ਇਕ ਹੋਰ ਪੈਂਚ ਬੋਲਿਆ।

"ਜਲਾਲਦੀਨਾਂ! ਇਹ ਸ਼ਹਿਰ ਹਰ ਪਾਸਿਓਂ ਸਦਾ ਪਿੰਡਾਂ ਤੋਂ ਅੱਗੇ ਈ ਰਹਿੰਦੇ ਨੇ। ਉਹ ਛੇਕੜਲੇ ਦੋ ਮਹੀਨਿਆਂ ਤੋਂ ਆਜ਼ਾਦੀ ਦੇ ਮਜ਼ੇ ਲੁੱਟ ਰਹੇ ਸਨ, ਅਸੀਂ ਰਾਤੀਂ ਈ ਆਜ਼ਾਦ ਹੋਏ ਸਾਂ।" ਸੁਲਤਾਨ ਲੰਬੜ ਨੇ ਚੁਭਦੇ ਲਹਿਜ਼ੇ ਵਿਚ ਜੁਆਬ ਦਿੱਤਾ।

"ਲੰਬੜਦਾਰਾ! ਇਹ ਦੱਸ ਸੂਬੇ ਦੇ ਪੁੱਤਰ ਨੂੰ

ਮੁਹਾਜਰਾਂ ਹੱਥੋਂ ਕਤਲ ਹੋਣੋਂ ਕਾਹਨੂੰ ਬਚਾਇਆ? ਕਿਉਂ ਜੇ ਸਾਰਾ ਪਿੰਡ ਜਾਣਦਾ ਏ, ਤੁਸੀਂ ਦੋਵੇਂ ਪੱਕੇ ਵੈਰੀ ਸੋ। ਤੁਹਾਡਾ ਤੇ ਆਪੋ ਵਿਚ ਭੋਏਂ ਦੀ ਮਾਲਕੀ ਦਾ ਮੁਕੱਦਮਾ ਵੀ ਚਲ ਰਿਹਾ ਸੀ!" ਕੋਈ ਚੌਧਰੀ ਬੋਲਿਆ ਤੇ ਉਹਦੀ ਗੱਲ ਨੂੰ ਪੂਰਾ ਕਰਦਿਆਂ ਫ਼ਜ਼ਲਦਾਦ ਨੇ ਆਖਿਆ,"ਰਾਤੀਂ ਸਾਰੇ ਮੁਹਾਜਰ ਤੇਰੇ ਉੱਤੇ ਵੀ ਵੱਟ ਖਾਈ ਬੈਠੇ ਸਨ। ਹੈ ਵੀ ਸੱਚੀ ਗੱਲ, ਇਸ ਪਿੰਡ ਵਿਚ ਇਕ ਈ ਤਾਂ ਸਿੱਖਾਂ ਦਾ ਘਰ ਸੀ, ਉਸਦਾ ਵਾਰਸ ਵੀ ਜਿਊਂਦਾ ਰਹਿ ਗਿਆ ਏ ਉਹਨਾਂ ਕਿਥੇ ਮੱਲ ਮਾਰਨੀ ਸੀ ਇਸ ਲਈ ਮੂੰਹ ਅਨ੍ਹੇਰੇ ਈ ਕਿਸੇ ਹੋਰ ਪਿੰਡ ਵੱਲ ਤਾਰੀਆਂ ਭਰ ਗਏ ਸਨ।"

ਸੁਲਤਾਨ ਲੰਬੜ ਨੇ ਹੁੱਕੇ ਦੀ ਵਾਰੀ ਲਈ ਤੇ ਸੋਚੀਂ ਪਿਆ ਬੋਲਿਆ, "ਸੂਬੇ ਸਿੰਘ ਦੇ ਪੁੱਤਰ ਦੀ ਕੀ ਗੱਲ ਏ ਜੇ ਮੈਨੂੰ ਕੁਝ ਪਹਿਲੋਂ ਪਤਾ ਲੱਗ ਜਾਂਦਾ ਤੇ ਮੈਂ ਉਹਨੂੰ, ਤੇ ਉਹਦੇ ਪੂਰੇ ਪਰਿਵਾਰ ਨੂੰ ਬਚਾ ਲੈਣਾ ਸੀ। ਮੈਨੂੰ ਤੇ ਸੂਹ ਈ ਬੜੀ ਚਿਰਕੀ ਹੋਈ ਸੀ, ਵੱਡਾ ਜ਼ੁਲਮ ਹੋਇਆ ਏ ਸੂਬੇ ਕਿਆਂ ਨਾਲ......।" ਸੁਲਤਾਨ ਲੰਬੜ ਦੀ ਅਵਾਜ਼ ਭਰੀ-ਭਰੀ ਸੀ ਫ਼ੇਰ ਉਹ ਆਪਣੇ ਆਪ ਨੂੰ ਸੰਭਾਲਾ ਦੇਂਦਾ ਹੋਇਆ ਬੋਲਿਆ, "ਕੀ ਹੋਇਆ ਸਾਡਾ ਆਪਸ ਵਿਚ ਭੋਏਂ ਦੀ ਮਾਲਕੀ ਦਾ ਰੱਟਾ ਸੀ ਪਰ ਸਾਡੇ ਵੱਡੇ ਵਡੇਰੇ ਤੇ ਇਕ ਮਿਕ ਈ ਸਨ । ਕੋਈ ਗੱਲ ਨਹੀਂ ਵਾਰਸ ਤੇ ਜਿਊਂਦੇ-ਜੀਅ ਮੇਰਾ ਮੁੱਕਦਮਾ ਹੋਰ ਲੰਮਾਂ ਹੋ ਜਾਵੇਗਾ ਪਰ ਮੈਂ ਇਹ ਤਾਂ ਨਹੀਂ ਜਰ ਸਕਦਾ ਕਿ ਮੇਰੀ ਮੁੱਕਦਮੇਬਾਜ਼ੀ ਇੱਕ ਜੱਟ ਦੇ ਪੁੱਤਰ ਦੀ ਥਾਂ ਕਿਸੇ ਪਨਾਹਗੀਰ ਨਾਲ ਹੋਵੇ।"

ਇਹਨਾਂ ਗੱਲਾਂ ਵਿਚਕਾਰ ਈ ਬੁੱਢੇ ਨਾਈ ਨੇ ਆਪਣਾ ਕੰਮ ਮੁਕਾ ਲਿਆ। ਉਹ ਮੁੰਡੇ ਦੁਆਲੇ ਵਲ੍ਹੇਟੀ ਚਿੱਟੀ ਚਾਦਰ ਲਾਹ ਕੇ ਉਹਦੇ ਨਾਲ ਚੰਬੜੇ ਵਾਲ ਪਾਰਲੀ ਕੰਧ ਕੋਲ ਝਾੜ ਆਇਆ ਤੇ ਮੁੜ ਆਪਣੇ ਰੱਛ ਇਕੱਠੇ ਕਰਦਾ ਬੋਲਿਆ "ਚੌਧਰੀਓ! ਕੰਮ ਪੂਰਾ ਹੋ ਗਿਆ ਏ, ਰਾਤੀਂ ਕਲਮਾਂ ਵੀ ਪੜ੍ਹ ਲਿਆ ਸੂ, ਹੁਣ ਕੇਸ ਵੀ ਕਟਵਾ ਲਏ ਸੂ, ਤੁਸੀ ਮੀਆਂ ਜੀ ਨੂੰ ਆਖੋ ਉਹ ਫ਼ਤਵਾ ਦੇ ਦੇਣ ਕਿ ਸਰਦਾਰਾ ਸਿੰਘ ਮੁਸਲਮਾਨ ਹੋ ਗਿਆ ਏ।"

ਹੈਦਰ ਨਾਈ ਦੀ ਗੱਲ ਸੁਣ ਕੇ ਸਾਰੇ ਬੰਦੇ ਮੀਏਂ ਲੁਕਮਾਨ ਵੱਲ ਵੇਖਣ ਲੱਗ ਪਏ। ਮੀਆਂ ਜੀ ਨੇ ਤਸਬੀ ਫੇਰਦਿਆਂ ਖੰਘ ਕੇ ਗਲਾ ਸਾਫ਼ ਕੀਤਾ ਤੇ ਮੂੰਹ ਵਿਚ ਹੌਲੀ ਜਿਹੀ ਕੁਝ ਪੜ੍ਹ ਕੇ ਆਪਣੀ ਛਾਤੀ ਤੇ ਫੂਕ ਮਾਰਦਿਆਂ ਆਖਿਆ "ਬਿਣੈ ਸ਼ੱਕ ਬਰਖ਼ੁਰਦਾਰ ਸਰਦਾਰਾ ਸਿੰਘ ਨੇ ਇਸਲਾਮ ਕਬੂਲ ਕਰ ਲਿਆ ਏ, ਹੁਣ ਸਾਰੇ ਇਹਨੂੰ ਸਰਦਾਰ ਅਲੀ ਆਖਿਆ ਕਰੋ। ਪਰ ਮੁਸਲਮਾਨ ਹੋਣਾ ਏਡਾ ਸੌਖਾ ਨਹੀਂ, ਅਜੇ ਤਾਂ ਇਕ ਜ਼ਰੂਰੀ ਸੁੰਨਤ ਹੋਣੋਂ ਰਹਿ ਗਈ ਏ.....ਇਕ ਪੋਟਾ ਮਾਸ ਕੱਪਣਾ ਤੇ ਦੋ ਚੋਏ ਰੱਤ ਵਗਾਣਾ ਬਹੁਤ ਜ਼ਰੂਰੀ ਏ।"

ਆਪਣੀ ਨਿੱਕੀ ਜਿਹੀ ਹਿਆਤੀ ਵਿਚ ਪਹਿਲੀ ਵਾਰ ਕੇਸ ਕਟਵਾ ਕੇ ਆਪਣੇ-ਆਪ ਨੂੰ ਕੁਝ ਹੌਲਾ-ਹੌਲਾ ਮਹਿਸੂਸ ਕਰਨ ਵਾਲੇ ਛੋਰ੍ਹ ਨੇ ਆਪਣੀ ਜਾਨ ਬਚ ਜਾਣ ਉੱਤੇ ਸੁੱਖ ਦਾ ਸਾਹ ਲਿਆ ਸੀ, ਪਰ ਮੁਸਲਮਾਨ ਹੋ ਕੇ ਵੀ ਮਾਸ ਕੱਪਵਾਉਣ ਤੇ ਰੱਤ ਵਗਾਉਣ ਦਾ ਮਤਲਬ ਉਹਨੇ ਪਤਾ ਨਹੀਂ ਕੀ ਸਮਝਿਆ। ਮਲਵਾਣੇ ਦੀ ਗੱਲ ਸੁਣਦੇ ਸਾਰ ਈ ਉਹ ਉਬੜਵਾਹਾ ਉੱਠ ਖਲੋਤਾ ਤੇ ਏਦੋਂ ਪਹਿਲਾਂ ਕਿ ਕੋਈ ਉਹਦਾ ਇਰਾਦਾ ਜਾਣ ਸਕਦਾ ਉਹ ਅੰਨ੍ਹੇ -ਵਾਹ ਭੱਜਦਾ, ਲੰਬੜਦਾਰ ਦੇ ਡੇਰੇ ਵਿਚੋਂ ਨਿਕਲ ਗਿਆ। ਉਹਦੀ ਇਸ ਹਰਕਤ ਨੇ ਉੱਥੇ ਮੌਜੂਦ ਲੋਕਾਂ ਨੂੰ ਏਨਾਂ ਹੈਰਾਨ ਕਰ ਦਿੱਤਾ ਸੀ ਕਿ ਕੁਝ ਚਿਰ ਲਈ ਉਹਨਾਂ ਨੂੰ ਹੋਸ਼ ਈ ਨਹੀਂ ਆਈ ਤੇ ਅਲਾ-ਲੱਲਾ, ਅਲਾ-ਲੱਲਾ, ਉਏ-ਉਏ ਕਰਦੇ ਉਹ ਸਾਰੇ ਉਸ ਮੁੰਡੇ ਮਗਰ ਭੱਜ ਪਏ, ਪਰ ਏਨੇ ਚਿਰ ਉਹ ਡੇਰੇ ਤੋਂ ਵਾਹਵਾ ਵਿੱਥ ਪਾ ਗਿਆ ਸੀ। ਪਿੰਡ ਦੀਆਂ ਗਲੀਆਂ ਦੇ ਵਲ-ਵਲੇਵੇਂ ਵੀ ਸਰਦਾਰੇ ਦੀ ਬੜੀ ਮੱਦਦ ਕਰਦੇ ਰਹੇ ਤੇ ਉਹਨੇ ਛੋਲ੍ਹੇ ਗੱਭਰੂਆਂ ਨੂੰ ਵੀ ਫੜਾਈ ਨਾ ਦਿੱਤੀ। ਛੋਟਾ ਜਿਹਾ ਪਿੰਡ ਸੀ ਭਲਾ ਕਦ ਤੱਕ ਗਲੀਆਂ ਵਿਚ ਕੌਡੀ-ਕੌਡੀ ਖੇਡ ਕੇ ਆਪਣਾ ਆਪ ਬਚਾ ਸਕਦਾ ਸੀ। ਉਹ ਅਚਾਨਕ ਮੁੱਕ ਗਈ ਤੇ ਉਹ ਹੁਣ ਪਿੰਡੋਂ ਬਾਹਰ ਸੀ।

ਉਹਦੇ ਸਾਹਮਣੇ ਨਜ਼ਰ ਦੀਆਂ ਹੱਦਾਂ ਤੀਕਰ ਖੇਤਾਂ ਦਾ ਨਾ ਮੁੱਕਣ ਵਾਲਾ ਸਿਲਸਲਾ ਸੀ, ਪਰ ਲੁਕਣ ਲਈ ਕੋਈ ਨੇੜੇ-ਤੇੜੇ ਉੱਚੀ ਫਸਲ ਮੌਜੂਦ ਨਹੀਂ ਸੀ। ਉੱਥੇ ਹਰ ਪਾਸੇ ਉਹਦੇ ਗੋਡਿਆਂ ਤੋਂ ਨੀਵਾਂ ਪਾਤੜੂ ਉੱਗਿਆ ਦਿਸ ਰਿਹਾ ਸੀ। ਉਹਨੂੰ ਆਪਣੇ ਕੱਦ ਉੱਤੇ ਡਾਢਾ ਵੱਟ ਚੜ੍ਹਿਆ "ਜੇ ਮੇਰਾ ਵਜੂਦ ਜਾਂਗਲੀ ਨਿਓਨ ਜਿਡਾ ਹੋਂਦਾ ਤੇ ਫੇਰ ਇਸ ਪਾਤੜੂ ਨੇ ਵੀ ਮੇਰੀ ਸੋਹਲ ਜਿੰਦੜੀ ਬਚਾ ਲੈਣੀ ਸੀ।" ਉਹਨੇ ਬੜੇ ਦੁੱਖ ਨਾਲ ਸੋਚਿਆ।

ਪੈਲੀਆਂ ਵਿਚ ਭੱਜਦੇ-ਭੱਜਦੇ ਉਹਨੇ ਸਿਰ ਭੁਆਂਕੇ ਵੇਖਿਆ ਤੇ ਉਹਨੂੰ ਪਿੰਡ ਦੀਆਂ ਸਾਰੀਆਂ ਗਲੀਆਂ ਆਪਣੇ ਮੂੰਹਾਂ ਵਿੱਚੋਂ ਬੇਅੰਤ ਬੰਦਿਆਂ ਨੂੰ ਉਥਾਕਦੀਆਂ ਦਿਸੀਆਂ। ਉਹਦੀਆਂ ਅੱਖਾਂ ਅੱਗੇ ਫ਼ੇਰ ਅੱਗ ਦੇ ਲਾਂਬੂ ਤੇ ਲਿਸ਼ਕਦੀਆਂ ਛਵ੍ਹੀਆਂ ਫਿਰਨ ਲੱਗ ਪਈਆਂ। ਕੀ ਉਹਦਾ ਹਸ਼ਰ ਆਪਣੇ ਮਾਂ ਜੀ ਤੇ ਭਾਪਾ ਜੀ ਵਰਗਾ ਈ ਹੋਵੇਗਾ?

"ਨਹੀਂ! ਨਹੀਂ, ਮੈ ਅਜੇ ਮਰਨਾ ਨਹੀਂ ਚਾਹੁੰਦਾ" ਉਹ ਦੌੜਦਾ-ਦੌੜਦਾ ਬੇਖਿਆਲੀ ਵਿਚ ਚੀਕ ਪਿਆ।

ਅਚਨਚੇਤ ਉਹਦੀਆਂ ਅੱਖਾਂ, ਕਿਸੇ ਸ਼ੈ ਦੇ ਲਿਸ਼ਕਾਰੇ ਨਾਲ ਬੰਦ ਹੋ ਗਈਆਂ। ਉਹ ਪਿੰਡ ਦੇ ਵੱਡੇ ਛੱਪੜ ਕੋਲ ਆ ਪੁੱਜਾ ਸੀ, ਉਹਦੀ ਕੰਡ ਪਿਛੇ ਸਿਖਰੇ ਚੜ੍ਹਦੇ ਸੂਰਜ ਦੀਆਂ ਰਿਸ਼ਮਾਂ ਸਿੱਧੀਆਂ ਪੈਣ ਪਾਰੋਂ ਛੱਪੜ ਦਾ ਪਾਣੀ ਚਮਕ ਰਿਹਾ ਸੀ। ਉਸ ਨੇ ਇਕ ਘੜੀ ਲਈ ਛੱਪੜ ਦੇ

ਕੰਢੇ ਖਲੋ ਕੇ ਆਪਣੇ ਮਗਰ ਆਉਂਦਿਆਂ ਨੂੰ ਵੇਖਿਆ ਤੇ ਫੇਰ ਅਗਾਂਹ ਹੋ ਕੇ ਬਿਨਾਂ ਸੋਚੇ ਸਮਝੇ ਪਾਣੀ ਵਿਚ ਛਾਲ ਕੱਢ ਮਾਰੀ। ਸਰਦਾਰੇ ਨੂੰ ਇੰਝ ਲੱਗਾ ਜਿਵੇਂ ਉਹ ਪੰਘਰੀ ਹੋਈ ਚਾਂਦੀ ਦੇ ਸਮੁੰਦਰ ਵਿਚ ਡੁਬਦਾ ਜਾ ਰਿਹਾ ਹੋਵੇ ਪਰ ਜਦੋਂ ਪਾਣੀ ਉਹਦੇ ਕੰਨਾਂ ਤੀਕ ਅੱਪੜਿਆ ਤੇ ਉਹਦੇ ਪੈਰ ਚਿੱਕੜ ਗਾਭ ਵਿਚ ਜਾ ਖੁੱਭੇ। ਛਲੱਕਾ ਵੱਜਣ ਨਾਲ ਛੱਪੜ ਦੇ ਪਾਣੀ ਦੇ ਕਈ ਘੁੱਟ ਉਹਦੇ ਮੂੰਹ ਰਾਹੀਂ ਉਹਦੇ ਮਿਹਦੇ ਤੋੜੀਂ ਅੱਪੜ ਗਏ ਤੇ ਉਹਨੂੰ ਸਾਹ ਲੈਣਾ ਵੀ ਔਖਾ ਹੋ ਗਿਆ। ਉਹ ਹੁੰਬਲੀਆਂ ਮਾਰਦਾ ਛੱਪੜ ਦੇ ਅੰਦਰ ਵੱਲ ਟੁਰ ਪਿਆ। ਇੰਜ ਕਰਨ ਨਾਲ ਹਵਾ ਆਪਣੇ ਅੰਦਰ ਖਿੱਚਣ ਦਾ ਉਹਨੂੰ ਮੌਕਾ ਲਭ ਗਿਆ। ਦੰਦੇ ਕੋਲ ਛੱਪੜ ਬਹੁਤ ਡੂੰਘਾ ਸੀ, ਪਰ ਅਗਾਂਹ ਵਧਣ ਨਾਲ ਉਹਨੂੰ ਮਹਿਸੂਸ ਹੋਇਆ ਕਿ ਪਾਣੀ ਹੌਲੀ-ਹੌਲੀ ਨੀਵਾਂ ਹੋ ਰਿਹਾ ਏ........ਪਹਿਲੋਂ ਗਲ ਗਲ ਹੋਇਆ ਤੇ ਅਸਲੋਂ ਵਿਚਕਾਰ ਪੁੱਜ ਕੇ ਨਿਰਾ ਲੱਕ-ਲੱਕ ਰਹਿ ਗਿਆ।

ਛੱਪੜ ਵਿਚ ਛਾਲ ਮਾਰਨ ਮਗਰੋਂ ਅਜੇ ਤੀਕਰ ਉਨ੍ਹੇਂ ਪਿਛਾਂਹ ਮੁੜ ਕੇ ਨਹੀਂ ਸੀ ਵੇਖਿਆ। ਉਹਦੇ ਦਿਲ ਵਿਚ ਇਹ ਕਮਲੀ ਆਸ ਜੜ੍ਹ ਫੜ ਗਈ ਸੀ ਕਿ ਇਸ ਛੱਪੜ ਦੇ ਮੈਲੇ ਪਾਣੀ ਵਿਚ ਕੋਈ ਬੰਦਾ ਨਹੀ ਵੜੇਗਾ ਪਰ ਜਦੋਂ ਉਹਨੇ ਪਿੱਛੇ ਧਿਆਨ ਮਾਰਿਆ ਤੇ ਉਹਨੇ ਵੇਖਿਆ ਕਿ ਕਈ ਗਭਰੂ ਲੀੜੇ ਲਾਹ ਕੇ ਛੱਪੜ ਵਿਚ ਕੁੱਦ ਰਹੇ ਸਨ। ਫ਼ੇਰ ਵੇਂਹਦਿਆਂ-ਵੇਂਹਦਿਆਂ ਈ ਉਹਨਾਂ ਵਿਚੋਂ ਕਈ ਉਹਦੇ ਤੋਂ ਨਿਰੇ ਦੋ-ਚਾਰ ਕਰੂਆਂ ਦੀ ਵਿੱਥ 'ਤੇ ਈ ਰਹਿ ਗਏ। ਚੋਖੇ ਤਰੱਠ ਵਿਚ ਉਹਨੂੰ ਹੋਰ ਤੇ ਕੁਝ ਨਾ ਸੁਝਾ, ਉਹ ਪਾਣੀ ਵਿਚ ਚੁੱਭੀ ਮਾਰ ਕੇ ਤਹਿ ਨਾਲੋਂ ਮਿੱਟੀ ਪੁੱਟ-ਪੁੱਟ ਕੇ ਉਹਦੇ 'ਥੋਬੇ' ਹੱਥਾਂ ਨਾਲ ਆਪਣੇ ਲਾਗੇ ਆਉਣ ਵਾਲਿਆਂ ਨੂੰ ਮਾਰਨ ਲਗ ਪਿਆ। ਉਹ ਗਭਰੂ ਜਿਹੜੇ ਅਸਲੋਂ ਉਹਦੇ ਨੇੜੇ ਅੱਪੜ ਗਏ ਸਨ, ਉਹਨਾਂ ਨੂੰ ਅਜਿਹੇ ਹੱਲੇ ਦੀ ਆਸ ਵੀ ਨਹੀਂ ਸੀ, ਇਸ ਲਈ ਸੰਭਲਣ ਤੋਂ ਪਹਿਲਾਂ-ਪਹਿਲਾਂ ਈ ਉਹਨਾਂ ਦੀਆਂ ਬੂਥੀਆਂ ਚਿੱਕੜ ਵਿਚ ਲਿੱਬੜ ਗਈਆਂ ਸਨ। ਮੁੜ ਉਹਦੇ ਤੋਂ ਦੂਰ-ਦੂਰ ਹੱਟ ਜਾਉਣ ਤੋਂ ਵੱਖ ਉਹਨਾਂ ਗਭਰੂਆਂ ਕੋਲ ਕੋਈ ਰਾਹ ਨਹੀਂ ਸੀ ਰਿਹਾ। ਇਨੇ ਸਾਰੇ ਵੈਰੀਆਂ ਨੂੰ ਨਾਕਾਮ ਹੁੰਦੇ ਵੇਖ ਕੇ ਸਰਦਾਰੇ ਦਾ ਜੋਸ਼ ਹੋਰ ਵਧ ਗਿਆ ਤੇ ਉਹਦਾ ਦਿਲ ਕਰੇ ਕਿ ਉਹ ਉੱਚੀ-ਉੱਚੀ ਹੱਸੇ ਤੇ ਪਿੰਡ ਵਾਲਿਆਂ ਨੂੰ ਗੰਦੀਆਂ ਗਾਲ੍ਹਾਂ ਕੱਢੇ। ਅਚਨਚੇਤ ਉਹਦੀ ਕੰਡ ਮਗਰ ਪਾਣੀ ਵਿਚ ਹਿਲਜੁਲ ਪੈਦਾ ਹੋਈ, ਪਹਿਲਾਂ ਇਕ ਸਿਰ ਜ਼ਾਹਰ ਹੋਇਆ, ਜਿਹੜਾ ਛੇਤੀ ਈ ਪੁੰਗਰ ਕੇ ਇਕ ਗਭਰੂ ਦਾ ਰੂਪ ਧਾਰ ਗਿਆ। ਇਸ ਤੋਂ ਅੱਗੋਂ ਕਿ ਸਰਦਾਰੇ ਨੂੰ ਉਹਦੀ ਕੈੜ ਹੋਂਦੀ ਉਸ ਗਭਰੂ ਨੇ ਪਿਛੋਂ ਉਹਦੀਆਂ ਬਾਹਵਾਂ ਦੇ ਉੱਤੋਂ ਦੀ ਅਜਿਹਾ ਪੀਡਾ ਜੱਫ਼ਾ ਮਾਰ ਲਿਆ ਕਿ ਇਕ ਵਾਰੀ ਤੇ ਉਹਨੂੰ ਇੰਜ ਈ ਜਾਪਿਆ ਜਿਵੇਂ ਉਹਦੀਆਂ ਹੱਡੀਆਂ ਪੱਸਲੀਆਂ ਦਾ ਸੁਰਮਾ ਈ ਬਣ ਗਿਆ ਹੋਵੇ। ਉਹਨੂੰ ਕਾਬੂ ਵਿਚ ਵੇਖ ਕੇ ਦੂਰ ਖਲੋਤੇ ਦੂਜੇ ਗਭਰੂ ਵੀ ਅੱਗੇ ਆ ਗਏ ਤੇ ਹੁਣ ਉਹਦਾ ਵਜੂਦ ਕਈ ਹੱਥਾਂ ਵਿਚ ਸੀ।

ਛੱਪੜ ਵਿੱਚੋਂ ਖਿੱਚ-ਧਰੂ ਕੇ ਬਾਹਰ ਕੱਢਣ ਮਗਰੋਂ ਕਿਸੇ ਨੇ ਉਹਦੀ ਬਾਂਹ ਫੜ ਲਈ, ਕਿਸੇ ਨੇ ਉਹਦੀ ਲੱਤ ਫੜ ਲਈ ਤੇ ਫ਼ੇਰ ਸਾਰੇ ਉਹਨੂੰ ਡੰਡਾ-ਡੋਲੀ ਚੁੱਕੀ ਪਿੰਡ ਵੱਲ ਟੁਰ ਪਏ। ਉਹ ਸਾਰੇ ਉਹਦੀ ਬੋਲੀ ਵਿਚ ਈ ਬੋਲ ਰਹੇ ਸਨ, ਪਰ ਉਹਨੂੰ ਉਹਨਾਂ ਦੀਆਂ ਗੱਲਾਂ ਦੀ ਉੱਕਾ ਸਮਝ ਨਹੀਂ ਆ ਰਹੀ ਸੀ। ਉਹਦੇ ਦਮਾਗ਼ ਵਿਚ ਇੱਕੋ ਈ ਗੱਲ ਘੁੰਮ ਰਹੀ ਸੀ ਕਿ ਉਹਨਾਂ ਦਾ ਪੁਟਿਆ ਜਾਂਦਾ ਹਰ ਪੈਰ ਉਹਨੂੰ ਮੌਤ ਦੇ ਹੋਰ ਨੇੜੇ ਲਿਜਾ ਰਿਹਾ ਏ।

ਥੋੜੇ ਚਿਰ ਮਗਰੋਂ ਈ ਉਹ ਸੁਲਤਾਨ ਲੰਬੜ ਦੇ ਡੇਰੇ 'ਤੇ ਅੱਪੜ ਗਏ। ਉੱਥੇ ਹੁਣ ਅੱਗੇ ਤੋਂ ਵੀ ਬਹੁਤੇ ਲੋਕ ਇੱਕਠੇ ਹੋਏ ਸਨ। ਜਣਿਆ ਦੇ ਨਾਲ ਹੁਣ ਢੇਰ ਸਾਰੀਆਂ ਜ਼ਨਾਨੀਆਂ ਵੀ ਸਨ। ਜਦ ਕਿ ਬਾਲ ਤਾਂ ਏਨੇ ਸਨ ਕਿ ਗਿਣਨ ਵਿਚ ਈਂ ਨਹੀਂ ਸਨ ਆਉਂਦੇ ਪਏ। ਉਹਨੂੰ ਉਸੇ ਥਾਂ ਈ ਲਿਆਂਦਾ ਗਿਆ ਜਿਥੇ ਕੁਝ ਚਿਰ ਪਹਿਲਾਂ ਉਹਦੀ ਹਜਾਮਤ ਕੀਤੀ ਗਈ ਸੀ, ਓਥੇ ਡੱਠੀ ਇਕ ਪੀੜ੍ਹੀ ਉੱਤੇ ਬਹਾ ਕੇ ਉਹਨੂੰ ਫੜਨ ਵਾਲੇ ਚੁਫ਼ੇਰੇ ਘੇਰਾ ਘੱਤ ਕੇ ਬਹਿ ਗਏ।

ਪੀੜ੍ਹੀ ਉਤੇ ਬਹਿਣ ਮਗ਼ਰੋਂ ਸਰਦਾਰੇ ਨੇ ਡਰਦੇ-ਡਰਦੇ ਆਲੇ-ਦੁਆਲੇ ਨਜ਼ਰ ਮਾਰੀ। ਉਸ ਵੇਲੇ ਲੰਬੜ ਦੇ ਡੇਰੇ ਵਿਚ ਏਨੀ ਖ਼ਲਕਤ ਆ ਵੜੀ ਸੀ ਕਿ ਕਿਸੇ ਬੰਦੇ ਦੇ ਬਹਿਣ ਲਈ ਕੋਈ ਥਾਂ ਨਹੀਂ ਸੀ ਰਹੀ। ਪਿੰਡ ਦੇ ਉਹ ਚੌਧਰੀ ਜਿਹੜੇ ਪਹਿਲੋਂ ਮੰਜੀਆਂ ਤੇ ਬੈਠੇ ਸਨ ਹੁਣ ਉਹ ਵੀ ਪੈਰਾਂ ਉਤੇ ਖਲੋਤੇ ਸਨ ਤੇ ਮਜਮੇ ਲਈ ਥਾਂ ਬਣਾਉਣ ਲਈ, ਮੰਜੀਆਂ ਚੁੱਕ ਕੇ ਕੰਧ ਨਾਲ ਖਲਾਰ ਦਿੱਤੀਆਂ ਗਈਆਂ ਸਨ। ਨਿਰੀ ਸੁਲਤਾਨ ਲੰਬੜ ਤੇ ਮੀਏਂ ਲੁਕਮਾਨ ਨੂੰ ਈ ਬਹਿਣ ਲਈ ਥਾਂ ਲੱਭੀ ਸੀ ਤੇ ਉਹ ਉਹਦੇ ਅਸਲੋਂ ਸਾਹਮਣੇ ਮੂੜ੍ਹਿਆਂ 'ਤੇ ਬੈਠੇ ਸਨ। ਉਸ ਵੇਲੇ ਈ ਮਜਮੇ ਵਿਚ ਰੌਲਾ ਜਿਹਾ ਪੈ ਗਿਆ ਤਾਂ ਸਾਰੇ ਲੋਕ ਧੌਣਾਂ ਮੋੜ-ਮੋੜ ਕੇ ਆਪਣੇ ਪਿੱਛੇ ਇਕ ਪਾਸੇ ਵੇਖਣ ਲੱਗ ਪਏ। ਸਰਦਾਰੇ ਦਾ ਹਿਰਦਾ ਬਹਿਣ ਲਗ ਪਿਆ, ਉਹਨੇਂ ਵੀ ਉਧਰ ਧਿਆਨ ਮਾਰਿਆ, ਲੱਭਾ ਫ਼ਕੀਰ ਹੱਥ ਵਿਚ ਦਾਬੜਾ ਚੁੱਕੀ ਭੀੜ ਵਿਚੋਂ ਅੱਗੇ ਆ ਰਿਹਾ ਸੀ। ਲੋਹੇ ਦੇ ਦਾਬੜੇ ਨੂੰ ਚੁਕਣ ਲਈ ਲੱਭੇ ਆਪਣੇ ਹੱਥਾਂ ਵਿਚ ਪੁਰਾਣੀਆਂ ਲੀਰਾਂ ਦਿੱਤੀਆਂ ਹੋਈਆਂ ਸਨ। "ਦਾਬੜੇ ਵਿਚ ਜ਼ਰੂਰ ਕੋਈ ਗਰਮ ਸ਼ੈ ਹੋਵੇਗੀ" ਉਹਨੇ ਬੇਚੈਨ ਹੋ ਕੇ ਸੋਚਿਆ।

ਲੱਭੇ ਫਕੀਰ ਨੇ ਨੇੜੇ ਆ ਕੇ ਹੱਥਾਂ ਵਿਚ ਫੜਿਆ ਦਾਬੜਾ ਉਹਦੀਆਂ ਲੱਤਾਂ ਲਾਗੇ ਭੋਏਂ ਉੱਤੇ ਰੱਖ ਦਿੱਤਾ ਤੇ ਆਪ ਨਾਲ ਈ ਬਹਿ ਗਿਆ। ਉਹਨੇ ਵੇਖਿਆ

ਦਾਬੜੇ ਵਿਚ ਸੁੱਕੇ ਗੋਹੇ ਬਾਲ ਕੇ ਸੁਆਹ ਇਕੱਠੀ ਕੀਤੀ ਗਈ ਸੀ। ਉਸ ਵਿੱਚੋਂ ਅਜੇ ਸੇਕ ਨਿਕਲ ਰਿਹਾ ਸੀ ਤੇ ਉਹਨੂੰ ਵੇਖ ਕੇ ਸਰਦਾਰੇ ਨੂੰ ਫੇਰ ਅੱਗ ਦੇ ਲਾਂਬੂ ਚੇਤੇ ਆਉਣ ਡਹਿ ਪਏ........ ਉਹਨੇ ਡਰ ਨਾਲ ਆਪਣੀਆਂ ਅੱਖਾਂ ਮੀਟ ਲਈਆਂ। ਏਨੇ ਵਿਚ ਕੁਝ ਹੱਥ ਛੱਪੜ ਦੇ ਪਾਣੀ ਨਾਲ ਭਿਜਿਆ ਉਹਦਾ ਕੁੜਤਾ ਲਾਹੁਣ ਦਾ ਜਤਨ ਕਰਨ ਲੱਗ ਪਏ। ਉਹਨੇ ਆਪਣਾ ਆਪ ਕੁੰਜਣ ਦੀ ਕੋਸ਼ਿਸ਼ ਕੀਤੀ ਪਰ ਹਰ ਪਾਸਿਓਂ ਫੜੇ ਹੋਣ ਕਰ ਕੇ ਉਹਦੀ ਕੋਈ ਪੇਸ਼ ਨਾ ਗਈ। ਉਹ ਧੁੱਪੇ ਬੈਠਾ ਹੋਇਆ ਸੀ ਪਰ ਕੁੜਤਾ ਲਹਿਣ ਮਗਰੋਂ ਉਹਦੇ ਲੂੰ ਖਲੋ ਗਏ ਸਨ ਤੇ ਉਹ ਥੱਰਅੱਰ-ਥੱਰਅੱਰ ਕੰਬਣਾ ਸ਼ੁਰੂ ਹੋ ਗਿਆ ਸੀ। ਉਹਨੇ ਅੱਖਾਂ ਖੋਲ ਕੇ ਲੋਕਾਂ ਉੱਤੇ ਨਿਗਾਹ ਮਾਰੀ ਪਰ ਉਹਨੂੰ ਕੋਈ ਵੀ ਆਪਣਾ ਦਰਦੀ ਨਾ ਦਿਸਿਆ। ਇਸੇ ਦੌਰਾਨ ਈ ਉਹਨੂੰ ਹੈਦਰ ਨਾਈ ਤੇ ਉਹਦਾ ਮੁੰਡਾ ਮਾਲੂ ਲੋਕਾਂ ਨੂੰ ਪਰਾਂਹ -ਪਰਾਂਹ ਕਰ ਕੇ ਅੱਗੇ ਆਉਂਦੇ ਦਿਸੇ। ਹੈਦਰ ਨਾਈ ਦੇ ਸੱਜੇ ਹੱਥ ਵਿਚ ਉਸਤਰਾ ਸੀ ਤੇ ਖੱਬੇ ਹੱਥ ਵਿਚ ਚਮੜੇ ਦੀ ਕਾਲੀ ਚਪੜਾਸ। ਉਸਤਰੇ ਦਾ ਨੰਗਾ ਫ਼ਲ ਧੁੱਪ ਵਿਚ ਚਮਕਾਂ ਮਾਰ ਰਿਹਾ ਸੀ ਤੇ ਹੈਦਰ ਨਾਈ ਚਮੜੇ ਉੱਤੇ ਪੁੱਠਾ ਸਿੱਧਾ ਫੇਰ ਕੇ ਉਹਦੀ ਧਾਰ ਨੂੰ ਹੋਰ ਤੇਜ਼ ਕਰ ਰਿਹਾ ਸੀ। ਮਾਲੂ ਜਿਹੜਾ ਸਰਦਾਰੇ ਨਾਲੋਂ ਉਮਰ ਵਿਚ ਦੋ ਈ ਵਰ੍ਹੇ ਵੱਡਾ ਹੋਵੇਗਾ, ਉਹਨੇ ਉਸ ਵੇਲੇ ਗਲ ਵਿਚ ਰਛਾਣੀ ਲਮਕਾਈ ਹੋਈ ਸੀ। ਮਾਲੂ ਨੂੰ ਵੇਖਕੇ ਉਹਦੇ ਦਿਲ ਦੀਆਂ ਸੱਧਰਾਂ ਦੇ ਦੀਵੇ ਫ਼ੇਰ ਬਲ ਪਏ। ਸਰਦਾਰੇ ਨੇ ਕਈ ਵਾਰ ਭਾਪਾ ਜੀ ਤੋਂ ਪੁੱਛੇ ਬਿਨਾਂ, ਮਾਲੂ ਨੂੰ ਆਪਣੀਆਂ ਪੈਲੀਆਂ ਵਿਚੋਂ ਪੱਠੇ ਵੱਢਣ ਤੇ ਗੰਨੇ ਭੰਨਣ ਦਾ ਮੌਕਾ ਦਿੱਤਾ ਸੀ। ਉਹਨੇ ਆਸ ਭਰੀਆਂ ਨਜ਼ਰਾਂ ਨਾਲ ਮਾਲੂ ਦੀਆਂ ਅੱਖਾਂ ਵਿਚ ਵੇਖਣਾ ਚਾਹਿਆ ਪਰ ਉਹਨੂੰ ਕਾਮਯਾਬੀ ਨਾ ਹੋਈ ਕਿਉਂ ਜੋ ਮਾਲੂ ਉਹਦੇ ਵੱਲ ਨਹੀਂ ਸਗੋਂ ਆਪਣੇ ਪੈਰਾਂ ਨੂੰ ਵੇਖ ਰਿਹਾ ਸੀ, ਸਾਫ਼ ਲੱਗਦਾ ਸੀ ਕਿ ਮਾਲੂ ਉਹਦੇ ਨਾਲ ਅੱਖ ਮਿਲਾਉਣ ਤੋਂ ਝੱਕ ਰਿਹਾ ਏ।

ਮੀਏਂ ਲੁਕਮਾਨ ਨੇ ਅੱਖ ਨਾਲ ਸੈਨਤ ਕੀਤੀ ਤੇ ਸਰਦਾਰੇ ਨੂੰ ਫੜਨ ਵਾਲਿਆਂ ਆਪਣੀ ਪਕੜ ਹੋਰ ਪੀਡੀ ਕਰ ਲਈ। ਇਸ ਤੋਂ ਪਹਿਲਾਂ ਕਿ ਉਹ ਕੁਝ ਹੋਰ ਕਰਦੇ ਸੁਲਤਾਨ ਲੰਬੜ ਆਪਣੇ ਮੂੜ੍ਹੇ ਤੋਂ ਉੱਠ ਕੇ ਅੱਗੇ ਆਇਆ ਤੇ ਆਪਣੇ ਮੋਢੇ ਉੱਤੇ ਰੱਖੀ ਬਦਾਮ ਰੰਗੀ ਗਰਮ ਚਾਦਰ ਲਾਹ ਕੇ ਉਹਦੇ ਨੰਗੇ ਧੜ ਦੁਆਲੇ ਵਲ੍ਹੇਟ ਦਿੱਤੀ। ਮਜਮੇਂ ਵਿਚੋਂ ਨਿਕਲ ਕੇ ਇਕ ਹੋਰ ਗਭਰੂ ਸਰਦਾਰੇ ਦੇ ਨੇੜੇ ਆਇਆ ਤੇ ਉਹਨੇ ਖਿੱਚ ਕੇ ਉਹਦਾ ਤਹਿਮਦ ਵੀ ਲਾਹ ਦਿੱਤਾ। ਜੇ ਲੰਬੜਦਾਰ ਨੇ ਵੇਲੇ ਸਿਰ ਉਹਨੂੰ ਆਪਣੀ ਚਾਦਰ ਨਾਲ ਨਾ ਕੱਜਿਆ ਹੋਂਦਾ ਤਾਂ ਉਹਨੇ ਸਾਰੇ ਪਿੰਡ ਦੇ ਸਾਹਮਣੇ ਅਲਫ਼-ਨਿੱਲਾ ਨੰਗੇ ਹੋ ਜਾਣਾ ਸੀ। ਉਹਨੇ ਲੱਤਾਂ ਘੁੱਟ ਕੇ ਆਪਣੇ ਨੰਗ ਨੂੰ ਕੱਜਣ ਦਾ ਆਹਰ ਕੀਤਾ ਪਰ ਉਹਦੇ ਸੱਜੇ-ਖੱਬੇ ਗਭਰੂਆਂ ਜ਼ੋਰ ਦੀ ਖਿੱਚ ਮਾਰ ਕੇ ਉਹਦੀਆਂ ਲੱਤਾਂ ਨੂੰ ਹੋਰ ਖੋਲ੍ਹ ਦਿੱਤਾ। ਸਰਦਾਰੇ ਨੇ ਵੇਖਿਆ ਕਿ ਉਹਨੂੰ ਨੰਗਿਆਂ ਵੇਖ ਪਿੰਡ ਦੇ ਬਾਲ ਹੱਸ-ਹੱਸ ਦੋਹਰੇ ਹੋ ਰਹੇ ਸਨ..........ਉਹਨੇ ਫੇਰ ਆਪਣੀਆਂ ਅੱਖਾਂ ਬੰਦ ਕਰ ਲਈਆਂ ਪਰ ਏਸ ਵਾਰ ਡਰ ਨਾਲ ਨਹੀਂ ਸਗੋਂ ਬੇ-ਬਹਾ ਸੰਗ ਨਾਲ । ਏਸ ਦੌਰਾਨ ਲੱਭੇ ਫਕੀਰ ਨੇ ਨਿੱਘੀ ਸੁਆਹ ਦਾ ਦਾਬੜਾ ਪੀੜ੍ਹੀ ਦੇ ਨਾਲ ਉਹਦੇ ਪੱਟਾਂ ਦੇ ਵਿਚਕਾਰ ਜ਼ਮੀਨ 'ਤੇ ਲਿਆ ਰੱਖਿਆ ਸੀ।

ਇਕ ਖਰ੍ਹਵੇ ਹੱਥ ਨੇ ਸਰਦਾਰੇ ਨੂੰ ਅਜਿਹੇ ਥਾਉਂ ਆ ਫੜਿਆ ਕਿ ਉਹਨੇ ਤ੍ਰਭਕ ਕੇ ਅੱਖਾਂ ਖੋਲ੍ਹ ਦਿੱਤੀਆਂ। ਏਹ ਹੱਥ ਹੈਦਰ ਨਾਈ ਦਾ ਸੀ, ਉਹ ਮਸ਼ੋਲੀਆਂ ਰੰਗ ਵਿਚ ਆਖ ਰਿਹਾ ਸੀ, "ਵਾਹ ਵਈ ਸ਼ੇਰਾ ਤੂੰ ਤੇ ਬੜੀ ਨਿੱਗਰ ਸ਼ੈ ਦਾ ਮਾਲਕ ਏਂ।"

ਸਰਦਾਰੇ ਨੇ ਵੇਖਿਆ ਉਹ ਉਸਤਰਾ ਤੇ ਚਪੜਾਸ ਜਿਹੜੀ ਪਹਿਲੋਂ ਹੈਦਰ ਨਾਈਂ ਕੋਲ ਸੀ ਹੁਣ ਮਾਲੂ ਦੇ ਹੱਥਾਂ ਵਿਚ ਸੀ। ਆਪਣੀ ਤਸੱਲਾ ਕਰ ਲੈਣ ਮਗਰੋਂ ਹੈਦਰ ਨਾਈ ਨੇ ਮਾਲੂ ਵੱਲ ਇਕ ਹੱਥ ਕਰਕੇ ਆਖਿਆ "ਮੈਨੂੰ ਜ਼ਰਾ ਬਘਿਆੜੀ ਤੇ ਫੜਾਈਂ।"

"ਬਘਿਆੜੀ........... ਬਘਿਆੜ ਨੂੰ ਤੇ ਜਾਣਨਾਂ ਵਾਂ, ਇਹ ਬਘਿਆੜੀ ਕੀ ਬਲਾ ਏ?" ਏਹ ਸੋਚਦਿਆਂ ਸਰਦਾਰੇ ਦੇ ਦਿਲ ਵਿਚ ਫੇਰ ਸੌੜ ਪੈਣ ਲੱਗ ਪਈ। ਉਹਨੇਂ ਹੈਦਰ ਨਾਈ ਦੇ ਮਗਰ ਮਾਲੂ ਨੂੰ ਵੇਖਿਆ, ਮਾਲੂ ਨੇ ਹੱਥ ਵਿਚ ਫੜੀਆਂ ਵਸਤਾਂ ਲੱਭੇ ਫਕੀਰ ਨੂੰ ਫੜਾ ਦਿੱਤੀਆਂ ਸਨ ਤੇ ਆਪੋਂ ਰਛਾਣੀ ਨੂੰ ਭੋਏਂ ਉੱਤੇ ਰੱਖ ਕੇ ਉਹਦੇ ਵਿਚ ਭਰੇ ਉਸਤਰਿਆਂ, ਨ੍ਹੇਰਨਿਆਂ, ਕੈਂਚੀਆਂ ਤੇ ਮਸ਼ੀਨਾਂ ਨੂੰ ਇਧਰ-ਉਧਰ ਕਰਕੇ ਕੋਈ ਸ਼ੈਅ ਲੱਭ ਰਿਹਾ ਸੀ। ਕੁਝ ਚਿਰ ਮਗਰੋਂ ਉਹਨੇ ਰਛਾਣੀ ਦੇ ਥੱਲੇ ਨਾਲ ਬਣੇ ਇਕ ਰਖਨੇ ਵਿੱਚੋਂ ਕੋਈ ਇੱਕ ਗਿੱਠ ਲੰਮੀ ਸ਼ੈਅ ਬਾਹਰ ਕੱਢ ਲਿਆਂਦੀ। ਹੈਦਰ ਨਾਈ ਨੇ ਮਾਲੂ ਕੋਲੋਂ ਉਹ ਅਜਬ ਵਸਤ ਫੜ ਲਈ ਤੇ ਉਹਦੇ ਉੱਤੇ ਵਲ੍ਹੇਟੀ ਪੁਰਾਣੀ ਲੀਰ ਦੇ ਵਲ ਖੋਲ੍ਹਣ ਲੱਗ ਪਿਆ। ਲੀਰ ਲੱਥੀ ਤੇ ਵਿੱਚੋਂ ਇਕ ਪੁਰਾਣਾ ਨੜ ਦਾ ਕਾਨਾ ਤੇ ਉਹਦੇ ਤੋਂ ਥੋੜ੍ਹਾ ਜਿਹਾ ਲੰਮਾਂ ਅਜਿਹਾ ਤੀਲਾ ਨਿਕਲ ਆਇਆ ਜਿਹਦੇ ਇਕ ਸਿਰੇ ਉੱਤੇ ਧਾਗਾ ਵਲ੍ਹੇਟ ਕੇ ਉਹਦਾ ਉਹ ਸਿਰਾ ਕੁਝ ਕੂਲਾ ਬਣਾਇਆ ਗਿਆ ਸੀ। ਕਈ ਵਰ੍ਹਿਆਂ ਦੀ ਸਕਾਰੀ ਵਰਤੋਂ ਕਾਰਨ ਇਹ ਨੜ ਤੇ ਤੀਲਾ ਥਿੰਦੇ ਤੇ ਮੈਲ ਨਾਲ ਕਾਲੇ ਹੋ ਗਏ ਸਨ। ਹੈਦਰ ਨਾਈ ਨੇ ਜਵਾਨੀ ਵੇਲੇ ਇਹ ਨੜ ਸੇਮ ਨਾਲੇ ਦੇ ਮੁੱਢ ਉੱਗੇ ਸਰੂਆਂ ਵਿਚੋਂ ਵੱਢਿਆ ਸੀ ਤੇ ਉਹਦੇ ਬਹਸ਼ਤੀ ਪਿਓ ਦੂਲੇ ਨਾਈ ਨੇ ਆਪਣੀ ਖਾਸ ਛੁਰੀ ਨਾਲ ਉਹਦੇ ਇਕ ਸਿਰੇ ਵਿਚ ਇਕ ਉਂਗਲ ਲੰਮਾ ਅਜਿਹਾ ਚੀਰ ਦਿੱਤਾ ਸੀ, ਜਿਹੜੇ ਨਾਲ ਨੜ ਵਿਚ ਇਹ ਗੁਣ ਪੈਦਾ ਹੋ ਗਿਆ ਸੀ ਕਿ ਉਹ ਆਪਣੇ ਇਸ ਮੂੰਹ ਵਿਚ ਆਉਣ

ਵਾਲੀ ਹਰ ਸ਼ੈਅ ਨੂੰ ਪੀਡਾ ਚੱਕ ਮਾਰਨ ਲੱਗ ਪਿਆ ਸੀ। ਅੰਗੂਠੇ ਦੇ ਨਹੁੰ ਨਾਲ ਨੜ ਦਾ ਸਿਰਾ ਖੋਲ੍ਹ ਕੇ ਹੈਦਰ ਨਾਈ ਉਹਦੇ ਵਿਚ ਆਪਣੇ ਅੰਗੂਠੇ ਦੇ ਨਾਲ ਦੀ ਉਂਗਲ ਨੂੰ ਫਸਾ ਕੇ ਇਹ ਮੂੰਹ ਹੋਰ ਖੁੱਲ੍ਹਾ ਕੀਤਾ ਤੇ ਉਹਨੂੰ ਸਰਦਾਰੇ ਦੇ ਪੱਟਾਂ ਦੇ ਵਿਚਕਾਰ ਲੈ ਗਿਆ। ਘਸਮੈਲੇ ਨੜ ਦਾ ਅੱਡਿਆ ਹੋਇਆ ਮੂੰਹ ਆਪਣੇ ਮਲੂਕ ਅੰਗ ਵੱਲ ਆਉਂਦਾ ਵੇਖ ਖੌਫ਼ ਦੀ ਇਕ ਠੰਢੀ ਠੱਲ੍ਹ ਸਰਦਾਰੇ ਦੇ ਸਿਰ ਤੋਂ ਲੈ ਕੇ ਪੈਰਾਂ ਤੀਕ ਫਿਰ ਗਈ। ਉਹਨੂੰ ਸਮਝ ਆ ਗਈ ਇਹ ਨੱੜ ਈ ਇਹਨਾਂ ਨਾਈਆਂ ਦੀ ਬਘਿਆੜੀ ਏ। ਉਸੇ ਥਾਂ ਬਘਿਆੜੀ ਨਾਲ ਪੀਡੀ ਚੂੰਢੀ ਭਰੀ ਗਈ। ਨਾ ਦੱਸਣੀ ਪੀੜ ਪਾਰੋਂ ਉਹਦੀ ਚੀਕ ਨਿਕਲ ਗਈ, ਜਿਹਨੂੰ ਸੁਣ ਕੇ ਕੁਝ ਲੋਕ ਹੱਸ ਪਏ ਤੇ ਕੁਝ ਉੱਚੀ-ਉੱਚੀ ਬੋਲਣ ਲੱਗ ਪਏ ਪਰ ਛੇਤੀ ਈ ਸਾਰੇ ਚੁੱਪ ਕਰਕੇ ਕਿਸੇ ਨਵੇਂ ਤਮਾਸ਼ੇ ਦੀ ਉਡੀਕ ਕਰਨ ਲੱਗ ਪਏ।

ਬਘਿਆੜੀ ਨੂੰ ਆਪਣੇ ਸ਼ਿਕਾਰ ਨਾਲ ਚੰਬੜੇ ਵੇਖ ਕੇ ਮਾਲੂ ਨੇ ਚਮੜੇ ਉੱਤੇ ਉਸਤਰਾ ਫੇਰਨ ਦਾ ਟੋਰਾ ਹੋਰ ਤਰਿੱਖਾ ਕਰ ਦਿੱਤਾ ਸੀ। ਉਹਦੇ ਵੱਲ ਮੂੰਹ ਕਰਕੇ ਹੈਦਰ ਨਾਈ ਬੋਲਿਆ, "ਹੁਣ ਇਹ ਰੱਛ ਮੈਨੂੰ ਫੜਾ ਤੇ ਬਘਿਆੜੀ ਨੱਪ ਕੇ ਤੀਲੇ ਨਾਲ ਸਪਾਰੀ ਨੂੰ ਮਾਸਾ ਅਗਾਂਹ ਧਿੱਕ ਦੇ, ਮੈਨੂੰ ਜਾਪਿਆ ਏ ਉਤਲੇ ਮਾਸ ਨਾਲ ਏਹਦੀ ਸਪਾਰੀ ਵੀ ਕੁਝ ਅੱਗੇ ਆ ਗਈ ਏ।"

ਏਹ ਸੁਣ ਕੇ ਮਾਲੂ ਨੇ ਚਪੜਾਸ ਆਪਣੀ ਰਛਾਣੀ ਵਿਚ ਰੱਖੀ ਤੇ ਉਸਤਰਾ ਪਿਓ ਨੂੰ ਫੜਾਇਆ ਤੇ ਆਪੋਂ ਖੱਬੇ ਹੱਥ ਨਾਲ ਬਘਿਆੜੀ ਫੜ ਕੇ ਉਹਦਾ ਪਿਛਲਾ ਸਿਰਾ ਉੱਚਾ ਕੀਤਾ ਤੇ ਉਹਦੇ ਸੱਖਣੇ ਨੜ ਦੀ ਮੋਰੀ ਦੇ ਅੰਦਰ ਸੱਜੇ ਹੱਥ ਵਿਚ ਫੜੇ ਤੀਲੇ ਦਾ ਉਹ ਸਿਰਾ ਹੌਲੀ-ਹੌਲੀ ਵਾੜਨ ਲੱਗ ਪਿਆ, ਜਿਹਦੇ ਅੱਗੇ ਧਾਗਾ ਵਲ੍ਹੇਟਿਆ ਹੋਇਆ ਸੀ। ਉੱਥੇ ਖਲੋਤੇ ਸਾਰੇ ਬੰਦੇ ਇੰਝ ਸਾਹ ਘੁੱਟ ਕੇ ਏਸ ਕੰਮ ਨੂੰ ਵੇਖ ਰਹੇ ਸਨ, ਜਿਵੇਂ ਕਿ ਸਭਨਾਂ ਨੂੰ ਸੱਪ ਸੁੰਘ ਗਿਆ ਹੋਵੇ। ਮਾਲੂ ਨੇ ਆਪਣਾ ਕੰਮ ਤੋੜ ਚਾੜ੍ਹਿਆ ਤੇ ਹੈਦਰ ਨਾਈ ਨੇ ਨੇੜੇ ਮੂੰਹ ਲਿਆ ਕੇ ਇਕ-ਇਕ ਸ਼ੈਅ ਨੂੰ ਧਿਆਨ ਨਾਲ ਵੇਖਿਆ ਤੇ ਮੁੜ ਇਕ ਵਾਰ ਫੇਰ ਬਘਿਆੜੀ ਨੂੰ ਆਪਣੇ ਇਕ ਹੱਥ ਵਿਚ ਲੈ ਕੇ ਦੂਜੇ ਹੱਥ ਵਿਚ ਫੜੇ ਉਸਤਰੇ ਨੂੰ ਉਹਦੇ ਨੇੜੇ ਖੜਨ ਡਹਿ ਪਿਆ।

ਉਸਤਰੇ ਨੂੰ ਆਪਣੇ ਵਲ ਆਉਂਦੇ ਵੇਖ ਕੇ ਸਰਦਾਰੇ ਦੇ ਮੂੰਹ ਵਿਚੋਂ ਥੁੱਕ ਸੁਕਣ ਲੱਗ ਪਿਆ, ਚੋਖੇ ਖ਼ੌਫ਼ ਨਾਲ ਉਹ ਹੁਣ ਚੀਕਣਾ ਵੀ ਭੁੱਲ ਗਿਆ ਸੀ। ਇਕ ਗੱਲ ਜਿਹੜੀ ਸਾਰੇ ਇਕੱਠ ਨੇ ਤਾੜੀ ਉਹ ਏਹ ਸੀ ਕਿ ਉਸਤਰਾ ਫੜਨ ਮਗਰੋਂ ਹੈਦਰ ਨਾਈ ਦਾ ਸੱਜਾ ਹੱਥ ਚੰਗਾ ਭਲਾ ਕੰਬਣ ਡਹਿ ਪਿਆ ਸੀ। ਹੈਦਰ ਨਾਈ ਵਿਚ ਇਹ ਵੱਡੀ ਭੈੜ ਸੀ ਕਿ ਇੰਜ ਦਾ ਕੋਈ ਉਚੇਚਾ ਕੰਮ ਕਰਨ ਵੇਲੇ ਉਹਦੇ ਹੱਥ ਕੰਬਣਾ ਸ਼ੁਰੂ ਹੋ ਜਾਂਦੇ ਸਨ। ਜਿਹਦੇ ਕਾਰਨ ਉਹਦੀ ਕਾਰਕਰਦਗੀ ਕਾਫ਼ੀ ਮਾੜੀ ਹੋ ਜਾਂਦੀ ਸੀ। ਖ਼ਾਸ ਤੌਰ ਤੇ ਉਸਤਰਾ ਫੜਨ ਵੇਲੇ ਕਾਂਬਾ ਛਿੜ ਜਾਂਦਾ ਤੇ ਉਹਦੇ ਕੋਲੋਂ ਲੋਕਾਂ ਨੂੰ ਖ਼ਤਰਨਾਕ ਪੱਛ ਲੱਗ ਜਾਂਦੇ ਸਨ। ਅੱਜ ਵੀ ਕੋਈ ਇਹੋ ਜਿਹਾ ਈ ਹਾਲ ਸੀ, ਪਰ ਇਸ ਤੋਂ ਪਹਿਲਾਂ ਹੈਦਰ ਅਲੀ ਦੇ ਕੰਬਦੇ ਹੱਥ ਵਿਚ ਸੱਜੇ ਖੱਬੇ ਡੋਲਦਾ ਤੇਜ਼ ਉਸਤਰਾ ਕੋਈ ਗਲਤ ਕੰਮ ਵਿਖਾ ਜਾਂਦਾ, ਆਪਣੇ ਮੂੜ੍ਹੇ ਉੱਤੇ ਉਸੱਲ ਵੱਟੇ ਲੈਂਦਾ ਸੁਲਤਾਨ ਲੰਬੜ ਉੱਚੀ ਸਾਰੀ ਬੋਲਿਆ, "ਖਲੋ ਜਾ ਹੈਦਰਾ, ਖਲੋ ਜਾ।"

ਹੈਦਰ ਨਾਈ ਨੇ ਘਾਬਰ ਕੇ ਆਪਣਾ ਹੱਥ ਪਿਛਾਂਹ ਖਿੱਚ ਲਿਆ ਤੇ ਲੋਕਾਂ ਵਿਚ ਰੌਲਾ ਪੈ ਗਿਆ, ਕਈ ਗੁੱਸੇ ਭਰੀਆਂ ਅਵਾਜ਼ਾਂ ਆਈਆਂ, "ਸੁੰਨਤ ਕੀਤੇ ਬਿਨਾਂ ਇਹ ਮੁੰਡਾ ਮੁਸਲਮਾਨ ਨਹੀਂ ਹੋ ਸਕਦਾ, ਲੰਬੜਦਾਰਾ! ਤੂੰ ਨਾਈ ਨੂੰ ਏਹ ਕੰਮ ਕਰਨੋਂ ਨਹੀਂ ਡੱਕ ਸਕਦਾ।"

"ਮੈਂ ਕਦੋਂ ਅੜਿੱਕਾ ਪਾ ਰਿਹਾਂ, ਕਮਲਿਓ! ਮੈਂ ਤੇ ਏਸ ਗੱਲੋਂ ਡੱਕਿਆ ਏ ਕਿਤੇ ਹੈਦਰ ਨਾਈ ਕੋਲੋਂ ਮੁੰਡੇ ਨੂੰ ਫੱਟ ਨਾ ਲੱਗ ਜਾਵੇ। ਏਹ ਤਗੜੇ ਨੈਣਾਂ ਪਰਾਣਾਂ ਵਾਲੇ ਨਾਈ ਦਾ ਕੰਮ ਏ, ਹੈਦਰ ਤੇ ਜਦੋਂ ਦਾ ਵਡੇਰਾ ਹੋਇਆ ਏ, ਏਹਨੂੰ ਆਪਣੇ ਹੱਥਾਂ ਉਤੇ ਈ ਅਖਤਿਆਰ ਨਹੀਂ ਰਿਹਾ।" ਸੁਲਤਾਨ ਲੰਬੜ ਅੱਗੋ ਬੋਲਿਆ ਤੇ ਫੇਰ ਮਾਲੂ ਵਲ ਮੂੰਹ ਕਰ ਕੇ ਲੱਗਾ ਆਖਣ, "ਪੁੱਤਰਾ! ਤੂੰ ਲੰਘੇ ਚੰਨ ਤਰਖਾਣਾ ਦੇ ਜਾਤਕਾਂ ਨੂੰ ਸੁੰਨਤੀ ਬਣਾਇਆ ਸੀ, ਸੁਣਿਆ ਏ ਉਹਨਾਂ ਦੇ ਜ਼ਖ਼ਮ ਛੁੱਟ ਵੀ ਗਏ ਨੇ, ਇਸ ਲਾਵਾਰਸ ਛੋਰੂ ਨਾਲ ਤੂੰ ਈ ਕੋਈ ਭਲਾ ਕਰ ਦੇ।" ਉਂਜ ਤਾਂ ਇਸ ਕੰਮ ਤੋਂ ਜਾਨ ਨਾਲ ਛੁੱਟਣ ਨਾਲ ਹੈਦਰ ਨਾਈ ਨੇ ਸਾਹ ਲਿਆ ਸੀ, ਪਰ ਏਨੇ ਲੋਕਾਂ ਦੇ ਸਾਹਮਣੇ ਲੰਬੜਦਾਰ ਵੱਲੋਂ ਉਹਦੀ ਕਲਾ ਵਿਚ ਨੁਕਸ ਕੱਢਣਾ ਉਹਨੇ ਚੰਗਾਂ ਨਾ ਜਾਤਾ ਤੇ ਆਪਣੇ ਰਛ-ਕਾਂਡ ਮਾਲੂ ਦੇ ਹਵਾਲੇ ਕਰਕੇ ਆਪ ਰੁੱਸ ਕੇ ਪਰਾਂਹ ਜਾ ਖਲੋਤਾ।

ਹੈਦਰ ਨਾਈ ਦੇ ਖਿਲਾਫ਼ ਲੰਬੜ ਦਾ ਬੋਲਣਾ ਉੱਥੇ ਮੌਜੂਦ ਲੋਕਾਂ ਵਿੱਚੋਂ ਸਭ ਤੋਂ ਵਧ ਸਰਦਾਰੇ ਨੂੰ ਪਸੰਦ ਆਇਆ ਸੀ, ਉਹਨੇ ਆਪਣੇ ਸਾਹਮਣੇ ਬੈਠੇ ਮਾਲੂ ਦਾ ਗੋਹ ਆਪਣੇ ਵੱਲ ਕਰਾਉਣ ਲਈ ਹੌਲੀ ਜਿਹਾ ਆਖਿਆ, 'ਮਾਲੂ'।

ਮਾਲੂ ਜਿਹੜਾ ਸ਼ੁਰੂ ਤੋਂ ਹੀ ਸੋਚ ਸਮਝ ਕੇ ਉਹਦੇ ਨਾਲ ਅੱਖਾਂ ਮਿਲਾਉਣ ਤੋਂ ਲਾਂਭ ਕਰ ਰਿਹਾ ਸੀ, ਭੁੱਲ ਕੇ ਉਹਦੇ ਵੱਲ ਵੇਖ ਬੈਠਾ। ਅੱਖਾਂ ਚਾਰ ਹੋਈਆਂ ਤੇ ਦੋਵੇਂ ਖ਼ਾਮੋਸ਼ੀ ਦੀ ਬੋਲੀ ਵਿਚ ਗੱਲਾਂ ਕਰਨ ਲੱਗ ਪਏ। ਸਰਦਾਰੇ ਦੀਆਂ ਅੱਖਾਂ ਅਰਜੋਈ ਕੀਤੀ, "ਮਾਲੂ! ਹੁਣ ਤੂੰ ਈ ਮੈਨੂੰ ਬਚਾ ਸਕਨਾਂ ਏਂ। ਮੈਂ ਮਾਰ ਖਾ ਲੈਂਦਾ ਸਾਂ ਪਰ ਮੰਗਣ ਉੱਤੇ ਤੈਨੂੰ ਕਦੀ ਖਾਲੀ ਹੱਥ ਨਹੀਂ ਸੀ ਪਰਤਾਇਆ............. ਓ ਮਾਲੂ! ਕੁਝ ਤਾਂ ਚੇਤੇ ਕਰ। "

ਅੱਗੋਂ ਮਾਲੂ ਦੀਆਂ ਅੱਖਾਂ ਵਿਚ ਹਿਰਖ ਸੀ ਤੇ

ਬੇਵੱਸੀ ਸੀ, ਉਹਦੇ ਸਾਰੇ ਜਜ਼ਬੇ ਪਿੰਡ ਦੇ ਮੋਅੁਤਬਾਰਾਂ ਦੇ ਡਰ ਥੱਲੇ ਦੱਬੇ ਹੋਏ ਸਨ। ਮਾਲੂ ਆਪਣੀਆਂ ਅੱਖਾਂ ਨਾਲ ਕੋਈ ਚੱਜ ਦਾ ਜਵਾਬ ਨਾ ਦੇ ਸਕਿਆ ਤੇ ਮੂੰਹ ਨਾਲ ਉਹਦੀ ਹਿੰਮਤ ਵਧਾਂਦਾ ਬੋਲਿਆ, "ਸਰਦਾਰਿਆ! ਤੂੰ ਉੱਕਾ ਚਿੰਤਾਂ ਨਾ ਕਰ, ਮੇਰਾ ਹੱਥ ਬੜਾ ਹੌਲਾ ਏ ਤੈਨੂੰ ਨਹੁੰ ਕੱਪਣ ਜਿੰਨੀ ਵੀ ਪੀੜ ਨਹੀਂ ਹੋਵੇਗੀ।"

ਹੁਣ ਕੋਈ ਆਸਰਾ ਨਹੀਂ ਸੀ ਰਿਹਾ, ਹਾਰੇ ਹੋਏ ਹੌਂਸਲੇ ਨਾਲ ਆਪਣਾ ਵਜੂਦ ਢਿੱਲਾ ਛੱਡ ਕੇ ਉਹ ਮਾਲੂ ਦੇ ਹੱਥਾਂ ਦੀਆਂ ਹਰਕਤਾਂ ਵੇਖਣ ਲੱਗ ਪਿਆ। ਮਾਲੂ ਨੇ ਉਸਤਰਾ ਅਗਾਂਹ ਕੀਤਾ, ਦੂਜੇ ਗਭਰੂਆਂ ਆਪਣੀ ਪਕੜ ਹੋਰ ਪੀਡੀ ਕਰ ਲਈ, ਪਰ ਉਹਦੇ ਵੱਲ ਆਉਂਦਾ ਹੱਥ ਫੇਰ ਰੁਕ ਗਿਆ। ਐਂਤਕੀ ਬੇ ਵੱਸਾ ਹੋ ਕੇ ਮਾਲੂ ਬੋਲਿਆ, "ਸਰਦਾਰਿਆ! ਤੂੰ ਮੇਰੇ ਹੱਥਾਂ ਵੱਲ ਨਾ ਵੇਖ, ਇੰਜ ਪੀੜ ਬਹੁਤੀ ਹੋਵੇਗੀ।" ਪਰ ਵਿੱਚੋਂ ਗੱਲ ਇਹ ਸੀ ਕਿ ਉਸਤਰੇ ਵਾਲੇ ਹੱਥਾਂ ਉਹਦੇ ਵੇਖਣ ਦੀ ਤਪ ਮਹਿਸੂਸ ਕਰ ਕੇ ਮਾਲੂ ਨੂੰ ਏਹ ਕੰਮ ਕਰਨ ਦੀ ਹਿੰਮਤ ਨਹੀਂ ਸੀ ਹੋ ਰਹੀ।

ਉਹਦੇ ਹੱਥਾਂ ਵੱਲ ਵੇਖਣ ਦੀ ਥਾਂ ਹੁਣ ਮਾਲੂ ਦੇ ਮੂੰਹ ਵੱਲ ਵੇਖਣਾ ਸ਼ੁਰੂ ਕਰ ਦਿੱਤਾ। ਉਹਦੀਆਂ ਨਜ਼ਰਾਂ ਦੇ ਤੀਰ ਹੁਣ ਅੱਗੇ ਨਾਲੋਂ ਵੀ ਬਹੁਤ ਚੁਭੇ ਤੇ ਮਾਲੂ ਦੇ ਹੱਥ ਮੁੜ ਕੰਮ ਕਰਨ ਤੋਂ ਇਨਕਾਰੀ ਹੋ ਗਏ। ਅਚਨਚੇਤ ਮਾਲੂ ਦੇ ਦਿਮਾਗ ਵਿਚ ਇਕ ਜਟਕਾ ਫੰਦ ਆਇਆ ਤੇ ਉਹ ਅਸਮਾਨ ਵੱਲ ਸੈਨਤ ਕਰਕੇ ਬੋਲਿਆ, "ਸਰਦਾਰਿਆ! ਸਰਦਾਰਿਆ! ਉਹ ਵੇਖ ਇੱਲ੍ਹ-ਕੋਕੋ....."

ਸਰਦਾਰੇ ਦੀਆਂ ਨਜ਼ਰਾਂ ਅਸਮਾਨ ਵੱਲ ਗਈਆਂ ਤੇ ਮਾਲੂ ਨਾਈ ਦਾ ਹੱਥ ਚੱਲ ਗਿਆ, ਮਾਸ ਵੱਖਰਾ ਹੋ ਗਿਆ, ਉਸਤਰਾ ਲਹੂ ਨਾਲ ਭਿੱਜ ਗਿਆ ਤੇ ਦਾਬੜੇ ਦੀ ਸਵਾਹ ਰੱਤੀ ਹੋਣ ਡਹਿ ਪਈ। ਸਰਦਾਰੇ ਨੂੰ ਵੀ ਚਾਨਣ ਹੋ ਗਿਆ ਕਿ ਅੰਬਰਾਂ ਉੱਤੇ ਇੱਲ-ਕੋਕੋ ਵੇਂਹਦੇ-ਵੇਂਹਦੇ ਉਹਦੇ ਨਾਲ ਹੱਥ ਹੋ ਗਿਆ ਏ। ਸਹਿਮੇ ਹੋਏ ਨੇ ਡਰਦਿਆਂ-ਡਰਦਿਆਂ ਸਿਰ ਨੀਵਾਂ ਕਰਕੇ ਥੱਲਿਉਂ ਵੇਖਿਆ, "ਉਹ ਮਾਲੂ, ਉਹ ਜ਼ਾਲਮਾ! ਤੂੰ ਤੇ ਮੇਰਾ ਕੱਖ ਨਹੀਓਂ ਛੱਡਿਆ..................।" ਇਹ ਕੁਝ ਬੋਲਦਿਆਂ ਸਰਦਾਰੇ ਦੀ ਧੌਣ ਇਕ ਪਾਸੇ ਢਲਕ ਗਈ ਤੇ ਉਹ ਫੜਨ ਵਾਲਿਆਂ ਦੇ ਹੱਥਾਂ ਵਿਚ ਗਸ਼ ਖਾ ਗਿਆ।

ϒ ϒ ϒ ϒ ϒ

---

### ਸ਼ਹੀਦਾਂ ਦੀ ਰਾਤ

ਮੈਂ ਫਰਿਆਦ ਆਪਣੀ ਦੂਰੋਂ,
ਸੁਣੀ ਤਾਰਿਆਂ ਛਾਵੇਂ।
"ਕੌਣ ਸ਼ਹੀਦ ਹੋਏ ਇਸ ਘਰ 'ਚੋਂ,
ਕਦੋਂ-ਕਦੋਂ ਕਿਸ ਥਾਵੇਂ?"
ਰਾਤ ਹਨੇਰੀ ਕਿਤੇ ਨਾ ਦੀਵਾ,
ਨਾ ਕੁਰਲਾਵਾਂ ਯਾਰਾ;
ਕੌਣ ਤੂੰ? ਮੁੱਢ ਕਦੀਮੀਂ ਖੰਡਰ,
ਝੁਕ-ਝੁਕ ਵੇਖਦਾ ਜਾਵੇਂ।

*-ਹਰਿੰਦਰ ਸਿੰਘ ਮਹਿਬੂਬ-*

16

# ਚੱਟੂ

## ਸੁਖਵੰਤ ਕੌਰ ਮਾਨ

ਰਾਤ ਸ਼ਾਹ ਕਾਲੀ ਸੀ ਸਟੇਸ਼ਨ 'ਤੇ ਇਕ ਮੱਧਮ ਜਿਹੀ ਬੱਤੀ ਜਗ ਰਹੀ ਸੀ। ਕੁੜੀ ਦੇ ਸਿਰ 'ਤੇ ਚੱਟੂ ਸੀ। ਕਦੀ ਉਹ ਰੰਗੀਲ ਹੋਵੇਗਾ-ਗੂੜ੍ਹੀਆਂ, ਗੁਲਾਬੀ ਤੇ ਖੱਟੀਆਂ ਧਾਰੀਆਂ ਵਾਲਾ। ਹੁਣ ਪੁਰਾਣਾ ਸੀ ਕਿਨਾਰੇ ਤੋਂ ਭੁਰਿਆ ਹੋਇਆ ਤੇ ਮੈਲਾ। ਕੁੜੀ ਦੌੜ ਰਹੀ ਸੀ ਅਚਾਨਕ ਉਹ ਗੱਡੀ ਦੀ ਲਾਈਨ 'ਚ ਅੜ੍ਹਕੀ ਤੇ ਡਿੱਗ ਪਈ, ਗੋਡੇ ਨੂੰ ਮਲਿਆ ਤੇ ਚੱਟੂ ਮੁੜ ਸਿਰ ਤੇ ਰੱਖ ਲਿਆ।

ਕੁੜੀ ਦੀ ਮਾਂ ਨੇ ਕਿਹਾ ਸੀ, ਉਹ ਉਹਦੇ 'ਚ ਮਸਾਲਾ ਕੁੱਟੇਗੀ ਤੇ ਕੁੜੀ ਨੇ ਚੁੱਕ ਲਿਆ ਸੀ। ਉਹ ਜਿਹੜੇ ਘਰ 'ਚ ਠਹਿਰੇ ਹੋਏ ਸਨ, ਉਹ ਕਿਸੇ ਮੁਸਲਮਾਨ ਲੁਹਾਰ ਦਾ ਘਰ ਸੀ। ਉੱਥੋਂ ਸਭ ਕੁਝ ਲੁੱਟਿਆ ਜਾ ਚੁੱਕਾ ਸੀ। ਇਕ ਟੁੱਟਾ ਹੋਇਆ ਚਰਖਾ, ਪਿਛਲੀ ਕੋਠੜੀ ਦੇ ਗੁੱਠੇ ਗੱਡੀ ਹੋਈ ਇਕ ਚੱਕੀ ਤੇ ਪੁਰਾਣਾ ਜਿਹਾ ਲੱਕੜ ਦਾ ਚੱਟੂ ਬਚਿਆ ਸੀ।

ਉਹਨੀ ਦਿਨੀਂ ਪੇਟੀਆਂ ਤੇ ਭਾਂਡਿਆਂ ਦੇ ਭਰੇ ਹੋਏ ਦਲ੍ਹਾਨ ਛੱਡ ਕੇ ਆਈਆਂ ਜ਼ਨਾਨੀਆਂ ਵੀ ਨਿੱਕੀ ਜਿਹੀ ਚੀਜ਼ ਮਿਲਣ ਉੱਤੇ ਖ਼ੁਸ਼ ਹੋ ਜਾਂਦੀਆਂ ਤੇ ਕਿਸੇ ਦੂਜੇ ਤੱਕ ਪਤਾ ਤਕ ਨਾ ਲੱਗਣ ਦੇਂਦੀਆਂ।

ਪਿੰਡ ਦੇ ਵੱਡੇ ਸਰਦਾਰ ਨੇ ਵੀਹ-ਵੀਹ ਸੇਰ ਕਣਕ ਪਨਾਹਗ਼ੀਰਾਂ ਦੇ ਘਰੀਂ ਸੁਟਵਾ ਦਿੱਤੀ ਸੀ। ਸਬਜ਼ੀ-ਭਾਜੀ ਕੋਈ ਹੈ ਨਹੀਂ ਸੀ। ਮਾਂ ਨੇ ਪਿਛਲੀ ਕੋਠੜੀ 'ਚ ਖਿੱਲਰੀਆਂ ਲਾਲ-ਮਿਰਚਾਂ ਚੁਣ ਲਈਆਂ ਸਨ, ਜੋ ਕਾਹਲੀ ਨਾਲ ਕਿਸੇ ਲੁਟੇਰੇ ਤੋਂ ਡੁਲ੍ਹ ਗਈਆਂ ਸਨ। ਵਿਹੜੇ 'ਚ ਰਿੜ੍ਹਦਾ ਜਿਹਾ ਇਹ ਚੱਟੂ ਮਾਂ ਨੇ ਚੁੱਕ ਲਿਆ ਸੀ। ਸੋਟਾ ਨਾਲ ਦੇ ਘਰੋਂ ਮੰਗ ਲਿਆਈ ਸੀ। ਲਾਲ ਮਿਰਚਾਂ 'ਚ ਲੂਣ ਸੁੱਟ ਰਗੜ ਲਿਆ ਸੀ।

ਦਾਦੀ, ਲੱਸੀ ਪਤਾ ਨਹੀ ਕਿਥੋਂ ਮੰਗ ਲਿਆਈ ਸੀ, ਕਿਉਂ ਕਿ ਲੋਕਾਂ ਨੇ ਪਨਾਹਗ਼ੀਰਾਂ ਤੋਂ ਆਪਣੇ ਬੂਹੇ ਭੀੜੇ ਹੋਏ ਸਨ। ਲੱਸੀ 'ਚ ਲੂਣ ਮਿਰਚਾਂ ਘੋਲੀਆਂ ਗਈਆਂ ਸਨ। ਦਾਦੀ ਉਸਨੂੰ ਲੱਸਮ-ਪੁਲਾਅ ਆਖ ਰਹੀ । ਬੱਚੇ ਭੱਜ-ਭੱਜ ਕੇ ਸੁੱਕੀਆਂ ਤੰਦੂਰੀ ਰੋਟੀਆਂ ਨੂੰ ਪੈ ਰਹੇ ਸਨ। ਲੱਸਮ-ਪੁਲਾਅ ਨਾਲ ਸੁੱਕੀਆਂ ਰੋਟੀਆਂ ਬਹੁਤ ਸੁਆਦ ਲੱਗ ਰਹੀਆਂ ਸਨ।

ਕੁੜੀ ਦੀ ਮਾਂ ਪਿੱਛੇ ਰਹਿ ਗਈ ਸੀ। ਛੋਟਾ ਮੁੰਡਾ ਕੁੜੀ ਦੇ ਮਗਰ ਦੌੜ ਰਿਹਾ ਸੀ। ਮਾਂ ਦੇ ਸਿਰ ਤੇ ਭਾਂਡਿਆਂ ਵਾਲੀ ਬੋਰੀ ਸੀ। ਉਹਨੇ ਛੋਟੀ ਕੁੜੀ ਨੂੰ ਉਂਗਲੀ ਲਾਇਆ ਹੋਇਆ ਸੀ। ਦੂਜੇ ਹੱਥ ਨਾਲ ਬੋਰੀ ਥੰਮ੍ਹੀ ਹੋਈ ਸੀ।

ਅੰਮ੍ਰਿਤਸਰ ਦੇ ਕਿਸੇ ਲਾਗਲੇ ਪਿੰਡ 'ਚ ਉਹ ਠਹਿਰੇ ਹੋਏ ਸਨ। ਅੱਜ ਉਹਨਾਂ ਲੁਧਿਆਣੇ ਲਈ ਗੱਡੀ ਫੜਨੀ ਸੀ। ਤੁਰਨ ਤੋਂ ਪਹਿਲਾਂ ਕਿਸੇ ਖ਼ਬਰ ਦਿੱਤੀ ਸੀ ਕਿ ਕੁੜੀ ਦਾ ਮਾਮਾ ਲਾਹੌਰ ਸ਼ਟੇਸ਼ਨ ਤੇ ਆਪਣੀ ਤਰੇਹ ਨਾਲ ਮਰਦੀ ਪਈ ਮਾਂ ਲਈ ਪਾਣੀ ਲੈਣ ਲਈ ਉੱਤਰਿਆ, ਮੁੜ ਨਹੀਂ ਸੀ ਪਰਤਿਆ। ਮਾਂ ਹੌਕੇ ਭਰ ਰੋਂਦੀ ਰਹੀ ਸੀ ਨਾਲੇ ਸਾਮਾਨ ਬੰਨ੍ਹਦੀ ਰਹੀ ਸੀ। ਤਾਈ ਤੇ ਚਾਚੀ ਨੇ ਮਾਂ ਨੂੰ ਹੌਂਸਲਾ ਰੱਖਣ ਨੂੰ ਕਿਹਾ ਸੀ ਤੇ ਫਿਰ ਆਪਣਾ ਸਮਾਨ ਬੰਨ੍ਹਣ ਵਿਚ ਰੁੱਝ ਗਈਆਂ ਸਨ। ਉਹਨੀਂ ਦਿਨੀਂ ਕੋਈ ਵੀ ਕਿਸੇ ਨਾਲ ਅਫ਼ਸੋਸ ਨਾ ਕਰਦਾ। ਜਿਦ੍ਹਾ ਕੋਈ ਮਰ ਜਾਂਦਾ ਆਪੇ ਰੋ-ਧੋ ਕੇ ਚੁੱਪ ਕਰ ਜਾਂਦਾ ਕੁੜੀ ਦੀ ਮਾਂ ਨੇ ਅੱਥਰੂ ਪੂੰਝੇ, ਤਾਈ ਦੀ ਮੱਦਦ ਨਾਲ ਬੋਰੀ ਸਿਰ ਤੇ ਰੱਖੀ ਤੇ ਪਿੱਛੇ-ਪਿੱਛੇ ਤੁਰ ਪਈ।

ਤਾਂਗੇ ਤੇ ਚੜ੍ਹ ਜਦੋਂ ਉਹ ਅੰਮ੍ਰਿਤਸਰ ਸਟੇਸ਼ਨ ਤੇ ਪਹੁੰਚੇ ਤਾਂ ਇੱਕ ਮਾਲ ਗੱਡੀ ਵਿਚਕਾਰੇ ਜਿਹੇ ਖੜ੍ਹੀ ਕੂਕਾਂ ਮਾਰ ਰਹੀ ਸੀ। ਹਰਫਲੀ 'ਚ ਉਹ ਉੱਤਰੇ ਤੇ ਗੱਡੀ ਵੱਲ ਭੱਜ ਲਏ ਸਨ। ਸਿਰਾਂ 'ਤੇ ਸਮਾਨ ਚੁੱਕੀ ਹੌਂਕ ਦੀ ਜਿਹੀ ਤਾਈ ਕੁੜੀ ਨੂੰ ਨਾਲ ਲਈ ਭੱਜ ਰਹੀ ਸੀ। ਮਗਰੇ-ਮਗਰ ਬੁੱਢਾ ਦਾਦਾ ਸੀ ਜੋ ਖੰਘ ਰਿਹਾ ਸੀ। ਉਹਦੇ ਹੱਥ 'ਚ ਕੱਪੜਿਆਂ ਨਾਲ ਤੁੰਨਿਆਂ ਹੋਇਆ ਇਕ ਥੈਲਾ ਸੀ ਤੇ ਉਹਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ। ਦਾਦੀ ਲਾਈਨ 'ਚ ਡਿੱਗਦੀ ਬਚੀ ਸੀ।

ਕੁੜੀ ਦਾ ਬਾਪੂ ਤੇ ਵੱਡਾ ਵੀਰ ਕਾਫ਼ਲੇ ਨਾਲ ਆ ਰਹੇ ਸਨ। ਕਾਫ਼ਲਾ ਗੱਡਿਆਂ ਦਾ ਸੀ। ਬਾਕੀ ਦੇ ਸਾਰੇ ਜੀਅ ਆਪਣੇ ਪਿੰਡ ਦੇ ਕਿਸੇ ਫ਼ੌਜੀ ਦੀ ਸ਼ਿਫਾਰਸ਼ ਨਾਲ ਟਰੱਕਾਂ ਤੇ ਚੜ੍ਹ ਆਏ ਸਨ।

ਆਉਣ ਤੋਂ ਪਹਿਲਾਂ ਕਈ ਦਿਨ ਉਹ ਨਨਕਾਣੇ ਸਾਹਿਬ ਦੇ ਕੈਂਪ ਵਿਚ ਰਹੇ ਸਨ। ਰੇਲਵੇ ਲਾਈਨ ਤੋਂ ਪਾਰ, ਖਾਲਸਾ ਸਕੂਲ 'ਚ ਉਹਨਾਂ ਦਾ ਕੈਂਪ ਲੱਗਾ ਹੋਇਆ ਸੀ। ਜਦੋਂ ਕੋਈ ਗੱਡੀ ਲੰਘਦੀ ਤਾਂ ਸੋਟੀਆਂ ਨਾਲ ਟੰਗੇ ਹੋਏ ਸਿਲਵਰ ਦੇ ਪਤੀਲੇ ਤੇ ਛੱਜ ਬਾਰੀਆਂ ਤੋਂ ਬਾਹਰ ਲਟਕ ਰਹੇ ਹੁੰਦੇ। ਮੈਲੇ-ਕੁਚੈਲੇ ਤੰਬੇ-ਧੋਤੀਆਂ ਪਾਈ ਪੂਰਬੀ ਪੰਜਾਬ ਤੋਂ ਆਏ ਮੁਸਲਮਾਨ ਖਿੜਕੀਆਂ ਤੋਂ ਬਾਹਰ ਤਾਂਈ ਪਲਮੇ ਪਏ ਹੁੰਦੇ। ਫਿਰ ਇਕ ਦਮ 'ਤੜ-ਤੜ, ਤੜਾ-ਤੜ' ਸ਼ੁਰੂ ਹੋ ਜਾਂਦੀ। ਲੋਕ ਗੱਡਿਆਂ ਮਗਰ ਲੁਕ ਜਾਂਦੇ ਧਰਤੀ ਉੱਤੇ ਲੰਮੇ ਪੈ ਜਾਂਦੇ, ਫੇਰ ਵੀ ਅਚਾਨਕ ਕੋਈ ਡਿੱਗਦਾ ਤੇ ਮਰ ਜਾਂਦਾ।

ਸ਼ਹਿਰ ਦੇ ਟਾਲਾਂ ਤੋਂ ਲੱਕੜੀ ਖ਼ਤਮ ਹੋ ਗਈ ਸੀ। ਬਾਹਰੋਂ ਆਲਾ-ਦੁਆਲਾ ਵੱਢ ਲਿਆਏ ਸਨ। ਸਕੂਲ 'ਚ ਡੈਸਕ ਮੇਜ਼ ਤੇ ਕੁਰਸੀਆਂ ਕੱਢ ਧੜਾ-ਧੜ ਫੂਕੀਆਂ ਜਾਣ ਲੱਗੀਆਂ ਸਨ। ਸਕੂਲ ਦੀ ਲਾਇਬਰੇਰੀ 'ਚ ਕਿਤਾਬਾਂ ਦੀ ਲੁੱਟ ਮਚ ਗਈ ਸੀ। ਲੋਕੀਂ ਅੱਧ 'ਚੋਂ ਕਿਤਾਬ ਪਾੜਦੇ ਤੇ ਚੁੱਲ੍ਹੇ ਵਿਚ ਡਾਹ ਦਿੰਦੇ। ਕੁੜੀ ਤੇ ਉਹਦੇ ਚਾਚੇ ਦੇ ਮੁੰਡੇ ਨੇ ਚੁੱਲ੍ਹੇ 'ਚ ਡਾਹੁਣ ਲਈ

ਲਿਆਂਦੀਆਂ ਕਿਤਾਬਾਂ 'ਚੋ ਇਕ ਦਿਓਆਂ ਤੇ ਪਰੀਆਂ ਦੀਆਂ ਕਹਾਣੀਆਂ ਦੀ ਕਿਤਾਬ, ਤੇ ਕੁਝ ਹੋਰ ਬੱਚਿਆਂ ਲਈ ਅੰਗਰੇਜ਼ੀ 'ਚ ਲਿਖੀਆਂ ਕਿਤਾਬਾਂ, ਜਿਨ੍ਹਾਂ ਵਿਚਲੀਆਂ ਤਸਵੀਰਾਂ ਉਹਨਾਂ ਨੂੰ ਬਹੁਤ ਚੰਗੀਆਂ ਲੱਗੀਆਂ ਸਨ, ਘਰਦਿਆਂ ਤੋਂ ਚੋਰੀ ਇਕ ਬੋਰੀ 'ਚ ਪਾ ਲਈਆਂ ਸਨ। ਬੋਰੀ ਗੱਡੇ ਵਿਚਲੇ ਸਮਾਨ ਹੇਠ ਘਸੋੜ ਦਿੱਤੀ।

ਗੱਡੀ ਨੇ ਜ਼ੋਰਦਾਰ ਆਖ਼ਰੀ ਕੂਕ ਮਾਰੀ ਸੀ। ਦਾਦੀ ਨੂੰ ਕੰਧਾੜੇ ਚੁੱਕੀ ਛੋਟਾ 'ਚਾਚਾ', ਦਾਦਾ ਨੂੰ ਸਹਾਰਾ ਦੇਈਂ ਤਾਇਆ, ਤੇ ਕੁੜੀ ਗੱਡੀ ਵੱਲ ਤੁਰ ਪਏ ਸਨ। ਕੁੜੀ ਫਿਰ ਲਾਈਨ 'ਚ ਡਿੱਗਦੀ-ਡਿੱਗਦੀ ਬਚੀ ਸੀ।

"ਮਰ ਜਾਣੀਏਂ! ਸੁਟਦੀ ਕਿਉਂ ਨਹੀਂ ਇਹਨੂੰ.....ਮਰ ਜਾਏਂਗੀ ਡਿੱਗ ਕੇ.....।" ਸਿਰ ਤੇ ਵੱਡਾ ਸਾਰਾ ਗੰਢੜ ਚੁੱਕੀ ਆਉਂਦੀ ਤਾਈ ਨੇ ਪਿਆਰ ਭਰੀ ਝਿੜਕੀ ਦਿੱਤੀ ਸੀ।

ਸਾਹਮਣੇ ਮਾਲ ਗੱਡੀ ਖੜੀ ਸੀ। ਕੋਲੇ ਨਾਲ ਲੱਥ-ਪੱਥ। ਚਾਚੇ ਭੱਜ ਕੇ ਕੰਧਾੜੇ ਚੁੱਕੀ ਦਾਦੀ ਨੂੰ ਡੱਬੇ 'ਚ ਲਿਆ ਸੁੱਟਿਆ ਸੀ। ਮਗਰੇ ਭੁੱਜੇ ਆਉਂਦੇ ਦਾਦੇ ਨੂੰ ਸਹਾਰਾ ਦੇ ਕੇ ਚੜ੍ਹਾਉਂਦਿਆਂ, ਸਮੇਤ ਚੱਟੂ ਦੇ ਉਹ ਨੇ ਕੁੜੀ ਨੂੰ ਚੁੱਕ ਕੇ ਡੱਬੇ 'ਚ ਰੱਖ ਦਿੱਤਾ ਸੀ। ਧੱਕੇ-ਮੁੱਕੀ ਕਰਦੀਆਂ ਮਾਂ ਤੇ ਤਾਈ ਵੀ ਆ ਚੜ੍ਹੀਆਂ ਸਨ। ਉਹਨਾਂ ਆਪਣੀਆਂ ਗੰਢੜੀਆਂ-ਬੁੱਚਕੀਆਂ ਇਕ ਕੋਨੇ ਵਿਚ ਟਿਕਾ ਲਈਆਂ ਸਨ। ਦਾਦੀ ਸੋਚਾਂ 'ਚ ਡੁੱਬੀ ਸਿਰ ਸੁੱਟੀ ਕੋਨੇ ਵਾਲੀ ਗੰਢੜੀ ਤੇ ਬੈਠੀ ਹੋਈ ਸੀ। ਦਾਦਾ ਆਪਣੇ ਸੁਭਾ ਅਨੁਸਾਰ ਅੱਖਾਂ ਮੀਟੀ ਬੇਪਰਵਾਹ ਢਾਸਣਾ ਲਾਈ ਉਂਘਾਲ ਰਿਹਾ ਸੀ। ਮਾਂ ਦਾਦਾ ਜੀ ਤੋਂ ਘੁੰਢ ਕੱਢੀ ਝੀਣੀ-ਬਾਣ ਰੋ ਰਹੀ ਸੀ।

ਗੱਡੀ ਲਗਾਤਾਰ ਚੱਲਦੀ ਜਾ ਰਹੀ ਸੀ। ਬਾਹਰ ਤੂਫ਼ਾਨ ਚੱਲ ਰਿਹਾ ਸੀ। ਹੁਣ ਦਿਨ ਦੇ ਚਾਨਣ 'ਚ ਪਿੰਡ ਤੇ ਕਸਬੇ ਉੱਜੜੇ ਹੋਏ ਜਾਪ ਰਹੇ ਸਨ। ਇਕ ਦੋ ਥਾਂਈ ਉਜਾੜ 'ਚ ਲਾਸ਼ਾਂ 'ਤੇ ਗਿਰਝਾਂ ਝਪਟ ਰਹੀਆਂ ਸਨ । ਡੱਬੇ ਚੋਂ ਇਕ ਵਾਰਗੀ ਕਈ ਅੱਖਾਂ ਓਧਰ ਝਾਕਦੀਆਂ ਫਿਰ ਇਕ ਦੂਜੇ ਵੱਲ ਵੇਖੇ ਬਗ਼ੈਰ ਇਧਰ-ਉਧਰ ਝਾਕਣ ਲੱਗਦੀਆਂ। ਕਦੀ ਕੋਈ ਗੱਡੀ ਮੁਸਲਮ ਪਨਾਹਗੀਰਾਂ ਦੀ ਲੱਦੀ ਹੋਈ ਉਲਟੀ ਦਿਸ਼ਾ ਵੱਲੋਂ ਆਉਂਦੀ ਹੋਈ ਦਿਸਦੀ। ਬਾਰੀਆਂ ਬੂਹੇ ਇਕ ਦਮ ਬੰਦ, ਪਾਕਿ ਵੱਲ ਜਾ ਰਹੀ ਹੁੰਦੀ। ਮਾਲ ਗੱਡੀ ਦੇ ਮੁਸਾਫਰਾਂ ਵੱਲੋਂ ਇਕ-ਦੋ ਫ਼ਾਇਰ ਕੀਤੇ ਜਾਂਦੇ ਫਿਰ ਦੋਵੇਂ ਗੱਡੀਆਂ ਇਕ ਦੂਜੀ ਨੂੰ ਕੱਟਦੀਆਂ ਹੋਈਆਂ ਦੂਰ ਹੋ ਜਾਂਦੀਆਂ।

ਲੁਧਿਆਣਾ ਆ ਗਿਆ ਸੀ। ਕੋਲਿਆਂ ਦੀ ਕਾਲਖ਼ ਨਾਲ ਲੱਥ-ਪੱਥ ਲੋਕੀਂ ਪਲੇਟਫਾਰਮ ਤੇ ਉੱਤਰ ਰਹੇ ਸਨ। ਬਾਹਰ ਸ਼ਾਇਦ ਕਰਫ਼ਿਊ ਲੱਗਾ ਹੋਇਆ ਸੀ। ਹਵਾ ਵਿਚ ਇਕ ਸਹਿਮ ਸੀ। ਅਜੀਬ ਜਿਹੀ ਘੁਸਰ-ਮੁਸਰ ਹੋ ਰਹੀ ਸੀ। ਅਚਾਨਕ ਤਲਵਾਰਾਂ ਤੇ ਬਰਛੇ ਲਈ, ਭਿਆਨਕ ਚਿਹਰਿਆਂ ਵਾਲੇ ਕੁਝ ਲੋਕ ਕਿਧਰੋਂ ਪੈਦਾ ਹੋ ਗਏ ਸਨ। ਕੁਝ ਭਿਆਨਕ ਵਾਪਰਨ ਵਾਲਾ ਸੀ। ਪਲੇਟਫ਼ਾਰਮ ਉੱਤੇ ਕੁਝ ਹਿੱਲਜੁਲ ਜਿਹੀ ਹੋਈ ਸੀ। ਫਿਰ ਖ਼ਬਰ ਫੈਲ ਗਈ ਸੀ ਕਿ ਮੁਸਲਮਾਨਾਂ ਦੀ ਗੱਡੀ ਨੂੰ ਹਿਫ਼ਾਜ਼ਤ ਨਾਲ ਪਾਕਿਸਤਾਨ ਪਹੁੰਚਾਣ ਲਈ ਬਲੋਚ ਮਿਲਟਰੀ ਪਹੁੰਚ ਗਈ ਸੀ।

ਕਰਫ਼ਿਊ ਖੁੱਲ੍ਹ ਗਿਆ ਸੀ, ਇਕ ਹੱਲ-ਚੱਲ ਜਿਹੀ ਮਚ ਗਈ। ਗੰਢੜੀਆਂ-ਬੁੱਚਕੀਆਂ ਚੁੱਕੀ ਲੋਕ ਸ਼ਹਿਰ ਦੀਆਂ ਸੜਕਾਂ ਵੱਲ ਨੂੰ ਭੱਜ ਉੱਠੇ ਸਨ। ਓਦਣ ਸਵੇਰੇ ਹੀ ਇਕ ਮੁਸਲਮਾਨ ਮੁਹੱਲਾ ਖ਼ਾਲੀ ਹੋਇਆ। ਲੋਕੀਂ ਕਦੀ ਦੌੜ ਕੇ, ਕਦੀ ਹੱਫ਼ ਕੇ, ਖਲੋ ਜਾਂਦੇ ਤੇ ਸਮਾਨ ਨੂੰ ਸੂਤ-ਸਿਰ ਕਰ ਫਿਰ ਦੌੜ ਪੈਂਦੇ। ਕੁੜੀ ਤੇ ਉਹਦੇ ਚਾਚੇ ਦਾ ਮੁੰਡਾ, ਚੱਟੂ ਨੂੰ ਦੋਹਾਂ ਪਾਸਿਓਂ ਫੜੀ ਦੌੜ ਰਹੇ ਸਨ।

ਕੁੜੀ ਦਾ ਚਾਚਾ ਕੰਧ ਟੱਪ ਕੇ ਅੰਦਰ ਜਾ ਵੜਿਆ ਸੀ। ਤਾਏ ਤੇ ਉਹ ਦੇ ਜਵਾਨ ਮੁੰਡੇ ਵੇਖ, ਘਰ ਦੇ ਬੂਹੇ ਅੱਗੇ ਲੱਤਾਂ ਪਸਾਰੀ ਬੈਠੇ ਦੋ ਜਣੇ, ਪਤਾ ਨਹੀਂ ਕਿੱਧਰ ਉਡੰਤਰ ਹੋ ਗਏ ਸਨ। ਘਰ ਅੰਦਰ ਵੜਦਿਆਂ ਹੀ ਕੜੀਆਂ ਤੇ ਬਾਲਿਆਂ ਵਾਲੀਆਂ ਛੱਤਾਂ ਵੇਖ ਕੇ ਦਾਦੀ ਨੇ ਲੰਮਾਂ ਹੌਕਾ ਭਰਿਆ ਸੀ।

ਤਾਈ ਭੱਜ ਕੇ ਬਜ਼ਾਰੋਂ ਬਹੁਕਰ ਲੈ ਆਈ ਸੀ । ਫਿਰ ਤਾਈ, ਚਾਚੀ ਤੇ ਕੁੜੀ ਦੀ ਮਾਂ ਨੇ ਲੱਗ ਕੇ, ਸਾਰੀਆਂ ਕੋਠੜੀਆਂ ਦਲ੍ਹਾਨ ਹੂੰਝ ਕੇ, ਕੂੜਾ ਇਕ ਬੰਨੇ ਲਾ ਦਿੱਤਾ ਸੀ। ਦਾਦਾ ਜੀ ਥੋੜੀ ਜਿਹੀ ਮੂੰਗੀ ਦੀ ਦਾਲ ਤੇ ਚੌਲ ਲੈ ਆਏ ਸਨ। ਖਿਚੜੀ ਰਿੱਧੀ ਗਈ ਸੀ।

ਰਾਤ ਨੂੰ ਸਰੋਂ ਦੇ ਤੇਲ ਦਾ ਨਿੱਕਾ ਜਿਹਾ ਦੀਵਾ ਬਾਲਿਆ ਗਿਆ ਸੀ। ਤੇ ਚੱਟੂ ਮੂਧਾ ਕਰ ਕੇ ਉੱਪਰ ਰੱਖ ਦਿੱਤਾ ਗਿਆ ਸੀ।

ਦੂਜੇ ਦਿਨ ਸਵੇਰੇ ਕੁਝ ਲੂਣ ਦੀਆਂ ਡਲੀਆਂ ਸਾਬਤ, ਤੇ ਧਨੀਆਂ ਦਾਦੀ ਖਰੀਦ ਲਿਆਈ ਸੀ। ਤੇ ਨਾਲ ਹੀ ਇਕ-ਇਕ ਨਿੱਕਾ ਜਿਹਾ ਚੱਟੂ ਦੇ ਮੇਚੇ ਦਾ ਡੰਡਾ ਖਰੀਦ ਲਿਆਈ ਸੀ। ਲੂਣ, ਮਿਰਚਾਂ, ਧਨੀਆਂ ਤਾਈ ਨੇ ਇਕੱਠਾ ਹੀ ਕੁੱਟ ਲਿਆ ਸੀ।

ਦੁਪਹਿਰੇ ਚਾਚਾ ਕਿਧਰੋਂ ਸੁਣ ਆਇਆ ਸੀ ਕਿ ਪਾਕਿਸਤਾਨੋਂ ਆ ਰਿਹਾ ਸਿੱਖਾਂ ਤੇ ਹਿੰਦੂਆਂ ਦਾ ਕਾਫ਼ਲਾ ਬਲੋਚ ਮਿਲਟਰੀ ਨੇ ਭਾਰਤ ਵਿਚ ਵੜਨ ਤੋਂ ਹੀ ਮਾਰ ਮੁਕਾਇਆ ਸੀ। ਪਹਿਲਾਂ ਉਹਨਾਂ ਦੇ ਹਥਿਆਰ ਖੋਹ ਲਏ ਸਨ........।

ਸੁਣਦਿਆਂ ਹੀ ਕੁੜੀ ਮਾਂ ਦੜ-ਗਾਟੇ ਜਾ ਪਈ ਸੀ। ਵਿਹੜੇ 'ਚ ਬਹੁਕਰ ਫੇਰਦੀ ਹੋਈ ਦਾਦੀ ਉੱਥੇ ਹੀ ਬੈਠ ਗਈ ਸੀ। ਦਾਦਾ ਕੰਧ ਨਾਲ ਢਾਸਣਾ ਲਾਈ ਬੈਠਾ, ਇਕ ਟੱਕ ਅਸਮਾਨ ਵੱਲ ਵੇਖੀ ਜਾ ਰਿਹਾ ਸੀ ਤੇ ਚੁੱਪ-ਚਾਪ!

ਹਾਲੀਂ ਦੋ ਦਿਨ ਵੀ ਨਹੀਂ ਸਨ ਲੰਘੇ, ਇਕ ਹੋਰ

ਭੈੜੀ ਖਬਰ ਆ ਪਹੁੰਚੀ ਸੀ। ਕੁੜੀ ਦਾ ਫੁੱਫੜ ਜੀ, ਸਾਰੇ ਪਿੰਡ ਦਾ ਵਾਹਦ ਮਾਲਕ ਸੀ, ਘਰਦਿਆਂ ਤੋਂ ਬੇ-ਜ਼ੋਰਾ ਹੋ ਕੇ ਉੱਥੇ ਹੀ ਰਹਿ ਗਿਆ ਸੀ। ਭੂਆ ਟੱਬਰੀ ਲੈ, ਇਕ ਤੁੱਲ੍ਹੇ ਵਾਲੇ ਨੂੰ ਸੋਨੇ ਦੇ ਗਹਿਣੇ ਦੇ, ਰਾਵੀ ਪਾਰ ਕਰ, ਨਾਲ ਲੱਗਦੇ ਆਪਣੇ ਪੁੱਤਰ ਦੇ ਸਹੁਰਿਆਂ ਦੇ ਪਿੰਡ ਪਹੁੰਚ ਗਈ ਸੀ।

ਚੌਥੇ ਦਿਨ ਦੁਪਹਿਰ ਨੂੰ ਰੇਡੀਓ 'ਤੇ ਖ਼ਬਰ ਆ ਗਈ ਸੀ ਕਿ ਕਾਫ਼ਲੇ ਦੇ ਪਹਿਲੇ ਕੁਝ ਗੱਡਿਆਂ ਦਾ ਨੁਕਸਾਨ ਹੋਇਆ ਸੀ। ਫਿਰ ਗੋਰਖਾ ਮਿਲਟਰੀ ਪਹੁੰਚ ਗਈ ਸੀ ਤੇ ਕਾਫ਼ਲੇ ਦਾ ਚਾਰਜ ਸੰਭਾਲ ਲਿਆ ਸੀ।

ਸਾਰਿਆਂ ਵਿਚ ਜਿਵੇਂ ਜਾਨ ਜਿਹੀ ਪੈ ਗਈ ਸੀ। ਦਾਦੀ, ਮਾਂ ਤੇ ਤਾਈ ਨੇ ਹੁਣ ਟੁੱਟੇ ਹੋਏ ਮੰਜਿਆਂ ਦੀਆਂ ਬਾਹੀਆਂ ਤੇ ਪਾਵੇ (ਜੋ ਲੁਟੇਰਿਆਂ ਤੋਂ ਬਚ ਗਏ ਸਨ), ਇਕ ਗੁੱਠੇ ਜੋ ਦਿੱਤੇ ਸਨ। ਗੁਆਂਢੀ ਬਾਣੀਆਂ ਦੀ ਗਾਂ ਦਾ ਗੋਹਾ ਲਿਆ ਕੇ ਘਰ ਦੇ ਕੱਚੇ ਫਰਸ਼ਾਂ ਨੂੰ ਪੋਚਾ ਮਾਰ ਲਿਆ ਗਿਆ ਸੀ। ਚਾਚਾ ਬਜ਼ਾਰੋਂ ਇਕ ਨਲਕੇ ਵਾਲੇ ਨੂੰ ਲੈ ਆਇਆ ਸੀ। ਨਲਕੇ ਨੂੰ ਹੱਥੀ ਤੇ ਬੋਕੀ ਪੁਆ ਕੇ ਚਾਲੂ ਕਰ ਲਿਆ ਗਿਆ ਸੀ। ਪੁਰਾਣੀ ਚੁੱਲ੍ਹ ਢਾਹ ਕੇ ਨਵੀਂ ਬਣਾ ਲਈ ਗਈ ਸੀ।

ਕੁੜੀ ਦਾ ਪਿਉ ਤੇ ਭਰਾ ਵੀ ਗੱਡਾ ਲਈ ਆ ਪਹੁੰਚੇ ਸਨ। ਉਹ ਕਾਫ਼ਲੇ ਦੇ ਕਾਫ਼ੀ ਪਿੱਛੇ ਸਨ। ਏਸ ਕਰਕੇ ਬਲੋਚ ਮਿਲਟਰੀ ਦੀ ਮਾਰ-ਕਾਟ ਤੋਂ ਬਚ ਗਏ ਸਨ।

ਚਾਚਾ, ਜਾ ਕੇ ਭੂਆ ਦੇ ਕੁੜਮਾਂ ਤੋਂ ਉਹਨਾਂ ਨੂੰ ਲੈ ਆਇਆ ਸੀ। ਵੱਡਾ ਮੁੰਡਾ ਉੱਥੇ ਸਹੁਰੀਂ ਰਹਿ ਪਿਆ ਸੀ। ਛੋਟਿਆਂ ਦੋਹਾਂ ਨੂੰ ਭੂਆ ਨਾਲ ਲੈ ਆਈ ਸੀ।

ਕੁਝ ਦਿਨ ਘਰ ਚ ਫੁੱਫੜ ਦੀਆਂ ਗੱਲਾਂ ਹੁੰਦੀਆਂ ਰਹੀਆਂ ਸਨ। ਉਹਦੀ ਉਦਾਰਤਾ ਤੇ ਅਣਖ ਦੀਆਂ ਗੱਲਾਂ ਹੁੰਦੀਆਂ ਰਹੀਆਂ ਸਨ। ਦਾਦੀ ਨੇ ਉਹਦੇ ਬੱਚੇ ਜੀਊਂਦੇ ਵਾਪਸ ਆ ਜਾਣ ਲਈ ਇਕ ਵੱਡੀ ਸਾਰੀ ਸੁੱਖ, ਸੁੱਖ ਲਈ ਸੀ।

ਜ਼ਿੰਦਗੀ ਜਿਵੇਂ ਰਿੜ੍ਹ ਪਈ ਸੀ। ਅੰਞਾਣਿਆ ਨੂੰ ਸਕੂਲ ਲੱਭ-ਲੱਭ ਪੜ੍ਹਨੇ ਪਾਇਆ ਗਿਆ ਸੀ। ਦਿਨੇ ਉਹ ਪੜ੍ਹਨ ਜਾਂਦੇ ਤੇ ਰਾਤੀਂ ਚੱਟੂ ਨੂੰ ਮੂਧਾ ਕਰ, 'ਤੇ ਮਿੱਟੀ ਦੇ ਤੇਲ ਦਾ ਦੀਵਾ ਰੱਖ, ਦੁਆਲੇ ਬੋਰੀਆਂ ਵਿਛਾ, ਦਿਓ ਤੇ ਪਰੀਆਂ ਦੀਆਂ ਕਹਾਣੀਆਂ ਵਾਲੀ ਕਿਤਾਬ ਪੜ੍ਹਦੇ। ਇਕ ਪੜ੍ਹਦਾ ਦੂਜੇ ਸੁਣਦੇ।

ਚੱਟੂ ਹੁਣ ਸਾਰਿਆਂ ਦਾ ਸਾਂਝਾ ਸੀ (ਜਿਵੇਂ ਉਦੋਂ ਸਭ ਚੀਜ਼ਾਂ ਸਾਂਝੀਆਂ ਹੋਇਆ ਕਰਦੀਆਂ ਸਨ)। ਕਦੀ ਤਾਈ ਲੂਣ ਕੁੱਟ ਰਹੀ ਹੁੰਦੀ ਤੇ ਕਦੀ ਚਾਚੀ ਮਿਰਚਾਂ .....।

ਘਰ ਵਿਚ ਹੁਣ ਨਿੱਕੀਆਂ-ਨਿੱਕੀਆਂ ਚੀਜ਼ਾਂ ਆਣੀਆਂ ਸ਼ੁਰੂ ਹੋ ਗਈਆਂ ਸਨ। ਚਾਚੀ ਲੂਣਦਾਨੀ ਲੈ ਆਈ ਸੀ। ਅੰਞਾਣਿਆ ਨੇ ਉਹਨੂੰ ਹੱਥ ਲਾ-ਲਾ ਵੇਖਿਆ ਸੀ। ਦੂਜੇ ਦਿਨ ਤਾਈ ਚਕਲਾ-ਵੇਲਣਾ ਖਰੀਦ ਲਿਆਈ ਸੀ। ਵਿਹੜੇ ਚ ਪਈਆਂ ਚੁਗਾਠਾਂ ਨੂੰ ਠੀਕ ਕਰਵਾ ਕੇ ਉਣ ਲਿਆ ਗਿਆ ਸੀ। ਦੀਵਾਲੀ ਵਾਲੇ ਦਿਨ ਭਾਵੇਂ ਦੀਵੇ ਤਾਂ ਨਹੀ ਸੀ ਜਗਾਏ ਗਏ। ਪਰ ਤਾਈ ਇਕ ਦੀਵਾ ਜਗਾ ਕੇ ਡਿਉਢੀ 'ਚ ਟੋਕਨ ਵਜੋਂ ਰੱਖ ਆਈ ਸੀ। ਦਾਦਾ ਜੀ ਬਜ਼ਾਰੋਂ ਕੇਲੇ-ਅੰਗੂਰ ਤੇ ਥੋੜੀ ਜਿਹੀ ਮਠਿਆਈ ਲੈ ਆਏ ਸਨ। ਅੰਞਾਣੇ ਬੜੇ ਖ਼ੁਸ਼ ਸਨ ........... ਮੁੱਦਤਾਂ ਬਾਅਦ ਅੰਞਾਣਿਆ ਨੂੰ ਖਾਣ ਲਈ ਕੋਈ ਚੰਗੀ ਚੀਜ਼ ਮਿਲੀ ਸੀ।

ਦਾਦੀ, ਹਾਲੀ ਵੀ ਆਪਣੇ ਭਰੇ-ਭਕੁੰਨੇ ਲੋਹੇ ਦੇ ਗਾਡਰਾਂ ਵਾਲੇ ਪੱਕੇ ਘਰ ਨੂੰ ਯਾਦ ਕਰ-ਕਰ ਹੌਕੇ ਭਰਦੀ ਰਹਿੰਦੀ । ਤਾਈ ਆਪਣੇ ਨਵੇਂ ਪਾਏ ਘਰ ਦੀਆਂ ਗੱਲਾਂ ਕਰਦੀ ਰਹਿੰਦੀ, ਜਿਹਦੀ ਚੱਠ ਵੀ ਹਾਲੇ ਉਹ ਨੇ ਨਹੀਂ ਸੀ ਕੀਤੀ। ਮਾਂ ਸਭ ਤੋਂ ਲੁਕ ਆਪਣੇ ਭਰਾ ਲਈ ਰੋਂਦੀ ਰਹਿੰਦੀ। ਫਿਰ ਵੀ ਨਿੱਕੀਆਂ-ਨਿੱਕੀਆਂ ਖ਼ੁਸ਼ੀ ਭਰੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਸ਼ਹਿਰ ਦੀ ਸਬਜ਼ੀ ਮੰਡੀ ਵਿਚ ਚਾਚੇ ਨੂੰ ਆੜ੍ਹਤ ਦੀ ਦੁਕਾਨ ਮਿਲ ਗਈ ਸੀ। ਫਿਰ ਸ਼ਹਿਰ ਦੇ ਗੰਦੇ ਨਾਲੇ ਵਾਲੀ ਸਾਰੀ ਜ਼ਮੀਨ ਦਾ ਠੇਕਾ ਵੀ ਮਿਲ ਗਿਆ ਸੀ।

ਭੂਆ, ਜਿਹਨੇ ਕਦੀ ਕੱਖ ਭੰਨ ਕੇ ਦੂਹਰਾ ਨਹੀਂ ਸੀ ਕੀਤਾ ਹੁਣ ਆਪਣੀ ਕੋਠੜੀ ਵਿਚ ਪੋਚਾ ਫੇਰ ਰਹੀ ਹੁੰਦੀ। ਫੂਕਾਂ ਮਾਰ-ਮਾਰ ਚੁਲ੍ਹੇ 'ਚ ਅੱਗ ਬਾਲ ਰਹੀ ਹੁੰਦੀ। ਫਿਰ ਪੱਥਰ ਦਾ ਕੋਲਾ ਆ ਗਿਆ ਸੀ। ਲੋਹੇ ਦੀਆਂ ਅੰਗੀਠੀਆਂ ਨੂੰ ਮਿੱਟੀ ਥੱਪੀ ਗਈ ਸੀ। ਸਫ਼ਾਈ ਦੀ ਸ਼ੌਕਣ ਦਾਦੀ ਬਜ਼ਾਰੋਂ ਦੱਭ ਦੀ ਬਹੁਕਰ ਖਰੀਦ ਲਿਆਈ ਸੀ। ਉਹ ਮੂੰਹ-ਹਨ੍ਹੇਰੇ ਉੱਠਦੀ ਤੇ ਪਿਛਲੀ ਹਨ੍ਹੇਰੀ ਕੋਠੜੀ ਤੋਂ ਲੈ ਕੇ ਤਿੰਨੇ ਕੋਠੜੀਆਂ, ਦਲ੍ਹਾਨ , ਵਰਾਂਡਾ ਤੇ ਡਿਉਢੀ ਦਿਨ ਚੜ੍ਹਨ ਤੋਂ ਪਹਿਲਾਂ ਹੀ ਹੂੰਝ ਦੇਂਦੀ। ਹੂੰਝ-ਹੂੰਝ ਥੱਕ ਜਾਂਦੀ ਤਾਂ ਕੱਚੀ ਕੰਧ ਨਾਲ ਢਾਸਣਾ ਲਾਈ ਰੋਣ ਬਹਿ ਜਾਂਦੀ..... .......।

ਠੇਕੇ ਤੇ ਲਈ ਭੋਇੰ 'ਚ ਕੰਮ ਚਲਾਉਣ ਲਈ ਬੀਜਾਂ ਤੇ ਮਜ਼ਦੂਰੀ ਲਈ ਪੈਸਿਆਂ ਦੀ ਲੋੜ ਸੀ, ਪੈਲੀਆਂ ਵਾਹੁਣ ਲਈ ਬੌਲਦਾਂ ਦੀ ਲੋੜ ਸੀ। ਨਕਦ ਪੈਸਾ ਕਿਸੇ ਕੋਲ ਵੀ ਨਹੀਂ ਸੀ। ਦਾਦਾ ਜੀ ਦੇ ਆਖਣ ਦੀ ਦੇਰ ਸੀ ਤਾਈ ਨੇ ਸੋਨੇ ਦੀ ਵੰਙ, ਚਾਚੀ ਨੇ ਛਾਪ, ਮਾਂ ਨੇ ਵਾਲੀਆਂ, ਤੇ ਦਾਦੀ ਨੇ ਆਪਣੇ ਸੋਨੇ ਦੇ ਸਟੱਡ, ਲਾਹ ਕੇ, ਦਾਦਾ ਜੀ ਦੀ ਝੋਲੀ ਵਿਚ ਪਾ ਦਿੱਤੇ ਸਨ।

ਹੁਣ ਚੜ੍ਹਦੇ ਸਿਆਲ ਦੀ ਧੁੱਪ 'ਚ ਬੈਠ ਕਈ ਤਰ੍ਹਾਂ ਦੇ ਫਾਰਮ ਭਰੇ ਜਾ ਰਹੇ ਸਨ। ਪਾਕਿਸਤਾਨ ਵਿਚ ਰਹਿ ਗਈਆਂ ਜ਼ਮੀਨਾਂ-ਜਾਇਦਾਦਾਂ ਦੇ ਵੇਰਵੇ ਲਿਖੇ ਜਾ ਰਹੇ ਹੁੰਦੇ। ਮੁੱਲ ਆਂਕੇ ਜਾ ਰਹੇ ਹੁੰਦੇ। ਮਿਲਣ ਵਾਲੇ ਇਵਜ਼ਾਨੇ ਬਾਰੇ ਕਿਆਸ ਅਰਾਈਆਂ ਕੀਤੀਆਂ ਜਾਂਦੀਆਂ। ਇਕ ਦਿਨ ਇਕ ਛੋਟੀ ਲਾਲਟੈਨ ਦਾਦਾ ਜੀ ਲੈ ਆਏ ਸਨ। ਅੰਞਾਣੇ ਲਾਲਟੈਨ ਦੇ ਸ਼ੀਸੇ ਨੂੰ ਉਂਗਲਾ ਲਾ-ਲਾ

ਵੇਂਹਦੇ ਰਹੇ ਸਨ। ਗਈ ਰਾਤ ਤੱਕ ਲਾਲਟੈਨ ਦੁਆਲੇ ਬੈਠੇ ਲਾਲਟੈਨ ਦੀਆਂ ਗੱਲਾਂ ਹੀ ਕਰਦੇ ਰਹੇ ਸਨ।

ਘਰ 'ਚ ਹੁਣ ਡਾਲਡੇ ਘਿਉ ਦੀ ਪੀਪੀ ਆ ਗਈ ਸੀ। ਤਾਈ, ਚਾਚੀ ਤੇ ਦਾਦੀ ਨੇ ਪਹਿਲਾਂ ਤਾਂ ਬੜਾ ਨੱਕ ਮਰੋੜਿਆ ਸੀ। ਘਿਉ ਨੂੰ ਵਾਰੀ-ਵਾਰੀ ਸਭ ਨੇ ਸੁੰਘਿਆ ਸੀ(ਦੇਸੀ ਘਿਉ ਖਾਣ ਦੀ ਆਦਤ ਸੀ)। ਪਰ ਹੌਲੀ ਹੌਲੀ.........ਹੁਣ ਕਦੀ ਆਲੂਆਂ ਦੀਆਂ ਪਰੌਠੀਆਂ ਪੱਕ ਰਹੀਆਂ ਹੁੰਦੀਆਂ ਤੇ ਕਦੀ ਵੇਸਣ ਵਾਲੀਆਂ......।

ਸਵੇਰੇ-ਸਵੇਰੇ ਸਾਰੇ ਕੰਮਾਂ ਨੂੰ ਜਾਣ ਲੱਗ ਪਏ ਸਨ। ਦਾਦਾ ਜੀ ਖੱਦਰ ਦਾ ਸਵੱਛ ਸੂਟ ਪਾਈ ਹੱਥ 'ਚ ਥੈਲਾ ਲਈ ਆੜ੍ਹਤ ਦੀ ਦੁਕਾਨ 'ਤੇ ਜਾ ਬੈਠਦੇ। ਆਉਂਦੇ ਤਾਂ ਉਹਨਾਂ ਦੇ ਥੈਲੇ 'ਚ ਕਦੀ ਅਮਰੂਦ ਹੁੰਦੇ ਤੇ ਕਦੀ ਨਾਸ਼ਪਾਤੀਆਂ.........ਉਰਦੂ ਦੀ ਅਖ਼ਬਾਰ ਉਹ ਬਜ਼ਾਰ 'ਚੋਂ ਖਰੀਦ ਲਿਆਉਂਦੇ, ਧੁੱਪੇ ਡੱਠੀ ਮੰਜੀ ਤੇ ਬੈਠੇ ਉਹ ਇਕ ਖ਼ਬਰ ਉੱਚੀ-ਉੱਚੀ ਪੜ੍ਹ ਕੇ ਸਾਰਿਆਂ ਨੂੰ ਸੁਣਾਉਂਦੇ- ----ਜਿਥੇ ਜਿਨਾਹ ਤੇ ਨਹਿਰੂ ਦਾ ਨਾਂ ਆ ਜਾਂਦਾ , ਦਾਦੀ ਦੋਹਾਂ ਨੂੰ ਗਾਲ੍ਹੀਂ ਡਹਿ ਪੈਂਦੀ। ਦਾਦਾ ਜੀ ਦੇ ਕਹਿਣ ਤੇ ਵੀ ਉਹ ਚੁੱਪ ਨਾ ਕਰਦੀ।

ਇਕ ਦਿਨ ਦਾਦਾ ਜੀ, ਝੋਲੀ 'ਚੋਂ ਇਕ ਨਿੱਕਾ ਜਿਹਾ ਸਟੂਲ ਖਰੀਦ ਲਿਆਏ ਸਨ। ਪਹਿਲਾਂ ਵਾਰੋ-ਵਾਰੀ ਉਹਦੇ ਤੇ ਰੋਟੀ ਰੱਖ ਕੇ ਸਾਰੇ ਖਾਂਦੇ ਤੇ ਰਾਤ ਨੂੰ ਅੰਵਾਣੇ ਉਹਦੇ ਤੇ ਲਾਲਟੈਨ ਰੱਖਕੇ ਪੜ੍ਹਦੇ।

ਕਦੀ-ਕਦੀ ਭੂਆ ਡਾਢੀਆਂ ਸੋਚਾਂ 'ਚ ਪੈ ਜਾਂਦੀ। ਫੁੱਫੜ ਬਾਰੇ ਪਤਾ ਲੱਗਾ ਸੀ ਕਿ ਇਲਾਕੇ ਦੇ ਠਾਣੇਦਾਰ ਦੇ ਕਹਿਣ ਤੇ ਵੀ ਉਹਨਾਂ ਪਿੰਡ ਨਹੀਂ ਸੀ ਛੱਡਿਆ। ਅਖ਼ੀਰ ਉਸੇ ਠਾਣੇਦਾਰ ਉਹਨਾਂ ਨੂੰ ਗੋਲੀ ਮਾਰ ਦਿੱਤੀ ਸੀ। ਪੁੱਤਰ ਸਹੁਰਿਆਂ ਦਾ ਹੋ ਕੇ ਰਹਿ ਗਿਆ ਸੀ। ਕੋਲ ਜੋ ਮਾੜਾ ਮੋਟਾ ਸੀ ਉਹ ਵੀ ਮੁੱਕਣ ਤੇ ਆ ਗਿਆ ਸੀ। ਉਹ ਨਿੱਕੇ-ਨਿੱਕੇ ਸਰਫੇ ਕਰਦੀ ਰਹਿੰਦੀ। ਗੋਹੇ 'ਚ ਕੋਲਿਆਂ ਦੀ ਕੇਰ ਰਲਾਅ ਉਹ ਅੰਗੀਠੀ 'ਚ ਬਾਲਣ ਲਈ ਲੱਡੂ ਜਿਹੇ ਵੱਟ ਲੈਂਦੀਂ। ਪਰੌਠੀ ਦੇ ਇਕ ਬੰਨੇ ਘਿਉ ਲਾਉਂਦੀਂ ਤੇ ਦੂਜਾ ਸੁੱਕਾ ਰੱਖ ਲੈਂਦੀ। ਪੈਸਿਆਂ ਬਾਰੇ ਝੂਰਦੀ ਤਾਂ ਵਿਚਕਾਰਲਾ ਭਿੰਦਰ ਠੋਡੀ ਤੇ ਹੱਥ ਰੱਖ ਕਿੰਨਾਂ-ਕਿੰਨਾਂ ਚਿਰ ਸੋਚਦਾ ਰਹਿੰਦਾ------।

ਇਕ ਦਿਨ ਤਾਈ ਬਜ਼ਾਰੋਂ ਪੱਥਰ ਦੀ ਕੂੰਡੀ ਖਰੀਦ ਲਿਆਈ ਸੀ। ਲੱਕੜ ਦਾ ਪੁਰਾਣਾ ਚੱਟੂ, ਹੁਣ ਬਾਲਣ ਵਾਲੀ ਗੁੱਠੇ ਸੁੱਟ ਦਿੱਤਾ ਗਿਆ ਸੀ। ਮੀਹਾਂ-ਧੁੱਪਾਂ 'ਚ ਉਹ ਹੁਣ ਉੱਥੇ ਹੀ ਪਿਆ ਰਹਿੰਦਾ। ਕੋਈ ਮੰਜੀ-ਪੀੜ੍ਹੀ ਟੁੱਟਦੀ ਤਾਂ ਉਹ ਵੀ ਉਸ ਗੁੱਠੇ ਸੁੱਟ ਦਿੱਤੀ ਜਾਂਦੀ।

ਪਤਾ ਨਹੀਂ ਕਿਵੇਂ? ਕਾਪੀਆਂ-ਕਿਤਾਬਾਂ ਲਈ ਮਿਲੇ ਪੈਸਿਆਂ 'ਚੋਂ ਭਿੰਦਰ ਨੇ ਪੈਸੇ ਬਚਾ ਕੇ ਦੋ ਕੁੱਕੜੀਆਂ ਖਰੀਦ ਲਿਆਂਦੀਆਂ ਸਨ। ਘਰ 'ਚੋਂ ਹੀ ਇੱਟਾਂ-ਵੱਟੇ ਜੋੜ ਅੰਵਾਣਿਆਂ ਨੇ ਇਕ ਖੁੱਡਾ ਬਣਾ ਲਿਆ ਸੀ। ਕੁੱਕੜੀ ਅੰਡਾ ਦੇਂਦੀ ਤਾਂ ਅੰਵਾਣੇ ਭੱਜ ਕੇ ਦੁਆਲੇ ਹੋ ਜਾਂਦੇ। ਭਿੰਦਰ ਆਂਡਾ ਵੇਚ ਕੇ ਇਕ ਆਨਾ ਮਾਂ ਦੀ ਤਲੀ ਤੇ ਲਿਆ ਰੱਖਦਾ।

ਵੱਡੇ ਭਰਾ ਨੂੰ ਗਰੈਜੂਏਟ ਹੋਣ ਕਰਕੇ ਕਾਲਜ ਵੱਲੋਂ ਇਕ ਬੜਾ ਖਰਵਾ ਕਾਲਾ ਕੋਟ ਮਿਲ ਗਿਆ ਸੀ। ਸਾਰੇ ਅੰਵਾਣੇ ਉਹਨੂੰ ਵਾਰੀ ਵਾਰੀ ਪਾ ਕੇ ਨੱਚੇ ਸਨ। ਸਵੇਰੇ ਭਰਾ ਕਾਲਜ ਪਾਕੇ ਚਲਾ ਜਾਂਦਾ ਤੇ ਰਾਤੀਂ ਗੋਭੀ ਤੇ ਆਲੂਆਂ ਦੇ ਖੇਤ ਨੂੰ ਫੇਰਾ ਮਾਰਨ ਗਏ ਬਾਪੂ ਜੀ ਪਾ ਲੈਂਦੇ।

ਬਾਪੂ ਜੀ ਕਿਧਰੋਂ ਇਕ ਤੋਕੜ ਜਿਹੀ ਮੱਝ ਲੈ ਆਏ ਸਨ। ਭੂਆ, ਚਾਚੀ ਤੇ ਤਾਈ ਨੇ ਵਾਰੋ-ਵਾਰੀ ਮਾਂ ਨੂੰ ਵਧਾਈ ਦਿੱਤੀ ਸੀ। ਥੋੜ੍ਹਾ-ਥੋੜ੍ਹਾ.......ਦੁੱਧ ਸਾਰੇ ਵੰਡ ਕੇ ਪੀ ਲੈਂਦੇ, ਥੋੜ੍ਹਾ ਜਿੰਨ੍ਹਾਂ ਵੇਚ ਵੀ ਲੈਂਦੇ, ਹੱਥ ਰਤਾ ਕੁ ਸੌਖਾ ਹੋ ਗਿਆ ਸੀ। ਮਾਂ ਨੇ ਕੁੜੀ ਨੂੰ ਨਾਭੀ ਖੱਦਰ ਦੀ ਚਾਦਰ ਲੈ ਦਿੱਤੀ ਸੀ। ਭੂਆ ਦੇ ਮੁੰਡੇ ਭਿੰਦਰ ਨੂੰ ਅਜਿਹਾ ਬੁਖ਼ਾਰ ਚੜ੍ਹਿਆ ਕਿ ਉੱਤਰਨ ਦਾ ਨਾਂ ਨਹੀ ਸੀ ਲੈ ਰਿਹਾ। ਕੰਮ ਧੰਦੇ 'ਚ ਉਲਝੀ ਭੂਆ ਸ਼ਾਇਦ ਇਲਾਜ ਨਹੀਂ ਕਰਵਾ ਸਕੀ, ਇਕ ਵਾਰ ਲੱਥ ਕੇ ਫਿਰ ਚੜ੍ਹ ਗਿਆ ਸੀ। ਵੇਖਦਿਆਂ-ਵੇਖਦਿਆਂ ਭਿੰਦਰ ਹੱਥਾਂ 'ਚੋਂ ਨਿਕਲ ਗਿਆ ਸੀ। ਨਾਲ ਈ ਬੰਦ ਹੋ ਗਈਆਂ ਸਨ, ਦਿਓਆਂ ਤੇ ਪਰੀਆਂ ਦੀਆਂ ਕਹਾਣੀਆਂ। ਮਾਪਿਆਂ ਤੋਂ ਚੋਰੀ ਅੰਵਾਣੇ ਕੁਝ ਦਿਨ ਕੰਧਾਂ-ਕੋਠਿਆਂ ਨਾਲ ਲੱਗੇ ਭਿੰਦਰ ਦੀਆਂ ਗੱਲਾਂ ਕਰਦੇ ਰਹੇ ਸਨ।

ਭਰਾ ਕਾਲਜ ਸ਼ਹਿਰ ਦੇ ਦੂਜੇ ਸਿਰੇ ਤੇ ਸੀ। ਉਹ ਰੋਜ਼ ਬਾਪੂ ਜੀ ਨੂੰ ਸਾਈਕਲ ਲੈ ਕੇ ਦੇਣ ਲਈ ਆਖਦਾ ਪਰ ਬਾਪੂ ਜੀ ਕੰਨਾਂ-ਰੇੜ੍ਹੇ ਮਾਰ ਦੇਂਦੇ। ਮਾਂ ਵੀ ਸਿਫ਼ਾਰਸ਼ ਕਰਦੀ ਪਰ ਉਹ ਝਿੜਕ ਦੇਂਦੇ। ਭਰਾ ਰੋਟੀ ਦੀ ਅਖੀਰਲੀ ਗਰਾਹੀ ਨਿਗਲਦਾ ਹੀ ਦੌੜ ਪੈਂਦਾ। ਦੌੜਦਾ -ਦੌੜਦਾ ਹੱਫ ਜਾਂਦਾ ਤਾਂ ਤੁਰਨ ਲੱਗਦਾ....... ਫਿਰ ਦੌੜਨ ਲੱਗਦਾ ........।

ਦਾਦੀ ਹੁਣ ਆਪਣੇ ਪਾਕਿਸਤਾਨ ਰਹਿ ਗਏ ਘਰ ਲਈ ਅੱਗੇ ਵਾਂਗ ਹਾਏ-ਕਲਾਪ ਨਾ ਕਰਦੀ। ਬੱਸ ਕਦੀ-ਕਦੀ ਧੀ ਦਾ ਦੁੱਖ ਉਹਨੂੰ ਦੁਖੀ ਕਰ ਜਾਂਦਾ। ਪਰ ਹੌਲੀ-ਹੌਲੀ ਏਹ ਦੁੱਖ ਵੀ ਜਿਵੇਂ ਘਟ ਗਿਆ ਸੀ। ਅੰਵਾਣੇ ਵੀ ਹੁਣ ਭਿੰਦਰ ਨੂੰ ਘੱਟ ਯਾਦ ਕਰਦੇ।

ਏਸ ਤਰ੍ਹਾਂ ਦੋ ਸਾਲ ਲੰਘ ਗਏ ਸਨ। ਆੜ੍ਹਤ ਦੀ ਦੁਕਾਨ ਹੁਣ ਪੱਕੀ ਹੋ ਗਈ ਸੀ। ਨੇੜੇ ਹੀ ਇਕ ਪਿੰਡ 'ਚ ਭੋਇੰ ਅਲਾਟ ਹੋ ਗਈ ਸੀ। ਕਲੇਮ ਦੇ ਪੈਸੇ ਵੀ ਮਿਲ ਗਏ ਸਨ। ਮੁੰਡੇ -ਕੁੜੀਆਂ ਹੁਣ ਸ਼ਹਿਰ ਦੇ ਸਭ ਤੋਂ ਚੰਗੇ ਸਕੂਲਾਂ 'ਚ ਦਾਖਲ ਕਰਵਾ ਦਿੱਤੇ ਗਏ ਸਨ। ਵੱਡੇ ਵੀਰ ਨੂੰ ਸਾਈਕਲ ਲੈ ਦਿੱਤਾ ਗਿਆ ਸੀ, ਤਾਏ ਦੇ ਵੱਡੇ ਮੁੰਡੇ ਨੂੰ ਇਕ ਚੰਗੀ ਨੌਕਰੀ ਮਿਲ ਗਈ ਸੀ । ਸਾਕ-ਸੈਨ ਵੀ ਲੱਭ-ਲਭਾ ਕੇ ਮਿਲ ਗਏ ਸਨ।

ਕਰਦਿਆਂ-ਕਰਾਂਦਿਆਂ ਕਲੇਮ ਦੇ ਕੁਝ ਪੈਸੇ ਵੀ

ਮਿਲ ਗਏ ਸਨ ਤੇ ਗੰਦੇ-ਨਾਲ਼ੇ ਵਾਲੀ ਭੋਇੰ ਤੋਂ ਸਬਜ਼ੀਆਂ ਦੀ ਵਾਹਵਾ ਵੱਟਕ ਹੋਣ ਲੱਗ ਪਈ ਸੀ।

ਕੁਝ ਦਿਨਾਂ ਵਿਚ ਹੀ ਤਾਏ ਦੇ ਮੁੰਡੇ ਦੀ ਮੰਗਣੀ ਇਕ ਚੰਗੇ ਖਾਂਦੇ ਪੀਂਦੇ ਘਰਾਣੇ 'ਚ ਹੋ ਗਈ ਸੀ। ਨਾਲ ਹੀ ਵਿਆਹ ਦਾ ਸਾਹਿਆ ਵੀ ਪੱਕਾ ਹੋ ਗਿਆ ਸੀ। ਕੁੜੀ ਦਾ ਸਾਰਾ ਟੱਬਰ ਵਿਆਹ ਦੀਆਂ ਤਿਆਰੀਆਂ 'ਚ ਰੁੱਝਾ ਹੋਇਆ ਸੀ। ਬਾਲਣ ਵਾਲੀ ਗੁੱਠੋਂ ਇਕ ਮਜ਼ਦੂਰ ਲੱਕੜੀਆਂ ਚੁੱਕ ਰਿਹਾ ਸੀ। ਤਾਏ ਦਾ ਮੁੰਡਾ ਕੁਹਾੜੇ ਨਾਲ ਖਲਪਾੜ੍ਹਾਂ ਪਾੜ ਰਿਹਾ ਸੀ। ਬਾਲਣ ਦੇ ਹੇਠੋਂ ਇਕ ਚੱਟੂ, ਵਰਗੀ ਚੀਜ਼ ਨਿਕਲ ਆਈ ਸੀ। ਮਿੱਟੀ ਘੱਟੇ ਨਾਲ ਭਰੀ ਹੋਈ ਬਦਰੰਗ।

"ਹਾਏ ਆਹ ਤੇ ਆਪਣਾ ਚੱਟੂ ਏ........।" ਚਾਚੀ ਨੇ ਪੈਰ ਨਾਲ ਰੇੜ੍ਹਦਿਆਂ ਕਿਹਾ ਸੀ।

"ਆਹੋ!" ਕੁੜੀ ਭੱਜ ਕੇ ਉਹਦੇ 'ਤੇ ਉੱਲਰ ਗਈ ਸੀ।

"ਤੂੰ ਡਿੱਗ ਪਈ ਸਾਏਂ, ਗੱਡੀ ਦੀ ਲੈਨ 'ਚ..........।" ਤਾਈ ਖਿੜ-ਖਿੜਾ ਕੇ ਹੱਸ ਪਈ ਸੀ।

"ਤੇ, ਮੈਂ ਏਹਦੇ ਸਮੇਤ ਈ ਏਹਨੂੰ ਗੱਡੀ 'ਚ ਸੁੱਟ ਦਿੱਤਾ ਸੀ........।" ਚਾਚੇ ਨੇ ਕਿਹਾ ਸੀ।

"ਏਸ ਕੁੜ੍ਹ ਜਾਣੀ ਨੇ, ਚੱਟੂ ਨਾ ਈ ਛੱਡਿਆ, ਭਾਵੇਂ ਗੱਡੀ ਉੱਤੋਂ ਦੀ ਲੰਘ ਜਾਂਦੀ..........।" ਤਾਈ ਐਂਤਕੀ ਜ਼ੋਰ ਦੀ ਮਾਘਾ ਮਾਰ ਕੇ ਹੱਸ ਪਈ ਸੀ।

"ਹਾਏ ਤੂੰ ਓਹੀ ਚੱਟੂ ਏਂ......ਤੇਰੀ ਓਏ... .....ਤੈਨੂੰ ਚੁੱਕੀ ਸਾਡੀ ਕੁੜੀ ਭਾਵੇਂ ਗੱਡੀ ਦੀ ਲੈਨ ਹੇਠ ਆ ਕੇ ਮਰ ਜਾਂਦੀ.........।" ਤਾਏ ਦੇ ਮੁੰਡੇ ਨੇ ਕੁਹਾੜੇ ਦੇ ਇੱਕੋ ਵਾਰ ਨਾਲ ਉਹਦੇ ਦੋ-ਫਾੜ ਕਰ ਦਿੱਤੇ ਸਨ। ਸਾਰਾ ਟੱਬਰ ਇਕ ਵਾਰਗੀ ਖਿੜ-ਖਿੜਾ ਕੇ ਹੱਸ ਪਿਆ ਸੀ।

"ਹੈਅ ਤੇਰੇ ਚੱਟੂ ਦੀ.........।" ਤਾਏ ਦੇ ਮੁੰਡੇ ਨੇ ਇਕ ਹੋਰ ਜ਼ੋਰਦਾਰ ਸੱਟ ਮਾਰੀ ਸੀ। 'ਧੈਂਹ, ਧੈਂਹ, ਉਹ ਸੱਟ ਤੇ ਸੱਟ ਮਾਰੀ ਜਾ ਰਿਹਾ ਸੀ। ਚੱਟੂ ਦੀ ਫਿੰਜੜ-ਫਿੰਜੜ ਵਿਹੜੇ 'ਚ ਉੱਡ ਰਹੀ ਸੀ। ...........ਨਾਲ ਈ ਠਾਹ-ਠਾਹ ਕਰਦਾ ਹਾਸਾ.........ਯਕਦਮ ਕੁੜੀ ਵੀ ਹਾਸੇ 'ਚ ਸ਼ਾਮਲ ਹੋ ਗਈ ਸੀ........ਹੱਸ ਹੱਸ ਕੇ ਸਾਰਿਆਂ ਦੀਆਂ ਵੱਖੀਆਂ ਟੁੱਟ ਰਹੀਆਂ ਸਨ, ਸਾਹ ਨਾਲ ਸਾਹ ਨਹੀਂ ਸੀ ਪਿਆ ਰਲਦਾ........ਅੱਖਾਂ 'ਚੋਂ ਅੱਥਰੂ ਵਗ ਤੁਰੇ ਸਨ। ਫਿਰ ਵੀ ਸਾਰੇ ਹੱਸਦੇ ਜਾ ਰਹੇ ਸਨ, ਹੱਸਦੇ ਜਾ ਰਹੇ ਸਨ।

---

ਧਰਮਸਾਲ ਧੜਵਾਈ ਰਹਿੰਦੇ,
ਠਾਕਰ ਦੁਆਰੇ ਠੱਗ।
ਵਿਚ ਮਸੀਤੀਂ ਰਹਿਣ ਕੁਸੱਤੀਏ,
ਆਸ਼ਕ ਰਹਿਣ ਅਲੱਗ।

–ਬਾਬਾ ਬੁੱਲ੍ਹੇ ਸ਼ਾਹ–

17

# ਪਹੁ ਫੁੱਟ ਪਈ

## ਪ੍ਰਿੰਸੀਪਲ ਸੁਜਾਨ ਸਿੰਘ

ਨਸੀਮ, ਅੰਮ੍ਰਿਤਸਰ ਦੇ ਨਾਜ਼ਰ ਮੁਹੰਮਦ ਐਡਵੋਕੇਟ ਦੀ ਲਾਡਲੀ ਹੁਸੀਨ ਧੀ ਸੀ, ਤੇ ਕਠਾਣੀਆਂ ਦੇ ਨੰਬਰਦਾਰ ਮੁਹੰਮਦ ਯਾਸੀਨ ਦੇ ਇਕਲੌਤੇ ਪੁੱਤਰ ਕਪਤਾਨ ਵਾਰਿਸ ਮੁਹੰਮਦ ਨਾਲ ਵਿਆਹੀ ਗਈ ਸੀ। ਵਿਆਹ ਤੋਂ ਮਗਰੋਂ ਡੇਢ ਮਹੀਨਾ ਨਵ-ਵਿਵਾਹਿਤ ਜੋੜੇ ਨੇ ਕਸ਼ਮੀਰ ਵਿਚ ਬਿਤਾਇਆ ਸੀ-ਬਹੁਤਾ ਚਿਰ ਡੱਲ ਦੀ ਸੁੰਦਰ ਹਾਊਸ-ਬੋਟ ਵਿਚ। ਕੁਝ ਚਿਰ ਪੇਕਿਆਂ ਦੇ ਰਹਿ ਕੇ ਉਹ ਆਪਣੇ ਪਤੀ ਕੋਲ ਮੇਰਠ ਛਾਉਣੀ ਚਲੀ ਗਈ ਸੀ, ਜਿਥੇ ਉਸ ਫੌਜੀਆਂ ਦੀਆਂ ਬੀਵੀਆਂ ਦੇ ਅਦਬ-ਅਦਾਬ ਤੋਂ ਇਲਾਵਾ ਮੋਟਰ ਚਲਾਉਣੀ ਵੀ ਸਿੱਖ ਲਈ ਸੀ। ਭਾਵੇਂ ਪੇਕੇ ਤੇ ਸਹੁਰੇ ਦੋਵੇਂ ਖਾਨਦਾਨ ਕੱਟੜ ਮੁਸਲਮਾਨ ਸਨ,ਪਰ ਨੂੰਹ-ਧੀ ਦੇ ਨੰਗੇ ਮੂੰਹ ਰਹਿਣ, ਨੱਚਣ, ਗਾਉਣ ਆਦਿ ਨੂੰ ਮਜ਼ਬ ਦੇ ਖਿਲਾਫ਼ ਹੁੰਦਿਆਂ ਵੀ ਬੁਰਾ ਨਹੀਂ ਸਨ ਮਨਾਉਂਦੇ।

ਕੱਲ੍ਹ ਜਦ ਕੱਥੂ ਨੰਗਲ ਵੱਲੋਂ ਸਿੱਖਾਂ ਦੇ ਜੱਥੇ ਨੇ ਰਫ਼ਲਾਂ, ਬਰੇਨ ਗੰਨਾਂ ਤੇ ਬੰਬਾਂ ਨਾਲ ਹਮਲਾ ਕੀਤਾ, ਤਾਂ ਉਹ ਨਿਆਈਂ ਦੀਆਂ ਪੈਲ੍ਹੀਆਂ ਦੇ ਚਰ੍ਹ 'ਚ ਸੀ। ਦੋ ਘੰਟੇ ਜੱਥੇ ਦੀ ਤੇ ਪਿੰਡ ਦੀ ਫੌਜੀ ਢੰਗ ਨਾਲ ਲੜਾਈ ਹੁੰਦੀ ਰਹੀ ਤੇ ਨਸੀਮ, ਜੋ ਕਦੇ ਪਿੰਡ ਵਿਚ ਆਈ ਘੱਟ ਹੀ ਬਾਹਰ ਨਿਕਲਦੀ ਸੀ, ਆਪਣੇ ਆਪ ਨੂੰ ਸੰਭਾਲ ਕੇ ਚਰ੍ਹ ਵਿਚ ਵੜੀ ਰਹੀ। ਗਰਮੀ ਦੇ ਡਰ ਨਾਲ ਨਸੀਮ ਦਾ ਖ਼ੂਨ, ਮਾਨੋਂ ਪਸੀਨਾ ਹੋ ਕੇ ਵਗ ਰਿਹਾ ਸੀ।

ਅਖ਼ੀਰ ਮੋਰਚਾ ਸਰ ਹੋ ਗਿਆ। ਜੱਥਾ ਦੱਖਣ ਵੱਲੋ ਪਿੰਡ ਵਿਚ ਦਾਖਲ ਹੋਇਆ ਤੇ ਵੱਢ-ਟੁੱਕ ਸ਼ੁਰੂ ਹੋ ਗਈ। ਨਸੀਮ ਦਾ ਡਰ, ਜਿਵੇਂ ਅਕਲ ਬਣਦਾ ਜਾ ਰਿਹਾ ਸੀ। ਉਹ ਚਰ੍ਹ ਵਿੱਚੋਂ ਘਿਸਰਦੀ-ਘਿਸਰਦੀ ਪਿੰਡ ਤੋਂ ਦੂਰ ਹੁੰਦੀ ਗਈ। ਬਹੁਤੇ ਮੁਸਲਮਾਨ ਬੇ-ਹੌਸਲਾ ਹੋ ਕੇ ਪੱਛਮ ਵੱਲ ਨੱਠ ਰਹੇ ਸਨ ਅਤੇ ਜੱਥਾ ਉਹਨਾਂ ਦੁਆਲੇ ਦਾਇਰਾ ਤੰਗ ਕਰ ਰਿਹਾ ਸੀ। ਨਸੀਮ ਪੂਰਬ ਵੱਲ ਨੂੰ ਹੱਟਦੀ ਜਾ ਰਹੀ, ਕਦੀ ਖਾਲ਼ ਵਿਚ ਲਿਬੜਦੀ, ਕਦੀ ਸੜਕੜੇ ਨਾਲ ਪਛੀਂਦੀ, ਕਦੀ ਗਾਚੇ ਵਿਚ ਲੁਕਦੀ ਤੇ ਕਦੀ ਨਕਾਰੀ ਸੁੰਡੀ ਵਾਂਗ ਰੀਂਗਦੀ, ਉਹ ਰਾਤ ਦੇ ਹਨ੍ਹੇਰੇ ਵਿਚ ਇਕ ਖੂਹ ਲਾਗੇ ਜਾ ਪੁੱਜੀ। ਅੰਦਾਜ਼ੇ ਤੋਂ ਉਹ ਆਪਣੇ ਸਹੁਰਿਆਂ ਦਾ ਉੱਚਾ ਮਕਾਨ ਫੁਕੀਂਦਾ ਦੇਖ ਰਹੀ ਸੀ। ਉਸ ਦਾ ਖਿਆਲ ਸੀ ਕਿ ਪਿੰਡ ਵਿੱਚੋਂ ਕੋਈ ਨਹੀਂ ਬਚਿਆ ਹੋਵੇਗਾ। ਉਹ ਅੱਲਾ ਦਾ ਵਿਰਦ ਕਰ ਰਹੀ ਸੀ। ਗ਼ਮ ਤੇ ਦੁੱਖਾਂ ਦੇ ਹੱਲਿਆਂ ਵਿਚ ਉਸ ਨੂੰ ਇਸ ਗੱਲ ਦੀ ਠੰਢ ਸੀ, ਕਿ ਉਸ ਦਾ ਪਤੀ ਪਿੰਡ ਵਿਚ ਨਾ ਹੋਣ ਕਰਕੇ ਸਹੀ ਸਲਾਮਤ ਹੈ। ਅਤੇ ਕੀ ਪਤਾ! ਕੱਲ੍ਹ ਹੀ ਉਹ ਪਾਕਿਸਤਾਨੀ ਫੌਜ ਤੇ ਟਰੱਕ ਲੈ ਕੇ ਉਸ ਨੂੰ ਬਚਾਉਣ ਆ ਨਿਕਲੇ। ਪਰ ਕੱਲ੍ਹ ਤੱਕ ਉਸ ਨਾਲ ਕੀ ਨਹੀਂ ਸੀ ਹੋ ਸਕਦਾ! ਇਹ ਖਿਆਲ ਉਸ ਲਈ ਮੌਤ ਤੋਂ ਵੀ ਡਰਾਉਣਾ ਜਾਪਦਾ ਸੀ। "ਮੋਏ! ਕਾਫ਼ਰ! " ਹੌਲੀ ਜਿਹੀ ਕਹਿ ਕੇ ਉਹ ਉਸ ਖਿਆਲ ਦੇ ਡਰ ਦੇ ਭਾਰ ਨੂੰ ਹਲਕਾ ਕਰਨਾ ਚਾਹੁੰਦੀ ਸੀ। ਉਸ ਦਾ ਸਹੁਰਾ ਖ਼ਤਮ, ਉਸ ਦੀ ਬੁੱਢੀ ਸੱਸ ਖਤਮ, ਕੌਣ ਸੀ ਜੋ ਅੱਗ ਦੇ ਤੂਫ਼ਾਨ ਵਿੱਚੋਂ ਬਚ ਕੇ ਨਿਕਲ ਸਕਦਾ? ਪਰ ਆਖ਼ਰ ਉਹ ਵੀ ਤਾਂ ਬਚ ਨਿਕਲੀ ਸੀ। ਹੋਰ ਕਿੰਨਾਂ ਚਿਰ ਬਚੀ ਰਹੇ, ਇਸ ਦਾ ਉਸ ਨੂੰ ਕੁਝ ਪਤਾ ਨਹੀਂ ਸੀ। ਉਹ ਆਪਣੀ ਜਾਨ ਬਚਾਉਂਦੀ, ਸਿੱਖਾਂ-ਹਿੰਦੂਆਂ ਦੇ ਪਿੰਡ ਮੋਹਣ ਪੁਰੇ ਵਲ ਹਟ ਰਹੀ ਸੀ।

ਭਾਦੋਂ ਦੇ ਛਿੜਾਕਿਆਂ ਮਗਰੋਂ ਜੇ ਕਿਤੇ ਸੂਰਜ ਅੱਧਾ ਘੰਟਾ ਵੀ ਲਿਸ਼ਕ ਜਾਵੇ ਤਾਂ ਜਿਹੜਾ ਤਵਾੜ ਲੱਗਦਾ ਹੈ, ਉਸ ਦੀ ਕੁਝ ਨਾ ਪੁੱਛੋ! ਇਸ ਹੁੱਸੜ ਵਿਚ ਤਾਂ ਹੰਢੇ ਬੀਤੇ ਕਰੜੇ ਕਿਸਾਨ ਵੀ ਦਿਲ ਛੱਡ ਜਾਂਦੇ ਹਨ। ਕੱਲ੍ਹ ਦੇ ਛਿੜਾਕੇ, ਚੰਗੀ ਭੋਂ-ਭਿੱਜ ਕਰ ਗਏ ਸਨ। ਏਹੋ ਜਿਹੇ ਹੁੱਸੜ ਵਿਚ ਉਸ ਨੂੰ ਝੋਨੇ ਦੇ ਡੂੰਘੇ ਪਾਣੀ ਨਾਲ ਅੱਧ-ਭਰੇ ਖੇਤਾਂ ਲਾਗਿਉਂ ਲੰਘਣਾ ਪੈ ਰਿਹਾ ਸੀ। ਚਾਣ-ਚੱਕ ਉਸ ਨੂੰ ਬਹੁਤ ਸਾਰੇ ਪੈਰਾਂ ਦਾ ਖੜਾਕ ਤੇ ਵੱਟ ਦੇ ਦੁਪਾਸੜ ਉੱਗੇ ਸੰਘਣੇ ਗਾਚੇ ਵਿੱਚੋਂ ਕਈ ਸਰੀਰਾਂ ਦੇ ਖਹਿਸਰਨ ਦੀ ਆਵਾਜ਼ ਆਈ। ਗਾਚਾ ਢੇਰ ਪਿੱਛੇ ਰਹਿ ਗਿਆ ਸੀ ਅਤੇ ਚਰ੍ਹ ਤੇ ਗੁਆਰਾ ਕਾਫ਼ੀ ਦੂਰ ਸਨ। ਇਸ ਤੋਂ ਪਹਿਲਾਂ ਕਿ ਉਹ ਲੋਕ ਏਥੇ ਆਉਣ ਤੇ ਉਸ ਨੂੰ ਦੇਖ ਕੇ ਲੁੱਟ ਦੇ ਮਾਲ ਵਿਚ, ਉਸ ਨੂੰ ਮਾਲ-ਢਾਂਡੇ ਵਾਂਗ ਰਲਾ ਲੈਣ, ਉਹ ਛੋਪਲੀ ਜਿਹੀ ਤਵਾੜ ਛੱਡਦੇ ਪਾਣੀ ਵਿਚ ਉੱਤਰ ਕੇ, ਲੇਟ ਗਈ। ਝੋਨਾ ਹਾਲਾਂ ਸੰਘਣਾ ਨਹੀ ਸੀ ਹੋਇਆ........ਪਰ ਰਾਤ ਦੇ ਹਨ੍ਹੇਰੇ ਨੇ ਉਸ ਨੂੰ ਸੰਘਣਾ ਬਣਾ ਕੇ ਨਸੀਮ ਦਾ ਸਹਾਇਕ ਬਣਾ ਦਿੱਤਾ। ਕਾਫ਼ੀ ਚਿਰ ਲੁਟੇਰੇ ਲਾਗਿਉਂ ਦੀ ਲੰਘਦੇ ਰਹੇ ਅਤੇ ਝੋਨੇ ਦੇ ਮੁੱਢਾਂ ਵਿਚਲੇ ਚਿੱਕੜ ਵਿੱਚੋ ਉਸ ਦੇ ਸਰੀਰ ਦੇ ਭਾਰ ਨਾਲ ਬੁਲਬੁਲੇ ਉੱਠ-ਉੱਠ ਕੇ, ਉਸ ਦੇ ਲਾਗੇ ਪਾਟਦੇ ਰਹੇ। ਤਵਾੜ ਤੇ ਹਵ੍ਹਾੜ ਨੇ ਨਸੀਮ ਵਰਗੀ ਛੋਹਰੀ ਨੂੰ ਨੀਮ ਬੇਹੋਸ਼ ਕਰ ਦਿੱਤਾ ਸੀ। ਪਰ ਮੌਤ ਤੇ ਉਸ ਤੋਂ ਵੀ ਵੱਧ, ਉਧਾਲੇ ਤੇ ਖ਼ੂਨੀ ਬੇਪਤੀ ਤੋਂ ਬਚ ਨਿਕਲਣ ਦੇ ਖ਼ਿਆਲ ਨੇ ਉਹਨੂੰ ਪੂਰੀ ਤਰ੍ਹਾਂ ਬੇਹੋਸ਼ ਨਾ ਹੋਣ ਦਿੱਤਾ।

ਆਖਰ ਲੁਟੇਰਿਆਂ ਦਾ ਜਲੂਸ ਮੁੱਕਾ। ਨਸੀਮ ਨੇ ਸੰਘਣੇ ਹਨ੍ਹੇਰੇ ਵਿੱਚੋਂ ਵੀ ਆਪਣੇ ਪਿੰਡ ਦਿਆਂ ਜਵਾਨਾਂ ਤੇ ਕੁੜੀਆਂ ਨੂੰ ਨੇਜ਼ਿਆਂ ਅੱਗੇ ਲਾ ਕੇ ਹੱਕੇ ਜਾਂਦਿਆਂ ਦੇਖ ਹੀ ਲਿਆ ਸੀ। ਉਹ ਉਸ ਥਾਂ ਤੋਂ ਇਕ ਪਾਸੇ ਹਟ ਗਈ। ਮਲ੍ਹਿਆਂ ਦੇ ਕੰਡਿਆਂ ਵਿਚ ਅੜ ਕੇ ਉਸ ਦੀ ਰੇਸ਼ਮੀ ਸਲਵਾਰ ਦੀਆਂ ਲੀਰਾਂ ਲੱਥ ਗਈਆਂ। ਆਖ਼ਰ ਉਹ ਇਕ ਦੁਹਰਟੇ 'ਤੇ ਪੁੱਜੀ, ਜਿਸ 'ਤੇ ਉਹ ਆਪ ਤਾਂ

ਕਦੀ ਨਹੀਂ ਸੀ ਆਈ ਪਰ ਜਿਸ ਦੇ ਬਾਰੇ ਉਸ ਨੇ ਸੁਣਿਆ ਹੋਇਆ ਸੀ ਕਿ ਉਹ ਪਿੰਡ ਦੀ ਹੱਦ 'ਤੇ ਹੈ। ਉਸ ਨੇ ਸੁਣਿਆਂ ਹੋਇਆ ਸੀ ਕਿ ਉਹਨਾਂ ਖੇਤਾਂ ਵਿਚ ਇਕ ਖੜਪੱਾ ਰਹਿੰਦਾ ਹੈ ਜੋ ਕਈ ਵਾਰ ਮਗਰ ਵੀ ਪੈ ਜਾਂਦਾ ਹੈ। ਲੁਟੇਰੇ ਉਸ ਪਾਸੇ ਵੱਲ ਨਹੀਂ ਸਨ ਆ ਰਹੇ। ਜ਼ਹਿਰੀਲੀ ਖੜਪੱੇ ਦੀ ਜੂਹ ਨੂੰ ਉਸ ਆਪਣਾ ਰੱਖਿਆ-ਸਥਲ ਸਮਝਿਆ। ਉਹ ਡਰਦੀ ਮਾਰੀ ਉੱਥੋਂ ਹਟੀ ਨਾ। ਖੂਹ ਤੋਂ ਜ਼ਰਾ ਕੁ ਹਟਵੇਂ, ਇਕ ਪੱਠਿਆਂ ਦੇ ਟੱਕ ਦੀ ਆੜ ਵਿਚ ਉਹ ਨਿਸਚਿੰਤ ਲੰਮੀ ਪੈ ਗਈ। ਉਸ ਦੇ ਸਰੀਰ ਨਾਲ ਉਸ ਦੇ ਚਿੱਕੜ-ਲਿਬੜੇ ਕੱਪੜੇ ਚੰਬੜੇ ਹੋਏ ਸਨ। ਉਹ ਸਿਰ ਹੇਠਾਂ ਬਾਂਹ ਦੇ ਕੇ ਸਿਤਾਰਿਆਂ ਵੱਲ ਵੇਖ ਰਹੀ ਸੀ ਜਿਹਨਾਂ ਨੂੰ ਕਦੀ-ਕਦੀ ਹਨ੍ਹੇਰੇ ਬੱਦਲਾਂ ਦੇ ਟੁੱਕੜੇ ਕੱਜ ਲੈਂਦੇ ਸਨ ਅਤੇ ਉਹਨਾਂ ਦੇ ਲੰਘ ਜਾਣ ਮਗਰੋਂ ਐਉਂ ਪਰਤੀਤ ਹੁੰਦਾ ਸੀ, ਕਿ ਉਹ ਵਧੇਰੀ ਸ਼ਾਨ ਨਾਲ ਚਮਕ ਪਏ ਹਨ। ਆਪਣੀ ਕਿਸਮਤ ਦੇ ਸਿਤਾਰੇ 'ਤੇ ਵੀ ਉਹ ਦੁੱਖ ਤੇ ਗਮਾਂ ਦੇ ਅਸਥਾਈ ਬੱਦਲ ਛਾਏ ਵੇਖਣ ਲੱਗੀ। ਖੜਪੱੇ ਦਾ ਖਿਆਲ ਉਸ ਨੂੰ ਰਹਿ-ਰਹਿ ਕੇ ਆਉਂਦਾ, ਪਰ ਉਸ ਨੂੰ ਭੈਅ ਭੀਤ ਕਰਨ ਦੀ ਥਾਂ ਦ੍ਰਿੜ ਬਣਾ ਜਾਂਦਾ। ਟਿੱਡੀਆਂ ਦੀ ਆਵਾਜ਼ ਵਿੱਚੋਂ ਉਹ ਕਈ ਵਾਰ ਸੱਪ ਦੀ ਟਿਚਕਾਰੀ ਵੀ ਨਿਖੇੜਦੀ, ਪਰ ਕੋਈ ਸੱਪ ਉਸਦੇ ਕੋਲ ਨਾ ਆਉਂਦਾ। ਕਈ ਵਾਰੀ ਘਾਹ ਦੇ ਟਿੱਡੇ ਟਪੋਸੀ ਮਾਰ ਕੇ ਉਸ ਦੀਆਂ ਕੋਮਲ ਗੱਲ੍ਹਾਂ ਨਾਲ ਟਕਰਾਉਂਦੇ, ਤੇ ਉਹ ਆਪਣੀਆਂ ਮਖ਼ਮਲੀ ਉਂਗਲਾਂ ਦੇ ਪੁੱਠੇ ਪੋਟਿਆਂ ਨਾਲ ਉਹਨਾਂ ਨੂੰ ਝਾੜ ਸੁੱਟਦੀ। ਕੀੜਿਆਂ-ਮਕੌੜਿਆਂ ਦੀ ਬੇਰਹਿਮੀ ਉਸਨੂੰ ਚੇਤਨ ਮਨੁੱਖ ਦੀ ਨਿਰਦੈਤਾ ਤੋਂ ਭੈੜੀ ਨਹੀਂ ਸੀ ਜਾਪਦੀ। ਉਸ ਨੂੰ ਸ਼ੇਕਸਪੀਅਰ ਦਾ ਉਹ ਗੀਤ ਯਾਦ ਆਇਆ, ਜੋ ਉਸ ਨੇ 'ਐਜ਼ ਯੂ ਲਾਈਕ ਇਟ' ਵਿੱਚ ਡਿਊਕ ਦੇ ਮੂੰਹੋਂ ਗਵਾਇਆ :-

*ਵੱਗ ਵੱਗ ਸਿਆਲ ਦਿਆ ਠੱਕਿਆ,*
*ਤੂੰ ਉੱਨਾ ਨਿਰਦੈ ਨਹੀਂ ਹੈਂ..........*
*ਅਤੇ ਅੱਗੇ ਉਸ ਨੇ ਜੋੜਿਆ------*
*ਜਿੰਨਾਂ ਮਜ਼ਬ ਦਾ ਕੱਟੜ ਵਿਸ਼ਵਾਸੀ।*

ਉਹ ਅੱਜ ਆਪਣੀ ਲੀਗੀ ਕੱਟੜ ਪਾਲਸੀ ਤੋਂ ਹੇਠਾਂ ਉੱਤਰ,ਜਾਂ ਸ਼ਾਇਦ ਉੱਪਰ ਉੱਠ ਕੇ ਸੋਚ ਰਹੀ ਸੀ। ਸੋਚਦਿਆਂ-ਸੋਚਦਿਆਂ ਉਹ ਸੌਂ ਗਈ। ਕਹਿੰਦੇ ਨੇ ਨੀਂਦ ਤੇ ਸੂਲੀ 'ਤੇ ਵੀ ਆ ਜਾਂਦੀ ਹੈ। ਜੀਵਨ ਰੱਖਿਆ ਲਈ ਤਨ-ਮਨ ਦੀਆਂ ਸਾਰੀਆਂ ਸ਼ਕਤੀਆਂ ਖਰਚ ਕਰ ਕੇ ਕੀਤੇ ਉਸਦੇ ਉਤਸ਼ਾਹੀ ਉੱਦਮ ਨੇ ਉਸਨੂੰ ਵੱਢ ਦੇ ਖੁੰਘਾਂ 'ਤੇ ਵੀ ਘੂਕ ਸੁਆ ਦਿੱਤਾ। ਉਹ ਦਿਨ ਚੜ੍ਹੇ ਤੱਕ ਸੁੱਤੀ ਰਹੀ। ਅਭੜਵਾਹੀ ਰੌਲਾ ਪਾਉਂਦੀ ਉੱਠੀ,"ਏਹ ਜ਼ੁਲਮ ਨਾ ਕਰਿਓ, ਮੈਂ ਮਾਂ ਬਣਨ ਵਾਲੀ ਹਾਂ।"

ਉਸ ਨੇ ਦੇਖਿਆ ਦਿਨ ਚੜ੍ਹ ਆਇਆ ਸੀ--- ਏਥੋਂ ਤੱਕ ਕਿ ਸੂਰਜ ਦੀਆਂ ਕਿਰਨਾਂ ਉਸ ਦੇ ਮੂੰਹ 'ਤੇ ਪਈ ਤਰੇਲ ਨੂੰ ਸੁਕਾ ਗਈਆਂ ਸਨ, ਭਾਵੇਂ ਉਸ ਦੇ ਸਰੀਰ ਨਾਲ ਲੱਗੇ ਚੀਥੜੇ ਹਾਲੇ ਵੀ ਸਿੱਲ੍ਹੇ ਸਨ। ਉਸ ਨੇ ਉੱਠਣ ਦਾ ਯਤਨ ਕੀਤਾ ਪਰ ਉਸ ਤੋਂ ਉੱਠਿਆ ਨਾ ਗਿਆ। ਉਸ ਨੂੰ ਇਸ ਤਰ੍ਹਾਂ ਜਾਪਿਆ ਜਿਸ ਤਰ੍ਹਾਂ ਖੜਪੱਾ ਉਸ ਦਾ ਸਾਹ ਸੱਤ ਪੀ ਗਿਆ ਹੈ। ਉਸ ਵਿਚਾਰੀ ਨੂੰ ਕੀ ਪਤਾ ਕਿ ਧਰਮ ਵਾਂਗ ਖੁਸ਼ਨੁਮਾ ਸਣ ਦੇ ਬੰਸਤੀ ਗੁੱਛੇਦਾਰ ਫੁੱਲਾਂ ਵਾਲੇ ਹਰੇ-ਕਚਾਹ ਬੂਟਿਆਂ ਦੀ ਵਾੜ ਨੇ, ਜੋ ਨਾਲ ਦੀ ਪੈਲ਼ੀ ਦੇ ਦੁਆਲੇ ਉੱਗੇ ਹੋਏ ਸਨ, ਉਸ ਦੇ ਨੈਣ-ਪਰਾਣ ਜਕੜ ਲਏ ਸਨ। ਆਖ਼ਰ ਉਹ ਆਪਣੇ ਸਾਰੇ ਸਰੀਰ ਤੇ ਮਨ ਦੇ ਬਲ ਨੂੰ ਸਰੀਰ ਵਿਚ ਕੇਂਦਰਤ ਕਰਕੇ ਉੱਠੀ ਤੇ ਆਪਣੇ ਆਪ ਨੂੰ ਬਹੁਤ ਖਤਰੇ ਵਿਚ ਸਮਝ ਕੇ ਚਰ੍ਹ ਵਿਚ ਜਾ ਵੜੀ। ਲੋਕੀਂ ਦਿਨ ਦੇ ਚਾਨਣ ਵਿਚ ਲੁੱਟ ਦਾ ਮਾਲ ਲੈ ਕੇ ਥੋੜ੍ਹੀ ਕੁ ਵਿੱਥ ਤੋਂ ਲੰਘ ਰਹੇ ਸਨ......ਹਿੰਦੂ ਵੀ ਸਿੱਖ ਵੀ। ਦੋ-ਤਿੰਨ ਬੰਦੇ ਕੁਰਾਹੇ ਪੈ ਕੇ ਉਸ ਖੇਤ ਦੇ ਲਾਗਿਓਂ ਵੀ ਲੰਘੇ।

ਇਕ ਕਹਿ ਰਿਹਾ ਸੀ, "ਰਾਤੀਂ ਮੁਸਲਿਆਂ ਦੀਆਂ ਪੈਲ਼ੀਆਂ ਨੂੰ ਹੱਥ ਲਾ ਦਿਉ ਤੇ ਪੱਠੇ ਵੱਢਕੇ ਲੈ ਚੱਲੋ।"

ਦੂਜੇ ਨੇ ਕਿਹਾ,"ਹਾਲਾਂ ਤੇ ਮਾਲ ਦੀ ਲੁੱਟ ਬਥੇਰੀ ਹੈ। ਕਈ ਪਿੰਡ ਹਾਲੇ ਮੁਸਲਿਆਂ ਦੇ ਮਾਰਨ ਵਾਲੇ ਨੇ। ਤੇ ਜ਼ਨਾਨੀ ਤੇ ਸਾਡੇ ਹੱਥ ਆਈ ਨਹੀਂ, ਮੱਖ, ਕੋਈ ।"

ਤੀਜੇ ਕਿਹਾ, "ਮਾਈਂ........ਮੁਸਲੀਆਂ ਕਈ ਕਈ ਤੇ ਨਿਰਾ ਪਰਸਤਾਨ ਈ ਨੇ ।"

ਪਹਿਲਾ ਬੋਲਿਆ, "ਮੱਝਾ ਸਿਹਾਂ, ਤੂੰ ਚੰਗਾ ਵੈਲੀ ਏਂ। ਪੱਠਾ ਦੱਥਾ ਵੀ ਨਹੀਂਓਂ ਛੱਡਣਾ, ਅਸੀਂ ਤੇ ਏਹਨਾਂ ਦੀਆਂ ਫਸਲਾਂ ਵੀ ਚਾਰ ਛੱਡਣੀਆਂ ਨੇ। ਵਾਹਿਗੁਰੂ ਨੇ ਮੌਕਾ ਬਣਾਇਐ, ਗੁਰੂ ਦੇ ਪੁੱਤਾਂ ਨੂੰ ਬਦਲਾ ਲੈਣ ਦਾ।"

ਨਸੀਮ ਨੇ ਫਨੀਅਰ ਸੱਪ ਵਾਲੇ ਖੇਤ ਵੀ ਖਤਰੇ ਤੋਂ ਖਾਲੀ ਨਾ ਸਮਝੇ। ਉਸ ਸੋਚਿਆ, "ਕਿਤੇ ਦਿਨ ਵੇਲੇ ਈ ਕੋਈ ਮੇਰੇ ਵਾਲੇ ਖੱਤੇ ਦਾਤਰੀ ਨਾ ਪਾ ਦਏ। ਆਲੇ-ਦੁਆਲੇ ਦੇਖਿਆ, ਖੂਹ ਦੇ ਲਾਗੇ ਦੋ ਮੂਸਲ ਸਨ। ਇਕ ਨੂੰ ਹੱਥ ਲੱਗਾ ਹੋਇਆ ਸੀ ਤੇ ਹੇਠਾਂ! ਗੋਲ ਮਘੋਰਾ ਸੀ। ਆਲੇ-ਦੁਆਲੇ ਕੋਈ ਨਾ ਦੇਖ ਕੇ ਉਹ ਜੀ-ਭਿਆਣੀ ਮੂਸਲ ਵਿਚ ਜਾ ਵੜੀ। ਏਹ ਉਸਨੇ ਇਕ ਬੜੀ ਭਾਰੀ ਗਲਤੀ ਕੀਤੀ-ਪਰ ਇਹ ਨਾ ਕਰਦੀ ਤੇ ਕੀ ਕਰਦੀ?

ਸਾਰਾ ਦਿਨ ਲੋਕ ਲੁੱਟ ਦੇ ਮਾਲ ਦੀ ਰਹਿੰਦ-ਖੂੰਹਦ ਢੋਂਦੇ ਰਹੇ ਤੇ ਉਸ ਲਈ ਬਾਹਰ ਨਿਕਲਣਾ ਅਸਭੰਵ ਹੋ ਗਿਆ। ਹਵਾ ਰੁਕੀ ਹੋਈ ਸੀ ਤੇ ਹੁੱਸੜ ਨੇ ਮੂਸਲ ਨੂੰ ਲੋਹਾ ਢਾਲਣ ਵਾਲੀ ਭੱਠੀ ਬਣਾ ਦਿੱਤਾ ਸੀ। ਨਸੀਮ ਨੂੰ ਮਾਲੂਮ ਹੁੰਦਾ ਸੀ ਕਿ ਉਸ ਦਾ ਸਰੀਰ ਮੋਮ ਦਾ ਹੈ। ਉਹ ਹੌਲੀ-ਹੌਲੀ ਪੰਘਰ ਕੇ ਘੱਟ ਰਿਹਾ ਹੈ। ਪਰ ਉਹ ਰਾਤ ਦੇ ਸੁਪਨੇ ਨੂੰ ਜਾਗਰਤ ਜੀਵਨ ਵਿਚ ਯਾਦ ਦੇ ਪਰਦੇ 'ਤੇ ਸਾਕਾਰ ਕਰ ਕੇ ਦੇਖਣ ਲਈ ਮਜ਼ਬੂਰ ਸੀ।

ਇਕ ਅਜੀਬ ਅਨਹੋਣਾ ਨਜ਼ਾਰਾ ਸੀ। ਧਰਤੀ ਤੇ ਵਿਸ਼ਾਲ ਪੱਧਰ ਮੈਦਾਨ ਦੇ ਵਿਚਕਾਰ ਇਕ ਲੀਕ ਵਹੀ

ਹੋਈ ਸੀ ਅਤੇ ਲੀਕ ਦੇ ਪੱਛਮ ਦੇ ਵੱਲ ਲਿਖਿਆ ਹੋਇਆ ਸੀ, ਪਾਕਿਸਤਾਨ ਤੇ ਪੂਰਬ ਵੱਲ ਸੀ ਹਿੰਦੁਸਤਾਨ। ਉਹ ਹਿੰਦੋਸਤਾਨ ਵਿਚ ਸੀ। ਪਾਕਿਸਤਾਨ ਵਿਚ ਹਿੰਦੂ-ਸਿੱਖ ਔਰਤਾਂ ਤੇ ਬੱਚੀਆਂ ਦੀਆਂ ਭੇਡਾਂ ਵਾਂਗ ਬੋਲੀਆਂ ਦਿੱਤੀਆਂ ਜਾ ਰਹੀਆਂ ਸਨ ਤੇ ਖ਼ਰੀਦ ਦਾਰ ਉਹਨਾਂ ਨੂੰ ਚੰਗੀ ਤਰ੍ਹਾਂ ਟੋਹ-ਟੋਹ ਕੇ ਦੇਖ ਰਹੇ ਸਨ। ਹਿੰਦੁਸਤਾਨ ਵਿਚ ਔਰਤਾਂ ਤੇ ਬੱਚੀਆਂ ਨੂੰ ਨੰਗਿਆਂ ਕਰਕੇ ਤਿੱਖੀਆਂ ਬਰਛਿਆਂ ਦੇ ਜ਼ੋਰ, ਸ਼ਰੇ-ਬਜ਼ਾਰ ਨਚਾਇਆ ਜਾ ਰਿਹਾ ਸੀ। ਕਿੱਡਾ ਖੌਫ਼ਨਾਕ ਸੀ ਇਹ ਨਾਚ! ਤੇ ਲੋਕ ਹੱਸ ਰਹੇ ਸਨ!! ਪਾਕਿਸਤਾਨ ਵਿਚ ਗੱਡੀਆਂ ਵਿਚ ਪਿਆਸੇ ਹਿੰਦੂ-ਸਿੱਖਾਂ ਨੂੰ ਪੀਣ ਲਈ ਪਾਣੀ ਵੀ ਨਹੀਂ ਸੀ ਮਿਲ ਸਕਦਾ। ਹਿੰਦੁਸਤਾਨ ਵਿਚ ਮੁਸਲਮ ਮਾਵਾਂ , ਬੱਚਿਆਂ ਨੂੰ ਜ਼ਿੰਦਾ ਰੱਖਣ ਲਈ ਆਪਣੇ ਸਰੀਰ ਦਾ ਹੀ ਗੰਦਾ ਪਾਣੀ ਆਪਣੇ ਬੱਚਿਆਂ ਦੇ ਮੂੰਹ ਵਿਚ ਪਾ ਰਹੀਆਂ ਸਨ। ਪਾਕਿਸਤਾਨ ਵਿਚ ਹਿੰਦੂ-ਸਿੱਖ ਬੱਚੇ ਨੇਜ਼ਿਆਂ ਵਿਚ ਪਰੋ ਕੇ ਮਾਵਾਂ ਨੂੰ ਪਿੱਛੇ ਲਾ ਕੇ ਜਲੂਸ ਕੱਢੇ ਜਾ ਰਹੇ ਸਨ, ਹਿੰਦੁਸਤਾਨ ਵਿਚ ਬੱਚਿਆਂ ਦੇ ਸਾਹਮਣੇ ਉਨ੍ਹਾਂ ਦੀਆਂ ਜਵਾਨ ਮਾਵਾਂ ਦੀ ਬੇਇਜ਼ਤੀ ਕੀਤੀ ਜਾ ਰਹੀ ਤੇ ਹਿੰਦੂ-ਸਿੱਖ ਤੀਵੀਆਂ ਏਹ ਵੇਖ ਕੇ ਇਕ ਜ਼ਾਲਮ ਖੁਸ਼ੀ ਦਾ ਵਹਿਸ਼ੀ ਹਾਸਾ ਹੱਸ ਰਹੀਆਂ ਸਨ।

ਸੁਪਨੇ 'ਚ ਡਿੱਠੇ ਨਜ਼ਾਰੇ ਏਨੇ ਖ਼ੂਨ ਭਰੇ ਤੇ ਗੰਦ ਨਾਲ ਲਿਬੜੇ ਹੋਏ ਸਨ, ਕਿ 'ਕਾਊ ਬਾਏ' ਤੇ 'ਡਕੈਤੀ' ਦੀਆਂ ਫ਼ਿਲਮਾਂ ਦੀ ਅਤੇ ਦਿਲਪਾੜ ਦੁਖੀ ਕਥਾਵਾਂ ਦੀ ਚਾਹਵਾਨ ਹੋਣ ਦੇ ਬਾਵਜੂਦ, ਹੁਣ ਉਨ੍ਹਾਂ ਸੁਪਨੇ ਦੇ ਨਜ਼ਾਰਿਆਂ ਨੂੰ ਜਾਗਰਤ-ਕਲਪਨਾ ਦੇ ਸਾਹਮਣੇ ਵੇਖਣ ਦਾ ਹੀਆ, ਨਸੀਮ ਨਹੀਂ ਸੀ ਕਰਦੀ। ਪਰ ਇਹ, ਤੇ ਇਹਨਾਂ ਤੋਂ ਵੀ ਭਿਆਨਕ ਤੇ ਦਿਲ-ਹਿਲਾਊ ਘਟਨਾਵਾਂ ਆਮ ਘਟਨਾਵਾਂ ਵਾਂਗ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਜਿਦੋ-ਜਿਦੀ ਹੋ ਰਹੀਆਂ ਸਨ। ਕਿਸੇ ਸ਼ੈਤਾਨ ਦਾ ਪਛਾਵਾਂ ਦੋਹਾਂ ਪਾਸਿਆਂ ਦੇ ਲੋਕਾਂ ਦੀਆਂ ਰੂਹਾਂ 'ਤੇ ਪੈ ਗਿਆ ਜਾਪਦਾ ਸੀ। ਪਰ ਨਸੀਮ ਨੂੰ ਯਾਦ ਸੀ ਕਿ ਅੱਖਾਂ ਵਿਚੋਂ ਚੰਗਿਆੜੇ ਸੁੱਟਦੇ, ਇਕ ਅੱਗ-ਬਗੋਲੇ ਦੇਓ ਵਰਗੇ ਚਿਹਰੇ ਵਾਲੇ ਬਾਬੇ ਨੇ ਉਸ ਨੂੰ ਪਕੜ ਲਿਆ ਤੇ ਅੱਗੋਂ ਤਿੱਖੀ, ਦੋ ਢਾਈ ਇੰਚ ਮੋਟੀ ਭੱਠੀ ਵਿੱਚੋਂ ਲਾਲ ਸੁਰਖ ਲੋਹੇ ਦੀ ਲੱਠ ਨੂੰ, ਉਸ ਦੇ ਸਰੀਰ ਵਿਚ ਚੁਭਾਉਣ ਲੱਗਾ, ਉਹ ਇਕ ਅਤਿ ਭਿਆਨਕ ਹਾਸਾ ਹੱਸ ਰਿਹਾ ਸੀ ਤੇ ਇਉਂ ਮਾਲੂਮ ਹੁੰਦਾ ਸੀ, ਕਿ ਉਸਦੇ ਹਾਸੇ ਨਾਲ ਭੁਚਾਲ ਆ ਰਿਹਾ ਹੋਵੇ। ਨਸੀਮ ਕਹਿ ਰਹੀ ਸੀ,"ਏਹ ਨਾ ਜ਼ੁਲਮ ਕਰਿਓ, ਬਾਬਾ ਜੀ। ਮੈਂ ਪੰਜਾਂ ਮਹੀਨਿਆਂ ਤੱਕ ਮਾਂ ਬਣਨ ਵਾਲੀ ਹਾਂ।"

ਏਥੇ ਉਸਦੇ ਸੁਪਨੇ ਨੇ ਟੁੱਟ ਕੇ ਉਸ ਦਾ ਛੁਟਕਾਰਾ ਕਰ ਦਿੱਤਾ ਸੀ। ਪਰ ਅਸਲ ਵਿਚ ਉਸ ਮਕਾਰ ਫਰੰਗੀ ਦੀ ਵਾਹੀ ਲੀਕ ਦੇ ਦੁਪਾਸੜ ਕਿਸੇ ਬਾਬੇ ਨੇ ਕਿਸੇ ਪੋਤੀ ਦੀ ਇਹੋ ਜਿਹੀ ਬੇਨਤੀ ਨਹੀਂ ਸੀ ਸੁਣੀ। ਇਕ ਪਾਸੇ ਮੁਸਲਮਾਨ ਸਨ ਤੇ ਦੂਜੇ ਪਾਸੇ ਹਿੰਦੂ ਸਿੱਖ। ਸਾਰੇ ਰੱਬ-ਰਹੀਮ ਤੇ ਦਿਆਲੂ-ਪਰਮਾਤਮਾ ਤੇ ਵਾਹਿਗੁਰੂ ਦੇ ਪਿਆਰੇ!

ਨਸੀਮ, ਹੁਣ ਨਾਂ ਦੀ ਨਸੀਮ ਸੀ। ਉਹ ਸੜ ਰਹੀ ਸੀ, ਉਸ ਦਾ ਗਲਾ ਸੁੱਕ ਗਿਆ ਸੀ। ਉਸ ਦਾ ਜੀਅ ਕਰਦਾ ਸੀ, ਉਹ ਕੁੱਤੇ ਵਾਂਗ ਜੀਭ ਲਮਕਾ ਲਵੇ । ਉਹ ਉਸ ਮੂਸਲ ਦੇ ਅੰਦਰਲੇ ਦੋਜ਼ਖ਼ ਵਿੱਚੋਂ ਬਾਹਰ ਨਿਕਲਣਾ ਚਾਹੁੰਦੀ ਸੀ। ਪਰ ਬਾਹਰ ਵੀ ਤਾਂ ਦੋਜ਼ਖ਼ ਦੀ ਭਾਅ, ਦੂਣੀ ਭੜਕ ਰਹੀ ਸੀ। ਜੀਵਨ ਆਸ ਦੇ ਸਹਾਰੇ ਬੜਾ ਪਿਆਰਾ ਹੁੰਦਾ ਹੈ। ਬਾਹਰ ਨਾ ਨਿਕਲਣਾ ਚਾਹੁੰਦਿਆਂ ਵੀ ਉਸ ਨੂੰ ਬਾਹਰ ਨਿਕਲਣਾ ਈ ਪਿਆ। ਉਸ ਨੂੰ ਇਉਂ ਮਹਿਸੂਸ ਹੋਇਆ ਕਿ ਘੁੱਪ ਹਨ੍ਹੇਰੀ ਨਰਕ ਦੀ ਖੁੰਦਰ ਵਿਚ ਫੁੰਕਾਰੇ ਵੱਜ ਰਹੇ ਹਨ। ਰਾਤੀਂ ਉਸ ਨੂੰ ਖੇਤਾਂ ਵਿਚ ਸੁੱਤਿਆਂ ਕਿਸੇ ਫਨੀਅਰ ਦਾ ਡਰ ਨਹੀਂ ਸੀ ਆਇਆ, ਪਰ ਹੁਣ ਉਹ ਇਤਨੀ ਭੈਅ-ਭੀਤ ਹੋ ਗਈ ਕਿ ਉਸ ਮਘੋਰੇ ਵਿੱਚੋਂ ਨਿਕਲਣਾ ਈ ਉਸ ਲਈ ਅਸਭੰਵ ਹੋ ਗਿਆ ਸੀ। ਦਿਨ ਭਰ ਦੀ ਗਰਮੀ ਤੇ ਹੁੱਸੜ ਨੇ ਉਸ ਦਾ ਲਹੂ ਨਿਚੋੜ ਲਿਆ ਸੀ ਪਰ ਜੋ ਰਹਿੰਦਾ-ਖੂੰਹਦਾ ਸੀ ਵੀ, ਉਹ ਉਸ ਨੂੰ ਨਾੜਾਂ ਵਿਚ ਜੰਮ ਗਿਆ ਜਾਪਿਆ। ਉਹ ਬੇਹਿੱਸ ਉੱਥੇ ਹੀ ਪਈ ਰਹੀ। ਆਖ਼ਰ ਉਸ ਨੂੰ ਕੁਝ ਚਿਰ ਮਗਰੋਂ ਫੁੰਕਾਰਿਆਂ ਦੀ ਅਵਾਜ਼ ਆਉਣੀ ਬੰਦ ਹੋਈ। ਉਸ ਵਿਚ ਵੀ ਜਾਨ ਨਵੇਂ ਸਿਰਿਓਂ ਸਰਕੀ। ਉਹ ਹੌਲੀ ਰੀਂਗ ਕੇ ਮਘੋਰੇ ਦੇ ਪੈਰੋ-ਪੈਰ ਘੱਟਦੇ ਚਾਨਣ ਵੱਲ ਵਧਣ ਲੱਗੀ। ਉਸ ਆਪਣਾ ਸਿਰ ਬਾਹਰ ਕੱਢਿਆ ਤੇ ਫੇਰ ਆਪਣਾ ਧੜ ਤੇ ਫੇਰ ਝੱਟ ਹੀ ਉਸ ਆਪਣੀਆਂ ਲੱਤਾਂ ਇਕੱਠੀਆਂ ਕਰ ਕੇ ਡੱਡੂ ਵਾਂਗ ਟਪੋਸੀ ਲਾਈ ਤੇ ਦੂਰ ਜਾ ਪਈ।

ਹੋਸ਼ ਸੰਭਾਲ ਕੇ ਉਸ ਚਾਰੇ ਪਾਸੇ ਵੇਖਿਆ ਤ੍ਰਿਕਾਲਾਂ ਪੈਣ ਵਾਲੀਆਂ ਸਨ। ਲਾਗੇ ਕੋਈ ਨਹੀਂ ਸੀ। ਖ਼ਬਰੇ ਕਿਸੇ ਹੋਰ ਮੋਰਚੇ 'ਤੇ ਇਕੱਠ ਜੁੜਿਆ ਹੋਵੇ । ਖੂਹ ਦੀਆਂ ਟਿੰਡਾਂ ਚੋ-ਚੋ ਕੇ ਸਭ ਖਾਲੀ ਪਈਆਂ ਸਨ ਤੇ ਨਸੀਮ ਅੰਦਰ ਲੱਗੀ ਤ੍ਰੇਹ ਦੀ ਅੱਗ ਨੂੰ ਬੁਝਾਉਣ ਲਈ ਪਾਣੀ ਲੱਭ ਰਹੀ ਸੀ। ਖੂਹ ਭਾਰਾ ਸੀ, ਉਸ ਕੋਲੋਂ ਗਿੜ ਨਹੀਂ ਸੀ ਸਕਦਾ। ਤੇ ਜੇ ਗਿੜ ਵੀ ਸਕਦਾ ਹੁੰਦਾ ਤਾਂ ਉਹ ਖੜਾਕ ਨਾਲ, ਕਿਸੇ ਲੁਟੇਰੇ ਨੂੰ ਉੱਥੇ ਖਿੱਚ ਲਿਆਉਣ ਦੇ ਡਰ ਤੋਂ ਨਾ ਗੇੜਦੀ। ਕੱਚੇ ਔਲੂ ਵਿਚ ਕੁਝ ਪਾਣੀ ਜਮਾਂ ਸੀ। ਉਸ ਨੇ ਬੁੱਕ ਭਰ-ਭਰ ਕੇ ਪਾਣੀ ਪੀਤਾ ਤੇ ਉਸਨੂੰ 'ਆਬੇ-ਹਯਾਤ' .....ਜ਼ਿੰਦਗੀ ਨਵੇਂ ਸਿਰਿਓਂ ਦੇਣ ਵਾਲਾ ਪਾਣੀ ਸਮਝਿਆ। ਉਸਨੂੰ ਕੀ ਪਤਾ ਸੀ ਕਿ ਦਿਨੇ ਉਸ ਔਲੂ ਵਿੱਚੋਂ ਕੁੱਤੇ ਪਾਣੀ ਲੱਕਦੇ ਰਹੇ ਸਨ। ਉਹ ਜਾਣਦੀ ਵੀ ਹੁੰਦੀ ਤਾਂ ਇਸ ਤੋਂ ਸਿਵਾ ਹੋਰ ਕੀ ਕਰਦੀ?

ਅਚਾਨਕ ਉਸ ਨੂੰ ਲਾਗਲੀ ਪੈਲੀ ਦੇ ਟੱਕ ਵਿੱਚੋਂ ਅਵਾਜ਼ ਆਈ, "ਕਿਹੜੀ ਐਂ ਤੂੰ ? ਜ਼ਰਾ ਐਧਰ ਆਈਂ, ਪੱਠਿਆਂ ਨੂੰ ਹੱਥ ਪੁਆਈਂ।"

ਨਸੀਮ ਨੇ ਅੱਧ ਕੁ ਮਿੰਟ ਸੋਚਿਆ।

ਉਧਰੋਂ ਫੇਰ ਅਵਾਜ਼ ਆਈ, "ਆਉਂਦੀ ਨਹੀਂ ਕੌਣ ਐਂ ਤੂੰ?

ਨਸੀਮ ਅੰਨ੍ਹੇਵਾਹ ਜਿਧਰੋਂ ਰਾਤੀਂ ਆਈ ਸੀ, ਉਸੇ ਪਾਸੇ ਉੱਠ ਦੌੜੀ। ਪੱਠਿਆਂ ਵਾਲਾ ਦਾਤਰੀ ਭਰੀ 'ਚੋਂ ਖਿੱਚ ਕੇ ਪੱਠਿਆਂ ਦੇ ਉੱਤੋਂ ਦੀ ਭੱਜਾ। ਨਸੀਮ ਘਬਰਾਈ ਹੋਈ ਉਸਦੀ ਚਾਲ ਨਾ ਸਮਝ ਸਕੀ। ਉਸ ਨੇ ਕੇਵਲ ਪਿਛਾਂਹ ਹੀ ਮੁੜ ਕੇ ਡਿੱਠਾ ਪਰ ਪਿੱਛੇ ਕੋਈ ਨਹੀਂ ਸੀ। ਉਹ ਲਾਗਲੇ ਚਰ੍ਹ ਵਿਚ ਵੜਨ ਹੀ ਲੱਗੀ ਸੀ ਕਿ ਜੱਟ ਨੇ ਉਸਨੂੰ ਉਤੋਂ ਆ ਘੇਰਿਆ।

'ਕੌਣ ਹੈਂ ਤੂੰ?" ਉਸ ਪੁੱਛਿਆ ਤੇ ਜਵਾਬ ਨਾ ਮਿਲਣ ਤੇ ਆਪੇ ਹੀ ਉਸ ਦੀ ਸ਼ਕਲ, ਪਹਿਰਾਵੇ ਤੇ ਲੇਥੂ-ਪੇਥੂ ਹੋਏ ਕੱਪੜਿਆਂ ਤੋਂ ਅੰਦਾਜ਼ਾ ਲਾ ਕੇ ਜਵਾਬ ਦਿੱਤਾ, "ਮੁਸਲਮਾਨੀ!" ਨਸੀਮ ਨੇ ਹਾਂ ਜਾਂ ਨਾਂਹ ਵਿਚ ਕੋਈ ਉੱਤਰ ਨਾ ਦਿੱਤਾ। ਸਿੱਖ ਨੇ ਉਸ ਨੂੰ ਬਾਂਹੋਂ ਫੜ ਕੇ ਖਿੱਚਿਆ। ਪਰ ਉਹ ਨਾ ਉੱਠੀ। ਉਸ ਦੂਸਰੀ ਵਾਰ ਸਾਰਾ ਜ਼ੋਰ ਲਾ ਕੇ ਉਸ ਨੂੰ ਖਿੱਚਿਆ। ਉਹ ਚੀਕ ਮਾਰ ਕੇ ਉੱਠੀ ਅਤੇ ਉਸਦਾ ਮੁਕਾਬਲਾ ਕਰਨ ਦਾ ਯਤਨ ਕੀਤਾ, ਪਰ ਦੂਸਰੇ ਪਲ ਜੱਟ ਦੀ ਲਿਸ਼ਕਦੀ ਤਣੀ ਦਾਤਰੀ ਨੇ ਉਹਨੂੰ ਫੇਰ ਬਿਠਾ ਦਿੱਤਾ।

"ਸਿੱਧੀ ਹੋ ਕੇ ਆਪੇ ਤੁਰ ਪਓ, ਮੈਂ ਆਖਿਆ, ਨਹੀਂ ਤੇ ........" ਉਸ ਦਾਤਰੀ ਸਿੱਧੀ ਉਸ ਦੀ ਛਾਤੀ ਵੱਲ ਕਰ ਦਿੱਤੀ। ਨਸੀਮ ਡਰੀ ਨਹੀਂ ਉਸ ਨੇ ਉੱਠ ਕੇ ਆਪਣੀ ਪਰੋਲੇ ਵਰਗੀ ਚੁੰਨੀ ਸੰਭਾਲੀ ਫੇਰ ਦਾਅ ਬਚਾ ਕੇ ਜੱਟ ਦੇ ਗਲ਼ ਪੈ ਗਈ। ਜੱਟ ਨੇ ਦਾਤਰੀ ਪਰ੍ਹੇ ਸੁੱਟ ਕੇ ਉਸ ਨੂੰ ਦੋਹਾਂ ਹੱਥਾਂ ਨਾਲ ਕਾਬੂ ਕਰਨ ਦਾ ਯਤਨ ਕੀਤਾ, ਪਰ ਨਸੀਮ ਕਾਫੀ ਕਰੜੀ ਨਿਕਲੀ। ਜੱਟ ਨੂੰ ਪੰਜ-ਸੱਤ ਮਿੰਟ ਚੰਗਾ ਜ਼ੋਰ ਲਾਉਣਾ ਪਿਆ ਤਾਂ ਕਿਤੇ ਉਹ ਉਸ ਦੀ ਸੱਜੀ ਬਾਂਹ ਮਰੋੜਨ ਵਿਚ ਸਫ਼ਲ ਹੋਇਆ। ਪਰ ਇਸ ਤੋਂ ਪਹਿਲਾਂ ਨਸੀਮ ਉਸ ਦੇ ਮੂੰਹ 'ਤੇ ਆਪਣੇ ਨਹੁੰਆਂ ਨਾਲ ਕਈ ਲਾਲ ਲਕੀਰਾਂ ਵਾਹ ਚੁੱਕੀ ਸੀ ਤੇ ਹਾਲਾਂ ਤਕ ਉਸਦੀ ਦਾੜ੍ਹੀ ਦੇ ਕਾਲੇ ਮੋਟੇ ਵਾਲ ਉਸ ਦੀਆਂ ਉਂਗਲਾਂ ਵਿਚ ਫਸੇ ਹੋਏ ਸਨ।

"ਤਾਂ! ਇਹ ਲੂੰਬੜ ਦੀ ਬੱਚੀ ਛੇਤੀ ਕਾਬੂ ਆਉਣ ਵਾਲੀ ਨਹੀਂ?" ਜੱਟ ਨੇ ਆਪਣੇ ਆਪ ਨੂੰ ਉੱਚੀ ਸਾਰੀ ਕਿਹਾ, ਅਤੇ ਸਾਰੇ ਜ਼ੋਰ ਦਾ ਇਕ ਗੋਡਾ ਨਸੀਮ ਦੇ ਲੱਕ ਵਿਚ ਮਾਰਿਆ।

ਨਸੀਮ ਮੂਧੜੇ ਮੂੰਹ ਪਈ, ਪਰ ਉਸ 'ਹਾਏ...... ਊਈ' ਕੋਈ ਨਾ ਕੀਤੀ। ਉਸਨੂੰ ਨਿਸੱਲ ਹੋ ਕੇ ਪਈ ਨੂੰ ਜੱਟ ਨੇ ਆਪਣੀ ਲੱਥ ਕੇ ਭੁੰਜੇ ਪਈ ਪੱਗ ਨਾਲ, ਹੱਥ ਪਿੱਛੇ ਕਰਕੇ ਨੂੜ ਦਿੱਤਾ, ਤੇ ਫੇਰ ਆਪਣੀ ਦਾਤਰੀ ਚੁੱਕ ਕੇ ਉਸ ਨੂੰ ਉੱਠਣ ਲਈ ਹੁਕਮ ਦਿੱਤਾ। ਉਸ ਭੁੰਜੇ ਪਈ ਨੇ ਕਿਹਾ,"ਜ਼ਾਲਮ ਮੈਨੂੰ ਮਾਰ ਸੁੱਟ। ਮੈਂ ਤੇਰਾ ਏਹ ਵੀ ਅਹਿਸਾਨ ਮੰਨਾਂਗੀ। ਤੇਰਾ ਏਹ ਵੀ ਰੱਬ ਦੀ ਦਰਗਾਹੇ ਰਹਿਮ ਮੰਨਿਆਂ ਜਾਏਗਾ।"

"ਤੈਨੂੰ ਮੈਂ ਕੁਝ ਨਹੀਂ ਆਖਦਾ। ਆਪੇ ਚੁੱਪ ਕਰ ਕੇ ਟੁਰ ਪੈ, ਨਹੀਂ ਤੇ ਇਹੋ ਜਿਹੀ ਮਾਰ ਮਾਰੂੰ ਕਿ ਸਾਰੀ ਉਮਰ ਯਾਦ ਰੱਖੇਂਗੀ।"

ਸ਼ਾਇਦ ਉਹ ਇਸ ਲੁੱਟ ਦੇ ਮਾਲ ਤੇ ਅਰਸ਼ੋਂ ਉੱਤਰੀ ਪਰੀ ਤੇ ਇੱਕਲਾ ਹੀ ਮੱਲ ਮਾਰੀ ਰੱਖਣਾ ਚਾਹੁੰਦਾ ਸੀ। ਨਸੀਮ ਮੂਧੜੇ ਮੂੰਹ ਪਈ ਨਾ ਉੱਠੀ। ਉਸ ਆਦਮੀ ਨੇ ਉਸ ਨੂੰ ਗੁੱਤੋਂ ਫੜ ਕੇ ਖੜ੍ਹੀ ਕਰ ਦਿੱਤਾ। ਨਸੀਮ ਦੇ ਨੱਕ ਵਿੱਚੋਂ ਲਹੂ ਵਗ ਰਿਹਾ ਸੀ।

"ਤੁਰ ਪੈਂ ਸਿੱਧੀ ਹੋ ਕੇ" ਉਸ ਨੇ ਕੁਰੱਖਤ ਹੌਲੀ ਆਵਾਜ਼ ਵਿਚ ਕਿਹਾ, "ਜਿਵੇਂ ਉਹ ਕਿਸੇ ਹੋਰ ਕੋਲੋਂ ਡਰ ਰਿਹਾ ਹੁੰਦਾ ਹੈ।

ਸੂਰਜ ਡੁੱਬ ਗਿਆ ਸੀ। ਨਸੀਮ ਦਾ ਮਨੁੱਖਤਾ ਤੋਂ ਵਿਸ਼ਵਾਸ ਉੱਠ ਚੁੱਕਾ ਸੀ। ਉਹ ਚੀਕ ਚਿਹਾੜਾ ਨਹੀਂ ਸੀ ਪਾਉਣਾ ਚਾਹੁੰਦੀ, ਪਰ ਫਿਰ ਵੀ ਉਸ ਉੱਚੀ ਹਾਲ ਦੁਹਾਈ ਪਾਈ, "ਮੈਨੂੰ ਬਚਾਉ..........! ਇਸ ਸ਼ੈਤਾਨ ਕੋਲੋਂ। ਬਹੁੜਿਓ! ਕੋਈ, ਰੱਬ ਦੇ ਨੇਕ ਬੰਦਿਓ!!"

ਇਹ ਤਿੱਖੀ ਚੀਰਵੀਂ ਆਵਾਜ਼ ਆਖ਼ਰ ਕਿਸੇ ਦੇ ਕੰਨ ਤੱਕ ਪਹੁੰਚ ਹੀ ਗਈ।

ਉਸ ਰਾਖਸ਼ ਨੇ ਕਿਹਾ, "ਖ਼ਬਰਦਾਰ! ਜੇ ਦੂਜੀ ਆਵਾਜ਼ ਕੱਢੀ ਤੇ ! ਏਹੋ ਦਾਤਰੀ ਤੇਰੀਆਂ ਆਂਦਰਾਂ ਧੂਹ ਲਿਆਊ।"

ਉਸਨੂੰ ਏਹ ਨਹੀਂ ਸੀ ਪਤਾ ਕਿ ਨਸੀਮ ਮਰਨੋਂ ਉੱਕਾ ਨਹੀਂ ਸੀ ਡਰਦੀ। ਜੇ ਉਹ ਜੀਉਣਾ ਚਾਹੁੰਦੀ ਸੀ ਤਾਂ ਕੇਵਲ ਆਪਣੇ ਪਤੀ ਮਿਲਣ ਦੀ ਆਸ 'ਤੇ। ਉਹ ਖੜੋਤੀ ਰਹੀ। ਇਕ ਗੋਡਾ ਉਸਦੇ ਲੱਕ ਵਿਚ ਵੱਜਾ, ਉਹ ਮਸਾਂ ਡਿੱਗਦੀ-ਡਿੱਗਦੀ ਬਚੀ, ਪਰ ਫੇਰ ਕਰੜੀ ਹੋ ਕੇ ਖੜੋ ਗਈ। ਜੱਟ ਦੀ ਦਾਤਰੀ ਦਾ ਦਸਤਾ ਮੌਰਾਂ ਵਿਚ ਵੱਜ ਕੇ ਖੁੱਭ ਗਿਆ, ਪਰ ਉਹ ਨਾ ਹਿੱਲੀ। ਸ਼ੈਤਾਨ ਦੇ ਦਿਲ ਵਿਚ ਖ਼ਬਰੇ ਕੀ ਆਇਆ। ਉਸ ਕੁੜੀ ਦੀ ਸੱਜੀ ਵੱਖੀ 'ਚ ਖੱਬਾ ਹੱਥ ਦੇ ਕੇ, ਦੂਜੀ ਬਾਂਹ ਗੋਡਿਆਂ ਦੇ ਹੇਠਾਂ ਦੇ ਕੇ ਉਸ ਰੋਂਦੀ-ਕੁਰਲਾਉਂਦੀ ਨੂੰ ਚੱਕ ਲਿਆ।

ਅਚਾਨਕ ਇਕ ਕਰੜੀ ਅਵਾਜ਼ ਆਈ, "ਖ਼ਬਰਦਾਰ! ਜੇ ਇੱਕ ਪੈਰ ਵੀ ਪੁੱਟਿਆ।" ਪੈਲੀ ਦੀ ਨੁੱਕਰ 'ਤੇ ਕੋਈ ਠਾਠਾ ਬੰਨ੍ਹੀ ਖੜਾ ਸੀ। ਪਰ ਉਸ ਦੇ ਹੱਥ ਵਿਚ ਕੁਝ ਨਹੀਂ ਸੀ।

"ਕੌਣ ਏ ਤੂੰ ਓਏ, ਮੈਨੂੰ ਰੋਕਣ ਵਾਲਾ।"

"ਮੈਂ ਕੋਈ ਵੀ ਹੋਵਾਂ । ਤੂੰ ਏਹਨੂੰ ਛੇਤੀ ਛੱਡ ਦੇ"

"ਭਈ ਤੂੰ ਏਹਨੂੰ ਲੈ ਜਾਵੇਂ?" ਪਹਿਲੇ ਨੇ ਵਾਕ ਪੂਰਾ ਕਰਦਿਆਂ ਕਿਹਾ। ਨਾਲ ਹੀ ਸ਼ਾਇਦ ਹਿਮਾਇਤ ਹਾਸਲ ਕਰਨ ਲਈ ਜਾਂ ਖ਼ਬਰੇ ਬੇਸ਼ਰਮੀ ਦਾ ਨਿਉਂਦਾ ਦੇ ਕੇ ਨਰਮ ਕਰਨ ਲਈ ਉਸ ਕਿਹਾ,"ਏਹ ਤੇ ਮੁਸਲਮਾਨੀ ਆ।"

ਦੂਜਾ ਬੰਦਾ ਦੌੜ ਕੇ ਅੱਗੇ ਹੋ ਗਿਆ। ਪਹਿਲੇ ਕੁੜੀ ਨੂੰ ਉੱਥੇ ਹੀ ਸੁੱਟ ਕੇ ਦਾਤਰੀ ਸੂਤ ਲਈ।

"ਦੇਖ ਓਏ ਆਤਮਿਆਂ, ਜੇ ਇਕ ਪੈਰ ਵੀ ਹੋਰ ਅਗਾਂਹ ਪੁੱਟਿਆ ਤਾਂ ਗੋਲੀ ਵਿਚ ਦੀ ਲੰਘਾ ਦਊਂ।"

ਪਹਿਲਾ ਆਦਮੀ ਉੱਥੇ ਹੀ ਸਹਿਮ ਕੇ ਖੜ ਗਿਆ। ਨਵੇਂ ਆਦਮੀ ਨੇ ਕੁੜਤੇ ਥੱਲਿਉਂ ਪਸਤੌਲ ਕੱਢ ਕੇ ਤਾਣਿਆ ਹੋਇਆ ਸੀ।

"ਕੋਈ ਗੱਲ ਨਹੀਂ, ਮੇਹਰ ਸਿਆਂ, ਰਹਿਣਾ ਤੇ ਇਸੇ ਬਾਹਰੇ 'ਚ ਈ ਆ ਨਾ ਤੂੰ। ਤੇਰੀ ਖੈਰ ਨਹੀਂ। ਗੁਰੂ ਮਾਰਿਆ, ਤੂੰ ਸੁਲ੍ਹਿਆਂ ਨੂੰ ਬਚਾਉਂਨਾ ਏਂ। ਕੋਈ ਰੱਬ ਦਾ ਖੌਫ਼ ਕਰ। ਪਰ ਰੱਬ ਨੂੰ ਤਾਂ ਤੁਸੀਂ ਲੋਕ ਮੰਨਦੇ ਈ ਨਹੀ", ਪੂੰਛ ਦਬਾ ਕੇ ਭੱਜੇ ਜਾਂਦੇ ਕੁੱਤੇ ਵਾਂਗ ਪਹਿਲਾ ਜਿਵੇਂ ਦੰਦ ਵਿਖਾ ਕੇ ਭੌਂਕਿਆ।

ਨਸੀਮ ਸਮਝ ਗਈ ਇਹ ਕੋਈ ਮੁਨਕਰ ਹੈ, ਪਰ ਪਹਿਲੇ ਆਦਮੀ ਦੇ ਲਫ਼ਜ਼ਾ ਨੇ ਹੀ ਉਸ ਦਾ ਨਵੇਂ ਆਦਮੀ 'ਤੇ ਭਰੋਸਾ ਬੰਨ੍ਹਾ ਦਿੱਤਾ ਸੀ। ਉਹ ਉਸ ਵੱਲ ਵਧੀ। ਨਵੇਂ ਆਦਮੀ ਨੇ ਉਸ ਦੀਆਂ ਬਾਹਵਾਂ ਖੋਲ੍ਹ ਦਿੱਤੀਆਂ। ਉਹ ਦੋਵੇਂ ਪਹਿਲੇ ਆਦਮੀ ਤੋਂ ਉਲਟ ਪਾਸੇ ਤੁਰ ਪਏ। ਨਵੇਂ ਆਦਮੀ ਨੇ ਮੂੰਹ ਮੋੜਕੇ ਉੱਚੀ ਦੇ ਕੇ ਕਿਹਾ, "ਓਏ ਵੱਟ ਤੋਂ ਆਪਣੀ ਪੱਗ ਲੈ ਜਾ, ਐਵੇਂ ਭੱਜਾ ਜਾਨੈਂ।"

ਕੁਝ ਦੂਰ ਜਾਣ ਤੋਂ ਮਗਰੋਂ ਮਿਹਰ ਸਿੰਘ ਨੇ ਨਸੀਮ ਨੂੰ ਕਿਹਾ, "ਬੀਬੀ, ਸਾਨੂੰ ਖੇਤਾਂ ਦੇ ਓਹਲੇ-ਓਹਲੇ ਉਸੇ ਪਾਸੇ ਜਾਣਾ ਪਵੇਗਾ, ਜਿਸ ਪਾਸਿਓਂ ਆਏ ਹਾਂ। ਉਂਜ ਮੁਸਲਿਮ ਕੈਂਪ ਏਥੋਂ ਕੁੱਲ ਪੰਜ ਮੀਲ ਏ, ਪਰ ਹੁਣ ਲੁਟੇਰੇ ਘੋੜੀਆਂ 'ਤੇ ਸਾਡਾ ਪਿੱਛਾ ਕਰਨਗੇ। ਇਸ ਵੇਲੇ ਘਰ-ਘਰ ਰਫ਼ਲਾਂ ਨੇ, ਅਸੀਂ ਦੋਵੇਂ ਜੀਊਂਦੇ ਨਹੀਂ ਬਚ ਸਕਦੇ। ਏਥੋਂ ਦਾਅ ਨਾਲ ਹੀ ਨਿਕਲਣਾ ਪਵੇਗਾ। ਰਾਤੀਂ ਸਾਡੇ ਪੈਰਾਂ ਦੇ ਨਿਸ਼ਾਨ ਉਹਨਾਂ ਨੂੰ ਪੂਰੇ ਨਹੀਂ ਦਿੱਸਣੇ। ਕਿਤੇ ਡਰਦੀ ਤੇ ਨਹੀਂ ਕੁੜੀਏ ਤੂੰ?"

'ਬੀਬੀ' ਤੇ 'ਕੁੜੀਏ' ਸ਼ਬਦਾਂ ਨੇ ਨਸੀਮ ਦੇ ਤਪਦੇ ਦਿਲ ਵਿਚ ਠੰਢ ਵਰਤਾ ਦਿੱਤੀ। ਉਸ ਦਾ ਸਰੀਰ ਹੌਲਾ ਫੁੱਲ ਹੋ ਗਿਆ ਤੇ ਥਕਾਵਟ ਦਾ ਨਾਂ ਨਿਸ਼ਾਨ ਨਹੀਂ ਰਿਹਾ। ਉਸ ਮਹਿਸੂਸ ਕੀਤਾ ਕਿ ਮੁੜ ਬੱਚੀ ਬਣ ਗਈ ਹੈ। ਤੇ ਬਚਪਨ ਦੇ ਲਾਡ ਨਾਲ ਆਪਣੇ ਵੱਡੇ ਭਰਾ ਨੂੰ ਕਹਿ ਰਹੀ ਹੈ, "ਨਹੀਂ ਭਰਾ ਜੀ, ਤੁਹਾਡੇ ਹੁੰਦਿਆਂ ਮੈਨੂੰ ਕਾਹਦਾ ਡਰ ਹੈ।"

ਉਹ ਉਲਟੇ ਪਾਸੇ ਤੁਰ ਪਏ। ਉਸ ਪਿੰਡ ਦੇ ਉੱਤਰ ਵੱਲੋਂ ਵਲਾ ਕੇ ਉਹ ਖੇਤਾਂ ਵਿੱਚੋਂ ਬਚਦੇ- ਬਚਾਂਦੇ ਚੋਖੀ ਰਾਤ ਪਈ ਇਕ ਹੋਰ ਪਿੰਡ ਪਹੁੰਚੇ। ਬਾਹਰ ਵਾਰ ਇਕ ਕੱਚੇ ਕੋਠੇ ਦੇ ਬੂਹੇ ਨੂੰ ਠਕੋਰਿਆ। ਬੂਹਾ ਖੁੱਲ੍ਹਣ ਤੋਂ ਪਹਿਲਾਂ ਉਸ ਨੂੰ ਇਸ ਤਰ੍ਹਾਂ ਪੰਜ-ਚਾਰ ਵਾਰ ਠਕੋਰਨਾ ਪਿਆ। ਅੰਦਰੋਂ ਇਕ ਬਜ਼ੁਰਗ ਹਿੰਦੂ ਨਿਕਲਿਆ। ਹਨ੍ਹੇਰੇ ਵਿਚ ਹੀ ਨਸੀਮ ਵੱਲ ਵੇਖ ਕੇ ਕਹਿਣ ਲੱਗਾ, "ਕੋਈ ਮੁਸਲਮਾਨ ਬੀਬੀ ਏ?"

ਮਿਹਰ ਸਿੰਘ ਦੇ "ਹਾਂ" ਕਹਿਣ ਤੇ ਬਜ਼ੁਰਗ ਨੇ ਨਸੀਮ ਨੂੰ ਕਿਹਾ, "ਧੀਏ, ਸਾਹਮਣੀ ਕੋਠੀ ਵਿਚ ਮੰਜਾ ਡੱਠਾ ਹੋਇਆ ਹੈ। ਚੈਨ ਨਾਲ ਅਰਾਮ ਕਰ, ਮੈਂ ਦੁੱਧ ਭੇਜਦਾਂ ਤੇਰੇ ਲਈ। "

ਤਸੱਲੀ ਨਾਲ ਦੁੱਧ ਪੀ ਕੇ ਨਸੀਮ ਬੜੀ ਤਸੱਲੀ ਨਾਲ ਸੁੱਤੀ। ਤੜਕੇ ਜਦੋਂ ਉਸ ਨੂੰ ਉਠਾਇਆ ਗਿਆ ਤਾਂ ਉਸ ਦਾ ਉੱਠਣ ਨੂੰ ਜੀਅ ਨਹੀਂ ਸੀ ਕਰਦਾ। ਸ਼ਾਇਦ ਕੋਈ ਬਹਿਸ਼ਤਾਂ ਦੇ ਸੁਪਨੇ ਲੈ ਰਹੀ ਸੀ। ਉਸ ਨੂੰ ਇਕ ਖੱਦਰ ਦੀ ਚਾਦਰ ਉੱਤੇ ਲੈਣ ਨੂੰ ਦਿੱਤੀ ਗਈ, ਇੱਕ ਸਾਦਾ ਸੂਟ ਤੇ ਉਸ ਦੀ ਬਾਂਹ ਵਿਚ ਇਕ ਲੋਹੇ ਦਾ ਕੜਾ ਪੁਆਇਆ ਗਿਆ। ਮੂਨ੍ਹੇਰੇ ਹੀ ਮਿਹਰ ਸਿੰਘ ਤੇ ਨਸੀਮ ਬਾਹਰ ਨਿਕਲੇ । ਪੈਲੀਆਂ ਵਿੱਚੋਂ ਵੱਲਦੇ-ਵਲਾਂਦੇ ਉਹ ਪੱਕੀ ਸੜਕ 'ਤੇ ਪੁੱਜੇ। ਕੁਝ ਚਿਰ ਉਹ ਇਸ ਤਰ੍ਹਾਂ ਖਲੋਤੇ ਰਹੇ, ਜਿਵੇਂ ਕਿਸੇ ਲਾਰੀ ਦੀ ਉਡੀਕ ਵਿਚ ਹੋਣ। ਆਖ਼ਰ ਉਸ ਚਾਦਰ ਵਿਚ ਕੱਜੀ ਨਸੀਮ ਨੂੰ ਸੜਕ ਕੰਢੇ ਬਹਿ ਜਾਣ ਲਈ ਕਿਹਾ। ਮਿਹਰ ਸਿੰਘ ਨੇ ਵੀ ਕੱਪੜੇ ਬਦਲੇ ਹੋਏ ਸਨ। ਉਹ ਹੱਲ-ਵਾਹਕ ਜੱਟ ਮਾਲੂਮ ਹੁੰਦਾ ਸੀ, ਜੋ ਹੁਣੇ-ਹੁਣੇ ਜੋਤਰਾ ਲਾ ਕੇ ਆਇਆ ਹੋਵੇ।

ਅਖ਼ੀਰ ਮਿਲਟਰੀ ਦਾ ਇੱਕ ਟਰੱਕ ਆਉਂਦਾ ਦਿੱਸਿਆ। ਮਿਹਰ ਸਿੰਘ ਨੇ ਬੈਟਰੀ ਦੇ ਲਿਸ਼ਕਾਰੇ ਨਾਲ ਉਸ ਨੂੰ ਖੜਾ ਕਰ ਲਿਆ। ਉਸ ਵਿਚ ਕੁਝ ਪੇਂਡੂ ਮੁਸਲਮਾਨ ਤੇ ਪਾਕਿਸਤਾਨੀ ਸਿਪਾਹੀ ਸਨ।

"ਭੈਣ!" ਉਸ ਨਸੀਮ ਨੂੰ ਕਿਹਾ, "ਆ ਜਾ। ਏਹ ਤੈਨੂੰ ਤੇਰੇ ਟਿਕਾਣੇ ਪਹੁੰਚਾ ਦੇਣਗੇ ।"

ਮਿਲਟਰੀ ਦੇ ਆਦਮੀਆਂ ਵੱਲ ਵੇਖਦੇ ਉਸ ਕਿਹਾ,"ਇਹ ਕੈਪਟਨ ਵਾਰਿਸ ਮੁਹੰਮਦ ਦੇ ਘਰੋਂ ਹਨ।"

ਨਸੀਮ ਟਰੱਕ ਤੇ ਚੜ੍ਹਾ ਲਈ ਗਈ। ਟਰੱਕ ਵਿੱਚੋਂ ਇਕ ਆਦਮੀ ਨੇ ਉੱਚੀ ਦਿੱਤੀ ਕਿਹਾ, "ਤੂੰ! ਮਿਹਰ ਸਿਆਂ! ਜ਼ਰੂਰ ਜਾਨ ਗੁਆ ਬੈਠੇਂਗਾ-ਆਪਣੇ ਭਰਾਵਾਂ ਹੱਥੋਂ ਈ।"

"ਚੰਗਾ ਜ਼ਹੂਰ, ਜੇ ਨੇਕ ਕੰਮ ਕਰਦਿਆਂ ਮੌਤ ਆਉਂਦੀ ਹੈ ਤਾਂ ਲੱਖ ਵਾਰ ਆਵੇ।"

ਜ਼ਹੂਰ ਦੀਨ ਇਸ ਇਲਾਕੇ ਵਿਚ ਮੁਸਲਮਾਨਾਂ ਵਿਚੋਂ ਵੱਡਾ ਕਾਫ਼ਰ ਤੇ ਮੁਨਕਰ ਮੰਨਿਆ ਜਾਂਦਾ ਸੀ। ਨਸੀਮ ਦੇ ਕੰਨਾਂ ਵਿਚ ਵੀ ਇਸ ਨਾਂ ਦੀ ਮਸ਼ਹੂਰੀ ਪਹੁੰਚੀ ਹੋਈ ਸੀ।

ਟਰੱਕ ਰਵਾਨਾ ਹੋ ਗਿਆ।

"ਭਰਾ ਜੀ, ਫੇਰ ਮਿਲਾਂਗੇ ਕਦੀ!" ਨਸੀਮ ਨੇ ਉਸ ਨੂੰ ਵਿਲਾਇਤੀ ਢੰਗ ਨਾਲ ਹੱਥ ਨੂੰ ਹਿਲਾਉਂਦਿਆਂ, ਉੱਚੀ ਪੁਕਾਰ ਕੇ ਕਿਹਾ।

ਅਤੇ ਸਾਰਾ ਰਾਹ, ਉਹ ਸੋਚਦੀ ਗਈ ਕਿ 'ਇਹ ਕਿਸ ਤਰ੍ਹਾਂ ਦੇ .........ਕਾਫ਼ਰ ਹਨ।' ਤੇ .....ਆਖ਼ਰ ਪਹੁ ਫੁੱਟ ਪਈ।

ੴ ੴ ੴ ੴ ੴ

18

## ਮੇਰਾ ਉੱਜੜਿਆ ਗਵਾਂਢੀ

### ਸੰਤੋਖ ਸਿੰਘ ਧੀਰ

ਜਰਨੈਲੀ ਸੜਕ ਉੱਤੇ, ਚਾਰ ਮੀਲਾਂ ਵਿਚਕਾਰ, ਮਜ਼ਹਬ ਦੇ ਮਾਰਿਆਂ ਦਾ ਕਾਫ਼ਲਾ, ਨਵੇਂ ਵਤਨ ਨੂੰ ਜਾ ਰਿਹਾ ਸੀ।

ਮੈਂ ਕਿਤੋਂ ਬਾਹਰੋਂ, ਆਪਣੇ ਪਿੰਡ ਵੱਲ ਨੂੰ ਆ ਰਿਹਾ ਸੀ। ਮੇਰੀ ਮੰਜ਼ਲ ਤੋਂ ਕੋਈ ਦੋ ਕੁ ਮੀਲ ਉਰੇ - ਕਾਫ਼ਲੇ ਦੇ ਅੱਧ-ਵਿਚਾਲੇ ਸਾਡੀ ਲਾਰੀ ਦਾ ਕੁਝ ਵਿਗੜ ਗਿਆ। ਸਵਾਰੀਆਂ ਲਹਿ ਕੇ ਨਿਵਾਣ ਵਿਚ ਖਿੰਡ ਗਈਆਂ ਤੇ ਡਰਾਈਵਰ ਇੰਜਣ ਦਾ ਘੁੰਡ ਚੁੱਕ ਕੇ ਨੁਕਸ ਟੋਹਣ ਲੱਗਿਆ।

ਸੜਕ ਦੀ ਖੱਬੀ ਕੰਨੀ ਉੱਤੇ, ਸੁਸਤ ਚਾਲ ਵਿਚ, ਗੱਡੇ ਚੀਕ ਰਹੇ ਸਨ। ਜਿਵੇਂ ਬੋਦੇ ਪ੍ਰਈਏ ਧੁਰਾਂ ਉੱਤੇ ਮਜ਼ਬੂਰ ਘੁੰਮਦੇ ਹੋਣ। ਭੁੱਖੇ, ਹੌਂਕਦੇ ਬਲਦਾਂ ਦੀਆਂ ਲਿਫੀਆਂ ਧੌਣਾਂ ਉੱਤੇ ਟੱਬਰ-ਟੱਬਰ ਦਾ ਭਾਰ ਸੀ। ਬਲਦ ਬੀਮਾਰਾਂ ਵਾਂਗ ਤੁਰਦੇ ਸਨ। ਜਿਵੇਂ ਉਹਨਾਂ ਦੇ ਮੁਹਾਰਚੀਆਂ ਦੇ ਦਿਲ ਉਹਨਾਂ ਦੀ ਤੋਰ ਨਾਲ ਸਹਿਮਤ ਨਾ ਹੋਣ ਇਕ ਰੁੱਖੀ ਧੂੜ ਬਲਦਾਂ ਦੀਆਂ ਪੈੜਾਂ ਵਿਚੋਂ ਉੱਡ ਕੇ ਹਵਾ ਦੀਆਂ ਲਹਿਰਾਂ ਨੂੰ ਚੰਬੜਦੀ ਚੁਫ਼ੇਰੇ ਫੈਲ ਰਹੀ ਸੀ।

ਬਲਦਾਂ ਦੇ ਗਲ ਘੁੰਗਰੂ ਨਹੀਂ ਸਨ, ਕਿਸੇ-ਕਿਸੇ ਗੱਡੇ ਉੱਤੇ ਕੋਈ ਬਲੂਰ ਵਿਲਕਦਾ ਸੀ।

ਗੱਡਿਆਂ ਉੱਤੋਂ ਲੋਥਾਂ ਵਰਗੇ ਭੁੱਖੇ ਪਿੰਜਰ ਬਿਟ-ਬਿਟ ਝਾਕਦੇ ਸਨ। ਬੱਸ, ਉਹ ਚੁੱਪ-ਚਾਪ ਝਾਕੀ ਜਾਂਦੇ ਸਨ। ਉਹਨਾਂ ਦੇ ਪੀਲੇ ਚਿਹਰੇ ਧੂੜ ਨਾਲ ਖ਼ਾਕੀ ਬਣ ਗਏ। ਸੜੀ, ਤੂੱਕੀ ਜ਼ਿੰਦਗੀ ਉੱਤੇ ਮੱਖੀਆਂ ਭਿਣਕਦੀਆਂ, ਤੇ ਇਕ ਬਦਬੂ ਹਵਾ ਦੇ ਖ਼ੁਸ਼ਕ ਫ਼ਰਾਟਿਆਂ ਨਾਲ ਖ਼ਲਾਅ ਨੂੰ ਹੁਟ ਰਹੀ ਸੀ। ਮੈਂ ਚਾਹਿਆ ਉੱਜੜੇ ਜਾਂਦਿਆਂ ਨੂੰ, ਜਾਂਦੀ ਵਾਰ ਦਾ, ਨੇੜੇ ਹੋ ਕੇ ਦੇਖ ਲਵਾਂ।

ਦੋ ਉਲਾਂਘਾਂ, ਮੈਨੂੰ ਸੜਕ ਦੀ ਚਿੱਬ-ਖੜਿੱਬੀ ਸੱਜੀ ਕੰਨੀ ਉੱਤੇ ਲੈ ਗਈਆਂ, ਇਕਾ-ਇਕ ਮੂਹਰਿਉਂ ਗੱਡੇ ਖੜੋਣੇ ਸ਼ੁਰੂ ਹੋ ਗਏ। ਸ਼ਾਇਦ ਕਾਫ਼ਲਾ ਰੋਕਿਆ ਗਿਆ ਸੀ।

ਮੈਂ ਸੁਰਮਈ ਸੜਕ ਉੱਤੇ ਹੋ ਗਿਆ, ਤੇ ਬਿੰਦ ਦੀ ਬਿੰਦ, ਇਕ-ਇਕ ਗੱਡੇ ਨੂੰ ਤੱਕਦਾ, ਲੰਮੀ ਕਤਾਰ ਦੇ ਨਾਲੋ-ਨਾਲ, ਹੌਲੀ-ਹੌਲੀ ਤੁਰਨ ਲੱਗਿਆ।

ਕਿਸੇ-ਕਿਸੇ ਗੱਡੇ ਉੱਤੋਂ ਜਦ ਕੋਈ ਉਦਾਸ ਅੱਖਾਂ ਕਿਤੇ ਮੇਰੇ ਵੱਲ ਝਮਕ ਪੈਂਦੀਆਂ, ਤਾਂ ਉਹ ਝੱਟ ਮੈਨੂੰ ਦੇਖਣੋਂ ਟਲ ਜਾਂਦੀਆਂ। ਹਰ ਗਾਡੀਆ ਮੇਰੀ ਸ਼ਕਲ ਤੋਂ ਇਕ ਵੇਰ ਦੜ ਜਾਂਦਾ-ਜਿਵੇਂ ਉਹਨਾਂ ਨੂੰ ਮੇਰੀਆਂ ਅੱਖਾਂ ਵਿਚ ਬਰਛੇ ਚਮਕਦੇ ਦਿਸਦੇ ਹੋਣ - ਮੈਂ ਸੁਰਮਈ ਸੜਕ ਤੋਂ ਹਟ ਕੇ ਮੁੜ ਕੱਚੀ ਪਟੜੀ ਉੱਤੇ ਹੋ ਗਿਆ।

ਕੋਈ ਤਿੰਨ ਗੱਡਿਆਂ ਪਿੱਛੋਂ ਅਚਾਨਕ ਇਕ ਗਾਡੀਏ ਨੇ ਮੇਰੇ ਵੱਲ ਤੱਕਿਆ। ਉਹਦੀਆਂ ਨਜ਼ਰਾਂ ਟਲਦੀਆਂ-ਟਲਦੀਆਂ ਮੁੜ ਕਰਾਰ ਫੜ ਗਈਆਂ। ਉਸ ਫੇਰ ਤੱਕਿਆ ਤੇ ਪਲ ਦੀ ਪਲ ਉਹਦੇ ਚਿਹਰੇ ਉੱਤੇ ਭਾਗ ਜਿਹਾ ਫਿਰ ਆਇਆ। ਉਹਦੀਆਂ ਅੱਖਾਂ ਵਿਚ ਵਿਚ ਲਿਸ਼ਕ ਆਈ, ਜਿਹੜੀ ਇਸ ਕਾਫ਼ਲੇ ਵਿਚ ਬਿਲਕੁਲ ਅਣਹੋਣੀ ਹੋ ਸਕਦੀ ਸੀ।

ਗਾਡੀ ਨੇ ਠੋਡ ਉੱਤੇ ਪੱਬ ਧਰਿਆ ਤੇ ਇਕ ਛਲਾਂਗ ਨਾਲ ਗੱਡਿਓਂ ਲਹਿ ਕੇ ਮੇਰੇ ਵਲ ਨੂੰ ਵਧਿਆ-ਜਿਵੇਂ ਉਹਦੀ ਛਾਤੀ ਵਿਚ ਕੋਈ ਗੋਲ਼ਾ ਫਟ ਗਿਆ ਹੋਵੇ-ਉਹਦੀਆਂ ਖਾਖਾਂ ਉੱਤੇ ਮਾਸ ਕੰਬਿਆ ਤੇ ਉਹਦੀ ਭੁੱਬ ਨਿਕਲ ਗਈ।

"ਓ-ਹੋ....ਦੁਲ੍ਹਿਆ! ਬੜਾ ਮਾੜਾ ਹੋ ਗਿਐਂ ਯਾਰ! ਡੱਕੇ ਵਰਗਾ। ਪਛਾਣਿਆ ਵੀ ਨਹੀ ਗਿਆ!" ਮੈਂ ਉਹਨੂੰ ਦੇਖ ਕੇ ਆਖਿਆ।

ਦੁੱਲ੍ਹੇ ਦੀ ਭੁੱਬ ਨੇ ਗੱਡੇ ਉੱਤੇ ਨਿੱਸਲ ਪਈ ਲੁੱਟਕਦੀ, ਬੇ-ਸੁਰਤ ਜ਼ੈਨਬ ਦੇ ਕਾਲਜੇ ਉੱਤੇ ਧੱਕ ਮਾਰਿਆ। ਪਿਓ ਦਾ ਰੋਣ ਸੁਣ ਕੇ ਧੀਆਂ ਕਬਰਾਂ ਵਿਚੋਂ ਜਾਗ ਪੈਂਦੀਆਂ ਹਨ।

"ਬਾਈ......ਤੂੰ....ਉਰੇ......ਆ...... ਜਾ......!" ਜ਼ੈਨਬ ਨੇ ਮਰੀ ਹੋਈ ਆਵਾਜ਼ ਵਿਚ ਆਖਿਆ। ਉਹਦੀਆਂ ਆਂਦਰਾਂ ਨੂੰ ਜਿਵੇਂ ਸੁੰਨ ਚੜ੍ਹਦਾ ਸੀ। ਉਸ ਨੇ ਮੈਨੂੰ ਪਛਾਣਿਆ ਨਹੀਂ ਸੀ, ਤੇ ਗੱਡੇ ਤੋਂ ਦੂਰ ਹੁੰਦੇ ਪਿਉ ਨੂੰ ਮੌਤ ਦੀਆਂ ਦਾੜ੍ਹਾਂ ਵਿਚ ਜਾਂਦਾ ਸਮਝਦੀ ਸੀ।

"ਦੁਲ੍ਹਿਆ! ਬੱਸ ਵੀਰ, ਹੁਣ ਆਪਾਂ ਕੋਈ ਗੱਲ ਕਰੀਏ ।" ਮੈਂ ਦੁਲ੍ਹੇ ਨੂੰ ਵਿਰਾਉਣ ਲਈ ਮੋਢਿਓਂ ਫੜ ਕੇ ਜ਼ਰਾ ਜਿੰਨਾ ਝੂਣਿਆ। ਉਹਦੀ ਵੀਣੀ ਹੰਝੂਆਂ ਨਾਲ ਤਰ ਹੋ ਗਈ ਸੀ। ਉਹਨੇ ਟੁੱਟਵੇਂ ਹੌਕੇ ਲੈਂਦਿਆਂ, ਝੱਗੇ ਦੇ ਮੈਲੇ ਪੱਲੇ ਨਾਲ ਨੱਕ ਤੇ ਅੱਖਾਂ ਪੂੰਝੀਆਂ। ਰੋ ਕੇ ਹੰਭੀਆਂ, ਲਾਲ ਪੀਂਜੂ ਅੱਖਾਂ ਨਾਲ ਮੇਰੇ ਵਲ ਹੌਲਾ ਜਿਹਾ ਹੋ ਕੇ ਤੱਕਿਆ ਤੇ ਇਕ ਨ੍ਹਿੰਮੇ ਹੁਲਾਸ ਵਿਚ, ਹੌਲੀ ਜੇਹੀ ਧੌਣ ਫੇਰ ਕੇ, ਆਪਣੀ ਧੀ ਨੂੰ ਆਖਿਆ:

"ਪੁਤ, ਜ਼ੈਨਬੇ, ਗੁਰਬਚਨ ਸਿਉਂ ਖੜਾ ਏ - ਆਪਣਾ ਪੜੌਸੀ--ਮਿਲ ਲੈ......." ਉਹਦੀਆਂ ਢਿੱਲੀਆਂ ਬਾਂਹਵਾਂ ਨੇ ਢਾਕਾਂ ਉੱਤੇ ਆਸਰਾ ਲੈ ਕੇ ਕੂਹਣੀਆਂ ਕੱਢ ਲਈਆਂ ਤੇ ਉਹਦੇ ਲੱਕ ਉਤੋਂ ਟੁੰਗੇ, ਅਧੀਆ ਤੰਬੇ ਦੀ ਇਕ ਝੋਲ, ਖੱਚਾਂ ਉੱਤੇ ਝੂਲ੍ਹਕਦੀ ਸੀ।

ਮੇਰਾ ਨਾਓਂ ਸੁਣ ਕੇ ਜ਼ੈਨਬ ਦੇ ਵੈਣ ਛੁੱਟ ਪਏ। ਉਹ ਦੀਆਂ ਵੱਖੀਆਂ ਵਿਚ ਸਾਹ ਖਿੱਚਣ ਜੋਗਾ ਵੀ ਸਤ ਨਹੀਂ ਸੀ, ਪਰ ਰੋਣ ਲਈ ਜਿਵੇਂ ਉਹਦੇ ਵਿਚ ਉਚੇਚਾ ਜ਼ੋਰ ਆ ਗਿਆ ਹੋਵੇ। ਉਹਦੇ ਕੀਰਨਿਆਂ ਨੇ ਬਲਦਾਂ ਦੀਆਂ ਅੱਖਾਂ ਵਿਚੋਂ ਘਰਾਲਾਂ ਵਗਾ ਘੱਤੀਆਂ।

ਦੁੱਲ੍ਹਾ ਸਾਡੇ ਪਿੰਡ ਦਾ ਕਹਿੰਦਾ-ਕਹੌਂਦਾ ਰਾਠ ਗੁੱਜ਼ਰ ਸੀ। ਵੀਹ-ਵੀਹ ਕੋਹਾਂ ਵਿਚ ਉਹਦੀ ਧਾਂਕ ਸੀ। ਸਾਰੇ ਪਿੰਡ ਦਾ ਚੌਣਾ ਉਹੀ ਚਾਰਦਾ ਹੁੰਦਾ ਸੀ, ਤੇ ਨਾਲੇ ਉਹ ਬੱਕਰੀਆਂ ਦਾ ਆਪਣਾ ਇੱਜੜ ਵੱਖ ਪਾਲਦਾ ਸੀ। ਉਹਦੀ ਸਪੁਰਦਗੀ ਵਿਚ ਕਦੇ ਇਹ ਨਹੀ ਸੀ ਹੋਇਆ ਸਾਡੇ ਪਿੰਡ ਦਾ ਕੋਈ ਡੰਗਰ-ਖੇਤ ਵਿਚ ਵੜ ਜਾਣ ਤੋਂ-ਕਿਸੇ ਦੂਜੇ ਪਿੰਡ ਨੇ ਫਾਟਕ ਦੇ ਲਿਆ ਹੋਵੇ।

ਇਕੋ ਵੀਹੀ ਵਿਚ ਘਰ ਹੋਣ ਕਰ ਕੇ ਸਾਡਾ ਤਾਂ ਉਹ ਖ਼ਾਸ ਕਰ ਗੁਆਂਢੀ ਸੀ। ਵਡਾਰੂਆਂ ਤੋਂ ਲੈ ਕੇ ਉਹਨਾਂ ਨਾਲ ਸਾਡਾ ਵਾਹ ਚੱਲਿਆ ਆਇਆ ਸੀ।

ਸਾਡੇ ਪਿਛੋਕੜ, ਪਸ਼ੂਆਂ ਦੇ ਵਾੜੇ ਨਾਲ ਹੀ, ਉਹਦੀਆਂ ਬੱਕਰੀਆਂ ਦਾ ਵਾੜਾ ਸੀ। ਮੇਰਾ ਪਿਉ ਦੱਸਦਾ ਹੁੰਦਾ ਹੈ ਕਿ ਦੁਲ੍ਹੇ ਦੇ ਤਾਏ ਸੁਲੇਮਾਨ ਨੇ ਉਹਨੂੰ ਇਕ ਵਾਰ ਭਰੋਸਾ ਦਿਤਾ ਸੀ:

"ਸਾਉਣ ਸਿਆਂ, ਤੇਰਾ-ਸਾਡਾ ਮਾਲ ਕੋਈ ਦੋ ਤਾਂ ਨੀ, ਤੂੰ ਸੌਂ ਰਿਹਾ ਕਰ ਘਰੇ, ਬੇ-ਫਿਕਰ ਹੋ ਕੇ, ਅਸੀਂ ਕੋਈ ਥੱਕਦੇ ਨੀ ਤੇਰੇ ਡੰਗਰ ਸਾਂਭਦੇ।" ਉਦੋਂ ਤੋਂ ਹੀ ਅਸੀਂ ਕਦੇ ਆਪਣੇ ਲਵੇਰਿਆਂ ਪਾਸ ਮੰਜਾ ਨਹੀ ਸੀ ਡਾਹਿਆ।

ਜ਼ੈਨਬ, ਮੇਰੀਆਂ ਭੈਣਾਂ ਦੀ ਗੂਹੜੀ ਸਹੇਲੀ ਸੀ। ਉਹਨਾਂ ਜਦੋਂ ਰਲ ਕੇ ਤ੍ਰਿੰਝਣੀਂ ਬੈਠਣਾ ਤਾਂ ਪਹਿਰ ਦੇ ਤੜਕੇ ਤੀਕ ਛੋਪ ਪਾਉਂਦੇ ਰਹਿਣਾ। ਇਕੱਠੀਆਂ ਤੀਆਂ ਗਾਉਣੀਆਂ, ਪੀਘਾਂ ਝੂਟਣੀਆਂ। ਇਹਨਾਂ ਦੀ ਸੂਆ ਬਹੱਤਰੀ ਇਕ ਹੁੰਦੀ ਸੀ। ਰਲ ਕੇ ਉਹ ਬੜੇ ਸੁਹਣੇ ਫੁਲਹਿਰੇ-ਬੋਈਏ ਗੁੰਦ ਦੀਆਂ ਸਨ। ਸਾਡੀਆਂ ਡੱਬ-ਖੜੱਬੀਆਂ ਦਰੀਆਂ ਉਹਨਾਂ ਦੀਆਂ ਸਾਂਝੀਆਂ ਰੀਝਾਂ ਦੀਆਂ ਰੰਗਲੀਆਂ ਮੂਰਤਾਂ ਸਨ। ਜ਼ੈਨਬ ਦਾ ਦਾਜ ਮੇਰੀਆਂ ਭੈਣਾਂ ਨੇ ਰਲ ਕੇ ਤਿਆਰ ਕਰਵਾਇਆ ਸੀ, ਤੇ ਹੁਣ ਜੈਨਬ ਮੇਰੀਆਂ ਭੈਣਾਂ ਦਾ ਦਾਜ ਨਾਲ ਲੱਗ ਕੇ ਬਣਵਾ ਰਹੀ ਸੀ।

ਜ਼ੈਨਬ, ਬਿਲਕੁਲ ਮੈਨੂੰ ਆਪਣੀ ਸਕੀ ਭੈਣ ਜਾਪਦੀ ਸੀ। ਉਹਨੇ 'ਬੀਰ' ਤੋਂ ਬਿਨਾਂ ਮੈਨੂੰ ਕਦੇ ਮੂੰਹ ਨਹੀਂ ਸੀ ਖੋਲ੍ਹਿਆ। ਜੇ ਕਦੇ ਉਹ ਮੇਰੀ ਕਿਸੇ ਭੈਣ ਨਾਲ ਝਾਟਮ-ਝੀਟੀ ਹੋ ਪੈਂਦੀ ਤਾਂ ਮੈਥੋ ਨਿਰਣਾ ਨਹੀਂ ਸੀ ਹੋ ਸਕਦਾ ਕਿਸ ਦਾ ਕਸੂਰ ਕੱਢਾਂ-ਕਿਸ ਨੂੰ ਘੂਰਾਂ।

ਜਦ ਉਹ ਡੋਲੀ ਪੈਣ ਲੱਗੀ ਸੀ, ਉਹਨਾਂ ਦੀਆਂ ਮੇਲਣਾ ਨਾਲ ਮੇਰੀਆਂ ਭੈਣਾਂ ਨੇ ਵੀ ਰੋ-ਰੋ ਕੇ ਹੋਰੇ ਲਾਏ ਸਨ। ਭਾਂਵੇ ਉਹਨਾਂ ਦੀਆਂ ਛੀਟਾਂ-ਪਹਿਰੀਆਂ ਤੇ ਚਾਂਦੀ-ਮੜ੍ਹੀਆਂ ਮੇਲਣਾਂ ਵਿਚ ਮੇਰੀਆਂ ਸਾਦੀਆਂ ਭੈਣਾਂ ਓਪਰੀਆਂ ਲੱਗਦੀਆਂ ਸਨ, ਪਰ ਮੈਂ ਰੂਹਾਂ ਵਿਚੋਂ ਫੁੱਟੇ ਦਰਦੀਲੇ ਹੇਰਿਆਂ ਵਿਚੋਂ ਆਪਣੀਆਂ ਭੈਣਾਂ ਦਾ ਬੋਲ ਪਛਾਣ ਨਹੀਂ ਸੀ ਸਕਿਆ।

ਉਹਦੇ ਵੀਰ ਅਤੇ ਪਿਉ ਨੇ ਆਪਣੀਆਂ ਨਿਮਾਣੀਆਂ ਪੱਗਾਂ ਦੇ, ਕੰਨਾਂ ਉੱਤੋਂ ਲਮਕਦੇ, ਗਰੀਬ ਲੜਾਂ ਨਾਲ ਅੱਖੀਆਂ ਪੂੰਝੀਆਂ ਸਨ। ਉਹ ਭਾਵੇਂ ਰਾਠ ਸਨ, ਪਰ ਧੀਆਂ ਨੂੰ ਤੋਰਨ ਵੇਲੇ ਬੜੇ-ਬੜੇ ਖੱਬੀ-ਖ਼ਾਨ ਵੀ ਤਾਂ ਮੁੜ ਕੇ ਗ਼ਰੀਬ ਹੋ ਜਾਂਦੇ ਹਨ। ਜ਼ੈਨਬ, ਆਪਣੇ ਮਾਮੇ ਦੇ ਕਲਾਵੇ ਵਿਚ, ਉਹਦੇ ਗਲ ਨੂੰ ਚੰਬੜੀ, ਇਕ ਅਜੀਬ, ਕੰਬਦੀ ਲੈਅ ਵਿਚ, "ਊਂ.....ਊਂ...." ਕਰ ਕੇ ਰੋ ਰਹੀ ਸੀ। ਇਸ ਲੈਅ ਨਾਲ ਜੀਵਨ ਵਿਚ ਤੀਵੀਂ ਸ਼ਾਇਦ ਇੱਕੋ ਵਾਰ ਰੋਂਦੀ ਹੋਵੇ। ਉਹ ਦੇ ਰੋਣ ਦੀ ਥਰਕਦੀ ਲੈਅ ਵਿਚ ਮੇਰਾ ਦਿਲ ਘੁਲਦਾ ਜਾ ਰਿਹਾ ਸੀ: ਜਿਵੇਂ ਮੇਲ੍ਹਦੀਆਂ ਲਹਿਰਾਂ ਦੇ ਛੂਹਣ ਨਾਲ ਦਰਿਆ ਦੇ ਕੰਢੇ ਖੁਰ ਜਾਂਦੇ ਹਨ। ਦੋ ਹੰਝੂ ਮੇਰੀਆਂ ਵੀ ਝਿੰਮਣੀਆਂ ਵਿਚੋਂ ਨੁੱਚੜ ਕੇ ਗੋਲ-ਕਣੀਆਂ ਬਣ ਗਏ ਸਨ।

ਉਹੀ ਜ਼ੈਨਬ ਮੈਨੂੰ ਓਪਰਾ ਕਰ ਰਹੀ ਸੀ, ਜਿਵੇਂ ਉਹਦੇ ਦਿਲ ਵਿਚੋਂ ਵਿਸਾਹ ਉੱਡ ਗਿਆ ਹੋਵੇ। ਉਹਦੇ ਅੰਦਰ ਕੋਈ ਪਾਲਾ ਜਾਪਦਾ ਸੀ:

"ਵੀਰ! ਵੀਰ! ਕਰਦੀਆਂ ਕਿਹੜਾ ਵੱਢੀਆਂ ਨਹੀ ਗਈਆਂ.........।"

ਹਿੱਕ ਮੇਰੀ ਵਿਚਕਾਰ ਵੀ ਛੁਰੀਆਂ ਚਲ ਰਹੀਆਂ ਸਨ.....'ਭੈਣ ਨੂੰ ਅੱਜ ਵੀਰ ਦਾ ਭਰੋਸਾ ਨਹੀਂ ਰਿਹਾ।' ..........ਉਸੇ ਜ਼ੈਨਬ ਦਾ ਅੰਦਰ ਅੱਜ ਮੇਰੇ ਪਛਤਾਵੇ ਤੋਂ ਕੰਬਦਾ ਸੀ, ਜਿਹੜੀ ਵਿਆਹੁਲੀ ਮੁੜ ਕੇ ਆਈ ਮੈਨੂੰ ਇਸ ਤਰ੍ਹਾਂ ਗਲਵਕੜੀ ਪਾ ਕੇ ਚੰਬੜੀ ਸੀ, ਜਿਵੇਂ ਆਪਣੇ ਵੀਰ ਜ਼ਮਾਲੇ ਨੂੰ।

"ਚੰਗਾ, ਗੁਰਬਚਨ ਸਿਆਂ! ਤੂੰ ਮਿਲ ਗਿਆ -- ਅਖ਼ੀਰੀ ਮੇਲੇ......।" ਦੁਲ੍ਹੇ ਨੇ ਸੰਘ ਵਿਚ ਰੁਕੇ ਗ਼ੁਬਾਰ ਦਾ ਘੁੱਟ ਭਰਿਆ। ਮਸੀਂ ਰਾਹ ਲੱਭ ਕੇ ਤਿੰਘੜਦੇ ਹੋਏ, ਉਹਦੇ ਅੰਦਰੋਂ ਬੋਲ ਆਇਆ।

"ਸਮੇਂ ਦਾ ਗੇੜ ਐ! ਦੁਲ੍ਹਿਆ! ਕੋਈ ਵਾ ਈ ਚੰਦਰੀ ਵਗ ਗਈ। ਚੰਗੇ ਭਲੇ ਆਦਮੀ ਪਸ਼ੂ ਬਣ ਗਏ।"

"ਅੱਲ੍ਹਾ ਜਾਣਦੈ ਬਚਨ ਸਿਆਂ! ਅਸੀਂ ਤਾਂ ਕਿਸੇ ਦਾ ਕੁਛ ਨਹੀਂ ਸੀ ਵਿਗਾੜਿਆ-ਬੇਦੋਸ਼ਿਆਂ ਨੇ।" ਦੁਲ੍ਹੇ ਦੀਆਂ ਖੂੰਜਿਆਂ ਕੋਲੋਂ ਹੇਠਾਂ ਨੂੰ ਲਮਕੀਆਂ ਹੋਈਆਂ ਢਿੱਲੀਆਂ ਬਾਰੀਕ ਮੁੱਛਾਂ ਕੰਬ ਗਈਆਂ ਤੇ ਉਹਦੀ ਦਾੜ੍ਹੀ ਦੇ ਵਾਲ ਬੁਰਸ਼ ਵਾਂਗ ਆਕੜੇ ਖੜੇ ਸਨ, ਜਿਨ੍ਹਾਂ ਵਿਚੋਂ ਅੱਟੀ ਹੋਈ ਧੂੜ ਦੀ ਘਸਮੈਲ ਝਾਕਦੀ ਸੀ। "ਸੱਚ! ਨੂਰਾਂ, ਜੀਨਾਂ, ਕੈਮੀ, ਤੇ ਉਹ ਛੋਟੀ ਮੁੰਨੀ ਛ਼ਾਤਾਂ ਨਹੀਂ ਦਿਸੇ।"

"ਸਭ ਨੂੰ ਆਪੋ ਆਪਣੀ ਪੈ ਗਈ। ਭਾਜੜ ਵਿਚ ਨਿਆਣਿਆਂ ਨੂੰ ਕੀਹਨੇਂ ਸਾਂਭਿਐ। ਪੀਰੂ ਡੂਮ ਦੇ ਪੁੱਤ ਨਜ਼ੀਰ ਨੇ ਦਸਿਐ ਕਿ ਉਹ ਗੋਰੇ ਦੀਆਂ ਚਰਾਂਦਾ ਵਿਚ ਥੇਹ ਕੋਲ ਪਾੜੇ ਗਏ, ਜਿਥੋਂ ਉਹ ਲਾਲ ਡੀਕਰੀਆਂ ਚੁਗ ਕੇ ਟੋਭੇ ਵਿਚ ਕ੍ਵਾਤਰੀ ਚਲਾਉਂਦੇ ਹੁੰਦੇ ਸੀ।" ਦੁਲ੍ਹੇ ਦੀਆਂ ਆਂਦਰਾਂ ਨੇ ਜਿਵੇਂ ਕੋਈ ਚੁੱਪ ਰੋਣ ਝੋਅ ਦਿੱਤਾ ਹੋਵੇ। ਉਹਦੇ ਮਿਚੇ-ਮਿਚਾਏ ਬੁਲ੍ਹ ਅਤੇ ਠੋਡੀ ਉੱਤੇ ਗ਼ਮ

ਕੰਬ ਗਿਆ, "ਮੈਂ ਜੈਨਬ ਤੇ ਔਹ ਗ਼ਮ ਦਾ ਛੋਟਾ ਜਾਤਕ ਹਸਨਾ ਚਾਰ ਦਿਨ, ਚਾਰ ਰਾਤਾਂ ਇੱਖ ਵਿਚ ਲੁਕੇ ਰਹੇ, ਤੇ ਇਕ ਰਾਤ ਜਦ ਅੰਬਰਾਂ ਉੱਤੋਂ ਧਰਤੀ ਉੱਤੋਂ ਹਨ੍ਹੇਰ ਕਿਰ ਗਿਆ, ਦਾਅ ਲਾ ਕੇ ਰੌੜੀਂ ਜਾ ਲੁਕੇ, ਤਾਂ ਜਾਨ ਬਚੀ।"

"ਖੈਰ, ਚੰਗਾ ਦੁਲ੍ਹਿਆ, ਤੇਰੀ ਜਾਨ ਬਚ ਗਈ। ਸਭ ਕੁਛ ਮੁੜ ਕੇ ਸਿੰਵਰ ਜੂ।"

"ਅੱਛਾ, ਸ਼ੁਕਰ ਐ ਉਸ ਮਾਲਕ ਦਾ........"

ਦੁਲ੍ਹੇ ਨੇ ਅਸਮਾਨ ਵੱਲ ਨੂੰ ਅਦਬ ਦੀ ਸੈਨਤ ਕਰਕੇ ਆਖਿਆ। ਦੂਰ ਉੱਚੀ ਸਾਰੇ ਕਾਵਾਂ ਦੀ ਡਾਰ ਉਡਦੀ ਸਾਡੇ ਪਿੰਡ ਵੱਲ ਨੂੰ ਜਾ ਰਹੀ ਸੀ। ਦੁਲ੍ਹੇ ਦੀਆਂ ਅੱਖਾਂ ਵਿਚ ਰੀਸ ਦਾ ਲਾਲਚ ਆਇਆ-"ਜੇ ਮੈਂ ਕਿਵੇਂ ਕਾਂ ਬਣ ਜਾਵਾਂ.......ਜਾਂਦੀ ਵਾਰੀ ਆਪਣੇ ਪਿੰਡ ਦੇ ਬਨੇਰਿਆਂ ਤੋਂ ਰੱਜ ਕੇ ਉੱਡ ਆਵਾਂ.......। ਮੇਰੀ ਜਾਨ ਨੂੰ ਕੋਈ ਧੋਖਾ ਨਹੀ ਹੋਵੇਗਾ। ਮੇਰਾ ਕਿਹੜਾ ਕੋਈ ਮਜ਼੍ਹਬ ਹੋਣਾ ਏ.......!"

ਡਾਰ ਦੂਰ ਲੰਘ ਗਈ, ਜਿਉਂ ਕਾਵਾਂ ਦਾ ਮੱਛਰ ਬਣ ਗਿਆ ਹੋਵੇ। ਦੁਲ੍ਹੇ ਨੇ ਡਾਰ ਦੀ ਦੂਰੀ ਜਿੰਨਾਂ ਲੰਮਾਂ ਹੌਕਾ ਸੂਤਿਆ।

"ਪੁੱਤ, ਜ਼ੈਨਬੇ! ਕਰ ਲੈ ਕੋਈ ਗੱਲ ਤੂੰ ਵੀ-ਬੀਰ ਖੜ੍ਹੈ।" ਦੁਲ੍ਹੇ ਨੇ ਕੁੜੀ ਉਤੇ ਤਰਸ-ਲਾਡ ਨਾਲ ਝਾਕਦਿਆਂ ਕਿਹਾ।

ਜ਼ੈਨਬ ਦੇ ਕੀਰਨੇ ਹੁਣ ਟੁੱਟਵੇਂ ਡੁਸਕਾਰੇ ਬਣ ਗਏ। ਉਹਨੇ ਰੋ-ਰੋ ਕੇ ਲਹੂਰ ਕਰ ਲਏ ਸਨ। ਉਹਦੀਆਂ ਫਾਵੇ ਹੋਈਆਂ ਚੁੰਨ੍ਹੀਆਂ ਅੱਖਾਂ ਪਾਣੀ ਵਿਚ ਡੁੱਬੀਆਂ ਸੂਹੀਆਂ ਮੱਛੀਆਂ ਵਾਂਗ ਲਗਦੀਆਂ।

ਉਹਨੇ ਘਿੱਗੀ ਖੋਲ੍ਹੀ:

"ਬੀਰ ਤੂੰ ਸਾਨੂੰ ਅਜੇ ਵੀ ਰੱਖ ਲੈ - ਅਸੀਂ ਤੇਰੇ ਧਰਮ 'ਚ ਆ ਜਾਨੇ ਆਂ......."

"ਭੈਣ, ਮੇਰਾ ਧਰਮ ਅੱਜ ਕੋਈ ਨ੍ਹੀ। ਜੇ ਮੇਰਾ ਧਰਮ ਹੁੰਦਾ ਤਾਂ ਮੇਰੇ ਸਾਹਮਣੇ ਤੁਸੀਂ ਉੱਜੜਦੇ ਨਾ।"

"ਬੀਰ.........ਚੰਗਾ।" ਜੈਨਬ ਨੇ ਪਲ ਦੀ ਮੇਰੇ ਵੱਲ ਅੱਖਾਂ ਪਾੜ ਕੇ ਤੱਕਿਆ, ਜਿਵੇਂ ਉਹ ਹਨ੍ਹੇਰੇ ਵਿਚੋਂ ਕੋਈ ਔਟਲੀ ਕਿਰਨ ਤਲਾਸ਼ ਦੀ ਹੋਵੇ। ਪਰ ਝੱਟ ਹੀ ਹੀ ਉਹਦੀਆਂ ਅਧ-ਬੁਝੀਆਂ ਅੱਖਾਂ ਉੱਤੇ ਧੂੜ -ਧੌਲੀਆਂ ਭਿੱਫਣਾਂ ਲਹਿ ਗਈਆਂ। ਉਹਦੇ ਦਿਲ ਤੇ ਇਕ ਚੀਘ ਪੈ ਗਈ। ਉਹਨੇ ਮਹਿਸੂਸ ਕੀਤਾ: "ਭੈਣ ਨੂੰ ਘਰ ਵੱਲ ਔਂਦਿਆਂ ਦੇਖ ਕੇ ਨਮੋਹੇ ਵੀਰ ਨੇ ਦਰ ਭੇੜ ਲਏ।"

"ਚੰਗਾ ਬਚਨ ਸਿਆਂ, ਪਿੰਡ ਦੇ ਦਰਵਾਜ਼ੇ ਨੂੰ ਮੇਰਾ ਸਲਾਮ ਕਹੀਂ। ਤੇ ਮੀਂਹ ਕਣੀ ਵਿਚ ਸਾਡੇ ਕੋਠੇ ਦੀ ਸੋਗ੍ਰਮੀ ਰੱਖੀ। ਕੋਈ ਵਿਰਲ ਚੋਆ ਨਾ ਖੁਲ੍ਹ ਜਾਵੇ। ਮੇਰੇ ਪੜਦਾਦੇ ਦੇ ਵਖਤਾਂ ਤੋਂ ਉਹਦੀ ਛੱਤ ਸਾਨੂੰ ਓਟ ਕਰਦੀ ਆਈ ਐ। ਸੁੰਨੇ ਘਰਾਂ ਦੇ ਲਿਉੜ ਲਹਿ-ਲਹਿ ਕੇ ਖੋਲੇ ਬਣ ਜਾਂਦੇ ਨੇ।"

"ਤੇਰੇ ਕੋਠੇ ਦੀ....।" ਮੇਰੇ ਮੂੰਹੋਂ ਸੱਚ ਫੁੱਟਣ ਲੱਗਾ ਸੀ ਕਿ ਕਿ "ਤੇਰੇ ਕੋਠੇ ਦੀ ਛੱਤ ਨੇ, ਦੁਲ੍ਹਿਆ ਤੈਨੂੰ ਬੰਨਾਂ ਨਹੀਂ ਟੱਪਣ ਦਿੱਤਾ। ਤੇਰੇ ਜਾਂਦਿਆਂ ਉਹਦੇ ਵਿਚ ਭੰਬੂਕੇ ਬਲ ਉਠੇ। ਨੀਲੀਆਂ ਜੀਭਾਂ ਵਾਲੀਆਂ ਅੱਗ ਦੀਆਂ ਲਾਟਾਂ ਸੱਪਣੀਆਂ ਵਾਂਗ ਸ਼ੂਕ-ਸ਼ੂਕ ਉੱਡਦੀਆਂ ਸਨ: ਜਿਨ੍ਹਾਂ ਦੀ ਲਪੇਟ ਵਿਚ ਤੇਰੇ ਬੱਦੇ ਕੋਠੇ ਦੀਆਂ ਕੁੱਬੀਆਂ ਕੜੀਆਂ ਤਿੜ-ਤਿੜ ਕਰ ਕੇ ਮੁਕ ਗਈਆਂ ਤੇ ਬੋੜੇ ਕੋਠੇ ਦੀਆਂ ਧੁਆਂਖੀਆਂ ਤੇ ਬੇ-ਵਾਰਿਸ ਕੰਧਾਂ ਉਤੇ ਜ਼ਹਿਰੀ ਲਾਟਾਂ ਦੇ ਡੰਗਾਂ ਨੇ ਕਾਲੇ ਚਟਾਕ ਪਾ ਦਿੱਤੇ........" ਪਰ, ਸੱਚ ਕਈ ਵਾਰ ਸੇਲੇ ਵਾਂਗ ਵਜਦਾ ਹੈ, ਤੇ ਏਨਾਂ ਦੁੱਖ ਦਿੰਦਾ ਹੈ ਕਿ ਅਸੀਂ ਉਸ ਬਾਰੇ ਨਿਸ਼ਚਿਤ ਹੁੰਦੇ ਵੀ ਸਗੋਂ ਉਸ ਨੂੰ ਝੂਠ ਸੁਣ ਕੇ ਰੂਹ ਦੀ ਖੁਸ਼ੀ ਲੈਂਦੇ ਹਾਂ।"

ਦੁਖ ਦੇ ਦਿਲ ਉੱਤੇ ਇਕ ਹੋਰ ਸੇਲਾ ਕਿਉਂ ਗੱਡਾਂ? ਮੈਂ ਉਸ ਨੂੰ ਸੱਚ ਦੱਸਦੇ-ਦੱਸਦੇ ਰੁਕ ਗਿਆ ਤੇ ਮਲਵੀਂ ਜੀਭ ਨਾਲ ਆਖ ਦਿੱਤਾ।

"ਤੂੰ ਬੇ-ਫ਼ਿਕਰ ਰਹੁ ਦੁਲ੍ਹਿਆ! ਤੇਰੇ ਘਰ ਦੀ ਮੈਂ ਵਿੜਕ ਰੱਖਾਂਗਾ।"

ਅਸੀਂ ਸੜਕ ਦੀ ਕੱਚੀ ਪਟੜੀ ਉੱਤੋਂ ਲਹਿ ਕੇ ਨਿਵਾਣ ਵਿਚ ਹੋ ਗਏ। ਰਾਖੇ ਫੌਜੀਆਂ ਦੀ ਇਕ ਮਿੱਡੀ ਲਾਰੀ, ਅੱਧੀ ਕੱਚੀ ਤੇ ਅੱਧੀ ਪੱਕੀ ਸੜਕ ਉਤੇ ਬੁੜ੍ਹਕਦੀ ਆ ਰਹੀ। ਘੂੰ-ਘੂੰ ਕਰਦੀ ਬੁੜ੍ਹਕਦੀ ਲਾਰੀ ਸਾਡੇ ਕੋਲੋਂ ਗੁਜ਼ਰ ਗਈ । ਧੂੜ ਦਾ ਇਕ ਇਕ ਭਰਾ ਬੱਦਲ ਧਰਤੀ ਉੱਤੋਂ ਉੱਡ ਕੇ ਪੁਲਾੜ ਵਿਚ ਖਿੰਡਣ ਲਗਿਆ। ਦੂਰ ਤੀਕ ਇਸ ਮੇਲ੍ਹਦੇ ਬੱਦਲ 'ਤੋਂ, ਸੰਗੀਨਾਂ ਦੀਆਂ ਤਿੱਖੀਆਂ ਜੀਭਾਂ ਲਿਸ਼ਕਦੀਆਂ ਜਾ ਰਹੀਆਂ ਸਨ।

ਬੱਦਲ ਹੰਭ ਕੇ ਪਤਲਾ ਪੈ ਗਿਆ। ਧੂੜ ਦੀ ਖ਼ੁਸ਼ਕ ਧੌਲਕ ਕਾਫ਼ਲੇ ਉੱਤੇ ਕਿਰ-ਕਿਰ ਜੰਮਦੀ ਗਈ।

"ਚੰਗਾ, ਗੁਰਬਚਨ! ਅੱਲਾ ਨੇ ਚਾਹਿਆ ਤਾਂ ਕਿਤੇ ਫੇਰ ਮਿਲਾਂਗੇ ਜੀਊਂਦੇ ਨਹੀਂ ਤਾਂ.......। "

"ਜ਼ਰੂਰ ਮਿਲਾਂਗੇ ਦੁਲਿਆ, ਤੂੰ ਓਦਰ ਨਾ, ਮਿਲੇ ਬਿਨਾ ਆਪਣਾ ਕੰਮ ਨਹੀਂ ਚੱਲਣਾ-ਅਖ਼ੀਰ ਸਾਨੂੰ ਇਕ ਹੋਣਾ ਪਏਗਾ ।"

"ਪਰ, ਮੈਨੂੰ ਤਾਂ ਆਸ ਨਹੀਂ।"

"ਤੂੰ ਤਾਂ ਕਮਲਾ ਏ! ਨੌਹਾਂ ਨਾਲੋਂ ਕਦੇ ਮਾਸ ਨਹੀਂ ਟੁੱਟਦਾ। ਇਹੋ ਤਾਂ ਸਾਰੇ ਅੰਗੇਰਜ਼ ਨੇ ਪਾਟਕ ਪਾਏ ਨੇ। ਸਾਨੂੰ ਚੁੱਕ ਚਮ੍ਹਲਾ ਕੇ ਭੂਤਨੇ ਬਣਾ ਦਿੱਤਾ ਐ। ਭਾਈ ਨੇ ਭਾਈ ਦਾ ਢਿੱਡ ਪਾੜ ਕੇ ਲੀਰਾਂ ਕਰ ਦਿੱਤੀਆਂ। "

"ਤੁਰੋ ਓਏ, ਸੁੱਲਿਓ! ਸਹੁਰੀ ਦੇ ਕਿਵੇਂ ਝੱਟ ਡੱਡੂਆਂ ਵਾਂਗ ਤਿੜਕ ਜਾਂਦੇ ਨੇ।" ਕਾਫ਼ਲੇ ਦੇ ਨਾਲੋ ਨਾਲ ਪੈਦਲ ਗਸ਼ਤ ਕਰਦੇ ਫੌਜੀਆਂ ਨੇ ਜਿਨ੍ਹਾਂ ਦੇ ਮੋਢਿਆਂ ਚਿੱਟੀਆਂ ਜੀਭਾਂ ਵਾਲੀਆਂ ਬੰਦੂਕਾਂ ਸਨ, ਉਹਨਾਂ ਘਾਹ ਖੁਰਚਦਿਆਂ ਨੂੰ, ਬੂਟਾਂ ਨਾਲ ਠੋਰ-ਠੋਰ ਆਖਿਆ,

ਜਿਹੜੇ ਕਾਫ਼ਲਾ ਖਲੋਂਦਿਆਂ ਬਲਦਾਂ ਦੇ ਢਿੱਡ ਭਰਨ ਲਈ ਬਿੰਦ ਝੱਟ ਦਾ ਲਾਹਾ ਤੱਕ ਕੇ, ਧਰਤੀ 'ਤੋਂ ਉੱਫਣੀਆਂ ਘਲੀਆਂ ਉਧੇੜਨ ਲੱਗ ਜਾਂਦੇ ਸਨ।

ਮੂਹਰਿਓਂ ਕਾਫ਼ਲਾ ਸਰਕਨ ਲੱਗਿਆ। ਬਲਦਾਂ ਨੇ ਤਿਲਕਵੀਂ ਸਲੇਟੀ ਸੜਕ ਉੱਤੇ ਖੁਰ ਅੜਾ ਕੇ ਆਪਣੀਆਂ ਧੌਣਾਂ ਉੱਤੇ ਟੱਬਰ-ਟੱਬਰ ਦਾ ਭਾਰ ਖਿੱਚਿਆ। ਕਿੱਲ੍ਹਦੇ ਬਲਦਾਂ ਦੀਆਂ ਅੱਖਾਂ, ਜਿਵੇਂ ਚੌੜੀਆਂ ਹੋ ਕੇ ਪਾਟਣ ਲੱਗੀਆਂ ਹੋਣ, ਤੇ ਗੱਡਿਆਂ ਦੇ ਪ੍ਰਈਏ ਧਰਤੀ ਵਿਚ ਧਸੇ ਹੋਏ ਹੋਣ। ਬੇ-ਦਿਲ ਗਾਡੀਆਂ ਨੇ ਬਲਦਾਂ ਦੀਆਂ ਪੂਛਾਂ ਨੂੰ ਮਰੋੜੇ ਤੇ ਉਹਨਾਂ ਦੇ ਪੱਟਾਂ ਦੇ ਵਿਚਕਾਰ ਆਪਣੀਆਂ ਪਰੈਣਾਂ ਦੇ ਤਿੱਖੇ ਡੰਗ ਚੋਭੇ। ਥੋਦੇ ਪ੍ਰਈਏ ਧੁਰਾਂ ਉੱਤੇ ਮਜ਼ਬੂਰ ਫਿਰਨ ਲੱਗੇ। ਗੱਡਿਆਂ ਦੀ ਪਸਲੀ-ਪਸਲੀ ਜੜਕਣ ਲੱਗੀ ਤੇ ਇਕ ਤਿੱਖੀ ਚੀਕ ਪ੍ਰਈਆਂ ਵਿਚੋਂ ਨਿਕਲ ਕੇ ਸਾਰੀਆਂ ਚੀਕਾਂ ਨਾਲ ਰਲਦੀ, ਕਾਫ਼ਲੇ ਦੀ ਸਮੁੱਚੀ ਚੀਕ ਬਣਨ ਲੱਗੀ।

ਦੂਲ੍ਹਾ ਠੋਡ ਉੱਤੇ ਪੱਬ ਧਰ ਕੇ ਇਕ ਬਲੂਕੀ ਨਾਲ ਗੱਡੇ ਦੀ ਗਿੱਚੀ ਉਤੇ ਜਾ ਬੈਠਾ। ਬਲਦਾਂ ਦੀਆਂ ਚਿੱਟੀਆਂ ਪੂਛਾਂ ਦੇ ਉਸ ਕੁੰਡਲ ਬਣਾ ਦਿੱਤੇ, ਜਿਨ੍ਹਾਂ 'ਤੇ ਇਕ-ਇਕ ਥੱਕੀ ਹੋਈ ਕਾਲੀ ਚੌਰੀ ਮੇਲ੍ਹਦੀ ਸੀ। ਉਸ ਨੇ ਆਪਣੀਆਂ ਲਮਕਦੀਆਂ ਟੰਗਾਂ ਦੇ ਅੰਗੂਠੇ ਬਲਦਾਂ ਦਿਆਂ ਪੱਟਾਂ ਵਿਚਕਾਰ ਛੋਹੇ ਤੇ ਉਹਦੇ ਗੱਡੇ ਦੇ ਪ੍ਰਈਆਂ ਵਿਚੋਂ, ਇਕ ਵਿੰਨ੍ਹਵੀਂ ਚੀਕ ਨਿਕਲ ਕੇ, ਮਹਾਨ ਚੀਕ ਨਾਲ ਸੁਰ ਹੋ ਗਈ।

ਮੇਰੀ ਜੇਬ ਵਿਚ ਤਿੰਨ ਰੁਪਏ ਸਤ ਆਨੇ ਸਨ। ਸਵਾ ਰੁਪਿਆ ਮੈਂ ਕਿਰਾਇਆ ਦੇਣਾ ਸੀ। ਮੈਂ ਤੁਰਦੇ ਤੁਰਦਿਆਂ ਦੋ ਰੁਪਏ ਦਾ ਨੋਟ ਜੈਨਬ ਦੀ ਤਲੀ ਦੇ ਵਿਚ ਦੇ ਕੇ ਉਹਦੀਆਂ ਡੱਕਿਆਂ ਵਰਗੀਆਂ ਪਤਲੀਆਂ ਤੇ ਸੁਕੀਆਂ ਉਂਗਲਾਂ ਮੀਚਣ ਲਗਿਆ।

"ਬੀਰ, ਤੂੰ ਰਹਿਣ ਦੇ-ਖੇਚਲ ਨਾ ਕਰ .........।"

"ਫੜ ਲੈ, ਫੜ ਲੈ ਮੇਰੀ ਭੈਣ ਖੇਚਲ ਕਾਹਦੀ ਐ, ਮੈਂ ਤੇਰਾ ਵੀਰ ਨ੍ਹੀਂ.......?" ਮੇਰਾ ਦਿਲ ਉੱਖੜ ਕੇ ਸੰਘ ਵਿਚਕਾਰ ਅੜ ਗਿਆ। ਮੈਥੋਂ ਖੁਲ੍ਹ ਕੇ ਬੋਲ ਨਾ ਹੋਇਆ। ਮੇਰੀਆਂ ਅੱਖਾਂ ਵਿਚ ਕੁਝ ਇਸ ਤਰ੍ਹਾਂ ਸੀ, ਜਿਵੇਂ ਮੈਂ ਧੁੰਦਲੇ ਸ਼ੀਸ਼ਿਆਂ ਵਿਚੋਂ ਤੱਕਦਾ ਹਾਂ।

"ਚੰਗਾ.......ਬੀਰ, ਮਿੰਦੋ ਤੇ ਪ੍ਰੀਤੋ ਨੂੰ ਮੇਰਾ ਸਲਾਮ ਆਖੀਂ ।" ਜ਼ੈਨਬ ਨੇ ਮੇਰੀਆਂ ਭੈਣਾਂ ਵੱਲ ਸੁਨੇਹਾ ਦਿੱਤਾ ......ਤੇ ਨਾਲੇ ਉਹਨਾਂ ਵਿਹੜਿਆਂ ਨੂੰ, ਜਿੱਥੇ ਨੂੰ ਮੇਰੀਆਂ ਆਂਦਰਾ ਭੱਜ-ਭੱਜ ਜਾਂਦੀਆਂ ਨੇ। ਸਾਡੇ ਪਿਛੋਕੜਲੇ ਵਿਹੜੇ ਵਿਚਲੇ ਅੰਬ ਦੇ ਟੂਸੇ ਦੀਆਂ ਜੜ੍ਹਾਂ ਵਿਚ ਕਿਤੇ-ਕਿਤੇ ਪਾਣੀ ਪੁਆ ਦਿਆਂ ਕਰੀਂ। ਉਹਦੀ ਚੱਕਲੀ ਮੈਂ ਬੜੇ ਮਲ੍ਹਾਰਾਂ ਨਾਲ ਆਪ ਲਾਈ ਸੀ, ਉਹਦੇ ਲਿਚ-ਲਿਚ ਕਰਦੇ ਵੈਂਗਣੀ ਪੱਤੇ ਕਿਤੇ ਸੁੱਕ ਕੇ ਭੁਰ ਨਾ ਜਾਣ........।" ਜ਼ੈਨਬ ਕਹਿੰਦੀ ਗਈ, ਜਿਵੇਂ ਰੋਗੀ ਲੰਮਿਆਂ ਸਾਹਾਂ ਉਤੇ ਆ ਕੇ ਅਵਾ-ਤਵਾ ਬੁੜ-ਬੁੜਾਂਦਾਂ ਹੈ।

ਸਮ੍ਹੀ-ਸੰਝ ਦਾ ਥੱਕਿਆ ਸੂਰਜ, ਪੱਛਮ ਦੀ ਗੁੱਠ ਉੱਤੇ ਕੋਡਾ ਹੋ ਗਿਆ ਤੇ ਇਕ-ਇਕ ਕਰ ਕੇ ਗੱਡਿਆ ਦੀ ਲੰਮੀ ਜ਼ੰਜੀਰ ਮੇਰੇ ਕੋਲੋਂ ਸਰਕਦੀ, ਮੁੱਕ ਗਈ।

---

ਯਾਦ ਹੈ ਗੁਲ ਖਿੜਾਏ ਜਿਹੜੇ,
ਹੋਰ ਚਿਰਾਗ ਬੁਝਾਉਣੇ ਕਿਹੜੇ?
ਪਾਉਣੇ ਨਵੇਂ ਪੁਆੜੇ।
ਬਾਹਰੋਂ ਦਿੱਸਦੇ ਪਾਕ ਨਮੂਨੇ,
ਜਾਪੇ, ਪਏ ਸ਼ੈਤਾਨ ਦੀ ਜੂੰਨੇ,
ਲਾਓ ਬਹਿਸ਼ਤੀਂ ਲਾਰੇ।
ਪਾਣੀ ਪੰਜ ਦਰਿਆ ਦੇ ਵੰਡੇ,
ਕੁਝ ਏਧਰ, ਕੁਝ ਓਧਰ ਟੰਗੇ,
ਅੱਧ-ਵਿਚਕਾਰੋਂ ਪਾੜੇ।

-ਹਰਭਜਨ ਸਿੰਘ ਹੁੰਦਲ।-

19

# ਧਰਤੀ ਦੇ ਅੱਥਰੂ

## ਸ਼ਮਸ਼ ਨਗ਼ਮਾਨ

ਨੰਗੇ ਦਰਖਤਾਂ ਦੀਆਂ ਸੁੱਕੀਆਂ ਟਾਹਣੀਆਂ ਹਵਾ ਦੇ ਤੇਜ਼ ਝੱਖੜਾਂ ਨਾਲ ਕੰਬ ਉੱਠੀਆਂ ਤੇ ਨਾਲ ਈ ਚੁੱਪ ਕਰਕੇ ਦੁਪਹਿਰ ਨੇ ਆਪਣੇ ਮੂੰਹ ਤੇ ਘੁੰਡ ਸੁੱਟ ਲਿਆ। ਤੇ ਫੇਰ.... ਉਹ ਸ਼ਾਮ ਏਨੀਂ ਕੁ ਉਦਾਸ ਹੋ ਗਈ, ਕਿ ਮੈਨੂੰ ਇੰਝ ਜਾਪਿਆ ਕਿ 'ਗ਼ਮਗੀਨ ਕਹਾਣੀਆਂ ਦੀ ਦੇਵੀ 'ਮੂਲਮੇਨ', ਪੁਰਾਣੇ ਯੂਨਾਨ ਦੇ ਖੰਡਰਾਂ ਵਿੱਚੋਂ ਉੱਠਕੇ ਆ ਗਈ ਹੋਵੇ। ਅੰਤਕੀਂ ਉਹਨੇਂ ਏਹੋ ਜਿਹੀ ਦੁਖੀ ਕਹਾਣੀ ਸੁਣਾਈ ਹੋਵੇ, ਜੇਹਨੂੰ ਸੁਣ ਕੇ ਇਹ ਧਰਤੀ, ਜਿਹਦੀ ਹਿੱਕ ਤੋਂ ਪੰਜਾਂ ਦਰਿਆਵਾਂ ਦਾ ਪਾਣੀ ਇਕ ਰੋਗੀ ਦੀ ਅੱਖ ਵਾਂਗ ਵਗਦਾ ਰਹਿੰਦਾ ਏ...... ਸੋਚ ਦੇ ਖੂਹ ਵਿਚ ਜਾ ਪਈ ਹੋਵੇ।'

ਰੱਬ ਜਾਣੇ! ਏਸ ਧਰਤੀ ਦੇ ਸੀਨੇ ਵਿਚ ਗ਼ਮ ਦੀਆਂ ਕਿੰਨੀਆਂ ਕੁ ਤ੍ਰੇਵਾਂ ਨੇ? ਇਹਦੇ ਸੀਨੇ ਵਿਚ ਰੜਕਦੇ ਦੁੱਖ ਤੇ ਕਿਸੇ ਨੇ ਵੀ ਨਹੀਂ ਫੋਲੇ.......... । ਮੈਨੂੰ ਇੰਝ ਜਾਪਦਾ ਏ, 'ਇਹ ਧਰਤੀ ਰੋਂਦੀ ਰਹਿੰਦੀ ਏ, ਤੇ ਏਹਦੇ ਅੱਥਰੂ ਦਰਿਆ ਬਣ ਕੇ ਇਹਦੀ ਛਾਤੀ ਤੇ ਉੱਭਰ ਆਉਂਦੇ ਨੇ। ਇਸ ਧਰਤੀ ਦੇ ਸੀਨੇ ਵਿਚ ਗੁੱਝੀਆਂ ਪੀੜਾਂ ਨੇ। ਨਹੀਂ ਤਾਂ ਇਹ ਹੱਸਦੀ-ਖੇਡਦੀ ਧਰਤੀ, ਕਦੀ ਵੀ ਉਦਾਸ ਨਹੀਂ ਸੀ ਹੋਈ।'

ਮੈਨੂੰ ਚੰਗੀ ਤਰ੍ਹਾਂ ਯਾਦ ਏ, ਕਿ ਮੈਂ ਅਜੇ ਬਹੁਤ ਈ ਨਿੱਕਾ ਜਿਹਾ ਹੁੰਦਾ ਸਾਂ। ਇੰਨਾਂ ਕੁ ਨਿੱਕਾ, ਕਿ ਜਦੋਂ ਸਿਵਾਏ ਖੇਡਣ ਦੇ ਤੇ ਜਿੱਦ ਕਰਨ ਦੇ, ਮੈਨੂੰ ਹੋਰ ਕੋਈ ਕੰਮ ਨਹੀਂ ਸੀ ਹੁੰਦਾ। ਉਦੋਂ ਇਸ ਧਰਤੀ ਤੇ ਠੰਢੀਆਂ ਹਵਾਵਾਂ ਵੀ ਚਲਦੀਆਂ ਹੁੰਦੀਆਂ ਸਨ, ਅਤੇ ਨਿੰਮ ਤੇ ਧਰੇਕ ਦੀ ਛਾਂ ਥੱਲੇ, ਚਰਖੇ ਦੀ ਘੂਕ, ਤੇ ਅੰਬ ਦੇ ਪੱਤਿਆਂ ਵਿੱਚੋਂ ਕੋਇਲ ਦੀ ਕੂਕ, ਸਾਂਝੀਆਂ ਉੱਠਦੀਆਂ ਸਨ । ਟਾਹਲੀਆਂ ਦੀਆਂ ਛਾਵਾਂ ਥੱਲਿਓਂ ਪੀਂਘਾਂ ਦੇ ਹੁਲਾਰੇ ਆਸਮਾਨ ਨਾਲ ਗੱਲਾਂ ਕਰਦੇ ਹੁੰਦੇ ਸਨ। ਉਦੋਂ ਮੈ ਨਿੱਕਾ ਜਿਹਾ, ਅਨਜਾਣ ਤੇ ਸ਼ੈਤਾਨ ਬਾਲ ਈ ਸਾਂ। ਪਰ ਮੈਨੂੰ ਏਹ ਚੰਗੀ ਤਰ੍ਹਾਂ ਯਾਦ ਏ ਕਿ ਉਦੋਂ ਇੱਥੇ ਮੰਦਰ ਵੀ ਸਨ, ਗੁਰਦਵਾਰੇ ਵੀ ਸਨ ਤੇ ਮਸਜਦਾਂ ਵੀ ਆਬਾਦ ਸਨ। ਉਦੋਂ ਇਸ ਧਰਤੀ ਤੇ ਕਿਸਾਨਾਂ ਦੇ ਹਾਸੇ ਬਹੁਤ ਈ ਗੂੜ੍ਹੇ ਤੇ ਉੱਚੇ ਸਨ। ਇੰਝ ਜਾਪਦਾ ਸੀ, ਜਿਵੇਂ ਖੇਤ ਗਾਉਂਦੇ ਹੁੰਦੇ ਸਨ ਤੇ ਫਸਲਾਂ ਪੈਲਾਂ ਪਾਉਂਦੀਆਂ ਹੁੰਦੀਆਂ ਸਨ।

ਮੈਨੂੰ ਅੱਜ ਵੀ ਯਾਦ ਏ ਤੇ ਕੱਲ੍ਹ ਵੀ ਇਹ ਯਾਦ ਮੇਰੇ ਸੀਨੇ ਵਿਚ ਰੜਕਦੀ ਰਵ੍ਹੇਗੀ, ਕਿ ਉਦੋਂ ਇਹ ਧਰਤੀ ਬਹੁਤ ਈ ਖ਼ੁਸ਼ ਹੁੰਦੀ ਸੀ। ਏਹਦੇ ਗਭਰੂ-ਜਵਾਨ ਇਕ ਦੂਜੇ ਪੁਰ, ਮਰ-ਮੁੱਕਣ ਵਾਸਤੇ ਇੱਕ ਹੋ ਜਾਂਦੇ ਸਨ। ਪਰ ਮੈਂ ਤਾਂ ਬਹੁਤ ਈ ਨਿੱਕਾ ਜਿਹਾ ਹੁੰਦਾ ਸਾਂ। ਏਹ ਗੱਲ ਤੇ ਮੈਂ ਹੁਣ ਸੋਚਦਾ ਵਾਂ, ਉਦੋਂ ਤਾਂ ਮੈਨੂੰ ਇੱਕੋ ਗੱਲ ਆਉਂਦੀ ਸੀ........... ਗੁਆਂਢੀਆਂ ਦੀ ਛੋਟੀ ਜਿਹੀ ਕੁੜੀ 'ਸਰਲਾ' ਦੀ ਗੁੱਤ ਪੁੱਟਣੀ ਤੇ ਉਹਦੇ ਵਾਲਾਂ ਦੇ ਗੁੱਛਿਆਂ ਵਿਚ ਸਰ੍ਹੋਂ ਦੇ ਬਸੰਤੀ ਫੁੱਲ ਲਾਣੇ। ਤੇ, ਉਸ ਨਿੱਕੀ ਜਿੰਨੀ ਸ਼ੈਤਾਨ ਕੁੜੀ ਨੂੰ ਵੀ ਇੱਕੋ ਗੱਲ ਸੁੱਝਦੀ ਸੀ, ਮੇਰੇ ਹੱਥ ਤੇ ਚੱਕ ਵੱਢਣਾਂ। ਜੇ ਮੈਂ ਚੀਜ਼ ਮੰਗਣੀ ਤਾਂ ਮੂੰਹ ਚਿੜਾ ਕੇ, ਆਪਣੀ ਜੀਭ ਵਿਖਾ ਕੇ, ਭੱਜ ਉੱਠਣਾ। ਫੇਰ ਉਹ ਅੱਗੇ-ਅੱਗੇ ਹੁੰਦੀ ਤੇ ਮੈਂ ਪਿੱਛੇ-ਪਿੱਛੇ। ਉਹ ਮੰਦਰ ਦੇ ਪਿਛਵਾੜੇ ਉੱਗੇ ਹੋਏ ਅੰਬਾਂ ਦੀਆਂ ਟਾਹਣੀਆਂ ਵਿਚ ਲੁਕ ਜਾਂਦੀ ਤੇ ਮੈਂ ਮੰਦਰ ਦੀਆਂ ਪੌੜੀਆਂ ਤੇ ਥੱਕ ਕੇ ਬਹਿ ਜਾਂਦਾ। ਭਗਵਾਨ ਦੀ ਮੂਰਤੀ ਅੱਗੇ ਝੁਕੇ ਹੋਏ ਪੁਜਾਰੀ ਨੂੰ ਆਖਦਾ, "ਆਪਣੇ ਭਗਵਾਨ ਨੂੰ ਪੁੱਛੋ! ਕਿ ਮੇਰੀ ਸਰਲਾ ਕਿੱਥੇ ਏ?"

ਪੁਜਾਰੀ ਦੇ ਬੋਲਣ ਤੋਂ ਪਹਿਲਾਂ ਈ ਉਹਦੀ ਆਵਾਜ਼ ਮੇਰੇ ਕੰਨਾਂ ਵਿਚ ਗੂੰਜਦੀ, "ਰਾਜੇ ਤੇਰੀ ਰਾਣੀ ਕਿੱਥੇ ਈ?"

"ਤੇਰੀ ਮੇਰੀ ਕੱਟੀ", ਮੈਂ ਉੱਚੀ ਸਾਰੀ ਆਖਦਾ ਤੇ ਉਹ ਕਹਿੰਦੀ,"ਕੱਟੀ ਏ ਤੇ ਕੱਟੀ ਈ ਸਹੀ।" ਇਹਦੇ ਨਾਲ ਈ ਛਾਲਾਂ ਮਾਰਦੀ ਮੇਰੇ ਸਾਹਮਣੇ ਆ ਖਲੋਂਦੀ। ਮੈਂ ਝੂਠ-ਮੂਠ ਰੁੱਸ ਜਾਂਦਾ ਤੇ ਉਹ ਵੀ ਰੁੱਸ ਜਾਂਦੀ । ਇਹ ਝੂਠੇ ਰੋਸੇ ਆਪਣੇ-ਆਪ ਈ ਟੁੱਟ ਜਾਂਦੇ। ਜਦੋਂ ਦੂਜੇ ਦਿਨ ਉਹਦੇ ਮਾਤਾ ਜੀ ਸਾਡੇ ਘਰ ਆਉਂਦੇ ਤੇ ਨਾਲ ਉਹ ਵੀ ਹੁੰਦੀ। ਫੇਰ, ਇੰਝ ਹੁੰਦਾ, ਕਿ ਉਹਦੀ ਮਾਤਾ ਜੀ ਤੇ ਮੇਰੇ ਮਾਤਾ ਜੀ ਰਲ ਕੇ ਨਾਲ ਦੇ ਘਰ, ਪਰਤਾਪ ਸਿੰਘ ਦੀ ਖ਼ਬਰ ਲੈਣ ਜਾਂਦੀਆਂ। ਪਰਤਾਪ ਸਿੰਘ ਹਰ ਵੇਲੇ ਬਿਮਾਰ ਰਹਿੰਦਾ ਸੀ। ਉਹਦੀ ਬੀਮਾਰੀ ਪਤਾ ਨਹੀਂ ਕੀ ਸੀ? ਪਰ ਏਨਾਂ ਪਤਾ ਏ, ਕਿ ਉਹਦੀ ਖ਼ਬਰ ਲੈਣ ਲਈ ਇਹ ਦੋਵੇਂ ਦੂਜੇ-ਤੀਜੇ ਦਿਨ ਜ਼ਰੂਰ ਜਾਂਦੀਆਂ ਸਨ।

ਅਸੀ ਦੋਵੇਂ ਕਿੰਨੀ ਦੇਰ ਚੁੱਪ-ਚਪੀਤੇ ਰਹਿੰਦੇ। ਇੱਕ ਦੂਜੇ ਵਲ ਵੇਖਦੇ ਰਹਿੰਦੇ ਤੇ ਫੇਰ ਆਪ ਈ ਆਪ ਹੱਸ ਪੈਂਦੇ ਤੇ ਉਹ ਰੋਅਬ ਨਾਲ ਪੁੱਛਦੀ "ਸਾਡੇ ਨਾਲ ਬੋਲਣੈ ਕਿ ਨਹੀਂ? "

"ਨਹੀਂ" ਮੈਂ ਉਹਦੀ ਗੁੱਤ ਜ਼ੋਰ ਨਾਲ ਖਿੱਚ ਕੇ ਆਖਦਾ।

"ਨਹੀਂ ਤੇ ਨਾ ਸਹੀ।" ਉਹ ਛੇਤੀ ਨਾਲ ਇਕ ਚੱਕ ਮੇਰੀ ਬਾਂਹ ਤੇ ਵੱਢ ਕੇ ਭੱਜ ਉੱਠਦੀ ਤੇ ਮੈਂ ਉਹਦੇ ਮਗ਼ਰ ਹੋ ਜਾਂਦਾ।

ਮੈਨੂੰ ਚੰਗੀ ਤਰ੍ਹਾਂ ਚੇਤੇ ਏ, ਕਿ ਸਾਡੀ ਓਸ ਖੇਡ ਨੂੰ ਵੇਖ ਕੇ ਧਰਤੀ ਨੂੰ ਬਹੁਤ ਹਾਸਾ ਆਉਂਦਾ। ਏਹਦੇ ਹਾਸੇ ਸੂਰਜ ਦੀਆਂ ਕਿਰਨਾਂ ਨਾਲ ਹੋਰ ਵੀ ਗੂੜ੍ਹੇ ਹੋ ਜਾਂਦੇ ਅਤੇ ਏਹਦੀ ਛਾਤੀ ਤੇ ਕਈ ਰੰਗਾਂ ਦੇ ਫੁੱਲ ਟਹਿਕ

ਉੱਠਦੇ।

ਪਰ ਅੱਜ ਏਹ ਧਰਤੀ ਅੱਗੇ ਨਾਲੋ ਵੱਧ ਉਦਾਸ ਜਾਪਦੀ ਏ। ਹੋ ਸਕਦਾ ਏ, ਇਹਦੀ ਛਾਤੀ ਤੇ ਜੰਮੇ ਹੋਏ ਏਹਦੇ ਪੁਰਾਣੇ ਵਾਸੀਆਂ ਦੇ ਕਦਮਾਂ ਦੇ ਨਿਸ਼ਾਨ ਉੱਘੜ ਆਏ ਹੋਣ ਤੇ ਤਿੱਖੀਆਂ ਸੂਲਾਂ ਬਣ ਕੇ ਇਹਦੀ ਛਾਤੀ ਵਿਚ ਚੁਭਦੇ ਹੋਣ।

"ਰਾਜੇ ਤੇਰੀ ਰਾਣੀ ਕਿੱਥੇ ਈ?" ਦੀਆਂ ਆਵਾਜ਼ਾਂ, ਅੱਜ ਵੀ ਇਹਨਾਂ ਹਵਾਵਾਂ ਵਿਚੋਂ ਉੱਭਰਦੀਆਂ ਨੇ ਤੇ ਮੇਰੇ ਆਲੇ-ਦੁਆਲੇ ਦੁਖੀ ਗੀਤ ਬਣ ਕੇ ਗੂੰਜ ਰਹੀਆਂ ਨੇ। ਮੇਰੇ ਦੁਖੀ ਗੀਤ ਵੀ ਇਸ ਧਰਤੀ ਦੇ ਉੱਭੇ ਸਾਹਵਾਂ ਨਾਲ ਮਿਲਦੇ ਨੇ।

ਮੈਨੂੰ ਤਾਂ ਇਕ ਸਰਲਾ ਦੀ ਯਾਦ ਈ ਨਹੀਂ ਚੈਨ ਲੈਣ ਦਿੰਦੀ, ਤੇ ਏਸ ਧਰਤੀ ਨੂੰ ਤੇ ਲੱਖਾਂ ਰਾਜਿਆਂ ਤੇ ਰਾਣੀਆਂ ਦੀ ਯਾਦ ਸਤਾਂਦੀ ਹੋਵੇਗੀ। ਜੇਹੜੇ ਇਹਦੀ ਛਾਤੀ ਤੇ ਧੁੱਪ ਛਾਂ ਦੀ ਪਰਵਾਹ ਕੀਤੇ ਬਿਨਾਂ ਇਕ ਦੂਜੇ ਦੇ ਅੱਗੇ-ਪਿੱਛੇ ਭੱਜਦੇ ਹੁੰਦੇ ਸਨ। ਤੇ ਇਉਂ ਕਰਮ ਸਿੰਘ ਤੇ ਗੁਲਾਮ ਮੁਹੰਮਦ ਵਰਗੇ ਗਭਰੂ-ਜਵਾਨ ਵੀ ਨਹੀਂ ਭੁੱਲੇ ਹੋਣਗੇ, ਜਿਹਨਾਂ ਨੇ ਇਹਦੀ ਮਿੱਟੀ ਨੂੰ ਚੁੰਮ ਕੇ ਇੱਕ-ਦੂਜੇ ਦਾ ਸਾਥ ਦੇਣ ਦਾ ਵਚਨ ਦਿੱਤਾ ਸੀ। ਏਹਨੂੰ ਨੂਰ ਦੀਨ ਤੇ ਰਾਮ ਨਾਥ ਵਰਗੇ ਬੰਦੇ ਵੀ ਨਹੀਂ ਭੁੱਲੇ ਹੋਣਗੇ ਜਿਹਨਾਂ ਨੇ ਇਹਦੀ ਮਿੱਟੀ ਦੀ ਸਹੁੰ ਖਾ ਕੇ, ਇਕ ਦੂਜੇ ਨਾਲ ਭਾਈ-ਚਾਰਾ ਪਾਇਆ ਸੀ।

ਫੇਰ ਉਹ ਵੀ ਦਿਨ ਆ ਗਏ, ਜਦੋਂ ਨਿੰਮ ਤੇ ਧਰੇਕ ਦੇ ਰੁੱਖਾਂ ਦੀਆਂ ਠੰਢੀਆਂ ਛਾਵਾਂ ਸੜ ਕੇ ਸਵਾਹ ਹੋ ਗਈਆਂ ਤੇ ਚਰਖੇ ਦੀਆਂ ਘੂਕਾਂ ਦੀ ਥਾਂ ਇਨਸਾਨਾਂ ਦੀਆਂ ਚੀਕਾਂ ਉੱਭਰੀਆਂ। ...........ਤੇ .......ਉਹ ਵੀ ਦਿਨ ਸਨ ਜਦੋਂ ਕਰਮ ਸਿੰਘ ਦੀ ਨੰਗੀ ਤਲਵਾਰ ਗੁਲਾਮ ਮੁਹੰਮਦ ਦੇ ਖ਼ੂਨ ਦੀ ਪਿਆਸੀ ਹੋ ਗਈ। ਤੇ, ਕਰਮ ਸਿੰਘ ਨੇ ਰਾਮ ਨਾਥ ਨਾਲ ਮਿਲ ਕੇ ਗੁਲਾਮ ਮੁਹੰਮਦ ਦਾ ਲਹੂ, ਏਸੇ ਧਰਤੀ ਦੇ ਸੀਨੇ ਵਿਚ ਮਿਲਾਇਆ ਸੀ। ਉਹੋ ਰਾਮ ਨਾਥ ! ਜੀਹਨੂੰ ਗੁਲਾਮ ਮੁਹੰਮਦ ਨੇ ਸਾਰੀ ਜ਼ਮੀਨ ਵਾਹੀ ਵਾਸਤੇ ਦੇ ਛੱਡੀ ਸੀ। ਏਹ ਧਰਤੀ ਕਿਉਂ ਨਾ ਰੋਵੇ? ਏਸ ਧਰਤੀ ਨੂੰ ਤੇ ਚੀਕਾਂ ਮਾਰਨੀਆਂ ਚਾਹੀਦੀਆਂ ਨੇ। ਪਰ ਇਹ ਝੱਲੀ, ਤੇ ਚੁੱਪ-ਚੁਪੀਤੀ ਰੋਂਦੀ ਰਹਿੰਦੀ ਏ।

ਹੁਣ ਏਹ ਧਰਤੀ ਕਿੰਝ ਖ਼ੁਸ਼ ਹੋਵੇ ? ਏਹਦੀ ਸੋਚ ਕਿਸ ਤਰ੍ਹਾਂ ਮਿਟੇ ? ਏਹ ਧਰਤੀ ਕਿਉਂ ਨਾ ਹੌਕੇ ਭਰੇ ਤੇ ਅੱਥਰੂ ਕੇਰੇ? ਏਹਦੇ ਹੌਕਿਆਂ ਵਿਚ ਲਾਜਵੰਤੀ ਦੀਆਂ ਚੀਕਾਂ, ਤੇ ਨੂਰਾਂ ਦੀਆਂ ਪੁਕਾਰਾਂ ਨੇ, ਜਿਨ੍ਹਾਂ ਦੇ ਨੰਗੇ ਪਿੰਡਿਆਂ ਤੇ ਕਈ ਲੋਕ ਭੁੱਖੇ ਦਰਿੰਦਿਆਂ ਵਾਂਗ ਚੱਕ ਵੱਢਦੇ ਰਹੇ। ਤੇ, ਉਨ੍ਹਾਂ ਨੂੰ ਕੋਈ ਵੀ ਛੁਡਾ ਨਾ ਸਕਿਆ।

ਲੱਖਾਂ, ਨੂਰਾਂ ਤੇ ਲੱਖਾਂ ਲਾਜਵੰਤੀਆਂ...... ਲੱਖਾਂ, ਗੁਲਾਮ ਮੁਹੰਮਦ ਤੇ ਲੱਖਾਂ, ਕਰਮ ਸਿੰਘ.......ਲੱਖਾਂ, ਨੂਰ ਦੀਨ ਤੇ ਲੱਖਾਂ, ਰਾਮ ਨਾਥ .......ਤੇ ਏਸ ਧਰਤੀ ਨੂੰ ਏਹਨਾਂ ਦਾ ਲਹੂ ਪੀਣਾ ਪਿਆ। ਏਹ ਧਰਤੀ ਚੁੱਪ-ਚੁਪੀਤੀ, ਲਹੂ ਪੀਂਦੀ ਰਹੀ ...........ਤੇ ਉਹੋ ਲਹੂ ਛਾਲੇ ਬਣ ਕੇ ਇਹਦੇ ਸੀਨੇ ਵਿੱਚੋਂ ਸਿੰਮਦਾ ਰਿਹਾ।

'ਪਰ ਸ਼ਾਮਾਂ ਕਿਉਂ ਉਦਾਸ ਹੁੰਦੀਆਂ ਨੇ? .......ਤੇ ਏਹ ਸ਼ਾਮ ........ਅੱਜ ਦੀ ਸ਼ਾਮ, ਉਦਾਸ ਸ਼ਾਮ, ਸਭ ਕੋਲੋਂ ਜ਼ਿਆਦਾ ਉਦਾਸ ਕਿਉਂ ਏ? .......ਯੂਨਾਨ ਦੇ ਖੰਡਰਾਂ, ਤੇ ਰੋਮ ਦੇ ਉੱਜੜੇ ਹੋਏ ਪੁਰਾਣੇ ਸ਼ਹਿਰਾਂ ਦੀ ਸਾਰੀ ਡਰਾਉਣੀ ਉਦਾਸੀ ਇਹਦੀ ਕੁੱਛੜ ਵਿਚ ਕਿਉਂ ਆ ਬੈਠੀ ਏ?' ਮੈਂ ਐਹੋ ਈ ਸੋਚਦਾ ਪਿਆ ਵਾਂ।

ਇਹ, ਲੋਕ ਜਿਹੜੇ ਨੀਵੀਂ ਪਾ ਕੇ ਲੰਘਦੇ ਪਏ ਨੇ। ਇਹ, ਬੱਚੇ ਸੜਕ ਦੇ ਕੰਢੇ ਬੈਠੇ ਹੋਏ ਨੇ, ਹਰ ਆਉਣ ਜਾਣ ਵਾਲੇ ਨੂੰ ਹਸਰਤ ਨਾਲ ਵੇਖਦੇ ਨੇ । ਇਹ, ਮਜ਼ਦੂਰ ਜਿਹੜੇ ਉਸ ਵੱਡੀ ਸਾਰੀ ਇਮਾਰਤ ਤੋਂ ਥੱਲੇ ਉੱਤਰਦੇ ਨੇ, ਏਹ ਸਭ ਚੁੱਪ ਕਿਉਂ ਨੇ?

ਇਹ, ਕਾਰਾਂ ਵਿਚ ਬੈਠੇ ਹੋਏ ਲੋਕਾਂ ਦੇ ਹਾਸੇ ਇਕ ਦਮ ਟੁੱਟ ਕਿਉਂ ਜਾਂਦੇ ਨੇ। ਇਹ, ਤੰਗ ਕੱਪੜਿਆਂ ਵਿਚ ਫਸੀ ਹੋਈ ਸੋਹਣੀ ਜਿਹੀ ਜਵਾਨ ਕੁੜੀ ਉਸ ਮਕਾਰ ਬਦਸ਼ਕਲ ਬੰਦੇ ਨਾਲ ਹੱਸ-ਹੱਸ ਕੇ ਗੱਲਾਂ ਕਰਦਿਆਂ, ਇਕ ਦਮ ਚੁੱਪ ਤੇ ਉਦਾਸ ਕਿਉਂ ਹੋ ਗਈ? ਉਸ ਬੰਦੇ ਨੇ ਦੌੜ ਕੇ, ਸੜਕ ਦੇ ਦੂਜੇ ਕੰਢੇ ਖਲੋਤੇ ਹੋਏ ਬੰਦੇ ਨਾਲ ਕੀ ਗੱਲ ਕੀਤੀ ਏ ? ਤੇ, ਉਸ ਬੁੱਢੇ ਦੀਆਂ ਰਗਾਂ ਕਿਉਂ ਫੁੱਲੀਆਂ ਹੋਈਆਂ ਨੇ? ਜਿਹਨੂੰ ਇਕ ਕਾਰਖ਼ਾਨੇ ਦੇ ਬੂਹੇ ਵਿਚ ਧੱਕੇ ਖਾਂਦੇ ਵੇਖਿਆ ਸੀ।

ਉਸ ਅਵਾਰਾ ਕੁੱਤੇ ਦੇ ਪੈਰਾਂ ਵਿੱਚ ਬਾਸੀ ਰੋਟੀ ਦੇ ਟੁਕੜੇ ਵੱਲ ਵੇਖ ਕੇ ਉਸ ਮਾਈ, ਰੱਬ ਕੋਲੋਂ ਕੀ ਪੁੱਛਿਆ ਏ?

ਤੇ ਇਹ ਧਰਤੀ ਤੇ ਮੈਂ .......ਅਸੀਂ ਦੋਵੇਂ ਕਿਉਂ ਰੋਂਦੇ ਪਏ ਆਂ? ਮੇਰੇ ਅੱਥਰੂ ਧਰਤੀ ਵਿੱਚ ਸਮਾਉਂਦੇ ਪਏ ਨੇ, ਤੇ ਧਰਤੀ ਦੇ ਅੱਥਰੂ ਡੁਬਦੀ ਸ਼ਾਮ ਦੀ ਸਿਆਹੀ ਵਿੱਚ ਘੁਲਦੇ ਪਏ ਨੇ ...... ਅਤੇ ਇਹ ਸ਼ਾਮ ਉਦਾਸ ਕਿਉਂ ਏ ?

ੴ ੴ ੴ ੴ ੴ

---

*ਹੋਰ ਸ਼ਾਇਰਾਂ ਚੱਕੀਆਂ ਝੋਤੀਆਂ ਨੇ,*
*ਗੱਲਾ ਪੀਠਿਆ ਵਿਚ ਖਰਾਸ ਦੇ ਮੈਂ।*
*–ਵਾਰਸ ਸ਼ਾਹ–*

20

# ਮੰਗਲ ਬੁੱਧ

## ਸਲੀਮ ਖਾਂ ਗ਼ਿਮੀਂ

ਅੰਗਰੇਜ਼ੀ ਮਹੀਨੇ ਦੀ ਸਭ ਤੋਂ ਵੱਡੀ ਗੱਲ ਕੀ ਏ? ਤੁਹਾਨੂੰ ਨਹੀਂ ਪਤਾ, ਮੈਨੂੰ ਪਤਾ ਏ। ਏਸ ਮਹੀਨੇ ਵਿਚ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਗਿੱਟੇ-ਗਿੱਟੇ ਰਹਿ ਜਾਂਦਾ ਏ। ਰਾਵੀ ਇਕ ਦਰਿਆ ਏ। ਏਸ ਵਾਸਤੇ ਜਨਵਰੀ ਦੇ ਮਹੀਨੇ, ਏਹਦੇ ਵਿਚ ਵੀ ਪਾਣੀ ਗਿੱਟੇ-ਗਿੱਟੇ ਹੋ ਜਾਂਦਾ ਏ। ਤੁਸੀਂ ਹੱਸ ਰਹੇ ਹੋਵੋਗੇ ਪਈ ਕਿਹੜੀ ਨਿਰਾਲੀ ਤੇ ਖ਼ਾਸ ਗੱਲ ਦੱਸੀ ਏ? ਹੋ ਸਕਦਾ ਏ, ਤੁਹਾਡੇ ਮੁਹਾਂਦਰੇ ਤੇ ਗੁੱਸੇ ਦਾ ਹਨ੍ਹੇਰਾ ਵੀ ਖਿੱਲਰਿਆ ਹੋਵੇ। ਪਰ, ਸੁਣੋਂ! 'ਜਨਵਰੀ ਵਿਚ ਰੱਸ ਭਰੇ ਸੰਤਰੇ ਹੁੰਦੇ ਨੇ। ਖ਼ਾਸ ਤੌਰ ਤੇ ਫੈਸਲਾਬਾਦ, ਝੰਗ ਤੇ ਸਰਗੋਧੇ ਵੱਲ। ਏਸ ਮਹੀਨੇ ਵਿਚ ਨਰਗਿਸ ਦੇ ਫੁੱਲ ਹੁੰਦੇ ਨੇ, ਖ਼ਾਸ ਤੌਰ ਤੇ ਲਾਹੌਰ ਦੇ ਬਾਗ਼ਾਂ ਵਿਚ। ਏਸ ਮਹੀਨੇ ਪਤਲੀਆਂ-ਪਤੰਗ, ਸੂਝਵਾਨ, ਕੁੜੀਆਂ-ਚਿੜੀਆਂ, ਓਵਰਕੋਟ ਤੇ ਪੁਲਓਵਰ ਪਾਕੇ ਮੋਟੀਆਂ ਤੇ ਗੋਲ-ਮਟੋਲ ਨਜ਼ਰ ਆਉਂਦੀਆਂ ਨੇ। ਖ਼ਾਸ ਤੌਰ ਤੇ ਉਹ, ਜਿਹੜੀਆਂ ਕਰਾਚੀ ਵਿਚ ਜੰਮੀਆਂ, ਤੇ ਹੁਣ ਫ਼ੈਸਲਾਬਾਦ ਵਿਚ ਜਵਾਨ ਹੋ ਰਹੀਆਂ ਨੇ। ਪਰ ਮੈਂ ਤੇ ਗੱਲ ਕਰ ਰਿਹਾ ਵਾਂ ਸ਼ੱਕਰਗੜ੍ਹ ਦੀ, ਜਿੱਥੇ ਰਾਵੀ ਵਿਚ ਪਾਣੀ ਹੁੰਦਾ ਏ, ਗਿੱਟੇ-ਗਿੱਟੇ, ਜਨਵਰੀ ਦੇ ਮਹੀਨੇ ਵਿਚ।

ਸ਼ੱਕਰਗੜ੍ਹ ਨੂੰ ਤੁਸਾਂ ਨਹੀਂ ਵੇਖਿਆ ਹੋਵੇਗਾ। ਮੈਂ ਤੇ ਪਿਛਲੇ ਤੀਹ ਸਾਲਾਂ ਤੋਂ ਵੇਖਦਾ ਆ ਰਿਹਾ ਵਾਂ। ਮੈਂ ਤੇ ਉਦੋਂ ਵੀ ਸ਼ੱਕਰਗੜ੍ਹ ਨੂੰ ਵੇਖਿਆ ਸੀ, ਜਦੋਂ ਜਰਨਲ ਯਾਹੀਆ ਖ਼ਾਨ ਸਾਡੇ ਪ੍ਰਧਾਨ ਸਨ ਤੇ ਅਸਾਂ ਹਿੰਦੁਸਤਾਨ ਨਾਲ ਯੁੱਧ ਕੀਤਾ ਸੀ। ਤੇ, ਸਾਡੇ 284 ਪਿੰਡ ਹਿੰਦੁਸਤਾਨ ਦੇ ਕਬਜ਼ੇ ਵਿਚ ਚਲੇ ਗਏ ਸਨ। ਤਹਿਸੀਲ ਸ਼ੱਕਰਗੜ੍ਹ, ਜ਼ਿਲ੍ਹਾ ਸਿਆਲਕੋਟ ਦੀ ਤਹਿਸੀਲ ਏ। 1947 ਤੋਂ ਪਹਿਲਾਂ, ਏਹ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਸੀ। ਹੁਣ ਜਦੋਂ ਹਿੰਦੁਸਤਾਨ ਨਾਲ ਲੜਨੇ ਆਂ, ਜਾਂ ਹਿੰਦੁਸਤਾਨ ਸਾਡੇ ਨਾਲ ਲੜਦਾ ਏ, ਤਹਿਸੀਲ ਸ਼ੱਕਰਗੜ੍ਹ ਦੀ ਸ਼ਾਮਤ ਆ ਜਾਂਦੀ ਏ।

ਰਾਵੀ ਦਰਿਆ ਤਹਿਸੀਲ ਸ਼ੱਕਰਗੜ੍ਹ ਤੇ ਹਿੰਦੁਸਤਾਨ ਦੇ ਵਿਚਕਾਰ ਸਰਹੱਦੀ ਲਕੀਰ ਦਾ ਕੰਮ ਦੇਂਦਾ ਏ। ਉੱਧਰ ਹਿੰਦੁਸਤਾਨ, ਏਧਰ ਪਾਕਿਸਤਾਨ, ਮਤਲਬ ਤਹਿਸੀਲ ਸ਼ੱਕਰਗੜ੍ਹ, 'ਰਾਵੀ' ਵਿਚਕਾਰ! ਇੰਝ ਸਮਝੋ, ਜ਼ਲਾਲਾ-ਸ਼ਰੀਫ਼ ਤੋਂ ਲੈ ਕੇ ਜੱਸੜ ਤੀਕਰ ਦਰਿਆ ਰਾਵੀ ਦੋਹਾਂ ਦੇਸ਼ਾਂ ਨੂੰ ਅੱਡ-ਅੱਡ ਕਰਦਾ ਏ। ਥਾਣਾ ਕੋਟ ਨੈਣਾ, ਤਹਿਸੀਲ ਸ਼ੱਕਰਗੜ੍ਹ ਦਾ ਸਰਹੱਦੀ ਥਾਣਾ ਏ। ਸੁਨੀਲਾ ਤੇ ਰੋਸ਼ਨ ਨੂੰ ਮੈਂ ਥਾਣੇ ਅੰਦਰ ਵੇਖਿਆ ਸੀ। ਏਹੀ, ਜਨਵਰੀ ਦਾ ਅਖ਼ੀਰਲਾ ਹਫ਼ਤਾ ਸੀ। ਲਾਇਲਪੁਰ ਵਿਚ ਰਸ ਭਰੇ ਸੰਤਰੇ ਵਿਕ ਰਹੇ ਸਨ। ਲਾਹੌਰ ਦੇ ਬਾਗ਼ਾਂ ਦੇ ਅੰਦਰ ਨਰਗਿਸ ਦੇ ਪੀਲੇ ਫੁੱਲ, ਨਰਮ ਮੁਲਾਇਮ ਵਾਸ਼ਨਾ ਤੇ ਉਦਾਸ ਰੰਗ ਖਿਲਾਰ ਰਹੇ ਸਨ। ਕਰਾਚੀ ਵਿਚ ਜੰਮਣ ਵਾਲੀਆਂ ਸੋਹਣੀਆਂ ਮੁਟਿਆਰਾਂ, ਇਸਲਾਮਾਬਾਦ ਜੁਆਨ ਹੋ ਰਹੀਆਂ ਸਨ। ਤੇ ਜ਼ਲਾਲਾ-ਸ਼ਰੀਫ਼ ਦੇ ਆਲੇ-ਦੁਆਲੇ ਹਰੇ ਕਚੂਰ, ਸਰੋਂਆਂ ਦੇ ਖੇਤਾਂ ਅੰਦਰ ਪੰਜਾਬ ਦੀ ਰਹਿਤਲ ਤੇ ਵਾਤਾਵਰਣ ਦਾ ਪੀਲਾ ਰੰਗ ਉੱਛਲ ਰਿਹਾ ਸੀ।

ਸੁਨੀਲਾ, ਜਦੋਂ ਮੈਂ ਥਾਣਾ, ਕੋਟ ਨੈਣਾਂ ਦੇ ਵੇਹੜੇ ਅੰਦਰ ਵੜਿਆਂ ਸਾਂ, ਮੈਨੂੰ ਡਿਉੜ੍ਹੀ ਵਿਚ ਬੈਠੀ ਨਜ਼ਰ ਆਈ ਸੀ ਤੇ ਰੋਸ਼ਨ ਹਵਾਲਾਤ ਅੰਦਰ ਬੈਠਾ ਸੀ । ਸੁਨੀਲਾ ਦੇ ਸੋਹਣੇ ਮੁਲਾਇਮ ਤੇ ਕਣਕਵੰਨੇ ਰੰਗ ਮੁਖੜੇ ਉੱਤੇ ਸਫ਼ਰ ਦੀ ਧੂੜ ਵੱਸ ਰਹੀ ਸੀ। ਰੋਸ਼ਨ, ਗੋਡਿਆਂ ਵਿਚ ਸਿਰ ਦੇ ਕੇ ਚੁੱਪ-ਚਾਪ ਬੈਠਾ ਸੀ। ਮੈਂ ਥਾਣੇ ਦੇ ਵੇਹੜੇ ਅੰਦਰ ਵੜਦਿਆਂ ਹੋਇਆਂ ਆਪਣੀ ਪਤਲੂਨ ਦੀ ਹਿੱਪ-ਪਾਕਟ ਨੂੰ ਟੋਹ ਕੇ ਵੇਖਿਆ ਉਹਦੇ ਅੰਦਰ ਸੌ-ਸੌ ਦੇ ਪੰਜ ਨੋਟ ਸਨ। ਜਿਹੜੇ ਥੱਦੀ ਬਣਕੇ ਪਾਕਟ ਅੰਦਰ ਆਰਾਮ ਕਰ ਰਹੇ ਸਨ। ਦੋ ਨੋਟ, ਥਾਣੇਦਾਰ ਦੇ ਸਨ, ਜਿਹੜੇ ਉਸਨੂੰ ਰਿਸ਼ਵਤ ਵਿਚ ਦੇਣ ਵਾਸਤੇ ਲਿਆਇਆ ਸਾਂ।

ਜ਼ਲਾਲਾ-ਸ਼ਰੀਫ਼ ਵਿਚ ਮੇਰੀ ਵਿਧਵਾ ਭੈਣ ਦੀ ਵੀਹ ਘੁੰਮਾਂ ਜ਼ਮੀਨ ਸੀ। ਉਹਦਾ ਮੁਜ਼ਾਰਾ ਇਕ ਸਿੱਧ-ਪੱਧਰਾ ਆਦਮੀ, ਅਮਾਨਤ ਅਲੀ ਸੀ। ਉਹ ਜ਼ਮੀਨ ਦੀ ਵੰਡਾਈ-ਵੱਟੀ ਇਮਾਨਦਾਰੀ ਨਾਲ ਮੇਰੀ ਭੈਣ ਨੂੰ ਦੇ ਦਿੰਦਾ ਸੀ। ਉਹਨੇ ਏਸ ਤਰ੍ਹਾਂ ਕਣਕ ਤੇ ਮੱਕਈ ਦੀਆਂ ਕਈ ਫਸਲਾਂ ਮੇਰੀ ਭੈਣ ਨੂੰ ਦਿੱਤੀਆਂ। ਫੇਰ, ਇਕ ਦਿਨ ਉਹਦੇ ਉੱਤੇ ਅਗਵਾ ਦਾ ਝੂਠਾ ਮੁਕੱਦਮਾ ਬਣ ਗਿਆ ਤੇ ਉਸ ਨੂੰ ਦੋ ਸਾਲ ਦੀ ਸਜ਼ਾ ਹੋ ਗਈ। ਜਦੋਂ ਉਹ ਜੇਲ-ਯਾਤਰਾ ਕਰਕੇ ਪਰਤਿਆ ਤੇ ਉਹ ਬਦਮਾਸ਼ ਬਣ ਚੁੱਕਾ ਸੀ। ਹੁਣ ਵੰਡਾਈ ਲੈਣ ਵਾਸਤੇ ਮੈਨੂੰ ਹਰ ਸਾਲ ਦੋ ਵਾਰ ਥਾਣੇ ਜਾਣਾ ਪੈਂਦਾ ਸੀ। ਥਾਣੇਦਾਰ, ਅਮਾਨਤ ਅਲੀ ਨੂੰ ਬੁਲਾਉਂਦਾ, ਓਸ ਨੂੰ ਦਬਕਾ ਮਾਰਦਾ, ਤੇ ਇੰਝ ਮੇਰੀ ਵਿਧਵਾ ਭੈਣ ਨੂੰ ਵੰਡਾਈ ਮਿਲ ਜਾਂਦੀ।

ਐਤਕਾਂ ਮੈਂ ਥਾਣੇ ਅੰਦਰ ਵੜਿਆ ਤੇ ਮੇਰੀ ਨਜ਼ਰ ਸਭ ਤੋਂ ਪਹਿਲਾਂ ਇਕ ਮੁੱਖੜੇ ਤੇ ਪਈ ਜਿਹੜਾ ਨਰਮ ਸੀ ਤੇ ਸੋਹਣਾ ਸੀ। ਜੀਹਦੇ ਉੱਤੇ ਸਫ਼ਰ ਦੀ ਧੂੜ ਜੰਮੀ ਹੋਈ ਸੀ। ਇਹ ਸੁਨੀਲਾ ਦਾ ਮੁਖੜਾ ਸੀ ਤੇ ਸਾਹਮਣੇ ਹਵਾਲਾਤ ਵਿਚ ਰੋਸ਼ਨ ਡੱਕਿਆ ਹੋਇਆ ਸੀ। ਤੇ, ਉਹ ਚੁੱਪ-ਚਾਪ ਸੀ।

"ਅਸਲਾਮ-ਅਲ-ਏਕਮ, ਥਾਣੇਦਾਰ ਸਾਹਿਬ!" ਮੈਂ ਉੱਚੀ ਆਵਾਜ਼ ਨਾਲ ਆਖਿਆ। ਪੁਰਾਣੀ ਕਿਸਮ ਦੇ ਕਮਰੇ ਵਿਚ ਬੈਠੇ ਹੋਏ ਥਾਣੇਦਾਰ ਹੇਠਲੇ ਮੁਨਸ਼ੀ ਤੇ ਸਿਪਾਹੀ ਨੇ ਚੌਕੰਨਾ ਹੋ ਕੇ ਮੇਰੇ ਵੱਲ ਵੇਖਿਆ ਤੇ ਫੇਰ

ਮੈਨੂੰ ਬੜੀ ਬੇਪਰਵਾਹੀ ਨਾਲ ਆਪਣੀਆਂ ਨਿਗਾਹਾਂ ਵਿਚ ਤੋਲਦੇ ਹੋਏ ਆਖਿਆ, "ਵਾ-ਲੇਕਮ!"

"ਮੈਂ ਸਰੀਫ਼ ਤੋਂ ਆਇਆ ਵਾਂ। ਤੁਹਾਡੇ ਨਾਲ ਕੰਮ ਏ?" ਇਹ ਗੱਲ ਮੈਂ ਖਲੋਤੇ-ਖਲੋਤੇ ਆਖੀ। ਮੈਂ ਜਾਚਿਆ ਥਾਣੇਦਾਰ ਅਜੇ ਤੀਕਰ ਮੈਨੂੰ ਮੁਸਤਫ਼ਾ ਆਦਮੀ ਸਮਝਦਾ ਏ। ਉਹ ਹਾਲਾਂ ਆਪਣੀਆਂ ਨਜ਼ਰਾਂ ਵਿਚ ਮੈਨੂੰ ਤੋਲ ਰਿਹਾ ਸੀ। ਉਹ ਦਰ ਅਸਲ ਨਵਾਂ ਥਾਣੇਦਾਰ ਸੀ, ਮੇਹਾ ਪੁਰਾਣਾ ਜਾਣੂੰ ਨਹੀਂ ਸੀ।

"ਜ਼ਲਾਲਾ-ਸ਼ਰੀਫ਼ ਵਿਚ ਪਤਲੂਨ ਵਾਲੇ ਬਾਬੂ ਨਹੀ ਰਹਿੰਦੇ? ਤੁਸੀਂ ਕਿੱਥੋਂ ਆਏ ਓ?" ਉਹ ਕੁਰਸੀ ਤੋਂ ਉੱਠ ਕੇ ਬੋਲਿਆ।

"ਮੈਂ ਅਸਲ ਵਿਚ ਇਸਲਾਮਾਬਾਦ ਤੋਂ ਆਇਆ ਵਾਂ, ਉੱਥੇ ਨੌਕਰ ਵਾਂ", ਮੈਂ ਦੱਸਿਆ।

"ਉੱਥੇ ਕਿਸ ਮਹਿਕਮੇ ਵਿਚ ਓ?", ਉਹਨੇ ਫੇਰ ਪੁੱਛਿਆ।

ਮੈਂ ਉੱਥੇ ਫ਼ੈਡਰਲ ਸੈਕਟਰੀਏਟ ਵਿਚ ਨੌਕਰ ਵਾਂ।" ਥਾਣੇਦਾਰ ਨੇਂ ਮੈਨੂੰ ਕੁਰਸੀ ਉੱਤੇ ਬੈਠਣ ਲਈ ਇਸ਼ਾਰਾ ਕੀਤਾ ਤੇ ਅੱਗੇ ਵਧ ਕੇ ਮੇਰੇ ਨਾਲ ਹੱਥ ਮਿਲਾਇਆ।

"ਤਹਾਨੂੰ ਮਿਲਕੇ ਬੜੀ ਖ਼ੁਸ਼ੀ ਹੋਈ", ਇਸਲਾਮਾਬਾਦ ਵਿਚ ਸਾਡੀ 'ਵੱਡੀ ਸਰਕਾਰ' ਦੇ ਦਫ਼ਤਰ ਨੇ ਤੇ ਇਸ ਦੇ ਨਾਂ ਦਾ ਕਰਮਚਾਰੀਆਂ ਉੱਤੇ ਡਾਢਾ ਰੋਅਬ ਪੈਂਦਾਂ ਏ।

"ਮੈਂ ਸਮਝ ਗਿਆਂ ਵਾਂ ਤੁਸੀ ਕਿਉਂ ਆਏ ਓ?" ਥਾਣੇਦਾਰ ਬੋਲਿਆ।

"ਦਸੋ ਮੈਂ ਕਿਵੇਂ ਆਇਆ ਵਾਂ? "

"ਤੁਸੀਂ ਸੁਨੀਲਾ ਤੇ ਰੋਸ਼ਨ ਵਾਸਤੇ ਆਏ ਓ।"

"ਮਾਸ਼ਾ-ਅੱਲਾ, ਤੁਸੀਂ ਤੇ ਵੱਡੇ ਜ਼ਹੀਨ ਆਦਮੀ ਓ! ਦਿਹਾਤੀ ਥਾਵਾਂ ਵਿਚ ਜ਼ਹੀਨੀਅਤ ਦੀ ਲੋੜ ਨਹੀਂ, ਡੰਡੇ ਦੀ ਲੋੜ ਹੁੰਦੀ ਏ", ਮੈਂ ਉਸ ਨੂੰ ਖ਼ੁਸ਼ ਕਰਨ ਵਾਸਤੇ ਆਖਿਆ।

"ਜਨਾਬ ! ਹੁਣ ਤੇ ਪਿੰਡਾਂ ਵਿਚ ਵੀ ਡੰਡਾ-ਨੀਤੀ ਨਹੀਂ ਚੱਲਦੀ, ਸ਼ਹਿਰਾਂ ਦੀ ਲੋਅ ਪਿੰਡਾਂ ਵਿਚ ਆ ਗਈ ਏ। ਪਹਿਲੇ ਥਾਣੇਦਾਰਾਂ ਵਾਸਤੇ ਪਿੰਡਾਂ ਵਿੱਚੋਂ ਘੋੜੀਆਂ ਤੇ ਘਿਉ ਦੇ ਪੀਪੇ ਆਉਂਦੇ ਸਨ, ਹੁਣ ਸਿਆਸੀ ਲੀਡਰ ਤੇ ਕਾਮੇ ਆਉਂਦੇ ਨੇ ਤੇ ਰੋਅਬ ਪਾਉਂਦੇ ਨੇ।" ਥਾਣੇਦਾਰ ਕੋਈ ਭਲਾ ਆਦਮੀ ਸੀ ਜਿਹੜਾ ਗਿਲਾ ਕਰ ਰਿਹਾ ਸੀ।

"ਤੁਸੀਂ ਫੇਰ ਵੀ ਸ਼ਹਿਰੀ ਥਾਣੇਦਾਰਾਂ ਨਾਲੋਂ ਚੰਗੇ ਓ। ਸ਼ਹਿਰਾਂ ਵਿਚ ਤੇ ਹੁਣ ਸਿਰਫ਼ ਅਫ਼ਸਰਾਂ ਦੇ ਖ਼ਿਲਾਫ਼ ਸ਼ਿਕਾਇਤ ਕਰਨ ਵਾਲੇ ਈ ਰਹਿ ਗਏ ਨੇ। ਸ਼ਹਿਰ ਦੇ ਵਸਨੀਕਾਂ ਕੋਲ ਤਾਰੀਫ਼ ਤੇ ਸ਼ੋਭਾ ਲਈ ਨਾ ਵਿਹਲ ਏ, ਨਾ ਮੌਕਾ ਤੇ ਦਿਮਾਗ਼", ਮੈਂ ਉਸ ਨੂੰ ਤਸੱਲੀ ਦੇਂਦਿਆ ਹੋਇਆ ਆਖਿਆ।

ਥਾਣੇਦਾਰ ਖ਼ੁਸ਼ ਹੋ ਕੇ ਮੇਰੇ ਵੱਲ ਤਕਿਆ, ਫੇਰ ਉਸ ਇਕ ਸਿਪਾਹੀ ਵੱਲ ਤਕਿਆ ਤੇ ਬੋਲਿਆ, "ਸੁਜਾਨ! ਜਾਉ, ਜਾਕੇ ਚਾਹ ਤਿਆਰ ਕਰਵਾਓ ਤੇ ਜਦੋਂ ਤੀਕ ਚਾਹ ਤਿਆਰ ਹੁੰਦੀ ਏ ਤੁਸੀ ਰੋਸ਼ਨ ਨਾਲ ਮਿਲ ਲਓ, ਔਹ! ਸਾਮ੍ਹਣੇ ਹਵਾਲਾਤ ਵਿਚ, ਅੰਦਰ ਏ। ਤੁਸੀਂ ਮਿਲਣੀ ਕਰ ਲਉ, ਤੁਹਾਡਾ ਮਨ ਚਾਹੇ ਸੁਨੀਲਾ ਨੂੰ ਵੀ ਡਿਉੜ੍ਹੀ ਵਿੱਚੋਂ ਉਠਾ ਕੇ ਹਵਾਲਾਤ ਕੋਲ ਲੈ ਜਾਉ।"

ਮੈਂ ਸੁਨੀਲਾ ਨੂੰ ਨਾਲ ਲਿਆ ਤੇ ਹਵਾਲਾਤ ਅੱਗੇ ਜਾ ਕੇ ਬਹਿ ਗਿਆ। ਉਹ ਲੰਮੇ ਕੱਦ ਵਾਲੀ ਮੁਟਿਆਰ ਸੀ। ਮੇਰੇ ਤੇ ਰੋਸ਼ਨ ਵਿਚਕਾਰ ਬੂਹੇ ਦੀਆਂ ਸੀਖਾਂ ਸਨ। ਸੁਨੀਲਾ ਹਵਾਲਾਤ ਦੀ ਕੰਧ ਨਾਲ ਢਾਸਣਾ ਲਾ ਕੇ ਬਹਿ ਗਈ। ਮੈਂ ਰੋਸ਼ਨ ਦੇ ਸਾਹਮਣੇ ਚੌਂਕੜੀ ਮਾਰ ਕੇ ਬਹਿ ਗਿਆ। ਮੈਂ ਸਿਗਰਟ ਬਾਲਿਆ ਤੇ ਰੋਸ਼ਨ ਨੂੰ ਫੜਾਇਆ। ਫੇਰ ਦੂਜਾ ਸਿਗਰਟ ਬਾਲਿਆ ਤੇ ਮੂੰਹ ਭਰ ਕੇ ਧੂੰਆਂ ਸੀਖਾਂ ਦੇ ਪਰਲੇ ਪਾਸੇ ਕੋਠੜੀ ਵਿਚ ਸੁੱਟਿਆ। ਰੋਸ਼ਨ ਨੂੰ ਵੇਖ ਕੇ ਮੇਰੇ ਮੂੰਹ-ਮੁਹਾਂਦਰੇ ਉੱਤੇ ਮੁਸਕਾਨ ਆ ਗਈ। ਮੈਂ ਓਸ ਨੂੰ ਪੁੱਛਿਆ, "ਕਦੋਂ ਦਾ ਅੰਦਰ ਏਂ?" ਮੇਰੇ ਸਵਾਲ ਕਰਨ ਦਾ ਢੰਗ ਬੇ-ਤਕਲਫ਼ਾਨਾ ਸੀ। ਮੈਂ ਉਸ ਨੂੰ ਇੰਝ ਪੁੱਛਿਆ ਸੀ, ਜਿੰਝ ਮੈਂ ਉਸ ਨੂੰ ਇੱਕ ਮੁਦੱਤ ਤੋਂ ਜਾਣਨਾ ਹਾਂ। ਅਸਲ ਗੱਲ ਇਹ ਸੀ, ਪਈ, ਮੈਂ ਓਸ ਨੂੰ ਏਸ ਤੋਂ ਪਹਿਲੇ ਕਦੀ ਨਹੀਂ ਸੀ ਵੇਖਿਆ। ਉਹ ਮੱਧਰੇ ਕੱਦ-ਕਾਠ ਦਾ ਆਮ ਜਿਹਾ ਗੱਭਰੂ ਸੀ। ਉਹਦੇ ਸਿਰ ਦੇ ਵਾਲ ਲੰਮੇ ਸਨ, ਮੁੱਛਾਂ ਮੋਟੀਆਂ-ਮੋਟੀਆਂ ਸਨ। ਮੱਥਾ ਚੌੜਾ ਸੀ, ਕੰਨ ਵੱਡੇ ਸਨ। ਅੱਖਾਂ ਮੋਟੀਆਂ ਸਨ, ਨੱਕ ਵੀ ਮੋਟਾ ਸੀ । ਹੱਥ ਪੈਰ ਮਜ਼ਬੂਤ ਤੇ ਕਰੜੇ ਸਨ। ਗਲੇ ਵਿਚ ਚੈੱਕ ਦੀ ਕਮੀਜ਼ ਉੱਤੇ ਨਸਵਾਰੀ ਰੰਗ ਦਾ ਸਵੈਟਰ ਸੀ। ਸਵੈਟਰ ਉੱਤੇ ਦੀ ਕੋਟ ਪਾਇਆ ਹੋਇਆ ਸੀ। ਏਹ ਕੋਟ ਪੁਰਾਣਾ ਸੀ, ਕਿਸੇ ਲੰਡੇ-ਬਜ਼ਾਰ ਵਿਚੋਂ ਖਰੀਦਿਆ ਗਿਆ ਜਾਪਦਾ ਸੀ। ਉਹਨੇ ਤੇੜ ਸੁੱਥਣ ਪਾਈ ਹੋਈ ਸੀ, ਤੇ ਉਮਰ ਪੰਝੀ ਸਾਲ ਦੇ ਲੱਗ-ਭੱਗ ਸੀ।

"ਕੱਲ ਤਰਕਾਲਾਂ ਵੇਲੇ ਤੋਂ", ਉਹ ਹੌਲੀ ਜਿਹੀ ਬੋਲਿਆ। ਉਹਦੇ ਬੋਲਣ ਵਿਚ ਉਦਾਸੀ ਤੇ ਗ਼ਮ ਲੁਕਿਆ ਹੋਇਆ ਸੀ।

"ਸੁਨੀਲਾ ਤੇਰੀ ਕੀ ਲੱਗਦੀ ਏ?" ਮੈਂ ਦੂਜਾ ਸਵਾਲ ਕੀਤਾ।

"ਮੇਰੀ ਘਰ ਵਾਲੀ ਏ" ਉਹ ਉਦਾਸ ਹੋ ਕੇ ਬੋਲਿਆ।

"ਪੁਲਿਸ ਵਾਲਿਆ ਤੈਨੂੰ ਕਿਹੜੇ ਜ਼ੁਰਮ ਵਿਚ ਫੜਿਆ ਏ? "

"ਅਗ਼ਵਾਹ ਵਿਚ।"

"ਘਰ ਵਾਲੀ ਦਾ ਅਗ਼ਵਾਹ! ਕੋਈ ਆਪਣੀ ਧਰਮ ਪਤਨੀ ਨੂੰ ਕਿਵੇਂ ਕੱਢ ਕੇ ਲੈ ਜਾ ਸਕਦਾ ਏ ?"

"ਉਹ ਮੰਨਦੇ ਈ ਨਹੀਂ, ਪਈ ਸੁਨੀਲਾ ਮੇਰੀ ਘਰ ਵਾਲੀ ਏ।"

"ਤੁਸੀਂ ਕਿੱਥੇ ਦੇ ਰਹਿਣ ਵਾਲੇ ਓ ?"

"ਮੈਂ ਗੁਜ਼ਰਾਂਵਾਲੇ ਦਾ ਰਹਿਣ ਵਾਲਾਂ ਵਾਂ। ਤੁਸੀ ਕਿੱਥੇ ਰਹਿੰਦੇ ਓ? "

"ਮੈਂ ਏਸ ਇਲਾਕੇ ਦਾ ਰਹਿਣ ਵਾਲਾ ਵਾਂ। ਇਲਾਮਾਬਾਦ 'ਚ ਮੇਰੀ ਨਿੱਕੀ ਜਿਹੀ ਦੁਕਾਨ ਏ" ਰੋਸ਼ਨ ਨੂੰ ਮੈਂ ਸੱਚੀ ਗੱਲ ਦੱਸੀ। ਥਾਣੇਦਾਰ ਨੂੰ ਇਹ ਝੂਠ ਬੋਲਿਆ ਸੀ, ਪਈ ਇਸਲਾਮਾਬਾਦ ਸੈਕਟਰੀਏਟ ਵਿਚ ਨੌਕਰ ਆਂ।

"ਤਹਾਨੂੰ ਸਾਡੀ ਗ੍ਰਿਫਤਾਰੀ ਦਾ ਕਿਵੇਂ ਪਤਾ ਚੱਲਿਆ ਤੇ ਤੁਸੀਂ ਸਾਡੇ ਵਾਸਤੇ ਏਥੇ ਕਿਵੇਂ ਆਏ?" ਉਹਨੇ ਖ਼ਾਸ ਤੌਰ ਤੇ ਦੋ ਸਵਾਲ ਕੀਤੇ।

"ਮੈਨੂੰ ਤੇਰੀ ਗ੍ਰਿਫਤਾਰੀ ਦਾ ਪਤਾ, ਏਸੇ ਥਾਣੇ ਦੇ ਵੇਹੜੇ ਅੰਦਰ ਆ ਕੇ ਚੱਲਿਆ। ਮੈਨੂੰ ਪਹਿਲੇ ਤੁਹਾਡਾ ਕੋਈ ਪਤਾ ਨਹੀਂ ਸੀ। ਉਹ ਤੇ ਥਾਣੇਦਾਰ ਸਮਝਿਆ, ਪਈ ਮੈਂ ਤੁਹਾਨੂੰ ਛੁਡਾਉਣ ਵਾਸਤੇ ਸ਼ਿਫ਼ਾਰਸ਼ੀ ਬਣ ਕੇ ਆਇਆ ਵਾਂ। ਉਸੇ ਨੇ ਮੈਨੂੰ ਤੇਰਾ ਤੇ ਸੁਨੀਲਾ ਦਾ ਨਾਂ ਦੱਸਿਆ।"

"ਤੁਹਾਡੀ ਮੇਹਰਬਾਨੀ ਏ, ਤੁਸੀਂ ਸਾਡੇ ਵਿਚ ਦਿਲਚਸਪੀ ਲਈ।"

"ਰੋਸ਼ਨ ਅਸਲ ਕਿੱਸਾ ਕੀ ਏ?"

"ਕਿੱਸਾ ਏਹ ਵੇ, ਪਈ ਮੈਂ ਤੇ ਮੇਰੀ ਟੱਬਰੀ ਕੱਲ ਦਰਿਆ ਰਾਵੀ ਟੱਪ ਕੇ ਗੁਰਦਾਸਪੁਰ ਜਾਣ ਵਾਲੇ ਸਾਂ, ਤੇ ਰਾਹ ਵਿਚ ਫੜੇ ਗਏ।"

"ਤੁਸੀਂ ਗੁਰਦਾਸਪੁਰ ਕੀ ਕਰਨ ਜਾ ਰਹੇ ਸੀ ?"

"ਮੇਰਾ ਸੌਹਰਾ, ਮਤਲਬ ਮੇਰੀ ਟੱਬਰੀ ਦਾ ਬਾਪੂ ਉੱਥੇ ਮਰ ਗਿਆਂ ਏ," ਉਹ ਬੋਲਿਆ।

"ਕੀ ਨਾਂ ਸੀ ਤੇਰੇ ਸੌਹਰੇ ਦਾ? "

"ਤਾਇਆ ਮੰਗਲ ਸਿੰਘ।"

"ਤੇ ਕੀ ਤੂੰ ਸਿੱਖ ਏ?" ਮੈਂ ਹੈਰਾਨ ਹੋ ਕੇ ਛੇਤੀ ਨਾਲ ਪੁੱਛਿਆ।

"ਨਹੀਂ ਮੁਸਲਮਾਨ ਆਂ, ਸੁਨੀਲਾ ਪਹਿਲੇ ਸਿੱਖਣੀ ਸੀ ਹੁਣ ਮੁਸਲਮਾਨਣੀ ਏ। ਇਹਦਾ ਪਹਿਲਾ ਨਾਂ, ਸੰਤ ਕੌਰ ਸੀ।" ਉਹ ਬੋਲਿਆ ਤੇ ਫੇਰ ਛੇਤੀ-ਛੇਤੀ ਸਿਗਰਟ ਦੇ ਸੂਟੇ ਮਾਰਨ ਲੱਗ ਪਿਆ। ਮੇਰੀ ਸਮਝ ਵਿਚ ਕੁਝ ਨਾ ਆਇਆ। ਮੈਂ ਸੁਨੀਲਾ ਵੱਲ ਵੇਖਿਆ । ਉਹ ਕੰਧ ਦੇ ਆਸਰੇ ਨਾਲ ਸੌਂ ਗਈ ਸੀ! ਵਿਚਾਰੀ!!!

"ਮੇਰੀ ਸਮਝ ਵਿਚ ਤੇਰੀ ਕੋਈ ਗੱਲ ਨਹੀਂ ਆਈ," ਮੈਂ ਰੋਸ਼ਨ ਨੂੰ ਆਖਿਆ। ਰੋਸ਼ਨ ਨੇ ਸਿਗਰਟ ਬੁਝਾ ਦਿੱਤੀ ਤੇ ਸਰੀਰ ਨੂੰ ਇੰਝ ਛੱਡਿਆ ਜਿਂਝ ਉਹ ਸੁਸਤੀ ਨੂੰ ਸਰੀਰ ਨੂੰ ਉੱਤੋਂ ਛੰਡ ਰਿਹਾ ਹੋਵੇ। ਉਹਨੇ ਨੀਝ ਲਾਕੇ ਮੈਨੂੰ ਵੇਖਿਆ ਤੇ ਬੋਲਿਆ:-

"ਪਾਕਿਸਤਾਨ ਬਣਨ ਤੋਂ ਪਹਿਲੇ, ਗੁਰਦਾਸਪੁਰ ਸ਼ਹਿਰ ਅੰਦਰ ਦੋ ਭਰਾ ਰਹਿੰਦੇ ਸਨ। ਦੋਵੇਂ ਸਿੱਖ ਸਨ, ਵੱਡੇ ਦਾ ਨਾਂ ਮੰਗਲ ਸਿੰਘ ਤੇ ਨਿੱਕੇ ਦਾ ਨਾਂ ਬੁੱਧ ਸਿੰਘ ਸੀ। ਵੱਡਾ ਵਿਆਹਿਆ ਹੋਇਆ ਤੇ ਟੱਰਕ ਡਰਾਈਵਰ ਸੀ। ਛੋਟਾ ਵੇਹਲਾ। ਭਰਾ ਤੇ ਭਰਜਾਈ ਦੇ ਸਿਰ ਤੇ ਐਸ਼ ਕਰਦਾ ਸੀ। ਉਹ ਦੋਵੇਂ ਭਰਾਵਾਂ ਵਾਂਗਰ ਘੱਟ ਤੇ ਯਾਰਾਂ-ਬੇਲੀਆਂ ਵਾਂਗਰ ਜ਼ਿਆਦਾ ਰਹਿੰਦੇ ਸਨ। ਕੁਝ ਚਿਰ ਬਾਅਦ ਮੰਗਲ ਨੇ ਬੁੱਧ ਨੂੰ ਕਰਿਆਨੇ ਦੀ ਨਿੱਕੀ ਜਿਹੀ ਦੁਕਾਨ ਪਾ ਦਿੱਤੀ ਤੇ ਉਹ ਵੀ ਘਰ ਦੀ ਅਮਦਨ ਵਿਚ ਵਾਧਾ ਕਰਨ ਲੱਗ ਪਿਆ। ਦੋਵੇਂ ਮਜ਼ੇ ਨਾਲ ਇੱਕੋ ਘਰ ਵਿਚ ਰਹਿੰਦੇ ਸਨ ਤੇ ਕਦੇ ਕਿਸੇ ਨੇ, ਉਹਨਾਂ ਨੂੰ ਲੜਦਿਆਂ ਜਾਂ ਝਗੜਦਿਆਂ ਨਾ ਵੇਖਿਆ ਤੇ ਨਾ ਸੁਣਿਆ। ਜਦ ਕੋਈ ਹੱਸ ਕੇ ਪੁੱਛਦਾ ਪਈ, "ਤੁਸੀਂ ਲੜਦੇ ਕਿਉਂ ਨਹੀਂ?" ਮੰਗਲ ਸਿੰਘ ਅੱਗੋਂ ਹੱਸ ਕੇ ਬੋਲਦਾ, "ਭਰਾ ਸ਼ਰੀਕ ਹੁੰਦੇ ਨੇ, ਪਰ ਅਸੀਂ ਇਕ ਦੂਜੇ ਦੇ ਮਿੱਤਰ ਆਂ, ਮਿੱਤਰ ਸ਼ਰੀਕ ਨਹੀਂ ਹੁੰਦੇ ਫੇਰ ਸਾਡੇ ਵਿਚ ਰੱਟਾ ਕਿਉਂ ਪਵੇ?"

ਪਰ ਜਦੋਂ ਰੱਟਾ ਪਿਆ, ਫ਼ਾਢਾ ਪਿਆ। ਬੁੱਧ ਸਿੰਘ ਨੂੰ ਇਕ ਮੁਸਲਮਾਨ ਅਰਾਈਂ ਕੁੜੀ, ਬਸ਼ੀਰਾਂ ਨਾਲ ਪਿਆਰ ਹੋ ਗਿਆ। ਪਿਆਰ ਤੇ ਕਸਤੂਰੀ ਛਿਪੇ-ਲੁਕੇ ਨਹੀਂ ਰਹਿੰਦੇ!

ਬਸ਼ੀਰਾਂ ਦੇ ਪਿਉ ਅੱਲਾ ਦਿੱਤੇ ਨੂੰ ਪਤਾ ਲੱਗ ਗਿਆ। ਉਹ ਨੇਕ, ਪਰਹੇਜ਼ਕਾਰ ਤੇ ਪੰਜ ਵੇਲੇ ਦਾ ਨਿਮਾਜ਼ੀ ਸੀ। ਬਸ਼ੀਰਾਂ ਉਹਦੀ ਇਕੱਲੀ-ਇਕੱਲੀ ਧੀ ਸੀ। ਉਹ ਬਹਾਦਰ ਤੇ ਦਲੇਰ ਆਦਮੀ ਸੀ ਤੇ ਜਦ ਉਸ ਨੂੰ ਪਤਾ ਚੱਲਿਆ ਪਈ, ਬੁੱਧ ਸਿੰਘ ਉਹਦੀ ਧੀ ਨਾਲ ਪਿਆਰ ਕਰਦਾ ਏ। ਉਹਨੇ ਬੁੱਧ ਸਿੰਘ ਨੂੰ ਬੁਲਾਇਆ ਤੇ ਆਖਿਆ, "ਕਾਕਾ! ਜੇ ਤੇਰੇ ਮਨ ਅੰਦਰ ਖੋਟ ਨਹੀਂ ਤੇ ਬਸ਼ੀਰਾਂ ਨਾਲ ਸੱਚੇ ਦਿਲੋਂ ਪਿਆਰ ਕਰਨਾ ਏਂ ਤੇ ਫੇਰ ਮੁਸਲਮਾਨ ਹੋ ਜਾ, ਮੈਂ ਤੇਰਾ ਵਿਆਹ ਬਸ਼ੀਰਾਂ ਨਾਲ ਕਰ ਦੇਵਾਂਗਾ।" ਬੁੱਧ ਸਿੰਘ ਨੇ ਕੇਸ ਕਟਵਾ ਦਿੱਤੇ, ਕੜਾ ਲਾਹ ਕੇ ਸੁੱਟ ਦਿੱਤਾ । ਮਸੀਤੇ ਜਾ ਕੇ ਇਕ ਮੌਲਵੀ ਦੇ ਹੱਥੋਂ ਮੁਸਲਮਾਨ ਹੋ ਗਿਆ। ਉਹਨੇ ਦੁਕਾਨ ਵੇਚ ਦਿੱਤੀ ਤੇ ਮੰਗਲ ਸਿੰਘ ਦੇ ਘਰ ਜਾਣਾ ਛੱਡ ਦਿੱਤਾ। ਅੱਲਾ ਦਿੱਤੇ ਨੇ ਇਕ ਜੁਮੇ, ਗਲੀ-ਮਹੁੱਲੇ ਦੇ ਲੋਕਾਂ ਨੂੰ ਬੁਲਾਇਆ ਤੇ ਬੜੀ ਸਾਦਗੀ ਨਾਲ 'ਅਲੀ ਅਹਿਮਦ' ਤੇ ਬਸ਼ੀਰਾਂ ਦਾ ਨਿਕਾਹ ਪੜ੍ਹਵਾ ਦਿੱਤਾ। ਅਲੀ ਅਹਿਮਦ, ਬੁੱਧ ਸਿੰਘ ਦਾ ਨਵਾਂ ਨਾਂ ਸੀ, ਮੇਰੀ ਮਾਂ ਦਾ ਨਾਂ ਬਸ਼ੀਰਾਂ, ਤੇ ਅੱਲਾ ਦਿੱਤਾ ਮੇਰਾ ਨਾਨਾ ਸੀ।

ਮੰਗਲ ਸਿੰਘ ਦਸ ਦਿਨ ਬਾਅਦ ਦਿੱਲੀ ਦਾ ਫੇਰਾ ਲਾ ਕੇ ਘਰ ਆਇਆ ਤੇ ਉਸ ਨੂੰ ਸਾਰੀ ਗੱਲ ਦਾ ਪਤਾ ਚੱਲਿਆ। ਉਹ ਡਾਢੇ ਗੁੱਸੇ ਵਿਚ ਆਪਣੇ ਸੰਗੀ ਸਾਥੀਆਂ ਨੂੰ ਨਾਲ ਲੈ ਕੇ ਅੱਲਾ ਦਿੱਤੇ ਦੇ ਘਰ ਆਇਆ। ਮੰਗਲ ਸਿੰਘ ਤੇ ਉਹਦੇ ਬੰਦਿਆਂ ਨੇ ਢੇਰ ਸਾਰੀ ਸ਼ਰਾਬ ਪੀਤੀ ਹੋਈ ਸੀ। ਹੱਥਾਂ ਵਿਚ ਨੰਗੀਆਂ ਕਿਰਪਾਨਾਂ ਸਨ ਤੇ ਉਹ ਮਰਨ-ਮਾਰਨ ਤੇ ਉੱਤਰੇ ਹੋਏ ਸਨ। ਉਹਨਾਂ ਦਾ ਰੌਲਾ-ਗੋਲਾ ਸੁਣ ਕੇ, ਮੇਰਾ ਪਿਉ, ਮਤਲਬ ਅਲੀ ਅਹਿਮਦ, ਘਰੋਂ ਬਾਹਰ ਆਇਆ। ਉਸ ਨੂੰ ਵੇਖ ਕੇ

ਮੰਗਲ ਸਿੰਘ ਨੇ ਤਲਵਾਰ ਸਿਰੋਂ ਉਤਾਂਹ ਉਲਾਰੀ ਤੇ ਉਹਨੂੰ ਕਤਲ ਕਰਨ ਵਾਸਤੇ ਵਾਰ ਕੀਤਾ, ਪਰ ਸਿਰ ਲਾਗੇ ਆ ਕੇ ਹੱਥ ਰੋਕ ਲਿਆ।

"ਕਤਲ ਕਰਨ ਆਏ ਹੋ ਤੇ ਕਤਲ ਕਰ ਕੇ ਜਾਉ! ਮੇਰੇ ਪਿਉ ਨੇ ਆਪਣੇ ਭਰਾ ਨੂੰ ਆਖਿਆ।"

"ਮੈਂ ਭਰਾ ਨੂੰ ਕਤਲ ਕਰਨ ਆਇਆਂ ਸਾਂ, ਯਾਰ ਬੇਲੀ ਨੂੰ ਨਹੀਂ। ਤੂੰ ਮੇਰਾ ਭਰਾ ਨਹੀਂ ਮਿੱਤਰ ਸੈਂ, ਮੈਂ ਮਿੱਤਰ ਨੂੰ ਕਿਸੇ ਤਰ੍ਹਾਂ ਨਹੀਂ ਮਾਰ ਸਕਦਾ!" ਮੇਰਾ ਤਾਇਆ ਮੰਗਲ ਸਿੰਘ ਬੋਲਿਆ।

ਮੇਰੀ ਮਾਂ ਵੀ ਉਸੇ ਵੇਲੇ ਸੁਹਾਗ ਦੇ ਲਾਲ ਸੂਹੇ ਜੋੜੇ ਵਿਚ ਉੱਥੇ ਆ ਗਈ। ਮੰਗਲ ਸਿੰਘ ਨੇ ਉਸ ਨੂੰ ਵੇਖਿਆ, ਉਹਦੇ ਸਿਰ ਤੇ ਪਿਆਰ ਨਾਲ ਹੱਥ ਫੇਰਿਆ ਤੇ ਦਸ ਰੁਪਏ ਸ਼ਗਨ ਦੇ ਦਿੱਤੇ। ਜਿਹੜੇ ਉਸ ਸਮੇਂ ਦੋ ਸੌ ਦੇ ਬਰਾਬਰ ਸਨ। ਫੇਰ ਉਹ ਆਪਣੇ ਸੰਗੀਆਂ-ਸਾਥੀਆਂ ਨੂੰ ਨਾਲ ਲੈ ਕੇ ਪਰਤ ਗਿਆ। ਤਾਇਆ ਮੰਗਲ ਸਿੰਘ ਤੇ ਉਹਦੇ ਬੇਲੀ ਰਾਤ ਨੂੰ ਫੇਰ ਆ ਗਏ। ਉਹਨਾਂ ਨਾਲ ਕੋਈ ਨੱਚਣ ਵਾਲੀ ਸੀ। ਘਰ ਦੇ ਸਾਹਮਣੇ ਮੁਜਰਾ ਹੋਇਆ, ਤਾਇਆ ਤੇ ਉਹਦੇ ਯਾਰ-ਬੇਲੀ, ਰਾਤ ਸ਼ਰਾਬ ਪੀਂਦੇ ਰਹੇ, ਤੇ ਕੰਜਰੀ ਨੂੰ ਵੇਲਾਂ ਦੇਂਦੇ ਰਹੇ। ਮੇਰੇ ਨਾਨਾ ਉਹਨਾਂ ਦਾ ਕੁਝ ਨਾ ਵਿਗਾੜ ਸਕੇ ਤੇ ਨਾਨੇ ਨੇ ਸਾਰੀ ਰਾਤ ਘਰੋਂ ਬਾਹਰ ਮਸੀਤੇ ਗੁਜ਼ਾਰੀ।

ਘਰ ਨੂੰ ਪਰਤ ਜਾਣ ਤੋਂ ਪਹਿਲਾਂ ਤਾਇਆ ਮੰਗਲ ਸਿੰਘ ਨੇ ਮੇਰੇ ਪਿਉ ਨੂੰ ਬੁਲਾਇਆ ਤੇ ਆਖਿਆ,"ਤੂੰ ਮੁਸਲਮਾਨ ਤੇ ਮੈਂ ਸਿੱਖ! ਮੇਰਾ-ਤੇਰਾ ਹੁਣ ਭਰਾਵਾਂ ਵਾਲਾ ਨਾਤਾ ਨਹੀਂ, ਸਾਡੇ ਮਜ਼੍ਹਬ ਅੱਡੋ-ਅੱਡ ਨੇ। ਪਰ ਇਕ ਮਜ਼੍ਹਬ ਹੋਰ ਵੀ ਏ, ਉਹ ਏ 'ਮਿੱਤਰਾਂ ਦਾ ਮਜ਼੍ਹਬ'। ਤੂੰ ਸਾਰੀ ਜ਼ਿੰਦਗੀ ਮੇਰਾ ਮਿੱਤਰ ਹੋਵੇਂਗਾ।'

"ਮੈਨੂੰ ਕੀ ਇਤਰਾਜ਼ ਹੋ ਸਕਦਾ ਏ," ਮੇਰਾ ਪਿਉ ਬੋਲਿਆ।

"ਸਾਡੀ ਦੋਸਤੀ ਇੰਝ ਜਿਉਂਦੀ ਜਾਗਦੀ ਰਹੇਗੀ, ਜਿੰਝ ਪਾਣੀ ਵਿਚ ਕੰਮੀਆਂ ਦੇ ਫੁੱਲ। ਜੇ ਸਤਿਗੁਰ ਨੇ ਮੈਨੂੰ ਧੀ ਤੇ ਤੈਨੂੰ ਪੁੱਤਰ ਦਿੱਤਾ ਤੇ ਦੋਹਾਂ ਦਾ ਵਿਆਹ, ਸਾਡੀ ਦੋਸਤੀ ਦਾ ਨਿਸ਼ਾਨ ਹੋਵੇਗਾ। ਏਹਦੇ ਉਲਟ ਜੇ ਅੱਲਾ ਨੇ ਤੈਨੂੰ ਧੀ ਤੇ ਮੈਨੂੰ ਪੁੱਤ ਦਿੱਤਾ, ਫੇਰ ਵੀ ਅਸੀਂ ਉਹਨਾਂ ਦਾ ਵਿਆਹ ਕਰਾਂਗੇ।"

"ਠੀਕ ਏ!" ਮੇਰੇ ਪਿਉ ਨੇ ਆਖਿਆ ਤੇ ਹਰ ਪਾਸੇ ਤਾੜੀਆਂ ਦਾ ਸ਼ੋਰ ਖਿੱਲਰ ਗਿਆ।

ਵਿਆਹ ਤੋਂ ਦੋ ਸਾਲ ਬਾਅਦ ਮੈਂ ਜੰਮਿਆਂ ਤੇ ਮੇਰੇ ਦੋ ਸਾਲ ਬਾਅਦ ਸੰਤੋਂ। ਤਾਇਆ ਤੇ ਅੱਬਾ ਆਪੀਂ ਵਿਚ ਮਿਲਦੇ ਰਹੇ। ਤਾਇਆ ਕਦੀ-ਕਦਾਈਂ ਸਾਡੇ ਘਰ ਆਉਂਦਾ ਤੇ ਜਦੋਂ ਵੀ ਆਉਂਦਾ ਮੇਰੇ ਵਾਸਤੇ ਫਲ ਤੇ ਮਿਠਿਆਈ ਲਿਆਉਂਦਾ। ਮੇਰੀ ਮਾਂ ਨੂੰ ਦਸ ਰੁਪਏ ਦੇ ਕੇ ਜਾਂਦਾ। ਮੈਂ ਪੰਜ ਸਾਲ ਦਾ ਹੋਇਆ ਤੇ ਮੇਰਾ ਨਾਨਾ, ਅੱਲਾ ਦਿੱਤਾ ਮਰ ਗਿਆ। ਉਹਦੇ ਮਰਨ ਦੇ ਇਕ ਸਾਲ ਬਾਅਦ ਪਾਕਿਸਤਾਨ ਬਣਨ ਦਾ ਐਲਾਨ ਹੋ ਗਿਆ।

ਮੇਰੇ ਅੱਬਾ ਨੇ ਫ਼ੈਸਲਾ ਕੀਤਾ, ਪਈ ਉਹ ਪਾਕਿਸਤਾਨ ਨਹੀਂ ਜਾਏਗਾ, ਗੁਰਦਾਸਪੁਰ ਹੀ ਰਹੇਗਾ। ਪਰ ਇਹ ਗੱਲ ਕੁਝ ਜਨੂੰਨੀਆਂ ਨੂੰ ਪੰਸਦ ਨਾ ਆਈ। ਉਹ ਸਾਨੂੰ ਕਤਲ ਕਰਨ ਤੇ ਸਾਡੇ ਘਰ-ਬਾਰ ਨੂੰ ਲੁੱਟਣ ਤੇ ਤਿਆਰ ਹੋ ਗਏ। ਅਸੀਂ ਮਾਰੇ ਜਾਂਦੇ, ਪਰ ਤਾਇਆ ਇਕ ਰਾਤ ਨੂੰ, ਹਮਲੇ ਤੋਂ ਅੱਧਾ ਘੰਟਾ ਪਹਿਲੇ, ਸਾਨੂੰ ਆਪਣੇ ਘਰ ਲੈ ਗਿਆ ਤੇ ਸਾਨੂੰ ਲੁਕਾ ਦਿੱਤਾ। ਉੱਥੇ ਮੈਂ ਸੁਨੀਲਾ ਨੂੰ ਪਹਿਲੀ ਵਾਰੀ ਦੇਖਿਆ।

ਬਦਮਾਸ਼ਾਂ ਨੂੰ ਸਾਡਾ ਪਤਾ ਚੱਲ ਗਿਆ, ਉਹ ਤਾਇਆ ਦੇ ਘਰ ਆਵਣ ਲੱਗ ਪਏ, ਉਸ ਨੂੰ ਬੇ-ਗ਼ੈਰਤਾ ਤੇ ਬੇ-ਇੱਜ਼ਤਾ ਕਹਿਣ ਲੱਗ ਪਏ। ਉਹਨਾਂ ਮੁਤਾਲਬਾ ਕੀਤਾ ਕਿ, 'ਅਲੀ ਅਹਿਮਦ ਤੇ ਉਹਦੇ ਸਾਰੇ ਟੱਬਰ ਨੂੰ ਉਹਨਾਂ ਦੇ ਹਵਾਲੇ ਕੀਤਾ ਜਾਵੇ।' ਜਦ ਤਾਇਆ ਨਾ ਮੰਨਿਆਂ ਤੇ ਉਹਨਾਂ ਤਾਏ ਨੂੰ ਕਤਲ ਕਰਨ ਦਾ ਮਨਸੂਬਾ ਬਣਾਇਆ। ਆਖ਼ਰ ਤਾਏ ਨੇ ਜਿੱਚ ਹੋ ਕੇ ਸਾਨੂੰ ਆਪਣੇ ਟਰੱਕ ਵਿਚ ਬਿਠਾਇਆ ਤੇ ਰਾਵੀ ਪੱਤਣ ਲੈ ਆਇਆ, ਤਾਂ ਜੇ ਅਸੀ ਦਰਿਆ ਟੱਪ ਕੇ ਪਾਕਿਸਤਾਨ ਚਲੇ ਜਾਈਏ। ਮੇਰੇ ਅੱਬੇ ਨੇ ਰਾਵੀ ਪਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਹ ਤਿੰਨ ਦਿਨ ਤੋਂ ਖਾਣਾ-ਪੀਣਾ ਛੱਡ ਚੁੱਕੇ ਸੀ, ਦੁੱਖ ਤੇ ਗ਼ਮ ਨਾਲ ਉਹ ਬੇਹੋਸ਼ ਹੋ ਗਏ। ਏਹ ਗ਼ਮ ਦਰ ਅਸਲ ਭਰਾ ਛੱਡਣ ਦਾ ਸੀ। ਤਾਏ ਨੂੰ ਵੱਡੀ ਪਰੇਸ਼ਾਨੀ ਹੋਈ। ਉਹਨਾਂ ਇੱਕ ਨਾਈ ਲੱਭਿਆ, ਉਹਦੇ ਕੋਲੋਂ ਕੇਸ ਕਟਵਾਏ ਤੇ ਦਾੜ੍ਹੀ ਮੁਸਲਮਾਨਾਂ ਵਰਗੀ ਬਣਵਾਈ ਤੇ ਸਾਨੂੰ ਬੇੜੀ ਵਿਚ ਬਿਠਾ ਕੇ ਪਾਕਿਸਤਾਨ ਲੈ ਆਏ। ਉਹਨਾਂ ਮੁਸਲਮਾਨ ਮਲਾਹ ਨੂੰ ਆਪਣੇ ਕੋਲੋਂ ਤਿੰਨ ਸੌ ਰੁਪਏ ਦਿੱਤੇ, ਜਿਹੜੇ ਅੱਜ ਛੇ ਹਜ਼ਾਰ ਦੇ ਬਰਾਬਰ ਨੇ। ਦੂਜੇ ਦਿਨ ਉਹ ਸਾਨੂੰ ਗੁਜ਼ਰਾਂਵਾਲੇ ਛੱਡ ਕੇ ਚਲੇ ਗਏ।

ਸਾਨੂੰ ਇਕ ਸਾਲ ਤੀਕਰ ਉਹਨਾਂ ਦਾ ਨਾ ਕੋਈ ਖ਼ਤ ਮਿਲਿਆ, ਨਾ ਕੋਈ ਸੰਦੇਸ਼ਾ। ਸਾਲ ਬਾਅਦ ਜਿਹੜਾ ਖ਼ਤ ਮਿਲਿਆ, ਉਹਦੇ ਵਿਚ ਲਿਖਿਆ ਸੀ, ਪਈ ਵਾਪਸੀ ਤੇ ਉਹ ਬਾਮੁਸ਼ਕਲ ਇਕ ਧਾੜਵੀ ਦੀ ਕਿਰਪਾਨ ਕੋਲੋਂ ਬਚਿਆ ਤੇ ਗੁਰਦਾਸਪੁਰ ਜਾ ਕੇ ਦਸ ਦਿਨ ਤੀਕਰ ਗੁਰਦਵਾਰੇ ਵਿਚ ਲੁਕਿਆ ਰਿਹਾ। ਕਿਉਂ ਜੇ, ਗਿਆਨੀ ਧਰਮ ਸਿੰਘ ਉਹਨਾਂ ਨੂੰ ਜਾਣਦਾ ਸੀ ਤੇ ਗ਼ਲੀ ਮਹੁੱਲੇ ਵਾਲਿਆ ਨੂੰ ਬਾਅਦ ਵਿਚ ਗਿਆਨੀ ਨੇ ਸਮਝਾਇਆ ਤੇ ਉਹ ਆਪਣੇ ਘਰ ਗਏ।

ਗੁਜ਼ਰਾਂਵਾਲਾ ਵਿਚ ਮੇਰਾ ਅੱਬਾ, ਪਰਚੂਨ-ਫ਼ਰੋਸ਼ ਸੀ। ਉਸ ਨੇ ਵਾਹਵਾ ਰੁਪਿਆ ਕਮਾਇਆ ਤੇ ਫੇਰ ਹੱਜ ਕਰਨ ਚਲਾ ਗਿਆ । ਜਦੋਂ ਉਹ ਪਰਤ ਕੇ ਆਇਆ ਉਹ 'ਹਾਜ਼ੀ ਅਲੀ ਅਹਿਮਦ' ਬਣ ਚੁੱਕਾ ਸੀ। ਹੁਣ ਸਾਡੇ ਪਰਿਵਾਰ ਦੀ ਹਯਾਤੀ ਸਿੱਧ-ਪੱਧਰੇ ਢੰਗ ਨਾਲ ਚੱਲ ਰਹੀ ਸੀ। ਦੁਕਾਨਦਾਰੀ ਸੀ, ਮੈਂ ਪੜ੍ਹ ਰਿਹਾ ਸਾਂ,

ਮੇਰੀ ਮਾਂ ਘਰ ਦਾ ਕੰਮ ਕਰਦੀ ਸੀ ਤੇ ਤਾਇਆ ਜੀ ਦਾ ਖ਼ਤ ਕਦੇ-ਕਦਾਈ ਆ ਜਾਂਦਾ ਸੀ। ਇਕ ਦਿਨ ਇਕ ਖ਼ਤ ਰਾਹੀ ਸਾਨੂੰ ਇਤਲਾਹ ਮਿਲੀ ਪਈ ਉਹ ਸਾਨੂੰ ਮਿਲਣ ਪਾਕਿਸਤਾਨ ਆ ਰਹੇ ਨੇ। ਅੱਬਾ ਜੀ ਬਜ਼ਾਹਿਰ ਖ਼ੁਸ਼ ਸਨ, ਅੰਮੀਂ ਜੀ ਦਿਲੋਂ ਖ਼ੁਸ਼ ਸਨ। ਸੁਆਣੀਆਂ ਸੁਖਾਂਤ ਛੁਪਾਵਣ ਵਿਚ ਮਾਹਰ ਹੁੰਦੀਆਂ ਨੇ, ਏਹੀਓ ਹਾਲ ਦੁਖਾਂਤ ਦਾ ਏ। ਮੈਂ ਦੋਹਾਂ ਨਾਲੋਂ ਜ਼ਿਆਦਾ ਖ਼ੁਸ਼ ਸਾਂ, ਪਈ, ਮੇਰੇ ਤਾਇਆ ਜੀ ਆ ਰਹੇ ਨੇ।

ਤਾਇਆ ਜੀ ਆਏ, ਬਹੁਤ ਸਾਰੀ ਮਿਠਿਆਈ ਤੇ ਢੇਰ ਸਾਰੇ ਫ਼ਲ ਲੈ ਕੇ ਆਏ। ਏਹ ਸਰਦੀਆਂ ਦੇ ਦਿਨ ਸਨ। ਅੰਮੀ ਜੀ ਨੇ ਸਬਜ਼ੀ-ਤਰਕਾਰੀ ਵੀ ਪਕਾਈ ਸੀ ਤੇ ਬੱਕਰੇ ਦਾ ਮਾਸ ਵੀ। ਓਸ ਨੂੰ ਤਾਇਆ ਜਾਨ, ਮਾਂਹ-ਪ੍ਰਸਾਦ ਆਖਦੇ ਸਨ। ਹਲਵਾ ਵੀ ਸੀ। ਤਾਇਆ ਜੀ ਪਹਿਲਾਂ ਨਾਲੋਂ ਜ਼ਰਾ ਮੋਟੇ ਹੋ ਗਏ ਸਨ, ਉੱਚਾ ਸੁਣਦੇ ਤੇ ਜ਼ਰਾ ਬੁੱਢੇ ਜਾਪਦੇ ਸਨ। ਪਰ ਉਹ ਚੁਸਤ-ਚਲਾਕ ਸਨ (ਮੈਂ ਕਿਸੇ ਟਰੱਕ ਡਰਾਈਵਰ ਨੂੰ ਲਿੱਸਾ ਤੇ ਕਮਜ਼ੋਰ ਕਦੀ ਨਹੀਂ ਤੱਕਿਆ) । ਉਹ ਜ਼ਰਾ ਹੋਰ ਅਮੀਰ ਹੋ ਗਏ ਸਨ ਤੇ ਉਹਨਾਂ ਕੋਲ ਹੁਣ ਤਿੰਨ ਟਰੱਕ ਸਨ। ਪਰ ਉਹ ਹੁਣ ਵੀ ਬਕਾਇਦਾ ਡਰਾਇਵਰੀ ਕਰਦੇ ਤੇ ਪਹਿਲੇ ਵਾਂਗ ਮਿਹਨਤੀ ਸਨ। ਟੁੱਕਰ ਖਾਣ ਤੋਂ ਪਹਿਲੇ ਤਾਇਆ ਜੀ ਤੇ ਅੱਬਾ ਜੀ ਆਪੀ ਵਿਚ ਝਗੜ ਪਏ। ਤਾਇਆ ਜੀ ਸ਼ਰਾਬ ਮੰਗ ਰਹੇ ਸਨ।

"ਏਹ ਚੀਜ਼ ਹਰਾਮ ਏ", ਅੱਬਾ ਜੀ ਨੇ ਆਖਿਆ।

"ਤੇਰੇ ਵਾਸਤੇ ਹਰਾਮ ਹੋਵੇਗੀ, ਮੇਰੇ ਵਾਸਤੇ ਨਹੀਂ," ਤਾਇਆ ਜੀ ਨੇ ਆਖਿਆ।

"ਸਿੱਖ ਪੰਥ ਵਿਚ ਸ਼ਰਾਬ ਹਰਾਮ ਏ। 'ਬਾਬਾ ਗੁਰੂ ਨਾਨਕ ਜੀ' ਵੀ ਹਰਾਮ ਸਮਝਦੇ ਸਨ", ਅੱਬਾ ਜੀ ਨੇ ਤਾਇਆ ਜੀ ਨੂੰ ਦੱਸਿਆ।

"ਮੈਂ ਬੁਰਾ ਨਹੀਂ ਸਮਝਦਾ, ਮੈਨੂੰ ਇਕ ਬੋਤਲ ਲਿਆ ਦੇ", ਤਾਏ ਨੇ ਜ਼ੋਰ ਦਿੱਤਾ।

"ਏਹ ਨਹੀ ਹੋਵੇਗਾ! ਕਦੀ ਨਹੀਂ ਹੋਵੇਗਾ", ਹਾਜ਼ੀ ਅਲੀ ਅਹਿਮਦ ਨੇ ਦੱਸਿਆ।

"ਏਹ ਨਹੀ ਹੋਵੇਗਾ ਤੇ ਫੇਰ ਮੈਂ ਟੁੱਕਰ ਨਹੀਂ ਖਾਵਾਂਗਾ, ਭੁੱਖਾ ਰਵ੍ਹਾਂਗਾ।"

ਅੱਬਾ ਜੀ ਗੁੱਸੇ ਵਿਚ ਆ ਗਏ । "ਤੂੰ ਕਮੀਨਾ ਏਂ, ਜ਼ਲੀਲ ਏ, ਹਰਾਮ ਚੀਜ਼ ਪੀਂਦਾ ਏਂ।"

"ਮੈਨੂੰ ਹਰਾਮ-ਹਲਾਲ ਦਾ ਪਤਾ ਨਹੀਂ ! ਮੈਨੂੰ ਸ਼ਰਾਬ ਲਿਆ ਕੇ ਦੇਹ, ਨਹੀਂ ਤੇ ਮੈਂ ਏਥੋਂ ਪਰਤ ਜਾਵਾਂਗਾ", ਤਾਇਆ ਗੁੱਸੇ ਵਿਚ ਬੋਲਿਆ।

ਅੰਮੀ ਜੀ ਨੇ ਅੱਬਾ ਜੀ ਦੇ ਹੱਥ ਵਿਚ ਪੈਸੇ ਦੇ ਦਿੱਤੇ ਤੇ ਅੱਬਾ ਜੀ ਖੇਸ ਦੀ ਬੁੱਕਲ ਮਾਰ ਕੇ ਘਰੋਂ ਬਾਹਰ ਨਿਕਲ ਗਏ। ਇਕ ਘੰਟੇ ਬਾਅਦ ਉਹ ਸ਼ਰਾਬ ਦੀ ਬੋਤਲ ਲੈ ਕੇ ਆ ਗਏ। ਦੋਵੇਂ ਭਰਾ, ਦੋਵੇਂ ਦੋਸਤ, ਮਕਾਨ ਦੇ ਅਖੀਰਲੇ ਕਮਰੇ ਵਿਚ ਬਹਿ ਗਏ। ਤਾਇਆ ਸ਼ਰਾਬ ਪੀਂਦਾ ਰਿਹਾ ਤੇ ਅੱਬਾ ਜੀ ਉਸ ਨੂੰ ਵੇਖਦੇ ਰਹੇ ਤੇ ਗੱਲਾਂ ਕਰਦੇ ਰਹੇ । ਤੀਜੇ ਦਿਨ ਤਾਇਆ ਵਾਪਸ ਇੰਡੀਆ ਚਲਾ ਗਿਆ।

ਤਿੰਨ ਸਾਲ ਇੰਝ ਈ ਲੰਘ ਗਏ। ਫੇਰ ਅੱਬਾ ਜੀ ਤੇ ਅੰਮੀ ਜੀ ਨੇ ਮੇਰੇ ਵਾਸਤੇ ਰਿਸ਼ਤਾ ਲੱਭਿਆ ਤੇ ਵਿਆਹ ਦੀ ਤਰੀਕ ਮੁਕੱਰਰ ਕਰ ਦਿੱਤੀ। ਉਹਨਾਂ ਤਾਇਆ ਜੀ ਨੂੰ ਰਸਮੀ ਜਿਹਾ ਖ਼ਤ ਲਿਖਿਆ, ਪਈ, 'ਉਹ ਕਾਕੇ ਰੋਸ਼ਨ ਦੇ ਵਿਆਹ ਉੱਤੇ ਫਲਾਂ ਤਰੀਕ ਨੂੰ ਆਵੇ।' ਤਾਇਆ ਵਿਆਹ ਦੀ ਤਰੀਕ ਤੋਂ ਦੋ ਦਿਨ ਪਹਿਲੇ ਈ ਸੰਤੋਂ ਨੂੰ ਨਾਲ ਲੈ ਕੇ ਸਾਡੇ ਕੋਲ ਆ ਗਿਆ।

ਸੰਤ ਕੌਰ ਜਵਾਨ ਹੋ ਗਈ ਸੀ। ਉਹਦਾ ਕੱਦ ਲੰਮਾ ਸੀ। ਸਰੀਰ ਵੀ ਫੁੱਲਝੜੀਆਂ ਸਨ। ਮੁੱਖ ਮੁਲਾਇਮ ਤੇ ਅੱਖਾਂ ਵਿਚ ਉੱਭਰਦੇ, ਡੋਲਦੇ ਨਸ਼ੇ ਦੀ ਲੋਅ ਸੀ। ਪਲਕਾਂ ਲੰਮੀਆਂ ਸਨ, ਵਾਲ ਵਰਖਾ ਰੁੱਤ ਦੇ ਬਦੱਲਾਂ ਵਾਂਗ ਕਾਲੇ ਤੇ ਲੱਗਦਾ ਸੀ ਪਈ ਉਹਨਾਂ ਵਿਚ ਸੁਰ-ਸਾਵਣ, ਮੇਘ-ਮਲਹਾਰ ਗਾ ਰਿਹਾ ਏ। ਉਹ ਸਿਰ ਨੂੰ ਹਲੂਣਾ ਦਿੰਦੀ ਤਾਂ ਜਾਪਦਾ ਕਾਲੇ ਤਾਰਾਂ ਵਿਚ ਸੂਰਜ ਦੀਆਂ ਰਿਸ਼ਮਾਂ ਨੱਚ ਰਹੀਆਂ ਨੇ, ਬਿਜਲੀਆਂ ਇੱਕ ਦੂਜੇ ਨਾਲ ਟਕਰਾ ਰਹੀਆਂ ਨੇ। ਉਹਦੇ ਹਾਸਿਆਂ ਵਿਚ ਹਯਾਤੀ ਰਸ ਸੀ।

ਪਹਿਲੀ ਰਾਤ ਹੀ ਤਾਇਆ ਜਾਨ ਤੇ ਅੱਬਾ ਜਾਨ ਦਾ ਝਗੜਾ ਹੋ ਗਿਆ ।

"ਤੂੰ ਕਮੀਨਾ ਏ, ਜ਼ਲੀਲ ਏ, ਹਰਾਮੀ ਏ", ਤਾਇਆ ਜਾਨ ਅੱਬਾ ਜਾਨ ਨੂੰ ਗਾਲ੍ਹਾਂ ਦੇ ਰਹੇ ਸਨ। ਅਸਾਂ ਏਹ ਗਾਲ੍ਹਾਂ ਸੁਣੀਆਂ ਤੇ ਸਹਿਮ ਗਏ।

"ਯਾਦ ਕਰੋ ਆਪਣਾ ਵਾਅਦਾ!" ਤਾਇਆ ਜਾਨ ਨੇ ਅੱਬਾ ਜੀ ਨੂੰ ਆਖਿਆ।

"ਯਾਦ ਏ ਮੈਨੂੰ!" ਅੱਬਾ ਜੀ ਬੋਲੇ।

"ਜਾਂ ਆਪਣਾ ਵਾਅਦਾ ਪੂਰਾ ਕਰ ਜਾਂ ਮੇਰਾ ਥੁੱਕਿਆ ਚੱਟ ਜਾਹ!" ਤਾਏ ਨੇ ਗੁੱਸੇ ਵਿਚ ਜ਼ਮੀਨ ਤੇ ਥੁੱਕਿਆ।

"ਕਿੱਸਾ ਕੀ ਏ, ਮੈਨੂੰ ਵੀ ਤੇ ਪਤਾ ਲੱਗੇ?" ਅੰਮੀ ਜੀ ਨੇ ਵਿਚ ਪੈ ਕੇ ਪੁੱਛਿਆ।

"ਏਹ ਗੱਲ ਹੋਈ ਸੀ, ਪਈ ਜੇ ਅੱਲਾ-ਤਾਲਾ ਨੇ ਮੈਨੂੰ ਪੁੱਤਰ ਦਿੱਤਾ ਤੇ ਮੰਗਲ ਸਿੰਘ ਨੂੰ ਧੀ ਤੇ ਦੋਹਾਂ ਦਾ ਵਿਆਹ ਹੋਵੇਗਾ," ਅੱਬਾ ਜੀ ਨੇ ਅੰਮੀ ਨੂੰ ਦੱਸਿਆ।

"ਮੈਂ ਸਮਝ ਗਈ ਆਂ, ਏਹ ਤੁਹਾਡੇ ਦੋਹਾਂ ਭਰਾਵਾਂ ਦਾ ਮਾਮਲਾ ਏ।" ਅੰਮੀ ਭਰਾਵਾਂ ਦੇ ਝਗੜੇ ਤੋਂ ਅੱਲਗ ਹੋ ਗਈ।

"ਜੇ ਮੈਂ ਰੋਸ਼ਨ ਦਾ ਵਿਆਹ ਸੰਤੋਂ ਨਾਲ ਨਾ ਕਰਾਂ ਫ਼ੇਰ?" ਅੱਬਾ ਜੀ ਨੇ ਆਖਿਆ।

"ਮੈਂ ਰੋਸ਼ਨ ਤੇ ਸੰਤੋ ਨੂੰ ਕਤਲ ਕਰ ਦਿਆਂਗਾ ਤੇ ਆਪ ਫਾਂਸੀ ਲੱਗ ਜਾਵਾਂਗਾ।" ਤਾਏ ਨੇ ਸਹਿਜ ਸੁਭਾ ਲਫਜ਼ 'ਫਾਂਸੀ' ਉਤੇ ਜ਼ੋਰ ਦੇ ਆਖਿਆ।

ਤੀਜੇ ਦਿਨ ਮੇਰਾ ਤੇ ਸੰਤੋ ਦਾ ਵਿਆਹ ਹੋ ਗਿਆ ਤੇ ਤਾਇਆ ਵਾਪਸ ਇੰਡੀਆ ਚਲਾ ਗਿਆ। ਸੰਤੋਂ ਹੁਣ ਸੁਨੀਲਾ ਬਣ ਗਈ ਸੀ, ਏਹ 'ਨਾਂ' ਮੈਂ ਪੰਸਦ ਕੀਤਾ ਸੀ।

ਫੇਰ ਪਾਕਿਸਤਾਨ ਤੇ ਹਿੰਦੁਸਤਾਨ ਦੇ ਸਿਆਸੀ ਤੁਅੱਲਕਾਤ ਖ਼ਰਾਬ ਹੋ ਗਏ, ਨਾ ਤਾਇਆ ਜਾਨ ਆਏ ਤੇ ਨਾਂ ਉਹਨਾਂ ਦੇ ਖ਼ਤ ਆਏ। ਅੱਬਾ ਬੀਮਾਰ ਰਹਿਣ ਲੱਗ ਪਿਆ। ਉਹਨਾਂ ਨੂੰ ਦਿਲ ਦੇ ਦੌਰੇ ਪੈਂਦੇ ਸਨ । ਹਕੀਮਾਂ ਵੈਦਾਂ ਤੇ ਡਾਕਟਰਾਂ ਕੋਲੋਂ ਇਲਾਜ ਕਰਵਾਇਆ, ਪਰ ਕੋਈ ਫਰਕ ਨਾ ਪਿਆ। ਫੇਰ ਇਕ ਦਿਨ ਅੱਬੇ ਨੇ ਅੰਮੀ ਨੂੰ, ਮੈਨੂੰ ਤੇ ਸੁਨੀਲਾ ਨੂੰ ਬੁਲਾ ਕੇ ਆਖਿਆ,"ਜਦੋਂ ਤੀਕ ਮੇਰਾ ਭਰਾ ਤੇ ਦੋਸਤ ਮੰਗਲ ਸਿੰਘ ਨਾ ਆਵੇ ਤੁਸਾਂ ਮੈਨੂੰ ਦਫ਼ਨ ਨਾ ਕਰਨਾ।"

ਦੋ ਦਿਨ ਦੇ ਅੰਦਰ-ਅੰਦਰ ਅੱਬਾ ਨੇ ਦਮ ਦੇ ਦਿੱਤੇ। ਮੈਂ ਲੰਡਨ ਰਾਹੀਂ, ਤਾਏ ਨੂੰ ਅੱਬੇ ਦੀ ਮੌਤ ਦੀ ਇਤਲਾਹ ਦਿੱਤੀ ਤੇ ਉਸ ਨੂੰ ਉਡੀਕਣ ਲੱਗ ਪਿਆ। ਏਹ ਗਰਮੀਆਂ ਸਨ। ਮੈਂ ਅੱਬੇ ਦੀ ਲੋਥ ਬਰਫ਼ ਵਿਚ ਲਾ ਦਿੱਤੀ। ਅਸਾਂ ਦੋ ਦਿਨ ਉਡੀਕਿਆ ਪਰ ਤਾਇਆ ਨਾ ਆਇਆ। ਮੈਂ ਫੈਸਲਾ ਕੀਤਾ ਕਿ ਅੱਬੇ ਨੂੰ ਦਫ਼ਨਾ ਦਿੱਤਾ ਜਾਏ। ਪਰ ਅੰਮੀ ਮੇਰੇ ਨਾਲ ਸਹਿਮਤ ਨਾ ਹੋਈ। ਓਸ ਆਖਿਆ, "ਮੇਰੇ ਸਰਤਾਜ ਦੀ ਆਖ਼ਰੀ ਖ਼ਾਹਿਸ਼ ਜ਼ਰੂਰ ਪੂਰੀ ਹੋਣੀ ਚਾਹਦੀ ਏ"।

ਤੀਜੇ ਦਿਨ ਐਤਵਾਰ ਨੂੰ ਤਾਇਆ ਆ ਗਿਆ। ਉਹ ਪਾਸਪੋਰਟ ਦੇ ਬਗ਼ੈਰ ਸਰਹੱਦ ਟੱਪ ਕੇ ਆਇਆ ਸੀ ਤੇ ਕਫ਼ਨ ਨਾਲ ਲਿਆਇਆ ਸੀ। ਉਹ ਅੱਬਾ ਜੀ ਦੀ ਮਈਅਤ ਤੇ ਬਹੁਤ ਰੋਇਆ। ਉਹਨੇ ਆਪ ਕਬਰ ਕੱਢੀ, ਤੇ ਅੱਬਾ ਜੀ ਨੂੰ ਦਫ਼ਨਾਇਆ ਤੇ ਦੂਜੇ ਦਿਨ ਤਰਕਾਲਾਂ ਵੇਲੇ ਪਰਤ ਗਿਆ।

ਤਾਇਆ ਪਾਕਿਸਤਾਨੀ ਸਰਹੱਦ ਤੇ ਟੱਪ ਗਿਆ ਪਰ ਹਿੰਦੁਸਤਾਨ ਵਾਲੇ ਪਾਸੇ ਫੜਿਆ ਗਿਆ। ਪਰ, ਉਹ ਮਫ਼ਰੂਰ ਹੋਣ ਵਿਚ ਕਾਮਯਾਬ ਰਿਹਾ। ਦੌੜ ਭੱਜ ਵਿਚ ਉਹਨਾਂ ਦੀ ਲੱਤ ਉੱਤੇ ਜ਼ਖ਼ਮ ਆ ਗਿਆ। ਏਹ ਜ਼ਖ਼ਮ ਖ਼ਰਾਬ ਹੋ ਗਿਆ ਤੇ ਫਿਰ ਨਾਸੂਰ ਬਣ ਗਿਆ। ਸਾਲ ਦੇ ਅੰਦਰ-ਅੰਦਰ ਤਾਏ ਦੇ ਸਾਰੇ ਸਰੀਰ ਵਿਚ ਜ਼ਹਿਰ ਖਿੱਲਰ ਗਿਆ। ਅਖ਼ੀਰ ਪਰਸੋਂ ਉਹ ਪਰਲੋਕ ਸਿਧਾਰ ਗਿਆ।

ਸਾਨੂੰ ਇਤਲਾਹ ਮਿਲੀ ਤੇ ਅਸਾਂ ਮਿਥਿਆ ਕਿ ਸਾਨੂੰ ਹਿੰਦੁਸਤਾਨ ਜਾਣਾ ਚਾਹੀਦਾ ਏ। ਨਾ ਵੀਜ਼ਾ ਮਿਲਣਾ ਸੀ, ਜੇ ਮਿਲਦਾ ਵੀ ਅਸਾਂ ਏਸ ਰੱਟੇ ਵਿਚ ਨਹੀ ਸੀ ਪੈਣਾ, ਕਿਉਂ ਜੇ ਵਕਤ ਘੱਟ ਸੀ। ਅਸਾਂ ਫੈਸਲਾ ਕੀਤਾ, ਪਈ ਕੋਟ ਨੈਣਾ ਦੇ ਸਾਹਮਣੇ ਦਰਿਆ ਰਾਵੀ ਟੱਪ ਜਾਈਏ। ਸਰਦੀਆਂ ਵਿਚ ਪਾਣੀ ਵੀ ਗਿੱਟੇ-ਗਿੱਟੇ , ਗੋਡੇ-ਗੋਡੇ ਈ ਹੁੰਦਾ ਏ। ਕੱਲ ਇਹੋ ਯਤਨ ਅਸੀਂ ਕਰ ਰਹੇ ਸਾਂ ਕਿ ਫੜੇ ਗਏ।"

ਰੋਸ਼ਨ ਨੇ ਆਪਣੀ ਗੱਲ ਮੁਕਾਈ, ਸੰਤੋਂ ਉਰਫ਼ ਸੁਨੀਲਾ ਵੱਲ ਤੱਕਿਆ, ਉਹ ਮਜ਼ੇ ਨਾਲ ਸੌਂ ਰਹੀ ਸੀ।

"ਕਾਨੂੰਨ ਦੀ ਮੁਖ਼ਾਲਫ਼ਤ ਨਹੀਂ ਕਰਨੀ ਚਾਹੀਦੀ", ਮੈਂ ਉਸ ਨੂੰ ਆਖਿਆ।

"ਸੁਨੀਲਾ ਨੇ ਜ਼ਿੰਦਗੀ ਵਿਚ ਪਹਿਲੀ ਵਾਰੀ ਕਿਸੇ ਸੱਧਰ ਨੂੰ ਜ਼ਾਹਰ ਕੀਤਾ ਸੀ, ਮੈਂ ਸੋਚਿਆ ਇਹਦੀ ਸੱਧਰ ਪੂਰੀ ਹੋਣੀ ਚਾਹੀਦੀ ਏ।" ਦਰਸ਼ਨ ਉਦਾਸ ਹੋ ਕੇ ਬੋਲਿਆ।

ਜਦੋਂ ਮੈਂ ਦੂਜੀ ਵਾਰ ਥਾਣੇਦਾਰ ਦੇ ਕਮਰੇ ਵਿਚ ਗਿਆ, ਉਹ ਮੈਨੂੰ ਉਡੀਕ ਰਿਹਾ ਸੀ ਤੇ ਚਾਹ ਠੰਢੀ ਹੋ ਚੁੱਕੀ ਸੀ। ਮੈਂ ਉਸ ਨੂੰ ਦੋ ਸੌ ਰੁਪਿਆ, ਮਿਠਿਆਈਆਂ ਤੇ ਫ਼ਲਾਂ ਵਾਸਤੇ ਦਿੱਤਾ ਤੇ ਰੋਸ਼ਨ ਤੇ ਸੁਨੀਲਾ ਨੂੰ ਥਾਣਿਓਂ ਬਾਹਰ ਲੈ ਕੇ ਆਗਿਆ। ਸ਼ਾਮ ਹੋ ਗਈ ਸੀ।

ਤੇ ਥਾਣਿਓਂ ਬਾਹਰ ਇਕ ਟਾਹਲੀ ਦੀ ਲਗ਼ਰ ਤੇ ਦੋ ਘੁੱਗੀਆਂ ਬੈਠੀਆਂ ਹੋਈਆਂ ਸਨ। ਇੰਝ, ਜਿੰਝ, ਸ਼ਿਕਾਰੀ ਕੋਲੋਂ ਡਰ ਗਈਆਂ ਹੋਣ। ਅਸਾਂ ਕੋਟ ਨੈਣਾ ਜਾ ਕੇ, ਰੱਜ ਕੇ ਪਕੌੜੇ ਖਾਧੇ ਤੇ ਜੀਅ ਭਰ ਕੇ ਗਰਮਾ-ਗਰਮ ਚਾਹ ਪੀਤੀ ਤੇ ਫੇਰ ਅੱਲਗ ਹੋ ਗਏ।

ਰੋਸ਼ਨ ਤੇ ਸੁਨੀਲਾ ਉਸੇ ਰਾਤ ਰਾਵੀ ਟੱਪ ਗਏ ਤੇ ਅੱਜ ਤੀਕਰ ਨਹੀਂ ਪਰਤੇ ................?

ੴ ੴ ੴ ੴ ੴ

---

ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੀ,
ਅਤੇ ਭਾਈਆਂ ਬਾਝ ਬਹਾਰ ਨਾਹੀਂ।
ਭਾਈ ਮਰਨ ਤੇ ਪੈਂਦੀਆਂ ਭੱਜ ਬਾਹੀਂ,
ਬਿਨਾਂ ਭਾਈਆਂ ਦੇ ਘਰ-ਬਾਰ ਨਾਹੀਂ।
-ਵਾਰਿਸ ਸ਼ਾਹ-

21

# ਇੱਕੀ ਰਾਤਾਂ

## ਸਵਰਨ ਕੌਰ ਬੱਲ

ਸਾਡੇ ਦੇਸ ਦੀ ਗੁਲਾਮੀ ਦੀਆਂ ਜੰਜ਼ੀਰਾਂ ਲੱਥੀਆਂ ਨੂੰ ਅੱਜ ਪੂਰੇ ਪੰਜਾਹ ਵਰ੍ਹੇ, ਅੱਧੀ ਸਦੀ ਬੀਤ ਗਈ ਏ, ਪਰ ਕੁਲਹਿਣਾ ਸੰਤਾਲੀ, ਅਜੇ ਵੀ ਉਂਜ ਦਾ ਉਂਜ ਈ ਨਜ਼ਰੀਂ ਆ ਰਿਹਾ ਹੈ। ਚੌਧਰ ਦੀ ਭੁੱਖ ਖਾਤਰ ਪਾਈ ਬਾਂਦਰ ਵੰਡ ਨੇ ਅਸਾਂ ਔਰਤਾਂ ਦੀ 'ਕੀ ਤੋਂ ਕੀ ਗਤ' ਬਣਾ ਦਿੱਤੀ, ਚੇਤੇ 'ਚੋਂ ਜਾਂਦੀ ਹੀ ਨਹੀਂ।

ਮੇਰੀਆਂ ਪੰਜ ਦੀਆਂ ਪੰਜੇ ਭੂਆਂ, ਵਾਘੇ ਵਾਲੀ ਲਹੂ-ਪੀਣੀ ਲੀਕ ਤੋਂ ਪਾਰਲੇ ਬੰਨ੍ਹੇ ਵਿਆਹੀਆਂ ਹੋਈਆਂ ਸਨ। ਦੇਸ ਦੀ ਆਜ਼ਾਦੀ ਵੇਲੇ, ਜਦੋਂ ਪੰਜਾਬ ਦੀ ਹਿੱਕ ਨੂੰ ਚੀਰਿਆ ਗਿਆ, ਤਾਂ ਏਹ ਸਾਰੀਆਂ ਰੋਂਦੀਆਂ-ਧੋਂਦੀਆਂ, ਪਿੱਟ-ਪਟੇਵਾਂ ਕਰਦੀਆਂ, ਆਗੂਆਂ ਨੂੰ ਬੁਰਾ-ਭਲਾ ਕਹਿੰਦੀਆਂ, ਬਚੇ-ਖੁਚੇ ਟੱਬਰਾਂ ਸਮੇਤ ਮਜ਼ਬੂਰੀ-ਵੱਸ ਪੇਕੇ ਘਰ ਆ ਗਈਆਂ। ਸਾਡੀ ਹਵੇਲੀ ਵਿਚ ਸਾਰਾ ਦਿਨ ਲੋਹ-ਲੰਗਰ ਚੱਲਦਾ ਰਹਿੰਦਾ। ਸਾਰੀ-ਸਾਰੀ ਰਾਤ ਦੁੱਖਾਂ ਦੀਆਂ ਕਹਾਣੀਆਂ ਸੁਣਦਿਆਂ ਲੰਘ ਜਾਂਦੀ। ਕਿਸੇ ਨੂੰ ਦੰਦਣਾਂ ਤੇ ਕਿਸੇ ਹੋਰ ਨੂੰ ਡੋਬ ਪੈ ਰਹੇ ਹੁੰਦੇ। ਮਰਦ ਤਾਂ ਕੁਝ ਦਿਲ ਬੰਨ੍ਹਦੇ, ਹੌਂਸਲਾ ਕਰਦੇ ਪਰ ਭੂਆ ਹੋਰੀਂ ਮੰਦੇ-ਹਾਲੀਂ, ਬੇਹੋਸ਼ ਹੋ-ਹੋ ਜਾਂਦੀਆਂ। ਆਪਣੇ ਭਰੇ-ਭਕੁੰਨੇ , ਵੱਡੇ-ਵੱਡੇ ਘਰਾਂ ਨੂੰ ਯਾਦ ਕਰਦੀਆਂ, ਉਹ ਅਕਸਰ ਹੀ ਗੁੰਮ-ਸੁੰਮ ਹੋ ਜਾਂਦੀਆਂ। ਸਾਡੇ ਚਾਚੇ, ਤਾਏ ਤੇ ਹੋਰ ਵਡੇਰੇ ਧੀਰਜ ਬਨ੍ਹਾਉਣ ਲਈ ਤਰਲਿਆਂ ਵਰਗੀਆਂ ਸਲਾਹਵਾਂ ਦਿੰਦਿਆਂ ਆਖਦੇ:

"ਸਬਰ ਕਰੋ! ਥੋੜ੍ਹੇ ਦਿਨਾਂ ਤੀਕਰ ਠੰਢ-ਠੰਢੌਲਾ ਹੋ ਜਾਣਾ ਏਂ। ਤੁਸਾਂ ਫੇਰ ਆਪਣੇ ਘਰਾਂ ਨੂੰ ਈ ਤੇ ਪਰਤ ਜਾਣਾ ਏ।"

ਕੁਝ ਦਿਨ ਉਡੀਕਣ ਪਿੱਛੋਂ ਵੀ, ਜਦੋਂ ਭੂਆ ਹੋਰਾਂ ਦੇ ਘਰਾਂ ਦੇ ਜੀਅ ਪੂਰੇ ਨਾ ਹੋਏ, ਤਾਂ ਉਹਨਾਂ ਵੱਲ ਵੇਖ-ਵੇਖ ਸਾਡੇ ਘਰ ਵਿਚ ਫੇਰ ਰੋਣਾ-ਧੋਣਾ ਸ਼ੁਰੂ ਹੋ ਗਿਆ। ਇਕ ਭੂਆ ਆਂਹਦੀ:

"ਹਾਏ! ਨੀ ਮੇਰਾ ਚਰਨ ਨਹੀਂ ਆਇਆ, ਨਰੰਜਣੋਂ ਨਹੀਂ ਪੁੱਜੀ ਤੇ ਨਾ ਈ ਜੀਤੋ ਦੀ ਕਿੱਧਰੋਂ ਕਨਸੋਅ ਮਿਲੀ ਏ।"

ਸਾਰੇ ਫੇਰ ਪਿਆਰ-ਦਿਲਾਸੇ ਦੇ ਕੇ ਘੜੀ-ਪਲ ਚੈਨ ਕਰਨ ਦੀ ਸਲਾਹ ਦਿੰਦੇ। ਮੇਰੇ ਬਾਪੂ ਨੇ ਸਾਰੀਆਂ ਨੂੰ ਵਾਰੋ-ਵਾਰੀ ਹੌਂਸਲੇ ਦੀਆਂ ਪੁੜੀਆਂ ਵੰਡਦੇ ਰਹਿਣਾ ਤੇ ਆਖਣਾ, "ਸਾਡੇ ਪਿੰਡੋਂ ਵੀ ਜਦੋਂ ਮੁਸਲਮਾਨ ਤੁਰੇ ਸਨ ਤਾਂ ਉਹ ਵੀ ਘਰਾਂ ਨੂੰ ਜਿੰਦਰੇ ਲਾ, ਕੁੰਜੀਆਂ ਗਵਾਂਢੀ ਜੱਟਾਂ ਨੂੰ ਫੜਾ, ਕੀਰਨੇ ਪਾਉਂਦੇਂ ਇਹੀਓ ਆਂਹਦੇ ਸਨ, ਕਿ ਜਦੋਂ ਵਾਪਸ ਆਵਾਂਗੇ ਤੇ ਲੈ ਲਵਾਂਗੇ।"

ਭੂਆ ਤਾਰੋ ਦੱਸਦੀ ਸੀ, "ਜੀਤੋ ਤੇ ਨਰੰਜਣ ਕੌਰ, ਚਰਨ ਨੂੰ ਵੇਖਣ ਬਾਹਰ ਨਿਕਲੀਆਂ ਸਨ ਤੇ ਓਸ ਦਿਨ ਜੜ੍ਹਾਂ-ਵਾਲੇ ਕੈਂਪ ਵਿਚ ਬਹੁਤ ਕਤਲਾਮ ਹੋਇਆ ਸੀ....... ਉਹ ਵੀ ਚਰਨ ਦੇ ਨਾਲ ਈ ਮੌਤ ਦੀ ਲਪੇਟ ਵਿਚ ਆ ਗਈਆਂ ਹੋਣਗੀਆਂ..........."

ਤੇ ਕੈਂਪ ਤੋਂ ਤੁਰਨ ਲੱਗਿਆਂ ਵੀਰ ਚਰਨ ਦੇ ਮੁਸਲਮਾਨ ਦੋਸਤ ਨੇ ਰੋਂਦਿਆਂ, ਭੂਆ ਨੂੰ ਦੱਸਿਆ ਸੀ, "ਤਾਈ! ਮੈਂ ਚੰਨ ਦੀ ਲਾਸ਼ ਨੂੰ ਪਿੰਡ ਲੈ ਗਿਆ ਸਾਂ ਤੇ ਬਾਲਣ ਪਾ ਕੇ ਸਾੜ ਆਇਆਂ ਵਾਂ।" ਪਰ ਵੱਡੀ ਭੂਆ ਪਰਸੰਨੋ ਨੂੰ ਸੱਚ ਨਹੀਂ ਸੀ ਆਉਂਦਾ। ਉਹ ਹਰ ਵੇਲੇ ਇਹੋ ਸੋਚ ਕੇ ਆਪਣੇ ਆਪ ਨੂੰ ਠੁੰਮਣਾ ਦੇਈ ਰੱਖਦੀ ਕਿ 'ਉਹਦਾ ਇਕੋ ਪੁੱਤ ਚਰਨ ਜਿਹੜਾ ਫੁੱਫੜ ਦੀ ਮੌਤ ਤੋਂ ਪੰਜ ਦਿਨ ਪਿੱਛੋਂ ਜੰਮਿਆਂ ਸੀ......ਇਸ ਦੁਨੀਆਂ ਵਿਚ ਨਹੀਂ ਰਿਹਾ? ......., ਤੇ ਉਹਦੀ ਵਹੁਟੀ ਨਰੰਜਣ ਕੌਰ ਵੀ ਨਹੀਂ ਮਰੀ ਹੋਣੀ...... ਉਹਦੀ ਭਣੇਵੀਂ ਜੀਤੋ ਵੀ ਉਹਦੇ ਨਾਲ ਈ ਹੋਣੀ ਏ!!'

ਗਵਾਚੇ ਪੁੱਤ ਦੀ ਮਾਂ, ਦੋ ਪੋਤਿਆਂ ਤੇ ਇਕ ਪੋਤੀ ਨੂੰ ਹਿੱਕ ਨਾਲ ਲਾ ਕੇ ਏਸੇ ਆਸ ਦੀ ਤੰਦ ਫੜ, ਸੌਂ ਤਾਂ ਭਾਵੇਂ ਜਾਂਦੀ ਪਰ ਹੌਕੇ ਤੇ ਹਾਵੇ, ਉਹਦਾ ਪਿੱਛਾ ਕਦੀ ਨਾ ਛੱਡਦੇ।

ਫਿਰ ਇਕ ਅਨਹੋਣੀ ਖ਼ਬਰ ਮਿਲੀ...... ਡਾਕੀਆ ਆਇਆ ਤੇ ਮਾਈ ਬਿੱਸੋ ਨੂੰ ਵਾਜ਼ ਮਾਰ ਕੇ ਆਖਣ ਲੱਗਾ, "ਮਾਤਾ ! ਏਹ ਖੱਤ ਤੁਹਾਡਾ ਈ...... ਅੰਬਰਸਰੋਂ ਕੈਂਪ ਤੋਂ ਆਇਆ ਏ।" ਖਤ ਫੜਾ ਕੇ ਡਾਕੀਆ ਚਲਾ ਗਿਆ।

ਬਾਪੂ ਸੁਰੈਣ ਸਿੰਘ ਦੇ ਬਾਹਰੋਂ ਘਰ ਪੁੱਜਣ ਤੇ ਮਾਈ ਬਿੱਸੋ ਨੇ ਦੱਸਿਆ, "ਅੰਬਰਸਰੋਂ , ਕੈਂਪ 'ਚੋਂ ਚਿੱਠੀ ਆਈ ਏ।" ਖਤ ਡਾਕੇ ਪਾਉਣ ਤੋਂ, ਦੌਂਹ ਮਹੀਨੀਂ ਅੱਪੜਿਆ ਸੀ।

ਬਾਪੂ ਚਿੱਠੀ ਲੈ ਕੇ ਸੂਬੇਦਾਰ ਪਾਸ਼ੇ ਕੋਲ ਪੜ੍ਹਾਉਣ ਲਈ ਗਿਆ। ਸੂਬੇਦਾਰ ਨੇ ਬਾਪੂ ਨੂੰ ਬਿਠਾ ਲਿਆ ਤੇ ਦੱਸਿਆ, "ਬਾਪੂ ਜੀ! ਖ਼ਤ, ਬੀਬੀ ਤਾਰੋ ਹੋਰਾਂ ਦਾ ਏ।" ਪਰ ਪੜ੍ਹਨ ਸਾਰ ਈ ਸੂਬੇਦਾਰ ਇਕ ਦਮ ਚੁੱਪ ਹੋ ਗਿਆ। ਫੇਰ ਹੌਲੀ-ਹੌਲੀ ਉਹਨੇ ਬਾਪੂ ਨੂੰ ਖ਼ਬਰ ਦੱਸਣ ਦੀ ਭੂਮਕਾ ਬੰਨੀ ਤੇ ਆਖਣ ਲੱਗਾ, "ਤਾਰੋ ਦੀ ਧੀ ਜੀਤੋ ਤੇ ਗੁਰਚਰਨ ਸਿੰਘ ਦੀ ਘਰ ਵਾਲੀ ਜ਼ੀਂਦੀਆਂ ਨੇ। ਉਹ ਅੰਮ੍ਰਿਤਸਰ ਕੈਂਪ ਵਿਚ ਨੇ। ਕੈਂਪ ਵਾਲਿਆਂ ਤੁਹਾਨੂੰ ਖ਼ਤ ਪਾਇਆ ਏ ਕਿ ਆ ਕੇ ਦੱਸੋ!"

ਬਾਪੂ ਸੁਰੈਣ ਸਿੰਘ ਤਰੇਲੀਓ-ਤਰੇਲੀ ਹੋ ਗਿਆ। ਸੋਚਣ ਲੱਗਾ 'ਦੋਹਤ-ਨੂੰਹ ਤੇ ਦੋਹਤਰੀ ਜੋ ਅਜੇ ਕੰਵਾਰੀ ਸੀ, ਕਿਸ ਹਾਲਤ ਵਿਚ ਹੋਣਗੀਆਂ? ਉਹਨਾਂ ਨੂੰ ਕਿੱਥੇ ਰੱਖਾਂਗੇ? ਕਿੱਥੇ ਪਾਵਾਂਗੇ? ਭਾਈਚਾਰੇ ਜੀਣ ਨਹੀਂ ਦੇਣਾ!!' ਬਾਪੂ ਲੰਮੀਆਂ ਸੋਚਾਂ ਵਿਚ ਲਮਕ ਗਿਆ।

ਸੂਬੇਦਾਰ ਦੀ ਘਰ ਵਾਲੀ ਦੁੱਧ ਲੈ ਆਈ ਪਰ ਬਾਪੂ ਨੂੰ ਦੁੱਧ ਕਿੱਥੋਂ ਲੰਘੇ! ਸਰੀਰ ਵਿਚ ਤੇ ਸਾਹ ਸੱਤ ਈ ਨਾ ਰਿਹਾ। ਬਾਪੂ ਦੀ ਹਾਲਤ ਵੇਖ ਸੂਬੇਦਾਰ ਕਹਿਣ ਲੱਗਾ, "ਬਾਪੂ ਜੀ ! ਤੁਸੀਂ ਪਿੰਡ ਵਿਚ ਸਿਆਣੇ ਜੇ ! .......ਤੁਸਾਂ, ਏਥੇ ਨਹੀਂ ਵੇਖਿਆ? ਆਪਾਂ ਵੀ ਤਾਂ ਸਾਈਂ ਚੂਹੜ ਸ਼ਾਹ ਦੀਆਂ ਦੋ ਧੀਆਂ ਮਹੀਨੇ ਪਿੱਛੋਂ ਪਾਕਿਸਤਾਨ ਵਾਲੇ ਪਾਸੇ ਘੱਲੀਆਂ ਨੇ। ਏਹ ਵੀ ..........ਫੌਜ ਨੇ ਪਤਾ ਕਰਕੇ ਪਿੰਡਾਂ ਵਿਚੋਂ ਧੀਆਂ-ਭੈਣਾਂ ਨੂੰ ਲਿਆਂਦਾ ਹੋਵੇਗਾ।...........ਵੱਡਿਆਂ ਸ਼ਹਿਰਾਂ 'ਚ ਪਨਾਹੀਆਂ ਦੇ ਕੈਂਪ ਲੱਗਦੇ ਨੇ । ਆਪਣੇ ਪਿੰਡ ਤਾਂ ਆਪਣੇ ਸਾਕ-ਸੰਬਧੀ ਈ ਆਏ ਨੇ, ਉਥੇ ਸਮਾਜ-ਸੇਵੀ ਲੋਕ, ਉੱਜੜੇ ਲੋਕਾਂ ਦੀ ਲੰਗਰ-ਪਾਣੀ ਤੇ ਬਿਸਤਰਿਆਂ ਨਾਲ ਸੇਵਾ ਕਰਦੇ ਨੇ। ..........ਹੌਸਲਾ ਕਰੋ! ਭਾਬੀ ਨਰੰਜਣ ਕੌਰ ਤੇ ਜੀਤੋ ਨੂੰ ਕੋਈ ਬੁਰਾ ਨਹੀਂ ਕਹਿ ਸਕਦਾ। ਉਹ ਤਾਂ 'ਦੇਸ-ਖਾਤਰ' ਏਸ ਹਾਲਤ ਵਿਚ ਵਿਚਰ ਰਹੀਆਂ ਨੇ। ...... ਜਦੋਂ ਮਜ਼੍ਹਬ ਦੇ ਕੱਟੜ ਲੋਕ ਵੰਡੀਆਂ ਪਾਉਂਦੇ ਨੇ, ਤਾਂ ਇਹੋ ਜਿਹੇ ਭਾਣੇ ਵਾਪਰ ਈ ਜਾਂਦੇ ਨੇ। ਪਤਾ ਨਹੀਂ! ਅਜੇ ਕਿੰਨਾਂ ਚਿਰ ਹੋਰ ਇਹ ਦੁੱਖਾਂ ਦੀਆਂ ਪੰਡਾਂ ਸਿਰਾਂ ਤੇ ਰਹਿਣੀਆਂ ਨੇ? ........ਭਲਕੇ, ਮੈਂ ਤੁਹਾਡੇ ਨਾਲ ਅੰਮ੍ਰਿਤਸਰ ਚੱਲਾਂਗਾ। ਤੁਸੀਂ ਹੁਣ ਘਰ ਜਾਵੋ......ਸੋਚਾਂ ਛੱਡੋ!!!"

ਘਰ ਆ ਕੇ ਬਾਪੂ ਨੂੰ ਕੁਝ ਸੁੱਝ ਨਹੀਂ ਸੀ ਰਿਹਾ ਕਿ ਤਾਰੋ ਤੇ ਪਰਸੰਨੋਂ ਨੂੰ ਕੀ ਦੱਸੇ? ਬਾਪੂ ਨੇ ਪਹਿਲਾਂ ਮਾਤਾ ਬਿੱਸੋ ਨੂੰ ਵਾਜ਼ ਮਾਰੀ, "ਤਾਰੋ ਦੀ ਮਾਂ! ਜ਼ਰਾ ਏਧਰ ਆਵੀਂ ਤੇ ਮੇਰੀ ਗੱਲ ਸੁਣੀ। "

ਬਿੱਸੋ ਆਈ ਤੇ ਕਹਿਣ ਲੱਗੀ, "ਦੱਸੋ! ਤਾਰੋ ਦੇ ਬਾਪੂ ਤੈਨੂੰ ਹੋਇਆ ਕੀ ਏ? ਤੂੰ ਤਾਂ, ਖੱਟਾ ਡੱਡੂ ਵਰਗਾ ਹੋਇਆ ਪਿਐਂ!"

"ਆਹ! ਜਿਹੜੀ ਚਿੱਠੀ ਆਈ ਏ ਨਾ, ਇਹ ਜੀਤੋ ਤੇ ਵਹੁਟੀ ਦੀ ਏ।" ਬਾਪੂ ਨੇ ਕਿਹਾ।

ਸੁਣਦਿਆਂ ਸਾਰ ਈ ਬਿੱਸੋ ਵੀ ਗੁੰਮ ਹੋ ਗਈ ਤੇ ਫਿਰ ਕੁਝ ਸੰਭਲਦਿਆਂ ਬੋਲੀ, "ਇਹਨਾਂ ਇੱਜ਼ਤਾਂ ਲੁੱਟੀ ਵਾਲੀਆਂ ਨੂੰ ਕਿੱਥੇ ਪਾਵਾਂਗੇ? ਵੇ ਰੱਬਾ!.......... ਤੂੰ ਕਿਉਂ ਨਾ ਪੜਦਾ ਪਾ ਦਿੱਤਾ?.........ਏਸ ਧੀ ਨੂੰ ਕਿੱਥੇ ਵਿਆਹਵਾਂਗੇ?"

"ਮੈਂ ਆਹਨਾਂ, ਤੂੰ ਤਾਰੋ ਤੇ ਫਿੰਨੋ ਨੂੰ ਵਾਜ਼ ਮਾਰ।" ਬਾਪੂ ਬੋਲਿਆ।

ਦੋਵੇਂ ਭੈਣਾਂ, ਆਪਣੇ ਬਾਪ ਕੋਲ ਆ ਗਈਆਂ ਤੇ ਗੱਲ ਸੁਣਦਿਆਂ ਈ, ਉਹ ਵੀ ਕਿਸੇ ਠੰਢੇ-ਸੀਤ ਪਾਣੀ ਦੇ ਟੋਭੇ ਵਿਚ ਈ ਡੁੱਬ ਗਈਆਂ। ਘੁੱਟਾਂ-ਵੱਟੀ ਬੈਠੀਆਂ, ਡੌਰ-ਭੌਰ ਹੋਈਆਂ; ਆਲਾ-ਦੁਆਲਾ ਵੇਂਹਦੀਆਂ ਰਹੀਆਂ ਤੇ ਮੂਹੋਂ ਕੁਝ ਨਹੀਂ ਕੂਈਆਂ।

ਬਾਪੂ ਆਖਣ ਲੱਗਾ, "ਭਲਕੇ ਸਵੇਰੇ, ਮੈਂ ਸੂਬੇਦਾਰ ਨੂੰ ਲੈ ਕੇ ਸ਼ਹਿਰ ਜਾਣਾ ਏਂ। ਉਹਨੇ ਮੈਨੂੰ ਬੜੀਆਂ ਚੰਗੀਆਂ ਗੱਲਾਂ ਦੱਸੀਆਂ ਨੇ। ਮੇਰਾ ਹੌਸਲਾ ਬੰਨ੍ਹ ਦਿੱਤਾ ਏ। ਮੈਂ ਕੁੜੀਆਂ ਨੂੰ ਲੈਣ ਚੱਲਿਆਂ।"

ਦੂਜੇ ਦਿਨ ਸੂਬੇਦਾਰ ਪ੍ਰਕਾਸ਼ ਸਿੰਘ ਤੇ ਬਾਪੂ ਸੁਰੈਣ ਸਿੰਘ, ਪੱਟੀਓਂ ਗੱਡੀ ਚੜ੍ਹ ਕੇ ਅੰਮ੍ਰਿਤਸਰ ਪੁੱਜ ਗਏ। ਓਸ ਵੇਲੇ ਸਟੇਸ਼ਨ ਦੇ ਨੇੜੇ ਕੋਈ ਅਬਾਦੀ ਨਹੀਂ ਸੀ ਹੁੰਦੀ, ਜਿਵੇਂ ਅੱਜ ਮਕਾਨਾਂ ਤੇ ਹੋਟਲਾਂ ਦੀ ਮੰਡੀ ਲੱਗੀ ਏ। ਸਾਹਮਣੇ ਤੰਬੂ ਲੱਗੇ ਹੋਏ ਸਨ ਤੇ ਸ਼ਰੋਮਣੀ ਕਮੇਟੀ ਵੱਲੋਂ ਕੈਂਪ ਵਾਲਿਆਂ ਦੇ ਲੰਗਰ ਦਾ ਪਰਬੰਧ ਸੀ। ਸਿਰਫ਼ ਪੰਜਾਂ ਕੁ ਮਿੰਟਾਂ ਵਿਚ ਹੀ ਕੈਂਪ 'ਚ ਪੁੱਜ ਕੇ ਇਹਨਾਂ ਉਹੋ ਖ਼ਤ ਵਿਖਾਇਆ ਤੇ ਕੈਂਪ ਇਨਚਾਰਜ ਬੀਬੀਆਂ ਨੂੰ ਬੁਲਾਉਣ ਚਲਾ ਗਿਆ।

ਉਸ ਅੰਦਰ ਜਾ ਕੇ ਜਦੋਂ ਹਾਜ਼ਰੀ ਲਾਉਣ ਵਾਲਿਆਂ ਵਾਂਗੂੰ ਪੁਕਾਰਿਆ, "ਨਰੰਜਣ ਕੌਰ!! ਜੀਤੋ!!" ਤਾਂ ਉਹ ਦੋਵੇਂ ਤ੍ਰਭਕ ਕੇ ਉੱਠੀਆਂ। ਸੇਵਾਦਾਰ ਨੇ ਕਿਹਾ, "ਬੀਬੀ, ਮੇਰੇ ਨਾਲ ਆਉ, ਤੁਹਾਡੇ ਵਾਰਸ ਆਏ ਨੇ।"

ਦੋਹਾਂ ਨਨਾਣ ਭਰਜਾਈ ਦੀਆਂ ਲੱਤਾਂ ਤੁਰਨ ਤੋਂ ਜਵਾਬ ਦੇ ਰਹੀਆਂ ਸਨ। ਸੋਚਣ ਲੱਗੀਆਂ 'ਕੌਣ ਆਇਆ ਹੋਵੇਗਾ?'

ਜੀਤੋ ਕਹਿੰਦੀ, "ਭਾਬੀ! ਆਪਾਂ , ਐਵੇਂ ਨਾਨਕਿਆਂ ਦਾ ਪਤਾ ਦੱਸਿਆ.........ਦੋਵੇਂ ਕਿਸੇ ਦਿਨ ਜ਼ਹਿਰ ਖਾ ਕੇ ਮਰ ਕਿਉਂ ਨਾ ਗਈਆਂ! ......ਸਾਡਾ ਜੀਣਾ, ਹੁਣ ਹਰਾਮ ਹੋ ਜਾਣੈ ......ਸਾਰੇ ਟੱਬਰ ਲਈ ਅਸਾਂ 'ਵਖ਼ਤ' ਬਣ ਜਾਣਾ ਏਂ!!!"

ਜਦੋਂ ਦੋਵੇਂ ਕੈਂਪ ਦੇ ਗੇਟ ਦੇ ਨੇੜੇ ਢੁੱਕੀਆਂ ਤਾਂ ਦੂਰੋਂ ਬਾਪੂ (ਨਾਨਾ) ਦਿਸਿਆ , ਸੂਬੇਦਾਰ ਦਾ ਤੇ ਉਨ੍ਹਾਂ ਨੂੰ ਪਤਾ ਨਹੀਂ ਸੀ। ਕੋਲ ਅੱਪੜ, ਜੀਤੋ ਨਾਨੇ ਦੇ ਗੱਲ ਚੰਬੜ ਗਈ ਤੇ ਚੀਕਾਂ ਮਾਰ-ਮਾਰ, ਕੈਂਪ ਹਿਲਾ ਕੇ ਰੱਖ ਦਿੱਤਾ। ਨਰੰਜਣ ਕੌਰ, ਘੁੰਡ ਕੱਢਿਆ ਸੀ.....ਬਜ਼ੁਰਗ ਦੇ ਪੈਰਾਂ ਤੇ ਹੱਥ ਰੱਖ ਜ਼ਾਰੋ-ਜ਼ਾਰ ਰੋਣ ਲੱਗੀ। ਨਾਲ ਖੜੋਤੇ ਸੂਬੇਦਾਰ ਨੇ ਬੜੀ ਮੁਸ਼ਕਲ ਨਾਲ ਉਹਨਾਂ ਨੂੰ ਚੁੱਪ ਕਰਾਇਆ।

ਕੈਂਪ ਦਾ ਸੇਵਾਦਾਰ ਹੌਸਲਾ ਦੇਂਦਿਆਂ ਪੁੱਛਣ ਲੱਗਾ, "ਜੀ, ਇਹ ਬੀਬੀਆਂ ਤੁਹਾਡੀਆਂ ਨੇ?"

"ਜੀ ਹਾਂ।" ਬਾਪੂ ਨੇ ਕਿਹਾ, "ਦੋਹਤਰੀ ਤੇ ਦੋਹਤ-ਨੂੰਹ।"

ਫਾਰਮ ਭਰਵਾਇਆ, ਦਸਖ਼ਤ ਕਰਵਾਏ ਤੇ ਕੈਂਪ ਵਾਲਿਆ ਦੋਹਾਂ ਨੂੰ ਬਾਪੂ ਨਾਲ ਤੋਰ ਦਿੱਤਾ। ਫੇਰ ਗੱਡੀ ਲਈ, ਪੱਟੀ ਉੱਤਰੇ ਤੇ ਪੰਜ ਕੋਹ ਪੈਂਡਾ, ਪੈਦਲ ਮਾਰ ਪਿੰਡ ਅੱਪੜੇ। ਘਰ ਦੀ ਦਲ੍ਹੀਜ਼ ਟੱਪੀ ਤਾਂ ਵਿਹੜੇ ਵਿਚ ਬੈਠੀ ਭੂਆ ਤਾਰੋ, ਜੀਤੋ ਨੂੰ ਵੇਖ, ਗਸ਼ ਖਾ ਕੇ ਧੜੱਮ ਡਿੱਗ ਪਈ। ਘਰ ਵਿਚ ਸਨਾਟ੍ਹਾ ਛਾ ਗਿਆ, ਮਾਤਮ ਪੈ ਗਿਆ। ਆਂਢੀ-ਗਵਾਂਢੀ ਇਕੱਠੇ ਹੋ ਗਏ, ਸਭ ਉਨ੍ਹਾਂ ਦੋਹਾਂ ਦੇ ਗੱਲ ਲੱਗ-ਲੱਗ ਕੇ ਰੋਏ।

ਕਈ ਤੀਵੀਆਂ ਘੁਸਰ-ਮੁਸਰ ਕਰਦੀਆਂ ਜੀਤੋ ਨੂੰ

ਤੇ ਪਲੀਤ ਹੋਈ ਸਮਝਦੀਆਂ ਸਨ। ਪਰ ਨਰਜੰਣੋਂ ਬਾਰੇ ਆਖਣ, 'ਵਹੁਟੀ ਦੀ ਤਾਂ ਕੋਈ ਗੱਲ ਨਹੀ! ......... ਵਿਆਹੀ-ਵਰੀ........... ਧੀਆਂ-ਪੁੱਤਾਂ ਵਾਲੀ ਸੀ... ...... ਏਹ ਤਾਂ ਆਪਣੇ ਨਿਆਣੇ ਸਾਂਭੇਗੀ। ਏਸ ......... ਸਿਰ ਮੁੰਨੀ........ ਜੀਤੋ ਨੂੰ ਕੀ ਕਰਨਗੇ?'

ਵਿੱਚੋਂ ਕੋਈ ਬੰਦਾ ਦਿਲਾਸਾ ਦੇਂਦਿਆਂ ਇੰਝ ਵੀ ਆਖਦਾ, 'ਏਹ ਕੁੜੀਆਂ ਤੇ ਦੇਸ ਭਗਤ ਨੇ।'

ਭਾਂਤ-ਸੁਭਾਂਤੀਆਂ ਗੱਲਾਂ ਹੋਣ ਲੱਗ ਪਈਆਂ। ਏਨੇ ਨੂੰ ਸੂਬੇਦਾਰ ਪ੍ਰਕਾਸ਼ ਸਿੰਘ ਘਰ ਜਾਣ ਲੱਗਿਆਂ ਕਹਿਣ ਲੱਗਾ, "ਬਈ! ਸਾਰੇ ਗੱਲ ਸੁਣ ਲਓ! ਇਹ ਦੋਵੇਂ ਬੀਬੀਆਂ ਬਹੁਤ ਬਹਾਦਰ ਨੇ, ਇਹ ਗੱਲ ਸਾਨੂੰ ਕੈਂਪ ਵਾਲਿਆਂ ਦੱਸੀ ਏ। ਬਹੁਤੀਆਂ ਵਾਧੂ-ਘਾਟੂ ਗੱਲਾਂ ਨਾ ਕਰੋ, ਦੁੱਖਾਂ ਦੀਆਂ ਘੜੀਆਂ ਰਲ-ਮਿਲ ਕੇ ਕੱਟੋ। ਹੁਣ ਹੋਰ ਤੇ ਕੋਈ ਚਾਰਾ ਨਹੀਂ। ਅਜੇ ਤਾਂ ਹੌਂਸਲਾ ਕਰਨ ਦੀ ਲੋੜ ਆ, ਕਦੋਂ ਘਰ-ਘਾਟ ਬਣੇ, ਮੁਰੱਬੇ ਮਿਲਣ? ਇਹਨੂੰ ਅਜੇ ਚਿਰ ਲੱਗਣਾ ਏਂ।"

ਲੋਕੀ ਕਈ ਸਾਲ ਇੰਝ ਹੀ ਰੁਲਦੇ ਰਹੇ, ਪਰ ਉੱਜੜ ਕੇ ਆਇਆਂ ਨੂੰ ਖੁੱਲ੍ਹੇ ਦਿਲ ਨਾਲ ਸਾਂਭੂ ਵੀ ਬਥੇਰੇ ਸਨ।

ਦੋ ਚਾਰ ਦਿਨ ਲੰਘ ਗਏ ਤਾਂ ਜੀਤੋ ਦੇ ਵੱਡੇ ਮਾਮੇ ਦੀ ਨੂੰਹ, ਵੀਰਾਂ ਨੇ ਜੀਤੋ ਦਾ ਹਾਲ ਪੁੱਛਣ ਲਈ ਮਨ ਤਕੜਾ ਕੀਤਾ। ਹਾਣ ਨੂੰ ਹਾਣ ਦਾ ਦੁੱਖ ਸੁਣਨ ਦੀ ਕੁਦਰਤੀ ਤਾਂਘ ਹੁੰਦੀ ਏ। ਜੀਤੋ ਤੇ ਭਾਬੀ ਵੀਰਾਂ ਇਕੋ ਮੰਜੀ ਤੇ ਸੌਂਦੀਆਂ ਤੇ ਦਿਨ ਭਰ 'ਕੱਠੀਆਂ ਰਹਿੰਦੀਆਂ। ਇਕ ਰਾਤ ਭਾਬੀ ਪੁੱਛਣ ਲੱਗੀ:

"ਅੜੀਏ, ਜੀਤੋ! ਇਕ ਗੱਲ ਦੱਸ, ਤੁਹਾਡੇ ਨਾਲ ਹੋਇਆ ਕੀ? ਕਿੱਥੇ ਕੱਟੇ ਐਨੇ ਦਿਨ? ਕੀ ਬੀਤੀ ਤੁਹਾਡੀ ਜਾਨ ਤੇ?"

ਜੀਤੋ ਦਾ ਤੇ ਪਹਿਲੋਂ ਈ ਮਨ ਨੱਕੋ-ਨੱਕ ਭਰਿਆ ਹੋਇਆ, ਡੁੱਲ੍ਹਣ-ਡੁੱਲ੍ਹਣ ਕਰਦਾ ਸੀ, ਹੱਡ-ਬੀਤੀ ਦੱਸਣ ਲੱਗੀ:

"ਜਦੋਂ ਅਸੀ ਜੜ੍ਹਾਂ ਵਾਲੇ ਕੈਂਪ 'ਚ ਸਾਂ, ਤਾਂ ਵੀਰ ਨਿਆਣਿਆਂ ਲਈ ਪਾਣੀ ਲੈਣ ਬਾਹਰ ਨਿਕਲਿਆ ਈ ਸੀ ਕਿ ਇਕ ਦਮ ਹਜੂਮ ਆ ਪਿਆ। ਸਾਰਿਆਂ ਨੇ ਛਵੀਆਂ, ਟਕੂਏ, ਗੰਡਾਸੇ ਤੇ ਡਾਂਗਾਂ ਫੜੀਆਂ ਹੋਈਆਂ ਸਨ। ਰੌਲਾ-ਗੌਲਾ ਸੁਣ, ਅਸੀਂ ਜਦੋਂ ਬਾਹਰ ਝਾਤੀ ਮਾਰੀ ਤਾਂ ਉਹ ਵੀਰ ਗੁਰਚਰਨ ਨੂੰ ਕੋਹ ਰਹੇ ਸਨ। ਜਦੋਂ ਅਸਾਂ ਛੁਡਾਉਣ ਦਾ ਜਤਨ ਕੀਤਾ ਤਾਂ ਚਾਰ ਬੰਦਿਆਂ ਸਾਨੂੰ ਐਂਝ ਧੂਇਆ ਕਿ ਅਸੀਂ ਕਿੱਧਰ ਦੀਆਂ ਕਿੱਧਰ ਅੱਪੜ ਗਈਆਂ।

ਪਤਾ ਨਹੀਂ! ਕਿੰਨੀ ਦੂਰ ਸੀ ਉਹ ਪਿੰਡ, ਜਿੱਥੇ ਸਾਨੂੰ ਦੋਹਾਂ ਨੂੰ ਲੈ ਗਏ। ਮੈਨੂੰ ਇਕ ਜਣੇ ਨੇ ਕੜੇ ਤੋਂ ਫੜਿਆ ਹੋਇਆ ਸੀ ਤੇ ਭਾਬੀ ਨੂੰ ਚੁੰਨੀ ਨਾਲ ਬੰਨ੍ਹਿਆਂ ਹੋਇਆ ਸੀ। ਅਸੀਂ ਗੁੰਮ-ਸੁੰਮ ਹੋਈਆਂ, ਸੋਚ ਰਹੀਆਂ ਸਾਂ ਕਿ ਪਤਾ ਨਹੀ ਹੁਣ ਕੀ ਬਣੂੰ? ਰਾਤ ਅੱਧੀ ਕੁ ਗਈ ਹੋਵੇਗੀ, ਜਦੋਂ ਸਾਨੂੰ ਵੱਖੋ-ਵੱਖ ਘਰਾਂ ਵਿਚ ਲੈ ਗਏ। ......ਮੈਨੂੰ ਐਨੀ ਕੁ ਸੂਹ ਲੱਗਦੀ ਸੀ ਕਿ ਅਸੀਂ ਦੋਵੇਂ ਇਕੋ ਈ ਪਿੰਡ ਵਿਚ ਸਾਂ।

ਭਾਬੀ ਦਾ ਤਾਂ ਮੈਨੂੰ ਪਤਾ ਨਹੀਂ, ਜਿਸ ਘਰ ਮੈਨੂੰ ਲੈ ਕੇ ਆਏ, ਓਥੇ ਛੇ-ਸੱਤ ਜੀਅ ਹੋਰ ਸਨ। ਇਕ ਅੱਧਖੜ ਉਮਰ ਦੀ ਜ਼ਨਾਨੀ ਮੈਨੂੰ ਵੇਖ ਕੇ ਕਹਿਣ ਲੱਗੀ, "ਵੇ! ਇਹ ਕਿੱਥੋਂ ਮੁਸੀਬਤ ਲੈ ਆਇਆ ਏਂ? ਵੇ ਮੰਦੂ! ਤੂੰ ਗੁੰਡਿਆਂ ਨਾਲ ਨਾ ਫਿਰਿਆ ਕਰ।" ਬਾਕੀ ਸਾਰੇ ਚੁੱਪ ਸਨ। ਮੈਨੂੰ ਮੰਜੀ 'ਤੇ ਵੇਹੜੇ 'ਚ ਬਿਠਾ ਦਿੱਤਾ। ਸੋਲ੍ਹਾਂ ਕੁ ਸਾਲਾਂ ਦੀ ਇਕ ਕੁੜੀ ਪਾਣੀ ਲੈ ਕੇ ਆਈ । ਇਕ ਹੋਰ, ਜੋ ਕੁੜੀ ਦੀ ਭਰਜਾਈ ਹੋਵੇਗੀ ਕਹਿਣ ਲੱਗੀ, "ਇਹ ਸਿੱਖ, ਨਹੀਂ ਪਾਣੀ ਪੀਂਦੇ ਮਸ਼ਕ ਦਾ।"

ਮੇਰਾ ਪਾਣੀ ਨੂੰ ਤੇ ਕੀ, ਕਿਸੇ ਵੀ ਸ਼ੈਅ ਨੂੰ ਉੱਕਾ ਈ ਜੀਅ ਨਹੀ ਸੀ ਕਰਦਾ। ਪਰ ਉਸ ਕੈਦ ਨੂੰ ਕੱਟਣ ਲਈ ਕੀ ਕਰਦੀ?

"ਨੀ! ਤੂੰ ਰਾਤੀਂ ਕਿੱਥੇ ਸੌਂਦੀ ਸੈਂ?" ਭਾਬੀ ਨੇ ਬੜੀ ਉਤਸੁਕਤਾ ਨਾਲ ਤੇ ਜ਼ਜਬਾਤੀ ਹੋ ਕੇ ਪੁੱਛਿਆ।

"ਪਹਿਲੀ ਰਾਤ ਤੇ ਵਿਹੜੇ ਵਿਚ ਇਕ ਮੰਜੀ 'ਤੇ ਗੁੱਛਾ ਹੋ ਪਈ ਰਹੀ। ਅਗਲੇ ਦਿਨ 'ਬਸ਼ੀਰਾਂ' ਜੋ ਮੈਨੂੰ ਖੜਨ ਵਾਲੇ ਮੁਹੰਮਦ ਦੀ ਭੈਣ ਸੀ, ਆਖਣ ਲੱਗੀ, "ਲੈ ਮੇਰਾ ਸੂਟ ਪਾ ਲੈ। ਤੇਰੇ ਲੀੜੇ ਬੜੇ ਗੰਦੇ ਤੇ ਪਾਟੇ ਹੋਏ ਨੇ।" ਕੁਦਰਤ ਨੇ ਔਰਤ ਨੂੰ ਕੀ ਬਣਾਇਆ ਏ? ਭਾਬੀ! ਉਸ ਦਿਨ ਮੈਨੂੰ ਮਾਹਵਾਰੀ ਆਈ ਹੋਈ ਸੀ। ਕੱਪੜੇ ਮੈਂ ਫੜ ਲਏ, ਤੇ ਨਾਲ ਈ ਇਕ ਹੋਰ ਕੱਪੜਾ ਮੰਗਿਆ। ਜਦੋਂ ਮੈਂ ਨ੍ਹਾਉਣ ਚੱਲੀ, ਤਾਂ ਘਰ ਦੀ ਮਾਂ ਨੇ ਮੈਨੂੰ ਸਿਰ ਧੋਣ ਲਈ ਵੀ ਕਿਹਾ, "ਧੀਏ! ਹੁਣ ਤੂੰ ਨਹਾ-ਧੋ, ਹੁਣ ਤੂੰ ਏਥੇ ਈ ਰਹਿਣਾ ਏਂ। ਤੇਰੀ ਕਿਸਮਤ ਮਾੜੀ! ਕਈ ਹੋਰਾਂ ਦੀਆਂ ਵੀ ਮਾੜੀਆਂ ਨੇ । ਜੀਅ ਲਾ, ਫੇਰ ਸੋਚਾਂਗੇ।" ਰਾਤ ਪਈ ਤਾਂ ਮੁਹੰਮਦ ਦੀ ਭਰਜਾਈ ਮੈਨੂੰ ਬੁਰਕਾ ਪਵਾ ਕੇ ਡੰਗਰਾਂ ਵਾਲੀ ਹਵੇਲੀ ਛੱਡ ਆਈ। ਮੇਰਾ ਸਾਰਾ ਤਨ-ਬਦਨ ਕੰਬ ਰਿਹਾ ਸੀ। ਉਹ ਮੇਰੇ ਕੋਲ ਉਦੋਂ ਤੀਕਰ ਬੈਠੀ ਰਹੀ ਜਦੋਂ ਤਾਂਈ ਮੰਦੂ ਨਾ ਆ ਗਿਆ।

ਆਂਢ-ਗਵਾਂਢ ਦੇ ਲੋਕ ਮੈਨੂੰ ਇੰਝ ਵੇਖਦੇ ਜਿਵੇਂ ਕੋਈ ਤਮਾਸ਼ਾ ਹੁੰਦਾ ਏ। ਕਹਿੰਦੇ, "ਮੰਦੂ ਨੇ ਸਿੱਖਣੀ ਲਿਆਂਦੀ ਏਂ।" ਗੱਲਾਂ ਕਰਦੀ ਜੀਤੋ ਆਪਣੀਆਂ ਅੱਖਾਂ 'ਚੋਂ ਛਮ-ਛਮ ਨੀਰ ਵਹਾ ਰਹੀ ਸੀ । ਵੀਰੋ ਭਾਬੀ ਦੇ ਲੂੰਈ-ਕੰਡੇ ਹੋ ਰਹੇ ਸਨ। ਉਸ ਦਹਿਲੀ ਹੋਈ ਤੇ ਰੋਣ-ਹਾਕੀ 'ਵਾਜ਼ ਵਿਚ ਪੁੱਛਿਆ, "ਹਾਏ ਨੀ! ਮੈਂ ਮਰ ਜਾਂਵਾਂ! ਫੇਰ ਕੀ ਹੋਇਆ?"

"ਫੇਰ, ਭਾਬੀ! ਕੀ ਹੋਣਾ ਸੀ। ਮੁਹੰਮਦ ਆ ਗਿਆ। ਜਿਵੇਂ ਮੇਰੇ ਲਈ ਮੌਤ ਦਾ ਪੈਗਾਮ ਲੈ ਕੇ ਆਇਆ

ਹੋਵੇ। ਆ ਕੇ ਮੇਰੇ ਮੰਜੇ ਤੇ ਬੈਠ ਗਿਆ ਤੇ ਪੁੱਛਣ ਲੱਗਾ "ਤੇਰਾ ਨਾਂ ਕੀ ਏ, ਭਲੀਏ ਲੋਕੇ?"

ਮੈਂ ਚੁੱਪ ਸਾਂ । ਕੀ ਦੱਸਾਂ? ਇਹ ਮੇਰਾ ਕੀ ਲੱਗਦਾ ਏ? 'ਮੈਂ ਸੋਚਾਂ ਕਿਧਰੇ ਕੋਈ ਰੱਬ ਨਹੀਂ ਹੈਗਾ, ਕੋਈ ਅੱਲਾ ਨਹੀਂ, ਵਾਹਿਗੁਰੂ ਨਹੀਂ।!'

'ਉਹਨੇ ਮੇਰੇ ਹੱਥ ਫੜ ਲਏ। । ਮੈਂ ਨੀਵੀਂ ਪਾਈ ਸੋਚੀਂ ਜਾਵਾਂ, ਹੁਣ ਕਿੱਧਰ ਜਾਵਾਂ, ਕਿਹੜੇ ਖੂਹ-ਖਾਤੇ 'ਚ ਪਵਾਂ? ਅੱਗੇ ਕੀ ਹੋਵੇਗਾ? ਨਿੱਕੀ ਹੁੰਦੀ ਕਿਉਂ ਨਾ ਮਰੀ?' ਮੇਰਾ ਸਾਰਾ ਜੁੱਸਾ ਕੰਬਣ ਲੱਗਾ। ਉਹਨੂੰ ਮੇਰੀ ਹਾਲਤ ਤੇ ਕੁਝ ਰਹਿਮ ਆਉਂਦਾ ਜਾਪਿਆ ਤੇ ਉਸ ਮੇਰੇ ਹੱਥ ਛੱਡ ਦਿੱਤੇ। ਕਹਿਣ ਲੱਗਾ, "ਜਦੋਂ ਤੂੰ ਆਖੇਂਗੀ, ਉਦੋਂ ਹੀ ਤੇਰੇ ਕੋਲ ਆਵਾਂਗਾ।"

ਉਸ ਨੇ ਫੇਰ ਮੈਨੂੰ ਪੁੱਛਿਆ "ਤੂੰ ਕਿਥੋਂ ਦੀ ਏਂ? ਤੇਰੇ ਮਾਪੇ ਕਿੱਧਰ ਗਏ?" ਮੈਂ ਟੋਟਕਿਆਂ ਵਿਚ ਹਾਂ-ਨਾਂਹ ਕਰਦੀ ਗਈ। ਰਾਤ ਬਹੁਤੀ ਲੰਘ ਗਈ। ਮੈਂ ਇਕਦਮ ਉਹਦੇ ਪੈਰ ਫੜ ਲਏ, ਤੇ ਕਿਹਾ, "ਤੂੰ ਮੇਰਾ ਵੀਰ ਨਹੀਂ ਬਣ ਸਕਦਾ?"

ਉਹ ਹੈਰਾਨ, ਪਰੇਸ਼ਾਨ ਹੋ ਕੇ ਮੇਰੇ ਵੱਲ ਤੱਕਦਾ, ਸੋਚਣ ਲੱਗਾ, "ਇਹ ਕੀ ਕਹਿੰਦੀ ਪਈ ਏ, ਤੇ ਮੈਂ ਕੀ ਸੋਚਨਾਂ ਵਾਂ!" ਮੈਨੂੰ ਉਠਾ ਕੇ, ਓਸ ਮੰਜੀ ਤੇ ਬਿਠਾ ਦਿੱਤਾ ਤੇ ਆਖਣ ਲੱਗਾ, "ਜਦੋਂ ਤੂੰ ਖ਼ੁਸ਼ ਹੋਵੇਂਗੀ ਓਦੋਂ ਸਹੀ। ਓਨੇ ਦਿਨ ਮੈਂ ਤੇਰਾ ਭਰਾ ਬਣਿਆਂ ਰਵ੍ਹਾਂਗਾ।" ਫੇਰ ਦੱਸਣ ਲੱਗ ਪਿਆ "ਮੇਰੇ ਸਹੁਰੇ, ਜਦੋਂ ਘਰ-ਘਾਟ ਛੱਡ ਕੈਂਪ ਵਿਚ ਸਨ ਤਾਂ ਮੇਰੀ ਮੰਗੇਤਰ, ਹੈਜ਼ੇ ਨਾਲ ਓਥੇ ਈ ਮਰ ਗਈ। ਏਸੇ ਲਈ, ਅਸੀਂ ਕੈਂਪ ਵਿਚੋਂ ਕਿਸੇ ਤੇਰੇ ਵਰਗੀ ਨੂੰ ਲਿਆਉਣ ਦਾ ਮਨ ਬਣਾਇਆ। ਤੂੰ ਮੈਨੂੰ ਦੱਸ ਦੇਵੀਂ, ਜਦੋਂ ਤੇਰੀ ਮਰਜ਼ੀ ਹੋਈ ਨਿਕਾਹ ਕਰ ਲਵਾਂਗੇ।"

ਦਿਨੇ ਮੈਂ ਘਰ ਆ ਜਾਂਦੀ ਤੇ ਰੋਜ਼ ਰਾਤ ਨੂੰ ਮੁਹੰਮਦ ਦੀ ਭੈਣ ਬੁਰਕਾ ਪਵਾ ਕੇ ਮੈਨੂੰ ਬਾਹਰ ਲੈ ਜਾਂਦੀ। ਲੋਕੀਂ ਕੋਠਿਆਂ ਤੇ ਚੜ੍ਹ ਸਾਡੇ ਵੱਲ ਤੱਕਦੇ। ਭਾਬੀ ਜੀ ਦੀ ਮੈਨੂੰ ਕੋਈ ਉੱਘ-ਸੁੱਘ ਨਹੀ ਸੀ।

ਏਸੇ ਤਰ੍ਹਾਂ ਕਈ ਦਿਨ ਲੰਘ ਗਏ। ਤੇ, ਫੇਰ ਇਕ ਦਿਨ ਜਦੋਂ ਅਸੀਂ ਤਰਕਾਲਾਂ ਵੇਲੇ ਬਾਹਰ ਖੇਤਾਂ ਵੱਲ ਜਾ ਰਹੀਆਂ ਸਾਂ ਤਾਂ ਮੈਨੂੰ, ਇੱਕ ਫੌਜੀ ਟਰੱਕ ਵਿਚ ਬੈਠੇ, ਸਿੱਖ ਸਿਪਾਹੀ ਦੀ ਪੱਗ ਨਜ਼ਰੀਂ ਪੈ ਗਈ। ਮੈਂ ਓਸੇ ਵੇਲੇ ਰੌਲਾ ਪਾ ਦਿੱਤਾ, ਚੀਕਣਾ ਸ਼ੁਰੂ ਕਰ ਦਿੱਤਾ, "ਵੀਰੋ! ਮੈਂ ਸਿੱਖਾਂ ਦੀ ਧੀ ਜੇ! ਮੈਨੂੰ ਏਥੋਂ ਕੱਢਣ ਦਾ ਪੁੰਨ ਖੱਟ ਲਵੋ!"

ਟਰੱਕ ਰੁਕਿਆ, ਤਾਂ ਫੌਜੀ ਵੀਰ ਨੇ ਹੇਠਾਂ ਉੱਤਰ ਕੇ ਮੈਨੂੰ ਗਲ ਨਾਲ ਲਾ ਲਿਆ ਤੇ ਹੌਸਲਾ ਦਿੱਤਾ। ਏਹ ਸਾਰਾ ਕੁਝ ਵੇਖ, ਬਸ਼ੀਰਾਂ ਘਰ ਨੂੰ ਦੌੜ ਗਈ। ਟਰੱਕ ਵਾਲੇ ਮੈਨੂੰ ਪੁੱਛਣ ਲੱਗੇ, "ਭੈਣਾਂ ਹੋਰ ਦੱਸ, ਇੱਥੇ ਤੇਰੇ ਵਰਗੀ ਕੌਣ-ਕੌਣ ਆ?"

ਮੈਂ ਭਾਬੀ ਨਰੰਜਣ ਕੌਰ ਦਾ ਨਾਂ ਦੱਸਿਆ। ਉਹਨਾਂ, ਜਾ ਪਿੰਡ ਨੂੰ ਘੇਰਾ ਪਾਇਆ ਤੇ ਬੰਦਿਆਂ ਨੂੰ ਇਕੱਠੇ ਕਰ ਕੇ ਪੁੱਛਣ ਲੱਗ ਪਏ।

ਐਨੇ ਚਿਰ 'ਚ ਕਿਸੇ ਧਰਮੀ ਬੰਦੇ ਨੇ ਆਪ ਈ ਦੱਸ ਦਿੱਤਾ, 'ਜੀ! ਇਕ ਬੀਬੀ ਸਾਡੇ ਘਰ ਵੀ ਏ।' ਇੰਝ ਭਾਬੀ ਵੀ ਲੱਭ ਪਈ ਤੇ ਫੌਜੀ, ਸਾਨੂੰ ਟਰੱਕ ਵਿਚ ਚਾੜ੍ਹ ਅੰਬਰਸਰ ਲੈ ਆਏ।"

ਡੁਸਕਦੀ ਵੀਰਾਂ ਭਾਬੀ, ਜੀਤੋ ਨੂੰ ਆਖਣ ਲੱਗੀ, "ਜੀਤੋ! ਤੂੰ ਕਿੰਨੇ ਦਿਨ ਮੰਦੂ ਦੇ ਘਰ ਰਹੀ?"

ਜੀਤੋ ਉੱਚੀ-ਉੱਚੀ ਰੋਂਦਿਆਂ ਤੇ ਹੌਕੇ ਭਰਦਿਆਂ ਦੱਸਿਆ, "ਇੱਕੀ ਰਾਤਾਂ ਰਹੀ! ਬਾਈਵੀ ਰਾਤ ਤੁਰ ਪਈ।"

ਵੀਰੋ ਹੈਰਾਨ ਸੀ ਕਿ, 'ਇਹਨੇ ਪੂਰੀਆਂ 'ਇੱਕੀ-ਰਾਤਾਂ' ਓਪਰੇ ਆਦਮੀ ਨਾਲ ਕੱਟੀਆਂ'.......... ਤੇ ਸੋਚਣ ਲੱਗੀ................ 'ਇਹ ਸੱਚ ਹੋਵੇਗਾ ਕਿ ਉਹਨੇ, ਇਹਨੂੰ ਐਡੇ ਲੰਮੇ ਵੇਲੇ ਵੀ, ਕੁਝ ਨਾ ਆਖਿਆ ਹੋਵੇਗਾ?' ........... ਵੀਰੋ ਨੂੰ ਸੱਚ ਨਹੀਂ ਸੀ ਆਉਂਦਾ।

ਉਹ ਕਹਿਣ ਲੱਗੀ:

"ਜੀਤੋ ਹੁਣ ਸੌਂ ਜਾ, ਭਲਕੇ ਫੇਰ ਗੱਲਾਂ ਕਰਾਂਗੇ।"

---

ਮਾਂ, ਨੀ ਮਾਂ! ਵੱਤ ਪੁੱਤਰਾਂ,
ਰਾਣੀ ਮਾਂ ਦੇ ਮਹਿਲ ਉਜਾੜੇ।
ਮਾਂ, ਨੀ ਮਾਂ! ਵੱਤ ਵੀਰਾਂ ਆਪਣੇ,
ਵੀਰਾਂ ਦੇ ਸਿਰ ਪਾੜੇ।

–ਅਹਿਮਦ ਸਲੀਮ–

22

# ਮਿੱਟੀ ਦਾ ਸਫ਼ਰ

## ਹੁਸੈਨ ਸ਼ਾਹਿਦ

ਉਹਦਾ ਨਾਂ ਤੇ ਸੀ 'ਨਜ਼ੀਰ ਅਹਿਮਦ ਚੱਠਾ' ਨਜ਼ੀਰ ਅਹਿਮਦ, ਤੋਂ 'ਜੀਰ੍ਹਾ' ਬਣਿਆ। ਨਿੱਕਿਆਂ ਹੁੰਦਿਆਂ, ਸਾਰੇ ਉਸ ਨੂੰ ਜੀਰ੍ਹਾ ਜਾਂ ਜੀਰ੍ਹੂ ਵੀ ਆਖਦੇ ਹੁੰਦੇ ਸਨ। ਜਦੋਂ ਉਹਦੀ ਘੰਡੀ ਫੁੱਟੀ, ਤਾਂ ਕਿਸੇ ਨੇ ਉਹਦੇ ਸਰੀਰ ਦੀ ਦਿਸਣੀ ਤੋਂ, ਉਹਨੂੰ ਵੱਟਾ ਚਾ ਆਖਿਆ, ਤੇ ਵੱਟਾ ਹੌਲੀ-ਹੌਲੀ ਉਹਦੀ ਗੋਤ ਨਾਲੋਂ ਵਧ ਕੇ ਉਹਦੇ ਨਾਂ ਦਾ ਹਿੱਸਾ ਬਣ ਗਿਆ। ਸੱਚ ਪੁੱਛੋ ,. ਤਾਂ ਵੱਟੇ ਨੇ ਨਜ਼ੀਰ ਅਹਿਮਦ, ਜੀਰ੍ਹੇ ਤੇ ਜੀਰ੍ਹੂ , ਸਾਰਿਆਂ ਨਾਵਾਂ ਨੂੰ ਆਪਣੇ ਪਿੱਛੇ ਲੁਕੋ ਲਿਆ ਸੀ। ਹੁਣ ਉਹਦਾ ਕੋਈ ਨਾਂ ਲਓ, ਤਾਂ ਕੋਈ ਉਹਨੂੰ ਪਛਾਣਦਾ ਸੀ ਤੇ ਕੋਈ ਨਹੀਂ ਸੀ ਪਛਾਣਦਾ। ਵੱਟਾ ਆਖੋ, ਤੇ ਉਹਦੀ ਸ਼ਨਾਖ਼ਤ ਦਾ ਪੱਥਰ, ਕਾੜ ਕਰਦਾ ਮੱਥੇ ਵਿਚ ਆਣ ਵੱਜਦਾ।

ਗੱਲ ਵੀ ਕੁਝ ਇਹੋ ਜਿਹੀ ਸੀ। ਆਖਣ ਵਾਲੇ, ਉਹਦੀ ਮੂਰਤ ਖਿੱਚ ਕੇ ਰੱਖ ਦਿੱਤੀ ਸੀ। ਉਹਦਾ ਗਿਠ-ਮੁਠਾ, ਗੱਠਿਆ ਹੋਇਆ ਬਦਨ, ਵੱਟੇ ਵਾਂਗ ਈ ਪੱਕਾ ਪੀਡਾ ਸੀ। ਉਹਨੂੰ ਵੇਖ ਕੇ, ਹੱਥ ਲਾਣ ਦੀ ਲੋੜ ਨਹੀਂ ਸੀ ਪੈਂਦੀ। ਅੱਖਾਂ ਇਉਂ ਦੱਸ ਦਿੰਦੀਆਂ ਸਨ, ਪਈ ਉਹਦਾ ਫੱਟਾ ਅੰਦਰੋਂ ਖੋਖਲਾ ਨਹੀਂ, ਨਿੱਗਰ ਏ। ਜਦੋਂ ਉਹ ਲੰਗੋਟਾ ਬੰਨ੍ਹ ਕੇ, ਕੌਡੀ ਦੇ ਪਿੜ ਵਿਚ ਨਿਕਲਦਾ ਤੇ ਵੱਟੇ ਵਾਂਗ ਈ ਉਹ, ਏਧਰ-ਉਧਰ ਰਿੜ੍ਹਦਾ ਫਿਰਦਾ। ਗੀਂਢਾ ਤੇ ਤਿਲਕਣੇ ਜੁੱਸੇ ਦਾ ਸੀ। ਏਸ ਲਈ ਨਾ ਕਿਸੇ ਨੂੰ ਫੜਾਈ ਦੇਂਦਾ ਤੇ ਨਾ ਕਿਸੇ ਦੇ ਕਲਾਵੇ ਵਿਚ ਆਉਂਦਾ। ਘੋਲ ਕਰਨ ਲੱਗਿਆਂ ਉਹ ਸੱਚੀ-ਮੁੱਚੀ ਦਾ ਵੱਟਾ ਬਣ ਜਾਂਦਾ ਸੀ। ਮੂੰਹ ਨਿੰਮ੍ਹਾ-ਨਿੰਮ੍ਹਾ ਹੱਸਦਾ, ਤੇ ਸ਼ਰੀਕ ਨਾਲ ਨਿੱਕੀਆਂ-ਨਿੱਕੀਆਂ ਚੋਹਲਾਂ ਕਰਕੇ ਉਹਨੂੰ ਹਫ਼ਾ ਦਿੰਦਾ ਸੀ। ਪਹਿਲਾਂ ਦੋਨਾਂ ਪੱਟਾਂ ਤੇ ਥਾਪੀ ਮਾਰਦਾ ਤੇ ਅਖਾੜੇ ਵਿਚ ਚੱਕਰੀਆਂ ਲਾਉਂਦਾ ਰਹਿੰਦਾ। ਉੱਤੋਂ ਥੋੜ੍ਹਾ ਜੇਹਾ ਲਿਫ਼ਿਆ ਰਹਿੰਦਾ, ਤੇ ਦੁਸ਼ਮਣ ਨੂੰ ਘੂਰ-ਘੂਰ ਕੇ ਵੇਖਦਾ। ਚੱਕਰ ਲਾਂਦਿਆਂ-ਲਾਂਦਿਆਂ ਟਪਦਾ, ਕਸ ਕੇ ਤੁਭਕਦਾ ਤੇ ਧਰੋਲ ਮਾਰਨ ਦਾ ਝਾਕਾ ਦੇਂਦਾ। ਦੂਜਾ ਸਮਝਦਾ ਮੇਰੇ ਪੱਟੀਂ ਪੈਣ ਲੱਗਾ ਏ। ਉਹ ਆਪਣੇ ਬਚਾ ਕਰਨ ਵਾਲੇ ਆਸਣ ਵਿਚ ਆ ਜਾਂਦਾ। ਪਰ ਵੱਟਾ, ਆਪਣੇ ਪੈਰਾਂ ਤੇ ਖਲੋ ਕੇ ਹੱਸ ਰਿਹਾ ਹੁੰਦਾ। ਵੇਖਣ ਵਾਲੇ ਠਾਹ-ਠਾਹ ਹੱਸਦੇ ਤੇ ਵੱਟੇ ਦਾ ਸ਼ਰੀਕ ਪੱਛੀ ਹੋ ਜਾਂਦਾ। ਪਰ, ਅਜੇ ਉਹ ਆਪਣੇ ਆਪ ਵਿਚ ਨਹੀਂ ਸੀ ਆਉਂਦਾ, ਤੇ ਵੱਟਾ ਉਹਨੂੰ ਏਹੋ ਜਿਹਾ ਇਕ ਹੋਰ ਝਾਕਾ ਦੇ ਦਿੰਦਾ। ਇੰਝ ਛੇੜ ਛੇੜਕੇ ਬੰਦੇ ਦੀ ਮੱਤ ਮਾਰ ਦਿੰਦਾ। ਜਦੋਂ ਸਮਝਦਾ, ਪਈ ਦੂਜਾ ਹੰਭ ਗਿਆ ਏ ਤਾਂ ਉਹਦੇ ਪੱਟਾਂ ਵਿਚ ਵੜ ਕੇ ਪੁੱਠਾ ਲੰਮਾਂ ਪੈ ਜਾਂਦਾ। ਉਹ ਸ਼ੁਕਰ ਕਰਦਾ ਕਿ ਥੱਲੇ ਤੇ ਆਇਆ ਏ ਨਾ! ਪਰ ਵੱਟੇ ਦੇ ਯਤਨ ਦਾ ਏਹੋ ਵੇਲਾ ਹੁੰਦਾ ਸੀ ਕਿ ਅੱਖ ਦੇ ਪਲਕਾਰੇ ਵਿਚ, ਵੱਟਾ ਥੱਲਿਉਂ ਨਿਕਲ ਕੇ ਜਵਾਨ ਦੀ ਛਾਤੀ 'ਤੇ ਬੈਠਾ ਹੁੰਦਾ। ਉਹਦਾ ਥੱਲੇ ਆਉਣਾ, ਤੇ ਥੱਲਿਉਂ ਉੱਤੇ ਆਣਾ, ਇੰਨਾ ਅਸ਼-ਅਸ਼ ਹੁੰਦਾ ਸੀ, ਕਿ ਵੇਖਣ ਵਾਲਿਆਂ ਨੂੰ ਕਦੀ ਸਮਝ ਈ ਨਹੀਂ ਸੀ ਆਈ, ਕਿ ਉਹ ਦਾਅ ਕੀ ਮਾਰ ਦਾ ਏ?

ਵੱਟੇ ਦੀ ਕੁਸ਼ਤੀ ਦਾ ਅਸਲ ਸਵਾਦ ਓਨਾਂ ਚਿਰ ਹੁੰਦਾ ਸੀ, ਜਿੰਨਾ ਚਿਰ ਉਹ ਵੈਰੀ ਨਾਲ ਲੁਕਣ ਮੀਟੀ ਖੇਡਦਾ ਰਹਿੰਦਾ ਸੀ। ਪਿੜ ਭਾਵੇਂ ਆਪਣੇ ਪਿੰਡ ਦਾ ਹੁੰਦਾ, ਭਾਵੇਂ ਬਿਗਾਨੇ ਦਾ, ਵੇਖਣ ਵਾਲਿਆਂ ਦੀ ਹੱਲਾ ਸ਼ੇਰੀ, ਵੱਟੇ ਪਿੱਛੇ ਈ ਹੁੰਦੀ। ਘੁਲਦੇ ਤੇ ਹੋਰ ਜਵਾਨ ਵੀ ਸਨ, ਪਰ ਵੱਟਾ ਕੁਸ਼ਤੀ ਨੂੰ ਮੌਜ-ਮੇਲਾ ਬਣਾ ਦਿੰਦਾ ਸੀ। ਏਸੇ ਲਈ ਜਿਹੜੇ ਪਿੜ ਵਿਚ ਵੱਟਾ ਕੱਬਡੀ ਨਹੀਂ ਸੀ ਖੇਡਦਾ, ਜਾਂ ਕੁਸ਼ਤੀ ਨਹੀਂ ਸੀ ਲੜਦਾ, ਉਹ ਪਿੜ ਬੜਾ ਈ ਬੇ-ਸੁਆਦਾ ਸਮਝਿਆ ਜਾਂਦਾ ਸੀ।

ਵੱਟੇ ਦਾ ਅਸਲ ਮੈਦਾਨ ਤਾਂ ਕਬੱਡੀ ਜਾਂ ਘੋਲ ਦਾ ਪਿੜ ਹੀ ਸੀ। ਪਰ, ਖੇਡ ਕੋਈ ਵੀ ਹੋਵੇ ਓਹ ਅਣਚਲਾ ਨਹੀਂ ਸੀ ਰਹਿ ਸਕਦਾ। ਉਹ ਆਖਦਾ ਹੁੰਦਾ ਸੀ, 'ਪਈ ਜਿੱਥੇ ਮੈਂ ਆਪ ਖੇਡ ਨਾ ਵਿਖਾ ਰਿਹਾ ਹੋਵਾਂ, ਉੱਥੇ ਨਿਰਾ ਵੇਖਣ ਲਈ ਬਹੁਤਾ ਚਿਰ ਨਹੀਂ ਖਲੋ ਸਕਦਾ।' ਉਹ, ਉਹਨਾਂ ਜੁਆਨਾਂ ਤੇ ਬੜਾ ਈ ਹੈਰਾਨ ਹੁੰਦਾ ਸੀ, ਜਿਹੜੇ ਸਾਰਾ ਦਿਨ ਖੇਡਾਂ ਵੇਖਣ ਲਈ ਹੀ, ਆਪਣੇ ਆਪ ਨੂੰ ਪਿੜੋਂ ਬਾਹਰ ਸਾਂਭ ਰੱਖਦੇ ਸਨ।

ਯਾਨੀ, ਉਹ ਪੱਥਰ ਦਾ ਸੀ। ਭਾਰ ਉਹ ਚੁਕੱਦਾ ਸੀ, ਛਾਲਾਂ ਮਾਰਦਾ ਸੀ, ਮੋਰਚਾ ਮਾਰਨ ਵਿਚ ਉਹ ਸਭ ਤੋਂ ਅੱਗੇ ਹੁੰਦਾ ਸੀ। ਹੋਰ ਤੇ ਹੋਰ, ਜਦੋਂ ਪਿੰਡ ਦੇ ਪਾੜ੍ਹੂ ਮੁੰਡੇ, ਫੁੱਟਬਾਲ ਖੇਡਦੇ ਤਾਂ ਉਹ ਉੱਥੇ ਵੀ ਅੱਪੜ ਜਾਂਦਾ। ਸੱਚੀ ਪੁੱਛੋ! ਜਿਸ ਉਹਦਾ ਨਾਂ ਵੱਟਾ ਪਾਇਆ ਸੀ, ਉਹਦੀ ਸਹੀ ਸਿਫ਼ਤ, ਵੱਟੇ ਨੂੰ ਫੁੱਟਬਾਲ ਖੇਡਦਿਆ ਵੇਖ ਕੇ ਈ ਹੋ ਸਕਦੀ ਸੀ। ਉਹ ਫੁੱਟਬਾਲ ਦੇ ਨਾਲ 'ਦੂਜਾ ਬਾਲ' ਬਣ ਜਾਂਦਾ ਸੀ। ਮੁੰਡੇ ਮਖੌਲ ਕਰਦੇ ਹੁੰਦੇ ਸਨ। 'ਪਈ ਜਦੋਂ ਵੱਟਾ ਬਾਲ ਪਿੱਛੇ ਨੱਸਦਾ ਏ ਤੇ ਪਤਾ ਨਹੀਂ ਲੱਗਦਾ, ਪਈ ਅਸਲ ਬਾਲ ਅਗਲਾ ਏ ਕਿ ਪਿਛਲਾ?'

ਇਹ ਗੱਲ ਤੇ ਨਹੀਂ ਸੀ ਆਖੀ ਜਾ ਸਕਦੀ, ਪਈ ਵੱਟਾ ਜਿਹੜੇ ਮੈਦਾਨ ਵਿਚ ਨਿਕਲਦਾ, ਜਿੱਤ ਕੇ ਈ ਆਉਂਦਾ! ਸਗੋਂ ਕਈ ਵਾਰੀ ਉਹ ਚੰਗੀ ਭਲੀ ਖੱਲ ਖਾ ਬਹਿੰਦਾ। ਪਰ ਖੱਲ, ਖਾਣ ਵਿਚ ਵੀ ਉਹਦਾ ਕੋਈ ਜਵਾਬ ਨਹੀਂ ਸੀ। ਉਹਦੇ ਸਾਹਮਣੇ ਆਉਣ ਵਾਲਾ ਜਵਾਨ ਪਹਿਲਾਂ ਹੀ ਸੜਿਆ ਬੁਝਿਆ ਹੁੰਦਾ ਸੀ, ਕਿਉਂ ਜੋ ਉਹ ਦਾਅ ਥੱਲੇ ਨਹੀਂ ਸੀ ਆਉਂਦਾ। ਏਸ ਲਈ ਉਹ ਜੇ ਕਿਸੇ ਦੇ ਢਾਕੇ ਚੜ੍ਹ ਜਾਂਦਾ ਤਾਂ ਉਹਨੂੰ ਚੰਗਾ ਸੇਕ ਚਾੜ੍ਹਦਾ। ਪਰ, ਵੱਟਾ ਮਾਰ ਖਾਕੇ ਕਦੀ ਭੈੜਾ ਨਹੀਂ ਸੀ ਪਿਆ। ਨਾ ਹੀ ਫੰਡਣ ਵਾਲੇ ਦੇ ਮੁਕਾਬਲੇ ਤੇ ਦੂਜੀ ਵਾਰ ਆਉਣ ਤੋਂ ਘਬਰਾਉਂਦਾ ਸੀ। ਮਾਰ ਖਾ ਕੇ ਉਹ ਏਨੀ ਚੰਭੜ ਕਰਦਾ

ਸੀ, ਕਿ ਮਾਰਨ ਵਾਲਾ ਅੰਦਰੋਂ ਡੋਲਿਆ ਰਹਿੰਦਾ। ਲੋਕ ਵੱਟੇ ਦੀ ਏਸ ਅਦਾ ਤੇ ਕੁਰਬਾਨ ਹੋ-ਹੋ ਜਾਂਦੇ, ਪਈ ਉਹ ਭੌਰ ਲੁਹਾ ਕੇ ਵੀ ਪੈਰਾਂ ਦਾ ਪੱਕਾ ਰਹਿੰਦਾ ਸੀ।

ਇੱਕ ਵਾਰੀ ਤਾਂ ਉਸ ਅਜਿਹੀ ਕੀਤੀ ਜਿਹੜੀ ਅੱਜ ਤੀਕਰ ਯਾਦ ਏ। ਇਹ ਕਿੱਸਾ ਸਾਲ-ਬਾ-ਸਾਲ, ਲੱਗਣ ਵਾਲੇ ਇਕ ਮਸ਼ਹੂਰ ਮੇਲੇ ਦਾ ਏ। ਓਥੇ ਕੋਠੇ ਜਿੱਡੇ ਗਭਰੂ ਨੇ, ਸਾਰੇ ਮੇਲੇ ਨੂੰ ਘੁਲਣ ਲਈ ਵੰਗਾਰ ਦਿੱਤਾ। ਜਵਾਨ ਦੀ ਵਿਖਾਲੀ ਵਿਚ ਵੀ ਏਨੀ ਦਹਿਸ਼ਤ ਸੀ, ਪਈ ਕਿਸੇ ਨੇ ਮੁਕਾਬਲੇ ਵਿਚ ਆਉਣ ਦੀ ਜੁਰਤ ਨਾ ਕੀਤੀ। ਬੜਾ ਚਿਰ ਚੁੱਪ ਛਾਈ ਰਹੀ। ਜਦੋਂ ਕਿਸੇ ਪਾਸਿਉਂ, ਕੱਖ ਵੀ ਨਾ ਹਿਲਿਆ ਤੇ ਗਭਰੂ ਬਾਹਰ ਨੂੰ ਟੁਰ ਪਿਆ। ਉਸ ਪੈਰ ਪਲਟਿਆ ਈ ਸੀ, ਪਈ ਇਕ ਪਾਸਿਉਂ 'ਯਾ ਅਲੀ!' ਦੀ ਲਲਕਾਰ ਵੱਜੀ, ਤੇ ਵੱਟਾ ਹਰਨ ਵਾਂਗੂੰ ਚੁੰਗੀ ਭਰ ਕੇ, ਅਖਾੜੇ ਵਿਚ ਆਣ ਲੱਥਾ। ਲੋਕਾਂ ਦਾ ਹਾਸਾ ਨਿਕਲ ਗਿਆ। ਉਹਨਾਂ ਸਮਝਿਆ ਕਿ ਵੱਟਾ ਮੌਜੂ ਪਿਆ ਕਰਦਾ ਏ। ਪਰ ਵੱਟਾ ਕਿਸੇ ਮੁੱਲੋਂ ਹਟਣ 'ਤੇ ਤਿਆਰ ਨਹੀਂ ਸੀ। ਪਹਿਲਾਂ ਤੇ ਲੋਕ ਹਾਸੇ ਬਖੇੜੇ ਵਿਚ ਈ ਰਹੇ। ਪਰ ਜਦੋਂ ਉਨਾਂ ਡਿੱਠਾ, ਪਈ ਵੱਟਾ ਸੱਚੀ-ਮੁੱਚੀ ਮੌਤ ਨੂੰ ਵਾਜਾਂ ਪਿਆ ਮਾਰਦਾ ਸੀ ਤਾਂ ਪਿੰਡ ਦਿਆਂ ਅਗਲ-ਹੱਥਾਂ, ਉਸਨੂੰ ਸਮਝਾਣ ਦਾ ਚਾਰਾ ਕੀਤਾ। ਉਹਨਾਂ ਆਖਿਆ, "ਝੱਲਿਆ! ਤੇਰਾ ਤੇ ਉਹਦਾ ਮੁਕਾਬਲਾ ਕੀ ਏ? ਕਿਉਂ, ਤੇਰੀ ਹੱਡੀ ਪਈ ਲਵੇਂਦੀ ਏ?"

ਵੱਟੇ ਨੇ ਇੱਕੋ ਈ ਜਵਾਬ ਹਰ ਕਿਸੇ ਨੂੰ ਦਿੱਤਾ ਤੇ ਉਹਦੀ ਆਪਣੀ ਮੰਤਕ ਸੀ, ਉਹ ਆਖਦਾ ਸੀ, "ਦੁਹਾਈ ਰੱਬ ਦੀ! ਪੂਰੀ ਤਸੀਲ 'ਚੋਂ ਜਵਾਨ ਮੁੱਕ ਗਏ ਨੇ ਤੇ ਇਹ ਘਰ ਬੈਠਾ ਈ ਵਰਿਆਮ ਬਣ ਚੱਲਿਆ ਏ ? ਤੁਸੀਂ, ਮੈਨੂੰ ਇਹਦੇ ਨਾਲ ਘੁਲਣ ਤੇ ਦਿਉ । ਹਾਰ-ਜਿੱਤ ਤੇ ਮੌਲਾ ਦੇ ਹੱਥ ਹੁੰਦੀ ਏ। ਪਰ, ਜੇ ਏਹ ਸੁੱਕਾ ਟੁਰ ਗਿਆ, ਤਾਂ ਮੇਰੇ ਪਿੰਡ ਦੀਆਂ ਮਾਵਾਂ ਦੀ ਨਮੋਸ਼ੀ ਹੋਵੇਗੀ"। ......... ਸਾਰਾ ਮੇਲਾ ਸਮਝਾਣ ਵਾਲਾ ਸੀ। ਪਰ, ਵੱਟਾ ਵੀ ਅੜੀ ਦਾ ਪੱਕਾ ਸੀ, ਕਿਸੇ ਦੇ ਆਖੇ ਨਾ ਲੱਗਾ। ਜਦੋਂ ਮੇਲੇ ਨੂੰ ਵੰਗਾਰਨ ਵਾਲਾ ਜਵਾਨ ਵੱਟੇ ਦੇ ਮੁਕਾਬਲੇ ਤੇ ਆਇਆ, ਉਹ ਕਹਿਰ ਨਾਲ ਮਸਤਾਨਾ ਹੋਇਆ-ਹੋਇਆ ਸੀ। ਉਸ ਵੱਟੇ ਨਾਲ ਦਸਤ-ਪੰਜਾ ਵੀ ਨਾ ਲਿਆ ਤੇ ਆਂਦਿਆਂ ਸਾਰ, ਵੱਟੇ ਦੀ ਧੌਣ ਤੇ ਪੂਰੇ ਟਿੱਲ ਨਾਲ 'ਧਰੌਲ' ਚਾ ਰੱਖਿਆ। ਵੱਟਾ ਦੋ ਤਿੰਨ ਭੁਆਂਟਣੀਆਂ ਖਾ ਕੇ ਧੜੱਮ ਡਿੱਗਾ। ਲੋਕਾਂ ਸਮਝਿਆ, ਹੁਣ ਕਿੱਥੇ ਉਠਣਾ ਸੂ। ਪਰ ਅਜੇ ਲੋਕਾਂ, ਦੂਜਾ ਸਾਹ ਵੀ ਨਹੀਂ ਸੀ ਲਿਆ, ਵੱਟਾ ਉੱਠ ਕੇ ਜਵਾਨ ਦੇ ਸਾਹਮਣੇ ਆ ਖਲੋਤਾ। ਏਨੇ ਚਿਰ ਨੂੰ ਇੱਕ ਹੋਰ ਪੈ ਗਈ ਹੋਈ ਸੀ। ਵੱਟਾ ਫੇਰ ਵੀ ਉੱਠ ਖਲੋਤਾ। ਪਰ, ਥੋੜ੍ਹਾ ਜਿਹਾ ਚਿਰ ਲਾ ਕੇ। ਬਾਹਰੋਂ ਵਾਜ ਆਈ, "ਆਪਣੇ ਤੋਂ ਲਿੱਸੇ ਨੂੰ ਇੰਝ ਮਾਰਨਾ ਹੋਛਿਆਂ ਦਾ ਕੰਮ ਹੁੰਦਾ ਏ!" ਦੂਜੇ ਜਵਾਨ ਨੇ ਬਘਿਆੜ ਵਾਂਗ ਚੁਫੇਰੇ ਵੇਖਿਆ ਤੇ ਗੱਜ ਕੇ ਬੋਲਿਆ, "ਜੇਹਨੂੰ ਬਹੁਤੀ ਪੀੜ ਪਈ ਹੁੰਦੀ ਏ, ਉਹ ਆਪ ਅਗਾਂਹ ਆ ਜਾਏ?"

ਦੋਵੇਂ ਪਾਸਿਉਂ, ਡਾਂਗਾਂ ਤੇ ਹੱਥ ਪੱਕੇ ਹੋ ਗਏ। ਜੁੱਸਿਆਂ ਦੀਆਂ ਕਮਾਣੀਆਂ ਖਿੱਚੀਆਂ ਗਈਆਂ। ਡਾਂਗਾਂ ਵੱਸਣ ਲਈ ਹਵਾ ਵਿਚ ਉਠਣ ਲੱਗੀਆਂ ਤੇ ਵੱਟਾ ਬੋਲ ਪਿਆ,"ਯਾਰੋ! ਟਿੱਲ ਸਾਡਾ ਪਿਆ ਲੱਗਦਾ ਏ! ਤੇ ਔਖੇ ਤੁਸੀਂ ਪਏ ਹੁੰਦੇ ਓ!! ਮੈਂ ਆਪਣੀ ਮਰਜ਼ੀ ਨਾਲ ਘੁਲਣਾ ਵਾਂ ਪਿਆ, ਤੇ ਅਜੇ ਅਹੀਓ ਜਹੀਆਂ ਕਈ ਧਰੌਲਾਂ ਖਾ ਸਕਨਾਂ ਵਾਂ..............।"

ਡਾਂਗਾਂ ਤੇ ਹੱਥ ਢਿੱਲੇ ਹੋ ਗਏ, ਆਕੜੇ ਹੋਏ ਬਦਨ ਨਰਮ ਪੈ ਗਏ, ਲੋਕ ਭੋਏਂ ਵਿਚ ਫਸ ਕੇ ਘੋਲ ਵੇਖਣ ਲੱਗ ਪਏ। ਕੁਸ਼ਤੀ ਚੰਗਾ ਚੋਖਾ ਚਿਰ ਹੁੰਦੀ ਰਹੀ। ਪਰ ਵੱਟਾ, ਫੇਰ ਜਵਾਨ ਵੀ-----ਫੇਟੀ ਥੱਲੇ ਕੋਈ ਨਾ ਆਇਆ। ਓੜਕ ਵੱਟਾ ਢਹਿ ਗਿਆ। ਪਰ!! ਹਰ ਇਕ ਦੀ ਹਮਦਰਦੀ ਉਹਦੇ ਨਾਲ ਸੀ। ਢਾਹਣ ਵਾਲੇ ਗਭਰੂ ਦੇ ਪਿੰਡੋਂ ਕਈ ਬੰਦੇ ਵੱਟੇ ਨੂੰ ਵੇਖਣ ਆਏ। ਇਕ ਨੇ ਆਖਿਆ,"ਜੀਅ! ਓ, ਜੰਮਣ ਵਾਲੀਏ! ਮੁੰਡਿਆ ਭਾਵੇਂ ਤੂੰ ਹਾਰਿਆ ਏਂ, ਸਾਡੀ ਜਾਚੇ ਜਿੱਤਿਆ ਏਂ। ਤੇਰੇ ਜਿਹੇ ਹੌਸਲੇ ਵਾਲਾ ਅਸਾਂ ਕੋਈ ਵਿਰਲਾ ਈ ਡਿੱਠਾ ਹੋਵੇਗਾ?"

ਵੱਟੇ ਤੇ ਏਸ ਜਜ਼ਬਾਤੀ ਫਿਕਰੇ ਦਾ ਕੋਈ ਅਸਰ ਨਾ ਹੋਇਆ। ਉਸ ਤੁਰਤ ਜਵਾਬ ਦਿੱਤਾ, "ਕਦੀ ਚਾਚੇ ਦੀਆਂ, ਕਦੀ ਬਾਬੇ ਦੀਆਂ। ਅੱਜ ਤੁਸੀਂ ਨਿਉਂਦਰਾ ਪਾ ਚੱਲੇ ਓ, ਰੱਬ ਨੇ ਚਾਹਿਆ ਤੇ ਅਗਲੇ ਵਰ੍ਹੇ ਅਸੀਂ ਭਾਜੀ ਚਾੜ੍ਹਾਂਗੇ!!"

ਵੱਟਾ ਮਾੜੇ ਘਰ ਦਾ ਪੁੱਤਰ ਸੀ। ਏਹ ਸਾਰਾ ਟਿੱਲ, ਓਸ ਘਰੋਂ ਖਾਕੇ ਕੱਠਾ ਨਹੀਂ ਸੀ ਕੀਤਾ ਹੋਇਆ, ਏਹ ਸਾਰੀਆਂ ਬਰਕਤਾਂ ਚੋਰੀ ਦੇ ਮਾਲ ਦੀਆਂ ਸਨ। ਆਂਹਦੇ ਨੇ! ਚੋਰੀ ਦਾ ਮਾਲ ਕਿਸੇ ਨੂੰ ਪਚਦਾ ਨਹੀਂ, ਪਰ ਇਹ ਗੱਲ ਵੱਟੇ ਬਾਰੇ ਨਹੀਂ ਸੀ ਆਖੀ ਜਾ ਸਕਦੀ। ਚੋਰੀ ਬਾਬਤ ਵੱਟੇ ਦਾ ਆਪਣਾ ਇਕ ਨਜ਼ਰੀਆ ਸੀ। ਉਹ ਝੱਗੇ ਬੰਨ੍ਹ ਕੇ ਸੋਨਾ, ਚਾਂਦੀ ਜਾਂ ਪੈਸਾ-ਧੇਲਾ ਜਾਂ ਕੱਪੜਾ-ਟਾਕੀ ਚੁਰਾਣਾ ਬੜਾ ਵੱਡਾ ਐਬ ਜਾਣਦਾ ਸੀ। ਖਾਣ-ਪੀਣ ਵਾਲੀਆਂ ਸ਼ੈਵਾਂ ਦੀ ਚੋਰੀ ਨੂੰ ਉਹ ਆਪਣਾ ਹੱਕ ਸਮਝਦਾ ਸੀ। ਉਹਦਾ ਆਖਣਾ ਸੀ, 'ਖਾਣ-ਪੀਣ ਵਾਲੀਆਂ ਚੀਜ਼ਾਂ ਸਭ ਲਈ ਸਾਂਝੀਆਂ ਬਣਾਈਆਂ ਗਈਆਂ ਨੇ, ਇਹ ਜਿੱਥੇ ਲੱਭਣ ਖਾ ਲੈਣੀਆਂ ਚਾਹੀਦੀਆਂ ਨੇ।' ਵੱਟਾ ਸਿੱਖਾਂ ਦੇ ਬਾਗ਼ ਦਾ ਫਲ, ਲੁਗਿਆਂ ਲੱਭ ਜਾਣ ਵਾਲੀਆਂ ਲਵੇਰੀਆਂ ਦਾ ਦੁੱਧ, ਆਲਿਆਂ ਵਿਚ ਪਈਆਂ ਹੋਈਆਂ ਕਾੜ੍ਹਨੀਆਂ ਦੀ ਮਲਾਈ ਤੇ ਪੈਲੀਆਂ ਵਿਚ ਉੱਗੇ ਹੋਏ ਚਿੱਬੜ, ਖਰਬੂਜੇ, ਤਰ੍ਹਾਂ, ਮੂਲੀਆਂ, ਗਾਜ਼ਰਾਂ ਹਰ ਸ਼ੈਅ ਨੂੰ ਆਪਣੇ ਲਈ ਹਲਾਲ ਸਮਝਦਾ ਸੀ। ਖਾਸ ਕਰਕੇ ਸਿੱਖਾਂ ਦੇ ਬਾਗ਼ ਨੂੰ ਤਾਂ ਉਹ ਪਿਉ-ਦਾਦੇ ਦਾ ਵਿਰਸਾ ਸਮਝ ਕੇ ਟੱਕਰਦਾ ਸੀ। ਸਿੱਖਾਂ ਕਈ ਵਾਰੀ ਪਰ੍ਹਿਆ ਵਿਚ ਸ਼ਕਾਇਤ ਵੀ ਕੀਤੀ ਪਰ ਉਹ ਕੋਈ ਸਬੂਤ ਨਾ ਦੇ ਸਕੇ। ਸਬੂਤ ਤੇ ਤਦ

ਲੱਭੇ, ਜੇ ਵੱਟਾ ਕਿਸੇ ਨੂੰ ਫੜਾਈ ਦੇਵੇ। ਵੱਟਾ, ਕਾਮਯਾਬੀ ਦੇ ਨਸ਼ੇ ਵਿਚ ਭੂਤਰਿਆ ਫਿਰਦਾ ਸੀ। ਉਹ ਆਖਦਾ ਹੁੰਦਾ ਸੀ, "ਮੈਂ ਬਾਗ਼ ਵਿਚ ਵੜਨ ਤੋਂ ਪਹਿਲਾਂ ਅਜਿਹੀ ਠੋਕਰ ਮਾਰਨਾਂ ਵਾਂ, ਜਿਹਦੇ ਨਾਲ ਸਿੱਖ ਅੰਨ੍ਹੇ ਹੋ ਜਾਂਦੇ ਨੇ, ਏਸ ਲਈ ਉਹ ਮੈਨੂੰ ਫੜ ਨਹੀਂ ਸਕਦੇ ।"

ਚੋਰੀ-ਯਾਰੀ ਤੇ ਖੇਡ ਦੇ ਮੈਦਾਨ ਜਿੱਤ-ਜਿੱਤ ਕੇ ਵੱਟਾ ਹੁਣ ਸਮਝਣ ਲੱਗ ਪਿਆ ਸੀ, ਪਈ ਕੋਈ ਅਜਿਹਾ ਕੰਮ ਨਹੀਂ, ਜਿਹੜਾ ਉਹ ਕਰ ਨਾ ਸਕਦਾ ਹੋਵੇ ਤੇ ਕੋਈ ਥਾਂ ਅਜਿਹੀ ਨਹੀਂ, ਜਿੱਥੇ ਉਹ ਨਾ ਅੱਪੜ ਸਕਦਾ ਹੋਵੇ। ਪਿੰਡ ਵਾਲੇ ਇਹਨੂੰ ਵੱਟੇ ਦੀ ਹੂੜ੍ਹ-ਮੱਤ ਆਖਦੇ ਸਨ, ਤੇ ਪੜ੍ਹਨ ਵਾਲੇ ਮੁੰਡੇ ਇਹਦਾ ਨਾਂ ਖ਼ੁਦ-ਅਤਮਾਦੀ ਰੱਖਦੇ ਸਨ। ਵੱਟਾ ਏਸ ਹੂੜ੍ਹ-ਮੱਤ ਜਾਂ ਖ਼ੁਦ-ਅਤਮਾਦੀ ਦਾ ਜ਼ਿਕਰ ਹਮੇਸ਼ਾ ਵਾਧਾ ਲਾ ਕੇ ਕਰਦਾ ਹੁੰਦਾ ਸੀ। ਹੋਰ ਤੇ ਹੋਰ, ਜੇ ਸਕੂਲੀਏ ਮੁੰਡੇ ਨਾਲ ਉਹਦਾਂ ਆਢਾ ਲੱਗ ਜਾਂਦਾ ਤਾਂ ਉਹ ਆਖਦਾ, "ਓ, ਬਾਊ! ਤੈਨੂੰ ਪੜ੍ਹਾਈ ਦਾ ਮਾਣ ਏ ਨਾਂ, ਪੜ੍ਹਾਈ ਮੈਥੋਂ ਕੋਈ ਨੱਸੀ ਹੋਈ ਨਹੀਂ, ਮੈਂ ਅਜੇ ਵੀ ਚਾਹਵਾਂ ਤੇ ਸਕੂਲੇ ਦਾਖ਼ਲ ਹੋ ਕੇ ਤੇਰੇ ਤੋਂ ਅੱਗੇ ਲੰਘਣ ਜੋਗਾ ਹੈ ਵਾਂ।"

ਇਹੋ ਜਿਹੀ ਥੈਂਗੀ ਮਾਰਨ ਲੱਗਿਆ, ਮਜ਼ਾਲ ਏ ਵੱਟਾ ਹੱਸੇ। ਹਾਲਾਂ ਹੁਣ ਉਹਦੀ ਉਮਰ ਸਕੂਲ ਜਾਣ ਵਾਲੀਆਂ ਸਭੇ ਹੱਦਾਂ ਟੱਪ ਗਈ ਹੋਈ ਸੀ। ਉਮਰ ਦੀ ਗੱਲ ਟੁਰੀ ਏ ਤੇ ਸੁਣ ਲਓ, ਪਈ ਜਿਵੇਂ ਉਹਦਾ ਸਰੀਰ ਗੋਲ-ਮਟੋਲ ਤੇ ਥੁਨ-ਥੁਨਾ ਸੀ, ਇੰਝ ਈ ਉਹਦੀ ਉਮਰ ਦਾ ਹਿਸਾਬ ਵੀ ਗੋਲ-ਮੋਲ ਈ ਸੀ। ਉਹਦੇ ਯਾਰਾਂ ਦਾ ਇਕ ਪੂਰ ਹੁਣ ਬਾਲ-ਬੱਚੜ ਦਾਰ ਸੀ, ਦੂਜਾ ਕਾਲਜਾਂ ਵਿਚ ਸੀ ਤੇ ਤੀਜਾ ਹਾਈ ਸਕੂਲਾਂ ਵਿਚ। ਵੱਟੇ ਦਾ ਬਹਿਣ-ਖਲੋਣ ਪ੍ਰਾਇਮਰੀ ਦੇ ਮੁੰਡਿਆਂ ਨਾਲ ਵੀ ਸੀ। ਹਰ ਪੂਰ ਉਹਨੂੰ ਆਪਣਾਂ ਹਾਣੀ ਸਮਝਦਾ ਸੀ। ਵੱਡੀ ਗੱਲ ਹੋਈ ਤੇ ਪ੍ਰਾਇਮਰੀ ਵਾਲੇ ਮੁੰਡੇ ਉਹਨੂੰ 'ਭਾਅ' ਜੀਰ੍ਹਾ ਆਖ ਲੈਂਦੇ ਸਨ। ਪਰ ਉਹ ਵੀ ਚਾਰ ਦਿਹਾੜੇ, ਕਿਉਂ ਜੇ ਜਿਹੜੇ ਮੁੰਡੇ ਅੱਜ ਕਾਲਜਾਂ ਵਿਚ ਸਨ, ਉਹੋ ਕਿਸੇ ਸਮੇਂ ਉਹਨੂੰ ਭਾਅ! ਜੀਰ੍ਹਾ ਆਖਦੇ ਰਹੇ ਸਨ। ਪਿੰਡ ਦਿਆਂ ਵੱਡ-ਵਡੇਰਿਆਂ ਨਾਲ ਉਹਦੀ ਉਮਰ ਦੀ ਗੱਲ ਛਿੜਦੀ, ਉਹ ਬੜੇ ਪਿਆਰ ਨਾਲ ਆਖਦੇ, "ਅਸੀਂ ਤੇ ਏਸ 'ਬਦ ਦੇ ਬੀਅ' ਨੂੰ ਕਿੰਨੇ ਚਿਰ ਤੋਂ ਇਹੋ ਕੁਝ ਡਿੱਠੀ ਲਗੇ ਆਉਨੇ ਆਂ"।

ਗੱਲ ਵਿਚੋਂ ਇਹ ਸੀ, ਕਿ ਉਹ ਮਸਾਂ ਤੇਰਾਂ-ਚੌਦਾਂ ਵਰ੍ਹਿਆਂ ਦਾ ਸੀ ਤੇ ਵੱਟਾ ਬਣ ਗਿਆ । ਅੱਜ ਤਰੀਹਾਂ-ਬੱਤੀਆਂ ਵਰ੍ਹਿਆਂ ਦਾ ਸੀ, ਤਦ ਵੀ ਵੱਟਾ ਈ ਸੀ। ਉਹਦੇ ਨਾਲੋਂ ਵੱਡਿਆਂ ਦਾ ਬਿਆਨ ਸੀ, "ਪਈ ਪਿਛਲੇ ਪੰਦਰਾਂ-ਸੋਲ੍ਹਾਂ ਵਰ੍ਹਿਆਂ ਤੋਂ ਇਹਦੀ ਦਿਸਣੀ ਵਿਚ, ਕੋਈ ਲੰਮਾਂ ਫਰਕ ਨਹੀਂ ਸੀ ਪਿਆ"। ਇਕ ਤਾਂ ਉਹਦੀ ਕਾਇਆ ਈ ਚੰਗੀ ਸੀ ਤੇ ਦੂਜਾ ਉਹਦਾ ਕੋਈ ਕੰਮ ਵੀ ਉਮਰ ਦੇ ਹਿਸਾਬ ਨਾਲ ਨਹੀਂ ਸੀ ਹੁੰਦਾ। ਜਦੋਂ ਦਾ ਉਹ ਬਾਲਗ ਹੋਇਆ ਸੀ ਅੱਜ ਤਾਈਂ ਡੰਗਰ ਵੀ ਚਾਰ ਲੈਂਦਾ ਸੀ, ਟਾਂਗਾ ਵੀ ਵਾਹ ਲੈਂਦਾ, ਪਰ੍ਹਿਆ ਵਿਚ ਵੀ ਬਹਿ ਲੈਂਦਾ ਤੇ ਹਰ ਉਮਰ ਦਿਆਂ ਮੁੰਡਿਆਂ ਨਾਲ ਹਰ ਤਰ੍ਹਾਂ ਦੀਆਂ ਖੇਡਾਂ ਵੀ ਖੇਡ ਲੈਂਦਾ ਸੀ।

ਜੇ ਹੁਣੇ, ਸਕੂਲ ਦੇ ਵਿਹੜੇ ਵਿਚ ਨਿੱਕਿਆਂ ਬਾਲਾਂ ਨਾਲ ਸ਼ਾਹ-ਸ਼ਟਾਪੂ ਖੇਡਦਾ ਦਿਸਿਆ ਸੀ ਤੇ ਹੋਰ ਘੜੀ ਨੂੰ ਕਬਰਾਂ ਦਿਆਂ ਰੁੱਖਾਂ ਥੱਲੇ ਤਾਸ਼ ਖੇਡਦਾ ਲੱਭ ਜਾਂਦਾ ਸੀ। ਕੌਡੀ,ਘੋਲ, ਫੁੱਟਬਾਲ ਤੇ ਉਹਦੀ ਜਿੰਦ-ਜਾਨ ਹੈ ਈ ਸੀ। ਪਰ ਕਦੀ-ਕਦੀ ਉਹ ਸ਼ਹਿਰ ਸਿਨਮਾ ਵੇਖਣ ਵੀ ਜਾਣ ਲੱਗ ਪਿਆ ਸੀ। ਸਗੋਂ ਸਿਨਮਾ ਵੇਖ ਕੇ ਈ ਤੇ ਉਹਦੀ ਉਹ ਵਾਦੀ ਨਿੱਤਰ ਕੇ ਸਾਹਮਣੇ ਆਈ, ਜਿਹਨੂੰ ਹੂੜ੍ਹ-ਮੱਤ ਜਾਂ ਖ਼ੁਦ-ਅਤਮਾਦੀ ਆਖਿਆ ਜਾਂਦਾ ਸੀ।

ਗੱਲ ਇੰਝ ਹੋਈ, ਪਈ ਜਦੋਂ ਵੱਟੇ ਨੇ ਛੇ-ਸੱਤ ਫਿਲਮਾਂ ਵੇਖ ਲਈਆਂ ਤੇ ਉਹਦੇ ਹੱਡਾਂ ਵਿਚ ਐਕਟਰ ਬਣਨ ਦੀ ਧੂਣੀ ਧੁਖ ਪਈ। ਉਸ ਯਾਰਾਂ ਅੱਗੇ ਨਾਂ ਲਿਆ ਤੇ ਉਹ ਅੱਗੋਂ ਮਖ਼ੌਲ ਕਰਨ ਲੱਗ ਪਏ। ਪਰ ਵੱਟਾ ਖਹਿੜੇ ਪੈ ਗਿਆ ਸੀ, ਪਈ ਉਹ ਐਕਟਰ ਬਣ ਕੇ ਛੱਡੇਗਾ। ਬੜੇ ਦਿਨ ਖੜ੍ਹਬਾ-ਖੜ੍ਹਬੀ ਹੁੰਦੀ ਰਹੀ, ਅਖੀਰ ਉਹਨੇ ਆਖਿਆ ਪਈ,' ਉਹਨੂੰ ਇੰਨਾਂ ਹੀ ਦੱਸ ਦਿੱਤਾ ਜਾਵੇ ਜੇ ਫਿਲਮਾਂ ਬਣਦੀਆਂ ਕਿੱਥੇ ਨੇ? ਅੱਗੋਂ ਉਹ ਜਾਣੇ ਤੇ ਉਹਦਾ ਕੰਮ।' ਉਹਦੇ ਯਾਰ ਕਿੰਨਾਂ ਚਿਰ ਤੇ ਉਹਨੂੰ ਹੱਸਦੇ ਰਹੇ ਤੇ ਹਾਸੇ-ਹਾਸੇ ਵਿੱਚ ਏਨਾ ਈ ਦੱਸਿਆ, ਪਈ ਫਿਲਮਾਂ ਲਾਹੌਰ ਤੇ ਬੰਬਈ ਵਿਚ ਬਣਦੀਆਂ ਨੇ ਤੇ ਗੱਲ ਆਈ ਗਈ ਹੋ ਗਈ।

ਕੁਝ ਦਿਨ ਲੰਘੇ ਤੇ ਪਤਾ ਲੱਗਾ ਪਈ ਵੱਟਾ ਪਿੰਡੋਂ ਗ਼ਾਇਬ ਏ। ਕਿੰਨੇ ਦਿਹਾੜੇ ਉਹਦੇ ਯਾਰ ਤੇ ਪਿੰਡ ਵਾਲੇ ਉਹਦੀ ਬੇਵਕੂਫ਼ੀ ਤੇ ਹੱਸਦੇ ਰਹੇ। ਉਹਦੀ ਹੂੜ੍ਹ-ਮੱਤ ਦਾ ਝਸਕਾ ਲੈਂਦੇ ਰਹੇ। ਤੇ ਫੇਰ ਢਿੱਡਾਂ ਦੀਆਂ ਦੀਆਂ ਥੋੜ੍ਹਾਂ ਵਿਚ ਰੁਝ ਕੇ ਵੱਟੇ ਨੂੰ ਭੁੱਲ ਗਏ। ਪਰ ਉਹ, ਉਹ ਸਾਮੀ ਨਹੀਂ ਸੀ, ਜਿਹੜੀ ਹਾਂਈ-ਮਾਂਈ ਆਪਣੇ ਆਪ ਨੂੰ ਵਿਸਰਣ ਦੇਵੇ।

ਇੱਕ ਦਿਹਾੜੇ ਪਿੰਡ ਦੇ ਮੁੰਡੇ ਸ਼ਹਿਰੋਂ ਪੜ੍ਹ ਕੇ ਆਉਂਦੇ ਪਏ ਸਨ ਤੇ ਉਹਨਾਂ ਨੂੰ ਪਿੱਛੋਂ ਵੱਟੇ ਨੇ ਹਾਕ ਚਾ ਮਾਰੀ। ਕੋਲ ਆਇਆ ਤੇ ਮੁੰਡਿਆ ਡਿੱਠਾ ਪਈ ਹੁਲੀਆ ਕੁਝ-ਕੁਝ ਬਦਲਿਆ ਹੋਇਆ ਏ, ਹੱਥ ਵਿਚ ਇਕ ਬੈਗ ਫੜੀ ਆਉਂਦਾ ਸੀ। ਯਾਰਾਂ ਦੇ ਕਹਿਣ ਤੇ ਉਹਨੇ ਬੈਗ ਉੱਥੇ ਈ ਖੋਲ੍ਹ ਦਿੱਤਾ। ਵਿਚ ਇਕ ਸੂਟ , ਇਕ ਹੈਟ, ਬੂਟਾਂ ਦਾ ਜੋੜਾ, ਸ਼ੀਸ਼ਾ, ਕੰਘੀ ਤੇ ਹੋਰ ਇਹੋ ਜਿਹੀਆਂ ਸ਼ੈਵਾਂ ਸਨ। ਵੱਟੇ ਦਸਿਆ, 'ਪਈ ਇਹ ਸਾਰਾ ਕੁਝ ਸ਼ੂਟਿੰਗ ਕਰਨ ਲਈ ਖਰੀਦਿਆ ਗਿਆ ਸੀ'। ਫੇਰ ਉਹਨੇ ਤੋਤੇ ਵਾਂਗੂ ਰਟੇ ਹੋਏ ਕੁਝ ਮੁਕਾਲੇ ਸੁਣਾ ਕੇ ਆਪਣੇ ਐਕਟਰ ਬਣਨ ਦਾ ਸਬੂਤ ਦਿੱਤਾ। ਮੁੰਡੇ ਭੌਂਚਲ ਕੇ ਇੱਕ ਦੂਜੇ ਵੱਲ ਵੇਖਣ ਲੱਗ ਪਏ, "ਓਏ! ਪਰ ਤੂੰ ਉਥੇ ਅੱਪੜਿਆ ਕਿਵੇਂ?" ਮੁੰਡਿਆਂ ਵਾਜ ਲਾ ਕੇ ਪੁੱਛਿਆ।

"ਓਏ, ਕੋਈ ਥਾਂ ਅਜਿਹਾ ਵੀ ਏ ਜਿੱਥੇ ਮੈਂ ਨਹੀਂ ਅੱਪੜ ਸਕਦਾ? ਤੇ ਉਹ ਕੰਮ ਕਿਹੜਾ ਏ ਜਿਹੜਾ ਮੈਂ ਨਹੀਂ

ਕਰ ਸਕਦਾ ?" ਵੱਟੇ ਨੇ ਜਵਾਬ ਦਿੱਤਾ।

ਤੇ ਫੇਰ ਉਹਨੇ ਦੱਸਿਆ,' ਪਈ ਉਹ ਲਾਹੌਰ ਗਿਆ, ਸ਼ੋਅ-ਮੁੱਕਣ ਵੇਲੇ ਇਕ ਸਿਨਮੇ ਅੱਗੇ ਖਲੋ ਕੇ, ਆਂਉਦਿਆਂ-ਜਾਂਦਿਆਂ ਲੋਕਾਂ ਨੂੰ ਪੁੱਛਦਾ ਰਿਹਾ ਪਈ ਫਿਲਮਾਂ ਕਿੱਥੇ ਬਣਦੀਆਂ ਨੇ? ਲੋਕੀ ਉਹਨੂੰ ਟਿਚਕਰਾਂ ਕਰ ਕੇ ਲੰਘਦੇ ਰਹੇ। ਅਖੀਰ ਕਿਸੇ ਨੇ ਸਟੂਡਿਓ ਦਾ ਰਾਹ ਦੱਸਿਆ। ਉੱਥੇ ਗਿਆ ਤੇ ਚੌਕੀਦਾਰ ਨੇ ਅੰਦਰ ਵੜਨ ਤੋਂ ਡੱਕ ਲਿਆ। ਵੱਟਾ ਚੌਕੀਦਾਰ ਨੂੰ ਕੌਡੀ ਵਾਲਾ ਬੁੱਤਾ ਦੇ ਕੇ ਅੰਦਰ ਵੜ ਗਿਆ। ਅੰਦਰ ਵੜ ਕੇ, ਜਦ ਤਾਈਂ ਇਕ ਯੂਨਿਟ ਨੇ ਉਹਨੂੰ ਨੌਕਰ ਨਾ ਰੱਖ ਲਿਆ, ਉਸ, ਉਹਨਾਂ ਦੀ ਨਾਸੀਂ ਧੂਣੀ ਦਿੱਤੀ ਰੱਖੀ। ਕੁਝ ਦਿਨਾਂ ਪਿੱਛੋਂ ਉਹਨੂੰ ਇਕ ਛੋਟਾ ਜਿਹਾ ਕਿਰਦਾਰ ਮਿਲ ਗਿਆ। ਪਰ! ਉਹਦੀ ਪਹਿਲੀ ਸ਼ੂਟਿੰਗ ਈ ਛੇਕੜਲੀ ਸ਼ੂਟਿੰਗ ਸਾਬਤ ਹੋਈ।

ਕਿੱਸਾ ਇੰਝ ਹੋਇਆ, ਪਈ ਵੱਟੇ ਨੂੰ ਕੁਝ ਮੁਕਾਲੇ ਰਟਾਏ ਗਏ, ਉਹ ਕਦੇ-ਕਦਾਰ ਬੋਲਣੇ ਸਨ। ਨਾਲੇ ਉਹਨੂੰ ਦੱਸਿਆ ਗਿਆ ਸੀ, 'ਪਈ! ਫਲਾਂ ਬੰਦਾ, ਜਿਹਨੂੰ ਉਹ 'ਹੀਰੋ-ਹੀਰੋ' ਆਖਦੇ ਸਨ, ਜਦੋਂ ਤੈਨੂੰ ਆ ਕੇ ਮਾਰੇ ਤੇ ਤੂੰ, ਮਾਰ ਖਾ ਕੇ ਡਿੱਗ ਪੈਣਾ ਹੋਵੇਗਾ।'

"ਪਰ ਕਿਉਂ! ਭੱਜਦਿਆਂ ਨੂੰ ਵਾਹਣ ਇੱਕੋ ਜਿਹਾ ਏ, ਜੇ ਏਸ ਡੇਗ ਲਿਆ ਤੇ ਮੈਂ ਡਿਗ ਪਵਾਂਗਾਂ, ਪਰ ਜੇ ਮੈਂ ਡੇਗ ਲਿਆ ਤੇ ਏਹਨੂੰ ਡਿਗਣਾ ਪਵੇਗਾ।" ਵੱਟੇ ਨੇ ਆਖਰੀ ਫੈਸਲਾ ਸੁਣਾ ਦਿੱਤਾ ਤੇ ਉਦੋਂ ਤੀਕ ਆਪਣੇ ਫੈਸਲੇ ਤੇ ਡਟਿਆ ਰਿਹਾ ਜਦੋਂ ਤਾਈ ਉਹਨੂੰ ਨੌਕਰੀਓਂ ਜਵਾਬ ਨਾ ਹੋ ਗਿਆ।

'ਟੁਰਨ ਲੱਗਿਆਂ ਕੰਪਨੀ ਦਾ ਬੈਗ ਤੇ ਕੱਪੜੇ ਕੱਛੇ ਮਾਰ ਲਏ । ਪਰ 'ਹੀਰੋ' ਸਣੇ ਕਿਸੇ ਨੂੰ ਡੱਕਣ ਦੀ ਹਿੰਮਤ ਨਾ ਹੋਈ।' ਇਹ ਕਹਾਣੀ ਸੁਣਾ ਕੇ ਵੱਟਾ ਆਖਣ ਲੱਗਾ, 'ਇਕ ਗੱਲੋਂ ਚੰਗਾ ਈ ਹੋਇਆਂ ਮੈਂ ਆਪਣੀ ਅੱਖੀਂ ਸਭ ਕੁਝ ਵੇਖ ਆਇਆ ਵਾਂ। ਉਹ ਤੇ ਸਭ ਕੁਝ ਝੂਠੋ-ਝੂਠ ਬਣਾਉਂਦੇ ਨੇ ਤੁਸੀਂ ਪਾਗਲ ਦੇ ਪੁੱਤਰ! ਝੂਠ ਵੇਖ ਕੇ ਖੁਸ਼ ਹੁੰਦੇ ਓ। ਅੱਗੋਂ ਮੈਂ ਤਾਂ ਸਿਨਮਾ ਮੱਤ ਵੇਖਿਆ।'

ਇਹਦੇ ਤੋਂ ਪਿੱਛੇ ਵੱਟੇ ਨੇ ਫਿਲਮਾਂ ਵੇਖਣੀਆਂ ਛੱਡ ਦਿੱਤੀਆਂ, ਪਰ ਮੁੰਡਿਆਂ ਨੂੰ ਇੱਕ ਸ਼ੁਗਲ ਲੱਭ ਪਿਆ, ਉਹ ਕਦੀ-ਕਦੀ ਵੱਟੇ ਕੋਲੋਂ ਮੁਕਾਲੇ ਸੁਣਦੇ। ਜਿਹੜੇ ਉਹ ਪੂਰੀ ਕਲਾ ਨਾਲ ਸੁਣਾਂਦਾ। ਕਦੀ-ਕਦਾਈਂ ਲਹਿਰ ਵਿਚ ਆਉਂਦਾ ਤੇ ਸ਼ੂਟਿੰਗ ਵਾਲੀ ਪੂਰੀ ਵਰਦੀ ਪਾ ਕੇ ਸਾਰਾ ਸੀਨ ਪੇਸ਼ ਕਰਦਾ।

ਵੇਲਾ ਲੰਘਦਾ ਗਿਆ ਪ੍ਰਾਇਮਰੀ ਸਕੂਲਾਂ ਵਾਲੀ ਇਕ ਹੋਰ ਨਸਲ ਨੇ ਵੱਟੇ ਨੂੰ ਭਾਅ, ਜੀਰ੍ਹਾ ਆਖਣਾ ਛੱਡ ਦਿੱਤਾ । ਹਾਈ ਸਕੂਲਾਂ ਦੀ ਇਕ ਹੋਰ ਟੋਲੀ ਕਾਲਜਾਂ ਵਿਚ ਅੱਪੜ ਗਈ। ਪਿੰਡ ਦੇ ਕੁਝ ਹੋਰ ਬੁੱਢੇ ਮਰ ਗਏ, ਕੁਝ ਕੁੜੀਆਂ ਉੱਧਲ ਗਈਆਂ ਤੇ ਕੁਝ ਵਿਆਹੀਆਂ ਗਈਆਂ। ਕੁਝ ਮੁੰਡਿਆਂ ਵੀ ਸਿਹਰੇ ਬੰਨ੍ਹ ਲਏ ਪਰ ਵੱਟੇ ਦੀ ਵਖਾਲੀ ਉਹੋ ਜਿਹੀ ਈ ਰਹੀ। ਉਹ ਇੰਝ ਈ ਖੇਡਦਾ-ਮੱਲ੍ਹਦਾ ਰਿਹਾ। ਨਿੱਕਿਆਂ ਨਾਲ ਸ਼ਾਹ-ਸ਼ਟਾਪੂ ਤੇ ਲੁਕਣ ਮੀਟੀ, ਡਾਂਗਰੀਆਂ ਨਾਲ ਖਿੱਦੂ-ਟੱਲਾ ਤੇ ਖੁੱਤੀ-ਡੰਡਾ। ਮੇਲਿਆਂ ਛਿੰਝਾਂ ਉੱਤੇ ਕੌਡੀ ਤੇ ਘੋਲ, ਪਾੜ੍ਹਿਆਂ ਨਾਲ ਫੁੱਟਬਾਲ। ਜੇ ਉਹ ਪੇਟ ਦਾ ਧੰਦਾ ਕਰਦਾ ਤਾਂ ਉਹਨੂੰ ਵੀ ਖੇਡ ਬਣਾ ਕੇ ਨਿਭਾਂਦਾ। ਉਹਨੇ ਹਯਾਤੀ ਨੂੰ ਖੇਡ ਦਾ ਰੂਪ ਦੇ ਰੱਖਿਆ ਹੋਇਆ ਸੀ। ਇਹ ਗੱਲ ਉਹਦੀਆਂ ਸੋਚਾਂ ਤੀਕ ਵੀ ਨਹੀਂ ਸੀ ਅੱਪੜਦੀ ਹੁੰਦੀ, ਪਈ, ਖੇਡ-ਕਾਰ ਡਿਗ ਵੀ ਸਕਦਾ ਏ, ਫੱਟੜ ਵੀ ਹੋ ਸਕਦਾ ਏ, ਤੇ ਕਦੀ ਜਾਨੋਂ ਵੀ ਲੰਘ ਜਾਂਦਾ ਏ। ਉਹਦਾ ਬੁੱਤ ਕਿਸੇ ਇਹੋ ਜਿਹੀ ਮਿੱਟੀ ਨਾਲ ਘੜਿਆਂ ਹੋਇਆ ਸੀ ਕਿ ਜਿਹੜੀ ਟੱਕਰ ਵੱਜੇ, ਤੇ ਅੱਗੋਂ ਉਭਰਦੀ ਏ।

ਜੀਵਨ ਖੇਡ ਖੇਡਦਿਆਂ ਹੋਇਆ ਵੱਟਾ ਕਿਧਰੇ ਡਿਗਦਾ ਤੇ ਕਿਧਰੇ ਉਭਰਦਾ ਰਿਹਾ। ਤੇ ਉਭਰਦਾ-ਉਭਰਦਾ ਇਸ਼ਕ ਦੀ ਕੰਧ ਨਾਲ ਜਾ ਵੱਜਾ। ਇਥੇ ਵੀ ਉਹਦੀ ਜਿੱਤ ਹੋਈ। ਇਸ਼ਕ ਤੀਕ ਵੀ ਉਹ ਖੇਡ ਸਬੱਬੋਂ ਈ ਅੱਪੜਿਆ, ਆਪਣੇ ਮਨਭਾਉਂਦੇ ਖੇਡ ਕੌਡੀ ਦੇ ਸਬੱਬੋਂ।

ਪਿੰਡ ਦੀ ਜੂਹ ਵਿਚ ਕੱਲਰ ਭੋਇੰ ਦਾ ਇਕ ਟੋਟਾ ਸੀ, ਜਿੱਥੇ ਬਾਜ਼ੀਗਰਾਂ ਨੇ ਝੁੱਗੀਆਂ ਪਾਈਆਂ ਹੋਈਆਂ ਸਨ। ਇਹ ਬਾਜ਼ੀਗਰ ਇੱਥੇ ਢੇਰ ਵਰ੍ਹਿਆਂ ਦੇ ਬੈਠੇ ਹੋਏ , ਹੁਣ ਪਿੰਡ ਵਾਲਿਆਂ ਲਈ ਉਪਰੇ ਨਹੀਂ ਸਨ ਰਹੇ। ਪਤਾ ਨਹੀਂ ਇਹਨਾਂ ਦਾ ਮਜ਼ਹਬ ਕੀ ਸੀ? ਪਰ ਨਾਂ ਇਹਨਾਂ ਦੇ 'ਹਿੰਦਕੇ' ਜੇਹੇ ਸਨ। ਇਹਨਾਂ ਦਾ ਲੰਬੜ ਮਹਿੰਗਾ, ਬੜੀ ਡੱਬ ਵਾਲਾ ਬੰਦਾ ਸੀ ਤੇ ਉਹਦਾ ਪੁੱਤਰ ਸ਼ਿੰਗਾਰਾ, ਬੜੇ ਟਿੱਲ ਵਾਲਾ ਜਵਾਨ ਸੀ। ਕੌਡੀ ਬੜੇ ਸ਼ੌਕ ਨਾਲ ਤੇ ਸੋਹਣੀ ਖੇਡਦਾ ਸੀ। ਜਦੋਂ ਮੁਕਾਬਲਾ ਕਿਸੇ ਹੋਰ ਪਿੰਡ ਨਾਲ ਹੁੰਦਾ ਤੇ ਸ਼ਿੰਗਾਰਾ, ਵੱਟੇ ਨਾਲ ਮੋਢਾ ਜੋੜ ਕੇ ਖੇਡਦਾ। ਪਰ ਕਦੀ-ਕਦੀ ਪਿੰਡ ਵਾਲਿਆਂ ਦਾ ਤੇ ਬਾਜ਼ੀਗਰਾਂ ਦਾ ਪਿੜ ਵੀ ਬੱਝਦਾ। ਉਸ ਵੇਲੇ ਸ਼ਿੰਗਾਰਾ, ਵੱਟੇ ਦੇ ਮੁਕਾਬਲੇ ਹੁੰਦਾ । ਸ਼ਿੰਗਾਰਾ ਤੇ ਵੱਟਾ ਜਦੋਂ ਵੀ ਕੌਡੀ ਵਿਚ ਇਕ ਦੂਜੇ ਦੇ ਸਾਹਮਣੇ ਹੋਏ, ਵੱਟਾ ਹਮੇਸ਼ਾ ਉਹਨੂੰ ਬੁੱਤਾ ਦੇ ਜਾਂਦਾ।

ਕੌਡੀ ਦੇ ਪਿੜ ਵਿਚ ਝਾਕਾ ਦਿੰਦਾ-ਦਿੰਦਾ ਵੱਟਾ, ਸ਼ਿੰਗਾਰੇ ਦੇ ਘਰ ਜਾ ਵੜਿਆ ਤੇ ਉਹਦੀ ਭੈਣ ਸੰਤੋਂ ਨਾਲ ਯਾਰਾਨਾ ਲਾ ਲਿਆ। ਇਹ ਕੰਮ ਵੱਟੇ ਨੇ ਇੰਨੀ ਹੁਸ਼ਿਆਰੀ ਨਾਲ ਕੀਤਾ ਕਿ ਜਦੋਂ ਤੀਕ, ਉਹਨੇ ਸੰਤੋਂ ਨੂੰ ਉਧਾਲ, ਨਾਲ ਦੇ ਪਿੰਡ ਜਾ ਕੇ, ਮੁਸਲਮਾਨ ਕਰ ਕੇ, ਉਹਦੇ ਨਾਲ ਨਿਕਾਹ ਨਹੀਂ ਪੜ੍ਹ ਲਿਆ, ਕਿਸੇ ਨੂੰ ਭਿਣਕ ਵੀ ਨਹੀਂ ਪੈਣ ਦਿੱਤੀ। ਹੁਣ ਸੰਤੋਂ, 'ਏਮਨਾ ਬੀਬੀ' ਬਣ ਚੁੱਕੀ ਸੀ। ਨਿਕਾਹ ਦੀ ਗਵਾਹੀ, ਉਹਦੇ ਦੋ ਜਿਗਰੀ ਯਾਰਾਂ ਨੇ ਦਿੱਤੀ। ਜਿਹਨਾਂ ਬਾਅਦ ਵਿਚ ਦੱਸਿਆ, ਕਿ ਵੱਟਾ ਤੇ ਸੰਤੋਂ ਬੜੇ ਚਿਰ ਦੇ ਇਕ ਦੂਜੇ ਦੇ ਸਾਹ ਨਾਲ ਸਾਹ ਲੈਂਦੇ ਸਨ। ਪਰ ਸੰਤੋਂ ਜਾਣਦੀ ਸੀ, ਜੇ ਉਹਨੇ ਘਰੋ ਪੈਰ ਕੱਢਿਆ ਤਾਂ, 'ਦੁਨੀਆਂ ਤੇ ਜਾਂ ਵੱਟਾ ਜੀਂਦਾ ਰਵ੍ਹੇਗਾ ਜਾਂ ਸ਼ਿੰਗਾਰਾ।' ਉਹ ਇਸੇ ਉਡੀਕ ਵਿਚ ਬੈਠੀ ਰਹੀ ਕਿ ਕਿਸੇ ਹੀਲੇ, ਇੰਝ

ਹੋ ਜਾਵੇ, 'ਕਿ ਉਹ ਵੱਟੇ ਦੇ ਘਰ ਬਹਿ ਜਾਵੇ ਤੇ ਵੱਟਾ ਤੇ ਸ਼ਿੰਗਾਰਾ ਦੋਵੇਂ ਜਿਊਂਦੇ ਰਹਿਣ!'

ਇਹ ਸ਼ਕਲ ਨਿਕਲਦਿਆਂ ਸਾਰ ਈ ਉਸ ਆਪਣੀ ਦੋਸਤੀ ਛੱਡ ਦਿੱਤੀ ਸੀ।

ਪੰਜਾਬ ਦੀ ਕਾਣੀ ਵੰਡ ਨੇ ਦੋਹਾਂ ਨੂੰ ਮੇਲ ਦਾ ਢੋਅ ਲਾਇਆ ਤੇ ਦੋਹੀਂ ਪਾਸੀ ਭੱਜੋਂ-ਨੱਸੀ ਪੈ ਗਈ। ਜਿਹੜੇ ਦਿਨ ਬਾਜ਼ੀਗਰਾਂ, ਡੇਰਾ ਪੁੱਟਣ ਦੀ ਸਲਾਹ ਕੀਤੀ, ਉਸੇ ਦਿਨ ਸੰਤੋਂ ਨੂੰ ਸਮਝ ਆ ਗਈ, 'ਪਈ ਉਹ ਵੱਟੇ ਕੋਲ ਟੁਰ ਜਾਵੇ ਤੇ ਵੱਟਾ ਪਾਕਿਸਤਾਨ ਵਿਚ ਤੇ ਸ਼ਿੰਗਾਰਾ ਹਿੰਦੁਸਤਾਨ ਵਿਚ ਜਿਊਂਦੇ ਰਹਿ ਸਕਦੇ ਨੇ।' ਉਸ ਸ਼ਾਮੋਂ-ਸ਼ਾਮ ਵੱਟੇ ਨੂੰ ਸੁਨੇਹਾ ਘੱਲ ਦਿੱਤਾ। ਨਾ ਉਸ ਮਹਿੰਦੀ ਦਾ ਚਾਅ ਪੂਰਾ ਕੀਤਾ, ਤੇ ਨਾ ਡੋਲੀ ਚੜ੍ਹੀ, ਤੇ ਨਾ ਸਾਲੂ ਬੱਧਾ, ਤੇ ਨਾ ਖਾਰੇ ਲੱਥੀ। ਬੱਸ ਸੰਤੋਂ ਦੇ ਰੂਪ ਤੋਂ ਏਮਨਾ ਬੀਬੀ ਦਾ ਰੂਪ ਵਟਾਇਆ ਤੇ ਵੱਟੇ ਦੇ ਘਰ ਆਣ ਵੱਸੀ। ਬਾਜ਼ੀਗਰ ਟੱਪਰੀਆਂ ਚੁੱਕ ਗਏ ਤੇ ਕੱਲਰ ਵਿਚ ਧੂੜਾਂ ਧੁੰਮ ਕੇ ਰਹਿ ਗਈਆਂ।

ਸੰਤੋਂ ਰੱਜ ਕੇ ਸੁਹਣੀ ਤੇ ਜਵਾਨ ਸੀ। ਉਹ ਜਿੰਨਾ ਚਿਰ ਵੱਟੇ ਦੇ ਘਰ ਨਹੀਂ ਸੀ ਆ ਗਈ , ਦੁਆਲੇ ਦੇ ਪਿੰਡਾਂ ਦਾ ਹਰ ਮੁੰਡਾ, ਰਾਤ ਉਹਦੇ ਸੁਪਨੇ ਵੇਂਹਦਾ ਸੀ। ਜਿੰਨਾਂ ਚਿਰ ਸੰਤੋਂ ਰਹੀ, ਘੱਗਰੀ ਪਾ ਕੇ ਪੈਲੀਆਂ ਵਿਚ ਖੁੱਲ੍ਹੇ ਝਾਟੇ ਕੁੱਦਦੀ ਰਹੀ। ਪਰ, ਏਮਨਾ ਬਣ ਕੇ ਉਸ ਸੰਤੋਂ ਨੂੰ ਦਫ਼ਨ ਕਰ ਛੱਡਿਆ। ਏਸ ਪਿੰਡ ਦਾ ਕੋਈ ਜੀਅ ਅਜਿਹਾ ਨਹੀ ਸੀ, ਜਿਸ ਉਹਨੂੰ ਨੰਗੇ ਸਿਰ, ਕੁਦਾੜੇ ਕੱਢਦਿਆ ਨਹੀਂ ਸੀ ਵੇਖਿਆ, ਪਰ ਹੁਣ ਉਹ ਗਿਠ ਲੰਮੇ ਘੁੰਡ ਵਿਚ ਵੀ ਅੱਖਾਂ ਨੀਵੀਆਂ ਕਰ ਕੇ ਗੱਲ ਕਰਦੀ ਸੀ। ਕਿੱਥੇ ਤੇ ਉਹ ਸਾਰਾ ਦਿਨ ਖੋਤਿਆਂ ਪਿੱਛੇ ਬੜ੍ਹਕਾਂ ਮਾਰਦੀ ਰਹਿੰਦੀ ਸੀ, ਤੇ ਕਿੱਥੇ ਹੁਣ ਲੋੜ ਨਾਲੋਂ ਰਤਾ ਕੁ ਵੱਧ ਅਵਾਜ਼ ਵੀ ਨਹੀਂ ਸੀ ਕੱਢਦੀ। ਹੇਕਾਂ ਲਾ-ਲਾ ਗੌਣ ਤੇ ਮੰਗਣ ਵਾਲੀ ਗੁਲੇਲੀ, ਸੁਘੜ-ਸਿਆਣੀ ਬਣ ਗਈ। ਇਸ਼ਕ ਬੰਦੇ ਨੂੰ ਕਿੱਥੋਂ ਚੁੱਕ ਕੇ ਕਿੱਥੇ ਲੈ ਜਾਂਦਾ ਏ?

ਓਧਰੋਂ ਵੱਟੇ ਦੀਆਂ ਰਹਿੰਦੀਆਂ-ਖੂੰਹਦੀਆਂ ਨੁੱਕਰਾਂ ਵੀ ਸੜ ਗਈਆਂ ਤੇ ਉਹ ਜੀਵਨ ਲੀਕ ਤੇ ਪੱਧਰੇ, ਭਾਰ ਢੋਣ ਲੱਗ ਪਿਆ। ਜੇ ਪਹਿਲਾਂ ਉਹ ਵੱਟਾ ਸੀ ਤੇ ਹੁਣ ਉਹ ਗੇਂਦ ਬਣ ਗਿਆ ਹੋਇਆ ਸੀ। ਜਿਹਦੇ ਵਿਚ ਖੁਸ਼ੀਆਂ ਦੀ ਹਵਾ ਭਰੀ ਹੋਈ ਸੀ। ਉਹਦਾ ਅੰਦਰ ਵੀ ਖੁਸ਼ੀ ਨਾਲ ਉਭਰ-ਉਭਰ ਪੈਂਦਾ ਤੇ ਛਲਾਵੇ ਵਾਂਗੂੰ ਹੱਥ ਨਾ ਆਉਂਦਾ। ਵੇਲਾ ਹੋਰ ਬੀਤਿਆ ਤੇ ਉਹਦੇ ਤੇ ਹਰ ਵੇਲੇ ਇਕ ਖ਼ੁਮਾਰੀ ਜਿਹੀ ਰਹਿਣ ਲੱਗੀ। ਏਹ ਖ਼ੁਮਾਰੀ ਦੱਸਦੀ ਸੀ ਕਿ ਹੁਣ ਉਹ ਕਿਸੇ ਨੂੰ ਆਪਣੇ ਵਰਗਾ ਨਹੀ ਸਮਝਦਾ।

ਇਕ ਦਿਹਾੜੇ ਵੱਟੇ ਦੇ ਪੜ੍ਹੇ-ਲਿਖੇ ਯਾਰ ਪੰਜਾਬ ਦੀ ਕਾਣੀ ਵੰਡ ਬਾਰੇ ਗੱਲਾਂ ਪਏ ਕਰਦੇ ਸਨ। ਇਹ ਕਿੰਝ ਹੋਇਆ, 'ਪਈ ਗੁਰਦਾਸ ਪੁਰ, ਅੰਮ੍ਰਿਤਸਰ ਤੇ ਫਿਰੋਜ਼ਪੁਰ ਪਾਕਿਸਤਾਨ ਵੱਲ ਨਾ ਆਉਣ ਦਿੱਤੇ ਗਏ ਤੇ ਵੱਢ-ਟੁੱਕ ਕੀ ਦਾ ਕੀ ਬਣਾ ਗਈ? ਵੱਟਾ ਧਿਆਨ ਨਾਲ ਗੱਲਾਂ ਸੁਣਦਾ ਰਿਹਾ ਤੇ ਅੱਖਾਂ ਵਿਚ ਕਾਮਯਾਬੀ ਦਾ ਨਸ਼ਾ ਭਰ ਕੇ ਆਖਣ ਲੱਗਾ,"ਬਾਊ ਜੀ ! ਸੱਚ ਪੁੱਛੋਂ ਤਾਂ ਪੰਜਾਬ ਦੀ ਵੰਡ ਮੇਰੇ ਲਈ ਹੋਈ ਸੀ। ਏਮਨਾ ਆਖਦੀ ਏ ਜੇ ਪੰਜਾਬ ਨਾ ਵੰਡਿਆ ਜਾਂਦਾ ਤੇ ਖ਼ੌਰੇ ਉਹਦੇ ਲੱਗੇ-ਲਾਣੇ ਹਿੰਦੁਸਤਾਨ ਨਾ ਹੀ ਜਾਂਦੇ? ਤੇ ਇੰਝ ਨਾ ਹੁੰਦਾ, ਤਾਂ ਉਹ ਮੇਰੇ ਘਰ ਕਦੀ ਨਾ ਆ ਸਕਦੀ। ਏਸ ਲਈ ਮੇਰੇ ਮੌਲਾ ਨੇ ਆਖਿਆ, 'ਜਾਹ ਜ਼ੀਰ੍ਹਿਆ! ਅਸੀਂ ਤੇਰੇ ਲਈ ਪੰਜਾਬ ਨੂੰ ਵੰਡਦੇ ਆਂ'..............।"

ਅੱਜ ਪਹਿਲੀ ਵਾਰੀ ਯਾਰਾਂ ਨੂੰ ਵੱਟੇ ਦੀ ਗੱਲ ਦਾ ਗੁੱਸਾ ਲੱਗਾ। ਤਿੰਨ ਮਹੀਨੇ ਹੋਰ ਤਿਲਕ ਗਏ। ਵੱਟੇ ਤੇ ਏਮਨਾ ਦੇ ਪਿਆਰ ਨੇ ਏਮਨਾ ਦੀ ਕੁੱਖ ਵਿਚ ਨਿਸ਼ਾਨੀ ਦੇ ਦਿੱਤੀ। ਏਮਨਾ ਦੇ ਅੰਦਰ ਮਿੱਟੀ ਹਿੱਲੀ, ਤੇ ਪਿੰਡ ਵਿਚ ਭੁਚਾਲ ਆ ਗਿਆ।

ਦੋਵੇਂ ਹਕੂਮਤਾਂ, ਉੱਧਲ ਗਈਆਂ ਨੂੰ ਮੋੜਨ ਦੀਆਂ ਪਾਬੰਦ ਸਨ ਤੇ ਪਾਕਿਸਤਾਨ ਵਿਚ ਰੋਜ਼ ਉਹਨਾਂ ਦੀ ਲੱਭਤ ਲੱਗੀ ਹੋਈ ਸੀ। ਲੋਕਾਂ ਵੱਟੇ ਨੂੰ ਸਲਾਹ ਦਿੱਤੀ 'ਪਈ ਕੁਝ ਦਿਹਾੜੇ ਏਮਨਾ ਨੂੰ ਅਗਾਂਹ ਪਿਛਾਂਹ ਕਰ ਦੇਵੇ। ਹੋਣੀ ਵਰਤਣ ਲੱਗਿਆਂ ਕੋਈ ਚਿਰ ਨਹੀਂ ਲੱਗਦਾ।' ਕੌੜੀ ਗੱਲ, ਵੱਟੇ ਦੇ ਅੰਦਰ ਲੰਘੇ ਤੇ ਕਿਵੇਂ ਲੰਘੇ?

ਇਕ ਦਿਨ ਕਿਸੇ ਨੇ ਪਿੰਡ ਵਿਚ ਆ ਕੇ ਦੱਸਿਆ 'ਪਈ ਬਾਜ਼ੀਗਰ ਤੇ ਪਾਕਿਸਤਾਨ ਛੱਡ ਗਏ ਨੇ ਪਰ ਲੰਬੜ ਤੇ ਸ਼ਿੰਗਾਰਾ, ਅਜੇ ਤਾਂਈ ਸ਼ਹਿਰ ਵਾਲੇ ਕੈਂਪ ਵਿਚ ਨੇ। ਉਹ ਆਖਦੇ ਨੇ, ਪਈ ਆਪਣੀ ਸੰਤੋਂ ਨੂੰ ਨਾਲ ਲਿਆਂ ਬਿਨਾਂ, ਹਿੰਦੁਸਤਾਨ ਨਹੀਂ ਜਾਣਗੇ।' ਇਹ ਸੁਣ ਕੇ ਹਯਾਤੀ ਵਿਚ ਪਹਿਲੀ ਵਾਰੀ, ਵੱਟੇ ਦਾ ਦਿਲ ਡੋਲਿਆ, ਜਿਵੇਂ ਗੇਂਦ ਵਿਚ ਮਾੜਾ ਜਿਹਾ ਕੰਡਾ ਚੁੱਭ ਜਾਵੇ। ਉਹਦੇ ਮੂੰਹ ਤੇ ਪਹਿਲੀ ਵਾਰੀ ਅੰਦੇਸ਼ੇ ਦੀ ਲਹਿਰ ਤੜਫ਼ੀ ਪਰ ਘੜੀ ਕੁ ਵਾਸਤੇ ਈ। ਉਹ ਛੇਤੀ ਈ ਆਪਣੇ ਅਸਲੇ ਵਿਚ ਆ ਗਿਆ ਤੇ ਆਖਣ ਲੱਗਾ, "ਲੰਬੜ ਤੇ ਸ਼ਿੰਗਾਰਾ ਗਿੱਦੜ ਨੇ! ਤੇ ਸ਼ੇਰ ਦੇ ਮੂੰਹ ਵਿੱਚੋਂ ਸ਼ਿਕਾਰ ਖੋਹਣ ਦੀ ਆਸ ਲਾਈ ਬੈਠੇ ਨੇ। ਉਹਨਾਂ ਨੂੰ ਦੱਸ ਦਿਉ! ਪਈ ਏਮਨਾ 'ਚੌਧਰੀ ਨਜ਼ੀਰ ਅਹਿਮਦ ਚੱਠੇ 'ਦੇ ਘਰ 'ਚ ਏ। ਮੈਂ ਉਹ ਬੰਦਾ ਜੰਮਣ ਈ ਨਹੀਂ ਦਿੱਤਾ, ਜਿਹੜਾ ਮੇਰੇ ਘਰ ਸੰਨ੍ਹ ਲਾ ਸਕੇ!!"

ਮਿੱਟੀ ਵਿਚ ਰੁਲਣ ਤੋਂ ਪਹਿਲਾਂ ਇਹ ਵੱਟੇ ਦੀ ਅਖ਼ੀਰਲੀ ਫੜ੍ਹੀ ਸੀ।

ਇਕ ਦਿਹਾੜੇ ਵੱਟਾ ਘਰੋਂ ਬਾਹਰ ਸੀ ਤੇ ਹੋਣੀ ਦਾ ਭੁਚਾਲ ਆ ਗਿਆ। ਪੱਕੀਆਂ ਰਫ਼ਲਾਂ ਤੇ ਵਰਦੀਆਂ ਵਾਲੇ ਕੁਝ ਅਫ਼ਸਰ ਵੈਨ ਵਿਚ ਆਏ। ਪੱਕੀ ਮੁਖ਼ਬਰੀ ਹੱਥੋਂ, ਸਿੱਧੇ ਵੱਟੇ ਦੇ ਘਰ ਜਾ ਖਲੋਤੇ। ਏਮਨਾ ਦੂਜੀਆਂ ਬੀਬੀਆਂ ਨਾਲ ਬੈਠੀ ਹੋਈ ਸੀ। ਅਫ਼ਸਰਾਂ ਨੂੰ ਵੇਖ ਕੇ ਸਾਰੀਆਂ ਨੇ ਮੂੰਹਾਂ ਤੇ ਘੁੰਡ ਖਿੱਚ ਲਏ ਤੇ ਉੱਠ ਕੇ ਖਲੋ ਗਈਆਂ। ਇਕ ਅਫ਼ਸਰ ਨੇ ਖੜਕ ਕੇ ਪੁੱਛਿਆ, "ਤੁਹਾਡੇ ਵਿਚ ਸੰਤੋਂ ਕਿਹੜੀ ਏ? ਮਹਿੰਗੇ ਲੰਬੜ ਦੀ ਧੀ?"

"ਜੀ ਸੰਤੋਂ ਨਹੀਂ ਏਮਨਾ ਆਖੋ" ਬੀਬੀਆਂ ਵਿੱਚੋਂ ਆਵਾਜ਼ ਆਈ।

"ਚੱਲੋ ਸੰਤੋਂ ਹੋਈ ਜਾਂ ਏਮਨਾ ਪਰ ਉਹ ਹੈ ਕਿਹੜੀ?"

"ਜੀ ਮੈਂ ਵਾਂ, ਏਮਨਾ!" ਸੁਆਣੀਆਂ ਵਿਚੋਂ ਨਿਕਲ ਕੇ ਵੱਖਰੀ ਖੜੋ ਗਈ।

ਏਨੇ ਚਿਰ ਵਿਚ ਕੁਝ ਬੰਦੇ ਵੀ ਆ ਗਏ। ਵਿਚੋਂ ਇਕ ਦੋ ਨੇ ਹਿੰਮਤ ਕਰ ਕੇ ਸਿਰਫ਼ ਏਨਾ ਈ ਪੁੱਛਿਆ "ਜੇ ਕੁੜੀ ਆਪਣੀ ਮਰਜ਼ੀ ਨਾਲ ਪਾਕਿਸਤਾਨ ਰਹਿਣਾ ਚਾਹੁੰਦੀ ਹੋਵੇ। ਫੇਰ ਕੀ ਹੁਕਮ ਏ?'

ਅਫ਼ਸਰਾ ਦੱਸਿਆ, "ਭਈ! ਇਹਦੇ ਨਾਲ ਕੋਈ ਫ਼ਰਕ ਨਹੀਂ ਪੈਂਦਾ, ਕਿਉਂ ਜੇ ਇਕ ਤਾਂ ਹਕੂਮਤ ਇਹੋ ਜਿਹੀਆਂ ਬੀਬੀਆਂ ਪਰਤਾਣ ਦੀ ਪਾਬੰਦ ਏ ਤੇ ਦੂਜਾ ਉਹਨਾਂ ਦੀ ਮਰਜ਼ੀ ਪੁੱਛਣ ਲਈ ਹਕੂਮਤ ਕੋਲ ਅਦਾਲਤਾਂ ਲਾਣ ਦੀ ਵਿਹਲ ਨਹੀਂ।"

"ਹੁੰਦਾ ਹਾਕਮਾਂ ਨਾਲ ਵਿਗਾੜ ਮੰਦਾ", ਪਿੰਡਾਂ ਵਿਚ ਇਹ ਗੱਲ ਹਰ ਕਿਸੇ ਨੇ ਪੱਲੇ ਬੱਧੀ ਹੁੰਦੀ ਏ। ਲੋਕੀ ਚੁੱਪ-ਚੁਪੀਤੇ ਖੜੋਤੇ ਰਹੇ। ਸਗੋਂ ਏਮਨਾ ਨੂੰ ਟੁਰ ਜਾਣ ਦੀ ਹਿਦਾਇਤ ਵੀ ਦੇਣ ਲੱਗ ਪਏ। ਏਮਨਾ ਨੇ ਨਾ ਸਿਰਫ ਜ਼ਬਾਨੋ ਦੁਹਾਈ ਦਿੱਤੀ, ਸਗੋਂ ਹੱਥੀ-ਪੈਰੀਂ ਵੀ ਅੜੀ ਕਰਦੀ ਰਹੀ, "ਪਈ ਉਹ ਆਪਣੀ ਮਰਜ਼ੀ ਨਾਲ ਇੱਥੇ ਰਹਿਣਾ ਚਾਹੁੰਦੀ ਏ।"

ਪਰ ਦੁਨੀਆਂ ਦੇ ਵੇਂਹਦਿਆਂ-ਵੇਂਹਦਿਆਂ ਏਮਨਾ, ਜਿਹੜੀ ਹੁਣ ਏਸ ਪਿੰਡ ਦੀ ਮਿੱਟੀ ਨਾਲ ਰਲੀ ਹੋਈ ਲੱਗਦੀ ਸੀ, ਫ਼ਾਡਿਆਂ ਦੇ ਹੱਥ ਆਈ ਤੇ ਉਹ ਉਹਨੂੰ ਮੱਖਣ 'ਚੋਂ ਵਾਲ ਵਾਂਗੂੰ ਕੱਢ, ਲੈ ਗਏ। ਪਿੰਡ ਦੀ ਹਵਾ ਵਿਚ ਏਨੀ ਪੈੜ ਵੀ ਨਾ ਹਿੱਲੀ, ਜਿੰਨੀ ਕਿਸੇ ਦੇ ਸਫ਼ਰ ਤੇ ਜਾਣ ਲੱਗਿਆ ਹਿੱਲ ਸਕਦੀ ਏ।

ਕਿਸੇ ਨੇ ਵੱਟੇ ਨੂੰ ਵੀ ਦੱਸ ਪਾ ਦਿੱਤੀ। ਉਹ ਫੁੱਟਬਾਲ ਵਾਂਗੂੰ ਉਭਰਿਆ ਤੇ ਘਰ ਨੂੰ ਰਿੜ੍ਹ ਖਲੋਤਾ। ਘਰ ਦੀਆਂ ਕੰਧਾਂ ਨੇ ਸ਼ਹਾਦਤ ਦਿੱਤੀ, ਪਈ ਏਮਨਾ ਟੁਰ ਗਈ ਏ।......ਜਿਹਦੀ ਮਿੱਟੀ ਧੁਰ ਦਰਗਾਹੋਂ ਵੱਟੇ ਦੀ ਮਿੱਟੀ ਨਾਲ ਰਲਾ ਕੇ ਗੋਈ ਗਈ ਸੀ, ਉਹ ਅੱਜ ਹਮੇਸ਼ਾ ਲਈ ਆਪਣੀ ਮਿੱਟੀ ਵੱਖ ਕਰਕੇ ਲੈ ਗਈ ਸੀ। .....ਵੱਟਾ ਇੰਝ ਵੰਡਿਆ ਗਿਆ ਸੀ ਜਿਵੇਂ ਅੰਗਰੇਜ਼ਾਂ ਨੇ ਪੰਜਾਬ ਦੀ ਵੰਡ ਪਾਈ ਸੀ। ਵੱਟਾ ਏਸ ਵੰਡ ਤੋਂ ਇਨਕਾਰੀ ਰਹਿਣਾ ਚਾਹੁੰਦਾ ਸੀ। ਪਰ ਪਿੰਡ ਦੀਆਂ ਗਲੀਆਂ ਦੇ ਕੱਖ ਏਸ 'ਵੱਢ-ਟੁੱਕ' ਦੇ ਗਵਾਹ ਸਨ। ਵੱਟੇ ਦੀ ਫੂਕ ਨਿਕਲ ਗਈ ਤੇ ਉਹਨੇ ਬੇਜ਼ਾਨ ਬੁੱਤ ਵਾਂਗੂੰ ਲੋਕਾਂ ਵੱਲ ਵੇਖਿਆ........ ਉਹਦੀਆਂ ਅੱਖਾਂ ਲੋਕਾਂ ਕੋਲੋਂ ਪੁੱਛਦੀਆਂ ਸਨ।

"ਤੁਸਾਂ ਕੁਝ ਵੀ ਨਾ ਕੀਤਾ?.......ਤੁਸਾਂ ਕੁਝ ਵੀ ਨਾ ਕੀਤਾ?"

ਕੋਈ ਆਵਾਜ਼ ਨਾ ਆਈ।

ਵੱਟੇ ਬਾਹਵਾਂ ਖਲਾਰੀਆਂ ਤੇ ਕੰਧ ਨਾਲ ਜੱਫਾ ਪਾ ਲਿਆ। ਇਹ ਉਹਦੇ ਉਭਰਨ ਦੀ ਨਿਸ਼ਾਨੀ ਸੀ। ਪਰ! ਅੱਜ ਕਿੱਥੋਂ? ........ਅੱਜ ਤੇ ਉਹ ਕੰਧ ਦੇ ਨਾਲ ਚੁੰਬੜ ਕੇ ਰਹਿ ਗਿਆ। ਤੇ ਫੇਰ ਘਸਰਦਾ-ਘਸਰਦਾ ਕੰਧ ਦਿਆਂ ਪੈਰਾਂ ਵਿਚ ਆਣ ਡਿੱਗਾ।

ਲੋਕ ਦਲੇਰੀਆਂ ਦੇਣ ਲੱਗ ਪਏ ਤੇ ਉਹ ਤੇ ਕੰਧ ਨਾਲ ਇੰਝ ਸੀਪ ਗਿਆ ਹੋਇਆ ਸੀ, ਜਿਵੇਂ ਕੰਧ ਵਿਚ ਬਿਜਲੀ ਭਰੀ ਹੋਵੇ। ਕੰਧ ਦੇ ਨਾਲ ਇਕ ਹੋਰ ਕੰਧ, ਅੱਖਾਂ ਤਾੜੇ ਲੱਗੀਆਂ ਹੋਈਆਂ ਸੀ। ਉਹਨੂੰ ਵੇਖ ਕੇ ਸਮਝ ਨਹੀਂ ਸੀ ਆਉਂਦੀ, ਪਈ ਅਸਲੀ ਕੰਧ ਕਿਹੜੀ ਏ ? ਲੋਕ ਜਿਹੜੀ ਵੀ ਗੱਲ ਕਰਦੇ, ਉਹ ਪੱਥਰ ਨਾਲ ਮੱਥਾ ਭੰਨ ਕੇ, ਉਹਨਾਂ ਦਿਆਂ ਪੈਰਾਂ ਵਿਚ ਆਣ ਡਿਗਦੀ।

ਲੋਕ ਆਉਂਦੇ ਰਹੇ ਤੇ ਕੰਧ ਨਾਲ ਟੱਕਰਾਂ ਮਾਰ-ਮਾਰ ਭੁੰਜ ਜਾਂਦੇ ਰਹੇ। ਏਨੇ ਚਿਰ ਨੂੰ ਵੱਟੇ ਦੇ ਪਾੜ੍ਹੇ ਯਾਰ ਵੀ ਅੱਪੜ ਗਏ। ਉਹਨਾਂ ਵਿੱਚੋਂ ਜਿਹੜਾ ਬਹੁਤ ਸ਼ੋਅਲਾ ਸੀ, ਉਹ ਆਖਣ ਲੱਗਾ, "ਜੀਰਿਆ! ਤੇਰੀ ਹੂੜ-ਮੱਤ ਅੱਜ ਤੇਰੇ ਅੱਗੇ ਆਈ ਏ। ਯਾਦ ਈ, ਨਾ! ਜਦੋਂ ਆਖਿਆ ਸੀ, ਪੰਜਾਬ ਮੇਰੇ ਲਈ ਵੰਡਿਆਂ ਗਿਆ ਏ। ਅੱਜ ਦਸ ਖਾਂ! ਪੰਜਾਬ ਕਿਹਦੇ ਲਈ ਵੰਡਿਆ ਗਿਆ ਏ?"

ਲੋਕਾਂ ਨੂੰ ਭੈੜਾ ਲੱਗਾ ਕਿ ਇਹਨਾਂ ਗੱਲਾਂ ਦਾ ਕਿਹੜਾ ਵੇਲਾ ਏ? ਏਹ ਕੀ, ਮੇਹਣੇ ਭੇੜਣ ਆ ਗਿਆ ਏ? ਪਰ ਲੋਕ ਹੈਰਾਨ ਹੋ ਗਏ ਜਦੋਂ ਮੁੰਡੇ ਦੀ ਏਸ ਗੱਲ ਤੇ ਕੰਧ ਬੋਲ ਪਈ।

ਵੱਟੇ ਨੇ ਰੇਤ ਦੇ ਬੁੱਤ ਵਾਂਗੂੰ ਆਪਣੇ ਯਾਰ ਨੂੰ ਵੇਖਿਆ ਤੇ ਜਵਾਬ ਦਿੱਤਾ, "ਮੇਰੇ ਲਈ, ਬਾਊ! ਮੇਰੇ ਲਈ!! ............ ਕੱਲ੍ਹ ਪੰਜਾਬ ਮੇਰੇ ਲਈ ਵੰਡਿਆ ਗਿਆ ਸੀ .........ਤੇ ਅੱਜ ਮੈਂ ਵੀ ਨਿਉਂਦਰਾਂ ਲਾਹ ਦਿੱਤਾ ਏ,.........ਤੈਨੂੰ ਪਤਾ ਨਹੀਂ ? ਮੈਂ ਅੱਧਾ ਵੰਡ ਕੇ ਹਿੰਦੁਸਤਾਨ ਦੇ ਹਿੱਸੇ ਆ ਗਿਆ ਵਾਂ।"

ਲੋਕ ਵੱਟੇ ਦੇ 'ਦੂਜੇ ਹਿੱਸੇ' ਦਾ ਖਿਆਲ ਕਰ ਕੇ ਬੁੱਕੀਂ-ਬੁੱਕੀਂ ਰੋਣ ਲੱਗ ਪਏ।

ϒ ϒ ϒ ϒ ϒ

---

*ਮਾਟੀ ਕੁਦਮ ਕਰੇਂਦੀ ਯਾਰ, ਵਾਹ ਵਾਹ ਮਾਟੀ ਦੀ ਗੁਲਜ਼ਾਰ।*
*ਮਾਟੀ ਮਾਟੀ ਨੂੰ ਮਾਰਨ ਲੱਗੀ, ਮਾਟੀ ਦੇ ਹਥਿਆਰ।*
*ਜਿਸ ਮਾਟੀ ਪਰ ਬਹੁਤੀ ਮਾਟੀ, ਸੋ ਮਾਟੀ ਹੰਕਾਰ।*
*–ਬੁੱਲ੍ਹੇ ਸ਼ਾਹ–*

23

## ਦੂਜਾ ਬਟਵਾਰਾ

### ਹਨੀਫ਼ ਚੌਧਰੀ

ਬਟਵਾਰੇ ਤੋ ਬਾਅਦ, ਤੇਤੀ ਵਰ੍ਹਿਆਂ ਮਗਰੋਂ ਮੈਂ ਆਪਣੀ ਜਨਮ-ਭੋਇੰ ਨੂੰ ਵੇਖ ਰਿਹਾਂ ਸਾਂ। ਮੈਂ ਤੇ ਜਸਵੰਤ, ਅਸੀਂ ਦੋਨੋਂ ਤੁਰੇ ਜਾ ਰਹੇਂ ਸਾਂ। ਭਾਰਤ ਵਿਚ ਆਪਣੇ ਕਿਆਮ ਦੇ ਦੌਰਾਨ, ਮੈਂ ਬਹੁਤ ਸਾਰੇ ਅਦੀਬਾਂ, ਸ਼ਾਇਰਾਂ ਤੇ ਕਲਾਕਾਰਾਂ ਨੂੰ ਮਿਲ ਚੁਕਿਆ ਸਾਂ। ਅੱਜ ਅਸੀਂ ਦੋਵੇ ਜਗਤ ਪ੍ਰਸਿੱਧ ਕਹਾਣੀਕਾਰ 'ਬਲਜੀਤ ਕੌਰ' ਨੂੰ ਮਿਲਣ ਜਾ ਰਹੇ ਸਾਂ। ਬਲਜੀਤ ਨੇ ਸਾਨੂੰ ਮੁਲਾਕਾਤ ਲਈ ਨੌ ਵਜੇ ਦਾ ਵਕਤ ਦਿੱਤਾ ਸੀ।

ਜਸਵੰਤ ਮੇਰੇ ਸੱਜੇ ਪਾਸੇ ਸੀ ਤੇ ਮੈਂ ਉਹਦੇ ਖੱਬੇ ਪਾਸੇ। ਮੇਰੇ ਪੈਰ ਏਸ ਰਾਹ ਦੇ ਚੰਗੀ ਤਰਾਂ ਜਾਣੂੰ ਸਨ। ਏਸ ਰਾਹ ਥਾਣੀਂ ਲੰਘ ਕੇ, ਮੈਂ ਦਸ ਸਾਲ ਤੀਕਰ ਪਿੰਡ ਤੋਂ ਸਾਹਮਣੇ ਸਕੂਲ ਪੜ੍ਹਨ ਆਉਂਦਾ ਹੁੰਦਾ ਸੀ। ਅੱਜ ਤੋ ਤੇਤੀ ਵਰ੍ਹੇ ਪਹਿਲਾਂ, ਏਸ ਸਕੂਲ ਦੇ ਗੇਟ ਉਪਰ, 'ਡੀ.ਬੀ. ਗੌਰਮਿੰਟ ਹਾਈ ਸਕੂਲ ਨਕੋਦਰ' ਲਿਖਿਆ ਹੋਇਆ ਸੀ। ਗੇਟ ਦੇ ਨਾਲ ਕਰ ਕੇ ਲਾਲਾ ਧਨੀ ਰਾਮ ਦੀ 'ਟੱਕਸ਼ਾਪ' ਹੁੰਦੀ ਸੀ। ਅੱਜ ਉੱਥੇ, "ਗਣਪਤ ਬੁੱਕ ਸੈਂਟਰ" ਦਾ ਬੋਰਡ ਲੱਗਾ ਹੋਇਆ ਸੀ।

ਮੈਂ ਹਸਰਤ ਨਾਲ ਇਸ ਬੋਰਡ ਵੱਲ ਤਕ ਰਿਹਾ ਸੀ ਕਿ ਖ਼ਿਆਲਾਂ ਦੀਆਂ, ਤੇਤੀ ਪੌੜੀਆਂ ਉੱਤਰ ਕੇ ਲਾਲਾ ਧਨੀ ਰਾਮ ਦੀ ਟੱਕਸ਼ਾਪ ਅੱਗੇ ਜਾ ਖਲੋਤਾ----------- 'ਜਿੱਥੇ ਮੇਰੇ ਬਾਕੀ ਜਮਾਤੀ ਮੁੰਡੇ, ਖੜ੍ਹੇ, ਲਾਲਾ ਜੀ ਦੀਆਂ ਤਾਜ਼ਾ ਜਲੇਬੀਆਂ ਖਾ ਰਹੇ ਸਨ। ਇਕ ਮੁੰਡੇ ਨੇ ਲਾਲਾ ਜੀ ਨੂੰ ਸ਼ਰਾਰਤ ਨਾਲ ਡਰਾਇਆ, "ਲਾਲਾ ਜੀ! ਘਿਉ ਦੇ ਪੀਪੇ ਵਿਚ ਚੂਹਾ ਵੜ ਗਿਐ, ਔਹ ਵੇਖੋ!" ਲਾਲਾ ਜੀ ਓਧਰ ਵੇਖਣ ਲੱਗ ਪਏ ਤੇ ਉਹ ਮੁੰਡਾ ਜਲੇਬੀਆਂ ਦਾ ਥਾਲ ਚੁੱਕ ਕੇ ਭੱਜ ਗਿਆ।'

ਜਸਵੰਤ ਨੇ ਮੈਨੂੰ ਮੋਢੇ ਤੋਂ ਫੜ ਕੇ ਹਲੂਣਿਆ।

ਮੈਂ ਤੇਤੀਵੀਂ ਪੌੜੀ ਤੋਂ ਇਕ ਦਮ, ਪਹਿਲੀ ਪੌੜੀ ਉੱਪਰ ਆ ਖਲੋਤਾ।

"ਕੀ ਸੋਚਦਾ ਰਿਹਾ ਏਂ? ਚੌਧਰੀ !" ਜਸਵੰਤ ਨੇ ਪੁੱਛਿਆ

"ਕੁਛ ਨਹੀਂ" ਯਾਦਾਂ ਦਾ ਹੜ੍ਹ ਮੈਨੂੰ ਰੋੜ੍ਹ ਲੈ ਗਿਆ ਸੀ, ਮੈਂ ਜਜ਼ਬਾਤੀ ਹੋ ਗਿਆ ਸਾਂ।

"ਆਪਣੇ ਮਾਜ਼ੀ ਦੇ ਖੰਡਰ ਨੂੰ ਫੇਰ ਵੇਖੀਂ! ਪਹਿਲਾਂ ਜਿਸ ਕੰਮ ਚੱਲੇ ਆਂ ਉਹ ਕਰ ਲਈਏ, ਪੌਣੇ ਨੌਂ ਹੋ ਚੱਲੇ ਨੇ," ਜਸਵੰਤ ਬੋਲਿਆ।

ਮੈਂ ਧਿਆਨ ਨਾਲ, ਫਿਰ ਉਹਦੇ ਨਾਲ ਤੁਰ ਪਿਆ। ਟੁਰਦਿਆਂ-ਟੁਰਦਿਆਂ ਐਵੇਂ ਮੇਰੀ ਨਜ਼ਰ ਖੱਬੇ ਪਾਸੇ ਉੱਠ ਗਈ। -------ਉੱਥੇ ਉਵੇਂ ਈ ਵੱਡਾ ਸਾਰਾ ਬੋਹੜ ਖੜ੍ਹਾ ਸੀ, ਜਿਹਦੇ ਹੇਠਾਂ ਗਰਮੀਆਂ ਨੂੰ ਸਕੂਲੋਂ ਛੁੱਟੀ ਵੇਲੇ ਬਹਿ ਕੇ ਰੋਟੀਆਂ ਖਾਇਆ ਕਰਦੇ ਸਾਂ। ਉਸ ਵੇਲੇ ਇਹਦੇ ਹੇਠਾਂ, ਇਕ ਤਖ਼ਤਪੋਸ਼ ਹੁੰਦਾ ਸੀ। ਜਿੱਥੇ ਵੱਡੇ-ਵਡੇਰੇ ਬਹਿ ਕੇ ਵਿਚਾਰ ਵਟਾਂਦਰਾ ਕਰਦੇ ਹੁੰਦੇ ਸਨ। ਇਸ ਤਖ਼ਤਪੋਸ਼ ਹੇਠਾਂ 'ਮੋਤੀ' ਕੁੱਤੀ ਬੱਚੇ ਦਿਆ ਕਰਦੀ ਸੀ। ਅੱਜ ਉੱਥੇ ਨਾ ਤਖ਼ਤਪੋਸ਼, ਨਾ ਮੋਤੀ ਕੁੱਤੀ, ਬਸ ਕੱਖਾਂ ਦਾ ਘੁਰਨਾਂ ਸੀ। ਖੌਰੇ! ਉਹ ਕੁੱਤੀ ਵੀ ਬਟਵਾਰੇ ਵੇਲੇ ਪਾਕਿਸਤਾਨ ਆ ਗਈ ਹੋਵੇ? -------ਪਰ! ਬਟਵਾਰਾ ਤੇ ਸਿਰਫ਼ ਇਨਸਾਨਾਂ ਲਈ ਸੀ, ਜਾਨਵਰਾਂ ਲਈ ਨਹੀਂ!'

ਮੈਂ ਇਸ ਖ਼ਿਆਲ ਨੂੰ ਝਟਕ ਕੇ ਅੱਗੇ ਵੇਖਿਆ ਤੇ ਛਾਂ ਹੇਠਾਂ ਇਕ ਬਿੱਲਾ ਕੁੱਤਾ ਬੈਠਾ ਹੌਂਕ ਰਿਹਾ ਸੀ।

ਇਕ ਵਾਰੀ ਇਸ ਬੋਹੜ ਉੱਤੇ ਮੈਂ ਆਪਣਾਂ ਨਾਂ ਖੁਰਚ ਦਿੱਤਾ ਸੀ। ਮੈਂ ਉਹ ਨਾਂ ਵੇਖਣ ਲਈ ਨੱਸ ਕੇ ਉਸ ਥਾਂ ਗਿਆ। ਉੱਥੇ ਕਿਸੇ ਨੇ 'ਹਨੀਫ਼ ਚੌਧਰੀ ਦੀ ਥਾਂ ਹਨੀਫ਼ ਸਿੰਘ' ਬਣਾ ਦਿੱਤਾ ਸੀ। ਮੈਨੂੰ ਇੰਝ ਲੱਗਾ ਜਿਵੇਂ ਕਿਸੇ ਨੇ ਮੇਰੇ ਸਰੀਰ ਦੇ ਇੱਕ ਵਾਰ, ਫੇਰ ਦੋ ਟੋਟੇ ਕਰ ਦਿੱਤੇ ਹੋਣ!

ਜਦੋਂ ਮੈਂ ਨਿੰਮੋਝਾਣਾ ਹੋ ਕੇ ਵਾਪਸ ਪਰਤਿਆ ਤੇ ਬਿੱਲਾ ਕੁੱਤਾ ਮੇਰੇ ਪਿਛੇ ਨੱਸਿਆ। ਜਿਵੇਂ ਮੈਨੂੰ ਭਾਰਤ ਦੀ ਸਰਹੱਦ ਤੋਂ ਬਾਹਰ ਕੱਢਣਾ ਚਾਹੁੰਦਾ ਹੋਵੇ.............।

ਜਸਵੰਤ ਮੇਰੇ ਹਾਲ ਦਾ ਵਾਕਫ਼ ਸੀ ਤੇ ਕਹਿਣ ਲੱਗਾ, "ਆਪਣੀਆਂ ਯਾਦਾਂ ਦੇ ਸਿਵਿਆਂ ਨੂੰ ਕਿੱਥੇ-ਕਿੱਥੇ ਵੇਖੇਂਗਾ?"

"ਸੱਚ ਜਸਵੰਤ ਸਿਆਂ," ਮੈਂ ਹੌਕਾ ਭਰ ਕੇ ਆਖਿਆ, "ਜੇ ਅਸੀਂ ਬਲਜੀਤ ਕੌਰ ਨੂੰ ਨਾ ਵੇਖਣਾ ਹੁੰਦਾ! ਤਾਂ ਮੈਂ ਆਪਣੇ ਬਚਪਨ ਦੀ ਇਕ-ਇਕ ਯਾਦ ਨੂੰ ਵੇਖਦਾ ਤੇ ਸਮੇਟਦਾ।"

"ਤੇ ਫੇਰ ਚੱਲ ਨਾ! "

ਜਸਵੰਤ ਨੇ ਮੇਰੇ ਬਰਾਬਰ ਹੋ ਕੇ ਮੇਰਾ ਸੱਜਾ ਹੱਥ ਫੜ ਲਿਆ ਤੇ ਮੇਰੇ ਨਾਲ ਤੁਰਨਾ ਸ਼ੁਰੂ ਕਰ ਦਿੱਤਾ। ਤੁਰਦਿਆਂ ਮੈਂ ਸਵਾਲ ਕੀਤਾ, "ਬਲਜੀਤ ਕੌਰ ਕਿੱਥੇ ਦੀ ਰਹਿਣ ਵਾਲੀ ਏ?"

"ਮੈਂ ਕਦੇ ਪੁੱਛਿਆ ਨਹੀਂ," ਉਹਨੇ ਉੱਤਰ ਦਿੱਤਾ।

"ਕਿਉਂ ਤੂੰ ਉਹਦਾ ਜਾਣੂੰ ਨਹੀਂ?" ਮੈਂ ਹੈਰਾਨੀ ਨਾਲ ਪੁੱਛਿਆ।

"ਤੂੰ ਮੈਨੂੰ ਖ਼ਤਾਂ ਵਿਚ, ਲਿਖਿਆ ਕਰਦਾ ਸੀ ਕਿ ਉਹ ਮੇਰੀ ਭੈਣ ਬਣੀ ਹੋਈ ਏ।"

"ਹਾਂ, ਅਸੀਂ ਭੈਣ-ਭਰਾ ਹਾਂ। ਸਿਰਫ਼, ਇਸ ਬਾਰੇ ਕਦੇ ਗੱਲ ਨਹੀਂ ਹੋਈ, ਕਿ ਉਹਦੇ ਮਾਪੇ ਕਿੱਥੇ ਰਹਿੰਦੇ ਨੇ?"

ਮੈਂ ਫਿਰ ਪੁੱਛਿਆ, "ਇਹ ਪਾਕਿਸਤਾਨੋਂ ਮਾਈਗਰੇਟ ਕਰ ਕੇ ਤਾਂ ਨਹੀਂ ਆਈ ? ਇਹਦੀਆਂ ਕਹਾਣੀਆਂ ਦੀ ਜ਼ਬਾਨ ਤੇ ਠੇਠ ਪਿੰਡ ਦੀ ਏ।"

"ਅਸਲ ਵਿਚ! ਮੈਂ ਬਟਵਾਰੇ ਮਗਰੋਂ ਜੰਮਿਆਂ ਤੇ ਬਲਜੀਤ ਕੌਰ ਪੰਦਰਾਂ-ਵੀਹ ਵਰ੍ਹੇ ਮੈਥੋਂ ਵੱਡੀ ਹੈ," ਜਸਵੰਤ ਨੇ ਦਲੀਲ ਦਿੱਤੀ।

ਜਸਵੰਤ ਸਿੰਘ ਉਸ ਮਕਾਨ ਅੱਗੇ ਜਾ ਖਲੋਤਾ ਜਿੱਥੇ ਪਿੱਤਲ ਦੇ ਲਫ਼ਜ਼ਾ ਵਿਚ 'ਸਰਦਾਰ ਬਲਵੰਤ ਸਿੰਘ' ਦੀ ਨੇਮ ਪਲੇਟ ਲੱਗੀ ਹੋਈ ਸੀ।

ਜਦੋਂ ਜਸਵੰਤ ਨੇ ਕਾਲਬੈਲ ਉੱਪਰ ਹੱਥ ਰੱਖਿਆ ਤੇ, ਖੌਰੇ! ਮੇਰੀਆਂ ਧੜਕਨਾਂ ਕਿਉਂ ਤੇਜ਼ ਹੋ ਗਈਆਂ? ਮੈਂ ਆਪਣੀ ਬੁਸ਼ਰਟ ਦੇ ਕਾਲਰ ਠੀਕ ਕੀਤੇ, ਬੂਟ ਝਾੜੇ। ਜਦ ਨੂੰ ਇਕ ਕਮਜ਼ੋਰ ਜਿਹੀ ਅਵਾਜ਼ ਆਈ।

"ਕੌਣ ਏ? .............ਜਸਵੰਤ ਵੀਰ, ਬੈੱਲ ਵਜਾਣ ਦੀ ਕੀ ਲੋੜ ਸੀ? ਲੰਘ ਆਉਂਦਾ!"

"ਦੀਦੀ, ਮੇਰੇ ਨਾਲ ਪਾਕਿਸਤਾਨ ਤੋਂ ਆਇਆ ਇਕ ਪ੍ਰਾਹੁਣਾ ਵੀ ਏ।" ਜਸਵੰਤ ਨੇ ਖੜ੍ਹੇ-ਖੜ੍ਹੇ ਦੱਸਿਆ।

"ਤੁਸੀਂ ਬੈਠਕ ਖੋਲ੍ਹ ਲਓ!"

ਜਸਵੰਤ ਨੇ ਬੈਠਕ ਖੋਲ੍ਹ ਲਈ ਤੇ ਅਸੀਂ ਅੰਦਰ ਜਾ ਬੈਠੇ।

ਦੋ ਮਿੰਟ ਹੋ ਗਏ। ਜਦੋਂ ਬਲਜੀਤ ਅੰਦਰ ਵੜੀ, ਮੇਰਾ ਉੱਪਰਲਾ ਸਾਹ ਉੱਪਰ ਤੇ ਹੇਠਲਾ ਸਾਹ ਹੇਠਾਂ ਰਹਿ ਗਿਆ...............ਹੈਰਾਨੀ ਨਾਲ ਮੈਨੂੰ ਚੱਕਰ ਆ ਗਿਆ ...............ਉਹ ਸਾਡੇ ਪਿੰਡ ਦੀ ਕੁੜੀ 'ਜੀਜਾਂ' ਸੀ, ...............ਅਜੀਜ਼ ਬੀਬੀ, ਜਿਹੜੀ ਚੌਦਵੀਂ ਵਿਚ ਪੜ੍ਹਦੀ ਸੀ, ਜਿਸ ਨੂੰ ਬਟਵਾਰੇ ਵਿਚ ਗੁੰਡਿਆਂ ਨੇ ਹੋਸਟਲ 'ਚੋਂ ਅਗਵਾ ਕਰ ਲਿਆ ਸੀ! ਉਦੋਂ ਦੀ ਜੀਜਾਂ ਤੇ ਅੱਜ ਦੀ ਬਲਜੀਤ ਕੌਰ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਸੀ। ਜੀਜਾਂ ਦੀਆਂ ਅੱਖਾਂ ਤੇ ਡਿੱਪਰ ਸ਼ੀਸ਼ਿਆਂ ਵਾਲੀ ਐਨਕ ਚੜ੍ਹੀ ਹੋਈ ਸੀ। ਸਿਰ ਦੇ ਵਾਲ ਬਰਫ਼ ਦੀ ਤਰ੍ਹਾਂ ਸਫ਼ੈਦ, ਰੰਗਤ ਪੀਲੀ, ਰਗ਼ਾਂ ਫੁੱਲੀਆਂ ਹੋਈਆਂ। ਹਾਂ! ਸੱਜੇ ਬੁੱਲ੍ਹ ਦੇ ਉੱਪਰ ਕਰ ਕੇ ਕਾਲਾ ਤਿਲ, ਇੰਝ ਹੀ ਹੱਸ ਰਿਹਾ ਸੀ ਜਿਵੇਂ ਨਿੱਕੀ ਹੁੰਦੀ ਦਾ ਮੁਸਕਰਾਂਦਾ ਰਹਿੰਦਾ ਸੀ। ਇਕ ਵਾਰਗੀ, ਮੇਰੇ ਸਾਹਮਣੇ ਉਹੋ ਜੀਜਾਂ, ਆ ਖੜ੍ਹੀ ਹੋਈ ਜਿਹੜੀ ਇਕ ਵਾਰ ਮੇਰੀ ਭੈਣ ਨਾਲ ਰਲ ਕੇ ਸਾਡੇ ਖੂਹ ਤੇ ਛੱਲੀਆਂ ਭੰਨਣ ਗਈ ਸੀ, ਤੇ ਧੂਣੀ ਦੀ ਅੱਗ ਨਾਲ ਉਹਦੀ ਮਲਮਲ ਦੀ ਚੁੰਨੀ ਸੜ ਗਈ ਸੀ। ਉਹਨੂੰ ਓਸ ਵੇਲੇ ਪਤਾ ਚੱਲਿਆ, ਜਦੋਂ ਅੱਗ ਕਮੀਜ਼ ਨੂੰ ਜਾ ਲੱਗੀ। ਕੂਕਾਂ, ਚੀਕਾਂ ਸੁਣ ਕੇ ਜਦੋਂ ਮੈਂ ਖੂਹ ਵੱਲ ਨੱਸਿਆ, ਤਾਂ ਉਹ ਪਾਣੀ ਦੇ ਚਲ੍ਹੇ ਵਿਚ ਬੈਠੀ ਰੋ ਰਹੀ ਸੀ।

ਪਰ ਅੱਜ ਦੀ ਜੀਜਾਂ ...........?

ਮੈਨੂੰ ਇੰਝ ਜਾਪਿਆ, ਜਿਵੇਂ ਮੈਂ ਸੁਫ਼ਨਾ ਵੇਖ ਰਿਹਾਂ ਹੋਵਾਂ। ਬਲਜੀਤ ਨੂੰ ਅੰਦਰ ਆਉਂਦਿਆਂ ਵੇਖ ਕੇ ਜਸਵੰਤ ਉੱਠ ਕੇ ਖਲੋ ਗਿਆ। ਮੈਂ ਵੀ ਇਹਤਰਾਮਨ, ਉੱਠ ਖਲੋਤਾ। ਬਲਜੀਤ ਕੌਰ ਨੇ ਮੈਨੂੰ ਧਿਆਨ ਨਾਲ ਤੱਕਿਆ ਤੇ ਤੁਰੀ ਆਉਂਦੀ ਖਲੋ ਗਈ। ਮੱਥੇ ਉੱਤੇ ਪਸੀਨਾ ਆ ਗਿਆ, ਮੈਨੂੰ ਵੇਖਦੀ ਰਹਿ ਗਈ। ਜਸਵੰਤ ਜਾਣਕਾਰੀ ਕਰਾਉਣ ਲੱਗ ਗਿਆ।

"ਦੀਦੀ, ਏਹ ਪਾਕਿਸਤਾਨ ਦੇ ਨਾਮਵਰ ਕਹਾਣੀਕਾਰ ਹਨੀਫ਼ ਚੌਧਰੀ ਨੇ ਤੇ ਪੀ.ਐਚ.ਡੀ........।" ਉਹ ਬੇਸਬਰੀ ਨਾਲ ਮੇਰੇ ਵੱਲ ਵਧੀ ਤੇ ਮੇਰੇ ਗੱਲ ਲੱਗ ਕੇ ਰੋਣ ਲੱਗ ਪਈ ਤੇ ਬਹੁਤ ਚਿਰ ਰੋਂਦੀ ਰਹੀ। ਮੈਂ ਦਿਲਾਸਾ ਵੀ ਦਿੰਦਾ ਜਾਂਦਾ ਤੇ ਆਪ ਵੀ ਰੋਂਦਾ ਰਿਹਾ।

"ਚੁੱਪ ਕਰ, ਮੇਰੀ ਭੈਣ! ਉਸ ਵੇਲੇ ਹਾਲਾਤ ਈ ਅਜਿਹੇ ਸਨ। ਵੇਲੇ ਦੇ ਹੜ੍ਹ ਨੂੰ ਕੌਣ ਰੋਕ ਸਕਦਾ ਏ? ਜੋ ਹੋਣਾ ਸੀ ਉਹ ਹੋ ਗਿਆ ਏ। ਤੇਰੀ ਭਾਲ ਵਿਚ ਤੇਰੇ ਮਾਂ-ਪਿਉ ਨੇ ਕੀ-ਕੀ ਨਹੀਂ ਕੀਤਾ, ਚੁੱਪ ਕਰ............... ਮੇਰੀ ਭੈਣ!!"

ਮੁਸ਼ਕਲ ਨਾਲ ਚੁੱਪ ਕਰਾਕੇ, ਉਸਨੂੰ ਸੋਫ਼ੇ ਉਪਰ ਬਿਠਾਇਆ। ਜਸਵੰਤ ਹੱਕਾ-ਬੱਕਾ ਪੁੱਛਣ ਲੱਗਾ, "ਦੀਦੀ! ਤੁਸੀਂ ਚੌਧਰੀ ਨੂੰ ਜਾਣਦੇ ਓ?"

" ਹਾਂ! ਇਹ ਮੇਰੇ ਪਿੰਡ ਦਾ ਭਰਾ ਏ!"

ਅਸੀਂ ਹੈਰਾਨ ਹੋ ਕੇ ਇਕ ਦੂਜੇ ਨੂੰ ਵੇਖਦੇ ਰਹੇ।

ਫਿਰ ਮੈਨੂੰ ਪੁੱਛਣ ਲੱਗੀ,"ਨੀਫੇ.. ਮੇਰੀ ਮਾਂ ...?" ਤੇ ਬਾਕੀ ਗੱਲ ਉਹਦੇ ਸੰਘ ਵਿਚ ਈ ਫਸ ਗਈ, ਪਹਿਲੋਂ ਮੇਰੇ ਜ਼ਿਲ ਵਿਚ ਆਇਆ, ਕਿ ਮੈਂ ਦੱਸ ਦਿਆਂ ਜੁ ਤੇਰੀ ਮਾਂ, ਤੇਰੇ ਵਿਛੋੜੇ ਵਿਚ ਪਾਗਲ ਹੋ ਕੇ ਮਰ ਗਈ ਏ। ਫੇਰ, ਮੈਂ ਇਹ ਸੋਚ ਕੇ ਕਿ ਉਹਦਾ ਦਿਲ ਵਧੇਰੇ ਟੁੱਟ ਜਾਵੇਗਾ, ਝੂਠ ਬੋਲ ਦਿੱਤਾ।

"ਰਾਜ਼ੀ-ਬਾਜ਼ੀ ਏ, ਪਰ ਉਹਦੀ ਨਜ਼ਰ ਜ਼ਰਾ ਕਮਜ਼ੋਰ ਹੋ ਗਈ ਏ, ਲਾਠੀ ਦੇ ਸਹਾਰੇ ਨਾਲ ਟੁਰਦੀ ਏ।" ਬਲਜੀਤ ਭੁੱਬਾਂ ਮਾਰ ਕੇ ਰੋਣ ਲੱਗ ਪਈ। ਮਾਂ ਦੀ ਯਾਦ ਬੁੱਕ ਭਰ-ਭਰ ਕੇ ਹੰਝੂ ਲਿਆਂਦੀਂ ਰਹੀ। ਜਸਵੰਤ ਉੱਠ ਕੇ ਬਲਜੀਤ ਕੋਲ ਜਾ ਬੈਠਾ ਤੇ ਦਿਲਾਸਾ ਦੇਣ ਲੱਗ ਪਿਆ, ਪਰ ਉਹਦੀਆਂ ਅੱਖਾਂ ਵਿਚ ਵੀ ਅੱਥਰੂ ਆ ਗਏ।

ਜਦ ਨੂੰ ਅੰਦਰ ਸੁੱਤਾ ਹੋਇਆ, ਬਲਜੀਤ ਦਾ ਸਭ ਤੋਂ ਨਿੱਕਾ ਕਾਕਾ ਜਾਗ ਪਿਆ ਤੇ ਰੋਂਦਾ ਹੋਇਆ ਬਲਜੀਤ ਦੀ ਗੋਦ ਵਿਚ ਆ ਬੈਠਾ । ਮੁੰਡੇ ਨੂੰ ਚੁੱਪ ਕਰਾਉਣ ਦੀ ਥਾਂ, ਆਪਣੇ ਅੱਥਰੂ ਦੁਪੱਟੇ ਨਾਲ ਕੁੰਜ ਕੇ ਪੂੰਝਣ ਲੱਗੀ।

" ਮੇਰੇ ਅੱਬੇ ਨੂੰ ਉਸ ਵੇਲੇ ਬੁਖ਼ਾਰ ਆਉਂਦਾ ਸੀ, ਹੁਣ ਕੀ ਹਾਲ ਏ? ।

"ਠੀਕ ਏ," ਮੈਂ ਝੂਠ ਬੋਲ ਦਿੱਤਾ ਤੇ ਏਹ ਨਾ ਦੱਸਿਆ ਕਿ 'ਉਹ ਤੇ, ਤੈਨੂੰ ਭਾਲਦਾ-ਭਾਲਦਾ ਰੱਬ ਨੂੰ ਪਿਆਰਾ ਹੋ ਗਿਆ ਏ।'

"ਤੇ ਮੇਰਾ ਭਰਾ ਸਫ਼ੀ?"

"ਉਹ, ਵਿਆਹਿਆ-ਵਰਜਿਆ ਏ," ਮੈਂ ਦੱਸਿਆ, "ਉਹਦੇ ਤ੍ਰੈ ਪੁੱਤਰ ਨੇ ਤੇ ਦੋ ਕਾਕੀਆਂ। ਤੇ ਤੇਰੀ ਨਿੱਕੀ ਭੈਣ ਤਾਬੀ, ਉਹਦੀ ਪਾਕਿਸਤਾਨ ਜਾਂਦਿਆਂ ਰਾਹ ਵਿਚ ਮੌਤ ਹੋ ਗਈ ਸੀ"।

ਇਹ ਸੁਣ ਕੇ ਬਲਜੀਤ, ਪਾਗਲਾਂ ਵਾਂਗਰ ਮੂੰਹ ਵਿਚ ਦੁਪੱਟਾ ਲੈਕੇ ਰੋਣ ਲੱਗ ਪਈ। ਜਦ ਨੂੰ ਬਲਜੀਤ ਦੇ ਘਰ

ਵਾਲਾ ਬਲਵੰਤ ਸਿੰਘ ਆ ਗਿਆ। ਜਸਵੰਤ ਨੇ ਜਾਣਕਾਰੀ ਕਰਾਈ ਤੇ ਉਹ ਗਲਵਕੜੀ ਪਾ ਕੇ ਮਿਲਿਆ। ਬਹੁਤ ਖ਼ੁਸ਼ ਮਿਜ਼ਾਜ, ਚਿੱਟਾ-ਗੋਰਾ ਰੰਗ।

ਮੈਨੂੰ ਦੱਸਣ ਲੱਗ ਪਿਆ, "ਬਲਜੀਤ (ਜੀਜਾਂ) ਨੂੰ ਬਟਵਾਰੇ ਵਿਚ ਕੁੜੀਆਂ ਦੇ ਹੋਸਟਲ ਚੋਂ ਗੁੰਡਿਆਂ ਨੇ ਚੁੱਕ ਲਿਆ। ਪਿੰਡੋਂ-ਪਿੰਡ ਲਈ ਫਿਰਦੇ ਰਹੇ। ਇਕ ਵਾਰੀ ਇਹਨੇ ਨੱਸਣ ਦੀ ਕੋਸ਼ਿਸ਼ ਕੀਤੀ ਤੇ ਉਹਨਾਂ, ਗੋਲੀ ਮਾਰ ਦਿੱਤੀ। ਇਹਦੇ ਨਾਲ ਜਿਨਸੀ ਤਸ਼ੱਦਦ ਕੀਤਾ ਤੇ ਇਹ ਜ਼ਖ਼ਮੀ ਹੋ ਗਈ। ਕਿਸੇ ਰਹਿਮ ਦਿਲ ਬੰਦੇ ਨੇ ਏਸ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ।

ਇਹਨਾਂ ਦਿਨਾਂ ਵਿਚ ਮੇਰੀ ਪਤਨੀ, ਪ੍ਰਭਜੋਤ, ਟੀ.ਬੀ. ਦੇ ਰੋਗ ਪਾਰੋਂ, ਹਸਪਤਾਲ ਦਾਖਲ ਸੀ। ਇਸ ਨੂੰ ਰੋਟੀ-ਪਾਣੀ ਦੇਣ ਵਾਲਾ ਕੋਈ ਨਹੀਂ ਸੀ। ਡਾਕਟਰ ਦਵਾ ਦੇ ਕੇ ਚਲੇ ਜਾਂਦੇ। ਮੇਰੀ ਪਤਨੀ ਨੂੰ ਬਹੁਤ ਤਰਸ ਆਇਆ ਤੇ ਆਖਣ ਲੱਗੀ, 'ਏਸ ਵਿਚਾਰੀ ਦਾ ਕੋਈ ਨਹੀਂ, ਏਸ ਨੂੰ ਰੋਟੀ-ਪਾਣੀ ਦੇ ਦਿਆ ਕਰੋ"। ਮੈਂ ਘਰੋਂ ਰੋਟੀ ਲਿਆ ਕੇ ਦੇਣ ਲੱਗ ਪਿਆ, ਕਦੇ-ਕਦੇ ਬਜ਼ਾਰੋਂ ਦਵਾ ਵੀ ਲਿਆ ਕੇ ਦੇ ਦਿੰਦਾ। ਇੰਞ, ਬਲਜੀਤ ਦਾ ਮੇਰੇ ਉੱਪਰ ਅਤਮਾਦ ਬੱਝ ਗਿਆ। ਉਹ ਤੇ ਹੌਲੀ-ਹੌਲੀ ਠੀਕ ਹੁੰਦੀ ਗਈ, ਪਰ ਪ੍ਰਭਜੋਤ ਦੀ ਹਾਲਤ ਖਰਾਬ ਹੁੰਦੀ ਚਲੀ ਗਈ।' ਬਲਵੰਤ ਸਿੰਘ ਹੌਕਾ ਜਿਹਾ ਭਰਿਆ ਤੇ ਫੇਰ ਬੋਲਣ ਲੱਗ ਪਿਆ।

'ਫੇਰ ਇਕ ਦਿਨ ਪ੍ਰਭਜੋਤ ਮੈਨੂੰ ਛੱਡ ਗਈ। ਕਿਰਿਆ-ਕਰਮ ਮਗਰੋਂ, ਮੈਨੂੰ ਇੱਕ ਦਿਨ ਬਲਜੀਤ ਦਾ ਖਿਆਲ ਆਇਆ ਤੇ ਤਰਸ ਖਾ ਕੇ ਹਸਪਤਾਲ ਟੁਰ ਗਿਆ। ਡਾਕਟਰਾਂ ਨੇ ਮੈਨੂੰ ਆਖਿਆ ਕਿ,"ਮਰੀਜ਼ਾ! ਠੀਕ ਹੋ ਗਈ ਏ, ਏਸ ਨੂੰ ਲੈ ਜਾਓ।" ਪਰ ਮੈ ਕਿੱਥੇ ਲੈ ਜਾਂਦਾ ? ਇਹ ਮੁਸਲਮਾਨ, ਤੇ ਮੈਂ ਸਿੱਖ! ਮੈਂ ਏਸ ਨੂੰ ਆਖਿਆ, "ਤੂੰ ਪਾਕਿਸਤਾਨ, ਆਪਣੇ ਮਾਂ-ਪਿਉ ਕੋਲ ਚਲੀ ਜਾਹ।"

ਕਹਿਣ ਲੱਗੀ ," ਮੈਨੂੰ ਛੱਡ ਆਉ! ਬਾਹਰ ਬੰਦਿਆਂ ਕੋਲੋਂ ਮੈਨੂੰ ਡਰ ਆਉਂਦਾ ਏ।"

ਮੇਰੇ ਭਾਈਆ ਜੀ, ਖ਼ੁਦ ਲਾਹੌਰ ਗਏ, ਲਾਇਲਪੁਰ ਗਏ, ਪਿੰਡੀ ਗਏ, ਸਿਆਲਕੋਟ ਗਏ ਤੇ ਸਾਰੇ ਮਹਾਜਰ ਕੈਂਪ ਵੇਖੇ, ਪਰ ਇਹਦੇ ਮਾਂ-ਪਿਓ ਦਾ ਕੁਝ ਵੀ ਪਤਾ ਨਾ ਚੱਲਿਆ।

ਬਾਰ-ਬਾਰ ਏਹੋ ਕਹਿੰਦੀ, "ਮੈਨੂੰ ਬੰਦਿਆਂ ਕੋਲੋ ਡਰ ਲਗਦਾ ਏ"। ਫ਼ੇਰ ਮਹਾਰਾਜ ਦੱਸੋਂ, "ਅਸੀਂ ਕੀ ਕਰ ਸਕਦੇ ਸਾਂ? ਜਾਨੋਂ ਤੇ ਮਾਰਨੋਂ ਰਹੇ! ਭਾਈਏ ਨੇ ਇਹਦੇ ਨਾਲ ਮੇਰਾ ਵਿਆਹ ਕਰ ਦਿੱਤਾ। ਜੇ ਮੈਂ ਵਿਆਹ ਨਾ ਕਰਦਾ ਤੇ ਬਾਹਰ ਧੱਕਾ ਦੇ ਦੇਂਦਾ, ਖੌਰੇ! ਕੀ ਕਰਦੀ ਵਿਚਾਰੀ। ਹੁਣ ਜੇ, ਇਹ ਆਪਣੇ ਮਾਂ ਪਿਉ ਨੂੰ ਮਿਲਣ ਜਾਣਾ ਚਾਹੁੰਦੀ ਏ, ਲੈ ਜਾ, ਨਾਲ! ਮੇਰੀ ਵੱਲੋਂ ਇਜ਼ਾਜਤ ਏ।" ਬਲਜੀਤ ਦੇ ਚਿਹਰੇ ਤੇ ਖ਼ੁਸ਼ੀਆਂ ਦੇ ਮੋਤੀ ਖਿੱਲਰ ਗਏ।

"ਇਹਦਾ ਪਾਸਪੋਰਟ ਬਣਿਆ ਪਿਆ ਏ, ਤੇ ਵੀਜ਼ਾ ਇਹਦਾ ਦਿਉਰ ਲਗਵਾ ਦੇਵੇਗਾ।" ਬਲਵੰਤ ਨੇ ਮਸ਼ਵਰਾ ਦਿੱਤਾ।

ਏਸੇ ਦੌਰਾਨ ਬਲਜੀਤ ਦੇ ਪੜ੍ਹਿਆਰ ਬੱਚੇ ਵੀ ਆ ਗਏ। ਕੁੱਛੜ ਚੁੱਕਿਆ ਕਾਕਾ ਰੋਣ ਲੱਗ ਪਿਆ। ਉਹਨੇ ਪਿਆਰ ਭਰੀਆਂ ਨਜ਼ਰਾਂ ਨਾਲ ਬੱਚਿਆਂ ਨੂੰ ਵੇਖਿਆ ਤੇ ਅੱਖਾਂ ਵਿਚ ਹੜ੍ਹ ਆ ਗਏ।

ਮੈਂ ਪੁੱਛਿਆ ,"ਬੱਚੇ ਨਾਲ ਜਾਣਗੇ?"

"ਲੈ ਜਾਵੇ, ਮੈਨੂੰ ਕੀ ਇਤਰਾਜ਼," ਬਲਵੰਤ ਬੋਲਿਆ।

"ਅਖ਼ੀਰ ਮੁੜ ਈ ਆਣਾ ਏ," ਮੈਂ ਬਲਜੀਤ ਨੂੰ ਆਖਿਆ।

"ਚੱਲ ਤਿਆਰ ਹੋ," ਬਲਵੰਤ ਬੋਲਿਆ, "ਮੇਰੀ ਵੱਲੋਂ ਇਜਾਜ਼ਤ ਏ। ਜਸਵੰਤ ਪਰਸੋਂ ਤੈਨੂੰ ਵਾਹਗੇ ਛੱਡ ਆਵੇਗਾ।"

ਅਸੀਂ ਤਹਿ ਕਰ ਕੇ ਵਾਪਸ ਆ ਗਏ। ਸੋਚਾਂ ਦਾ ਸਮੁੰਦਰ ਕਦੇ ਮੈਨੂੰ ਕਿਨਾਰੇ ਤੋਂ ਦੂਰ ਲੈ ਜਾਂਦਾ ਤੇ ਕਦੇ ਕੰਢੇ ਆ ਲਾਂਵਦਾ। ਜਦੋਂ ਜੀਜਾਂ ਨੂੰ ਇਹ ਪਤਾ ਚੱਲੇਗਾ,...... ਕਿ ਉਹਦੇ ਮਾਂ ਪਿਉ ਸਭ ਮਰ ਗਏ ਨੇ...... ਤੇ ਮੈਂ ਝੂਠ ਬੋਲਿਆ ਏ ......ਤਾਂ ਕੀ ਆਖੇਗੀ? ......ਪਾਕਿਸਤਾਨੀ ਮੁਸਲਮਾਨ, ਸਿੱਖ ਨਾਲ ਵਿਆਹ ਕਰਨ ਦੇ ਤਾਅਨੇ ਦੇਣਗੇ। ਉਹ ਕਿਵੇਂ ਬਰਦਾਸ਼ਤ ਕਰੇਗੀ। ਮੈਂ ਦੋ ਦਿਨ, ਦੋ ਰਾਤਾਂ, ਸੋਚਾਂ ਵਿਚ ਸੂਲੀ ਉੱਪਰ ਟੰਗਿਆ ਰਿਹਾ।

ਚੌਥੇ ਦਿਨ ਮੈਂ ਵਾਹਗਾ ਬਾਡਰ ਉਪਰ ਖੜਾ ਸੀ, ਜਦ ਨੂੰ ਜਸਵੰਤ ਆ ਗਿਆ, ਉਹਦੇ ਪਿੱਛੇ ਕਈ ਔਰਤਾਂ ਤੇ ਬੱਚੇ ਸਨ।

ਮੈਂ ਜਸਵੰਤ ਨੂੰ ਸੁਭਾਵਕ ਪੁਛਿਆ, "ਆ ਗਿਆਂ ਏਂ ਜਸਵੰਤ?"

ਉਹ ਬੋਲਿਆ, "ਹਾਂ! ਮੈਂ ਤੇਰੇ ਲਈ ਅਖਬਾਰ ਵੀ ਲੈ ਕੇ ਆਇਆ ਹਾਂ, ਰਾਹ ਵਿੱਚ ਪੜ੍ਹੀਂ।"

ਇਕ ਖ਼ਬਰ ਤੇ ਨਿਸ਼ਾਨ ਲੱਗਾ ਹੋਇਆ ਸੀ।

'ਜਗਤ-ਪ੍ਰਸਿੱਧ ਕਹਾਣੀਕਾਰ, ਬਲਜੀਤ ਕੌਰ ਰਾਤੀਂ ਹਾਰਟ-ਅਟੈਕ, ਪਾਰੋਂ ਸਵਰਗਵਾਸ ਹੋ ਗਈ ਏ।'

ਇਹ ਪੜ੍ਹ ਕੇ ਮੈਨੂੰ ਇੰਞ ਲੱਗਾ ................ਜਿਵੇਂ ਇਕ ਵਾਰ ਫਿਰ ...........ਬਟਵਾਰਾ ਹੋ ਗਿਆ ਹੋਵੇ!!

---

ਵੇਖਦਿਆਂ ਹੀ ਸਾਡੇ ਹੰਸ ਉੱਡ ਗਏ ਪੰਜਾਬ ਦੇ।

-ਸਾਧੂ ਦਯਾ ਸਿੰਘ ਆਰਿਫ਼-

24

# ਜਸ਼ਨੇ ਆਜ਼ਾਦੀ

## ਹਮੀਦਾ ਨਾਸਰਾ ਨਕਵੀ

ਅੱਜ 14 ਅਗਸਤ ਏ! ਹਰ ਪਾਸੇ 'ਜਸ਼ਨੇ-ਆਜ਼ਾਦੀ' ਦੀਆਂ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਨੇ। ਮੇਰੇ ਦੋਵੇਂ ਪੁੱਤਰ ਅਜ਼ਮਲ ਤੇ ਅਕਮਲ, ਸਵੇਰੇ ਈ ਨੌਕਰਾਂ ਨੂੰ ਹੁਕਮ ਦੇ ਕੇ ਗਏ ਸੀ,'ਕੋਠੀ ਦੇ ਸਾਰੇ ਲਾਅਨ ਵਿਚ ਝੰਡੀਆਂ ਲਾ ਦਿੱਤੀਆਂ ਜਾਣ, ਗੇਟ ਨੂੰ ਵੀ ਚੰਗੀ ਤਰ੍ਹਾਂ, ਬਿਜਲੀ ਦੇ ਬਲਬਾਂ ਨਾਲ ਸਜਾਇਆ ਜਾਵੇ।'

ਸਾਲ ਦੇ ਸਾਲ ਈ, ਉਹ ਜਸ਼ਨੇ ਆਜ਼ਾਦੀ ਨੂੰ ਬੜੀਆਂ ਖ਼ੁਸ਼ੀਆਂ ਨਾਲ ਮਨਾਂਦੇ ਨੇ, ਤੇ ਹਰ ਸਾਲ ਈ ਇਹਨਾਂ ਦੇ, ਖ਼ੁਸ਼ੀਆਂ ਮਨਾਣ ਦੇ ਅੰਦਾਜ਼ ਬਦਲ ਜਾਂਦੇ ਨੇ। ਵਧ-ਵਧ ਕੇ ਦੌਲਤ ਖਰਚ ਕੀਤੀ ਜਾਂਦੀ ਏ। ਸ਼ਹਿਰ ਵਿੱਚੋਂ ਉਹਨਾਂ ਦੇ ਦੋਸਤ-ਮਿੱਤਰ, ਆਪਣੀਆਂ ਬੇਗਮਾਂ ਦੇ ਨਾਲ ਪਾਰਟੀ ਵਿਚ ਸ਼ਾਮਲ ਹੋਣ ਵਾਸਤੇ ਆ ਜਾਂਦੇ ਨੇ। ਸਾਰੀ ਰਾਤ ਰੌਣਕ ਤੇ ਹੰਗਾਮਿਆਂ ਵਿਚ ਗੁਜ਼ਰ ਜਾਂਦੀ ਏ। ਹੋਣਾ ਵੀ ਚਾਹੀਦਾ ਏ! ਆਜ਼ਾਦੀ, ਲਫ਼ਜ਼ ਈ ਇਹੋ ਜਿਹਾ ਸੋਹਣਾ ਤੇ ਦਿਲ ਮੋਹ ਲੈਣ ਵਾਲਾ ਏ ਕਿ ਜਿੰਨੀਆਂ ਵੀ ਖ਼ੁਸ਼ੀਆਂ ਮਨਾਈਆਂ ਜਾਣ, ਉਹ ਥੋੜ੍ਹੀਆਂ ਨੇ। ਜ਼ਿੰਦਾ ਕੌਮਾਂ ਇੰਝ ਈ ਤਫ਼ਰੀਹਾਂ ਨਾਲ ਹਯਾਤੀ ਗੁਜ਼ਾਰ ਲੈਂਦੀਆਂ ਨੇ।

ਪਰ, ਮੇਰੀਆਂ ਅੱਖਾਂ ਸਾਹਮਣੇ ਇਕ ਫਿਲਮ ਜਿਹੀ ਚੱਲ ਰਹੀ ਏ.......ਬਾਹਰੋਂ ਸ਼ਹਿਰ ਵਿਚ ਆਏ ਬਾਵਰਚੀਆਂ ਦੇ ਚਮਚੇ ਤੇ ਦੇਗ਼ਾਂ ਖੜਕਣ ਦਾ ਰੌਲਾ ਕਦੀ-ਕਦੀ ਉਸ ਸਕਰੀਨ ਨੂੰ ਤੋੜ ਦਿੰਦਾ ਏ। ਨੌਕਰ, ਦੋ ਤਿੰਨ ਵਾਰੀ ਆ ਕੇ ਮੈਨੂੰ ਆਖਦਾ ਏ, "ਵੱਡੇ ਮਲਕ ਸਾਹਬ! ਬਾਹਰ ਆ ਕੇ ਬਹਿ ਜਾਉ!" ਪਰ, ਮੇਰਾ ਜੀ ਨਹੀਂ ਮੰਨਦਾ। ਫਿਲਮ ਦਾ ਇਕ ਸੀਨ ਮੇਰੇ ਸਾਹਮਣੇ ਆਉਂਦਾ ਏ .................., 'ਮੈਂ ਰਿਆਸਤ ਕਪੂਰਥਲਾ ਦੇ ਇਕ ਪਿੰਡ ਵਿਚ ਜੰਮਿਆਂ-ਪਲਿਆ ਸੀ । ਮੇਰੇ ਅੱਬਾ ਜੀ, ਉੱਥੋਂ ਦੇ ਸਰਦੇ-ਪੁੱਜਦੇ ਤਬਕੇ ਦੇ ਜ਼ਿਮੀਂਦਾਰ ਸਨ। ਮੇਰੀ ਅੰਮੀ ਜੀ, ਇਕ ਇਹੋ ਜਿਹੀ ਜ਼ਿਮੀਂਦਾਰਨੀ ਸੀ, ਜਿਹਦੀ ਹਰ ਗੱਲ ਤੇ ਹਰ ਅੰਦਾਜ਼ ਵਿਚ ਸ਼ੌਕੀਨੀ ਸੀ। ਉਹਨਾਂ ਨੇ ਕਦੀ ਸਿਰ ਤੋਂ ਦੁਪੱਟਾ ਨਹੀਂ ਸੀ ਲਹਿਣ ਦਿੱਤਾ, ਤੇ ਕਦੀ ਨਿਮਾਜ਼ ਦਾ ਨਾਗਾ ਨਹੀਂ ਸੀ ਹੋਣ ਦਿੱਤਾ।

ਪਿੰਡ ਦੇ ਮੁਜਾਰਿਆਂ ਦੀ ਜ਼ਨਾਨੀਆਂ ਆ ਕੇ ਦੁੱਖ-ਸੁੱਖ ਫੋਲਦੀਆਂ, ਤੇ ਉਹ, ਉਹਨਾਂ ਦੇ ਦੁੱਖ ਦੂਰ ਕਰਨ ਦੀ ਕੋਸ਼ਿਸ਼ ਕਰਦੇ। ਮੇਰੀ ਸ਼ਾਦੀ ਉਹਨਾਂ ਵੀਹ ਸਾਲ ਦੀ ਉਮਰ ਵਿਚ ਕਰ ਦਿੱਤੀ ਸੀ। ਉਹਨਾਂ ਨੂੰ ਘਰ ਵਿਚ ਨੂੰਹ ਦੇ ਫਿਰਨ-ਟੁਰਨ ਦਾ ਬੜਾ ਚਾਅ ਸੀ। ਕਿਉਂ ਜੋ, ਮੇਰੀ ਕੋਈ ਭੈਣ ਨਹੀਂ ਸੀ ਤੇ ਮੈਂ ਮਾਂ-ਪਿਉ ਦੀਆਂ ਅੱਖਾਂ ਦਾ ਤਾਰਾ, ਇੱਕਲਾ ਈ ਪੁੱਤਰ ਸਾਂ। ਫੇਰ ਮੈਨੂੰ ਰੱਬ ਨੇ, ਦਸਾਂ ਸਾਲਾਂ ਵਿਚ ਈ ਚਾਰ ਬੱਚੇ ਦੇ ਦਿੱਤੇ। ਦੋ ਧੀਆਂ, ਸਈਦਾ ਤੇ ਫਰੀਦਾ, ਉਹਨਾਂ ਤੋਂ ਵੱਡੇ ਦੋ ਪੁੱਤਰ, ਅਜ਼ਮਲ ਤੇ ਅਕਮਲ। ਮੇਰੀ ਬੀਵੀ ਹਲੀਮਾ, ਬੜੀ ਚੰਗੀ ਤੇ ਮੁਹੱਬਤ ਕਰਨ ਵਾਲੀ ਜ਼ਨਾਨੀ ਸੀ। ਮੇਰੀ ਮਾਂ ਦਾ ਤੇ ਉਸਦਾ ਵਕਤ, ਇੰਝ ਲੰਘਿਆ ਜਿਵੇ ਦੋਵੇਂ ਮਾਵਾਂ-ਧੀਆਂ ਹੁੰਦੀਆਂ ਨੇ।

ਉਹਨਾਂ ਦਿਨਾਂ ਵਿਚ, ਹਿੰਦੁਸਤਾਨ 'ਚ ਫਸਾਦ ਸ਼ੁਰੂ ਹੋ ਗਏ। ਅੱਬਾ ਜੀ ਜ਼ਿਮੀਂਦਾਰਾ ਕਰਦੇ ਸੀ। ਹਿੰਦੂ ਤੇ ਸਿੱਖ ਟੱਬਰ ਪਿੰਡ ਵਿਚ ਜ਼ਿਆਦਾ ਸਨ। ਮੁਸਲਮਾਨਾਂ ਦੇ ਪੰਦਰਾਂ-ਸੋਲ੍ਹਾਂ ਘਰ ਹੋਣਗੇ, ਪਰ ਪਿੰਡ ਵਿਚ ਭਾਈਚਾਰੇ ਦੀ ਫ਼ਿਜ਼ਾ ਕਾਇਮ ਸੀ। ਗੈਰ-ਮੁਸਲਮਾਨਾਂ ਦੇ ਬਜ਼ੁਰਗ ਆ ਕੇ ਅੱਬਾ ਜੀ ਨੂੰ ਤਸੱਲੀ ਦਿੰਦੇ, "ਮਲਕ! ਤੂੰ ਕੋਈ ਫਿਕਤ ਨਾ ਕਰ, ਸਾਡੀਆਂ ਲਾਸ਼ਾਂ ਤੋਂ ਲੰਘ ਕੇ ਕੋਈ ਤੁਹਾਡੇ ਵੱਲ ਆਏਗਾ।" ਪਰ ਜਦੋਂ ਇਹ ਅੱਗ ਵਰ੍ਹ ਗਈ, ............. ਤੇ ਫੇਰ ਕਿਸੇ ਭਾਈਚਾਰੇ ਦਾ ਬੰਨ੍ਹ,.... ਇਹਨੂੰ ਨਹੀਂ ਸੀ ਰੋਕ ਸਕਿਆ।

ਉਹ, ਇਕ ਡਰਾਉਣੀ ਜਿਹੀ ਸ਼ਾਮ ਸੀ, ਜਦ, ਸਾਡੀ ਹਵੇਲੀ ਤੇ ਉਹਨਾਂ ਹਮਲਾ ਕਰ ਦਿੱਤਾ। ਸਾਰੇ ਮੁਸਲਮਾਨ ਟੱਬਰ, ਹਵੇਲੀ ਵਿਚ ਜਮ੍ਹਾਂ ਸਨ। ਨੌਜਵਾਨ ਕੁੜੀਆਂ ਤੇ ਜ਼ਨਾਨੀਆਂ, ਉੱਤੇ ਦੂਸਰੀ ਮੰਜ਼ਲ ਤੇ ਬੈਠੀਆਂ ਸਨ। ਸਹਿਮੇ ਹੋਏ ਬਾਲ, ਉੱਚੀ ਆਵਾਜ਼ ਨਾਲ ਰੋਣਾਂ ਵੀ ਭੁੱਲ ਗਏ ਸਨ। ਮਗਰਬ ਦੀ ਨਮਾਜ਼ ਤੋਂ ਬਾਅਦ, 'ਜੈ ਹਿੰਦ' ਦਿਆਂ ਨਾਅਰਿਆਂ ਨਾਲ, ਪਿੰਡ ਦੀਆਂ ਗਲੀਆਂ ਗੂੰਜ ਉੱਠੀਆਂ। ਗਰੀਬ ਤੇ ਨਿਹੱਥੇ ਮੁਸਲਮਾਨਾਂ ਨੇ ਆਖਰੀ ਦਮ ਨਾਲ ਮੁਕਾਬਲਾ ਕੀਤਾ, ਪਰ ਕੱਦ ਤੱਕ? ਇਕ ਪਾਸੇ, ਮੁੱਠੀ ਭਰ ਮੁਸਲਮਾਨ ਤੇ ਦੂਜੇ ਪਾਸੇ ਸੈਂਕੜਿਆਂ ਦੀ ਤਾਦਾਦ ਵਿਚ, ਬਲਵਈ। ਜਵਾਨ ਲੜਕੀਆਂ, ਖੂਹ ਵਿਚ ਛਾਲਾਂ ਮਾਰ ਕੇ ਮਰ ਗਈਆਂ। ਮੈਂ ਸਖ਼ਤ ਜ਼ਖਮੀ ਹੋ ਕੇ ਡਿੱਗਾ, ਪਰ ਮੇਰਾ ਦਿਲ ਮੁਤਮਈਨ ਸੀ, ਜੋ ਮੇਰੀ ਇੱਜ਼ਤ ਬੱਚ ਗਈ ਏ।...........ਕਿਉਂਕਿ ਹਲੀਮਾ, ਮੇਰੀਆਂ ਅੱਖਾਂ ਸਾਹਮਣੇ, ਮਾਂ ਜੀ ਨੂੰ ਬਚਾਂਦੀ-ਬਚਾਂਦੀ ......... ਖ਼ੁਦ ਵੀ ਜਾਨ ਦੇ ਬੈਠੀ ਸੀ। ਅੱਬਾ ਜੀ ਦੀ ਲਾਸ਼,......ਹਵੇਲੀ ਦੇ ਬੂਹੇ ਵਿਚ ਪਈ ਹੋਈ ਸੀ। ਮੇਰੇ ਦੋਵੇਂ ਪੁੱਤਰ, ਚਾਰੇ ਵਾਲੇ ਕੋਠੇ ਵਿਚ ਲੁਕ ਗਏ ਸੀ। ਮੈਂ ਉਹਨਾਂ ਨਾਲ ਲੜਦਾ-ਲੜਦਾ ਨਿਢਾਲ ਹੋ ਕੇ, ਡਿੱਗ ਪਿਆ ਸੀ। ਮੈਨੂੰ ਡਿੱਗਦਿਆਂ ਵੇਖ ਕੇ, ਬਲਵਈ ਲੁੱਟਮਾਰ ਕਰਨ ਲਈ ਹਵੇਲੀ ਦੇ ਕਮਰਿਆਂ ਵੱਲ ਉੱਠ ਭੱਜੇ।

ਮੈਂ ਲਾਸ਼ਾਂ ਦੇ ਵਿਚਕਾਰ ਦੱਬਿਆ ਹੋਇਆ , ਸਭ ਕਾਰਵਾਈਆਂ ਵੇਖ ਰਿਹਾ ਸਾਂ। ਜ਼ਖ਼ਮਾਂ ਨੇ ਮੈਨੂੰ ਉਂਝ ਨਿਢਾਲ ਕਰ ਦਿੱਤਾ ਸੀ, ਬਲਕਿ ਮੇਰੇ ਵਿਚ ਹੱਥ ਹਿਲਾਣ ਦੀ ਤਾਕਤ ਵੀ ਨਹੀਂ ਸੀ। ਮੇਰੇ ਸਾਹਮਣੇ ਈ, ਉਹ ਲੋਕ ਸਾਡੇ ਘਰ ਦਾ ਸਾਰਾ ਸਮਾਨ ਚੁੱਕ ਕੇ ਲਈ

ਜਾਂਦੇ ਸੀ ਤੇ ਨਾਲ ਈ ਉੱਚੀ-ਉੱਚੀ 'ਵਾਜ਼ ਨਾਲ ਕਹਿਕਹੇ ਮਾਰ ਰਹੇ ਸੀ, "ਉਏ! ਸੂਰਜ ਮੱਲਾ, ਮਾਲ ਤੇ ਬੜਾ ਲੱਭਾ ਏ, ਮਲਕ ਦੇ ਘਰੋਂ, ਪਰ ਜ਼ਨਾਨੀ ਕੋਈ ਨਹੀਂ ਹੱਥ ਆਈ? ਤੁਹਾਡੇ ਪਿੰਡ ਵਿਚ ਮੁਸਲਮਾਨਾਂ ਦੀਆਂ ਕੁੜੀਆਂ, ਕੋਈ ਨਹੀਂ ਸੀ?"

"ਹਵੇਲੀ ਦੀ ਨੁੱਕਰ ਵਾਲਾ ਖੂਹ ਤੇ ਵੇਖੋ, ਸੱਭੇ ਡੁੱਬ ਕੇ ਮਰ ਗਈਆਂ ਨੇ, ਬਦਕਿਸਮਤਾਂ!! " ਸੂਰਜ ਮੱਲ ਨੇ ਜਵਾਬ ਦਿੱਤਾ।

"ਇਹੋ ਬੜੀ ਗ਼ਲਤੀ ਹੋਈ, ਆਉਂਦਿਆਂ ਪਹਿਲਾਂ -ਪਹਿਲ ਇਹੋ ਕੰਮ ਕਰਨਾ ਸੀ, ਪਈ ਕੁੜੀਆਂ ਕੱਢ ਲੈਂਦੇ...... ਤੇ ਪਿੱਛੇ ਵੱਡੇ ਕੱਪ ਲੈਂਦੇ", ਸੰਤ ਰਾਮ ਹੱਸ ਕੇ ਬੋਲਿਆ।

"ਉਹ ਤੇ ਜੇਕਰ ਮੁਕਾਬਲਾ ਨਾ ਹੁੰਦਾ ਤਾਂ ਸੀ, ਅਸੀ ਲੜਦੇ ਰਹੇ ਤੇ ਉਹਨਾਂ ਨੂੰ ਮੌਕਾ ਮਿਲ ਗਿਆ। ਪਰ! ਕੋਈ ਗੱਲ ਨਹੀਂ, ਤਜਰਬਾ ਈ ਸਹੀ, ਕਿਸੇ ਹੋਰ ਪਿੰਡੋਂ ਲੱਭਾਂਗੇ ! ਕੁੜੀਆਂ ਬਹੁਤ!!" ਸੂਰਜ ਮੱਲ ਨੇ ਹੱਸ ਕੇ ਜਵਾਬ ਦਿੱਤਾ। ਤਾਂ ਹੀ ਉਸ ਨੇ ਸੀਟੀ ਮਾਰ ਦਿੱਤੀ। ਇਹ ਉਹਨਾਂ ਦੀ ਵਾਪਸੀ ਦਾ ਸਿਗਨਲ ਸੀ। ਸਾਰੇ ਬਲਵਈ ਇਕੱਠੇ ਹੋ ਗਏ।

"ਸਰਦਾਰ! ਮਕਾਨ ਨੂੰ ਅੱਗ ਲਾ ਦੇਈਏ?" ਕਿਸੇ ਨੇ ਮਸ਼ਾਲ ਉੱਚੀ ਕਰ ਕੇ ਪੁੱਛਿਆ।

"ਨਹੀਂ ! ਨਹੀਂ ! ਯਾਰ, ਆਪਣੇ ਸ਼ਰਨਾਰਥੀ ਇਹਨਾਂ ਮਕਾਨਾਂ ਵਿਚ ਵਸਣਗੇ", ਸੂਰਜ ਮੱਲ ਨੇ ਛੇਤੀ ਨਾਲ ਆਖਿਆ।

ਇੰਨੇ ਚਿਰ ਨੂੰ, ਇਕ ਬਲਵਈ ਸਈਦਾ ਤੇ ਫਰੀਦਾ ਨੂੰ ਘਸੀਟਦਾ ਹੋਇਆ ਲਈ ਆਉਂਦਾ ਬੋਲਿਆ, "ਇਹ ਦੋ ਕੁੜੀਆ ਅੰਦਰ ਲੁਕੀਆਂ ਹੋਈਆਂ ਸਨ, ਸਰਦਾਰ ਜੀ! "

"ਪਰ੍ਹਾਂ ਟੋਟੇ ਕਰੋ ਇਹਨਾਂ ਦੇ, ਕਿੱਥੇ ਫੜੀ ਫਿਰਾਂਗੇ!" ਕਿਸੇ ਨੇ ਕਿਹਾ।

ਮੇਰਾ ਦਿਲ ਕੰਬ ਉਠਿਆ, ਮੇਰੀਆਂ ਮਾਸੂਮ ਬੱਚੀਆਂ ਸਹਿਮੀਆਂ ਹੋਈਆਂ ਖਲੋਤੀਆਂ ਸਨ। ਮਸ਼ਾਲ ਦੀ ਰੋਸ਼ਨੀ ਵਿਚ ਉਨ੍ਹਾਂ ਦੇ ਚਿਹਰੇ ਇੰਝ ਮਾਲੂਮ ਹੁੰਦੇ ਸਨ, ਜਿਵੇਂ ਜਿੰਨ-ਭੂਤ ਹੋਣ। ਕੁੜੀਆਂ! ਜਿਹਨਾਂ ਦੀ ਉਮਰ ਦੋ ਸਾਲ ਤੇ ਚਾਰ ਸਾਲ ਸੀ, ਕੁਝ ਸਮਝ ਕੇ ਵੀ ਸਹਿਮ ਗਈਆਂ ਸਨ। ਉਹਨਾਂ ਦੇ ਚਾਰ-ਚੁਫ਼ੇਰੇ ਲਾਸ਼ਾਂ ਪਈਆਂ ਸਨ, ਤੇ ਉਹਨਾਂ ਦੇ ਨੰਗੇ ਪੈਰ ਖ਼ੂਨ ਵਿਚ ਡੁੱਬੇ ਹੋਏ ਸੀ। ਵਹਿਸ਼ੀ....., ਉਜੱਡ...... ਤੇ ਜ਼ਾਲਮ ਬਲਵਈ ਘੇਰਾ ਪਾਈ ਖੜ੍ਹੇ ਸੀ।

"ਫੇਰ ਸਰਦਾਰ ਜੀ! ਕਰ ਦੇਈਏ ਇਹਨਾਂ ਦਾ ਕ੍ਰਿਆ-ਕਰਮ?"

"ਉਏ, ਨਹੀਂ! ਇਹਨਾਂ ਨੂੰ ਲੈ ਚੱਲੋ, ਚੰਪਾ ਬਾਈ ਦੇ ਹਵਾਲੇ ਕਰਾਂਗੇ।"

"ਠੀਕ, ਚਾਰ ਪੈਸੇ ਵੱਟਾਂਗੇ, ਵੱਡਿਆਂ ਹੋ ਕੇ ਸਾਡਾ ਮਨ ਪਰਚਾਣਗੀਆਂ।" ਉਹ ਉੱਚੀ-ਉੱਚੀ ਗੱਲਾਂ ਕਰ ਰਹੇ ਸੀ। ਫੇਰ ਮੇਰੇ ਸਾਹਮਣੇ ਹੀ ਬੱਚੀਆਂ ਨੂੰ ਤੇ ਸਮਾਨ ਦੀਆਂ ਗੱਠੜੀਆਂ ਨੂੰ ਚੁੱਕ ਕੇ, ਓਹ ਨਿਕਲ ਗਏ। ਪਰ ਪਤਾ ਨਹੀ ਕੀ ਹੋਇਆ? ਹਵੇਲੀਓਂ ਨਿਕਲਦਿਆਂ ਈ, ਮੇਰੇ ਕੰਨ ਵਿਚ ਸਈਦਾ, ਜਿਹੜੀ ਚਾਰ ਸਾਲ ਦੀ ਸੀ, ਉਹਦੀ ਚੀਕ ਦੇ ਨਾਲ ਈ ਅੱਬੂ ਜੀ!......ਅੱਬੂ ਜੀ! ਦੀ ਆਵਾਜ਼ ਆਈ। ਮੇਰਾ ਦਿਮਾਗ ਸੁੰਨ ਹੋ ਗਿਆ। ਜ਼ਖ਼ਮਾਂ ਨੇ ਮੈਨੂੰ ਬੇਹੋਸ਼ ਨਹੀ ਸੀ ਕੀਤਾ,........... ਸਈਦਾ ਦੀ ਇੱਕੋ ਚੀਕ ਦੇ ਸਦਮੇ ਨੇ, ਮੈਨੂੰ ਦੀਨ-ਦੁਨੀਆਂ ਭੁੱਲਾ ਦਿੱਤੀ ............।

ਤੇ, ਫੇਰ ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਹਸਪਤਾਲ ਦੇ ਚਿੱਟੇ ਬਿਸਤਰੇ ਉੱਤੇ ਪਿਆ ਸੀ। ਕੁਝ ਦੇਰ ਤੱਕ ਮੈਨੂੰ ਸਮਝ ਨਾ ਆਈ ਕਿ ਮੈਂ ਕਿੱਥੇ ਪਿਆ ਸਾਂ? ਪਰ ਜਦੋਂ ਮੇਰੇ ਉੱਤੇ ਚਿੱਟਿਆਂ ਕੱਪੜਿਆਂ ਵਾਲੀ ਨਰਸ ਝੁਕ ਕੇ ਆਖ ਰਹੀ ਸੀ, "ਮਿਸਟਰ ਅਸ਼ਰਫ਼! ਮੁਬਾਰਕ ਹੋਵੇ, ਅੱਲਾ ਨੇ ਤੁਹਾਨੂੰ ਦੂਜੀ ਵਾਰੀ ਹਯਾਤੀ ਬਖ਼ਸ਼ੀ ਏ!!"

"ਮੈਂ ਕਿੱਥੇ ਆਂ?" ਬੜੀ ਕਮਜ਼ੋਰ ਜਿਹੀ ਆਵਾਜ਼ ਨਾਲ ਪੁਛਿਆ।

"ਤੁਸੀਂ ਪਾਕਿਸਤਾਨ ਵਿਚ ਓ, ਤੁਹਾਡੇ ਚਾਚਾ ਜੀ, ਮਲਕ ਸਰ ਫ਼ਰਾਜ਼, ਤੁਹਾਨੂੰ ਦਾਖ਼ਲ ਕਰਾਇਆ ਸੀ। ਤੁਸੀਂ ਜ਼ਖ਼ਮਾਂ ਨਾਲ ਚੂਰ ਸਓ, ਤੁਹਾਡੇ ਬਚਣ ਦੀ ਉਮੀਦ ਨਹੀਂ ਸੀ। ਪਰ ਜਿਹਨੂੰ ਅੱਲਾ ਰੱਖੇ! "

"ਹੂੰਅ! ਮੇਰੇ ਚਾਚਾ ਜੀ ਕਿੱਥੇ ਨੇ?"

"ਉਹ ਚਾਰ ਵਜੇ ਪਹੁੰਚਣਗੇ, ਹੁਣ ਸਾਢੇ ਤਿੰਨ ਦਾ ਟਾਈਮ ਹੋਇਆ ਏ।" ਨਰਸ ਨੇ ਦੱਸਿਆ। ਮੈਂ ਦੀਵਾਰ ਤੇ ਲੱਗੀ ਘੜੀ ਵੱਲ ਵੇਖਿਆ ਤੇ ਘਬਰਾ ਕੇ ਅੱਖਾਂ ਬੰਦ ਕਰ ਲਈਆਂ।

ਮੈਨੂੰ ਹੌਲੀ-ਹੌਲੀ ਸਾਰੀਆਂ ਗੱਲਾਂ ਯਾਦ ਪਈਆਂ ਆਉਂਦੀਆਂ ਸੀ । ਫੇਰ, ਕਾਫੀ ਦੇਰ ਬਾਦ ਮੇਰੇ ਕੰਨਾ ਵਿਚ, ਚਾਚਾ ਜੀ ਦੀ ਅਵਾਜ਼ ਆਈ। ਉਹ ਮੇਰੇ ਤੇ ਝੁਕੇ ਹੋਏ ਆਖ ਰਹੇ ਸੀ, "ਅਸ਼ਰਫ਼ ਪੁੱਤਰ! ਅੱਖਾਂ ਖੋਲ੍ਹੋ! ਵੇਖ ਮੈਂ ਤੇਰਾ ਚਾਚਾ ਆਂ।" ਮੈਂ ਉਹਨਾਂ ਵੱਲ ਵੇਖਿਆ ਤੇ ਫੇਰ ਖੌਰੇ ਕੀ ਹੋਇਆ!!! ਮੇਰੀਆਂ ਅੱਖਾਂ ਸਾਵਣ-ਭਾਦੋਂ ਵਾਂਗੂੰ ਵੱਸ ਪਈਆਂ।

ਮੇਰੇ ਚਾਚਾ ਜੀ , ਮੇਰੀ ਹਲੀਮਾ ਦੇ ਬਾਪ ਵੀ ਸਨ। "ਪੁੱਤਰ! ਹੌਸਲਾ ਕਰ! " ਉਹਨਾਂ ਦੀ ਡੁੱਬਦੀ ਹੋਈ ਅਵਾਜ਼ ਆਈ। "ਚਾਚਾ ਜੀ! ਮੇਰੇ ਬੱਚੇ, ਮੇਰੀ ਅੰਮੀ, ਹਲੀਮਾ"।

"ਸਬਰ ਮੇਰੇ ਬੱਚੇ! ਸਬਰ ਕਰ, ਅਜ਼ਮਲ ਤੇ ਅਕਰਮ ਮੇਰੇ ਕੋਲ ਨੇ ਤੇ ਦੂਜਿਆਂ ਸ਼ਹੀਦਾਂ ਦੀਆਂ ਲਾਸ਼ਾਂ, ਬਗ਼ੈਰ ਕਫ਼ਨ, ਵਤਨ ਦੀ ਆਜ਼ਾਦੀ 'ਤੇ ਕੁਰਬਾਨ ਹੋ ਕੇ, ਜੰਨ੍ਹਤ ਵਿਚ ਪਹੁੰਚ ਗਈਆਂ ਨੇ। ਪੁੱਤਰ! ਉਹਨਾਂ ਨੂੰ ਕਫ਼ਨ-ਦਫ਼ਨ ਦੀ ਲੋੜ ਨਹੀਂ। ਤੂੰ ਵੇਖ!! ਤੇਰੇ ਚਾਰ-ਚੁਫ਼ੇਰੇ ਕਿੰਨੇ ਮਰੀਜ਼ ਪਏ ਨੇ।" ਮੈਂ ਘਬਰਾ ਕੇ

ਫਿਰ ਅੱਖਾਂ ਬੰਦ ਕਰ ਲਈਆਂ।

ਫੇਰ ਕਿੰਨੇ ਈ ਦਿਨਾਂ ਬਾਅਦ ਮੈਨੂੰ ਹਸਪਤਾਲ 'ਚੋਂ ਛੁੱਟੀ ਮਿਲੀ ਤੇ ਮੈਂ ਚਾਚਾ ਜੀ ਦੇ ਨਾਲ ਉਹਨਾਂ ਦੇ ਘਰ ਆ ਗਿਆ। ਅਜ਼ਮਲ ਤੇ ਅਕਮਲ ਦੇ ਚਿਹਰੇ, ਮੈਨੂੰ ਵੇਖ ਕੇ ਫੁੱਲਾਂ ਵਾਂਗੂੰ ਖਿੜ ਪਏ। ਮੈਂ ਦੋਹਾਂ ਨੂੰ ਕਲਾਵੇ ਵਿਚ ਲੈ ਕੇ ਬੜਾ ਚਿਰ ਰੋਂਦਾ ਰਿਹਾ।

ਦਿਲ ਦਾ ਭਾਰ ਕੁਝ ਘੱਟ ਹੋਇਆ, ਤੇ ਫੇਰ ਚਾਚਾ ਜੀ ਨੇ ਦੱਸਿਆ, ਪਈ 'ਉਹ ਫਸਾਦ ਦੀ ਖ਼ਬਰ ਸੁਣਦਿਆਂ ਈ, ਫੌਜੀ ਸਿਪਾਹੀਆਂ ਨਾਲ ਪਿੰਡ ਪਹੁੰਚ ਗਏ ਸੀ। ਪਰ, ਅੱਗੇ ਜਾਂਦਿਆਂ ਨੂੰ ਸਭ ਕੁਝ ਖ਼ਤਮ ਹੋ ਗਿਆ ਸੀ। ਲਾਸ਼ਾਂ ਦੇ ਵਿਚਕਾਰੋਂ , 'ਬੇਹੋਸ਼ ਤੇ ਜ਼ਖ਼ਮੀ' ਮੈਨੂੰ ਕੱਢ, ਜੀਪ ਵਿਚ ਪਾ ਲਿਆ। ਹੋਰ ਵੀ ਸਾਡੀ ਬਰਾਦਰੀ ਦੇ ਕੁਝ ਜ਼ਖ਼ਮੀ ਪਏ ਸੀ, ਉਹਨਾਂ ਨੂੰ ਟਰੱਕ ਵਿਚ ਪਾਕੇ, ਜਿਸ ਵੇਲੇ ਉੱਥੋਂ ਚੱਲਣ ਦੀ ਤਿਆਰੀ ਕੀਤੀ ਤਾਂ ਦੋਵੇਂ ਬੱਚੇ ਚੀਕਦੇ ਹੋਏ, ਡੰਗਰਾਂ ਵਾਲੇ ਕੋਠੇ ਵਿਚੋਂ ਨਿਕਲੇ। ਇਹਨਾਂ ਨੂੰ ਚਾਚਾ ਜੀ ਨੇ ਗਲ ਨਾਲ ਲਾ ਲਿਆ। ਡਰੇ ਤੇ ਸਹਿਮੇ ਹੋਏ ਬੱਚੇ ਹੋਸ਼ੋ-ਹਵਾਸ਼ ਤੋਂ ਆਰੀ ਹੋ ਚੁੱਕੇ ਸਨ। ਇੰਝ ਇਹ ਲੁੱਟਿਆ ਕਾਫ਼ਲਾ ਪਾਕਿਸਤਾਨ ਪਹੁੰਚਿਆ'। ਮੈਂ ਪੂਰੇ ਗਿਆਰਾਂ ਦਿਨ ਹਸਪਤਾਲ ਵਿਚ ਰਿਹਾ ਸੀ।

ਚਾਚਾ ਜੀ ਨੂੰ, ਜਵਾਨ ਧੀ ਤੇ ਸਕੇ ਭਰਾ-ਭਰਜਾਈ ਦੀ ਮੌਤ ਦਾ ਸਦਮਾ ਕੁਝ ਥੋੜ੍ਹਾ ਨਹੀਂ ਸੀ, ਪਰ ਉਹਨਾਂ ਨੇ ਆਪਣਾ ਹੌਸਲਾ ਕਾਇਮ ਰੱਖਿਆ। ਸਾਡੇ ਜ਼ਿੰਦਾ ਮਿਲਣ ਦੀ ਖੁਸ਼ੀ ਵੀ ਸੀ। ਉਹ ਜਦ ਮੇਰੇ ਕੋਲ ਬਹਿੰਦੇ, ਮੈਨੂੰ ਹੌਸਲਾ ਦਿੰਦੇ, "ਪੁੱਤਰ! ਕੌਮਾਂ ਦੀ ਆਜ਼ਾਦੀ ਹਮੇਸ਼ਾ ਕੁਰਬਾਨੀਆਂ ਮੰਗਦੀ ਏ। ਆਜ਼ਾਦੀ ਦੀ ਇਮਾਰਤ ਦੀਆਂ ਬੁਨਿਆਦਾਂ ਲਹੂ ਦੇ ਗ਼ਾਰੇ ਨਾਲ ਕਾਇਮ ਹੁੰਦੀਆਂ ਨੇ। ਇਹ ਲੋਕ ਸ਼ਹੀਦਾਂ ਵਿਚ ਸ਼ੁਮਾਰ ਹੁੰਦੇ ਨੇ, ਪੁੱਤਰਾ! ਤੇ ਸ਼ਹਾਦਤ ਦਾ ਦਰਜਾ ਕਿਸੇ ਖੁਸ਼ਨਸੀਬ ਨੂੰ ਮਿਲਦਾ ਏ। ਮੇਰੀ ਧੀ ਤੇ ਮੇਰਾ ਭਰਾ-ਭਾਬੀ ਖੁਸ਼ਨਸੀਬ ਨੇ!" ਏਸ ਤਰ੍ਹਾਂ ਦੀਆਂ ਗੱਲਾਂ ਕਰਕੇ ਉਹਨਾਂ ਮੈਨੂੰ ਦੁਬਾਰਾ ਹਯਾਤੀ ਦੇ ਨੇੜੇ ਲੈ ਆਂਦਾ।

ਵਕਤ ਵੀ ਬੜਾ ਵੱਡਾ ਮੱਲ੍ਹਮ ਏ, ਜ਼ਖ਼ਮ ਰਾਜ਼ੀ ਭਾਵੇਂ ਹੋ ਜਾਂਦੇ ਨੇ ਪਰ ਚੀਸਾਂ ਹਰ ਵੇਲੇ ਉੱਠਦੀਆਂ ਰਹਿੰਦੀਆਂ ਨੇ। ਚਾਚਾ ਜੀ ਨੇ ਕੋਸ਼ਿਸ ਕਰਕੇ ਮੈਨੂੰ ਲਾਹੌਰ ਸ਼ਹਿਰ ਕੋਲੋਂ ਚਾਲੀ ਮੀਲ ਬਾਹਰ, ਮੇਰੀ ਜ਼ਿਮੀਂਦਾਰੀ ਦਾ ਕਲੇਮ ਦੇ ਕੇ ਜ਼ਮੀਨ ਅਲਾਟ ਕਰਵਾ ਦਿੱਤੀ। ਸਾਨੂੰ ਰਿਹਾਇਸ਼ ਵਾਸਤੇ ਗੈਰ ਮੁਸਲਮਾਨਾਂ ਦੀ ਹਵੇਲੀ ਵੀ ਅਲਾਟ ਕਰਾ ਦਿੱਤੀ। ਜ਼ਿੰਦਗੀ ਇਕ ਡਗਰ ਤੇ ਚੱਲ ਪਈ। ਪਰ, ਮੇਰੇ ਦਿਲ ਦੀ ਦੁਨੀਆਂ ਹਨ੍ਹੇਰੀ ਈ ਰਹੀ। ਮੇਰੀਆਂ ਅੱਖਾਂ ਸਾਹਮਣੇ ਮਾਂ-ਪਿਉ ਤੇ ਹਲੀਮਾ ਦੀਆਂ ਲਾਸ਼ਾਂ ਦਾ ਉਹ ਮੰਜ਼ਰ, ਹਰ ਵੇਲੇ ਰਹਿੰਦਾ ਸੀ। ਮੇਰਿਆਂ ਕੰਨਾਂ ਵਿਚ ਸਈਦਾ ਦੀ ਆਖ਼ਰੀ ਚੀਕ ਤੇ ਅੱਬੂ ਜੀ ਦੇ ਲਫ਼ਜ਼ ਗੂੰਜਦੇ ਰਹਿੰਦੇ। ਮੋਇਆਂ ਨੂੰ ਸਬਰ ਹੋ ਸਕਦਾ ਏ, ਪਰ ਜਿਉਂਦਿਆਂ, ਧੀਆਂ ਦਾ ਸਦਮਾ ਜ਼ਾਇਲ ਨਹੀ ਹੋ ਸਕਿਆ। ਕਦੀ ਮੈਂ ਸੋਚਦਾ, 'ਖ਼ੁਦਾ ਕਰੇ! ਮੇਰੀਆਂ ਦੋਵੇਂ ਬੱਚੀਆਂ ਮਰ ਗਈਆਂ ਹੋਣ', ਪਰ ਦਿਲ ਨਹੀਂ ਸੀ ਮੰਨਦਾ। ਮੈਨੂੰ ਕੌਣ ਦੱਸੇ? ਕੌਣ ਆ ਕੇ ਮੁਬਾਰਕ ਦੇਵੇ? 'ਅਸ਼ਰਫ! ਤੇਰੀਆਂ ਦੋਵੇਂ ਬੱਚੀਆਂ ਮਰ ਗਈਆਂ ਨੇ।' ਮੈਂ ਰਾਤਾਂ ਨੂੰ ਘਬਰਾ ਕੇ ਉੱਠ ਖਲੋਂਦਾ ਤੇ ਪਾਗਲਾਂ ਵਾਂਗੂੰ ਹਵੇਲੀ ਦੇ ਬਾਹਰ ਫਿਰਦਾ ਰਹਿੰਦਾ।

ਮੇਰੇ ਦੋਵੇਂ ਪੁੱਤਰ, ਪੜ੍ਹ-ਲਿਖ ਕੇ ਜਵਾਨ ਹੋ ਗਏ। ਉਹਨਾਂ ਨੂੰ ਪੜ੍ਹੀਆਂ-ਲਿਖੀਆਂ ਬੀਵੀਆਂ ਮਿਲ ਗਈਆਂ। ਇਹ ਸਾਰੇ ਮੇਰਾ ਬੜਾ ਖਿਆਲ ਰੱਖਦੇ ਸੀ। ਸਾਡੀ ਜ਼ਮੀਨ ਮੁਜ਼ਾਰੇ ਕਾਸ਼ਤ ਕਰਦੇ ਸੀ, ਤੇ ਮੇਰੇ ਦੋਵੇਂ ਪੁੱਤਰ ਅੱਛੇ-ਖਾਸੇ ਅਹੁਦਿਆਂ ਤੇ ਮੁਲਾਜ਼ਮ ਹੋ ਗਏ ਸਨ। ਦਿਨ-ਬਦਿਨ ਮੈਂ ਆਪਣੇ ਘਰ ਵਿਚ ਨਵੀਆਂ-ਨਵੀਆਂ ਤਬਦੀਲੀਆਂ ਵੇਖ ਰਿਹਾ ਸੀ। ਪੁਰਾਣੀ ਹਵੇਲੀ ਨੂੰ ਉਹਨਾਂ, ਢਾਹ ਕੇ ਬੜੇ ਸੋਹਣੇ ਡਿਜ਼ਾਈਨ ਦੀ ਕੋਠੀ ਬਣਾ ਲਈ। ਦੋਹਾਂ ਪੁੱਤਰਾਂ ਕੋਲ, ਚਮਕਦੀਆਂ ਹੋਈਆਂ, ਲੰਮੀਆਂ-ਲੰਮੀਆਂ ਕਾਰਾਂ ਸਨ। ਕੋਠੀ ਦੇ ਲਾਅਨ ਵਿਚ, ਮੇਰੇ ਪੋਤਰੇ ਸਾਰਾ ਦਿਨ ਟੈਨਿਸ ਖੇਡਦੇ। ਮੇਰੀਆਂ ਨੂੰਹਾਂ, ਬਗੈਰ ਬਾਹਵਾਂ ਦੇ ਕਮੀਜ਼ਾਂ ਪਾ ਕੇ, ਨੰਗੇ ਸਿਰ, ਕੱਟਿਆਂ ਵਾਲਾਂ ਨਾਲ ਬਾਹਰ ਨਿਕਲਦੀਆਂ, ਤਾਂ ਮੇਰੀਆਂ ਅੱਖਾਂ ਅੱਗੇ ਮੇਰੀ ਅੰਮੀ ਜੀ ਤੇ ਹਲੀਮਾ ਦੇ ਮੁਕੱਦਸ ਜਿਹੇ ਰੂਪ ਆ ਜਾਂਦੇ, ਜਿਹਨਾਂ ਦਾ ਮੱਥਾ, ਅਸਾਂ ਕਦੀ ਵੀ ਨਹੀਂ ਸੀ ਵੇਖਿਆ। ਪਰ, ਮੈਂ ਕੁਝ ਨਹੀਂ ਸੀ ਆਖ ਸਕਦਾ। ਮੈਨੂੰ ਆਪਣੇ ਪੁੱਤਰਾਂ ਦੀ ਹਰ ਖੁਸ਼ੀ ਅਜ਼ੀਜ ਸੀ। ਉਹ ਵੀ ਮੇਰਾ ਇੰਨਾ ਖਿਆਲ ਰੱਖਦੇ, ਜਿਹੜਾ ਔਲਾਦ ਨੂੰ ਮਾਂ-ਪਿਉ ਦਾ ਰੱਖਣਾ ਚਾਹੀਦਾ ਏ। ਇਕ ਖਾਸ ਨੌਕਰ, ਸਿਰਫ਼ ਮੇਰੀ ਜ਼ਾਤ ਵਾਸਤੇ ਮਖ਼ਸੂਸ ਸੀ। ਮੇਰੀਆਂ ਦੋਹੇਂ ਨੂੰਹਾਂ, ਮੇਰੇ ਖਾਣ-ਪੀਣ, ਕੱਪੜੇ-ਲੱਤੇ ਦਾ ਪੂਰਾ ਖਿਆਲ ਰੱਖਦੀਆਂ ਸਨ। ਮੇਰੇ ਪੋਤਰੀਆਂ-ਪੋਤਰੇ ਕਦੀ-ਕਦੀ ਮੇਰੇ ਕੋਲ ਆ ਕੇ ਕਹਾਣੀਆਂ ਸੁਣਦੇ, ਤੇ ਮੈਂ ਉਹਨਾਂ ਨੂੰ ਪਾਕਿਸਤਾਨ ਦੀ ਕਹਾਣੀ ਸੁਣਾਂਦਾ ਸੀ। ਉਹ ਨਿੱਕੇ-ਨਿੱਕੇ ਸਵਾਲ-ਜਵਾਬ ਕਰਦੇ ਸੌਂ ਜਾਂਦੇ, ਤੇ ਮੈਂ ਤੱਸਵਰ ਦੀ ਦੁਨੀਆਂ ਵਿਚ ਉੱਥੇ ਪਹੁੰਚ ਜਾਂਦਾ........., ਜਿੱਥੇ ਮੇਰੀ ਦੁਨੀਆਂ ਲੁੱਟੀ ਗਈ ਸੀ।

ਤੇ ਅੱਜ! ਓਹੋ, ਫੇਰ ਚੌਦਾਂ ਅਗਸਤ ਆ ਗਿਆ ਸੀ, ਜਿਹੜਾ, ਮਾਸੂਮ ਲਾਸ਼ਾਂ ਤੇ ਖ਼ੂਨ ਦੇ ਦਰਿਆ ਵਿੱਚੋਂ ਲੰਘ ਕੇ ਕਾਇਮ ਹੋਇਆ ਸੀ। ਪਰ ਮੈਂ ਸੋਚਣਾਂ ਆਂ! 'ਕਿ ਇਹਦੇ ਵਿਚ ਖੁਸ਼ੀਆਂ ਮਨਾਣ ਨਾਲੋਂ ਵੱਧ ਕੇ, ਸਾਡੇ ਲਈ ਫਿਕਰ ਦਾ ਸਮਾਨ ਵੀ ਹੋਣਾ ਚਾਹੀਦਾ ਏ? ਪਰ, ਨਹੀਂ ਮੇਰੀ ਸੋਚ ਬੁੱਢੀ ਹੋ ਗਈ ਏ............ ਤੇ ਇਹ ਨਵਾਂ ਦੌਰ ਏ। ਏਥੇ ਸਾਡੇ ਜਿਹੇ ਦਕਿਆਨੂਸੀ ਖਿਆਲਾਂ ਵਾਲੇ ਲੋਕ ਤੇ..........ਪਾਗਲ ਗਿਣੇ ਜਾਂਦੇ ਨੇ। ਮੈਂ ਆਪਣੇ ਕਮਰੇ ਵਿਚ ਲੰਮਾਂ ਪਿਆ ਹੋਇਆਂ ਸੋਚਣਾ ਆਂ।'

ਕੋਠੀ ਦੇ ਬਾਹਰ ਲਾਅਨ ਵਿਚ ਅਜਮਲ ਤੇ

ਅਕਮਲ ਦੇ ਦੋਸਤਾਂ ਦੇ ਕਹਿ-ਕਹੇ ਉੱਡ ਰਹੇ ਨੇ। ਉਹਨਾਂ ਦੀਆਂ ......ਬੀਵੀਆਂ ਅੰਗਰੇਜ਼ੀ-ਨੁਮਾਂ.... ਪੰਜਾਬੀ ਤੇ ਉਰਦੂ ਵਿਚ ਗੱਲਾਂ ਕਰ ਰਹੀਆਂ ਨੇ।

ਖਾਣ-ਪੀਣ ਤੋਂ ਬਾਅਦ, ਨਾਚ ਗਾਣੇ ਦਾ ਪ੍ਰੋਗਰਾਮ ਵੀ ਹੈ। ਮੇਰਾ ਨੌਕਰ, ਮੇਰੇ ਵਾਸਤੇ ਟਰੇ ਭਰ ਕੇ ਖਾਣਾ ਲੈ ਆਇਆ ਏ, ਪਰ ਮੈ ਉਹਨੂੰ ਆਖਿਆ,"ਤੂੰ ਮੇਜ਼ ਤੇ ਰੱਖ, ਤੇ ਚਲਾ ਜਾਹ, ਮੈਂ ਆਪ ਈ ਖਾਣਾ ਖਾ ਲਵਾਂਗਾ।"

ਹੁਣ ਬਾਹਰੋਂ ਆਏ, ਚਮਚਿਆਂ ਤੇ ਪਲੇਟਾਂ ਦਾ ਖੜਾਕ ਬੰਦ ਹੋ ਗਿਆ ਏ। ਹੁਣ ਇਹ ਸਾਜ਼ਾਂ ਦੀ ਆਵਾਜ਼ ਆ ਰਹੀ ਏ। ਸ਼ਾਇਦ ਨਾਚ-ਗਾਣੇ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ ਏ। ਮੈਂ ਉੱਠ ਕੇ, ਬਾਹਰ ਆ ਜਾਨਾਂ ਆਂ। ਸਾਰੇ ਮਹਿਮਾਨ ਬੈਠੇ ਨੇ........, ਇਕ ਸੋਹਣੀ ਜਿਹੀ, ਜਵਾਨ ਕੁੜੀ ਗਾ ਰਹੀ ਏ। ਮੇਰਾ ਨੌਕਰ ਮੈਨੂੰ ਦੱਸਦਾ ਏ, "ਮਲਕ ਜੀ! .......... ਇਹ ਸ਼ਹਿਰ ਦੀ ਮਸ਼ਹੂਰ ਗਾਣ ਵਾਲੀ 'ਅਲਮਾਸ' ਏ......... ਓਹ ਜਿਹੜੀ ਵੇਲਾਂ ਤੇ ਰੁਪਏ, ਇੱਕਠੀ ਕਰਦੀ ਪਈ ਏ, ਉਹ ਇਹਦੀ 'ਨਾਇਕਾ' ਏ। ਉਹ ਵੀ ਬੜਾ ਅੱਛਾ ਗਾਉਂਦੀ ਏ....... ਜੀ! ਉਂਝ ਆਖਦੇ ਨੇ, ਇਹ ਬੜੇ ਵੱਡੇ....... ਹਿੰਦੂ ਘਰਾਣੇ ਦੀ ਧੀ ਸੀ। ਪਰ, ਜਦ ਪਾਕਿਸਤਾਨ ਬਣਿਆ......., ਏਸ ਨੂੰ ਕਿਸੇ ਨੇ ....,......ਏਸ ਬਾਜ਼ਾਰ ਵਿਚ ਲੈ ਆਂਦਾ ਸੀ"।

"ਚੁੱਪ! ਖਾਮੋਸ਼ ਹੋ ਜਾ ਉੱਲੂ ਦੇ ਪੁੱਤਰਾ", ਮੈਂ ਚੀਕ ਕੇ, ਉਹਨੂੰ ਰੋਕ ਦੇਨਾਂ ਵਾਂ। ਉਹ ਹੈਰਾਨ ਹੋ ਕੇ ਮੇਰੇ ਵੱਲ ਵੇਖਦਾ ਏ। ਉਹਨੂੰ ਸਮਝ ਨਹੀਂ ਆਉਂਦੀ, ਕਿ ਵੱਡਾ ਮਲਕ ਨਰਾਜ਼ ਕਿਉਂ ਹੋ ਗਿਆ ਏ?

ਮੈਨੂੰ ਇੰਜ ਲੱਗਦਾ ਏ ............... 'ਜਿਵੇਂ ਮੇਰੇ ਸਾਹਮਣੇ ਸਈਦਾ ਪਈ ਨੱਚਦੀ ਏ!! ਸ਼ੌਰੇ ਫਰੀਦਾ ਏ? ਮੇਰੀਆਂ ਮਾਸੂਮ ਬੱਚੀਆਂ !!! ' ................... ਮੈਂ ਚੀਕ ਉੱਠਦਾ ਹਾਂ, "ਕਮਬਖ਼ਤੋਂ ! ਬੰਦ ਕਰੋ! ਇਹ ਨਾਚ ਗਾਣਾ!!!" ਮੇਰੇ ਮੂੰਹ ਵਿੱਚੋਂ ਕਫ਼ ਜਾਰੀ ਹੋ ਜਾਂਦਾ ਏ ............ਮੇਰਾ ਦਿਮਾਗ਼ ਸੁੰਨ ਹੋ ਜਾਂਦਾ ਏ। ਮੇਰੇ ਪੁੱਤਰ ਉੱਠ ਕੇ ਮੇਰੇ ਵੱਲ ਆ ਜਾਂਦੇ ਨੇ। ਉਹਨਾਂ ਦੇ ਮਹਿਮਾਨ ਵੀ ਪਿੱਛੇ ਆ ਜਾਂਦੇ ਨੇ। ਮੇਰੇ ਅੰਦਰੋਂ, ਅੱਗ ਦੇ ਸ਼ੋਅਲੇ, ਉੱਠ ਕੇ ਮੈਨੂੰ ਸਾੜ ਰਹੇ ਨੇ।

ਜ਼ਮੀਨ ਤੋਂ ਡਿੱਗੇ ਹੋਏ ਨੂੰ ਚੁੱਕ ਅੰਦਰ ਕਮਰੇ ਵਿਚ ਲੈ ਜਾਂਦੇ ਨੇ।

ਅਕਮਲ ਤੇ ਅਜ਼ਮਲ ਦੇ ਦੋਸਤ ਪੁੱਛਦੇ ਨੇ, "ਚਾਚਾ ਜੀ ਨੂੰ ਕੀ ਹੋਇਆ ਏ?"

ਮੇਰਾ ਵੱਡਾ ਪੁੱਤਰ ਆਖਦਾ ਏ, "ਸੌਰੀ! ਮੈਂ ਸ਼ਰਮਿੰਦਾ ਹਾਂ........... ਤੁਸੀਂ ਚੱਲ ਕੇ ਮਜਲਸ ਵਿਚ ਬਹਿ ਜਾਓ........ ਇਹਨਾਂ ਨੂੰ ਅੱਗੇ ਵੀ ਦੌਰਾ ਪੈ ਜਾਂਦਾ ਏ। ਹੁਣੇ ਦਵਾਈ ਦੇਨੇ ਆਂ, ............ਇਨਸ਼ਾ-ਅੱਲਾ! ਇਹ ਸਕੂਨ ਨਾਲ ਸੌਂ ਜਾਣਗੇ ...............।"

"ਹਾਂ ਯਾਰ! ਅਜ਼ਮਲ, ਉਮਰ ਦਾ ਵੀ ਤੇ ਤਕਾਜ਼ਾ ਹੁੰਦਾ ਏ।" ਉਹਦਾ ਇਕ ਦੋਸਤ ਆਖਦਾ ਏ।

'ਮੈਂ ਅੱਖਾਂ ਮੀਟ ਲੈਨਾਂ ਆਂ, ..........ਕਿਉਂ ਜੋ, ਮੈਨੂੰ ਆਪਣੇ ਪੁੱਤਰਾਂ ਦੀਆਂ ਖੁਸ਼ੀਆਂ ਅਜੀਜ਼ ਨੇ......... ............... ਮੈਂ ਜਾਗਦਾ ਹੋਇਆ ਵੀ ਸੁੱਤਾ ਬਣ ਜਾਨਾਂ ਵਾਂ ................ਕਿ ਇਹ ਵਕਤ ਦਾ ਤਕਾਜ਼ਾ ਏ! '

ϒ ϒ ϒ ϒ ϒ

---

ਕਹੁ ਹੁਣ ਹਾਲ ਹਕੀਕਤ ਹਾਸ਼ਮ, ਹੁਣ ਦਿਆਂ ਬਾਦਸ਼ਾਹਾਂ ਦੀ।

ਜ਼ੁਲਮੋਂ ਕੂਕ ਗਈ ਅਸਮਾਨੀ, ਦੁੱਖੀਆ ਰੇਸ਼ ਦਿਲਾਂ ਦੀ।

ਆਦਮੀਆਂ ਦੀ ਸੂਰਤ ਦਿੱਸਦੀ, ਰਾਖਸ਼ ਆਦਮ-ਖ਼ੋਰੇ।

ਜ਼ਾਲਮ ਚੋਰ ਪਲੀਤ ਜ਼ਨਾਹੀਂ, ਖ਼ੌਫ਼ ਖ਼ੁਦਾਓਂ ਕੋਰੇ।

-ਹਾਸ਼ਮ ਸ਼ਾਹ-

25

# ਪਾਕਿਸਤਾਨ ਹਮਾਰਾ ਹੈ

## ਕਰਤਾਰ ਸਿੰਘ ਦੁੱਗਲ

ਪਹਿਲੇ ਉਸ ਦਾ ਨਾਂ ਰਾਮ ਰੱਖੀ ਸੀ-ਹੁਣ ਉਸ ਦਾ ਨਾਂ ਅੱਲਾ ਰੱਖੀ ਰੱਖ ਦਿੱਤਾ ਗਿਆ। ਉਂਜ ਉਸ ਨੂੰ ਅੱਗੇ ਵੀ ਲੋਕ ਰੱਖੀ ਸੱਦਦੇ ਸਨ-ਹੁਣ ਵੀ ਲੋਕ ਰੱਖੀ ਸੱਦਦੇ ਨੇ।

ਉਸ ਰਾਤ ਜਦੋਂ ਢੋਲ ਵੱਜੇ, ਜਦੋਂ ਨੇਜ਼ੇ ਲਿਸ਼ਕੇ, ਜਦੋਂ ਤਾਰੇ ਟੁੱਟੇ, ਜਦੋਂ ਭੁਚਾਲ ਆਇਆ, ਰੱਖੀ ਪਤਾ ਨਹੀਂ ਕਿਸ ਤਰ੍ਹਾਂ ਸੁੱਤੀ-ਸੁੱਤੀ ਉੱਠੀ, ਪਤਾ ਨਹੀ ਕਿਸ ਤਰ੍ਹਾਂ ਸੁੱਤੀ-ਸੁੱਤੀ ਉਸ ਗਠਿਆਲੀ ਟੱਪੀ, ਪਤਾ ਨਹੀਂ ਕਿਸ ਤਰ੍ਹਾਂ ਸੁੱਤੀ-ਸੁੱਤੀ ਪੈਲੀਆਂ ਵਿਚੋਂ ਗੁਜ਼ਰੀ, ਪਤਾ ਨਹੀ ਕਿਸ ਤਰ੍ਹਾਂ ਸੁੱਤੀ-ਸੁੱਤੀ ਬੇਸੁੱਧ ਇਕ ਦੁਰੱਘ ਵਿਚ ਜਾ ਪਈ।

ਤੇ ਤਿੰਨ ਪੂਰੀਆਂ ਰਾਤਾਂ ਤੇ ਤਿੰਨ ਪੂਰੇ ਦਿਨ ਉੱਥੇ ਉਹ ਦਥਕੀ ਰਹੀ। ਉਹਦੇ ਹੇਠੋਂ ਲਹੂ ਦੀ ਨਿਚੜਦੀ ਲਕੀਰ ਲੰਘ ਗਈ, ਉਹਦੇ ਉੱਤੋਂ ਦੁਨਾਲੀਆਂ ਦੀਆਂ ਗੋਲੀਆਂ ਗੁਜ਼ਰਦੀਆਂ ਰਹੀਆਂ। ਉਹਦੇ ਕੰਨਾਂ ਵਿਚ ਕਈ ਜਾਣੀਆਂ, ਕਈ ਪਛਾਣੀਆਂ, ਕਈ ਇਹੋ ਜਿਹੀਆਂ ਚੀਖ਼ਾਂ ਵੀ ਪਈਆਂ, ਜਿਨ੍ਹਾਂ ਨਾਲ ਉਸਦੀ ਦੁੱਧ ਦੀ ਸਾਂਝ ਸੀ।

ਤੇ ਫੇਰ ਘੋੜਿਆਂ ਦੀਆਂ ਟਾਪਾਂ, ਫਿਰ ਲਾਰੀਆਂ-ਮੋਟਰਾਂ ਤੇ ਟਰੱਕਾਂ ਦੀ ਗੁੰਜਾਰ ਉਸ ਨੂੰ ਸੁਣਾਈ ਦਿੱਤੀ।

ਅਗਲੀ ਸਵੇਰ ਸਾਰੀ ਦੀ ਸਾਰੀ ਵਾਦੀ ਇੰਝ ਸੀ, ਜਿਵੇਂ ਕਦੀ ਵੀ ਹੁੰਦੀ ਸੀ। ਬਲਦਾਂ ਦੇ ਗਲ ਪਈਆਂ ਟੱਲੀਆਂ ਸਹਿਜੇ-ਸਹਿਜੇ ਟੁਣਕਣ ਲੱਗ ਪਈਆਂ। ਇੱਜੜਾਂ ਤੇ ਵੱਗਾਂ ਦੇ ਵੱਗ ਨਿਕਲਣ ਲੱਗ ਪਏ, ਜਿਵੇਂ ਹਮੇਸ਼ਾਂ ਹਰ ਪਿੰਡ ਵਿਚ ਹੁੰਦਾ ਹੈ। ਖੂਹਾਂ ਦੀ ਮਧੁਰ ਰੀਂ-ਰੀਂ , ਠੱਕ-ਠੱਕ, ਚਵ੍ਹਾਂ ਪਾਸੇ ਗੂੰਜਣੀ ਸ਼ੁਰੂ ਹੋ ਗਈ। ਭੀੜਾਂ ਦੀਆਂ ਭੀੜਾਂ, ਪੰਛੀਆਂ ਦੇ ਡਾਰ ਅਸਮਾਨਾਂ ਵਿਚ ਆ ਗਏ। ਦੁੱਧਾਂ ਵਿਚ ਮਧਾਣੀਆਂ ਛੁੱਲ੍ਹਕੀਆਂ, ਵਿਹੜਿਆਂ ਵਿਚੋਂ ਧੂੰਏਂ ਉੱਠੇ ਤੇ ਮਸੀਤ ਵਿਚੋਂ ਬਾਂਗ ਦੀ ਆਵਾਜ਼ ਆਈ । ਰਾਮ ਰੱਖੀ ਕਿਤਨਾਂ ਚਿਰ ਉਡੀਕਦੀ ਰਹੀ। ਨਾ ਮੰਦਰ ਵਿਚ ਅੱਜ ਟਣ-ਟਣ ਹੋਈ, ਨਾ ਗੁਰਦਵਾਰੇ ਵਿੱਚੋਂ ਸੰਖ ਦੀ ਸਦਾ ਉਹਦੇ ਕੰਨੀਂ ਪਈ ।

ਤੇ ਜਦੋਂ ਪੀਲੀਆਂ-ਪੀਲੀਆਂ ਧੁੱਪਾਂ ਨਿਕਲੀਆਂ, ਰਾਮ ਰੱਖੀ ਉੱਠ ਕੇ ਪਿਛੋਕੜ ਆਪਣੇ ਗਵਾਂਢੀਆਂ ਦੇ ਵਿਹੜੇ ਜਾ ਵੜੀ। ਹੱਸਦੇ, ਖੇਡਦੇ, ਖਾਂਦੇ ਸਾਰੇ ਦੇ ਸਾਰੇ ਉਹਨੂੰ ਵੇਖ ਹੱਕੇ-ਬੱਕੇ ਰਹਿ ਗਏ। ਔਰਤਾਂ ਨੇ ਸੋਚਿਆ ਜਿਵੇਂ ਖ਼ੂਨ ਦੀ ਨਦੀ ਵਿਚੋਂ ਰੱਖੀ ਉਮਲ ਆਈ ਹੈ, ਤੇ ਮਰਦਾਂ ਜਾਣਿਆਂ ਜਿਵੇਂ ਉਹਨਾਂ ਨਾਲ ਕੋਈ ਚਾਲ ਚੱਲੀ ਗਈ ਹੋਵੇ। ਜਵਾਨ ਜਹਾਨ ਸ਼ੇਰਬਾਜ਼ ਦਾ ਮੂੰਹ ਭੱਖਣ ਲੱਗ ਪਿਆ। ਉਹਦੀਆਂ ਅੱਖਾਂ ਵਿਚ ਫੇਰ ਇਕ ਵਾਰ ਵਹਿਸ਼ਤ ਆਈ । ਮਸਾਂ-ਮਸਾਂ ਢਿਲਕੀਆਂ ਉਹਦੀਆਂ ਰਗਾਂ ਫੇਰ ਤਣ ਗਈਆਂ। ਤੇ ਮੰਜੀ ਹੇਠੋਂ ਲਿਸ਼ਕਦੀ ਛਵ੍ਹੀ ਛਿਕ ਕੇ ਉਹ ਡਾਢੇ ਗ਼ਜ਼ਬ ਵਿਚ ਉੱਠਿਆ। ਏਸ ਛਵ੍ਹੀ ਨੇ ਕਈ ਧੜ ਚੀਰੇ ਸਨ, ਕਈ ਖੋਪਰੀਆਂ ਮਿੱਧੀਆਂ ਸਨ, ਕਈ ਗਰਦਨਾਂ ਲਾਹੀਆਂ ਸਨ। ਪਰ ਕੋਈ ਦੋ ਕਦਮ ਰੱਖੀ ਤੋਂ ਦੂਰ ਉਹਦੀ ਛਵ੍ਹੀ ਜਿਵੇਂ ਉਘਰੀ ਦੀ ਉਘਰੀ ਰਹਿ ਗਈ। ਰੱਖੀ ਤੇ ਉਹਦੇ ਵਿਚਕਾਰ ਉਹਦੀ ਮਾਂ ਸੀ, ਉਹਦਾ ਪਿਉ ਸੀ, ਉਹਦੀ ਭੈਣ ਸੀ। ਪਤਾ ਨਹੀਂ ਕਿਸ ਤਰ੍ਹਾਂ ਅੱਖ ਦੇ ਫੋਰ ਵਿਚ ਉਹ ਨੱਠ ਕੇ ਰੱਖੀ ਉੱਤੇ ਆ ਪਏ ਤੇ ਉਹਨੂੰ ਜ਼ਰਬ ਨਾ ਆਣ ਦਿੱਤੀ।

ਉਹ ਘੜੀ ਲੰਘ ਗਈ। ਪਰ ਉਸ ਤੋਂ ਬਾਅਦ ਹਮੇਸ਼ਾਂ ਸ਼ੇਰ ਬਾਜ਼ ਹੈਰਾਨ ਹੁੰਦਾ, ਕਿਵੇਂ ਉਸ ਨੂੰ ਕਹਿਰ ਆ ਸਕਿਆ ਸੀ ਰੱਖੀ 'ਤੇ। ਉਹਦੀ ਅਸਪਾਤ ਦੀ ਛਵ੍ਹੀ ਉਸ ਨੂੰ ਹਮੇਸ਼ਾਂ ਸ਼ਰਮਿੰਦਿਆਂ ਕਰਦੀ ਤੇ ਉਹ ਡਾਢਾ ਕੱਚਾ ਹੁੰਦਾ। ਇੱਕ ਦਿਨ ਉਸ ਨੂੰ ਤੋੜ-ਫੋੜ ਕੇ ਖੂਹ ਵਿਚ ਸੁੱਟ ਆਇਆ। ਤੇ ਧਰੇਕ ਹੇਠ, ਜਿਥੇ ਸ਼ੇਰਬਾਜ ਉਸਨੂੰ ਵੱਢਣ ਲਈ ਟੁੱਟਿਆ ਸੀ, ਰੱਖੀ ਕਦੀ-ਕਦੀ ਰਾਂਗਲਾ ਪੀੜ੍ਹਾ ਡਾਹ ਕੇ ਬਹਿੰਦੀ, ਜਿਸ ਪੀੜ੍ਹੇ ਨਾਲ ਘੁੰਗਰੂ ਲੱਗੇ ਹੋਏ ਸਨ। ਜਿਸ ਪੀੜ੍ਹੇ 'ਤੇ ਸ਼ੇਰ ਬਾਜ਼ ਦੀ ਮਾਂ ਬੈਠੀ, ਜਦੋਂ ਉਹ ਵਿਆਹੀ ਹੋਈ ਆਈ ਸੀ, ਜਿਸ ਪੀੜ੍ਹੇ 'ਤੇ ਸ਼ੇਰ ਬਾਜ਼ ਦੀ ਦਾਦੀ ਬੈਠੀ ਸੀ, ਜਦੋਂ ਉਹ ਵਿਆਹੀ ਹੋਈ ਆਈ ਸੀ।

ਇਕ ਰੋਜ਼, ਸ਼ੇਰ ਬਾਜ਼ ਨੇ ਰੱਖੀ 'ਤੇ ਛਵ੍ਹੀ ਉਘਰੀ, ਅਗਲੇ ਰੋਜ਼ ਗਾਨਾ ਬੰਨ੍ਹ ਕੇ ਉਸ ਨੂੰ ਆਪਣੀ ਤ੍ਰੀਮਤ ਬਣਾ ਲਿਆ। ਰੱਖੀ ਤੇ ਉਸਨੂੰ ਹਮੇਸ਼ਾਂ ਚੰਗੀ ਲੱਗਦੀ ਸੀ। ਬਚਪਨ ਵਿਚ ਉਹ ਇਕੱਠੇ ਖੇਡਦੇ ਸਨ: ਇਕੱਠੇ ਗੁੰਮਦੇ, ਇਕੱਠੇ ਲੱਭਦੇ: ਇਕੱਠੇ ਦੌੜਦੇ, ਇਕੱਠੇ ਹੱਸਦੇ, ਇਕੱਠੇ ਪੀਘਾਂ ਝੂਟਦੇ। ਤੇ ਫੇਰ ਜਦੋਂ ਉਹ ਵੱਡੀ ਹੋਈ, ਸ਼ੇਰ ਬਾਜ਼ ਨੇ ਹੱਲ ਵਾਂਹਦਿਆਂ ਕਈ ਟੱਪੇ ਉਸ ਦੀ ਯਾਦ ਵਿਚ ਗਾਂਵੇ ਸਨ। ਕਈ ਵਾਰ ਉਸ ਦੇ ਸੁਫ਼ਨਿਆਂ ਵਿਚ ਰੱਖੀ ਮੁੜ-ਮੁੜ ਆਇਆ ਕਰਦੀ ਸੀ ਤੇ ਜਦੋਂ ਉਹ ਹੋਰ ਵੱਡੀ ਹੋਈ, ਸ਼ੇਰ ਬਾਜ਼ ਉਸ ਨੂੰ ਲੁਕ-ਛਿਪ ਕੇ ਵੇਖਿਆ ਕਰਦਾ ਸੀ, ਭਾਂਵੇਂ ਰੱਖੀ ਨੂੰ ਪਤਾ ਸੀ, ਭਾਂਵੇਂ ਰੱਖੀ ਨੂੰ ਨਹੀਂ ਪਤਾ ਸੀ।

ਸਵੇਰੇ ਸਰਘੀ ਵੇਲੇ ਉੱਠ ਕੇ ਦੁੱਧ ਚੋਂਦੀ-- ਮੱਝੀਆਂ ਦਾ, ਗਾਈਆਂ ਦਾ, ਬੱਕਰੀਆਂ ਦਾ, ਫੇਰ ਦੁੱਧ ਰਿੜਕਦੀ, ਫੇਰ ਸਾਰੇ ਘਰ ਨੂੰ ਸਾਂਭਦੀ ਸਲ੍ਹੀਟੀਦੀ। ਲਿੰਬ ਪੋਚ ਕੇ ਉਸਨੇ ਸ਼ੇਰ ਬਾਜ਼ ਹੋਰਾਂ ਦੀ ਪੁਰਾਣੀ ਹਵੇਲੀ ਨੂੰ ਸੀਸ਼ੇ ਵਾਂਗ ਬਣਾ ਲਿਆ ਸੀ। ਸ਼ਾਮੀ ਹਰ ਡੰਗਰ ਲਈ ਆਪ ਗੁਤਾਵਾ ਕਰਦੀ, ਆਪਣੇ ਹੱਥੀਂ ਉਹਨਾਂ ਨੂੰ ਖੁਆਂਦੀ, ਮੱਝੀਆਂ ਦਾ ਦੁੱਧ ਸਵਾਇਆ ਹੋ ਗਿਆ। ਬਲਦ ਦੌੜ-ਦੌੜ ਕੇ ਸ਼ੇਰ ਬਾਜ਼ ਵਰਗੇ ਹਾਲੀਆਂ ਨੂੰ ਥਕਾ ਛਡਦੇ।

ਆਪਣੇ ਸੱਸ-ਸਹੁਰੇ ਦੇ ਜਿਵੇਂ ਉਹ ਪੈਰ ਧੋ-ਧੋ ਪੀਦੀਂ, ਕਦੀ ਉਹਨਾਂ ਨੂੰ ਪਲੰਘ ਤੋ ਨਾ ਲਹਿਣ ਦਿੰਦੀ। ਆਂਢਣਾਂ-ਗੁਆਂਢਣਾਂ ਉਹਨੂੰ ਵੇਖ-ਵੇਖ ਹੈਰਾਨ ਹੁੰਦੀਆਂ । ਮੂੰਹ ਵਿਚ ਉਂਗਲਾਂ ਪਾ-ਪਾ ਟੁਕਦੀਆਂ। ਗਲੀ-ਮਹੱਲੇ ਵਿਚ ਉਹਨੇ ਘਰ-ਘਰ, ਹਰ ਗੁੱਠ, ਹਰ ਕੋਨੇ ਵਿਚ ਸਹੇਲੀਆਂ ਬਣਾ ਲਈਆਂ ਸਨ। ਤ੍ਰਿੰਝਣਾਂ ਵਿਚ ਉਹ ਸਭ ਨੂੰ ਪਛਾੜਦੀ, ਪਿਚਕਲੀ ਮਚਾਈ ਰਖਦੀ।

ਸਾਰੇ ਪਿੰਡ ਵਿਚ ਕਿਸੇ ਨੂੰ ਸਵੈਟਰ ਦਾ ਨਵਾਂ ਨਮੂਨਾ ਸਿਖਾਣਾ ਹੁੰਦਾ, ਰੱਖੀ ਸਿਖਾਂਦੀ। ਕਿਸੇ ਨੂੰ ਅੱਖ ਵਿਚ ਚੁਟਕੀ ਪੁਆਣੀ ਹੁੰਦੀ, ਰੱਖੀ ਕੋਲ ਆਂਦਾ। ਕਿਸੇ ਨੂੰ ਕੋਈ ਭੇਦ ਦਸਣਾ ਹੁੰਦਾ, ਰੱਖੀ ਸਾਂਭਦੀ। ਰੱਖੀ ਜਿਸ ਤਰ੍ਹਾਂ ਪਤਾਸੇ ਵਾਂਗ ਘੁਲ-ਮਿਲ ਗਈ।

ਟਾਹਲੀਆਂ ਹੇਠਾਂ ਕਦੀ ਕਦੀ ਪੀਂਘ ਝੂਟਦੀ ਰੱਖੀ ਜਦੋਂ ਦੂਰ-ਦੂਰ ਤਕ ਹਰਿਆਵਲ ਤੇ ਹਰਿਆਵਲ ਦੇ ਪਿੱਛੇ ਆਪਣੇ ਪਿੰਡ ਦੀਆਂ ਮੱਧਰੀਆਂ ਪਹਾੜੀਆਂ ਵੇਖਦੀ, ਉਹ ਹੈਰਾਨ ਹੁੰਦੀ, ਕਿੰਝ ਲੋਕ ਉੱਥੋਂ ਟੁਰ ਗਏ ਸਨ। ਆਪਣੀ ਢੰਨਾਂ ਦਾ ਮੋਤੀਆਂ ਵਰਗਾ ਪਾਣੀ ਤੱਕ ਕੇ ਉਹਦਾ ਜੀਅ ਕਹਿੰਦਾ-ਬੰਦਾ ਇੱਥੇ ਹੀ ਮਰ ਜਾਏ। ਉਸ ਨੂੰ ਛੱਡ ਕੇ ਕੋਈ ਕਿਸ ਤਰਾਂ ਕਿਤੇ ਜਾ ਸਕਦਾ ਸੀ? ਉਨ੍ਹਾਂ ਸਿੱਟਿਆਂ ਨੂੰ ਜਿਨ੍ਹਾਂ ਦਾ ਬੀਜ ਉਹਦੇ ਪਿਉ-ਭਰਾਵਾਂ ਨੇ ਪਾਇਆ, ਕਦੀ-ਕਦੀ ਉਹ ਗਲ ਨਾਲ ਲਾ ਲੈਂਦੀ ਤੇ ਇਕਰਾਰ ਕਰਦੀ, ਕਦੀ ਉਹਨਾਂ ਨੂੰ ਉਹ ਛੱਡ ਕੇ ਨਹੀ ਜਾਵੇਗੀ। ਉਹ ਹੈਰਾਨ ਸੀ ਉਹਨਾਂ ਗਲੀਆਂ ਨੂੰ ਕਿੰਝ ਕੋਈ ਛੱਡ ਸਕਦਾ ਹੈ, ਜਿੱਥੇ ਕੋਈ ਖੇਡਿਆ ਹੋਵੇ। ਉਹਨਾਂ ਬੇਰੀਆਂ ਦੇ ਬੇਰ ਜਿਵੇਂ ਹਾਕਾ ਮਾਰ ਰਹੇ ਹੁੰਦੇ, ਉਨ੍ਹਾਂ ਨੂੰ ਜੇਹੜੇ ਟੁਰ ਸਨ। ਉਹਨੂੰ ਇਸ ਤਰ੍ਹਾਂ ਕੁਝ-ਕੁਝ ਮਹਿਸੂਸ ਹੁੰਦਾ।

ਜਦੋਂ ਇਕ ਵਾਰ ਪਾਕਿਸਤਾਨ ਦਾ ਕੋਈ ਲੀਡਰ ਇਨ੍ਹਾਂ ਦੇ ਪਿੰਡ ਕੋਲੋਂ ਗੁਜ਼ਰਿਆ ਰੱਖੀ ਸਾਰੀ ਸਵੇਰ ਸਿਹਰੇ ਪਰੋਂਦੀ ਰਹੀ। ਕੜਕਦੀ ਦੁਪਹਿਰ ਵਿਚ ਪਾਕਿਸਤਾਨ ਦਾ ਝੰਡਾ ਫੜ ਔਰਤਾਂ ਦਾ ਉਹਨੇ ਜਲੂਸ ਕੱਢਿਆ ਤੇ ਸੜਕ ਕੰਢੇ ਆਪਣੇ ਕੌਮੀ ਆਗੂ ਦੀ ਇੰਤਜ਼ਾਰ ਵਿਚ 'ਪਾਕਿਸਤਾਨ ਹਮਾਰਾ ਹੈ" ਤੇ ਹੋਰ ਕਈ ਗੀਤ ਗਾਉਂਦੀ ਰਹੀ। ਜਦੋਂ ਲੀਡਰ ਦੀ ਮੋਟਰ ਗੁਜ਼ਰ ਰਹੀ ਸੀ, ਇਸ ਨੇ ਉੱਚੇ-ਉੱਚੇ 'ਜ਼ਿੰਦਾ ਬਾਦ' ਦੇ ਨਾਹਰੇ ਲਾਏ ਤੇ ਫੁੱਲਾਂ ਦੀ ਵਰਖਾ ਨਾਲ ਧਰਤੀ ਅੱਟੀ ਗਈ।

ਇੰਝ ਰੱਖੀ ਦੇ ਦਿਨ ਗੁਜ਼ਰ ਰਹੇ ਸਨ, ਇੰਝ ਰੱਖੀ ਦੇ ਹਫ਼ਤੇ ਗੁਜ਼ਰ ਰਹੇ ਸਨ, ਇੰਝ ਰੱਖੀ ਦੇ ਮਹੀਨੇ ਗੁਜ਼ਰ ਰਹੇ ਸਨ, ਜਦੋਂ ਇਕ ਦਿਨ ਗਲੀ ਵਿਚੋਂ ਲੰਘਦਿਆਂ ਉਹਨੂੰ ਪਿੱਛੋਂ ਆਵਾਜ਼ ਆਈ - "ਨੀ ਰੱਖੀਏ!" ਤੇ ਅਗਲੀ ਘੜੀ ਉਹਦਾ ਭਰਾ ਉਸ ਦੇ ਗਲ ਨਾਲ ਲੱਗਿਆ ਹੋਇਆ ਸੀ। ਕਿਤਨਾ ਚਿਰ ਦੋਵੇਂ ਸੁਬਕਦੇ ਰਹੇ। ਰੱਖੀ ਡਾਹਢਾ ਉੱਚਾ-ਉੱਚਾ ਰੋਈ। ਉਸ ਨੂੰ ਇਹ ਵੀ ਭੁੱਲ ਗਿਆ ਕਿ ਨਾਲ ਇਕ ਓਪਰਾ ਆਦਮੀ ਜੋ ਸਿਪਾਹੀ ਜਿਹਾ ਲੱਗਦਾ ਸੀ, ਖਲੋਤਾ ਜਿਸ ਤਰਾਂ ਉਨ੍ਹਾਂ ਦੀ ਇੰਤਜ਼ਾਰ ਕਰ ਰਿਹਾ ਸੀ।

ਅਖ਼ੀਰ ਜਦੋਂ ਉਨ੍ਹਾਂ ਦਾ ਵਿਰਾਗ ਲੱਥਾ, ਉਹਦੇ ਭਰਾ ਨੇ ਸਿਪਾਹੀ ਵਲ,ਇਸ਼ਾਰਾ ਕਰ ਕੇ ਕਿਹਾ, "ਏਹਨੂੰ ਲੈ ਚਲੋ, ਮੇਰੀ ਭੈਣ ਲੱਭ ਪਈ ਏ।"

"ਪਰ ਕਿੱਥੇ?" ਰੱਖੀ ਨੇ ਇਕ ਝਟ ਬਾਅਦ, ਜਿਸ ਤਰ੍ਹਾਂ ਉਹ ਸੁੱਤੀ ਹੋਈ ਜਾਗੀ ਹੋਵੇ ਘਬਰਾ ਕੇ ਪੁੱਛਿਆ। ਦੂਰ-ਦੂਰ, ਕਿਸੇ ਦੂਰ ਦੇਸ ਵਿਚ ਜਾਣ ਲਈ ਰੱਖੀ ਤਿਆਰ ਨਹੀਂ ਸੀ। ਕੀ ਪਤਾ ਉਥੇ ਏਸ ਪਿੰਡ ਵਰਗੀਆਂ ਘਣੀਆਂ ਠੰਢੀਆਂ ਛਾਵਾਂ ਹੋਣ ਨਾ ਹੋਣ, ਕੀ ਪਤਾ ਉਥੇ ਏਸ ਪਿੰਡ ਵਰਗੇ ਕਾਗ ਹੋਣ ਨਾ ਹੋਣ ਜੋ ਬਨੇਰਿਆਂ ਉੱਤੇ ਆ ਕੇ ਬਹਿ ਜਾਂਦੇ ਤੇ ਫੇਰ ਪਤਾ ਨਹੀਂ ਦਿਲ ਨੂੰ ਕੀ-ਕੀ ਹੋਣ ਲੱਗ ਜਾਂਦਾ।

ਉਸ ਸ਼ਾਮੀਂ ਜਦੋਂ ਉਹ ਬਾਹਰ ਗਈ, ਉਸ ਟਿੱਬੇ ਨੂੰ ਜਿਸ ਤਰ੍ਹਾਂ ਉਸ ਕਲਾਵੇ ਵਿਚ ਲੈ ਲਿਆ, "ਮੈਂ ਨਹੀਂ ਜਾਵਾਂਗੀ, ਮੈ ਕਦੀ ਨਹੀਂ ਜਾਵਾਂਗੀ", ਜਿਸ ਟਿੱਬੇ ਤੇ ਖਲੋ ਕੇ ਉਹ ਸ਼ੇਰ ਬਾਜ਼ ਨੂੰ ਖੇਤਾਂ ਵਿਚ ਕੰਮ ਕਰਦਾ ਵੇਂਹਦੀ ਹੁੰਦੀ ਸੀ। "ਮੈਂ ਨਹੀਂ ਜਾਵਾਂਗੀ", ਇਸ਼ਕ ਪੇਚੇ ਦੀ ਲਮਕਦੀ ਵੇਲ ਨੂੰ ਉਸ ਪੋਲੇ ਜਿਹੇ ਟੋਹ ਕੇ ਕਿਹਾ। "ਮੈਂ ਕਦੀ ਨਹੀਂ ਜਾਵਾਂਗੀ", ਉਸ ਨੇ ਵੱਛੇ ਦੀਆਂ ਅੱਖਾਂ ਨਾਲ ਅੱਖਾਂ ਮੇਲ ਉਹਦੀ ਬੂਥਣੀ ਨੂੰ ਚੁੰਮ ਲਿਆ। ਆਪਣੇ ਸੁਫੇ ਦੇ ਛੱਤ ਹੇਠ ਜਾ ਕੇ ਉਸਨੇ ਜ਼ੋਰ ਦਾ ਕਿਹਾ, "ਮੈ ਹਮੇਸ਼ਾਂ ਏਥੇ ਰਹਾਂਗੀ।" ਆਪਣੀ ਚੁੱਲ੍ਹ ਕੋਲ ਬੈਠ ਕੇ ਉਹਦਾ ਗੱਚ ਨਾ ਖਲੋਂਦਾ। "ਮੇਰਾ ਆਪਣਾ ਏਹ ਚੌਕਾਂ ਏ", ਉਹ ਚੀਕ ਉੱਠੀ।

ਉਸ ਰਾਤ ਪੁਰੇ ਦੀ ਠੰਢੀ ਵਾ ਰੁਮਕ ਰਹੀ ਸੀ। ਰੱਖੀ ਨੇ ਤਾਰਿਆਂ ਨਾਲ ਇਕਰਾਰ ਕੀਤੇ, ਚੰਨ ਦੇ ਤਰਲੇ ਲਏ, ਉੱਠ-ਉੱਠ ਬਨ੍ਹੇਰਿਆਂ ਤੇ ਬਹਿ ਕੇ ਸੋਚਦੀ। ਉਸ ਨੇ ਪੀਰਾਂ ਦੀਆਂ ਮੰਨਤਾਂ ਮੰਨੀਆਂ। ਮੂਰਤੀਆਂ ਨੂੰ ਮਨਾਣ ਦਾ ਪ੍ਰਣ ਕੀਤਾ। ਸਾਹਮਣੇ ਉਹ ਦਰੁੱਘ ਸੀ, ਜਿੱਥੇ ਪਿਛਲੀ ਵਾਰ ਰੱਖੀ ਜਾ ਪਈ ਸੀ ਤੇ ਉਹਨੂੰ ਕਿਸੇ ਨਹੀਂ ਵੇਖਿਆ। ਹੁਣ ਤੇ ਪਰ ਉਹ ਕਿਤਨੀ ਹੋਰ ਦੀ ਹੋਰ ਹੋ ਗਈ ਸੀ। ਹੁਣ ਕਿਸ ਤਰ੍ਹਾਂ ਉਹ ਛਾਲ ਮਾਰ ਸਕਦੀ ਸੀ? ਉਹ ਸਿੱਪ ਜਿਸ ਵਿਚ ਕੋਈ ਮੋਤੀ ਹੋਏ, ਕਦੀ ਨਹੀਂ ਉੱਛਲਿਆਂ ਨਹੀਂ ਕਰਦੀ।

"ਵੇ ਸ਼ੇਰ ਬਾਜ਼ਾ! ਹੁਣ ਤੇਰੀ ਛਵ੍ਹੀ ਨੂੰ ਕੀ ਹੋ ਗਿਆ ਏ?" ਰੱਖੀ ਉਹਨੂੰ ਮੁੜ-ਮੁੜ ਕਹਿੰਦੀ ਤੇ ਸ਼ੇਰ ਬਾਜ਼ ਅਹਿਲ ਆਪਣੇ ਪਲੰਘ ਤੇ ਪਿਆ ਹੋਇਆ ਸੀ। ਜਦੋਂ ਨੰਬਰਦਾਰ ਦੇ ਘਰੋਂ ਸ਼ਾਮੀ ਉਹ ਮੁੜਿਆ, ਉਸ ਨੇ ਇਕ ਲਫ਼ਜ਼ ਨਾ ਕੂਇਆ। ਨਾ ਉਸ ਨੇ ਕੁਝ ਖਾਧਾ ਨਾ ਪੀਤਾ। "ਵੇ ਸ਼ੇਰ ਬਾਜ਼ਾ ਮੈਂ ਤੇਰੇ ਤੋਂ ਲ਼ੱਖ ਵੀਰ ਵਾਰ ਸੁੱਟਾਂਗੀ।" ਸ਼ੇਰਬਾਜ਼ ਤਾਂ ਵੀ ਚੁੱਪ ਸੀ। ਉਹਦੇ ਭਖ਼ ਰਹੇ ਚੇਹਰੇ, ਉਹਦੀਆਂ ਲਾਲ ਹੋ ਰਹੀਆਂ ਅੱਖਾਂ ਵਿਚ ਜਿਸ ਤਰ੍ਹਾਂ ਅੱਥਰੂ ਜੰਮੇ ਹੋਏ ਹੋਣ। "ਵੇ ਮੇਰਿਆਂ ਬਾਜ਼ ਸ਼ੇਰਾ!

ਆ ਕਿਤੇ ਟੁਰ ਚੱਲੀਏ", ਆਖਰ ਝੁੰਜਲਾ ਕੇ ਰੱਖੀ ਨੇ ਕਿਹਾ। ਸ਼ੇਰਬਾਜ਼ ਦੇ ਬਿਸਤਰੇ ਤਾਂ ਜਿਵੇਂ ਸੇਕ ਆ ਰਿਹਾ ਹੋਵੇ ਉਹ ਚੁੱਪ ਸੀ, ਅਹਿਲ ਸੀ, ਬੇਸੁੱਧ ਪਿਆ ਸੀ।

ਤੇ ਉਹ ਬੋਲਦਾ ਵੀ ਕਿੰਝ? ਨੰਬਰਦਾਰ ਨੇ ਉਹਨੂੰ ਸਭ ਕੁਝ ਦਸ ਦਿੱਤਾ ਸੀ। ਰੱਖੀ ਹਿੰਦੂ ਕੁੜੀ ਸੀ ਜਿਸ ਨੂੰ ਜ਼ਰੂਰ ਹਿੰਦੁਸਤਾਨ ਵਿਚ ਭੇਜਿਆ ਜਾਣਾ ਸੀ। ਪੰਦਰਾਂ ਅਗਸਤ ਤੋਂ ਬਾਅਦ ਜਿਤਨੇ ਕਲਮੇ ਪੜ੍ਹੇ ਗਏ ਉਹਨਾਂ ਨਾਲ ਕੋਈ ਮੁਸਲਮਾਨ ਨਹੀਂ ਸੀ ਬਣ ਸਕਿਆ। ਇਹ ਗੱਲ ਆਪਣੀ ਮੁਸਲਮਾਨ ਸਰਕਾਰ ਆਪ ਕਹਿ ਰਹੀ ਸੀ। ਤੇ ਫੇਰ ਏਧਰੋਂ ਹਰ ਹਿੰਦੂ ਕੁੜੀ ਨੂੰ ਭੇਜ ਕੇ ਹਰ ਮੁਸਲਮਾਨ ਕੁੜੀ ਆਣੀ ਸੀ। ਰੱਖੀ ਜਿਹੜੀ ਹਿੰਦੂ ਜੰਮੀ ਸੀ, ਉਹਦੇ ਬਦਲੇ ਇਕ ਇਸਲਾਮ ਵਿਚ ਪੈਦਾ ਹੋਈ ਕੁੜੀ ਨੇ ਏਧਰ ਆਣਾ ਸੀ। ਪਾਕਿਸਤਾਨ ਲਈ ਹਰ ਕੁਰਬਾਨੀ ਦੀ ਲੋੜ ਸੀ।

ਤੇ ਸ਼ੇਰ ਬਾਜ਼ ਅਹਿਲ ਬੇਸੁੱਧ ਪਿਆ ਸੀ।

ਅਗਲੇ ਰੋਜ਼ ਮਸਾਂ ਅਜੇ ਦਿਹੁੰ ਹੀ ਨਿਕਲਿਆ ਸੀ, ਕਿ ਫੌਜੀ ਲਾਰੀ ਉਹਨਾਂ ਦੇ ਵੇਹੜੇ ਵਿਚ ਆ ਖਲੋਤੀ। ਲੰਮੀਆਂ-ਲੰਮੀਆਂ ਬੰਦੂਕਾਂ ਲਈ ਸਿਪਾਹੀਆਂ ਨੂੰ ਵੇਖ ਕੇ ਰੱਖੀ ਕੁਰਲਾ ਉੱਠੀ, "ਮੈਂ ਨਹੀਂ ਜਾਣਾ, ਮੈਂ ਕਦੀ ਨਹੀਂ ਜਾਣਾ। ਕੀ ਹੋਇਆ ਜੇ ਇਸ ਦਾ ਨਾਂ ਵਟ ਗਿਆ ਏ, ਇਹ ਮੇਰਾ ਆਪਣਾ ਦੇਸ ਹੈ। ਇਹ ਪੱਥਰ ਮੇਰੇ ਆਪਣੇ ਨੇ, ਇਹ ਗੀਟੇ ਆਪਣੇ ਨੇ, ਇਹ ਪੱਤਰ ਸਾਡੇ ਆਪਣੇ ਹਨ, ਇਹ ਰੁਖ ਸਾਡੇ ਆਪਣੇ ਹਨ, ਅਜੇ ਤੇ ਇਸ ਧਰੇਕ ਨੇ ਵੱਡਾ ਹੋਣਾ ਹੈ ਜਿਸ ਨੂੰ ਮੈਂ ਪਾਣੀ ਦੇ-ਦੇ ਪਾਲਦੀ ਰਹੀ", ਤੇ ਉਹਦੀਆਂ ਅੱਖਾਂ ਵਿੱਚੋਂ ਅੱਥਰੂ ਨਾ ਠੱਲੇ ਜਾਂਦੇ। "ਵੇ ਸ਼ੇਰਬਾਜ਼ਾ ਤੂੰ ਬੋਲਦਾ ਕਿਉਂ ਨਹੀਂ? ਤੂੰ ਕੂੰਦਾ ਕਿਉਂ ਨਹੀਂ? ਮੈਂ ਤੇਰੀ ਅਮਾਨਤ ਨਾਲ ਕੀ ਕਰਾਂਗੀ?" ਤੇ ਰੱਖੀ ਬੇਹੋਸ਼ ਹੋ ਗਈ।

ਜਿਤਨਾ ਚਿਰ ਸ਼ੇਰਬਾਜ਼ ਤੇ ਰੱਖੀ ਅੰਦਰ ਸੁਫੇ ਵਿਚ ਰਹੇ , ਸਿਪਾਹੀਆਂ ਨੇ ਫੇਰ ਸੋਚਿਆ, ਪੰਚਾਂ ਨੇ ਆਪਣੇ ਦਿਮਾਗ ਲੜਾਏ, ਨੰਬਰਦਾਰ ਦੀ ਰਾਏ ਲੀਤੀ ਗਈ ਪਰ ਆਪਣੀ ਕੌਮੀ ਸਰਕਾਰ ਦਾ ਹੁਕਮ ਸਾਫ਼ ਸੀ। ਪਾਕਿਸਤਾਨ ਨੇ ਇਹਨਾਂ ਨਿੱਕੀਆਂ-ਨੱਕੀਆਂ ਗੱਲਾਂ ਕਰ ਕੇ ਬਣ ਜਾਣਾ ਸੀ, ਇਨ੍ਹਾਂ ਮਾਮੂਲੀ-ਮਾਮੂਲੀ ਗੱਲਾਂ ਕਰ ਕੇ ਰੁੜ੍ਹ ਜਾਣਾ ਸੀ। ਪਾਕਿਸਤਾਨ ਅਜੇ ਬੱਚਾ ਸੀ ਜਿਸ ਨੂੰ ਹਰ ਕਿਸੇ ਨੇ ਲਡਿਆਣਾ ਸੀ। ਜਿਸ ਦੀਆਂ ਗਲਤ ਗੱਲਾਂ ਨੂੰ ਵੀ ਮੰਨਣਾ ਸੀ।

ਲਾਰੀ ਵਿਹੜੇ ਵਿਚ ਖਲੋਤੀ ਰਹੀ, ਜਾ ਵੀ ਕਿੰਝ ਸਕਦੀ ਸੀ? ਅਖ਼ੀਰ ਕੋਈ ਇਕ ਘੰਟੇ ਬਾਅਦ ਸੁਫੇ ਦੇ ਭਿੱਤ ਖੁੱਲ੍ਹੇ, ਪਹਿਲੇ ਰੱਖੀ ਨਿਕਲੀ ਪਿੱਛੇ ਸ਼ੇਰ ਬਾਜ਼ ਸੀ।

ਰੱਖੀ ਨੇ ਲਾਲ ਰੇਸ਼ਮੀ ਜੋੜਾ ਪਾਇਆ ਹੋਇਆ ਸੀ। ਉਹਦੇ ਸਿਰ ਉੱਤੇ ਗੋਟਿਆਂ-ਕਿਨਾਰੀਆਂ ਵਾਲੀ ਝਿੱਲੀ ਸੀ, ਜਿਹੜੀ ਉਸ ਤੋਂ ਸਾਂਭੀ ਨਹੀਂ ਸੀ ਜਾਂਦੀ। ਉਹਦੇ ਮੱਥੇ ਤੇ, ਉਹਦੇ ਕੰਨਾਂ ਵਿਚ, ਉਹਦੇ ਨੱਕ ਵਿਚ, ਬਾਂਹਵਾ ਤੇ, ਗਲੇ ਵਿਚ , ਪੈਰਾਂ ਤੇ ਕੋਈ ਥਾਂ ਖਾਲੀ ਨਹੀਂ ਸੀ, ਜਿੱਥੇ ਕੋਈ ਗਹਿਣਾ ਨਾ ਹੋਏ; ਜਿਸ ਤਰ੍ਹਾਂ ਸੋਨੇ ਨਾਲ ਲੱਦੀ ਹੋਈ ਹੋਵੇ। ਸ਼ੇਰ ਬਾਜ਼ ਦੀ ਦਾਦੀ ਦੇ , ਉਸ ਤੋਂ ਪਹਿਲੇ ਦੇ ਰੱਖੇ-ਰੱਖਾਏ ਸਾਰੇ ਜ਼ੇਵਰ ਉਹਨੇ ਰੱਖੀਂ ਨੂੰ ਪਵਾਏ। ਛੰਮ-ਛੰਮ ਕਰਦੀ ਉਹ ਲਾਰੀ ਵਿਚ ਆ ਬੈਠੀ। ਸਾਰੇ ਦੇ ਸਾਰੇ ਲੋਕ ਹੈਰਾਨ ਸਨ । ਸ਼ੇਰ ਬਾਜ਼ ਫੇਰ ਅੰਦਰ ਗਿਆ। ਉਸਨੇ ਉਸ ਦਾ ਰਾਂਗਲਾ ਪੀੜ੍ਹਾ ਲਿਆ ਕੇ ਲਾਰੀ ਵਿਚ ਰੱਖਿਆ। ਫੇਰ ਉਹਦਾ ਸ਼ੀਸ਼ਿਆਂ ਵਾਲਾ ਪਲੰਘ ਰੱਖਵਾਇਆ, ਫੇਰ ਟਰੰਕ ਰਖਵਾਏ, ਜਿਹੜੇ ਰੱਖੀ ਲਈ ਫੁੱਲਕਾਰੀਆਂ ਤੇ ਤੇਵਰਾਂ ਦੇ ਭਰੇ ਹੋਏ ਸਨ। ਅਖੀਰਲੀ ਵਾਰ ਸ਼ੇਰ ਬਾਜ਼ ਅੰਦਰ ਗਿਆ, ਰੱਖੀ ਨੂੰ ਆ ਕੇ ਇਕ ਪੱਖੀ ਤੇ ਇਕ ਛੱਨਾ ਫੜਾਇਆ। ਛੰਨੇ ਉਤੇ ਚਿੱਤਰਿਆ ਹੋਇਆ ਸੀ, 'ਸ਼ੇਰ ਬਾਜ਼ ਖ਼ਾਨ' ਤੇ ਪੱਖੀ ਉੱਤੇ ਰੱਖੀ ਨੇ ਆਪ ਸੂਹੇ ਸਾਵੇਂ ਧਾਗਿਆ ਨਾਲ ਕੱਢਿਆ ਸੀ। 'ਪਾਕਿਸਤਾਨ ਹਮਾਰਾ ਹੈ'।

ੴ ੴ ੴ ੴ ੴ

---

ਜੱਟ, ਚੋਰ ਤੇ ਯਾਰ ਨੂੰ ਸੰਨ੍ਹ ਲਾਵਣ,
ਰਾਹ ਰੋਕਦੇ ਤੇ ਸੰਨ੍ਹ ਲਾਂਵਦੇ ਨੀ।
ਵਾਰਸ ਸ਼ਾਹ ਇਹ ਜੱਟ ਨੀਂ ਠੱਗ ਸੱਭੇ,
ਨਿਰੇ ਠੱਗ ਇਹ ਜੱਟ ਝਨਾਂਵ ਦੇ ਨੀ।
-ਮੀਆਂ ਵਾਰਸ-

26

# ਦਾਈ ਜੀਵਾਂ

## ਡਾਕਟਰ ਕਰਨੈਲ ਸਿੰਘ ਥਿੰਦ

ਜੀਵਾਂ ਸਾਡੇ ਪਿੰਡ ਦੀ ਦਾਈ ਸੀ। ਜਦ ਮੇਰੇ ਪਿਤਾ ਜੀ ਦਾ ਜਨਮ ਹੋਇਆ, ਤਾਂ ਉਸ ਸਮੇਂ ਦਾਈ ਦੀ ਜ਼ਿੰਮੇਵਾਰੀ ਜੀਵਾਂ ਨੇ ਨਿਭਾਈ; ਜਦੋਂ ਮੇਰੀ ਪੈਦਾਇਸ਼ ਹੋਈ ਤਾਂ ਉਸ ਵਕਤ ਵੀ ਦਾਈ ਜੀਵਾਂ ਹੀ ਸੀ, ਅਤੇ ਜੇ 1947 ਵਿਚ ਦੇਸ ਦੀ ਵੰਡ ਕਾਰਣ ਲਾਇਲਪੁਰ ਦੇ ਜ਼ਿਲ੍ਹੇ ਵਿੱਚੋਂ ਆਪਣਾ ਜੱਦੀ ਪਿੰਡ ਛੱਡ ਕੇ ਸਰਹੱਦ ਦੇ ਇਸ ਪਾਰ ਆਉਣ ਲਈ ਮਜਬੂਰ ਨਾ ਹੋਣਾ ਪੈਂਦਾ ਤਾਂ ਮੇਰੇ ਬੇਟੇ ਰਾਜਦੀਪ ਦੀ ਜਨਮ-ਦਾਈ ਵੀ ਜੀਵਾਂ ਹੀ ਹੁੰਦੀ। ਮੇਰੇ ਦਾਦੀ ਜੀ ਮੈਨੂੰ ਦੱਸਿਆ ਕਰਦੇ ਸਨ, ਕਿ ਮੈਨੂੰ ਜਨਮ ਸਮੇ ਸ਼ਹਿਦ ਦੀ ਗੁੜ੍ਹਤੀ ਵੀ ਉਸੇ ਨੇ ਦਿੱਤੀ ਸੀ। ਸ਼ਾਇਦ ਏਸੇ ਕਾਰਣ ਮੇਰੇ ਸੁਭਾਅ ਵਿਚ ਮਿੱਠਤ ਹੈ।

ਦਾਈ ਜੀਵਾਂ ਮੇਰੀ ਦਾਦੀ ਦੀ ਹਮ-ਉਮਰ ਸੀ। ਮੇਰੇ ਪਿਤਾ ਦੇ ਜਨਮ ਸਮੇ ਜੀਵਾਂ ਆਪਣੀ ਜਵਾਨੀ ਦੇ ਪਹਿਲੇ ਵਰ੍ਹਿਆਂ ਵਿਚ ਸੀ। ਮੇਰੀ ਦਾਦੀ ਦੱਸਦੀ ਹੁੰਦੀ ਸੀ, ਕਿ ਉਸ ਸਮੇਂ ਲੋਹੜੇ ਦਾ ਹੁਸਨ ਸੀ, ਜੀਵਾਂ 'ਤੇ। ਪੰਛੀ ਉਸ ਨੂੰ ਦੇਖ-ਦੇਖ ਡਿਗਦੇ। ਜਦ ਮੈਂ ਪੈਦਾ ਹੋਇਆ ਤਾਂ ਉਸ ਵਕਤ ਉਸ ਦੀ ਜਵਾਨੀ ਢੱਲ ਰਹੀ ਸੀ। ਜੇ ਅਸੀਂ ਆਪਣੇ ਪਿੰਡ ਵਿਚ ਹੀ ਹੁੰਦੇ ਤਾਂ ਮੇਰੇ ਬੇਟੇ ਰਾਜਦੀਪ ਦੇ ਜਨਮ ਵੇਲੇ ਮੇਰੀ ਦਾਦੀ ਵਾਂਗ, ਉਸ ਦੇ ਮੂੰਹ ਤੇ ਵੀ ਝੁਰੜੀਆਂ ਹੁੰਦੀਆਂ। ਅਤੇ ਉਹ ਮੇਰੇ ਬਾਪ ਨੂੰ, ਮੈਨੂੰ ਤੇ ਮੇਰੇ ਬੇਟੇ ਨੂੰ ਮੁਖ਼ਾਤਿਬ ਕਰਕੇ, ਬੜੇ ਮਾਣ ਨਾਲ ਆਖਦੀ, "ਮੈਂ ਤਿੰਨਾਂ ਦੀ ਮਾਂ ਹਾਂ। ਤੁਸੀਂ ਤਿੰਨੋਂ ਮੇਰੇ ਹੱਥੀਂ ਜੰਮੇ ਹੋ।"

ਆਪਣੇ ਬੇਟੇ ਦੇ ਜਨਮ ਸਮੇਂ ਜਦ ਮੈਂ ਆਪਣੀ ਬੀਵੀ ਨੂੰ ਹਸਪਤਾਲ ਦਾਖਲ ਕਰਵਾਇਆ ਤਾਂ ਮੇਰੀ ਦਾਦੀ ਬਹੁਤ ਨਾਰਾਜ਼ ਸੀ। ਕਿ ਉਹ ਕਹਿੰਦੀ ਕਿ, "ਅੱਜ-ਕੱਲ੍ਹ ਦੀਆਂ ਨਰਸਾਂ ਤੇ ਡਾਕਟਰਾਂ ਨਾਲੋਂ ਤਾਂ ਦਾਈ ਜੀਵਾਂ, ਹਜ਼ਾਰ ਦਰਜੇ ਸਿਆਣੀ ਸੀ। ਕਾਸ਼ ! ਅੱਜ ਉਹ ਸਾਡੇ ਪਾਸ ਹੁੰਦੀ। ਮੈਂ ਕਦੇ ਵੀ ਆਪਣੀ ਪੋਤ-ਨੂੰਹ ਨੂੰ ਡਾਕਖ਼ਾਨੇ (ਹਸਪਤਾਲ) ਨਾ ਜਾਣ ਦੇਂਦੀ।" ਤੇ ਫਿਰ ਮੇਰੀ ਦਾਦੀ ਨੇ ਦਾਈ ਜੀਵਾਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਣੇ ਸ਼ੁਰੂ ਕਰ ਦਿੱਤੇ, "ਜੀਵਾਂ ਕੋਈ ਦਾਈ ਥੋੜੀ ਸੀ, ਉਹ ਤਾਂ ਸਾਡੇ ਪਿੰਡ ਦੀ ਰਾਣੀ ਸੀ, ਰਾਣੀ। ਪਿੰਡ ਦੀਆਂ ਸਾਰੀਆਂ ਤੀਵੀਆਂ ਉਸ ਨੂੰ ਦੇਵੀ ਵਾਂਗ ਪੂਜਦੀਆਂ ਸਨ। ਜਿਸ ਘਰ ਵਿਚ ਉਹ ਪੈਰ ਧਰਦੀ, ਸਾਰਾ ਵਿਹੜਾ ਖ਼ੁਸ਼ੀ ਨਾਲ ਮਹਿਕ ਉੱਠਦਾ। ਉਹ ਜੱਚਾ ਦੀ ਏਨੀ ਸੇਵਾ ਕਰਦੀ ਕਿ ਰਹੇ ਰੱਬ ਦਾ ਨਾਂ। ਸ਼ਹਿਦ ਤੇ ਮਿਸ਼ਰੀ ਤੋਂ ਵੀ ਵਧੇਰੇ ਮਿਠਾਸ ਸੀ, ਉਸਦੇ ਬੋਲਾਂ ਵਿਚ।" ਮੇਰੀ ਦਾਦੀ ਪਾਸ ਉਸ ਦੀਆਂ ਸਿਫ਼ਤਾਂ ਦਾ ਏਨਾਂ ਵੱਡਾ ਭੰਡਾਰ ਸੀ, ਕਿ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ, ਜੀਵਾਂ ਬਾਰੇ।

ਮੇਰੇ ਪਿੰਡ ਦੀ ਬਜ਼ੁਰਗ ਪੀੜ੍ਹੀ ਨੂੰ ਛੱਡ ਕੇ ਬਾਕੀ ਸਭ ਧੀਆਂ-ਪੁੱਤਰ ਜੀਵਾਂ ਦੇ ਹੱਥਾਂ ਵਿਚ ਹੀ ਜੰਮੇ-ਪਲੇ ਸਨ। ਪਿੰਡ ਦੀਆਂ ਧੀਆਂ, ਸ਼ਾਦੀਆਂ ਤੋਂ ਪਿੱਛੋਂ ਆਪਣੇ-ਆਪਣੇ ਬਾਬਲਾਂ ਦੇ ਚੰਬੇ-ਲੱਦੇ ਵਿਹੜਿਆਂ ਨੂੰ ਛੱਡ ਕੇ, ਜਿਵੇਂ-ਜਿਵੇਂ ਪਰਦੇਸਣਾਂ ਬਣਦੀਆਂ ਜਾ ਰਹੀਆਂ ਸਨ ਤੇ ਨੂੰਹਾਂ ਪਿੰਡ ਵਿਚ ਪਰਵੇਸ਼ ਕਰ ਰਹੀਆਂ ਸਨ। ਇਨ੍ਹਾਂ ਨੂੰਹਾਂ ਦੀ ਸਭ ਤੋਂ ਵੱਡੀ ਰਾਜ਼ਦਾਨ ਦਾਈ ਜੀਵਾਂ ਹੀ ਬਣਦੀ। ਸੱਸਾਂ ਤੇ ਉਨ੍ਹਾਂ ਦੀਆਂ ਨੂੰਹਾਂ ਦੇ ਸਾਰੇ ਭੇਦ ਲਗਾਤਾਰ ਦਾਈ ਜੀਵਾਂ ਪਾਸ ਇਕੱਠੇ ਹੁੰਦੇ ਜਾ ਰਹੇ ਸਨ। ਇਸ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਦੇ ਇਮਾਲਨਾਮਿਆਂ ਦਾ ਕੱਚਾ ਚਿੱਠਾ, ਜੀਵਾਂ ਦੀ ਯਾਦ-ਪਟਾਰੀ ਵਿਚ ਜਮ੍ਹਾਂ ਸੀ। ਦਾਈ ਜੀਵਾਂ ਹਰ ਇਕ ਦੀ ਸੁਣਦੀ, ਹਰ ਇਕ ਦੀ ਦੂਜੀ ਨੂੰ ਨਾ ਦੱਸਦੀ। ਬੜਾ ਹੀ ਸੋਹਣਾ ਵਕਤ ਬਤੀਤ ਕਰ ਰਹੀ ਸੀ, ਉਹ।

ਭਾਵੇਂ ਮੋਟੇ ਤੌਰ ਤੇ ਮੇਰੇ ਪਿੰਡ ਨੂੰ ਸਿੱਖ-ਜ਼ਿਮੀਂਦਾਰਾਂ ਦਾ ਪਿੰਡ ਕਿਹਾ ਜਾਂਦਾ ਸੀ, ਕਿਉਂ ਜੋ ਜ਼ਮੀਨ ਦੇ ਮਾਲਕ ਮਹਿਜ਼ ਉਹ ਹੀ ਸਨ: ਪਰ ਇਸ ਪਿੰਡ ਵਿਚ ਲੱਗ-ਭਗ ਹਰ ਮਜ਼੍ਹਬ ਤੇ ਫਿਰਕੇ ਦੇ ਲੋਕ ਆਬਾਦ ਸਨ; ਸਿੱਖ ਜ਼ਿਮੀਂਦਾਰ ਸਨ, ਕਰੀਮ ਬਖ਼ਸ਼ ਲੁਹਾਰ, ਉਮਰ ਦੀਨ ਤੇਲੀ ਤੇ ਅੱਲ੍ਹਾ ਦਿੱਤਾ ਧੋਬੀ ਦੇ ਘਰ ਸਨ; ਗਣੇਸ਼ ਭਗਤ, ਜਿਸ ਨੂੰ ਹਰ ਕੋਈ ਲੋਟੂ ਸ਼ਾਹ ਕਹਿੰਦਾ ਸੀ। ਕਾਂਸ਼ੀ ਤੇ ਗਹਿਲਾ, ਹਿੰਦੂ ਹਟਵਾਣੀਏ ਵੀ ਪਿੰਡ ਦੇ ਵਾਸੀ ਸਨ। ਮਜ਼੍ਹਬੀ ਸਿੱਖਾਂ ਤੇ ਇਸਾਈ ਕੰਮੀਆਂ ਦੇ ਘਰ ਸਨ, ਜਿਹੜੇ ਜਿਮੀਂਦਾਰਾਂ ਨਾਲ ਬਤੌਰ ਸੀਰੀ ਕੰਮ ਕਰਦੇ ਸਨ। ਸਮਸ਼ੇਰ ਸਿੰਘ ਗ੍ਰੰਥੀ, ਰਾਮੂ ਬਾਹਮਣ, ਨੱਥੂ ਮੋਚੀ, ਕੀਮਾਂ ਜੁਲਾਹਾ, ਤੇ ਬਾਰੂ ਬਾਜ਼ੀਗਰ ਵੀ ਮੇਰੇ ਪਿੰਡ ਵਿਚ ਰਹਿੰਦੇ ਸਨ। ਪਰ ਸਾਡੇ ਪਿੰਡ ਦੀ ਰੂਹ ਦਾਈ ਜੀਵਾਂ ਹੀ ਸੀ।

ਕਿਸੇ ਵੀ ਘਰ ਵਿਚ ਨਵੇਂ ਬੱਚੇ ਦੇ ਆਉਣ ਦੀ ਉਮੀਦ ਹੁੰਦੀ, ਕਈ-ਕਈ ਹਫਤੇ ਪਹਿਲਾਂ ਹੀ ਜੀਵਾਂ ਦੀ ਲੋੜ ਪੈ ਜਾਂਦੀ। ਜ਼ੈਲਦਾਰ ਜਵਾਲਾ ਸਿੰਘ ਦੇ ਘਰ ਪੁੱਤਰ ਜਨਮ ਲੈਂਦਾ, ਉਹ ਮੁਬਾਰਕਾਂ ਦੇਂਦੀ ਨਾ ਥੱਕਦੀ। ਬਾਰੂ ਬਾਜ਼ੀਗਰ ਬੁਲਾਉਣ ਆ ਜਾਂਦਾ ਕਿ ਉਸ ਦੀ ਤੀਵੀਂ ਦਰਦ ਨਾਲ ਕੱਰਾਹ ਰਹੀ ਹੈ, ਜੀਵਾਂ ਸਾਰੀ ਰਾਤ ਉਸ ਦੀ ਝੌਂਪੜੀ ਵਿਚ ਗੁਜ਼ਾਰ ਦਿੰਦੀ। ਸੁਬ੍ਹਾ ਹੋਣ ਤੋਂ ਪਹਿਲਾਂ ਹੀ ਰਾਮੂ ਬਾਮ੍ਹਣ ਬੁਲਾ ਕੇ ਲੈ ਜਾਂਦਾ ਕਿ ਪੰਡਤਾਣੀ ਨੇ ਯਾਦ ਕੀਤਾ ਹੈ। ਇਸ ਤਰ੍ਹਾਂ ਦਿਨ-ਰਾਤ, ਚੌਵੀ ਘੰਟੇ, ਦਾਈ ਜੀਵਾਂ ਇਕ ਤੋਂ ਬਾਅਦ ਦੂਜੇ, ਫਿਰ ਤੀਜੇ ਤੇ ਫਿਰ ਚੌਥੇ ਘਰ ਵਿਚ ਹਰ ਕਿਸੇ ਦੀ ਲੋੜ ਪੂਰੀ ਕਰਦੀ ਰਹਿੰਦੀ। ਕਿਤੇ ਉਸ ਦੇ ਹੱਥ ਵਿਚ ਨਵਾਂ ਬੱਚਾ ਹੁੰਦੀ, ਉਸ ਨੂੰ ਉਹ ਚੁੰਮਦੀ ਤੇ ਪੁਚਕਾਰਦੀ। ਦੂਜੀ ਥਾਂ ਕਿਸੇ

ਪੋਤੜੇ ਧੋਂਦੀ; ਤੀਜੀ, ਕਿਸੇ ਜੱਚਾ ਦੀ ਮੁੱਠੀ-ਚਾਪੀ ਕਰ ਰਹੀ ਹੁੰਦੀ ਅਤੇ ਗਣੇਸ਼ ਭਗਤ ਦੇ ਘਰ ਪੋਤੀ ਦੇ ਜਨਮ ਲੈਣ ਤੇ ਅਫਸੋਸ ਵਿਚ ਡੁੱਬੇ ਪਰਵਾਰ ਦੇ ਜੀਆਂ ਨੂੰ ਦਿਲਾਸਾ ਦੇ ਰਹੀ ਹੁੰਦੀ। "ਵਾਹ ਸ਼ਾਹਣੀ! ਤੂੰ ਵੀ ਅਜੀਬ ਔਰਤ ਏਂ! ਸੁਣਿਆਂ ਨਹੀਂ, ਧੀਆਂ ਘਰ ਦੀ ਦੌਲਤ ਹੁੰਦੀਆਂ ਨੇ-ਲੱਛਮੀ। ਤੈਨੂੰ ਗ਼ਮ ਕਿਸ ਗੱਲ ਦਾ?" ਉਹ ਗਣੇਸ਼ ਭਗਤ ਦੀ ਵਹੁਟੀ ਨੂੰ ਸਮਝਾਉਂਦੀ। ਆਪਣੇ ਕੰਮ-ਕਾਰ ਤੋਂ ਵਿਹਲਿਆਂ ਹੋ ਕੇ ਕਦੀ ਵੀ ਖਾਲੀ ਹੱਥੀ ਘਰ ਨਾ ਪੁੱਜਦੀ। ਉਸ ਦੀ ਝੋਲੀ ਤਿਲਾਂ, ਚੌਲਾਂ, ਦਾਣਿਆਂ ਜਾਂ ਆਟੇ ਨਾਲ ਭਰੀ ਹੁੰਦੀ। ਉਸ ਦੇ ਹੱਥਾਂ ਵਿਚ ਗੁੜ ਦੀਆਂ ਰਿਉੜੀਆਂ ਹੁੰਦੀਆਂ, ਦੁੱਧ ਦਾ ਗਲਾਸ ਹੁੰਦਾ ਜਾਂ ਕੋਈ ਵੀ ਹੋਰ ਚੀਜ਼, ਜਿਹੜੀ ਉਸ ਨੂੰ ਕਿਸੇ ਵੀ ਘਰ ਤੋਂ ਭੇਟਾ ਕੀਤੀ ਜਾਂਦੀ। ਉਹ ਦਿਲ ਦੀ ਏਨੀ ਸ਼ਾਹ ਸੀ ਬਹੁਤੀ ਵਾਰ ਸਰਦੇ-ਪੁੱਜਦੇ ਘਰਾਂ ਵਿਚੋਂ ਹਾਸਲ ਕੀਤੀਆਂ ਚੀਜ਼ਾਂ, ਗਰੀਬ ਲੋੜਵੰਦਾਂ ਨੂੰ ਵੰਡ ਦੇਂਦੀ । ਭਾਵੇਂ ਲੋਕ ਗਣੇਸ਼ ਭਗਤ ਦੀ ਵਹੁਟੀ ਨੂੰ ਸ਼ਾਹਣੀ ਕਹਿੰਦੇ ਸਨ, ਕਿਉਂ ਜੋ ਉਹ ਜ਼ਰੂਰਤ-ਮੰਦਾਂ ਨੂੰ ਵਿਆਜ ਤੇ ਰੁਪਏ ਉਧਾਰ ਦਿੰਦੀ ਸੀ, ਪਰ ਅਸਲ ਸ਼ਾਹਣੀ ਜੀਵਾਂ ਹੀ, ਜਿਸ ਪਾਸੋਂ ਹਰ ਲੋੜਵੰਦ ਸਹਿਜੇ ਹੀ ਆਪਣੀ ਲੋੜ ਪੂਰੀ ਕਰ ਲੈਂਦਾ ਸੀ। ਉਹ ਕਦੀ ਕਿਸੇ ਨੂੰ ਨਾਂਹ ਨਹੀਂ ਸੀ ਕਰਦੀ।

ਜੀਵਾਂ ਪਿੰਡ ਦੀ ਨਰਸ ਤਾਂ ਸੀ ਹੀ, ਉਹ ਲੇਡੀ ਡਾਕਟਰ ਵੀ ਸੀ। ਔਰਤਾਂ ਦੀਆਂ ਸਾਰੀਆਂ ਬੀਮਾਰੀਆਂ ਦੇ ਨੁਸਖ਼ੇ ਉਸ ਨੂੰ ਹਿਫ਼ਜ਼ ਸਨ। ਜਿਸ ਤਰ੍ਹਾਂ ਦੀ ਮਰਜ਼ ਹੁੰਦੀ, ਉਹ ਇਕ ਦਮ ਇਲਾਜ ਤਜ਼ਵੀਜ਼ ਕਰ ਦੇਂਦੀ। ਭਾਵੇਂ ਗ੍ਰੰਥੀ ਭਾਈ ਸਮਸ਼ੇਰ ਸਿੰਘ ਵੀ ਹਕੀਮੀ ਕਰਦਾ ਸੀ, ਪਰ ਉਹ ਇਸ ਗੱਲ ਤੇ ਬੜਾ ਬਦਨਾਮ ਸੀ, ਕਿ ਉਹ ਲੋਕਾਂ ਨੂੰ ਟੂਣੇ-ਮੰਤਰ ਲਿਖ ਕੇ ਦੇਂਦਾ ਸੀ। ਇਸ ਲਈ ਜਦ ਵੀ ਕਿਸੇ ਦੀ ਅੱਖ ਦੁੱਖਦੀ, ਸਿਰ-ਦਰਦ ਜਾਂ ਢਿੱਡ-ਪੀੜ ਹੁੰਦੀ ਜਾਂ ਕੋਈ ਹੋਰ ਤਕਲੀਫ਼, ਤਾਂ ਝੱਟ ਜੀਵਾਂ ਨੂੰ ਬੁਲਾ ਲਿਆ ਜਾਂਦਾ। ਉਸ ਦੇ ਸਿਰ ਉੱਪਰਲੇ ਲੀੜੇ ਦੀ ਇਕ ਕੰਨੀ ਵਿਚ ਨਸਵਾਰ ਦੀ ਡੱਬੀ, ਤੇ ਦੂਜੀ ਵਿਚ ਸੁਰਮੇਂ ਦੀ ਇਕ ਸ਼ੀਸ਼ੀ ਤੇ ਸੁਰਮਚੂ ਬੱਧੇ ਹੋਏ ਹੁੰਦੇ। ਤੀਜੀ ਕੰਨੀ ਵਿਚ ਕੁਝ ਪੁੜੀਆਂ ਹੁੰਦੀਆਂ, ਸਿਰ-ਪੀੜ, ਪੇਟ-ਦਰਦ, ਜ਼ੁਕਾਮ, ਖਾਂਸੀ ਜਾਂ ਕਿਸੇ ਹੋਰ ਮਰਜ਼ ਲਈ। ਏਸ ਤਰ੍ਹਾਂ ਦਾਈ ਜੀਵਾਂ ਇਕ ਚੱਲਦਾ-ਫਿਰਦਾ ਹਸਪਤਾਲ ਸੀ।

ਜੀਵਾਂ ਦਾ ਖਾਨਦਾਨ ਬਹੁਤ ਹੀ ਹੀ ਮੁਖ਼ਤਸਰ ਸੀ; ਉਸਦਾ ਪਤੀ ਨੂਰਾ ਤੇ ਇੱਕੋ-ਇਕ ਲੜਕੀ ਫ਼ਾਤਿਮਾ, ਜਿਸ ਦੀ ਸ਼ਾਦੀ ਬਹੁਤ ਸਾਲ ਪਹਿਲਾਂ ਕਰ ਦਿੱਤੀ ਗਈ ਸੀ। ਫ਼ਾਤਿਮਾ ਦੇ ਸਹੁਰਿਆਂ ਨੇ ਮੰਗ ਕੀਤੀ ਸੀ, ਕਿ ਜੀਵਾਂ ਆਪਣੀ ਲੜਕੀ ਦੀ ਸ਼ਾਦੀ ਆਪਣੇ ਰਿਸ਼ਤੇਦਾਰਾਂ ਪਾਸ, ਇਕ ਮੁਸਲਮਾਨ ਪਿੰਡ ਵਿਚ ਜਾ ਕੇ ਕਰੇ। ਕਿਉਂ ਜੋ, ਉਹਨਾਂ ਨੂੰ ਡਰ ਸੀ ਕਿ ਸਿੱਖਾਂ ਦਾ ਪਿੰਡ ਹੋਣ ਕਰ ਕੇ, ਸ਼ਾਇਦ ਸਰਦਾਰਾਂ ਦੇ ਏਸ ਪਿੰਡ ਵਿਚ 'ਹਲਾਲ' ਦੀ ਇਜ਼ਾਜਤ ਨਾ ਮਿਲੇ ਤੇ ਜੀਵਾਂ, ਬਰਾਤ ਦੀ ਖ਼ਿਦਮਤ ਪੂਰੀ ਤਰ੍ਹਾਂ ਨਾ ਕਰ ਸਕੇ। ਪਰ, ਜਦ ਇਸ ਗੱਲ ਦੀ ਖ਼ਬਰ ਪਿੰਡ ਦੇ ਮੁਅਤ੍ਰਬਰ ਆਦਮੀਆਂ ਪਾਸ ਪੁੱਜੀ, ਤਾਂ ਉਹਨਾਂ ਨੇ ਜੀਵਾਂ ਤੇ ਨੂਰੇ ਨੂੰ ਕਿਹਾ, "ਫ਼ਾਤਿਮਾ ਸਾਡੀਆਂ ਸਕੀਆਂ ਧੀਆਂ ਤੋਂ ਵੀ ਵੱਧ ਹੈ। ਅਸੀਂ ਇਹ ਹੇਠੀ ਕਦੀ ਵੀ ਬਰਦਾਸ਼ਤ ਨਹੀਂ ਕਰ ਸਕਦੇ, ਕਿ ਫ਼ਾਤਿਮਾ ਦਾ ਵਿਆਹ ਕਿਸੇ ਹੋਰ ਪਿੰਡ ਜਾ ਕੇ ਕੀਤਾ ਜਾਏ। ਤੁਸੀਂ ਜਿਵੇਂ ਚਾਹੋ ਜੰਞ ਦੀ ਸੇਵਾ ਕਰੋ, ਤੁਹਾਨੂੰ ਪੂਰੀ ਖੁੱਲ੍ਹ ਹੈ।" ਪਿੰਡ ਦੇ ਜ਼ਿਮੀਂਦਾਰਾਂ ਨੇ ਉਗਰਾਹੀ ਲਾ ਕੇ ਸਾਂਝੇ ਤੌਰ ਤੇ ਫ਼ਾਤਿਮਾ ਨੂੰ ਦਾਜ ਵਿਚ ਦੇਣ ਲਈ ਇਕ ਮੱਝ ਤੋਂ ਛੁੱਟ, ਬਰਾਤ ਦੀ ਸੇਵਾ ਲਈ ਦੋ ਬੱਕਰੇ ਵੀ ਜੀਵਾਂ ਨੂੰ ਲੈ ਕੇ ਦਿੱਤੇ। ਫ਼ਾਤਿਮਾ ਦਾ ਵਿਆਹ ਬਹੁਤ ਧੂਮ-ਧਾਮ ਤੇ ਸੱਜ-ਧੱਜ ਨਾਲ ਹੋਇਆ। ਸਾਰੇ ਪਿੰਡ ਦਾ ਕੋਈ ਵੀ ਘਰ ਅਜਿਹਾ ਨਹੀਂ ਸੀ, ਜਿਸ ਨੇ ਇਸ ਵਿਆਹ ਵਿਚ ਆਪਣੀ ਵਿਤ ਅਨੁਸਾਰ ਹਿੱਸਾ ਨਾ ਪਾਇਆ ਹੋਵੇ। ਫ਼ਾਤਿਮਾ ਦੇ ਸਹੁਰੇ ਬਹੁਤ ਹੀ ਖ਼ੁਸ਼ ਹੋਏ।

ਫ਼ਾਤਿਮਾ ਸੱਤਾਂ ਵਰ੍ਹਿਆਂ ਵਿਚ ਈ ਚਾਰ ਬੱਚਿਆਂ ਦੀ ਮਾਂ ਬਣ ਗਈ। ਜੀਵਾਂ ਨੇ ਫ਼ਾਤਿਮਾ ਦੇ ਵੱਡੇ ਪੁੱਤਰ ਤੇ ਧੀ ਨੂੰ ਆਪਣੇ ਪਾਸ ਲੈ ਆਂਦਾ। ਨੂਰੇ ਪਾਸ ਇਕ ਬੱਕਰੀ ਸੀ ਤੇ ਦੋ ਉਸ ਦੇ ਲੇਲੇ, ਜਿਹਨਾਂ ਨਾਲ ਉਸਦਾ ਦਿਲ ਲੱਗਾ ਰਹਿੰਦਾ ਸੀ। ਨੂਰਾ ਖੇਤਾਂ ਦੇ ਬੰਨਿਆਂ ਤੇ ਉਹਨਾਂ ਨੂੰ ਚਾਰ ਲਿਆਉਂਦਾ ਸੀ। ਉਹਨਾਂ ਜੋਗਾ ਚਾਰਾ ਵੀ ਖੇਤਾਂ ਵਿਚੋਂ ਵੱਢ ਲਿਆਉਂਦਾ । ਕਦੀ ਵੀ ਕਿਸੇ ਨੇ ਉਸ ਨੂੰ ਰੋਕਿਆ ਨਹੀਂ ਸੀ। ਜਾਂ, ਵਾਢੀਆਂ ਦੇ ਦਿਨਾਂ ਵਿਚ ਨੂਰਾ ਕਣਕ ਦੀਆਂ ਭਰੀਆਂ ਇਕੱਠੀਆਂ ਕਰਕੇ ਪਿੰਡ ਦੇ ਨੇੜੇ ਨਿਆਈਂ ਵਿਚ ਆਪਣਾ ਖਲਵਾੜਾ ਲਾ ਲੈਂਦਾ। ਹਰ ਜ਼ਿਮੀਂਦਾਰ ਆਪਣੀ ਵਿਤ ਅਨੁਸਾਰ ਦੋ, ਤਿੰਨ ਜਾਂ ਚਾਰ ਭਰੀਆਂ ਦਾਈ ਜੀਵਾਂ ਦੀ ਸੇਵਾ ਬਦਲੇ ਉਸ ਨੂੰ ਦੇਂਦਾ। ਇਸ ਤਰ੍ਹਾਂ ਉਹਨਾਂ ਪਾਸ ਹਰ ਸਾਲ ਚੋਖੇ ਦਾਣੇ ਵੀ ਜਮਾਂ ਹੋ ਜਾਂਦੇ।

ਫ਼ਾਤਿਮਾ ਦੇ ਵਿਆਹ ਤੋਂ ਦੋ ਸਾਲ ਪਹਿਲਾਂ ਦੀ ਗੱਲ ਹੈ, ਕਿ ਉਹ ਜ਼ੈਲਦਾਰ ਜੁਆਲਾ ਸਿੰਘ ਦੇ ਖੇਤਾਂ ਵਿਚ ਸਾਗ ਤੋੜ ਰਹੀ ਸੀ। ਜੁਆਲਾ ਸਿੰਘ ਦਾ ਸਭ ਤੋਂ ਛੋਟਾ ਮੁੰਡਾ, ਜਿਹੜਾ ਲਾਇਲਪੁਰ ਦੇ ਕਾਲਜ ਵਿਚ ਪੜ੍ਹ ਰਿਹਾ ਸੀ, ਛੁੱਟੀਆਂ ਵਿਚ ਘਰ ਆਇਆ ਹੋਇਆ ਸੀ। ਉਸ ਨੇ ਫ਼ਾਤਿਮਾ ਨੂੰ ਇਕੱਲਿਆਂ ਵੇਖ ਕੇ ਪਹਿਲਾਂ ਏਹ ਬੋਲ ਕਹੇ:-

*ਕਿਤਾੜੀ ਏਂ ਤੂੰ ਸਾਗ ਤੋੜਦੀ*
*ਹੱਥ ਸੋਚ ਕੇ ਗੰਦਲ ਨੂੰ ਲਾਈਂ।*

ਤੇ ਫਿਰ ਉਸ ਦੇ ਹੁਸਨ ਦੀ ਤਾਰੀਫ਼ ਵਿਚ ਕੁਝ ਲਫ਼ਜ਼ ਕਹੇ। ਫ਼ਾਤਿਮਾ ਉਸੇ ਪਲ ਹੰਭਦੀ-ਹੁੱਟਦੀ ਦੌੜ ਕੇ ਘਰ ਪੁੱਜੀ। ਇਹ ਖ਼ਬਰ ਸਾਰੇ ਪਿੰਡ ਵਿਚ ਜੰਗਲ ਦੀ ਅੱਗ ਵਾਂਗ ਫ਼ੈਲ ਗਈ। ਪਿੰਡ ਦੇ ਪੰਚ ਇਕੱਠੇ ਹੋਏ।

ਜੁਆਲਾ ਸਿੰਘ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਗਿਆ। ਸਾਰੇ ਕੰਮੀਆਂ ਨੂੰ ਉਸ ਦੇ ਕੰਮ ਕਰਨ ਤੋਂ ਰੋਕ ਦਿੱਤਾ ਗਿਆ। ਜੁਆਲਾ ਸਿੰਘ ਜਾਂ ਉਸ ਦੇ ਪਰਵਾਰ ਦੇ ਕਿਸੇ ਮੈਂਬਰ ਨਾਲ ਬੋਲ-ਚਾਲ ਰੱਖਣ ਵਾਲੇ ਪਾਸੋਂ ਪੰਜ ਰੁਪਏ ਡੰਨ ਲੈਣਾ ਤਜ਼ਵੀਜ਼ ਕੀਤਾ ਗਿਆ। ਦੋ ਦਿਨਾਂ ਵਿਚ ਹੀ ਜ਼ੈਲਦਾਰ ਨੂੰ ਨਾਨੀ ਚੇਤੇ ਆ ਗਈ ਅਤੇ ਉਸ ਨੇ ਜੀਵਾਂ ਤੇ ਨੂਰੇ ਦੇ ਪੈਰਾਂ ਤੇ ਪੱਗ ਰੱਖ ਕੇ ਮੁਆਫੀ ਮੰਗੀ, ਤਾਂ ਜਾ ਕੇ ਬਰਾਦਰੀ ਨੇ ਉਸ ਦਾ ਬਾਈਕਾਟ ਖ਼ਤਮ ਕੀਤਾ। ਪਿੰਡ ਵਿਚ ਮਾੜੇ-ਮੋਟੇ ਝਗੜੇ ਤਾਂ ਅਕਸਰ ਹੋ ਜਾਂਦੇ ਸਨ, ਪਰ ਕਿਸੇ ਵੀ ਨੂੰਹ-ਧੀ ਦੀ ਇਜ਼ਤ ਤੇ ਇਹ ਪਹਿਲਾ ਵਾਰ ਸੀ। ਇਸ ਤੋਂ ਪਿਛੋਂ ਪਿੰਡ ਵਿਚ ਕੋਈ ਘਟਨਾ ਨਾ ਵਾਪਰੀ।

ਦੇਸ ਦੀ ਆਜ਼ਾਦੀ ਦਾ ਵਰ੍ਹਾ ਬਰਬਾਦੀ ਦੀਆਂ ਸੋਆਂ ਨਾਲ ਸ਼ੁਰੂ ਹੋਇਆ । ਮੇਰੇ ਪਿੰਡ ਵਿਚ ਹੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਫਿਰਕੂ ਫਸਾਦਾਂ ਦੀਆਂ ਖ਼ਬਰਾਂ ਅੱਪੜਨ ਲੱਗ ਪਈਆਂ। ਮਾਸੂਮਾਂ ਦੇ ਟੋਟੇ, ਬੇਗੁਨਾਹਾਂ ਦੇ ਕਤਲ, ਨੰਗੀਆਂ ਔਰਤਾਂ ਦੇ ਜਲੂਸ, ਅਬਲਾਵਾਂ ਦੀ ਬੇਇਜ਼ਤੀ, ਜਾਇਦਾਦਾਂ ਦੀ ਲੁੱਟ-ਖਸੁੱਟ, ਮਾਰ-ਧਾੜ, ਚਾਰੇ ਪਾਸੇ ਅੱਗ ਦੇ ਭਾਂਬੜ ਤੇ ਖ਼ੂਨ ਦੀ ਹੋਲੀ........। ਮੇਰੇ ਪਿੰਡ ਦੇ ਲੋਕ ਜਿੱਥੇ ਏਹ ਸੋਚਦੇ ਸਨ। "ਫੇਰ ਕੀ ਏ, ਜੇ ਪਾਕਿਸਤਾਨ ਬਣ ਗਿਆ, ਅਸੀਂ ਏਧਰ ਰਹੀ ਜਾਵਾਂਗੇ, ਸਾਡੇ ਰਿਸ਼ਤੇਦਾਰ ਉਧਰ। ਕਦੀ ਜਾਇਦਾਦਾਂ ਛੱਡ ਕੇ ਵੀ ਕੋਈ ਘਰੋਂ-ਬੇਘਰ ਹੋਇਆ ਏ?" ਹੁਣ ਉਹ ਇਸ ਉਮੀਦ ਵਿਚ ਸਨ ਕਿ ਪਤਾ ਨਹੀਂ, ਕਿ ਕਿਹੜੇ ਵੇਲੇ ਪਿੰਡ ਛੱਡ ਕੇ ਦੌੜਨਾ ਪੈ ਜਾਵੇ। ਜਾਂ ਕਿਸੇ ਵੀ ਘੜੀ ਉਹਨਾਂ ਦਾ ਅੰਤ ਹੋ ਸਕਦਾ ਹੈ। ਪਿੰਡ ਵਿਚ ਮੁਸਲਮਾਨਾਂ ਦੇ ਗਿਣਤੀ ਦੇ ਹੀ ਘਰ ਹੋਣ ਕਾਰਣ, ਉਹਨਾਂ ਮਸ਼ਵਰਾ ਕੀਤਾ ਕਿ ਉਹ ਕਿਸੇ ਲਾਗਲੇ ਮੁਸਲਮਾਨ ਪਿੰਡ ਚਲੇ ਜਾਣ। ਪਿੰਡ ਦੇ ਜ਼ਿਮੀਂਦਾਰਾਂ ਵੱਲੋਂ ਉਹਨਾਂ ਨੂੰ ਪੂਰਾ ਯਕੀਨ ਦੁਆਇਆ ਗਿਆ। ਕਿ, "ਤੁਸੀ ਫਿਕਰ ਨਾ ਕਰੋ, ਸਾਨੂੰ ਖ਼ਤਮ ਕਰ ਕੇ ਹੀ ਕੋਈ ਤੁਹਾਡੀ ਵਾਅ ਵੱਲ ਵੇਖੇਗਾ।"

ਪਿੰਡ ਵਿਚ ਇਕ ਦਿਨ ਬਾਹਰਲੇ ਪਿੰਡਾਂ ਤੋਂ ਹਥਿਆਰਬੰਦ ਸਿੱਖਾਂ ਦਾ ਟੋਲਾ ਆਇਆ। ਗੁਰਦੁਆਰੇ ਵਿਚ ਪਿੰਡ ਦੇ ਲੋਕਾਂ ਨਾਲ ਮਿਲ ਕੇ ਸਾਰੀ ਰਾਤ ਉਹ ਪਤਾ ਨਹੀਂ, ਕੀ-ਕੀ ਸਲਾਹਾਂ-ਮਸ਼ਵਰੇ ਕਰਦੇ ਰਹੇ। ਅੱਲ੍ਹਾ ਦਿੱਤਾ ਨੂੰ ਕਿਸੇ ਤਰ੍ਹਾਂ ਗੁਰਦੁਆਰੇ ਵਿਚ ਹੋ ਰਹੇ ਇਕੱਠ ਦੀ ਸੂਹ ਮਿਲ ਗਈ। ਉਸ ਨੇ ਕਰੀਮ ਬਖ਼ਸ਼ ਤੇ ਉਮਰ ਦੀਨ ਨਾਲ ਸਲਾਹ ਕਰ ਕੇ ਉਸੇ ਸਮੇਂ ਪਿੰਡ ਛੱਡਣ ਦਾ ਫੈਸਲਾ ਕਰ ਲਿਆ ਤੇ ਉਹ ਰਾਤੋ- ਰਾਤ ਪਰਿਵਾਰਾਂ ਸਮੇਤ, ਚਾਰ ਮੀਲ ਹਟਵੇਂ ਮੁਸਲਮਾਨਾਂ ਦੇ ਪਿੰਡ ਪੁੱਜ ਗਏ। ਅਗਲੇ ਦਿਨ ਦਾਈ ਜੀਵਾਂ ਤੇ ਨੂਰੇ ਦਾ ਜਵਾਈ ਉਹਨਾਂ ਨੂੰ ਲੈਣ ਆ ਗਿਆ। ਜੀਵਾਂ ਨੇ ਉਸ ਨਾਲ ਜਾਣ ਤੋਂ ਸਾਫ਼ ਨਾਂਹ ਕਰ ਦਿੱਤੀ, ਪਰ ਉਹ ਆਪਣੇ ਬੱਚਿਆਂ ਤੇ ਨੂਰੇ ਨੂੰ ਨਾਲ ਲੈ ਗਿਆ।

ਬਾਹਰਲੇ ਹਮਲਿਆਂ ਤੋਂ ਡਰਦਿਆਂ ਪਿੰਡ ਕਿਲ੍ਹਿਆਂ ਦੀ ਸ਼ਕਲ ਧਾਰ ਰਹੇ ਸਨ, ਅਤੇ ਸਾਰੀ-ਸਾਰੀ ਰਾਤ ਹਰ ਪਿੰਡ ਵਿਚ ਟੋਲੀਆਂ ਪਹਿਰਾ ਦੇਂਦੀਆਂ ਸਨ। ਅੱਜ ਸ਼ਾਮ ਤੋਂ ਹੀ ਦੂਰ-ਦੂਰ ਵੱਜਦੀ ਨੌਬਤ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਰਾਤ ਦੇ ਸੰਨਾਟੇ ਵਿਚ ਏਹ ਆਵਾਜ਼ ਹੋਰ ਤੇਜ਼ ਤੇ ਡਰਾਉਣੀ ਹੁੰਦੀ ਜਾ ਰਹੀ ਸੀ। ਪਿੰਡ ਵਿਚ ਨੀਂਦ ਨਹੀਂ ਸੀ ਆ ਰਹੀ। ਅੱਧੀ ਰਾਤ ਦੇ ਕਰੀਬ ਕੰਧ ਟੱਪ ਕੇ ਅੱਲ੍ਹਾ ਦਿੱਤਾ ਤੇ ਉਮਰ ਦੀਨ ਪਿੰਡ ਦੇ ਅੰਦਰ ਦਾਖ਼ਲ ਹੋਏ। ਪਿੰਡ ਦੇ ਚੌਕ ਵਿਚ ਗਣੇਸ਼ ਭਗਤ ਦੀ ਹੱਟੀ ਅੱਗੇ ਡੱਠੇ ਵੱਡੇ ਤਖ਼ਤ ਪੋਸ਼ ਉੱਪਰ ਪਿੰਡ ਦੇ ਤੀਹ-ਚਾਲੀ ਆਦਮੀ ਬੜੀ ਡਾਵਾਂਡੋਲ ਹਾਲਤ ਵਿਚ ਬੈਠੇ ਸਨ। ਅੱਲ੍ਹਾ ਦਿੱਤਾ ਨੇ ਸਭ ਨੂੰ ਇਕੱਠਿਆ ਹੀ ਮੁਖ਼ਾਤਬ ਕਰਦਿਆਂ ਕਿਹਾ ਕਿ, "ਭਰਾਵੋ ਹੁਣ ਔਖੀ ਘੜੀ ਆ ਪੁੱਜੀ ਹੈ। ਹੋਰ ਦੋ ਘੰਟਿਆਂ ਤੱਕ ਬਹੁਤ ਵੱਡਾ ਹਮਲਾ ਹੋਣ ਵਾਲਾ ਹੈ। ਜਿਵੇਂ ਵੀ ਹੁੰਦਾ ਜੇ, ਆਪਣੀਆਂ ਜਾਨਾਂ ਲੈ ਕੇ ਗੋਜਰੇ ਦੇ ਕੈਂਪ ਵਿਚ ਪੁੱਜ ਜਾਵੋ। ਅਸੀਂ ਤੁਹਾਡੀ ਮੁਹਬੱਤ ਤੇ ਅਹਿਸਾਨਾਂ ਦਾ ਬਦਲਾ ਕਦੀ ਨਹੀਂ ਚੁਕਾ ਸਕਦੇ। ਹੁਣ ਮਿੰਟਾਂ ਦੀ ਦੇਰੀ ਵੀ ਸਾਡੀ ਤੇ ਤੁਹਾਡੀ ਤਬਾਹੀ ਦੀ ਵਜ੍ਹਾ ਬਣ ਸਕਦੀ ਹੈ। ਸਾਨੂੰ ਅਫਸੋਸ ਹੈ ਕਿ ਕੁਝ ਦਿਨ ਪਹਿਲਾਂ ਅਸੀਂ ਤਹਾਨੂੰ ਦੱਸੇ ਬਿਨਾ ਹੀ ਰਾਤੋ-ਰਾਤ ਪਿੰਡ ਛੱਡ ਗਏ। ਪਰ, ਜੇ ਅਸੀਂ ਉਸ ਦਿਨ ਨਾ ਜਾਂਦੇ ਤਾਂ ਅੱਜ ਸਾਨੂੰ ਇਹ ਖ਼ਿਦਮਤ ਕਰਨ ਦਾ ਮੌਕਾ ਨਾ ਮਿਲਦਾ.........।"

ਸਭ ਨੂੰ ਇਕ ਦਮ ਅਫ਼ੜਾ-ਦਫ਼ੜੀ ਪੈ ਗਈ। ਆਪਣੇ ਘਰ ਤੇ ਪਿੰਡ ਛੱਡਣ ਤੇ ਕਿਸੇ ਦਾ ਵੀ ਦਿਲ ਨਹੀਂ ਸੀ ਕਰਦਾ। ਪਰ, ਹੋਰ ਹੋ ਵੀ ਕੀ ਸਕਦਾ ਸੀ। ਮਿੰਟਾਂ ਵਿਚ ਪਿੰਡ ਖਾਲੀ ਹੋਣਾ ਸ਼ੁਰੂ ਹੋ ਗਿਆ। ਲੋਕ ਉੱਚੀ ਆਵਾਜ਼ ਵੀ ਨਹੀਂ ਸਨ ਕੱਢਦੇ, ਮਤਾਂ ਕਿਸੇ ਦੁਸ਼ਮਣ ਦੇ ਕੰਨਾਂ ਤੱਕ ਪੁੱਜ ਜਾਵੇ। ਦੋ ਅਵਾਜ਼ਾਂ ਸਾਫ਼ ਸੁਣਾਈ ਦੇ ਰਹੀਆਂ ਸਨ; ਨੌਬਤਾਂ ਉਪਰ ਡੱਗਿਆਂ ਦੇ ਵੱਜਣ ਤੇ ਕੁੱਤਿਆਂ ਦੇ ਭੌਂਕਣ ਦੀ ਆਵਾਜ਼।

ਅੱਲ੍ਹਾ ਦਿੱਤਾ ਨੂੰ ਜਵਾਲਾ ਸਿੰਘ ਜ਼ੈਲਦਾਰ ਨੇ ਦੱਸਿਆ ਕਿ ਉਸ ਦੀ ਛੋਟੀ ਧੀ ਆਪਣਾ ਪਹਿਲਾ ਜਣੇਪਾ ਕੱਟਣ ਉਹਨਾਂ ਪਾਸ ਆਈ ਹੋਈ ਹੈ। ਅਤੇ, ਹੁਣੇ ਹੀ ਜੀਵਾਂ ਨੂੰ ਸੱਦ ਭੇਜਿਆ ਹੈ। ਜਦ ਅੱਲ੍ਹਾ ਦਿੱਤਾ, ਜਵਾਲਾ ਸਿੰਘ ਨਾਲ ਉਸ ਦੇ ਘਰ ਪੁੱਜਾ ਤਾਂ ਜੀਵਾਂ ਨੇ ਦੱਸਿਆ ਕਿ ਕੁੜੀ ਨੂੰ ਜਣਨ-ਪੀੜਾਂ ਹੋ ਰਹੀਆਂ ਹਨ। ਇਸ ਹਾਲਤ ਵਿਚ ਉਸ ਨੂੰ ਕਿਸੇ ਤਰ੍ਹਾਂ ਨਾਲ ਨਹੀਂ ਸੀ ਲਿਜਾਇਆ ਜਾ ਸਕਦਾ, ਅਤੇ ਹੁਣ ਹੋਰ ਸੋਚਣ ਦਾ ਵਕਤ ਵੀ ਨਹੀਂ ਸੀ।

ਅਖ਼ੀਰ ਅੱਲ੍ਹਾ ਦਿੱਤਾ ਨੇ ਜੀਵਾਂ ਨਾਲ ਸਲਾਹ ਕਰ ਕੇ ਆਪਣਾ ਫੈਸਲਾ ਦੇਂਦਿਆਂ ਹੋਇਆਂ ਜ਼ੈਲਦਾਰ ਨੂੰ ਕਿਹਾ, "ਤੁਸੀਂ ਅੱਲ੍ਹਾ ਦੇ ਨਾਂ ਤੇ ਸਾਡੇ 'ਤੇ ਯਕੀਨ ਕਰੋ

ਅਤੇ ਇਸ ਬੇਟੀ ਨੂੰ ਸਾਡੇ ਪਾਸ ਇਮਾਨਤ ਵਜੋਂ ਛੱਡਦੇ ਹੋਏ, ਜਲਦੀ ਤੋਂ ਜਲਦੀ ਪਿੰਡ ਛੱਡਣ ਦੀ ਕਰੋ। ਨਹੀਂ ਤਾਂ ਸਾਡੇ ਵਿੱਚੋਂ ਕਿਸੇ ਦੀ ਖੈਰ ਨਹੀਂ। ਸਾਡੀ ਮੌਤ ਤੋਂ ਪਿੱਛੋਂ ਹੀ ਤੁਹਾਡੀ ਬੇਟੀ ਦੀ ਇਜ਼ਤ ਨੂੰ ਕੋਈ ਹੱਥ ਪਾ ਸਕੇਗਾ। ਹਾਂ, ਇਸ ਨੂੰ ਜੀਵਾਂ ਦੇ ਘਰ ਤੱਕ ਪਹੁੰਚਾ ਜਾਵੋ। ਮੈਂ ਦੂਜੇ ਪਿੰਡੋਂ ਆਪਣੀ ਬੀਵੀ ਨੂੰ ਇਸ ਦੀ ਦੇਖ-ਭਾਲ ਲਈ ਲਿਆਉਂਦਾ ਹਾਂ।" ਜ਼ੈਲਦਾਰ ਤੇ ਉਸ ਦੀ ਤ੍ਰੀਮਤ ਲਈ ਇਹ ਅੰਤਿਮ ਫੈਸਲੇ ਦੀ ਘੜੀ ਸੀ। ਧੀ ਨੂੰ ਜਣੇਪੇ ਦੀ ਹਾਲਾਤ ਵਿਚ ਛੱਡ ਕੇ ਉਹ ਕਿਵੇਂ ਜਾਣ? ਆਖਰ ਗ਼ਮਾਂ ਦੀ ਪੰਡ ਹਿੱਕ ਵਿੱਚ ਸੰਭਾਲ ਕੇ, ਆਪਣੀ ਧੀ ਨੂੰ ਦਾਈ ਜੀਵਾਂ ਦੇ ਘਰ ਰੱਬ ਦੀ ਮਿਹਰ ਤੇ ਛੱਡਦਿਆਂ ਹੋਇਆ, ਭਰੇ ਹੋਏ ਦਿਲ ਨਾਲ ਆਪਣੇ ਪਿੰਡ ਨੂੰ ਉਨ੍ਹਾਂ ਨੇ ਇਸ ਉਮੀਦ ਨਾਲ ਅਲਵਿਦਾ ਆਖੀ ਕਿ ਹਲਾਤ ਠੀਕ ਹੁੰਦਿਆ ਹੀ ਉਹ ਵਾਪਸ ਪਰਤ ਆਉਣਗੇ।

ਜਲਦੀ ਹੀ ਧਾੜਵੀਆਂ ਦੀ ਵਾਹਰ ਬੰਦੂਕਾਂ, ਗੰਡਾਸੇ, ਛਵ੍ਹੀਆਂ, ਬਰਛੀਆਂ ਤੇ ਤਲਵਾਰਾਂ ਹੱਥਾਂ ਵਿਚ ਫੜੀ, 'ਅੱਲਾ-ਹੂ-ਅਕਬਰ' ਦੇ ਨਾਅਰੇ ਲਗਾਉਂਦੇ ਪਿੰਡ ਵਿਚ ਇਸ ਤਰ੍ਹਾਂ ਦਾਖ਼ਲ ਹੋਈ। ਜਿਵੇਂ ਜਮਰੌਦ ਦਾ ਕਿਲ੍ਹਾ ਫ਼ਤਿਹ ਕਰਨ ਜਾ ਰਹੀ ਹੋਵੇ। ਪਰ ਪਿੰਡ ਵਿੱਚੋਂ ਉਹਨਾਂ ਦੇ ਅਸਲੀ ਸ਼ਿਕਾਰ ਪਹਿਲਾਂ ਹੀ ਗ਼ਾਇਬ ਹੋ ਚੁੱਕੇ ਸਨ। ਇਹ ਵੇਖ ਕੇ ਉਹਨਾਂ ਨੂੰ ਬਹੁਤ ਹੀ ਮਾਯੂਸੀ ਹੋਈ। ਸਮਸ਼ੇਰ ਸ਼ਿੰਘ ਗੁੰਥੀ ਦੀ ਅੱਧ ਪਾਗਲ ਮਾਂ, ਜਿਸ ਨੂੰ ਉਸ ਦਾ ਪੁੱਤਰ ਤੇ ਪਤੀ ਛੱਡ ਗਿਆ ਸੀ, ਅਤੇ ਇਸਾਈ ਪਰਿਵਾਰਾਂ ਦੇ ਕੁਝ ਜੀਆਂ ਦੇ ਬਾਕੀ ਸਾਰਾ ਪਿੰਡ ਸੁੰਞਾ ਸੀ। ਹੁਣ ਧਾੜਵੀਆਂ ਦਾ ਕੰਮ ਕੇਵਲ ਘਰਾਂ ਨੂੰ ਲੁੱਟਣ ਤਕ ਹੀ ਮਹਿਦੂਦ ਸੀ।

ਧਾੜਵੀਆਂ ਦਾ ਇਕ ਟੋਲਾ ਜਦ ਮਾਈ ਜੀਵਾਂ ਦੇ ਘਰ ਅੱਗੋਂ ਲੰਘ ਰਿਹਾ ਸੀ, ਤਾਂ ਉਹਨਾਂ ਨੇ ਅੰਦਰੋਂ ਇਕ ਬੱਚੇ ਦੇ ਰੋਣ ਦੀ ਆਵਾਜ਼ ਸੁਣੀ। ਉਹਨਾਂ ਬੜੇ ਜ਼ੋਰ ਦੀ ਦਰਵਾਜ਼ਾ ਖਟ-ਖਟਾਇਆ ਤੇ ਮਾਈ ਜੀਵਾਂ ਨੇ ਬੜੇ ਠਰ੍ਹਮੇ ਨਾਲ ਕਿਹਾ:

"ਆਓ ਪੁੱਤਰ! ਜੀ ਆਇਆ ਨੂੰ।"

"ਤੂੰ ਕੌਣ ਏਂ ਮਾਈ?"

"ਮੈਂ ਏਸ ਪਿੰਡ ਦੀ ਦਾਈ ਜੀਵਾਂ ਹਾਂ।"

"ਅੰਦਰ ਕੌਣ ਹੈ?"

"ਮੇਰੀ ਧੀ ਤੇ ਉਸ ਦਾ ਨਵ-ਜੰਮਿਆਂ ਪੁੱਤਰ।"

ਇਨ੍ਹਾਂ ਲੁਟੇਰਿਆਂ ਵਿੱਚੋਂ ਇਕ ਨੂੰ ਪਤਾ ਸੀ, ਕਿ ਜੀਵਾਂ ਦੀ ਧੀ ਫਾਤਿਮਾ ਤਾਂ ਆਪਣੇ ਪਤੀ ਪਾਸ ਉਸ ਦੇ ਆਪਣੇ ਗੁਆਂਢ ਵਿਚ ਹੈ, ਅਤੇ ਕੱਲ੍ਹ ਉਹ ਉਸ ਨੂੰ ਮਿਲਿਆ ਵੀ ਸੀ। ਇਸ ਤੇ ਉਹ ਤਿਲਮਲਾਏ ਤੇ ਉਨ੍ਹਾਂ ਦਾ ਗੁੱਸਾ ਹੋਰ ਵੀ ਤੇਜ਼ ਹੋਣ ਲੱਗਾ।

"ਦੇਖ ਬੁੱਢੀਏ! ਇਸ ਕਾਫ਼ਰਾਂ ਦੀ ਬੇਟੀ ਨੂੰ ਸ਼ਰਨ ਦੇ ਕੇ ਸਾਨੂੰ ਬੇਵਕੂਫ ਨਾ ਬਣਾ। ਜੇ ਜਾਨ ਦੀ ਸੁੱਖ ਚਾਹੀਦੀ ਏ ਤਾਂ ਇਸ ਨੂੰ ਸਾਡੇ ਹਵਾਲੇ ਕਰਦੇ।" ਉਨ੍ਹਾਂ ਵਿਚੋਂ ਇਕ ਨੇ ਕਿਹਾ।

"ਮੈਨੂੰ ਜਾਨ ਨਹੀਂ, ਈਮਾਨ ਪਿਆਰਾ ਹੈ। ਮੈਂ ਏਸ ਦੇ ਮਾਂ-ਬਾਪ ਨਾਲ ਇਕਰਾਰ ਕੀਤਾ ਹੈ ਕਿ ਮੇਰੀ ਲਾਸ਼ ਉਪਰੋਂ ਲੰਘ ਕੇ ਹੀ ਮੇਰੀ ਧੀ ਨੂੰ ਕੋਈ ਛੂਹ ਸਕੇਗਾ।" ਜੀਵਾਂ ਦੇ ਬੋਲਾਂ ਵਿਚ ਜ਼ਰਾ ਵੀ ਘਬਰਾਹਟ ਨਹੀਂ ਸੀ।

"ਚੰਗਾ ਫਿਰ ਮਰਨ ਲਈ ਤਿਆਰ ਹੋ ਜਾ", ਦੂਜੇ ਨੇ ਬਰਛੀ ਦੀ ਨੋਕ ਉਸ ਦੀ ਹਿੱਕ ਵੱਲ ਸਿੱਧਿਆਂ ਕਰਦੇ ਹੋਏ ਆਖਿਆ ਤੇ ਨਾਲ ਈ ਆਪਣੇ ਸਾਥੀਆਂ ਨੂੰ ਹੁਕਮ ਦਿੱਤਾ ਕਿ ਉਹ ਅੰਦਰੋਂ ਇਸ ਦੀ 'ਲਾਡਲੀ ਬੇਟੀ' ਨੂੰ ਬਾਹਰ ਕੱਢ ਲਿਆਉਣ।

ਜੀਵਾਂ ਨੇ ਕੋਈ ਪੇਸ਼ ਨਾ ਜਾਂਦੀ ਵੇਖ ਕੇ ਉਨ੍ਹਾਂ ਨੂੰ ਅੱਲਾ-ਪਾਕ ਦਾ ਆਪਣੇ ਦੀਨ ਦਾ ਤੇ ਰੱਬ ਦੇ ਖ਼ੌਫ ਦਾ ਵਾਸਤਾ ਪਾਂਦਿਆਂ ਕਿਹਾ ਕਿ ਉਹ ਆਪਣੇ ਭੈੜੇ ਅਮਲਾਂ ਨਾਲ ਜਨਮ ਲੈ ਰਹੇ 'ਪਾਕਿਸਤਾਨ' ਨੂੰ ਨਾ-ਪਾਕ ਨਾ ਕਰਨ। ਪਰ, ਬੇਸਹਾਰਾ ਜੀਵਾ ਦੀ ਸੁਣਨ ਵਾਲਾ ਉੱਥੇ ਕੌਣ ਸੀ? ਇਕ ਬਰਛੀ ਉਸਦੀ ਹਿੱਕ ਵਿਚ ਸੀ। ਇਕ ਨੇਜ਼ੇ ਦੀ ਨੋਕ ਉੱਪਰ ਹੁਣੇ-ਹੁਣ ਜਨਮੇ ਨਵੇਂ ਬੱਚੇ ਨੂੰ ਟੰਗਿਆ ਹੋਇਆ ਸੀ ਅਤੇ ਤਿੰਨ ਚੋਬਰ ਬੇ-ਹੋਸ਼ ਪਈ ਅਬਲਾ ਨੂੰ ਘਸੀਟ ਕੇ ਬਾਹਰ ਲਈ ਜਾ ਰਹੇ ਸਨ।

ਜਦ ਅੱਲਾ ਦਿੱਤਾ ਆਪਣੀ ਪਤਨੀ ਨੂੰ ਨਾਲ ਲੈ ਕੇ ਪਿੰਡ ਪੁੱਜਾ, ਤਾਂ ਉਸ ਵੇਖਿਆ ਕਿ ਦਾਈ ਜੀਵਾਂ ਦਾ ਸਰੀਰ, ਉਸ ਦੇ.......ਪਵਿੱਤਰ ਖ਼ੂਨ ਵਿਚ......ਆਖ਼ਰੀ ਗ਼ੁਸਲ ਕਰ ਰਿਹਾ ਸੀ, ......ਅਤੇ ਉਸਦੀ ਰੂਹ ........ਅੱਲਾ-ਪਾਕ ਨੂੰ ਪਿਆਰੀ ਹੋ ਚੁੱਕੀ ਸੀ।

ੴ ੴ ੴ ੴ ੴ

---

ਮਨਸੂਰ ਪਿਆਰੇ ਕਹਿਆ ਅਨ-ਅਲਹਕ,
ਕਹੁ! ਕਿਹਾਇਆ ਕੌਂਹ।
ਬੁੱਲ੍ਹੇ ਸ਼ਾਹ ਉਸ ਦਾ ਆਸ਼ਕ,
ਆਪਣਾ ਆਪ ਵੰਞਾਇਆ ਕੌਂਹ।
-ਬੁੱਲ੍ਹੇ ਸ਼ਾਹ-

27

# ਗੁਆਚੇ ਘਰ ਨੂੰ ਜਾਂਦੀ ਰਾਹ

## ਖ਼ਾਲਦ ਸ਼ੇਖ਼

ਚੌਧਰੀ ਹੱਕ ਦਾਦ, ਸੁੱਤਾ-ਸੁੱਤਾ ਚੀਕ ਮਾਰ ਕੇ, ਹੜ-ਬੜਾ ਕੇ ਇੰਝ ਉੱਠ ਬਹਿੰਦਾ ਏ, 'ਜਿਵੇਂ ਨਿੱਕਾ ਬਾਲ ਸੌਣ ਤੋਂ ਪਹਿਲਾਂ ਮਾਂ ਨੂੰ ਤੰਗ ਕਰਦਾ ਹੋਵੇ। ਤੇ, ਮਾਂ ਉਹਨੂੰ ਭੂਤਨਿਆਂ ਤੋਂ ਡਰਾ ਕੇ ਸੁਆਇਆ ਹੋਵੇ, ਤੇ ਫੇਰ ਉਹ ਸੁਫ਼ਨੇ 'ਚ ਵੀ ਭੂਤਨੇ ਵੇਖ ਕੇ ਚੀਕਾਂ ਮਾਰਦਾ, ਉੱਠ ਬਹਿੰਦਾ ਹੋਵੇ।' ਫੇਰ, ਹੈਰਾਨ-ਪਰੇਸ਼ਾਨ, ਫਟੀਆਂ ਅੱਖਾਂ ਨਾਲ ਆਸੇ-ਪਾਸੇ ਇੰਝ ਘੂਰ-ਘੂਰ ਕੇ ਵੇਖਦਾ ਏ, ਜਿਵੇਂ ਉਹ ਕਿਸੇ ਓਪਰੀ ਥਾਂ ਤੇ ਅੱਪੜ ਗਿਆ ਹੋਵੇ? ਇਸ ਵੇਲੇ ਉਹਦਾ ਰੰਗ, ਚਿੱਟਾ ਦੁੱਧ ਵਰਗਾ ਹੋ ਜਾਂਦਾ ਏ। ਫੌਰੀ ਪਾਣੀ ਮੰਗਦਾ ਏ। ਪਾਣੀ ਪੀਣ ਤੋਂ ਬਾਅਦ ਲੰਮੇ-ਲੰਮੇ ਸਾਹ ਲੈ ਕੇ, ਆਪਣੇ ਆਪ ਨੂੰ ਹੌਸਲਾ ਦੇਂਦਾ ਏ।

"ਕਿਉਂ ਚੌਧਰੀ ਜੀ ਫੇਰ ਕੋਈ ਡਰਾਉਣਾ ਸੁਫ਼ਨਾ ਵੇਖਿਆ ਏ?" ਚੌਧਰਾਣੀ ਪੁੱਛਦੀ ਏ।

"ਆਹੋ! ਇੱਕੋ ਸੁਫ਼ਨਾ ਏ, ਜਿਹੜਾ ਮੇਰਾ ਪਿੱਛਾ ਨਹੀਂ ਛੱਡਦਾ ਪਿਆ। ਹਮੇਸ਼ਾ, ਉਹੀਓ ਸੁਫ਼ਨਾ ਨਜ਼ਰ ਆਉਂਦਾ ਏ। ਜਿਵੇਂ ਦੋ ਬੰਦੇ ਨੇ, ਜਿਨ੍ਹਾਂ ਮੈਨੂੰ ਚੁੱਕਿਆ ਹੋਇਆ ਏ। ਉਹ ਮੈਨੂੰ ਚੁੱਕ ਕੇ ਆਰੇ ਅੱਗੇ ਲੰਮਾ ਪਾ ਲੈਂਦੇ ਨੇ। ਫੇਰ, ਮੈਨੂੰ ਵਿੱਚੋ-ਵਿੱਚ ਚੀਰਨ ਲਈ ਆਰੇ ਦੀ ਧਾਰ ਮੋਹਰੇ ਕਰਦੇ ਨੇ। ਜਿਉਂ ਹੀ ਉਹ ਆਰੀ ਮੇਰੇ ਸਰੀਰ ਨਾਲ ਛੂੰਹਦੀ ਏ ਮੇਰੀ ਅੱਖ ਖੁੱਲ੍ਹ ਜਾਂਦੀ ਏ।" ਚੌਧਰੀ ਹੱਕ ਦਾਦ ਠੰਢੀ ਆਹ ਭਰਦਾ ਕਹਿੰਦਾ ਏ।

"ਅੱਬਾ ਜੀ! ਇਹ ਤੁਹਾਡਾ ਵਹਿਮ ਏ। ਇਹਨੂੰ ਤੁਸੀਂ ਜ਼ਹਿਨ ਵਿੱਚੋਂ ਕੱਢ ਕਿਉਂ ਨਹੀਂ ਦਿੰਦੇ?" ਚੌਧਰੀ ਹੱਕ ਦਾਦ ਦਾ ਪੁੱਤਰ ਸਲੀਮ ਆਖਦਾ ਏ।

"ਕਿਵੇਂ ਕੱਢਾਂ? ਜਿੰਨੀ ਕੋਸ਼ਿਸ਼ ਕਰਦਾ ਹਾਂ ਓਨਾ ਹੀ ਤੰਗ ਕਰਦਾ ਏ। ਅੱਗੇ ਤੇ ਕਦੇ-ਕਦਾਰ ਹੀ ਇਹ ਸੁਫ਼ਨਾ ਦਿਸਦਾ ਸੀ, ਹੁਣ ਤਾਂ ਦਿਲ ਨੂੰ ਈ ਚੈਨ ਨਹੀਂ ਲੈਣ ਦੇਂਦਾ।" ਚੌਧਰੀ ਹੱਕ ਦਾਦ ਆਸੇ-ਪਾਸੇ ਵੇਖਦਿਆਂ ਕਹਿੰਦਾ ਏ।

"ਕਿਸੇ ਸਿਆਣੇ ਤੋਂ ਇਸ ਦੀ ਤਾਬੀਰ ਪੁੱਛਣੀ ਸੀ," ਚੌਧਰਾਣੀ ਨੇ ਆਖਿਆ।

"ਦੋ ਤਿੰਨ ਸਿਆਣਿਆਂ ਨਾਲ ਗੱਲ ਕੀਤੀ ਏ। ਉਹ ਦੱਸਦੇ ਨੇ, 'ਚੌਧਰੀ ਜੀ, ਇਹ ਤੁਹਾਡਾ ਵਹਿਮ ਏ। ਗੱਲ ਸਿਰਫ਼ ਏਨੀ ਕੁ ਏ ਕਿ ਹਿੰਦੁਸਤਾਨ ਦੀ ਵੰਡ ਨੂੰ ਤੁਸਾਂ ਬਹੁਤ ਜ਼ਿਆਦਾ ਮਹਿਸੂਸ ਕੀਤਾ ਏ। ਏਹੀਓ ਵਾਕਿਆ ਤੁਹਾਨੂੰ ਆਪਣੇ 'ਤੇ ਵਾਪਰਦਾ ਮਹਿਸੂਸ ਹੁੰਦਾ ਏ। ਜਿਹੜਾ, ਤੁਹਾਨੂੰ ਸੁਫ਼ਨੇ ਵਿੱਚ ਤੰਗ ਕਰਦਾ ਏ।' ਕੁਝ ਕਹਿੰਦੇ ਨੇ, .......ਪੰਜਾਬ ਦੇ ਬਟਵਾਰੇ ਦਾ ਖ਼ਿਆਲ ਤੁਹਾਨੂੰ ਚੈਨ ਨਹੀਂ ਲੈਣ ਦਿੰਦਾ।" ਚੌਧਰੀ ਹੱਕ ਦਾਦ ਦਿਲ ਤੇ ਹੱਥ ਰੱਖਦਿਆਂ ਕਹਿੰਦਾ ਏ।

"ਅੱਬਾ ਜੀ! ਏਸ ਬਾਰੇ ਤੁਹਾਡੇ ਆਪਣੇ ਕੀ ਵਿਚਾਰ ਨੇ?" ਚੌਧਰੀ ਹੱਕ ਦਾਦ ਦੀ ਕੁੜੀ ਸਲੀਮਾਂ ਨੇ ਪੁੱਛਿਆ।

"ਮੇਰੇ ਵਿਚਾਰ ਕੀ ਹੋਣੇ ਸੀ ਧੀਏ! ਤੁਸਾਂ ਆਪ ਸੋਚੋ, ਜਦੋਂ ਦੋ ਭਰਾ ਵੱਖ-ਵੱਖ ਹੁੰਦੇ ਨੇ ਤੇ ਘਰ ਦੇ ਵਿਹੜੇ ਵਿੱਚ ਕੰਧ ਉਸਾਰੀ ਜਾਂਦੀ ਏ। ਉਸ ਮਾਂ ਤੇ ਕੀ ਬੀਤਦੀ ਏ, ਜੀਹਦੇ ਦੋਵੇਂ ਪੁੱਤਰ ਵੱਖੋ -ਵੱਖ ਹੋ ਰਹੇ ਹੁੰਦੇ ਨੇ।" ਚੌਧਰੀ ਹੱਕ ਦਾਦ ਨੇ ਠੰਢੀ ਆਹ ਭਰਦਿਆਂ ਆਖਿਆ।

"ਚੌਧਰੀ ਜੀ! ਇਹ ਤਾਂ ਸਦਾ ਦੀ ਰੀਤ ਏ। ਹਮੇਸ਼ਾਂ ਇੰਝ ਹੀ ਹੁੰਦਾ ਆਇਆ ਏ ਤੇ ਅੱਗੇ ਵੀ ਇੰਝ ਹੀ ਹੁੰਦਾ ਰਹੇਗਾ।" ਚੌਧਰਾਣੀ ਨੇ ਹੌਸਲਾ ਦਿੱਤਾ।

"ਨਹੀਂ! ਸਲੀਮ ਦੀ ਮਾਂ, ..........ਇੰਝ ਨਹੀਂ ਹੁੰਦਾ ਆਇਆ,.......... ਇੰਝ ਨਹੀਂ ਹੋਣਾ ਚਾਹੀਦਾ, ..........ਇੰਝ ਵੱਖ ਹੋਈਏ ਕਿ ਫੇਰ ਮਿਲ ਸਕੀਏ। ..........ਇੰਝ ਨਾ ਵੱਖ ਹੋਈਏ ਕਿ ਫੇਰ ਮਿਲ ਨਾ ਸਕੀਏ। ਰੋਜ਼ਾਨਾ ਅਜੀਬ-ਅਜੀਬ ਖ਼ਬਰਾਂ ਸੁਣਨ ਨੂੰ ਮਿਲਦੀਆਂ ਨੇ। ਪਿੰਡੀ ਦਸ ਸਿੱਖ ਮਾਰ ਦਿੱਤੇ, ਲਾਹੌਰ ਪੰਜਾਹ ਹਿੰਦੂ ਮਾਰ ਦਿੱਤੇ, ਜੀਹਦੇ ਵਿੱਚ ਬੱਚੇ ਵੀ ਸ਼ਾਮਲ ਸਨ। ਅੰਮ੍ਰਿਤਸਰ ਟਰੇਨ ਪਹੁੰਚੀ ਏ, ਜੀਹਦੇ ਵਿੱਚ ਸਾਰੇ ਬੰਦੇ, ਬਾਲ ਤੇ ਔਰਤਾਂ ਕੋਹੀਆਂ ਹੋਈਆਂ ਸਨ। ਫੇਰ ਕੀ ਹੋਇਆ, ਅੰਮ੍ਰਿਤਸਰ ਅੱਸੀ ਮੁਸਲਮਾਨ, ਤੇ ਲੁਧਿਆਣੇ ਸੌ ਮੁਸਲਮਾਨ ਮਾਰ ਦਿੱਤੇ ਗਏ। ਕਿਸੇ ਇਹ ਵੀ ਸੋਚਿਆ ਏ? ਕਿ, ਇਹ ਹਿੰਦੂ, ਮੁਸਲਮਾਨ ਤੇ ਸਿੱਖ ਬਾਅਦ ਵਿੱਚ ਨੇ ਪਹਿਲਾਂ ਇਹ, ਇਨਸਾਨ ਨੇ।" ਚੌਧਰੀ ਹੱਕ ਦਾਦ, ਦੂਰ ਖ਼ਲਾਅ ਵਿੱਚ ਵੇਖਦਿਆਂ ਬੋਲਿਆ।

"ਮੈਨੂੰ ਤਾਂ ਇਹ ਸਭ ਅਫ਼ਵਾਹਾਂ ਲੱਗਦੀਆਂ ਨੇ, ਅੰਗਰੇਜ਼ਾਂ ਦੀਆਂ ਫੈਲਾਈਆਂ ਹੋਈਆਂ।" ਸਲੀਮ ਨੇ ਆਖਿਆ।

"ਚੌਧਰੀ ਜੀ! ਏਨੀ ਵਿਹਲ ਕੀਹਦੇ ਕੋਲ ਏ, ਜਿਹੜਾ ਇਹ ਸੋਚੇ? ਆਪਾਂ, ਆਪਣਾ ਸੋਚੀਏ। ਆਪਾਂ ਕੀ ਕਰਨਾ ਏ? ਭਾਰਤ 'ਚ ਰਹਿਣਾ ਏ ਕਿ ਪਾਕਿਸਤਾਨ ਚੱਲਣਾ ਏ?" ਚੌਧਰਾਣੀ ਨੇ ਪੁੱਛਿਆ।

"ਆਪਾਂ ਨੂੰ ਭਾਰਤ ਕਿਨ੍ਹੇਂ ਰਹਿਣ ਦੇਣਾ ਏ? ਜਿਹੜੇ ਹਾਲਾਤ ਹੋਏ ਖੜ੍ਹੇ ਨੇ। ਲੱਗਦਾ ਏ, ਏਹ ਸਾਨੂੰ ਜ਼ੋਰਾ-ਜਰਬੀ ਪਾਕਿਸਤਾਨ ਘਲਾਉਣਗੇ।" ਚੌਧਰੀ ਹੱਕ ਦਾਦ ਅਫ਼ਸੋਸ ਕਰਦਿਆਂ ਬੋਲਿਆ।

"ਅੱਬਾ ਜੀ! ਮੈਂ ਤੇ ਏਹੀਓ ਸੁਣਿਐ ਕਿ ਆਪਣੀ ਤਹਿਸੀਲ ਫ਼ਿਰੋਜ਼ਪੁਰ, ਪਾਕਿਸਤਾਨ ਵਿਚ ਸ਼ਾਮਲ ਕਰਦੇ ਪਏ ਨੇ।" ਸਲੀਮ ਨੇ ਦੱਸਿਆ।

"ਸੁਣਿਆ ਤੇ ਮੈਂ ਵੀ ਏ। ਪਰ ਫੇਰ ਵੀ ਸੁਣੀਂਦਾ

ਏ ਕਿ, ਤਹਿਸੀਲ ਫ਼ੀਰੋਜ਼ਪੁਰ, ਭਾਰਤ ਵਿਚ ਹੀ ਰਹੇਗੀ। ਪਹਿਲਾਂ ਇਹ ਕੱਟਾ-ਕੱਟੀ ਤੇ ਨਿਕਲੇ, ਤਾਂ ਪ੍ਰੋਗਰਾਮ ਬਣਾਈਏ।" ਚੌਧਰੀ ਨੇ ਆਖਿਆ।

"ਅੱਜ ਈ ਪੰਚਾਇਤ ਬੁਲਾਉ, ਤਾਂ ਕਿ ਫੈਸਲਾ ਕਰ ਲਈਏ, ਜੇ ਪਾਕਿਸਤਾਨ ਜਾਣਾ ਏ ਤਾਂ ਪੂਰਾ ਪਿੰਡ ਹੀ ਚੱਲੇ, ਜੇ ਏਥੇ ਰਹਿਣਾ ਏ, ਤਾਂ ਵੀ ਕੋਈ ਬੰਦੋਬਸਤ ਕਰੀਏ। ਕਿਉਂ ਜੋ, ਹਾਲਾਤ ਦਿਨ-ਬਦਿਨ ਖ਼ਰਾਬ ਹੁੰਦੇ ਜਾ ਰਹੇ ਨੇ। ਆਲੇ-ਦੁਆਲੇ ਦੇ ਸਾਰੇ ਪਿੰਡ ਹਿੰਦੂਆਂ ਤੇ ਸਿੱਖਾਂ ਦੇ ਨੇ। ਨਾਲੇ ਉੱਧਰੋਂ ਵੀ ਸ਼ਰਨਾਰਥੀ ਏਧਰ ਆ ਰਹੇ ਨੇ। ਉਹ ਵੀ ਮਸਾਲੇ ਲਾ ਰਹੇ ਨੇ, ਜੀਹਦੇ ਨਾਲ ਵਾਤਾਵਰਣ ਹੋਰ ਵੀ ਖ਼ਰਾਬ ਹੋ ਰਿਹਾ ਏ।" ਸਲੀਮ ਨੇ ਸਲਾਹ ਦਿੱਤੀ।

"ਚੰਗੀ ਗੱਲ ਏ! ਐਲਾਨ ਕਰਵਾ ਦੇ। ਅੱਜ ਸ਼ਾਮੀ, ਸਾਰੇ ਲੋਕ ਡੇਰੇ ਇੱਕਠੇ ਹੋ ਜਾਣ। ਫੇਰ, ਕਰ ਲੈਂਦੇ ਆਂ ਕੋਈ ਫ਼ੈਸਲਾ, ਸਾਰੇ ਰਲ ਮਿਲ ਕੇ।" ਚੌਧਰੀ ਹੱਕ ਦਾਦ ਨੇ ਕਿਹਾ।

ਮੁਹੰਮਦ ਕੋਟ, ਫਿਰੋਜ਼ਪੁਰ ਦਾ ਏਹੋ ਜਿਹਾ ਪਿੰਡ ਏ ਜੀਹਦੇ ਵਿਚ ਸੌ ਸਵਾ ਸੌ ਘਰ ਨੇ। ਜਿਹੜੇ ਸਾਰੇ ਦੇ ਸਾਰੇ ਈ ਮੁਸਲਮਾਨਾਂ ਦੇ ਨੇ। ਚੌਧਰੀ ਹੱਕ ਦਾਦ ਪਿੰਡ ਦਾ ਲੰਬੜਦਾਰ ਏ। ਜਿਹੜਾ ਦਰਮਿਆਨੀ ਉਮਰ, ਪੰਜਾਹ-ਪੰਚਵੰਜਾਂ ਸਾਲਾਂ ਦਾ ਬੰਦਾ ਏ। ਲੰਬੜਦਾਰੀ ਉਹਨੂੰ ਵਿਰਸੇ ਵਿਚ ਲੱਭੀ ਏ। ਏਸ ਤੋਂ ਪਹਿਲਾਂ ਉਸ ਦਾ ਪਿਉ ਚੌਧਰੀ ਅੱਲਾ ਬਖ਼ਸ਼, ਪਿੰਡ ਦਾ ਲੰਬੜਦਾਰ ਸੀ। ਜਿਸ ਦੇ ਮਰਨ ਪਿੱਛੋਂ ਚੌਧਰੀ ਹੱਕ ਦਾਦ ਪਿੰਡ ਦਾ ਲੰਬੜਦਾਰ ਬਣ ਗਿਆ। ਚੌਧਰੀ ਹੱਕ ਦਾਦ ਦਰਮਿਆਨੇ ਕੱਦ ਦਾ, ਭਰਵੇਂ ਜਿਸਮ ਦਾ ਬੰਦਾ ਏ। ਜਿਹਦੇ ਸੀਨੇ ਵਿਚ ਸ਼ੇਰ ਦਾ ਦਿਲ ਏ। ਯਾਰਾਂ ਦਾ ਯਾਰ, ਤੇ ਵੈਰੀਆਂ ਦਾ ਵੈਰੀ। ਦੋ ਜੁਆਨ ਬੱਚਿਆਂ, ਇੱਕ ਮੁੰਡਾ ਤੇ ਇੱਕ ਕੁੜੀ ਦਾ ਪਿਉ ਏ। ਪਰ, ਪਿੰਡ ਦੇ ਸਾਰੇ ਈ ਬੱਚਿਆਂ ਨੂੰ ਆਪਣੇ ਧੀ-ਪੁੱਤਰ ਸਮਝਦਾ ਏ। ਕਬੱਡੀ ਦਾ ਜ਼ਬਰਦਸਤ ਖਿਲਾੜੀ, ਏਸ ਉਮਰੇ ਵੀ ਜਾਫ਼ੀ ਪਾ ਲਏ, ਤੇ ਮਜ਼ਾਲ ਏ, ਉਹ ਨਿਕਲਣ ਦੇਵੇ! ਕਹਿਣ ਨੂੰ ਪਿੰਡ ਦੇ ਪਰ ਸਾਰੇ ਜੀਅ ਇੰਝ ਰਹਿੰਦੇ ਨੇ, ਜਿਵੇਂ ਉਹ ਇਕ ਪਰਵਾਰ ਹੋਵਣ, ਇੱਕੋ ਪਿਉ ਦੀ ਔਲਾਦ।

ਵੰਡ ਦਾ ਐਲਾਨ ਹੋ ਚੁਕਿਆ ਸੀ, ਪਰ ਚੌਧਰੀ ਹੱਕ ਦਾਦ ਕਿਸੇ ਨਤੀਜੇ ਤੇ ਨਹੀਂ ਅੱਪੜ ਰਿਹਾ ਸੀ। ਉਹਨੂੰ ਏਹ ਫ਼ੈਸਲਾ ਕਰਨਾ ਮੁਸ਼ਕਲ ਹੁੰਦਾ ਜਾ ਰਿਹਾ ਸੀ ਕਿ ਉਹ ਕੀ ਕਰੇ? ਏਹਦਾ ਕਾਰਨ ਏਹੀਓ ਯਕੀਨ ਸੀ, ਕਿ ਪਿੰਡ ਵਿਚ ਉਹਦੀ 200 ਘੁਮਾਂ ਤੋਂ ਉੱਤੇ ਜ਼ਮੀਨ ਸੀ, ਜਿਹੜੀ ਸੋਨਾ ਉਗਲਦੀ। ਤੇ, ਪਿੰਡ ਵਿਚ ਵਸੋਂ ਦੇ ਵਿਚਕਾਰ, ਚਾਰ ਵਿਘਿਆਂ ਵਿਚ ਹਵੇਲੀ ਤੇ ਡੇਰਾ ਸੀ। ਹਵੇਲੀ ਕਾਹਦੀ ਸੀ, ਪੂਰਾ ਕਿਲ੍ਹਾ ਸੀ। ਚਾਰ-ਚੁਫ਼ੇਰੇ ਉੱਚੀਆਂ ਫ਼ਸੀਲਾਂ, ਵੱਡਾ ਮਜ਼ਬੂਤ ਦਰਵਾਜ਼ਾ, ਜਿਹਨੂੰ ਭੁੱਖੇ-ਢਿੱਡ ਬੰਦਾ ਢੋਅ ਵੀ ਨਹੀਂ ਸਕਦਾ ਸੀ। ਬੂਹੇ ਦੇ ਅੰਦਰ ਵੜਦੇ ਸਾਰ ਸਾਹਮਣਾ ਵਿਹੜਾ, ਜੀਹਦੇ ਵਿਚ ਹਰ ਵੇਲੇ ਮੰਜੀਆਂ ਤੇ ਮੂਹੜੇ ਪਏ ਰਹਿੰਦੇ। ਪਿੰਡ ਦੀ ਪੰਚਾਇਤ ਹਮੇਸ਼ਾ ਈ ਇੱਥੇ ਬਹਿੰਦੀ। ਜਿੱਥੇ, ਹਰ ਕਿਸਮ ਦੇ ਫੈਸਲੇ ਹੁੰਦੇ, ਜਿਹਨਾਂ ਦੀ ਪਾਬੰਦੀ ਪੂਰਾ ਪਿੰਡ ਕਰਦਾ। ਵਿਹੜੇ ਤੋਂ ਟੱਪ ਕੇ, ਅੱਗੇ ਮਰਦਾਨਖ਼ਾਨਾ, ਜਿਸ ਵਿਚ 10-12 ਕਮਰੇ ਬਣੇ ਹੋਏ ਸਨ। ਕੋਈ ਮਹਿਮਾਨ ਜਾਂ ਅੰਗਰੇਜ਼ ਸਾਹਬ-ਬਹਾਦਰ, ਜਦੋਂ ਪਿੰਡ ਆਉਂਦਾ ਤਾਂ ਉਸ ਦੀ ਰਿਹਾਇਸ਼ ਦਾ ਪ੍ਰਬੰਧ ਵੀ ਏਥੇ ਹੀ ਕੀਤਾ ਜਾਂਦਾ। ਮਰਦਾਨਖ਼ਾਨੇ ਦੇ ਮਗ਼ਰ ਫ਼ੇਰ ਇਕ ਵੇਹੜਾ ਤੇ ਉਸਦੇ ਸਾਹਮਣੇ ਬਰਾਂਡਾ। ਫੇਰ ਕਮਰੇ, ਜਿਹਨਾਂ ਵਿਚ ਘਰ ਦੀਆਂ ਜ਼ਨਾਨੀਆਂ ਰਹਿੰਦੀਆਂ ਸਨ।

ਉੱਚੀਆਂ ਫ਼ਸੀਲਾਂ, ਕਿਲ੍ਹੇ ਵਾਂਗ, ਤੇ ਉੱਤੇ ਮੰਡੇਰ ਤੇ ਬੁਰਜੀਆਂ ਵੀ ਬਣੀਆਂ ਹੋਈਆਂ ਸਨ। ਚੌਧਰੀ ਹੱਕ ਦਾਦ ਦੇ ਏਸ ਕਿਲ੍ਹੇ ਵਿਚ ਚਾਰ ਜ਼ੈਲਾਂ ਲਈ ਮੁਲਾਜ਼ਮਾਂ ਦੀ ਇਕ ਪੂਰੀ ਫ਼ੌਜ, ਪੰਜ-ਸੱਤ ਜ਼ਨਾਨੀਆਂ, ਜਿਹਨਾਂ ਵਿਚ 10-12 ਸਾਲ ਦੇ ਮੁੰਡੇ ਤੇ ਕੁੜੀਆਂ, ਦੋ ਵੱਡੀ ਉਮਰ ਦੀਆਂ ਔਰਤਾਂ। ਤੇ, ਇਕ ਬਾਬਾ, ਜੀਹਦਾ ਕੰਮ ਹਰ ਵੇਲੇ ਡੇਰੇ ਤੇ ਹੁੱਕਾ- ਚਿਲਮ ਤਾਜ਼ਾ ਰੱਖਣਾ ਤੇ ਆਉਣ ਵਾਲੇ ਮਹਿਮਾਨ ਦੀ ਟਹਿਲ ਸੇਵਾ ਕਰਨਾ ਸੀ। ਚੌਧਰੀ ਹੱਕ ਦਾਦ ਆਪਣੀ ਧਰਤੀ ਨਾਲ ਮੋਹ ਜ਼ਰੂਰ ਰੱਖਦਾ ਸੀ, ਪਰ ਉਹਦੀ ਪਰੇਸ਼ਾਨੀ ਦਾ ਅਸਲ ਕਾਰਨ ਹਕੂਮਤ ਦੀ ਪਾਲਿਸੀ ਸੀ। ਜੇਹੜੀ ਚੌਧਰੀ ਵਰਗੇ ਸਾਊ ਬੰਦੇ ਦੇ ਤੇ ਕੀ ਸਮਝ ਆਣੀ ਸੀ! ਵੱਡੇ-ਵੱਡੇ ਸਿਆਸਤਦਾਨ ਕਮਲੇ ਹੋਏ ਫਿਰਦੇ ਸਨ। ਹਰ ਆਗੂ, ਅਮਨ ਦੇ ਨਾਅਰੇ ਲਾ ਰਿਹਾ ਸੀ, ਪਰ ਕਤਲੋ-ਗ਼ਾਰਤ ਦਿਨੋਂ-ਦਿਨ ਵੱਧਦਾ ਹੀ ਜਾ ਰਿਹਾ ਸੀ। ਪੂਰਾ ਪਿੰਡ, ਮੁਹੰਮਦ ਕੋਟ ਪਰੇਸ਼ਾਨ ਸੀ ਕਿ ਆਪਣਾ ਪਿੰਡ ਛੱਡ ਕੇ ਅੱਗੇ ਜਾਣ ਜਾਂ ਇੱਥੇ ਹੀ ਡਟੇ ਰਹਿਣ! ਉਦੋਂ ਤਾਂਈ, ਜਦੋਂ ਤਾਂਈ ਆਖ਼ਰੀ ਫ਼ੈਸਲਾ ਨਹੀਂ ਹੋ ਜਾਂਦਾ ਕਿ ਪਿੰਡ ਪਾਕਿਸਤਾਨ ਵਿਚ ਸ਼ਾਮਲ ਹੋਵੇਗਾ ਜਾਂ ਫਿਰ ਭਾਰਤ ਵਿਚ ਹੀ ਰਹੇਗਾ? ਹੱਦਬੰਦੀ ਕਿੱਥੇ ਬਣੇਗੀ? ਅੱਜ ਬੁਲਾਈ ਗਈ ਪੰਚਾਇਤ ਵੀ ਏਸ ਸਿਲਸਲੇ ਦੀ ਕੜੀ ਸੀ, ਜਿਸ ਵਿਚ ਇਕ ਸਾਂਝਾਂ ਫ਼ੈਸਲਾ ਕਰਨਾ ਸੀ।

ਚੌਧਰੀ ਦੀ ਹਵੇਲੀ ਦੇ ਵਿਹੜੇ ਵਿਚ ਇੰਝ ਰੌਣਕ ਮੇਲਾ ਲੱਗਿਆ ਹੋਇਆ ਸੀ, ਜਿਵੇਂ ਕੋਈ ਜੰਞ ਢੁੱਕੀ ਹੋਵੇ। ਪਿੰਡ ਦੇ ਹਰ ਘਰ ਦਾ ਜੀਅ ਏਸ ਪੰਚਾਇਤ ਵਿਚ ਸ਼ਾਮਲ ਸੀ। ਛੋਟੇ-ਵੱਡੇ ਦਾ ਕੋਈ ਵਿਤਕਰਾ ਨਹੀਂ ਸੀ ਰੱਖਿਆ ਗਿਆ। ਭਾਂਵੇ ਉਹ ਨੂਰਾ ਮੋਚੀ ਹੋਵੇ, ਮੌਲਾ ਮੁਸੱਲੀ ਹੋਵੇ, ਸੈਦਾ ਭਰਾਈ ਜਾਂ ਗ਼ਫ਼ੂਰਾ ਤੇਲੀ ਹੋਵੇ। ਅੱਜ ਸਾਰੇ, ਏਸ ਪੰਚਾਇਤ ਵਿਚ ਆਏ ਸਨ। ਖ਼ਾਸ ਕਰ, ਸੈਦੇ ਭਰਾਈ ਦੀਆਂ ਟੌਹਰਾਂ ਵੇਖਣ ਵਾਲੀਆਂ ਸਨ। ਇਕ ਤਾਂ ਉਹ ਗੱਭਰੂ ਚੰਗਾ ਸੀ, ਛੇ, ਸਵਾ ਛੇ ਫ਼ੁੱਟ ਕੱਦ, ਭਰਿਆ ਜੁੱਸਾ, ਮੋਟੀਆਂ-ਮੋਟੀਆਂ ਅੱਖਾਂ ਤੇ ਪਤਲੀਆਂ-ਪਤਲੀਆਂ ਕੱਕੀਆਂ ਮੁੱਛਾਂ। ਉੱਤੋਂ, ਅੱਜ ਉਹਨੇ ਨਵਾਂ

ਚਿੱਟਾ ਚੋਲਾ ਤੇ ਰੇਸ਼ਮੀ ਲਾਚਾ.................. ਪਾਇਆ ਹੋਇਆ ਸੀ । ਜੇਹੜਾ ਅਜੀਬ ਬਹਾਰ ਵਿਖਾ ਰਿਹਾ ਸੀ। ਤੇ ਥੱਲੇ ਦੇਸੀ ਜੁੱਤੀ, ਜੇਹਨੂੰ ਰੱਜਕੇ ਤੇਲ ਚੁਵਾਇਆ ਗਿਆ ਸੀ। ਕਦੇ ਏਧਰ ਤੇ ਕਦੇ ਉੱਧਰ , ਨੱਸਿਆ ਭੱਜਿਆ ਫਿਰਦਾ ਸੀ। ਪੰਚਾਇਤ ਅਜੇ ਬਕਾਇਦਾ ਸ਼ੁਰੂ ਨਹੀਂ ਹੋਈ ਸੀ। ਪੰਚਾਇਤ ਭਾਵੇਂ ਗੰਭੀਰ ਮਸਲੇ ਤੇ ਬੁਲਾਈ ਗਈ ਸੀ ਪਰ ਲੋਕਾਂ ਦੀ ਸ਼ੋਖੀ ਫਿਰ ਵੀ ਉਵੇਂ ਈ ਸੀ। ਹਾਸਾ-ਮਖ਼ੌਲ ਤੇ ਠੱਠੇ-ਬਾਜ਼ੀ ਚੱਲ ਰਹੀ ਸੀ। ਸੈਦੇ ਭਰਾਈ ਤੇ ਉਹਦੀਆਂ ਟੌਹਰਾਂ ਨੂੰ ਵੇਖ ਕੇ ਇਕ ਪਾਸਿਉਂ ਅਵਾਜ਼ ਆਈ, "ਸੈਦੇ ਕੀ ਗੱਲ ਏ! ਅੱਜ ਬਿਨਾਂ ਢੋਲ ਤੋਂ ਆਇਆ ਏਂ?"

"ਭਰਾਵੋ! ਢੋਲ ਉਦੋਂ ਲਿਆਈ ਦਾ ਏ ਜਦੋਂ ਕੁਝ ਲੈਣਾ ਹੋਵੇ। ਅੱਜ ਅਸਾਂ ਕੁਝ ਦੇਣ ਲਈ ਆਏਂ ਆਂ।" ਸੈਦੇ ਨੇ ਠੋਕਾ ਜਵਾਬ ਦਿੱਤਾ।

"ਕੀ ਗੱਲ ਏ! ਲੈਣ ਵਾਲਾ ਕੰਮ ਛੱਡ ਦਿੱਤਾ ਏ, ਜੇਹੜਾ ਅੱਜ ਦੇਣ ਆਇਆਂ ਏ।" ਦੂਜੇ ਪਾਸਿਉਂ ਆਵਾਜ਼ ਆਈ।

"ਨਹੀਂ! ਭਰਾਓ, ਗ਼ਲਤ ਨਾ ਸਮਝ ਲੈਣਾ, ਮੈਂ ਤਾਂ ਅੱਜ ਸਲਾਹਵਾਂ ਦੇਣ ਆਇਆ ਵਾਂ।"

ਸੈਦੇ ਏਸ ਅੰਦਾਜ਼ ਵਿਚ ਜੁਆਬ ਦਿੱਤਾ ਕਿ ਸਾਰੀ ਪੰਚਾਇਤ ਦਾ ਹਾਸਾ ਨਿਕਲ ਗਿਆ ਤੇ ਹੱਸਦੇ-ਹੱਸਦੇ ਇਕ ਪਾਸਿਉਂ 'ਵਾਜ਼ ਆਈ, "ਯਾਰੋ! ਤੁਸਾਂ ਸੈਦੇ ਤੋਂ ਕਿਵੇਂ ਜਿੱਤ ਸਕਦੇ ਓ, ਇਕ ਤਾਂ ਹੋਵੇ ਮਰਾਸੀ, ਦੂਜਾ ਪੜ੍ਹਿਆ-ਲਿਖਿਆ? ਏਹ ਤਾਂ ਇੰਝ ਏ 'ਇੱਕ ਕਰੇਲਾ ਤੇ ਉੱਤੋਂ ਨਿੰਮ ਚੜ੍ਹਿਆ'।" ਮੱਠਾ ਹੁੰਦਾ ਹਾਸਾ ਇਕ ਵਾਰੀ ਫੇਰ ਲੋਕਾਂ ਦੀਆਂ ਕੁੱਖਾਂ ਕੱਢ ਗਿਆ। ਅਜੇ ਉਹ ਹੱਸਦੇ ਈ ਪਏ ਸਨ ਕਿ ਗ਼ਫ਼ੂਰੇ ਤੇਲੀ ਨੂੰ ਹਵੇਲੀ ਦੇ ਵੱਡੇ ਬੂਹੇ ਵਿੱਚੋਂ ਅੰਦਰ ਵੜਦਿਆਂ ਵੇਖ ਕੇ ਹੀ, ਸੈਦੇ ਭਰਾਈ ਨੇ ਆਖਿਆ, "ਕੀ ਗੱਲ ਏ! ਤੇਰੀ ਹੱਟੀ ਤੇ ਮੇਮਾਂ ਦੀ ਗਾਹਕੀ ਲੱਗੀ ਹੋਈ ਸੀ, ਜਿਹੜਾ ਤੈਨੂੰ ਪੰਚਾਇਤ 'ਚ ਆਉਣ ਨੂੰ ਵੇਹਲ ਈ ਨਹੀਂ ਮਿਲਦੀ ਪਈ?"

"ਮੇਮਾਂ! ਤੇ ਉਹ ਵੀ ਆਪਣੇ ਪਿੰਡ ਵਿਚ? ਏਥੇ ਬੰਦਾ ਮਾਰੋ ਗਾਹਕ ਨਹੀਂ ਲੱਭਦਾ, ਤੂੰ ਮੇਮਾਂ ਦੀ ਗਾਹਕੀ ਆਹਨਾਂ ਏਂ।" ਗ਼ਫ਼ੂਰੇ ਨੇ ਨੇੜੇ ਹੁੰਦੇ ਆਖਿਆ।

"ਗ਼ਫ਼ੂਰੇ, ਸਿਆਣੇ ਨੇ ਸਹੀ ਆਖਿਆ ਏ,' ਤੇਲੀ ਕਿਸੇ ਦਾ ਨਹੀਂ ਬੇਲੀ, ਵੱਟੇ ਰੁਪਿਆ ਦੱਸੇ ਧੇਲੀ'।" ਸੈਦੇ ਨੂੰ ਰੱਬ ਮੌਕਾ ਦੇਵੇ। ਉਹਦਾ ਏਹ ਆਖਣਾ ਸੀ ਕਿ ਪੰਚਾਇਤ 'ਚ ਇਕ ਵਾਰ ਫੇਰ ਹਾਸੇ ਦਾ ਦੁਹਰਾਓ ਪੈ ਗਿਆ। ਗ਼ਫ਼ੂਰਾ ਨਿੰਮ੍ਹਿ-ਭੂਨਾ ਹੁੰਦਾ ਬੋਲਿਆ," ਮੈਂ ਤੇ ਹਮੇਸ਼ਾਂ ਰੁਪਿਆ ਵੱਟ ਕੇ ਤੂਦ ਦਸਦਾ ਹਾਂ, ਤਾਂ ਜੋ ਕੋਈ ਹੋਰ ਭਰਾ ਏਥੇ ਹੱਟੀ ਪਾਵੇ ਤੇ ਫੇਰ ਭੁਖਾ ਮਰਦਾ ਛੱਡ ਕੇ ਨੱਸੇ! ਤਾਂ ਤਹਾਨੂੰ ਪਤਾ ਲੱਗੇ, ਪਈ ਮੈਂ ਕੀ ਲੁੱਟ ਪਾਈ ਹੋਈ ਏ!!"

ਗ਼ਫ਼ੂਰੇ ਤੇਲੀ ਦੀ ਪਿੰਡ ਵਿਚ ਕਰਿਆਨੇ ਦੀ ਹੀ ਹੱਟੀ ਸੀ। ਕਹਿਣ ਨੂੰ ਤਾਂ ਏਹ ਕਰਿਆਨੇ ਦੀ ਹੱਟੀ ਸੀ। ਪਰ ਹੁਣ ਏਸ ਵਿਚ ਛੱਤੀ ਸੌ ਕੰਮ ਹੁੰਦੇ ਸਨ। ਕਰਿਆਨੇ ਦਾ ਸਮਾਨ ਉੱਥੇ, ਮੋਟਾ-ਸੋਟਾ ਕੱਪੜਾ ਉੱਥੇ, ਨਿੱਕੀ-ਮੋਟੀ ਹਿਕਮਤ ਵੀ ਨਾਲੋ-ਨਾਲ। ਪਿੰਡ ਵਿਚ ਕਿਸੇ ਨੂੰ ਕੋਈ ਤਕਲੀਫ਼ ਹੋਵੇ ਤਾਂ ਨਿੱਕਾ-ਮੋਟਾ ਦਵਾ-ਦਾਰੂ, ਪੇਟ ਦਰਦ ਦੀਆਂ ਫੱਕੀਆਂ, ਮੁੜ੍ਹਕੇ ਵਾਲੇ ਕਾੜ੍ਹੇ, ਬੱਚਿਆਂ ਨੂੰ ਦਸਤ-ਉਲਟੀਆਂ ਲੱਗੀਆਂ ਹੋਣ ਤਾਂ ਉਹਦੀ ਫੱਕੀ ਵੀ ਲੱਭ ਜਾਂਦੀ ਸੀ। ਕਿਸੇ ਕੋਲ ਪੈਸੇ ਨਾ ਹੋਵਣ ਤਾਂ ਉਹ ਦਾਣੇ ਜਾਂ ਕਪਾਹ ਲਿਆ ਕੇ, ਉਹਦੇ ਬਦਲੇ ਮਰਜ਼ੀ ਦੀ ਸ਼ੈਅ ਵੀ ਲਿਜਾ ਸਕਦਾ ਸੀ। ਕਦੀਮੀ ਦੌਰ ਦਾ, 'ਬਾਰਟਰ ਸਿਸਟਮ' ਏਸ ਪਿੰਡ ਵਿਚ ਗ਼ਫ਼ੂਰੇ ਦੀ ਹੱਟੀ ਤੇ ਅੱਜ ਵੀ ਜੀਂਦਾ ਸੀ। ਏਸ ਦੇ ਨਾਲ-ਨਾਲ ਜੇ ਕਿਸੇ ਨੇ ਆਪਣੇ ਵਧੇ ਪੈਸੇ ਜਮਾਂ ਕਰਾਣੇ ਹੋਣ ਜਾਂ ਕਿਸੇ ਨੂੰ ਉਧਾਰ ਦੀ ਲੋੜ ਹੁੰਦੀ, ਤਾਂ ਉਹ ਵੀ ਗ਼ਫ਼ੂਰੇ ਤੇਲੀ ਨੂੰ ਹੀ ਯਾਦ ਰੱਖਦਾ ਸੀ। ਗ਼ਫ਼ੂਰੇ ਨੇ ਏਸ ਸਾਰੇ ਹਿਸਾਬ-ਕਿਤਾਬ ਦੇ ਵਹੀ-ਖ਼ਾਤੇ ਬਣਾਏ ਹੋਏ ਸਨ। ਕੀ ਮਜ਼ਾਲ ਏ! ਜੇ ਕਦੇ ਇਕ ਪੈਸੇ ਦਾ ਵੀ ਫ਼ਰਕ ਆ ਜਾਏ। ਉਹ ਏਹ ਸਾਰਾ ਕੰਮ ਬਗ਼ੈਰ ਕਿਸੇ ਮੁਨਾਫ਼ੇ ਜਾਂ ਲੋਭ ਦੇ ਕਰਦਾ ਸੀ। ਵਿਆਜ ਦਾ ਕਿਸੇ ਨਾਂ ਵੀ ਨਹੀਂ ਸੁਣਿਆ ਸੀ। ਜਿਹੜੇ ਅੱਜ ਵੀ ਬਿਨਾਂ ਸੂਦ ਬੈਂਕ-ਕਾਰੀ ਨੂੰ ਚੰਗੇ ਤਰੀਕੇ ਨਹੀਂ ਚਲਾ ਸਕਦੇ, ਗ਼ਫ਼ੂਰਾ ਓਸ ਦੌਰ ਵਿਚ ਏਹਨੂੰ ਕਾਮਯਾਬੀ ਨਾਲ ਚਲਾਉਂਦਾ ਪਿਆ ਸੀ।

"ਭਲਿਓ ਲੋਕੋ! ਜਿਸ ਸੋਚ ਵਿਚਾਰ ਲਈ ਇਕੱਠ ਕੀਤਾ ਏ, ਉਸ ਬਾਰੇ ਵਿਚਾਰ-ਵਟਾਦਰਾਂ ਕਰੋ। ਕੀ ਇਕ ਦੂਜੇ ਤੇ ਚਿੱਗਤਾਂ ਲਾ-ਲਾ ਕੇ ਵੇਲਾ ਖੁੰਝਾ ਰਹੇ ਹੋ?" ਚੌਧਰੀ ਹੱਕ ਦਾਦ ਨੇ ਉਹਨਾਂ ਨੂੰ ਸਿੱਧੇ ਰਾਹ ਪੈਣ ਲਈ ਆਖਿਆ।

"ਚੌਧਰੀ ਸਾਹਬ! ਅਸਾਂ ਤਾਂ ਤਹਾਡੀ ਇਜਾਜ਼ਤ ਚਾਹੁੰਦੇ ਸਾਂ, ਹੁਣ ਤੁਸਾਂ ਇਜਾਜ਼ਤ ਦੇ ਦਿੱਤੀ ਏ ਸੋ ਹਾਸਾ-ਮਖ਼ੌਲ ਖ਼ਤਮ ਤੇ ਅਸਲ ਗੱਲ ਸ਼ੁਰੂ।" ਸੈਦੇ ਭਰਾਈ ਨੇ ਆਖਿਆ।

"ਹਾਂ! ਹੁਣ ਹਰ ਬੰਦਾ ਆਪਣੇ ਸੁਝਾਓ ਦੇਵੇ ਕਿ ਸਾਨੂੰ ਏਸ ਗੰਭੀਰ ਮਸਲੇ ਨੂੰ ਕਿਵੇਂ ਨਿਪਟਾਉਣਾ ਚਾਹੀਦਾ ਏ?" ਚੌਧਰੀ ਹੱਕ ਦਾਦ ਬੋਲਿਆ।

"ਚੌਧਰੀ ਸਾਹਬ! ਆਪਣੇ ਸੱਜੇ ਬੰਨੇ ਚੌਧਰੀ ਬੇਲੀ ਰਾਮ ਦੀ ਭੈਣੀ, ਖੱਬੇ ਪਾਸੇ ਲੰਬੜਦਾਰ ਸ. ਚਰਨ ਸਿੰਘ ਦਾ ਡੇਰਾ ਤੇ ਚੜ੍ਹਦੇ ਬੰਨੇ ਰਣਜੀਤ ਰਾਏ ਦਾ ਪਿੰਡ ਏ। ਫੇਰ ਆਪਣਾ ਸਾਰਾ ਇੱਕੋ ਮੌਜਾ ਏ। ਅਸਾਂ, ਸਦੀਆਂ ਤੋਂ ਰਹਿੰਦੇ ਆ ਰਹੇ ਹਾਂ। ਸਾਡੇ ਵਡੇਰਿਆਂ ਦਾ ਸਾਥ ਏ। ਮੇਰਾ ਤਾਂ ਖ਼ਿਆਲ ਏ, ਫ਼ਿਕਰ ਵਾਲੀ ਕੋਈ ਗੱਲ ਨਹੀਂ। ਹੁਣ ਭਲਾਂ ਚੌਧਰੀ ਬੇਲੀ ਰਾਮ , ਲੰਬੜਦਾਰ ਸ. ਚਰਨ ਸਿੰਘ ਜਾਂ ਫਿਰ ਰਣਜੀਤ ਰਾਏ, ਤਾਂ........ਸਾਨੂੰ ਮਾਰਨ ਤੋਂ ਰਹੇ!!" ਚੌਧਰੀ ਹੱਕ ਦਾਦ ਦੇ ਪੁੱਤਰ ਸਲੀਮ ਨੇ

ਆਖਿਆ।

"ਨਹੀਂ! ਪੁੱਤਰ ਨਹੀਂ! ਹਾਲਾਤ ਬਹੁਤ ਜ਼ਿਆਦਾ ਖ਼ਰਾਬ ਹੁੰਦੇ ਜਾ ਰਹੇ ਨੇ। ਏਹ ਮਜ਼੍ਹਬੀ ਕੱਟੜ-ਪੰਥੀ ਬਹੁਤ ਵੱਡੀਆਂ ਬਲਾਵਾਂ ਨੇ। ਚੰਗੇ ਭਲੇ ਬੰਦੇ ਦਾ ਇਕ ਪਲ 'ਚ ਮੀਟਰ ਫੇਰ ਦਿੰਦੇ ਨੇ।।" ਚੌਧਰੀ ਤੜਪ ਕੇ ਬੋਲਿਆ।

"ਜੇ ਏਹੀਓ ਗੱਲ ਏ, ਤਾਂ ਚੌਧਰੀ ਸਾਹਬ! ਜੀਹਦੇ ਕੋਲ ਅਸਲ੍ਹਾ ਏ, ਉਹ ਉਹਨੂੰ ਸਾਫ਼ ਕਰ ਕੇ ਤਿਆਰ ਰੱਖੇ। ਬਾਕੀ ਜਿਹਨਾਂ ਕੋਲ ਅਸਲ੍ਹਾ ਨਹੀਂ, ਉਹ ਡਾਂਗਾਂ ਨੂੰ ਤੇਲ ਚੁਆ ਕੇ ਦੁਸ਼ਮਣਾਂ ਦੀ ਉਡੀਕ ਵਿਚ ਰਹਿਣ।" ਸਲਾਮਤੇ ਨੇ ਕਿਹਾ।

"ਹਾਂ! ਏਹ ਗੱਲ ਠੀਕ ਏ। ਜਿਸ ਘਰ 'ਚ ਕੁਹਾੜੀ, ਗੰਡਾਸਾ ਤੇ ਬੰਦੂਕੀ ਬਗੈਰਾ ਹੈ, ਉਹ ਉਹਨੂੰ ਸਾਫ਼ ਤੇ ਤਿੱਖੀ ਕਰਕੇ ਰੱਖਣ। ਬਾਕੀ ਜਿਹੜੇ ਨੇ ਉਹ ਵੀ ਜਿਹੜੀ ਸ਼ੈਅ ਤਿਆਰ ਹੋ ਸਕਦੀ ਏ, ਬਣਵਾ ਲੈਣ।" ਚੌਧਰੀ ਹੱਕ ਦਾਦ ਆਖਿਆ।

"ਚੌਧਰੀ ਸਾਹਬ! ਏਹ ਵੀ ਤਾਂ ਪਤਾ ਚੱਲੇ ਕਿ ਹੱਦਬੰਦੀ ਕਿੱਥੋਂ ਬਣ ਰਹੀ ਏ? ਸਾਡਾ ਪਿੰਡ ਪਾਕਿਸਤਾਨ ਵਿਚ ਸ਼ਾਮਲ ਹੋ ਰਿਹਾ ਏ ਜਾਂ ਫਿਰ ਭਾਰਤ 'ਚ ਈ ਰਹੇਗਾ।" ਕਰਾਮਤੇ ਨੇ ਸਲਾਹ ਦਿੱਤੀ।

"ਆਹੋ! ਚੌਧਰੀ ਸ੍ਹਾਬ! ਏਹ ਤਾਂ ਪਤਾ ਕਰਵਾਉ ਕਿ ਜੇ ਸਾਡਾ ਪਿੰਡ ਪਾਕਿਸਤਾਨ ਵਿਚ ਸ਼ਾਮਲ ਹੋ ਰਿਹਾ ਏ, ਫੇਰ ਤਾਂ ਫ਼ਿਕਰ ਦੀ ਕੋਈ ਗੱਲ ਨਹੀਂ। ਜੇ ਨਹੀਂ ਤਾਂ ਫੇਰ ਪਾਕਿਸਤਾਨ ਜਾਵਣ ਵਾਸਤੇ ਹੌਲੀ ਤਿਆਰੀ ਵਿੱਢੀਏ।" ਜ਼ੀਰੇ ਨੇ ਆਪਣੇ ਵਿਚਾਰ ਸਾਂਝੇ ਕੀਤੇ।

"ਚੌਧਰੀ ਸਾਹਬ! ਤੁਹਾਡਾ ਇਕ ਅਜੀਜ਼ ਦਿੱਲੀ, ਕੁਲੈਕਟਰ ਸਾਹਬ ਦੇ ਦਫ਼ਤਰ ਮੁਲਾਜ਼ਮ ਏ। ਉਹ ਲਾਜ਼ਮੀ ਏਹ ਸੂਹ ਰੱਖਦਾ ਹੋਵੇਗਾ, ਕਿ ਹੱਦਬੰਦੀ ਕਿੱਥੋਂ ਤੀਕ ਬਣ ਰਹੀ ਏ? ਉਸ ਕੋਲ ਜਾਕੇ ਪਤਾ ਕਰੋ! " ਸੈਦੇ ਭਰਾਈ ਨੇ ਰਾਏ ਦਿੱਤੀ।

ਸੈਦੇ ਦੀ ਸਲਾਹ ਆਵਣ ਦੀ ਦੇਰ ਸੀ ਕਿ ਹਰ ਪਾਸਿਓਂ ਇਸ ਦੀ ਹਾਮੀ ਭਰੀ ਗਈ।

"ਚੌਧਰੀ ਸਾਹਬ! ਅੱਜ ਈ ਦਿੱਲੀ ਜਾਉ। ਇਹ ਪਤਾ ਕਰਵਾਉ ਤਾਂ ਕਿ ਇਹ ਟੰਟਾ ਮੁੱਕੇ, ਅਸਾਂ ਕਿਸੇ ਪਾਸੇ ਲੱਗੀਏ।" ਪੰਜਾਬ ਵਿਚ ਹਰ ਬੰਦੇ ਦੇ ਦਿਲ ਦੀ ਏਹੀਉ ਆਵਾਜ਼ ਸੀ। ਇਹ ਮਸ਼ਵਰਾ ਏਨਾ ਜ਼ਬਰਦਸਤ ਸੀ ਕਿ ਅਖ਼ੀਰ, ਚੌਧਰੀ ਹੱਕ ਦਾਦ ਨੂੰ ਰਾਤ ਦੀ ਗੱਡੀ ਤੇ ਦਿੱਲੀ ਜਾਣਾ ਪੈ ਗਿਆ। ਦਿੱਲੀ ਪੁੱਜਦਿਆਂ, ਪਤਾ ਲੱਗਾ ਕਿ ਉਹਦਾ ਫੁੱਫੜ ਤੇ ਉਹਦੀ ਟੱਬਰੀ, ਲਾਹੌਰ ਚਲੇ ਗਏ ਨੇ। ਤੇ, ਉਸ ਮਕਾਨ ਵਿਚ ਕੋਈ ਹਿੰਦੂ ਲਾਲਾ ਰਹਿ ਰਿਹਾ ਏ। ਜਿਸ ਕੋਲੋਂ ਏਸ ਤੋਂ ਜ਼ਿਆਦਾ ਪਤਾ ਨਾ ਲੱਗ ਸਕਿਆ।

ਏਧਰੋਂ ਨਿਰਾਸ਼ ਹੋ ਕੇ ਉਹ ਇੱਕਲਾ ਹੀ ਸਵੇਰ ਤੋਂ ਸ਼ਾਮ ਤਾਂਈ ਦਿੱਲੀ ਦੇ ਮੁਖ਼ਤਲਿਫ਼ ਦਫ਼ਤਰਾਂ ਦੇ ਚੱਕਰ ਕੱਟਦਾ ਰਿਹਾ। ਇਕ ਦਫ਼ਤਰ ਤੋਂ ਦੂਜੇ ਦਫ਼ਤਰ, ਦੂਜੇ ਤੋਂ ਤੀਜੇ ਅਤੇ ਤੀਜੇ ਤੋਂ ਚੌਥੇ ਦਫਤਰ ਪਰ ਪੱਕੀ ਖ਼ਬਰ ਕਿਸੇ ਪਾਸਿਉਂ ਵੀ ਨਾ ਮਿਲੀ। ਅਖ਼ੀਰ ਸ਼ਾਮ ਤਾਂਈ, ਉਹ ਹੱਫ਼ ਕੇ ਥੱਕ ਟੁੱਟ ਗਿਆ। ਕਿਧਰੋਂ ਪਤਾ ਚਲਿਆ, ਕਿ ਕੋਟ ਮੁਹੰਮਦ ਖਾਂ, ਪਾਕਿਸਤਾਨ ਵਿਚ ਸ਼ਾਮਲ ਹੋ ਰਿਹਾ ਏ। ਤੇ, ਨਾਲ ਈ ਅਗਲੇ ਦਫ਼ਤਰੋਂ ਇਹਦੀ ਤਨਕੀਦ ਹੋ ਜਾਂਦੀ। ਕਿ ਨਹੀਂ, ਮੁਹੰਮਦ ਕੋਟ, ਹੱਦਬੰਦੀ ਬਣੇਗੀ। ਤੇ, ਇਹਦੀ ਪੂਰੀ ਤਹਿਸੀਲ ਫ਼ਿਰੋਜ਼ਪੁਰ, ਹਿੰਦੁਸਤਾਨ 'ਚ ਸ਼ਾਮਲ ਰਹੇਗੀ। ਸ਼ਾਮੀ ਉਹਨੇ ਪਿੰਡ ਦੀ ਤਿਆਰੀ ਵੱਟੀ, ਤਾਂ 'ਟੇਸ਼ਨ ਆਉਂਦੇ, ਰਸਤੇ 'ਚ ਇਕ ਪੁਰਾਣਾ ਜਾਣੂੰ ਮਿਲ ਪਿਆ, ਜਿਸ ਨੇ ਉਹਨੂੰ ਰੋਕ ਲਿਆ।

"ਨਹੀਂ! ਅੱਜ ਰਾਤ ਏਥੇ ਹੀ ਰਹੋ, ਸਵੇਰੇ ਚਲੇ ਜਾਣਾ। ਵਰ੍ਹਿਆਂ ਬਾਅਦ ਮਿਲਿਆ ਏਂ, ਰੱਜ ਗੱਲਾਂ ਕਰਾਂਗੇ। ਉਸ ਇੰਨੀ ਚਾਹਤ ਨਾਲ ਆਖਿਆ, ਕਿ ਉਸਤੋਂ ਮੋੜ ਨਾ ਹੋਇਆ। ਉਹ ਰਾਤ ਉਹਦੇ ਕੋਲ ਟਿਕ ਗਿਆ। ਫ਼ਿਰੋਜ਼ਪੁਰ ਜਾਣ ਲਈ ਜਦੋਂ ਉਹ ਦਿੱਲੀ ਸ਼ਟੇਸਨ ਅੱਪੜੇ, ਤਾਂ ਉਹਨੂੰ ਪਤਾ ਲੱਗਿਆ, 'ਕਿ ਰਾਤ ਮੁਹੰਮਦ ਕੋਟ ਪਿੰਡ ਵਿਚ ਅੱਤਵਾਦੀਆਂ ਨੇ ਹਨ੍ਹੇਰ ਪਾ ਦਿੱਤੀ ਏ। ਪੂਰੇ ਪਿੰਡ ਦੀ ਇੱਟ ਨਾਲ ਇੱਟ ਵਜਾ ਦਿੱਤੀ। ਰਾਤ ਦੇ ਹਨ੍ਹੇਰੇ ਵਿਚ ਸਾਰੇ ਬੰਦੇ ਮਾਰ ਦਿੱਤੇ, ਲੁੱਟਮਾਰ ਕੀਤੀ ਤੇ ਬਾਅਦ ਵਿਚ ਪਿੰਡ ਨੂੰ ਅੱਗ ਲਾ ਦਿੱਤੀ। ਖੌਰੇ! ਕੋਈ ਜਿਉਂਦਾ ਵੀ ਬਚਿਆ ਏ ਕਿ ਨਹੀਂ?'

ਚੌਧਰੀ ਹੱਕ ਦਾਦ ਇਹ ਸੁਣਦਾ ਸੀ ਕਿ ਉਹਦਿਆਂ ਪੈਰਾਂ ਥੱਲਿਉਂ, ਜ਼ਮੀਨ ਨਿਕਲ ਗਈ। ਉਹਨੂੰ ਆਪਣੇ ਪੈਰ ਜ਼ਮੀਨ ਤੇ ਰੱਖਣੇ ਔਖੇ ਹੋ ਗਏ। ਉਹਦਾ ਦਿਲ ਕਰਦਾ ਸੀ ਕਿ ਉਹਦੇ ਪਰ ਲੱਗ ਜਾਣ ਤੇ ਉਹ ਉੱਡ ਕੇ ਆਪਣੇ ਪਿੰਡ ਪਹੁੰਚ ਜਾਵੇ। ਪਰ, ਉਹਦੇ ਖੰਭ ਕਿੱਦਾਂ ਲੱਗ ਸਕਦੇ ਸਨ? ਏਸ ਲਈ ਉਹ ਸੋਚ ਕੇ ਹੀ ਰਹਿ ਗਿਆ। ਅਖ਼ੀਰ ਰੱਬ-ਰੱਬ ਕਰਕੇ ਗੱਡੀ ਆਈ। "ਏਹ ਗੱਡੀ ਚੱਲਦੀ ਕਿਉਂ ਨਹੀਂ ਪਈ?" ਉਹ ਬੁੜਬੁੜਾਇਆ।

"ਵੀਰਾ! ਗੱਡੀ ਤਾਂ ਟੁਰਦੀ ਪਈ ਏ।" ਨਾਲ ਬੈਠੀ ਸਵਾਰੀ ਨੇ ਆਖਿਆ।

ਉਹਨੂੰ ਇੰਝ ਲੱਗਾ, 'ਜਿਵੇਂ ਉਹ ਸੁੱਤਾ ਪਿਆ, ਇੱਕ ਦਮ ਜਾਗ ਪਿਆ ਹੋਵੇ। ਪਿੰਡ ਦਾ ਖ਼ਿਆਲ ਆਉਂਦੇ ਹੀ, ਉਹਨੂੰ ਹੌਲ ਪੈਣੇ ਸ਼ੁਰੂ ਹੋ ਜਾਂਦੇ।' ਉਹਨੂੰ ਇੰਝ ਲੱਗਾ, 'ਜਿਵੇਂ ਕਿਸੇ ਨੇ ਉਹਦੇ ਦਿਲ ਨੂੰ ਮੁੱਠੀ 'ਚ ਭਰ ਕੇ ਦੱਬ ਲਿਆ ਹੋਵੇ। ਉਹ ਨਾ ਜਿਉਂਦਾ ਹੈ ਤੇ ਨਾ ਈ ਮਰਦਾ ਹੈ। ਇਕ ਬੇਚੈਨੀ ਹੈ, ਜਿਹੜੀ ਉਹਨੂੰ ਵਿਆਕੁਲ ਕੀਤੀ ਖੜ੍ਹੀ ਹੈ। ਉਹ ਆਪ ਗੱਡੀ ਵਿਚ ਬੈਠਾ ਹੈ, ਪਰ ਉਹਦੀ ਰੂਹ ਪਿੰਡ ਵਿਚ ਭਟਕ ਰਹੀ ਹੈ। ਉਹ ਵੇਖਦਾ ਹੈ, ਕਿ ਉਹਦੇ ਪਿੰਡ ਵਿਚ ਪੁਰਸਕੂਨ ਰਾਤ ਉੱਤਰੀ ਏ। ਰਾਤ ਗਹਿਰੀ ਹੁੰਦੀ ਜਾ ਰਹੀ ਏ, ਲੋਕੀਂ ਅਮਨ ਤੇ ਬੇਫ਼ਿਕਰੀ ਨਾਲ ਗੂੜ੍ਹੀ ਨੀਂਦਰੇ ਸੁੱਤੇ ਪਏ ਨੇ। ਹਰ ਗੱਲੋਂ ਬੇਖ਼ਬਰ। ਦੂਰੋਂ ਇੱਕ ਹੜ੍ਹ ਏ, ਬੰਦਿਆਂ ਦਾ। ਜਿਹੜਾ ਉਹਦੇ ਪਿੰਡ ਵੱਲ, ਵਧਿਆ ਆ ਰਿਹਾ ਏ। ਉਹਨਾਂ ਹੱਥਾਂ ਵਿਚ,

ਮਿਸ਼ਾਲ ਚੁੱਕੇ ਹੋਏ ਨੇ। ਜੀਹਦੇ ਚਾਨਣ ਵਿਚ ਉਹ ਵੇਖਦਾ ਏ, ਕਿ ਹਰ ਬੰਦੇ ਦੇ ਹੱਥ ਵਿਚ ਕੋਈ ਹਥਿਆਰ ਹੈ। ਕਿਸੇ ਨੇਜ਼ਾ ਫੜ੍ਹਿਆ ਹੋਇਆ ਏ, ਕਿਸੇ ਦੇ ਹੱਥ ਵਿਚ ਬੰਦੂਕੀ ਹੈ। ਕਿਸੇ ਤਰਸ਼ੂਲ ਚੁੱਕੀ ਹੋਈ ਏ, ਕੋਈ ਛਵ੍ਹੀ ਲਹਿਰਾਈ ਜਾ ਰਿਹਾ ਏ। ਥੋੜ੍ਹੇ ਚਿਰ ਮਗਰੋਂ ਇਕ ਪਾਸਿਉਂ, ਆਵਾਜ਼ ਆਉਂਦੀ ਏ, ਜੋ 'ਬੋਲੇ ਸੋ ਨਿਹਾਲ'। ਤੇ ਫੇਰ, ਕਾਫ਼ੀ ਸਾਰੀਆਂ ਆਵਾਜ਼ਾਂ ਇੱਕੋ ਦਮ ਆਉਂਦੀਆਂ ਨੇ । ਜਿਵੇਂ ਹੀ ਏਹ 'ਵਾਜ਼ਾਂ ਮੁੱਕਦੀਆਂ ਨੇ, ਤੇ ਫੇਰ ਆਵਾਜ਼ ਭਰਦੀ ਹੈ, 'ਰਾਮ ਜੀ ਕੀ ਜੈ-ਜੈ ਕਾਰ'। ਸਾਰੀਆਂ ਆਵਾਜ਼ਾ ਉਹਦੇ ਕੰਨ ਦੇ ਪਰਦਿਆਂ ਨਾਲ ਟਕਰਾਂਦੀਆਂ ਨੇ। 'ਵੰਦੇ ਮਾਤਰਮ', 'ਫ਼ਤਿਹ ਗੁਰੂ ਦੀ'। ਬੰਦਿਆਂ ਦਾ ਏਹ ਹੜ੍ਹ, ਉਹਦੇ ਪਿੰਡ ਦੇ ਮੂਹਰੇ ਆ ਕੇ ਰੁੱਕ ਜਾਂਦਾ ਏ। ਫੇਰ ਉਹ ਪਿੰਡ ਦੇ ਚਾਰੋਂ ਪਾਸੇ ਖਿੱਲਰ ਜਾਂਦੇ ਨੇ। ਏਹਦੇ ਨਾਲ ਈ ਕੱਚੇ--ਪੱਕੇ ਮਕਾਨਾਂ ਉੱਤੇ, ਝੌਂਪੜੀਆਂ ਉੱਤੇ, ਮਿੱਟੀ ਦਾ ਤੇਲ ਛਿੜਕਾਉਂਣਾ ਸ਼ੁਰੂ ਕਰ ਦੇਂਦੇ ਨੇ। ਜਿਵੇਂ ਹੀ ਤੇਲ ਦੇ ਪੀਪੇ ਵਿਹਲੇ ਹੁੰਦੇ ਨੇ; ਮਿਸ਼ਾਲ ਦੀ ਲਾਟ ਵਿਖਾ ਦਿੱਤੀ ਜਾਂਦੀ ਏ। ਪੂਰਾ ਪਿੰਡ, ਜਿਹੜਾ ਗਹਿਰੀ ਨੀਂਦਰੇ ਸੁੱਤਾ ਪਿਆ ਸੀ, ਇੱਕ ਦਮ ਅੱਗ ਦਾ ਭਾਂਬੜ ਬਣ ਜਾਂਦਾ ਏ। ਤੇ ........ਨਾਅ੍ਹਰੇ ਵੱਜਦੇ ਨੇ, 'ਜੋ ਬੋਲੈ, ਸੋ ਨਿਹਾਲ। ਸਤਿ ਸ੍ਰੀ ਆਕਾਲ'.........'ਬੰਦੇ ਮਾਤਰਮ'..........'ਰਾਮ ਕੀ ਜੈ-ਜੈ ਕਾਰ'........... 'ਫ਼ਤਿਹ ਗੁਰੂ ਦੀ'.........।

ਬੰਦੇ-ਔਰਤਾਂ ਤੇ ਬਾਲ ਆਪਣੇ ਆਪ ਨੂੰ ਅੱਗ ਤੋਂ ਬਚਾਉਣ ਲਈ ਬਾਹਰ ਨਿਕਲਦੇ ਨੇ, ਤਾਂ ਛਵ੍ਹੀਆਂ, ਗੰਡਾਸੇ, ਨੇਜ਼ੇ, ਤ੍ਰਿਸ਼ੂਲ ਤੇ ਡਾਂਗਾਂ ਲਹਿਰਾਉਂਦੀਆਂ ਨੇ। ਜਿਹੜੀ ਸ਼ੈਅ, ਕਿਸੇ ਦੇ ਵੱਜਦੀ ਏ, ਉਹ 'ਹਾਏ' ਕਰਦਾ ਲੰਮਾ ਪੈ ਜਾਂਦਾ ਏ। ਕਦੇ-ਕਦੇ ਬੰਦੂਕ ਦੇ ਫ਼ਾਇਰ ਦੀ ਆਵਾਜ਼ ਵੀ ਸੁਣਾਈ ਦਿੰਦੀ ਏ। ਜਿੰਨੇ ਮਾਰੇ ਜਾ ਸਕਦੇ ਸਨ, ਮਾਰੇ ਗਏ। ਜਿਨ੍ਹਾਂ ਭੱਜਣ ਦੀ ਕੋਸ਼ਿਸ਼ ਕੀਤੀ, ਉਹਨਾਂ ਨੂੰ ਮਗਰਾ ਕਰ ਕੇ, ਮੁੱਕਾ ਦਿੱਤਾ। ਫੇਰ ਉਹ ਘਰ ਵਿਚ ਵੜ ਗਏ। ਜਿਸ ਦੇ ਹੱਥ ਜੋ ਸਾਮਾਨ ਲੱਗਾ, ਜੋ ਕੁਝ ਲੱਭਾ, ਲੁੱਟ ਦਾ ਮਾਲ ਸਮਝਕੇ ਲੈ ਗਿਆ। ਕਿਸੇ ਸੰਦੂਕ ਚੁੱਕਿਆ ਹੋਇਆ ਏ, ਤੇ ਕਿਸੇ ਕੱਪੜਿਆਂ ਦੀ ਪੰਡ। ਕਿਸੇ ਦੇ ਹੱਥ ਗਹਿਣਿਆਂ ਦੀ ਪੋਟਲੀ ਏ, ਤੇ ਕਿਸੇ ਮੋਢਿਆਂ 'ਤੇ ਜੁਆਨ ਕੁੜੀ ਚੁੱਕੀ ਹੋਈ ਏ।'

'ਹਾਏ ਮੇਰੀ ਧੀ ਸਲੀਮਾਂ!" ਚੌਧਰੀ ਹੱਕਦਾਦ ਇਕ ਦਮ ਚੌਂਕਦਾ ਏ।

"ਖ਼ੈਰ ਏ ਵੀਰਾ!" ਨਾਲ ਬੈਠੀਆਂ ਸਵਾਰੀਆਂ ਚੌਧਰੀ ਹੱਕ ਦਾਦ ਨੂੰ ਪੁੱਛਦੀਆਂ ਨੇ।

"ਨਹੀਂ, ਖ਼ੈਰ ਏ।" ਚੌਧਰੀ ਹੱਕ ਦਾਦ ਹੱਥਾਂ ਨੂੰ ਮਲਦਿਆਂ ਕਹਿੰਦਾ ਏ।

"ਲੱਗਦਾ ਏ, ਕੋਈ ਡਰਾਉਣਾ ਸੁਫ਼ਨਾ ਵੇਖਿਆ ਏ।" ਇਕ ਸਵਾਰੀ ਆਖਦੀ ਏ।

"ਨਹੀਂ! ਸੁਫ਼ਨਾ, ਨਹੀਂ ਹਕੀਕਤ ਵੇਖ ਰਿਹਾ ਆਂ।" ਚੌਧਰੀ ਹੱਕ ਦਾਦ ਹੌਲੀ ਜਿਹੀ ਬੋਲਿਆ।

"ਲੱਗਦੈ, ਪਾਗ਼ਲ ਏ। ਸੁਫ਼ਨੇ ਨੂੰ ਹਕੀਕਤ ਕਹਿੰਦਾ ਏ।" ਇੱਕ ਸਵਾਰੀ ਬੋਲੀ।

"ਆਹੋ! ਪਾਗਲ ਹੀ ਹਾਂ, ਜਿਸਨੇ ਮੁਸਲਮਾਨ ਹੋ ਕੇ, ਏਥੇ ਰਹਿਣ ਦਾ ਸੁਫ਼ਨਾ ਵੇਖਿਆ ਸੀ। ਜਿਹੜਾ ਹੁਣ ਤਾਈਂ 'ਪਰਲੇ ਘਰ' ਕਿਉਂ ਨਹੀਂ ਚਲਾ ਗਿਆ, ਜਿੱਥੇ ਪਿਆਰ ਮਹੁੱਬਤ ਹੋਣੀਂ ਏਂ, ਜਿੱਥੇ ਮੁਸਲਮਾਨ ਰਹਿੰਦੇ ਨੇ। ਜਿਹੜੇ ਇਨਸਾਨੀਅਤ ਤੇ ਯਕੀਨ ਰੱਖਦੇ ਨੇ, ਉਹ ਦੂਜੇ ਮਜ਼੍ਹਬ ਦਾ ਵੀ ਓਨਾਂ ਈ ਇਹਤਰਾਮ ਕਰਦੇ ਨੇ, ਜਿੰਨਾਂ ਆਪਣੇ ਮਜ਼੍ਹਬ ਦਾ, ਕਰਦੇ ਨੇ। ਉਹ ਆਪਣੀ ਕਿਸੇ ਵੀ ਹਰਕਤ ਨਾਲ ਦੂਜੇ ਨੂੰ ਨੁਕਸਾਨ ਨਹੀਂ ਪਹੁੰਚਾਂਦੇ। ਉਹ ਦੂਜਿਆਂ ਦੀ ਜਾਨ ਬਚਾਉਂਦੇਂ ਨੇ।" ਉਹ ਦਿਲ ਵਿਚ ਸੋਚ ਕੇ ਰਹਿ ਗਿਆ।

ਝੱਟ-ਪਟੇ ਦਾ ਵੇਲਾ ਸੀ, ਜਦੋਂ ਉਹ ਆਪਣੇ ਪਿੰਡ ਦੇ ਨੇੜੇ ਟੇਸ਼ਨ ਤੋਂ ਉੱਤਰਿਆ । ਕੁਝ ਹੋਰ ਸਵਾਰੀਆਂ ਵੀ ਸਨ, ਜਿਹੜੀਆਂ ਉਹਦੇ ਨਾਲ ਗੱਡੀ ਤੋਂ ਉੱਤਰੀਆਂ। ਟੇਸ਼ਨ ਦੇ ਵੱਡੇ ਬੂਹੇ 'ਚੋਂ ਬਾਹਰ ਆਇਆ ਤਾਂ ਉਹਦੇ ਪਿੰਡ ਦਾ ਜਾਨਣ ਵਾਲਾ, ਕੋਈ ਤਾਂਗਾ ਨਹੀਂ ਸੀ। । ਉਹ ਸੋਚੀਂ ਪੈ ਗਿਆ, 'ਕਿ ਏਹ ਉਹੋ ਈ ਟੇਸ਼ਨ ਏ, ਜਿੱਥੇ ਹਮੇਸ਼ਾ ਰੌਣਕ-ਮੇਲਾ ਰਹਿੰਦਾ ਸੀ। ਪਿੰਡ ਜਾਵਣ ਵਾਲੇ ਟਾਂਗਿਆਂ ਦੇ ਕੋਚਵਾਨ, ਆਵਾਜ਼ਾਂ ਮਾਰ-ਮਾਰ ਸਵਾਰੀਆਂ ਨੂੰ ਬੁਲਾਉਂਦੇ ਸਨ। ਅੱਜ ਚੰਦ ਸਵਾਰੀਆਂ ਉੱਤਰੀਆਂ ਨੇ, ਤੇ ਟੇਸ਼ਨ ਭਾਂਅ-ਭਾਂਅ ਕਰ ਰਿਹਾ ਏ।"

ਸਟੇਸ਼ਨ ਤੇ ਰੁਕ ਕੇ ਉਡੀਕ ਕਰਨ ਨਾਲੋਂ ਓਸ ਪੈਦਲ ਈ ਪਿੰਡ ਜਾਣਾ ਚੰਗਾ ਸਮਝਿਆ। ਉਹ ਪਿੰਡ ਨੂੰ ਤੁਰ ਪਿਆ। ਉਹਦੇ ਦਿਲ ਵਿਚ ਹੌਲ ਉੱਠ ਰਹੇ ਸਨ। ਉਹਦੀ ਰੱਬ ਅੱਗੇ ਇੱਕੋ ਈ ਦੁਆ ਸੀ, 'ਰੱਬ ਕਰੇ! ਕਿ ਮੇਰੇ ਪਿੰਡ ਵਾਲੇ ਖ਼ੈਰੀਂ-ਸਲਾਮਤੀ ਹੋਵਣ। ਏਹ ਕਹਾਣੀ, ਜਿਹੜੀ ਮੈਂ ਸੁਣੀ ਏ, ਝੂਠ ਈ ਹੋਵੇ।'

ਮੁਹੰਮਦ ਕੋਟ ਜਦੋਂ ਮੀਲ-ਡੂਡ ਮੀਲ ਹੋਵੇਗਾ, ਉਹਦੇ ਆਸਾਰ, ਉਹਦੀਆਂ ਫ਼ਸੀਲਾਂ, ਉਸਦੇ ਰੁੱਖ, ਨਜ਼ਰ ਆਉਣੇ ਸ਼ੁਰੂ ਹੋ ਗਏ। ਰੁੱਖਾਂ ਵਿੱਚੋਂ ਦੀ ਕਿੱਧਰੇ-ਕਿੱਧਰੇ ਧੂੰਆਂ ਉਡਦਾ ਨਜ਼ਰ ਆ ਰਿਹਾ ਸੀ।

'ਰੱਬ, ਖ਼ੈਰ ਕਰੇ! ਉਹਦੇ ਦਿਲ ਚੋਂ ਆਵਾਜ਼ ਆਈ। ਆਸਾਰ ਕੁਝ ਚੰਗੇ ਨਹੀਂ ਲੱਗਦੇ। ਏਨੀ ਖਾਮੋਸ਼ੀ, ਕਿਸੇ ਤੂਫ਼ਾਨ ਦੇ ਗੁਜ਼ਰ ਜਾਣ ਦਾ ਪਤਾ ਦੇਂਦੀ ਏ। ਲੱਗਦਾ ਏ, ਪਿੰਡ ਉੱਤੇ ਵਾਪਰੀ ਕਿਆਮਤ ਦੀ ਖ਼ਬਰ ਸੱਚੀ ਏ। ਵਰਨਾਂ ਪੈਲੀਆਂ, ਬੰਨਿਆਂ ਉੱਤੇ ਤੇ ਬੰਦੇ-ਔਰਤਾਂ ਜ਼ਰੂਰ ਨਜ਼ਰ ਆਉਂਦੇ! ਟੇਸ਼ਨ ਤੋਂ ਪਿੰਡ ਆਉਣ ਲਈ ਟਾਂਗਾ ਜ਼ਰੂਰ ਲੱਭਦਾ।'

ਉਹਦੇ ਦਿਲ ਦੀ ਆਵਾਜ਼ ਇੰਝ ਸੀ, ਜਿਵੇਂ ਦੂਰ ਕਿਧਰੇ ਖੇਤ ਵਿਚ ਇੰਜਨ ਚੱਲਣ ਦੀ ਆਵਾਜ਼ ਬੰਮ....... ਬੰਮ........ਬੰਮ......। ਡਰਦੇ-ਡਰਦੇ ਜਦੋਂ ਉਹ ਪਿੰਡ ਵੜਿਆ, ਤਾਂ ਉਹਦੀਆਂ ਭੁੱਬਾਂ ਨਿਕਲ ਗਈਆਂ। ਪੂਰਾ

ਪਿੰਡ, ਸੜਿਆ ਪਿਆ ਸੀ। ਪੂਰੇ ਪਿੰਡ ਦਾ ਨਾਸ਼ ਮਾਰ ਦਿੱਤਾ ਸੀ। ਥਾਂ-ਥਾਂ, ਲਾਸ਼ਾਂ ਪਈਆਂ ਸਨ। ਕੁਝ ਸੜੀਆਂ ਤੇ ਖ਼ੂਨੋਂ-ਖ਼ੂਨ, ਕਿੱਧਰੇ-ਕਿੱਧਰੇ ਲੱਗੀ ਅੱਗ ਵਿੱਚੋਂ ਹੁਣ ਵੀ ਧੂੰਆਂ ਨਿਕਲ ਕੇ ਮਾਹੌਲ ਨੂੰ ਹੋਰ ਵੀ ਉਦਾਸ ਬਣਾ ਰਿਹਾ ਸੀ। ਗਲੀਆਂ ਵਿਚ ਫਿਰ ਰਹੇ ਕੁੱਤੇ ਲਾਸ਼ਾਂ ਨੂੰ ਢੂੰਡ ਰਹੇ ਸਨ। ਏਸ ਗੱਲੋਂ ਬੇਪ੍ਰਵਾਹ, ਕਿ ਇਹ ਕੱਲ ਤਾਈਂ ਸਾਨੂੰ ਖਾਣ ਲਈ ਟੁੱਕਰ ਦੇਂਦੇ ਸੀ। ਲਾਪ੍ਰਵਾਹੀ ਨਾਲ ਲਾਸ਼ਾਂ ਨੂੰ ਭੰਬੋੜ ਰਹੇ ਕੁੱਤੇ, ਇੱਕ ਜ਼ਿੰਦਾ ਇਨਸਾਨ ਨੂੰ ਵੇਖ ਕੇ ਭਊਂ-ਭਊਂ ਕਰਦੇ, ਅੱਗੇ-ਅੱਗੇ ਨੱਸ ਪਏ। ਕੁੱਤਿਆਂ ਦੀਆਂ ਆਵਾਜ਼ਾਂ ਨੇ ਮਾਹੌਲ ਨੂੰ ਹੋਰ ਖ਼ੌਫ਼ਨਾਕ ਤੇ ਡਰਾਉਣਾ ਬਣਾ ਦਿੱਤਾ।

ਚੌਧਰੀ ਹੱਕ ਦਾਦ ਹਰ ਖ਼ੌਫ਼ ਤੋਂ ਬੇਪ੍ਰਵਾਹ ਇਕ ਮਸ਼ੀਨ ਵਾਂਗੂੰ, ਆਪਣੀ ਹਵੇਲੀ ਵੱਲ ਤੁਰਿਆ ਜਾ ਰਿਹਾ ਸੀ । ਇੰਝ ਲੱਗਦਾ ਸੀ ਕਿ ਜਿਵੇਂ ਉਸ ਵਿਚ ਰੂਹ ਹੀ ਨਾ ਹੋਵੇ। ਬੱਸ, ਉਹ ਬੁੱਤ ਵਾਂਗੂੰ, ਮਸ਼ੀਨੀ ਅੰਦਾਜ਼ ਵਿਚ ਅੱਗੇ ਵਧੀ ਜਾ ਰਿਹਾ ਸੀ। ਹਵੇਲੀ ਮੁੰਕਮਲ ਤੌਰ ਤੇ ਸੜ ਚੁੱਕੀ ਸੀ। ਗ਼ੁਦਾਮ ਵਿਹਲੇ ਪਏ ਸਨ। ਮਰਦਾਨਖ਼ਾਨੇ ਦੀਆਂ ਮੰਜੀਆਂ ਤੇ ਮੂਹੜੇ ਸਵਾਹ ਹੋਏ ਪਏ ਸਨ। ਉੱਥੋਂ ਅੱਗੋਂ ਵੱਧ ਕੇ ਜਦੋਂ ਉਹ ਅੰਦਰ ਆ ਗਿਆ, ਸਾਹਮਣੇ ਹੀ ਉਹਦੇ ਪੁੱਤਰ ਤੇ ਉਹਦੀ ਬੀਵੀ ਦੀ ਲਾਸ਼ ਪਈ ਸੀ। ਇੰਝ ਲੱਗਦਾ ਸੀ, ਜਿਵੇਂ ਕਿ ਪੁੱਤਰ ਨੂੰ ਬਚਾਉਂਦੇ ਹੋਏ ਮਾਂ ਵੀ ਕੁਰਬਾਨ ਹੋ ਗਈ ਹੋਵੇ। ਥੋੜ੍ਹਾ ਅੱਗੇ, ਘਰ ਦੀਆਂ ਦੋਵੇਂ ਨੌਕਰਾਣੀਆਂ ਦੀਆਂ ਲਾਸ਼ਾਂ ਪਈਆਂ ਸਨ। ਪਰ ਉਹਦੀਆਂ ਅੱਖਾਂ ਕਿਸੇ ਹੋਰਸ ਨੂੰ ਤਲਾਸ਼ ਰਹੀਆਂ ਸਨ। ਵਾਰੀ-ਵਾਰੀ ਉਹ ਸਾਰੇ ਕਮਰਿਆਂ ਵਿਚ ਗਿਆ। ਪਰ ਉਹਨੂੰ ਜੀਹਦੀ ਤਲਾਸ਼ ਸੀ। ਨਜ਼ਰ ਨਾ ਆਈ। ਤਾਂ ਉਹਦੇ ਮੂੰਹੋਂ ਆਵਾਜ਼ਾਂ ਦੇ ਨਾਲ-ਨਾਲ ਚੀਖ਼ਾਂ ਵੀ ਨਿਕਲੀਆਂ, "ਸਲੀਮਾਂ! ......ਹਾਏ! ....ਮੇਰੀ ਧੀ, ਸਲੀਮਾਂ।" ਪਰ ਉਹਦੀ ਆਵਾਜ਼ ਤੇ ਕਿਸੇ ਨੇ ਵੀ ਹੁਗਾਂਰਾ ਨਾ ਭਰਿਆ। ਉਹ ਪਾਗਲਾਂ ਵਾਂਗੂੰ ਉਹਨੂੰ ਤਲਾਸ਼ ਕਰ ਰਿਹਾ ਸੀ। ਪਰ ਉਹ, ਏਥੇ ਕਿੱਥੇ ਸੀ? ਜਿਹੜੀ ਉਹਨੂੰ ਆਵਾਜ਼ ਦਾ ਜੁਆਬ ਦੇਂਦੀ। ਉਹਦੀ ਲਾਸ਼ ਵੀ ਪਈ ਨਹੀਂ ਸੀ, ਜਿਸ ਤੋਂ ਉਹਦੀ ਤੱਸਲੀ ਹੋ ਜਾਂਦੀ।

ਜਿਉਂ ਦਾ ਵੇਲਾ ਗੁਜ਼ਰ ਰਿਹਾ ਸੀ, ਚੌਧਰੀ ਹੱਕ ਦਾਦ ਆਪਣੇ ਆਪ ਨੂੰ ਪਰਾਜਿਤ, ਮੂਰਖ ਸਮਝ ਰਿਹਾ ਸੀ। ਅਖ਼ੀਰ ਉਹ ਮਾਯੂਸ ਹੋ ਕੇ ਹਵੇਲੀ ਤੋਂ ਬਾਹਰ ਨਿਕਲ ਆਇਆ।

"ਇਹ ਤਾਂ ਉਹ, ਹਿੰਦੁਸਤਾਨ ਨਹੀਂ ਸੀ, ਜਿੱਥੇ ਰਹਿਣ ਨੂੰ ਉਸਦਾ ਮਨ ਕਰਦਾ ਸੀ। ਉਹ ਤਾਂ ਪਾਕਿਸਤਾਨ ਜਾਣਾ ਹੀ ਨਹੀਂ ਚਾਹੁੰਦਾ ਸੀ। ਉਹ ਆਪਣੀ ਧਰਤੀ, ਜਿੱਥੇ ਉਹ ਪੈਦਾ ਹੋਇਆ, ਜਿੱਥੇ ਉਹਦੇ ਪੁਰਖਾਂ ਦੀਆਂ ਕਬਰਾਂ ਸਨ, ਕਦੋਂ ਛੱਡਣਾ ਚਾਹੁੰਦਾ ਸੀ? ਪਰ ਅੱਗ ਲੱਗੇ ਏਸ ਨਫ਼ਰਤ ਨੂੰ ਜਿਸਨੇ ਅੱਜ ਸਭ ਕੁਝ ਸਾੜ ਦਿੱਤਾ। ਉਹਦੀ ਧਰਤੀ, ਉਹਦੇ ਪੁਰਖਾਂ ਦੀਆਂ ਕਬਰਾਂ, ਤੇ ਉਹਦਾ ਮਨ, ਕੁਝ ਵੀ ਤਾਂ ਨਹੀਂ ਬਚਿਆ। ਹੁਣ, ਉਹ ਕਿਸ ਦੇ ਸਹਾਰੇ ਏਥੇ ਰਵ੍ਹੇ।'

ਏਹੀਓ ਸੋਚਦਾ, ਪਤਾ ਨਹੀਂ ਕਦੋਂ, ਉਹ ਹਵੇਲੀ ਤੇ ਫੇਰ ਪਿੰਡੋਂ ਬਾਹਰ ਨਿਕਲ ਆਇਆ। ਉਹਦੇ ਪੈਰ ਆਪ ਮੁਹਾਰੇ ਪਾਕਿਸਤਾਨ ਵੱਲ ਵੱਧ ਰਹੇ ਸਨ। ਇਕ, ਇਹੋ ਜਿਹੀ ਧਰਤੀ ਵੱਲ, ਜਿਸ ਬਾਰੇ ਉਹਨੇ ਕੇਵਲ ਸੁਣਿਆ ਹੀ ਸੀ, ਵੇਖਿਆ ਨਹੀਂ ਸੀ। ਉੱਥੇ ਮੁਸਲਮਾਨ, ਹਿੰਦੂ, ਸਿੱਖ, ਤੇ ਇਸਾਈ ਸਭ, ਭਰਾਵਾਂ-ਵਾਲੀ ਕਾਰ ਰਹਿਣਗੇ। ਉਹ ਸਭ ਦਾ ਮੁਲਕ ਹੋਵੇਗਾ। ਕੋਈ ਇਹ ਨਹੀਂ ਆਖੇਗਾ, 'ਕਿ ਏਹ ਮੇਰਾ ਏ। ਜਿਉਂ ਉਹਦੇ ਨਾਲ ਇੱਥੇ ਵਾਪਰੀ ਏ, ਕਿ ਹਿੰਦੁਸਤਾਨ, ਸਿਰਫ਼ ਹਿੰਦੂਆਂ ਦਾ ਮੁਲਕ ਏ। ਉੱਥੇ, ਮੁਸਲਮਾਨਾਂ ਨੂੰ ਰਹਿਣ ਦਾ ਕੋਈ ਹੱਕ ਨਹੀਂ। ਪਾਕਿਸਤਾਨ ਵਿਚ, ਇਹ ਗੱਲ ਕੋਈ ਕਿਸੇ ਨੂੰ ਨਹੀਂ ਆਖੇਗਾ।'

ਉਹ ਸਾਰੀ ਰਾਤ ਤੁਰਦਾ ਰਿਹਾ। ਉਹਨੇ ਕਿਧਰੇ ਪੜਾਅ ਵੀ ਨਾ ਕੀਤਾ। ਸਵੇਰ ਹੋਣ ਵਾਲੀ ਸੀ, ਜਦੋਂ ਉਹਦੇ ਕੰਨਾਂ ਵਿਚ ਆਜ਼ਾਨ ਦੀ ਆਵਾਜ਼ ਪਈ। ਉਹਦੇ ਵੱਲੋਂ 'ਉਹਦਾ ਠਿਕਾਣਾ ਆ ਗਿਆ ਏ, ਏਹੀ ਪਾਕਿਸਤਾਨ ਏ। ਅਮਨ ਤੇ ਮੁਹੱਬਤ ਦੀ ਚਾਹ।' ਏਹੋ ਸੋਚਦਾ, ਉਹ ਕੁਝ ਅੱਗੇ ਵਧਿਆ ਜਾ ਰਿਹਾ ਸੀ ਕਿ ਖੇਤ ਦੇ ਇਕ ਪਾਸੇ ਬਣੇ ਖੂਹ ਦੇ ਨਾਲ, ਕੋਠੇ ਚੋਂ ਚੀਕ਼ ਦੀ 'ਵਾਜ਼ ਸੁਣਾਈ ਦਿੱਤੀ। ਉਹ ਆਵਾਜ਼ ਵੱਲ ਵਧਿਆ। ਆਵਾਜ਼ਾਂ ਉਸ ਕੋਠੜੀ ਵਿੱਚੋਂ ਆ ਰਹੀਆਂ ਸਨ। ਜਿਉਂ ਉਹ ਕੋਠੜੀ ਦੇ ਨੇੜੇ ਹੋਇਆ, ਆਵਾਜ਼ਾਂ ਦਾ ਮੱਕਸਦ ਉਹਦੀ ਸਮਝ ਵਿਚ ਆਵਣ ਲੱਗ ਪਿਆ। 'ਕਿ ਅੰਦਰ ਫਸੀ ਕੁੜੀ ਸਿੱਖਣੀ ਏ, ਤੇ ਬੰਦੇ ਮੁਸਲਮਾਨ ਨੇ। ਜਿਹੜੇ ਘੱਟੋ-ਘੱਟ ਤਿੰਨ ਨੇ। ਕੁੜੀ ਹਾਲ-ਦੁਹਾਈ ਪਾ ਰਹੀ ਏ। ਉਹਨਾਂ ਬੰਦਿਆਂ 'ਤੇ ਉਹਦਾ ਕੋਈ ਅਸਰ ਨਹੀਂ ਹੋ ਰਿਹਾ। ਉਹ, ਉਹਦੀ ਮਜਬੂਰੀ ਤੇ ਹਾਸੇ ਲਾ ਰਹੇ, ਤੇ ਮਖ਼ੌਲ ਕਰਦੇ ਨੇ। ਉਹਨੂੰ ਇੰਝ ਲੱਗਿਆ, ਜਿਵੇਂ ਬੱਚਿਆਂ ਦੇ ਹੱਥ 'ਚਿੜੀ ਦਾ ਬੋਟ' ਆ ਗਿਆ ਹੋਵੇ। ਜਿਸਦੇ ਪੰਜੇ ਨਾਲ ਧਾਗਾ ਬੰਨ੍ਹਿਆਂ ਹੋਇਆ ਹੋਵੇ ਤੇ ਉਹ ਉਹਨੂੰ ਉਡਾਂਦੇ ਤੇ ਫਿਰ ਧਾਗੇ ਨਾਲ ਆਪਣੇ ਵੱਲ ਨੂੰ ਖਿੱਚ ਲੈਂਦੇ ਹੋਵਣ।

ਕੁੜੀ ਦੀਆਂ ਮਿੰਨਤਾਂ ਦਾ ਉਹਨਾਂ ਵਹਿਸ਼ੀਆਂ ਤੇ ਕੀ ਅਸਰ ਹੋਣਾ ਸੀ। ਚੌਧਰੀ ਹੱਕ ਦਾਦ ਏਹੀ ਸੋਚ ਰਿਹਾ ਸੀ, 'ਕਿ ਉਹਦੀ ਸਲੀਮਾਂ ਵੀ ਸਿੱਖ ਵਹਿਸ਼ੀਆਂ ਦੀ ਮਿੰਨਤ ਕਰ ਰਹੀ ਹੋਵੇਗੀ। ਪਰ ਉਸ ਦੀ ਮਿੰਨਤ ਕਿਸੇ ਨਾ ਮੰਨੀ ਹੋਵੇਗੀ। ਮੈਨੂੰ ਕੀ ਲੋੜ! ਮੈਂ ਸਿੱਖਣੀ ਨੂੰ ਬਚਾਵਾਂ?'

"ਕਿੰਨਾਂ ਗੋਰਾ ਪਿੰਡਾ ਏ...........ਹਨੇਰੇ 'ਚ ਵੀ ਚਮਕ ਰਿਹਾ ਏ?" ਕੋਠੜੀ 'ਚ ਬੰਦੇ ਦੀ ਆਵਾਜ਼ ਆਈ।

"ਮੇਰੇ ਸਰੀਰ ਨੂੰ ਹੱਥ ਵੀ ਲਾਇਆ, ਤਾਂ ਮੈਂ ਤੁਹਾਡਾ ਖ਼ੂਨ ਪੀ ਜਾਵਾਂਗੀ। ਮੈਂ ਸਰਦਾਰ ਸਵਰਨ ਸਿੰਘ ਦੀ ਧੀ, ਸੁਰਿੰਦਰ ਕੌਰ ਆਂ। ਉਹਨੂੰ ਪਤਾ ਲੱਗ ਗਿਆ, ਤਾਂ ਉਹ ਤੁਹਾਡਾ ਸਾਰਾ ਪਰਵਾਰ ਘਾਣੀ 'ਚ ਪਵਾ ਦੇਵੇਗਾ.........।" ਕੁੜੀ ਦੀ ਆਵਾਜ਼ ਵਿਚ ਸ਼ੇਰਨੀ ਵਾਂਗੂੰ ਲਲਕਾਰਾ ਸੀ।

"ਹਾਅ....ਹਾਅ......ਹਾਅ...... ਸਰਦਾਰ ਸਵਰਨ ਸਿੰਘ ਜਿਉਂਦਾ ਹੋਵੇਗਾ ਤਾਂ ਸਾਨੂੰ ਘਾਣੀ ਪਾਵੇਗਾ। ਅਸਾਂ ਸਭ ਤੋਂ ਪਹਿਲਾਂ ਉਹਦਾ ਘੁੱਟ ਭਰ ਕੇ ਆਏ ਆਂ। ਉਹ ਤਾਂ ਹੁਣ ਤਾਈਂ ਆਪਨੀ ਹਵੇਲੀ ਨਾਲ ਸੜ ਕੇ ਸਵਾਹ ਹੋ ਗਿਆ ਹੋਵੇਗਾ।" ਦੂਜੇ ਬੰਦੇ ਦੀ ਆਵਾਜ਼ ਆਈ।

ਉਹਨਾਂ ਦੇ ਹਾਸਿਆਂ ਦੇ ਵਿਚੋਂ ਈ ਉਸ ਕੁੜੀ ਦੇ ਰੋਣ-ਪਿੱਟਣ ਦੀ ਆਵਾਜ਼ ਆਈ। ਤੇ ਨਾਲ ਈ ਸਾਰਿਆਂ ਹਾਸੇ ਲਾਣੇ ਸ਼ੁਰੂ ਕਰ ਦਿੱਤੇ। ਉਹਨਾਂ ਹਾਸਿਆਂ ਦੇ ਵਿਚ ਈ ਉਸ ਕੁੜੀ ਦੇ ਰੋਣ-ਪਿੱਟਣ ਦੀ ਆਵਾਜ ਦਿਲ ਨੂੰ ਦਹਿਲਾ ਰਹੀ ਸੀ। ਚੌਧਰੀ ਹੱਕ ਦਾਦ ਨੂੰ ਪਤਾ ਈ ਨਹੀਂ ਚੱਲਿਆ, ਕਿ ਉਹ ਕਦੋਂ ਖ਼ੂਹ ਦੀ ਮੁੰਡੇਰ ਤੋਂ ਉਠਿਆ, ਤੇ ਕਦੋਂ ਜਾ ਉਸ ਕੋਠੜੀ ਦਾ ਬੂਹਾ ਖੜਕਾਣਾ ਸ਼ੁਰੂ ਕਰ ਦਿੱਤਾ?

"ਜਿਹੜਾ ਵੀ ਏ ਸੋਹਣਿਆਂ, ਸਬਰ ਕਰ ਤੇ ਹੌਂਸਲਾ ਰੱਖ ............. ਪਹਿਲਾਂ ਸਾਨੂੰ ਏਸ ਸਿੱਖਣੀ ਦੇ ਬੁੱਲ੍ਹੇ ਲੁੱਟ ਲੈਣ ਦੇ, ਫੇਰ ਤੈਨੂੰ ਵੀ ਦੇ ਦਿਆਂਗੇ। ਤੂੰ ਵੀ ਮੌਜ ਕਰ ਲਵੀਂ।" ਅੰਦਰੋਂ ਆਵਾਜ਼ ਆਈ । ਇਸ ਦੇ ਨਾਲ ਈ ਕੁੜੀ ਵੀ ਰੋ-ਪਿੱਟ ਰਹੀ ਸੀ। "ਵੀਰਾ! ਮੈਨੂੰ ਏਹਨਾਂ ਜ਼ਾਲਮਾਂ ਕੋਲੋਂ ਬਚਾਅ ਲੈ।"

ਚੌਧਰੀ ਹੱਕ ਦਾਦ ਨੇ ਪੂਰਾ ਟਿੱਲ ਲਾ ਕੇ, ਬੂਹੇ ਨੂੰ ਧੱਕਾ ਮਾਰਿਆ ਤਾਂ ਬੂਹਾ ਸਣੇ-ਚੌਗਾਠ ਦੇ ਅੰਦਰ ਆ ਡਿੱਗਾ। ਉਹ ਬੰਦੇ ਸ਼ਾਇਦ, ਏਸ ਆਫ਼ਤ ਲਈ ਤਿਆਰ ਨਹੀਂ ਸਨ। ਚੌਧਰੀ ਹੱਕ ਦਾਦ ਨੇ ਅੰਦਰ ਵੜਦੇ ਹੀ ਹੱਥ ਵਿਚ ਫੜਿਆ ਡੰਡਾ, ਉਹਨਾਂ ਤੇ ਬਰਸਾਣਾ ਸ਼ੁਰੂ ਕਰ ਦਿੱਤਾ । ਉਹਨਾਂ ਬੰਦਿਆਂ ਨੇ ਪਹਿਲਾਂ ਤੇ ਹੱਥ ਚਲਾ ਕੇ, ਉਹਨੂੰ ਡੱਕਣ ਦੀ ਕੋਸ਼ਿਸ਼ ਕੀਤੀ, ਪਰ ਖ਼ਾਲੀ ਹੱਥ ਉਹਨਾਂ ਦਾ ਵਾਹ ਨਾ ਚੱਲਿਆ। ਹੱਥ ਵਿਹਲੇ ਹੋਣ ਕਾਰਨ ਉਹਨਾਂ, ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਕੁੜੀ ਡਰਦੇ ਮਾਰੇ ਇੱਕ ਕੋਨੇ ਵਿਚ ਦਬਕ ਕੇ ਬੈਠ ਗਈ।

ਦੋ ਬੰਦਿਆਂ ਦੇ ਸਿਰਾਂ ਤੇ ਵੱਜੇ ਡੰਡੇ ਏਨੇ ਜ਼ੋਰਦਾਰ ਸੀ, ਕਿ ਖ਼ੂਨ ਦੀਆਂ ਤਤੀਰੀਆਂ ਫੁੱਟ ਪਈਆਂ ਤੇ ਬੇ-ਸੁੱਧ ਹੋ ਕੇ ਡਿੱਗ ਪਏ। ਤੀਜੇ ਨੇ ਆਪਨੇ ਦੋ ਸੰਗੀਆਂ ਦੀ ਇਹ ਹਾਲਤ ਵੇਖੀ, ਤਾਂ ਉਹ ਬੂਹੇ ਵੱਲ ਹੋ ਕੇ ਨੱਸ ਗਿਆ। ਉਹਨੂੰ ਨੱਸਦਿਆਂ ਵੇਖ ਕੇ ਚੌਧਰੀ ਨੇ ਡੰਡਾ ਉਹਦੇ ਵਗਾਹ ਕੇ ਉਹਦੇ ਮਗਰ ਸੁੱਟਿਆ।

ਚੌਧਰੀ ਨੇ ਏਸ ਪਾਸੇ ਨਜ਼ਰ ਮਾਰੀ, ਤਾਂ ਦੇਖਿਆ ਕਿ ਕੁੜੀ ਇਕ ਨੁੱਕਰੇ ਬੈਠੀ ਬੁੜ-ਬੜਾ ਰਹੀ ਏ। ਸ਼ਾਇਦ, ਆਪਨੇ ਗੁਰੂ ਅੱਗੇ ਆਪਨੀ ਹਯਾਤੀ ਦੀ ਪ੍ਰਾਰਥਨਾ ਕਰ ਰਹੀ ਸੀ। ਚੌਧਰੀ ਹੱਕ ਦਾਦ ਨੇ ਕੁੜੀ ਵੱਲ ਵੇਖ ਕੇ ਆਪਨੀਆਂ ਦੋਵੇਂ ਬਾਹਵਾਂ ਅੱਡ ਦਿੱਤੀਆਂ। "ਆ ਧੀਏ, ਘਰ ਚੱਲੀਏ!" ਕੁੜੀ ਡਰਦੀ-ਡਰਦੀ ਉੱਠੀ ਤੇ ਚੌਧਰੀ ਹੱਕ ਦਾਦ ਦੀਆਂ ਖੁੱਲ੍ਹੀਆਂ ਬਾਹਵਾਂ ਵਿਚ ਸਮਾ ਗਈ। ਉਹਨੂੰ ਇੰਝ ਲੱਗਾ, 'ਜਿਵੇਂ, ਉਹ ਆਪਨੇ ਪਿਉ ਦੀ ਹਿਫ਼ਾਜਤ 'ਚ ਆ ਗਈ ਹੋਵੇ ਤੇ ਬਾਬਲ ਦੀ ਛਾਂ ਦਾ ਨਿੱਘ ਮਾਣ ਰਹੀ ਹੋਵੇ।'

ਚੌਧਰੀ ਹੱਕ ਦਾਦ ਉਹਨੂੰ ਲੈਕੇ ਮੁੜ ਮੁੰਹਮਦ ਕੋਟ ਵੱਲ ਤੁਰ ਪਿਆ ...........ਰਾਤ ਦੀ ਕਾਲਖ਼ ਖ਼ਤਮ ਹੋ ਰਹੀ ਸੀ........... ਤੇ ਉਹਦੀ ਕੰਡ ਮਗਰੋਂ ਆ ਰਹੀ .............ਆਜ਼ਾਨ ਦੀ ਆਵਾਜ਼ ਹੌਲੀ-ਹੌਲੀ ਦੂਰ ਹੁੰਦੀ ਜਾ ਰਹੀ ਸੀ ............ਜਿਵੇਂ ਉਹਨੇਂ ਆਪਨੀ ਧੀ ਸਲੀਮਾਂ ਦੀ ਇੱਜ਼ਤ ਹੀ ਨਹੀਂ ਬਚਾਈ ਬਲਕਿ ਉਹਦਾ ............ਈਮਾਨ ਵੀ ਰੱਖ ਲਿਆ ਹੋਵੇ ਤੇ ਹੁਣ ਉਹਦੇ ਨਾਲ ਟੁਰ ਰਹੀ .......... ............ਕੁੜੀ ਸੁਰਿੰਦਰ ਕੌਰ ਨਹੀਂ ................. ਬਲਕਿ ਉਸਦੀ ਆਪਨੀ ਧੀ ਸਲੀਮਾਂ ਹੋਵੇ।

---

ਮੈਂ ਸੀਂਹਣੀ ਪੰਜ ਦਰਿਆ ਦੀ, ਮੈਨੂੰ ਕੱਲੀ ਨਾ ਜਾਣੀ।
ਮੈਂ ਚੁੰਘ-ਚੁੰਘ ਡੋਕੇ ਬੂਰੀਆਂ ਦੇ, ਚੜ੍ਹੀ ਜਵਾਨੀ।
ਮੈਂ ਚੰਡੀ ਗੋਬਿੰਦ ਸਿੰਘ ਦੀ, ਵੈਰੀ ਦਲ ਖਾਣੀ।
ਮੈਂ ਨਾਗਣ ਡੰਗਾਂ ਜਿਸ ਨੂੰ, ਨਹੀਂ ਮੰਗਦਾ ਪਾਣੀ।

-ਪ੍ਰੋ: ਮੋਹਣ ਸਿੰਘ-

28

# ਮੁੜ ਗੁਆਚੀ ਸ਼ੈ

## ਗੁਰਦਿਆਲ ਸਿੰਘ

ਗਭਰੂ ਮੁੰਡੇ ਹਨ੍ਹੇਰੀਆਂ ਰਾਤਾਂ ਵਿਚ ਗੰਡਾਸੇ, ਡਾਂਗਾ ਤੇ ਬਰਛੇ ਚੁੱਕੀ ਪਿੰਡ ਦੇ ਆਲੇ-ਦੁਆਲੇ ਇੰਝ ਬੇਧੜਕ ਹੋ ਕੇ ਪਹਿਰਾ ਦਿੰਦੇ ਫਿਰਦੇ ਸਨ, ਜਿਵੇਂ ਮੇਲੇ ਵਿਚ ਫਿਰਦੇ ਹੋਣ। ਕਿਸੇ ਦੇ ਖੇਤ ਜਾਂ ਘਰ ਵਿਚ ਅੱਗ ਦੀ ਚੰਗਿਆੜੀ ਦਾ ਵੀ ਸ਼ੱਕ ਪੈ ਜਾਂਦਾ, ਤਾਂ ਉਹ ਅਲੀ-ਅਲੀ ਕਰਕੇ ਪੈ ਜਾਂਦੇ। ਪਿਛਲੇ ਤਿੰਨ ਦਿਨਾਂ ਵਿਚ ਹੀ, ਉਹ ਅੱਗ ਬਾਲਣ ਪਿੱਛੇ ਨੌ ਬੰਦਿਆਂ ਨੂੰ ਪੰਚਾਇਤ ਕੋਲੋਂ ਪੰਜਾਹ-ਪੰਜਾਹ ਰੁਪਈਏ ਜੁਰਮਾਨਾ ਕਰਵਾ ਚੁੱਕੇ ਸਨ! ਸਿਆਲ ਦੀ ਰੁੱਤ, ਠੰਢੀ ਹਵਾ ਤੇ ਅੱਗ ਬਾਲਣ ਦਾ ਹੁਕਮ ਨਹੀਂ ਸੀ, ਪਰ ਫਿਰ ਵੀ ਜਿਸ ਦੀ ਵਾਰੀ ਆ ਜਾਂਦੀ ਉਹ ਨੂੰ ਜਿਵੇਂ ਚਾਅ ਚੜ੍ਹ ਜਾਂਦਾ। ਨਹਿਰ ਦੇ ਵੱਡੇ ਪੁਲ 'ਤੇ ਜਾ ਕੇ ਉਹ ਤੋਪਾਂ ਦੀ ਧੜੂ-ਧੜਾ ਸੁਣਦੇ ਰਹਿੰਦੇ। ਤੋਪਾਂ ਚੱਲਣ ਨਾਲ ਜਿਹੜੀ ਚਮਕ ਪੈਦਾ ਹੁੰਦੀ, ਉਹ ਉਹਨਾਂ ਨੂੰ ਦੀਵਾਲੀ ਦੀ ਆਤਸ਼ਬਾਜ਼ੀ ਵਰਗੀ ਜਾਪਦੀ। ਜਦੋਂ ਬਹੁਤੀ ਠੰਢ ਲੱਗਦੀ ਤਾਂ ਉਹ ਖੀਸਿਆਂ 'ਚ ਪਾਈਆਂ ਗੁੜ ਦੀਆਂ ਡਲੀਆਂ ਤੇ ਖੋਪੇ ਦੀਆਂ ਠੂਠੀਆਂ ਨੂੰ ਚੱਕ ਵੱਢਦੇ, ਦੌੜਾਂ ਲਾਉਂਦੇ, ਪਿੰਡ ਦੇ ਉੱਤਰ ਵਾਲੇ ਪਾਸੇ ਭੱਜ ਪੈਂਦੇ । ਉਹਨਾਂ ਦਾ ਖਿਆਲ ਸੀ ਕਿ ਪਿੰਡ ਦੇ ਉੱਤਰ ਵਾਲੇ ਪਾਸੇ, ਕੱਸੀ ਦੇ ਪੱਛਮ ਵੱਲ ਦੀ ਝਿੜੀ ਵਿਚ, ਛਾਤਾਬਾਜ਼ ਲੁਕੇ ਹੋ ਸਕਦੇ ਹਨ। ਪਿਛਲੀ ਜੰਗ ਵੇਲੇ ਵੀ ਉੱਥੋਂ ਕੁਝ ਛਾਤਾਬਾਜ਼ ਫੜੇ ਗਏ ਸਨ।

ਇਕ ਰਾਤ, ਕੋਈ ਬਾਰਾਂ-ਇਕ ਵਜੇ, ਉਹਨਾਂ ਝਿੜੀ ਉੱਤੋਂ ਦੀ ਦੋ ਹਵਾਈ ਜਹਾਜ਼ ਪੱਛਮ ਤੋਂ ਪੂਰਬ ਵੱਲ ਲੰਘਦੇ ਵੇਖੇ। ਇਹ ਬਹੁਤ ਹੀ ਨੀਵੇਂ ਸਨ। ਕੋਈ ਪੰਜਾਂ ਮਿੰਟਾਂ ਪਿੱਛੋਂ ਉਹੋ ਹਵਾਈ ਜਹਾਜ਼ ਬੜੀ ਤੇਜ਼ ਰਫ਼ਤਾਰ ਨਾਲ ਪੱਛਮ ਵੱਲ ਵਾਪਸ ਮੁੜੇ। ਉਦੋਂ ਜੇਹੜੇ ਮੁੰਡੇ ਨਹਿਰ ਦੇ ਪੁਲ ਵੱਲ ਪਹਿਰਾ ਦੇ ਰਹੇ ਸਨ, ਉਹ ਨੱਸ ਕੇ ਪਿੰਡ ਦੇ ਉੱਤਰ ਵਾਲੇ ਪਾਸੇ, ਝਿੜੀ ਕੋਲ ਜਾ ਪਹੁੰਚੇ।

"ਉਇ ਮੁੰਡਿਓ! ਏਧਰ ਨਾ ਜਾਇਓ ਉਏ!" ਕੱਸੀ ਦੇ ਉਰਲੇ ਪਾਸੇ ਕਮਾਦ ਨੂੰ ਪਾਣੀ ਲਾ ਰਹੇ ਭਗਤੂ ਦੇ ਨਰੈਣੇ, ਉੱਚੀ ਹੋਕਰਾ ਮਾਰਿਆ। ਫੇਰ ਆਪਣੇ ਨੇੜੇ ਆਏ ਮੁੰਡਿਆਂ ਨੂੰ ਉਸ ਧੀਮੀ ਅਵਾਜ਼ ਵਿਚ ਦੱਸਿਆ, "ਏਸ ਪਾਸੇ ਦੋ ਹਵਾਈ ਜਹਾਜ਼, ਛੱਤਰੀਆਂ ਵਾਲਿਆਂ ਨੂੰ ਉਤਾਰ ਕੇ ਗਏ ਐ ਹੁਣੇ!"

ਉਹ ਸਾਰੇ ਨਰੈਣੇ ਕੋਲ ਆ ਗਏ। ਸੰਤੂ ਨੇ ਨੇੜੇ ਆ ਕੇ ਦੱਬਵੀਂ ਆਵਾਜ਼ ਵਿਚ ਪੁੱਛਿਆ, "ਤੂੰ ਆਪ ਵੇਖੇ ਐ ਚਾਚਾ?"

"ਹੁਣੇ ਤਾਂ ਮੇਰੇ ਸਾਹਮਣੇ ਲੰਘੇ ਐ। ਹੋਰ ਮੈਂ ਝੂਠ ਮਾਰਦੈਂ?"

ਨਰੈਣੇ ਨੇ ਕੁਝ ਹਰਖ਼ ਕੇ ਕਿਹਾ, "ਮੈਂ ਅਜੇ ਨਿਗਾਹ ਰੱਖੂੰ, ਪਿੱਛੋਂ ਬੰਦੇ 'ਕੱਠੇ ਕਰਕੇ ਲਿਆਓ। ਨਾਲੇ ਸਰਪੰਚ ਨੂੰ ਆਖਿਓ, ਹੁਣੇ ਦੋ ਬੰਦੇ ਭੇਜ ਕੇ ਠਾਣੇ ਵੀ ਇਤਲਾਹ ਕਰਾ ਦੇਵੇ।"

ਮੁੰਡੇ ਹੱਸ ਪਏ। ਉਹਨਾਂ ਦਾ ਖ਼ਿਆਲ ਸੀ ਕਿ 'ਨਰੈਣਾ' ਉਹਨਾਂ ਨੂੰ ਐਵੇਂ ਭਾਜੜ ਪਾਉਣ ਲਈ, ਕੋਈ ਮਖ਼ੌਲ ਕਰ ਰਿਹਾ ਸੀ। ਉਹਨੂੰ ਭਗਤੇ ਦਾ ਨਰੈਣਾ ਕਹਿ ਕੇ ਤਾਂ ਕੋਈ ਹੀ ਬੁਲਾਉਂਦਾ ਸੀ ਸਾਰੇ 'ਨਰੈਣਾ ਗੱਪੀ' ਹੀ ਕਹਿੰਦੇ ਸਨ।

"ਚਾਚਾ, ਤੂੰ ਸਹੁੰ ਖਾਹ! ਬਈ ਤੂੰ ਆਪਣੀ ਅੱਖੀਂ ਵੇਖੇ ਐ?" ਕੌਲੇ ਨੇ ਹੱਸਦਿਆਂ ਕਿਹਾ।

"ਮੈਂ ਕਿਉਂ ਸਹੁੰ ਖਾਵਾਂ, ਮੈਥੋਂ ਬੱਛੀ ਮਰਗੀ?" ਨਰੈਣੇ ਨੇ ਹਰਖ਼ ਕੇ ਕਿਹਾ, "ਤੁਸੀ ਤਾਂ ਐਂ ਕਰਦੇ ਓਂ, ਜਿਵੇਂ ਮੈ ਪਾਕਿਸਤਾਨੀਆਂ ਦਾ ਜਾਸੂਸ ਹੁਨੈਂ! ਜੇ ਮੇਰੇ ਤੇ ਏਨੀ ਬੇ-ਅਤਬਾਰੀ ਕਰਦੇ ਓਂ ਤਾਂ ਮੈਨੂੰ ਕੀ! ਜੀਹਦੀਆਂ ਅੱਖਾਂ ਦੁਖਣਗੀਆਂ, ਆਪੇ ਪੱਟੀਆਂ ਬੰਨੂੰ। ਮੇਰਾ ਕੀ ਉਹ ਕਿਲਾ ਢਾਹ ਦੇਣਗੇ; ਮੇਰੇ ਵੰਨੀਓਂ ਤਾਂ ਬਿਸ਼ੱਕ ਨਾ ਜਾਉ। ਜਦੋਂ ਪਿੰਡ ਨੂੰ ਗਰਨੇਟਾਂ ਨਾਲ ਉਡਾਉਣ ਲੱਗ ਪਏ, ਤਾਂ ਆਪੇ ਸਭ ਦੀਆਂ ਅੱਖਾਂ ਉੱਘੜ ਆਉਣਗੀਆਂ!"

ਮੁੰਡਿਆਂ ਨੂੰ ਤਸੱਲੀ ਹੋ ਗਈ ਕਿ ਨਰੈਣਾ ਹੁਣ ਗੱਪ ਨਹੀਂ ਸੀ ਮਾਰ ਰਿਹਾ। ਉਹਨਾਂ ਸਾਰਿਆਂ ਨੇ ਸਲਾਹ ਕਰ ਕੇ, ਕੁਝ ਮੁੰਡੇ ਪਿੰਡ ਵੱਲ ਭੇਜ ਦਿੱਤੇ ਤੇ ਤਿੰਨ ਜਣੇ ਝਿੜੀ ਵੱਲ ਤੁਰ ਪਏ।

ਅੱਧ ਕੁ ਘੰਟੇ ਮਗਰੋਂ ਹੋਮਗਾਰਡ ਦੇ ਤਿੰਨ ਜੁਆਨ, ਤੇ ਪਿੰਡ ਦੇ ਮੁਹਤਬਰ ਬੰਦੇ ਵੀ ਆ ਗਏ। ਉਹਨਾਂ ਝਿੜੀ ਨੂੰ ਘੇਰਾ ਪਾ ਲਿਆ। ਕੁਝ ਚਿਰ ਪਿੱਛੋਂ ਦਸ-ਪੰਦਰਾਂ ਬੰਦੇ ਹੋਰ ਵੀ ਆ ਗਏ। ਸਰਪੰਚ ਤੇ ਨੰਬਰਦਾਰ ਮੌਕੇ ਉੱਤੇ ਆ ਕੇ, ਨਰੈਣੇ ਤੋਂ ਪੁੱਛ-ਪੜਤਾਲ ਕਰਨ ਪਿੱਛੋਂ ਠਾਣੇ ਇਤਲਾਹ ਕਰਨ ਵੀ ਚਲੇ ਗਏ।

ਸਾਰੇ ਪਿੰਡ ਵਿਚ ਇੰਜ ਰੌਲਾ ਪੈ ਗਿਆ, ਜਿਵੇਂ ਬੰਨ੍ਹ ਵਾਲੀ ਪਟੜੀ ਕੋਲੋਂ ਨਹਿਰ ਟੁੱਟ ਗਈ ਹੋਵੇ। ਘਰ-ਘਰ ਛਾਤਾਬਾਜ਼ਾਂ ਦੀ ਹੀ ਗੱਲ ਛਿੜੀ ਹੋਈ ਸੀ। ਨਿੱਘੀਆਂ ਰਜਾਈਆਂ ਵਿੱਚੋਂ ਕੋਚਰੀਆਂ ਵਾਂਗ ਮੂੰਹ ਬਾਹਰ ਕੱਢਦਿਆਂ ਬੱਚੇ ਵੀ ਸਹਿਮੀਆਂ ਆਵਾਜ਼ਾਂ ਨਾਲ ਵੱਡਿਆਂ ਨੂੰ ਪੁੱਛ ਰਹੇ ਸਨ, "ਕੀ ਹੋਇਐ ਬਾਪੂ?" "ਕੀ ਗੱਲ ਐ ਬੇਬੇ?" ਪਰ ਅੱਗੋਂ ਮਾਪੇ ਉਹਨਾਂ ਨੂੰ 'ਕੁਝ ਨਹੀਂ' ਕਹਿ ਕੇ ਤਸੱਲੀ ਦਿੰਦਿਆਂ, ਮੁੜ ਸੌਂ ਜਾਣ ਲਈ ਕਹਿ ਦਿੰਦੇ।

ਪਹਿਰ ਦੇ ਤੜਕੇ ਜਦੋਂ ਕੁੱਕੜ ਨੇ ਬਾਂਗ ਦਿੱਤੀ ਤਾਂ ਨਰੈਣੇ ਗੱਪੀ ਦੀ ਅੱਧੀ ਗੱਲ ਸੱਚ ਹੋ ਗਈ। ਝਿੜੀ

ਵੱਲੋ ਨਹੀਂ, ਨਹਿਰ ਦੇ ਸਰਕੜਿਆਂ ਵਿਚੋਂ ਇਕ ਛਾਤਾਬਾਜ਼ ਫੜਿਆ ਗਿਆ। ਗੱਭਰੂ ਉਸ ਦੀਆਂ ਮੁਸ਼ਕਾਂ ਕੱਸ ਕੇ ਉਸ ਨੂੰ ਪਿੰਡ ਦੀ ਧਰਮਸ਼ਾਲਾ ਵਿਚ ਲੈ ਆਏ। ਦਿਨ ਚੜ੍ਹਦੇ ਤੱਕ ਉਸ ਨੂੰ ਕੋਠੜੀ ਅੰਦਰ ਬੰਦ ਰੱਖਿਆ। ਪਿੰਡ ਦੇ ਕਾਹਲੇ ਬੰਦੇ ਤਾਂ ਮੂੰਹ ਹਨੇਰੇ ਹੀ ਉਹਨੂੰ ਵੇਖਣ ਆ ਗਏ। ਪਰ ਪਹਿਰੇ ਉਤੇ ਬੈਠੇ ਮੁੰਡਿਆਂ ਨੇ ਕਿਸੇ ਨੂੰ ਕੋਠੜੀ ਦੇ ਨੇੜੇ ਨਾ ਜਾਣ ਦਿੱਤਾ।

ਲੋਈ ਪਾਟਦੀ ਨਾਲ, ਬਾਬਾ ਗੁਰਮੁਖ, ਨਹਾ-ਧੋ ਕੇ ਪਾਠ ਕਰਦਿਆਂ ਜਦੋਂ ਧਰਮਸ਼ਾਲਾ ਕੋਲੋਂ ਲੰਘਿਆ ਤਾਂ ਏਡੇ ਸਵਖਤੇ, ਲੋਕਾਂ ਦਾ ਇਕੱਠ ਵੇਖ ਕੇ ਉਹਨੂੰ ਹੈਰਾਨੀ ਹੋਈ। ਉੱਚਾ ਸੁਣਨ ਕਰ ਕੇ ਉਹਨੂੰ ਪਿੰਡ ਜਾਂ ਆਪਣੇ ਘਰ ਪਏ ਰੌਲੇ -ਰੱਪੇ ਦਾ ਅਜੇ ਤੱਕ ਕੋਈ ਪਤਾ ਨਹੀਂ ਸੀ ਲੱਗ ਸਕਿਆ।

"ਕੀ ਗੱਲ ਹੋ ਗਈ ਸਾਊ?" ਉਸ ਅਗਾਂਹ ਵਧ ਕੇ ਬਸੰਤੇ ਭਿੰਡਰ ਦਾ ਮੋਢਾ ਫੜ ਕੇ ਹਲੂਣਦਿਆਂ ਪੁੱਛਿਆ।

ਬਸੰਤੇ ਨੇ ਪਿਛਾਂਹ ਤੱਕ ਕੇ, ਬਾਬੇ ਗੁਰਮੁਖ ਦੇ ਕੰਨ ਕੋਲ ਮੂੰਹ ਕਰ ਕੇ ਉੱਚੀ ਕਿਹਾ, "ਪਾਕਿਸਤਾਨੀ ਜਸੂਸ ਫੜਿਐ, ਤਾਇਆ!"

"ਹਲਾ।" ਖੁਸ਼ ਹੋਣ ਦੀ ਬਜਾਏ ਬਾਬੇ ਨੇ ਜਿਵੇਂ ਫਿਕਰ ਨਾਲ ਕਿਹਾ, "ਉਹ ਕੀ ਲੈਣ ਆਇਆ ਸੀ ਏਥੇ-ਸਹੁਰਾ ਕਮਲਾ!"

ਬਸੰਤੇ ਨੇ ਉਵੇਂ ਉੱਚੀ ਆਵਾਜ਼ ਵਿਚ ਬਾਬੇ ਨੂੰ ਦੱਸਿਆ, "ਆਪਣੀ ਨਹਿਰ ਤੋੜਨ ਆਇਆ ਸੀ-ਬਈ ਸਾਰਾ ਪਿੰਡ ਡੁੱਬ-ਜੇ !"

ਬਾਬਾ ਗੁਰਮੁਖ ਚੁਪ ਕਰ ਕੇ ਪਿਛਾਂਹ ਮੁੜ ਆਇਆ। ਗੁਰਦੁਆਰੇ ਜਾ ਕੇ ਪਾਠ ਸਮਾਪਤ ਕੀਤਾ ਤਾਂ ਹਮੇਸ਼ਾਂ ਨਾਲੋਂ ਉਲਟ ਅਰਦਾਸ ਵੇਲੇ ਉਸ ਦਾ ਧਿਆਨ ਉੱਖੜਿਆ-ਉੱਖੜਿਆ ਰਿਹਾ। ਅਰਦਾਸ ਦੇ ਅੰਤ ਉੱਤੇ ਮੱਥਾ ਟੇਕਦਿਆਂ ਉਹਨੇ ਪੰਜ ਵਾਰ ਇਕੱਲੇ ਨੇ ਹੀ ਮੁੜ-ਮੁੜ 'ਸਰਬੱਤ ਕਾ ਭਲਾ' ਕਿਹਾ। ਭਾਈ ਜੀ ਨੂੰ ਅੱਜ ਉਸ ਦੇ ਇਸ ਓਪਰੇ ਵਤੀਰੇ ਦੀ ਸਮਝ ਨਹੀਂ ਸੀ ਪੈ ਰਹੀ।

ਗੁਰਦੁਆਰਿਓਂ ਮੁੜਦਿਆਂ ਜਦੋਂ ਬਾਬਾ ਧਰਮਸ਼ਾਲਾ ਕੋਲ ਆਇਆ ਤਾਂ ਉਸ ਦੇ ਕਦਮ ਫੇਰ ਰੁਕ ਗਏ। ਵਰਾਂਡੇ ਵਿਚ ਹੁਣ ਨਿਆਣਿਆਂ ਦਾ ਬਹੁਤ ਇਕੱਠ ਸੀ। ਬੰਦੇ ਸਿਰਫ ਪੰਦਰਾਂ-ਵੀਹ ਕੁ ਹੀ ਸਨ। ਇੰਝ ਜਾਪਦਾ ਸੀ ਸਾਰਾ ਪਿੰਡ ਵਾਰੋ-ਵਾਰੀ ਜਸੂਸ ਨੂੰ ਵੇਖ ਕੇ ਮੁੜ ਗਿਆ ਸੀ।

"ਉਹ ਕਿਹੜਾ ਬੰਦੇ ਬਈ, ਮੁੰਡਿਓ ?" ਬਾਬੇ ਨੇ ਥੜ੍ਹੀ ਉੱਤੇ ਚੜ੍ਹਦਿਆਂ ਪੁੱਛਿਆ।

ਵਰਾਂਡੇ ਸਾਹਮਣੇ ਇਕੱਠੇ ਹੋਏ ਬੰਦੇ ਬਾਬੇ ਨੂੰ ਹੱਥ ਜੋੜ ਕੇ ਫ਼ਤਿਹ ਬੁਲਾਉਂਦਿਆਂ ਲਾਂਭੇ ਹੋ ਗਏ। ਉਹ ਬੰਦਾ ਗੋਡਿਆਂ ਵਿਚ ਸਿਰ ਦੇ ਕੇ ਬੈਠਾ ਹੋਇਆ ਸੀ। ਠੰਢ ਨਾਲ ਉਹਦਾ ਪਿੰਡਾ ਨੀਲਾ ਹੋਇਆ ਪਿਆ ਸੀ। ਫੌਜੀ ਕਮੀਜ਼ ਤੇ ਜਰਸੀ ਥਾਂ-ਥਾਂ ਤੋਂ ਪਾਟੀ ਹੋਈ ਸੀ, ਜਿਵੇਂ ਕਈ ਦਿਨ ਉਹ ਕੰਡਿਆਲੇ ਝਾੜਾਂ ਵਿਚੋਂ ਦੀ ਲੰਘਦਾ ਆਇਆ ਹੋਵੇ। ਬਾਬਾ ਉਸ ਵੱਲ ਨਿਗਾਹ ਗੱਡ ਕੇ ਵੇਖਦਾ ਰਿਹਾ ਪਰ ਫੇਰ ਹੌਲੀ ਜਿਹੀ ਬੋਲਿਆ, "ਇਹ ਤਾਂ ਆਪਣੇ ਪਿੰਡ ਆਲੇ ਘੁੱਲੇ ਤੇਲੀ ਵਰਗਾ ਲਗਦੈ।"

ਬਾਬੇ ਦੀ ਲੰਮੀ ਹਉਕੇ ਵਰਗੀ ਇਹ ਆਵਾਜ਼ ਸੁਣਦਿਆਂ ਹੀ ਉਸ ਬੰਦੇ ਨੇ ਸਿਰ ਉਤਾਂਹ ਚੁੱਕਿਆ ਤਾਂ ਲੋਕਾਂ ਵੇਖਿਆ ਉਹ ਮੁਸਕਰਾ ਰਿਹਾ ਸੀ। ਉਸ ਬਾਬੇ ਵੱਲ ਸਿੱਧਾ ਤੱਕਦਿਆਂ ਉੱਚੀ ਸਾਰੀ ਹੋਕਰਾ ਮਾਰ ਕੇ ਕਿਹਾ, "ਤਾਇਆ ਗੁਰਮੁਖ ਸਿਹਾਂ, ਸਲਾਮਾ-ਲੇਕਮ! ਸਾਸਰੀ 'ਕਾਲ!"

ਸਭ ਹੱਕੇ-ਬੱਕੇ ਰਹਿ ਗਏ। ਬਾਬਾ ਉਸ ਬੰਦੇ ਦੇ ਹੋਰ ਨੇੜੇ ਹੁੰਦਿਆਂ ਬੋਲਿਆ, "ਉਇ! ਤੂੰ ਕਿਤੇ ਸੱਚੀਂ ਈ ਘੁੱਲੇ ਦਾ ਇਲਮਾ ਤਾਂ ਨ੍ਹੀਂ?"

ਅੱਗੋਂ ਉਵੇਂ ਮੁਸਕਰਾਦਿਆਂ ਉਸ ਬੰਦੇ ਨੇ ਆਪਣੀਆਂ ਚਮਕੀਲੀਆਂ ਅੱਖਾਂ ਮਟਕਾ ਕੇ 'ਹਾਂ' ਵਿਚ ਸਿਰ ਹਿਲਾ ਦਿੱਤਾ।

ਬਾਬਾ ਜਿਵੇਂ ਭਵੰਤਰ ਗਿਆ। ਉਹਨੂੰ ਕਿਸੇ ਦਾ ਕੋਈ ਖਿਆਲ ਨਹੀਂ ਰਿਹਾ। ਇਲਮੇ ਦੇ ਨੇੜੇ ਹੁੰਦਿਆਂ ਉਸ ਦੇ ਮੋਢੇ ਉੱਤੇ ਹੱਥ ਰੱਖ ਕੇ ਉਹਦੇ ਉੱਤੇ ਝੁਕ ਗਿਆ । ਫੇਰ ਚੁੱਪ-ਚਾਪ ਉਹਦੇ ਸਾਹਮਣੇ ਪੈਰਾਂ ਭਾਰ ਬੈਠ ਗਿਆ ਕਿੰਨਾਂ ਚਿਰ ਉਹਨੂੰ ਕੋਈ ਗੱਲ ਨਾ ਅਹੁੜੀ। ਹੌਲੀ-ਹੌਲੀ ਇਲਮੇ ਦੇ ਮੋਢੇ ਨੂੰ, ਉਹਦੀ ਪਿੱਠ ਨੂੰ ਪਲੋਸੀ ਗਿਆ, ਜਿਵੇਂ ਉਸ ਦਾ ਪਿਛਲੀ ਜੰਗ ਵਿਚ ਮਾਰਿਆ ਗਿਆ ਆਪਣਾ ਹੀ ਪੁੱਤਰ ਨਿਧਾਨਾ, ਜੰਗ ਵਿੱਚੋਂ ਜੀਉਂਦਾ ਮੁੜ ਆਇਆ ਹੋਵੇ।

ਉੱਥੇ ਖੜੋਤੇ ਬੰਦਿਆਂ ਵਿੱਚੋਂ ਇਕ ਨੇ ਅਗਾਂਹ ਹੋ ਕੇ ਇਲਮੇ ਦੀਆਂ ਮੁਸ਼ਕਾਂ ਖੋਲ੍ਹਦਿਆਂ ਕਿਹਾ, "ਤੇਰੀ ਚਲਾਕੀਆਂ ਕਰਨ ਦੀ ਪੁਰਾਣੀ ਆਦਤ ਨਹੀਂ ਨਾ ਗਈ ਅਜੇ, ਇਲਮਿਆਂ! ਦੋ ਪਹਿਰ ਹੋ ਗਏ ਅਜੇ ਤਾਂਈ ਟੁੱਟੇ ਮੂੰਹ ਆਲੇ ਨੇ, ਸਾਨੂੰ ਏਹ ਨਹੀਂ ਦੱਸਿਆ ਕਿ ਮੈਂ ਇਲਮੈਂ!.........ਸਾਲਾ ਮਲੰਗ!"

ਇਹ ਬੰਦਾ ਧੰਨੇ ਮਾਨੀ ਦਾ ਵੱਡਾ ਪੁੱਤਰ ਗਿੰਦਰ ਸੀ। ਉਹ ਤੇ ਇਲਮਾ ਦੂਜੀ ਜਮਾਤ ਵਿਚ ਇਕੱਠੇ ਪੜ੍ਹਦੇ ਰਹੇ ਸਨ। ਇਕੱਠੇ ਡੰਗਰ ਚਾਰਦੇ ਰਹੇ ਸਨ। ਤੇ ਕੀ-ਕੀ ਕੌਤਕ ਉਹ ਨਹੀਂ ਸਨ ਕਰਦੇ!

ਇਲਮੇ ਨੇ ਗਿੰਦਰ ਨੂੰ ਪਛਾਣਦਿਆਂ ਮੁਸ਼ਕਾਂ ਖੁੱਲ੍ਹਣ ਸਾਰ ਉੱਠ ਕੇ ਧਾਹ ਮਾਰਦਿਆਂ ਜੱਫੀ ਪਾ ਲਈ ਤੇ ਰੋਣ-ਹਾਕੀ ਅਵਾਜ਼ ਵਿਚ ਕਿਹਾ, "ਓਏ ਪਾਪੀਆ! ਤੂੰ ਵੀ ਐਨੇ ਚਿਰ ਦਾ ਮੇਰੇ ਕੋਲ 'ਬਗਾਨਿਆਂ' ਵਾਂਗ ਖੜੋਤਾ ਰਿਹਾ-ਮੇਰੀ ਤੋਬਾ! ਮੇਰੇ ਅੱਲ੍ਹਾ! ਮੇਰੀ ਤੋਬਾ!.... ......"

ਸਭ ਹੈਰਾਨ ਸਨ ਕਿ ਉਹੋ ਬੰਦਾ, ਜਿਹੜਾ ਦੋ ਘੜੀਆਂ ਪਹਿਲਾਂ ਉਹਨਾਂ ਨੂੰ ਆਪਣਾ ਦੁਸ਼ਮਣ ਤੇ

ਖ਼ਤਰਨਾਕ ਜਸੂਸ ਲੱਗਦਾ ਸੀ, ਗਿੰਦਰ ਨੂੰ ਜੱਫੀ ਵਿਚ ਘੁੱਟੀ ਜ਼ਾਰੋ-ਜ਼ਾਰ ਹੰਝੂ ਵਹਾ ਰਿਹਾ ਸੀ।

ਬਾਬਾ ਗੁਰਮੁਖ ਵੀ ਆਪਣਾ ਆਪ ਨਾ ਸੰਭਾਲ ਸਕਿਆ। ਉੱਠ ਕੇ ਖੜ੍ਹਾ ਹੁੰਦਿਆਂ ਅੱਖਾਂ ਪੂੰਝੀਆਂ ਤੇ ਮੁੜ ਇਲਮੇ ਦੀ ਪਿੱਠ ਪਲੋਸਦਿਆਂ ਬੋਲਿਆ, "ਆਹ ਤਾਂ ਅੱਜ ਭਾਗਾਂ ਵਾਲਾ ਦਿਨ ਚੜ੍ਹਿਐ, ਜਿਹੜਾ ਤੂੰ ਮਿਲ ਪਿਆ! ਉਸ ਦਾਤੇ ਦੇ ਰੰਗਾਂ ਦਾ ਕੋਈ ਪਤਾ ਨਹੀਂ ਸੀ ਲਗਦਾ। 'ਵਿਛੜਿਆਂ ਮੇਲੇ ਪ੍ਰਭੂ ਹਰਿ ਦਰਗਹਿ ਕਾ ਬੇਸੀਠ।।' ਧੰਨ ਸਤਿਗੁਰੂ! ਧੰਨ ਸਚਿਆ ਪਾਤਸ਼ਾਹ! ਤੇਰੀ ਲੀਲਾ ਨਿਆਰੀ!"

ਗਿੰਦਰ ਨੇ ਇਲਮੇ ਨੂੰ ਉਸ ਮੰਜੇ ਉੱਤੇ ਬਿਠਾ ਲਿਆ ਜਿਸ ਉੱਤੇ ਪਹਿਲਾਂ ਪਿੰਡ ਦੇ ਪਹਿਰਾ ਦੇਣ ਵਾਲੇ ਗੱਭਰੂ ਬੈਠੇ ਸਨ। ਬਾਬਾ ਸਾਹਮਣੇ ਵੱਡੇ ਤਖਤਪੋਸ਼ ਉੱਤੇ ਜਾ ਬੈਠਾ ਸੀ। ਬਾਕੀ ਲੋਕ ਉਹਨਾਂ ਤਿੰਨਾਂ ਨੂੰ ਓਪਰਿਆਂ ਵਾਂਗ ਦੇਖ ਰਹੇ ਸਨ। ਗਿੰਦਰ, ਇਲਮੇ ਨਾਲ ਇੰਜ ਗੱਲਾਂ ਕਰਨ ਲੱਗ ਪਿਆ ਸੀ, ਜਿਵੇਂ ਉਹ ਸਕੇ ਭਰਾ ਹੋਣ। ਪਲਾਂ ਛਿਣਾਂ ਵਿਚ ਹੀ ਸਾਰੇ ਪਿੰਡ ਵਿਚ ਪਤਾ ਲੱਗ ਗਿਆ ਕਿ ਘੁੱਲੇ ਤੇਲੀ ਦਾ ਮੁੰਡਾ ਆਇਆ ਹੈ। ਉਹ ਛਾਤਾਬਾਜ਼ ਨਹੀ ਸੀ। ਸਗੋਂ ਸਰਹੱਦ ਉੱਤੇ ਲੜਦਾ-ਲੜਦਾ ਬਚ ਕੇ ਇੱਧਰ ਨੱਸ ਆਇਆ ਸੀ। ਫੇਰ ਜਾਨ ਹੂਲ ਕੇ ਦੋ ਦਿਨਾਂ ਵਿਚ, ਲੁਕਦਾ-ਛਿਪਦਾ ਨਹਿਰ ਕਿਨਾਰੇ ਪਹੁੰਚਿਆ ਤੇ ਆਪੇ ਹੀ ਪਹਿਰਾ ਦੇਣ ਵਾਲੇ ਮੁੰਡਿਆਂ ਕੋਲ ਆਕੇ ਆਖਣ ਲੱਗਾ, "ਮੈਨੂੰ ਫੜ ਲਓ।"

ਪਿੰਡ ਦਾ ਪੈਂਤੀ-ਚਾਲੀ ਵਰ੍ਹੇ ਦੀ ਉਮਰ ਤੋਂ ਵਡੇਰਾ ਹਰ ਮਰਦ ਤੇ ਇਸਤਰੀ ਘੁੱਲੇ ਦੇ ਇਲਮੇ ਨੂੰ ਮੁੜ ਵੇਖਣ ਆਇਆ। ਗਿੰਦਰ ਵਾਂਗ ਇਲਮੇ ਦੇ ਬਚਪਨ ਦੇ ਕਈ ਬੇਲੀ ਉਹਨੂੰ ਜੱਫੀਆਂ ਪਾ-ਪਾ ਮਿਲੇ। ਪੁਰਾਣੀਆਂ ਗੱਲਾਂ ਦੁਹਰਾਂਦੇ ਰਹੇ। ਯਾਦਾਂ ਸਾਂਝੀਆਂ ਕਰਦੇ ਰਹੇ। ਹੱਸਦੇ ਰਹੇ। ਆਰ-ਪਰਵਾਰ ਦਾ ਹਾਲ-ਚਾਲ ਪੁੱਛਦੇ ਰਹੇ। ਹਿੰਦੁਸਤਾਨ-ਪਾਕਿਸਤਾਨ ਬਣਨ ਸਮੇਂ ਏਧਰ ਮਾਰੇ ਗਏ ਅਭਾਗਿਆਂ ਨੂੰ ਯਾਦ ਕਰ-ਕਰ ਉਦਾਸ ਹੁੰਦੇ ਰਹੇ।

ਫੇਰ ਸਾਰਾ ਪਿੰਡ ਜਿਵੇਂ ਇਲਮੇ ਲਈ ਚਾਹ ਪਾਣੀ ਤੇ ਰੋਟੀ ਟੁੱਕ ਦਾ ਪ੍ਰਬੰਧ ਕਰਨ ਜੁੱਟ ਪਿਆ।

ਪਰ ਸੂਰਜ ਚੜ੍ਹਦਿਆਂ ਸਾਰ ਹੀ ਸਰਪੰਚ ਤੇ ਨੰਬਰਦਾਰ, ਪੁਲਸ ਨੂੰ ਲੈ ਕੇ ਧਰਮਸ਼ਾਲਾ ਵਿਚ ਆ ਗਏ। ਉਹਨਾਂ ਜਦੋਂ ਇਹ ਨਜ਼ਾਰਾ ਵੇਖਿਆ ਤਾਂ ਹੈਰਾਨ ਰਹਿ ਗਏ। ਕਈਆਂ ਥਾਣੇਦਾਰ ਨੂੰ ਕਿਹਾ ਕਿ ਇਲਮੇ ਨੂੰ ਛੱਡ ਦਿੱਤਾ ਜਾਏ। ਪਰ ਥਾਣੇਦਾਰ ਨੇ ਦੱਸਿਆ ਕਿ ਕਾਨੂੰਨੀ ਕਾਰਵਾਈ ਤਾਂ ਕਰਨੀ ਹੀ ਪਵੇਗੀ। ਉਸ ਦੇ ਕੁਝ ਵੀ ਵੱਸ ਨਹੀਂ ਸੀ। ਹੁਣ ਜੋ ਫੈਸਲਾ ਹੋਣਾ ਸੀ, ਉਹ ਅਦਾਲਤ ਨੇ ਕਰਨਾ ਸੀ।

ਇਲਮੇ ਦੀਆਂ ਅੱਖਾਂ ਹੁਣ ਪਹਿਲਾਂ ਨਾਲੋਂ ਵੀ ਵੱਧ ਮੁਸਕਰਾ ਰਹੀਆਂ ਸਨ। ਉਸਨੇ ਹੱਸ ਕੇ ਥਾਣੇਦਾਰ ਨੂੰ ਕਿਹਾ, "ਸਰਦਾਰ ਜੀ, ਮੇਰੀ ਇਕ ਅਰਜ਼ ਮਨਜ਼ੂਰ ਕਰ ਲਓ, ਮੈਨੂੰ ਕੱਸੀ ਵਾਲੇ ਰਾਹ ਲੈ ਕੇ ਜਾਇਓ, ਜਿੱਧਰ ਗਿੰਦਰ ਬਾਈ ਕਾ ਕਮਾਦ ਬੀਜਿਆ ਹੁੰਦਾ ਸੀ। ਨਾਲੇ ਜੇ ਗਿੰਦਰ ਨੂੰ ਮੇਰੇ ਨਾਲ ਠਾਣੇ ਤੱਕ ਜਾਣ ਦੀ ਇਜ਼ਾਜਤ ਦੇ ਦਿਉ, ਤਾਂ ਬੜੀ ਮਿਹਰਬਾਨੀ...... ਅਜੇ ਅਸੀਂ ਰੱਜ ਕੇ ਗੱਲਾਂ ਨਹੀਂ ਕੀਤੀਆਂ। ਹੋਰ ਇਕ-ਦੋ ਬੇਲੀਆਂ ਨੂੰ ਵੀ ਨਾਲ ਜਾਣ ਦੀ ਇਜਾਜ਼ਤ ਦੇ ਦਿਓ।"

ਪਰ ਉਸ ਵੇਲੇ ਬਾਬੇ ਗੁਰਮੁਖ ਨੂੰ ਜਿਵੇਂ ਕੋਈ ਭੁੱਲੀ-ਵਿਸਰੀ ਗੱਲ ਚੇਤੇ ਆ ਗਈ। ਉਹ ਉੱਠ ਕੇ, ਕਾਹਲ ਨਾਲ ਅਗਾਂਹ ਹੁੰਦਿਆਂ ਇਲਮੇ ਨੂੰ ਪੁੱਛਣ ਲੱਗ ਪਿਆ, "ਸੱਚ! ਬਈ ਇਲਮਿਆ! ਤੇਰੇ ਅੱਬਾ ਦਾ ਕੀ ਹਾਲ ਐ? ਤੇਰੀ ਬੇਬੇ ਤਕੜੀ ਰਹਿੰਦੀ ਐ? ਉਦੋਂ ਤਾਂ ਢਿੱਲੀ ਰਹਿੰਦੀ ਹੁੰਦੀ ਸੀ। ਤੇਰੀ ਨਿੱਕੀ ਭੈਣ, ਤੈਥੋਂ ਵੱਡਾ ਮੁੰਡਾ ਰਾਜ਼ੀ ਖੁਸ਼ੀ ਐ?"

ਇਲਮਾ ਝੂਠ-ਮੂਠ ਹੀ ਬਾਬੇ ਨੂੰ ਦੱਸੀ ਗਿਆ ਕਿ ਉਹ ਸਾਰੇ ਰਾਜ਼ੀ ਖੁਸ਼ੀ ਸਨ। ਉਹ ਇਹ ਦੱਸ ਕੇ ਪੁਰਾਣੇ ਜ਼ਖ਼ਮ ਮੁੜ ਨਹੀਂ ਸੀ ਉਖੇੜਨਾ ਚਾਹੁੰਦਾ, ਕਿ ਚੌਵੀਂ ਵਰ੍ਹੇ ਪਹਿਲਾਂ ਉਸ ਦਾ ਪਿਉ ਸਰਹੱਦ ਤੋਂ ਦੋ ਕੋਹ ਦੂਰ ਉਰੇ ਹੀ, ਕੁਝ ਲੋਕਾਂ ਨੇ ਮਾਰ ਦਿੱਤਾ ਸੀ। ਉਸ ਦੀ ਭੈਣ ਨੇ ਦਰਿਆ ਵਿਚ ਛਾਲ ਮਾਰ ਦਿੱਤੀ ਸੀ। ਉਸਦੀ ਮਾਂ, ਚਾਰ ਵਰ੍ਹੇ ਹੋਏ ਦਮੇ ਦੀ ਪੁਰਾਣੀ ਬੀਮਾਰੀ ਨਾਲ ਮਰ ਗਈ ਸੀ। ਉਹਨੂੰ ਪਤਾ ਸੀ ਇਸ ਵਿਚ ਉਸ ਦੇ 'ਆਪਣੇ' ਪਿੰਡ ਦੇ ਲੋਕਾਂ ਦਾ ਕੋਈ ਕਸੂਰ ਨਹੀਂ ਸੀ। ਇਹੋ ਬਾਬਾ ਗੁਰਮੁਖ ਤੇ ਪਿੰਡ ਦੇ ਕਿੰਨੇ ਹੀ ਪਤਵੰਤੇ ਲੋਕ ਤਾਂ ਉਹਨਾਂ ਨੂੰ ਤੇ ਨਾਲ ਦੇ ਪਿੰਡ ਦੇ ਕਈ ਟੱਬਰਾਂ ਨੂੰ ਸਹੀ ਸਲਾਮਤ ਗੱਡੀ ਚੜ੍ਹਾ ਕੇ ਆਏ ਸਨ। ਏਸੇ ਕਰਕੇ ਹੁਣ ਤੱਕ ਇਹ ਲੋਕ, ਇਹ ਧਰਤੀ, ਏਹ 'ਆਪਣਾ ਪਿੰਡ' ਵੇਖਣ ਲਈ ਤਰਸਦਾ ਇਲਮਾ, ਇੰਝ ਜੰਗ ਵਿੱਚੋਂ ਨੱਸ ਕੇ ਆ ਗਿਆ ਸੀ। ਮੌਤ ਮੰਡ ਕੇ ਵੀ ਪਹੁੰਚਿਆ ਸੀ, ਪਰ ਰਹਿ ਨਹੀਂ ਸੀ ਸਕਿਆ।

ਜਦੋਂ ਥਾਣੇਦਾਰ ਨੇ ਇਲਮੇ ਨੂੰ ਜੀਪ ਵਿਚ ਚੜ੍ਹਾਇਆ ਤਾਂ ਪਿੰਡ ਦੀ ਇਕ ਬੁੱਢੀ ਸੰਤੋਂ ਨੇ ਅਗਾਂਹ ਹੋ ਕੇ ਉਸ ਦਾ ਸਿਰ ਪਲੋਸਦਿਆਂ ਕਿਹਾ, "ਆਵਦੀ ਬੇਬੇ ਨੂੰ ਆਖੀਂ, ਤੈਨੂੰ ਸੰਤੀ ਯਾਦ ਕਰਦੀ ਸੀ। ਸਾਡਾ ਤੇ ਸੁਹੇਲਪੁਣਾ ਈ ਬੜਾ ਸੀ।" ਸੰਤੀ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝਣ ਲੱਗ ਪਈ ਤਾਂ ਇਲਮੇ ਤੋਂ ਵੀ ਆਪਣਾ ਆਪ ਕਾਬੂ ਨਾ ਹੋਇਆ। ਉਸ ਹੰਝੂ ਭਰੀਆਂ ਅੱਖਾਂ ਲੁਕਾਣ ਲਈ ਸਿਰ ਝੁਕਾ ਲਿਆ।

ਜੀਪ ਤੁਰ ਗਈ। ਬਾਬੇ ਗੁਰਮੁਖ ਸਮੇਤ ਲੋਕ ਜੀਪ ਪਿੱਛੋਂ ਉੱਡਦੀ ਧੂੜ ਵੱਲ ਇੰਝ ਵੇਖਦੇ ਰਹੇ, ਜਿਵੇਂ ਉਹਨਾਂ ਦੀ ਬਹੁਤ ਕੀਮਤੀ ਸ਼ੈ..........ਇਕ ਵਾਰ ਲੱਭ ਕੇ, .......ਫੇਰ ਗੁਆਚ ਗਈ ਹੋਵੇ।

29

## ਸ਼ੀਸ਼ਾ

### ਗੁਰਦੇਵ ਸਿੰਘ ਰੁਪਾਣਾ

ਉਹ ਪਤਲਾ, ਤੰਦਰੁਸਤ ਸਰੀਰ ਵਾਲਾ, ਚਵ੍ਹੀ-ਪੰਝੀ ਸਾਲ ਦਾ ਜਵਾਨ ਸੀ। ਚਿਹਰੇ ਦਾ ਰੰਗ ਤਾਂਬੇ ਵਰਗਾ, ਜਿਸ ਕਰਕੇ ਹੋਰ ਵੀ ਸਿਹਤਮੰਦ ਲੱਗਦਾ ਸੀ। ਨਾਂ ਸੀ ਦਾਨੀ, ਤੇ ਪੈਰਿਸ ਦਾ ਰਹਿਣ ਵਾਲਾ ਸੀ। ਸਾਹਿਤ ਦਾ ਵਿਦਿਆਰਥੀ, 'ਵੀਹਵੀਂ ਸਦੀ ਦਾ ਪੰਜਾਬੀ ਸਾਹਿਤ' ਦਾ ਵਿਸ਼ਾ ਲੈ ਕੇ ਪੀ.ਐਚ.ਡੀ. ਕਰ ਰਿਹਾ ਸੀ। ਦਿੱਲੀ ਰਹਿ ਕੇ ਪੁਸਤਕਾਂ ਇੱਕਠੀਆਂ ਕਰਦਾ ਤੇ ਦਿੱਲੀ ਵਿਚ ਰਹਿੰਦੇ ਪੰਜਾਬੀ ਲੇਖਕਾਂ ਨੂੰ ਮਿਲਦਾ। ਮੇਰੇ ਨਾਲ ਮੁਲਾਕਾਤ ਵੀ ਏਸੇ ਸਿਲਸਲੇ ਵਿਚ ਹੋਈ।

ਕੰਵਲ ਤੇ ਗੁਰਦਿਆਲ ਸਿੰਘ ਦੇ ਨਾਵਲ ਪੜ੍ਹਦਿਆਂ ਉਹਨੂੰ ਬਹੁਤ ਸਾਰੇ ਮਲਵਈ ਸ਼ਬਦਾਂ ਦੇ ਅਰਥ ਸਮਝ ਨਾ ਆਉਂਦੇ। ਕਿਸੇ ਡਿਕਸ਼ਨਰੀ ਵਿਚੋਂ ਵੀ ਨਾ ਲੱਭਦੇ ਕਈ ਵਾਰ ਉਹ ਮੇਰੀ ਸਹਾਇਤਾ ਲੈ ਲੈਂਦਾ। ਦੋਸਤਾਂ ਵਿਚ ਬੈਠੇ, ਇਕ ਦਿਨ ਉਹਨੂੰ ਪਤਾ ਲੱਗਿਆ, ਕਿ ਮੈਂ ਕੁਝ ਦਿਨਾਂ ਵਾਸਤੇ ਆਪਣੇ ਪਿੰਡ (ਰੁਪਾਣਾ) ਜਾ ਰਹਾ ਹਾਂ, ਤਾਂ ਉਹਨੇ ਰੁਕ-ਰੁਕ ਕੇ ਬੋਲਦਿਆਂ ਕਿਹਾ-"ਆਪ .......ਜੀ.....ਦੇ....ਨਾਲ.....ਜੇ ......ਮੈਂ ......ਚੱਲਾਂ ਤਾਂ........' ਉਹ ਪੰਜਾਬ ਦੇ ਪਿੰਡ ਵੇਖਣਾ ਚਾਹੁੰਦਾ ਸੀ, ਲੋਕਾਂ ਨੂੰ ਮਿਲਣਾ ਚਾਹੁੰਦਾ ਸੀ, ਗੱਲਾਂ ਕਰਨਾ ਚਾਹੁੰਦਾ ਸੀ, ਪਰ ਕਿਸੇ ਉੱਤੇ ਬੋਝ ਬਣਨ ਤੋਂ ਝਿਜਕ ਰਿਹਾ ਸੀ। ਮੈਂ ਉਹਨੂੰ ਦੱਸਿਆ, 'ਪਿੰਡ ਵਿਚ ਮੇਰੀ ਮਾਂ ਰਹਿੰਦੀ ਹੈ। ਬੋਝ ਵਾਲੀ ਕੋਈ ਗੱਲ ਨਹੀਂ। ਖਾਣ-ਪੀਣ 'ਤੇ ਕੋਈ ਖ਼ਰਚ ਨਹੀਂ ਆਵੇਗਾ, ਸਾਡਾ ਕਿਰਾਇਆ ਭਾੜਾ ਹੀ ਲੱਗੇਗਾ। ਉਹ ਜ਼ਰੂਰ ਚੱਲੇ।'

ਉਹਨੂੰ ਚਾਅ ਚੜ੍ਹ ਗਿਆ ਤੇ ਖੁਸ਼ੀ ਨਾਲ ਉਹਦਾ ਸਰੀਰ ਕੰਬ ਗਿਆ।

ਅਗਲੇ ਦਿਨ ਅਸੀਂ ਦਿੱਲੀ-ਫੀਰੋਜ਼ਪੁਰ ਵਾਲੀ ਬੱਸ ਵਿਚ ਸਵਾਰ ਹੋ ਗਏ। ਰਸਤੇ ਵਿਚ ਨਿੱਕੇ-ਨਿੱਕੇ ਵੇਰਵੇ ਪੁੱਛ-ਪੁੱਛ ਕੇ ਉਹਨੇ ਮੇਰਾ ਦਿਮਾਗ਼, ਪੱਛ ਛੱਡਿਆ। ਮੈਂ ਖੁਸ਼ੀ-ਖੁਸ਼ੀ ਦੱਸਦਾ ਰਿਹਾ। ਦੱਸਦਾ ਕੀ ਰਿਹਾ, ਆਪਣੇ ਲੋਕਾਂ ਦਾ ਗੁਣ-ਗਾਣ ਕਰਦਾ ਰਿਹਾ। ਹਰ ਗੱਲ ਨੂੰ ਲਿਸ਼ਕਾ ਕੇ, ਹਰ ਵੇਰਵੇ ਵਿਚੋਂ ਆਪਣੇ ਲੋਕਾਂ ਦੀ ਸਿਫ਼ਤ-ਸਲਾਹ ਲੱਭਦਾ ਰਿਹਾ। ਇਹ ਉਸਤਤ-ਪੁਰਾਣ ਹੋਰ ਵੀ ਤਿੱਖਾ ਹੋ ਗਿਆ ਜਦੋਂ ਬਸ ਪੰਜਾਬ ਦੀ ਹੱਦ ਵਿਚ ਦਾਖ਼ਲ ਹੋ ਗਈ। ਪ੍ਰਸੰਸਾ ਕਰਦਾ ਮੈਂ ਉਤਸ਼ਾਹ ਨਾਲ ਨੱਕੋ-ਨੱਕ ਭਰਿਆਂ ਹੋਇਆ ਸਾਂ, ਕਿਉਂ ਕਿ ਦਾਨੀ ਸਭ ਕੁਝ ਮੰਨਦਾ ਜਾ ਰਿਹਾ ਸੀ। ਉਹਨੂੰ ਵਿਸ਼ਵਾਸ਼ ਹੋ ਰਿਹਾ ਸੀ।

ਤਿੰਨ ਵਜੇ ਅਸੀਂ ਪਿੰਡ ਪੁੱਜ ਗਏ। ਅੱਡੇ ਤੋਂ ਪਹਿਲਾਂ ਅਸੀਂ ਸੂਏ ਦੇ ਪੁੱਲ ਉੱਤੇ ਉੱਤਰ ਗਏ। ਸਾਡਾ ਘਰ ਪਿੰਡ ਦੇ ਦੂਜੇ ਪਾਸੇ ਹੈ। ਅੱਡੇ ਤੋਂ ਉੱਤਰੀਏ ਤਾਂ ਸਾਰੇ ਪਿੰਡ ਵਿਚੋਂ ਦੀ ਲੰਘਣਾ ਪੈਂਦਾ ਹੈ। ਪਰਦੇਸੀ ਬੰਦੇ ਨੂੰ ਵੇਖ ਕੇ ਲੋਕ ਅੱਖਾਂ ਪਾੜ-ਪਾੜ ਵੇਖਣਗੇ ਤੇ ਉਹਦੇ ਬਾਰੇ ਭਾਂਤ-ਭਾਂਤ ਦੇ ਸਵਾਲ ਕਰਨਗੇ। ਉਸ ਸਮੇਂ ਮੈਂ ਇਤਨਾ ਥੱਕਿਆਂ ਹੋਇਆ ਸਾਂ ਕਿ ਹੋਰ ਬੋਲਣ ਦੇ ਰੌਂਅ ਵਿਚ ਨਹੀਂ ਸਾਂ।

ਪੁਲ ਉੱਤੇ ਖੜੋ ਕੇ ਦਾਨੀ ਨੇ ਆਲੇ-ਦੁਆਲੇ ਵੇਖਿਆ। ਫੇਰ ਰੁਕ-ਰੁਕ ਕੇ ਬੋਲਿਆ, "ਆਪ.... ਜੀ....ਦੀ.... ਕਹਾਣੀ .... 'ਹਵਾ'.... ਵਿਚ....ਇਹ... ਸੜਕ.....ਹੈ?"

ਮੈਂ ਦੱਸਿਆ ਕਿ, 'ਇਹੀ ਸੜਕ ਹੈ, ਜਿਸ ਉੱਤੇ ਚੱਲਦਾ ਕਾਫ਼ਲਾ ਵੱਢਿਆ ਗਿਆ ਸੀ। ਬਚੇ-ਖੁਚੇ ਲੋਕ, ਉਸ ਥਾਂ ਆ ਕੇ ਬੈਠੇ ਸਨ। ਤੇ ਪੁਲ ਦੀ ਜੜ੍ਹ ਵਿਚੋਂ ਨਿਕਲਦੀ ਸੜਕ, ਔਹ ਸਾਹਮਣੇ ਪਿੰਡ 'ਧਿਗਾਣੇ' ਤਕ ਜਾਂਦੀ ਹੈ, ਜਿਥੇ ਅੰਤ ਵਿਚ ਮਦਨ ਪਹੁੰਚਦਾ ਹੈ।'

ਉਹਨੇ ਮੇਰਾ ਨਵਾਂ-ਨਵਾਂ ਛਪਿਆ ਨਾਵਲ 'ਗੋਰੀ' ਦੋ ਦਿਨ ਪਹਿਲਾਂ ਹੀ ਪੜ੍ਹਿਆ ਸੀ। ਪੁੱਛਣ ਲੱਗਾ, 'ਗੋਰੀ.....ਵਾਲੇ.....ਦੇਵ.....ਮਿੱਠੋ.....ਵੀ..... ਏਸ... ..ਸੜਕ.....ਤੋਂ ਲੱਭਦੇ.....ਨੇ ਵੱਟੀਆਂ।'

ਦਾਨੀ ਦੀਆਂ ਇਹਨਾਂ ਗੱਲਾਂ ਨੇ ਮੇਰਾ ਥਕੇਵਾਂ ਲਾਹ ਦਿੱਤਾ ਤੇ ਮੈਂ ਫੇਰ ਗੱਲਾਂ ਕਰਨ ਦੇ ਮੂਡ ਵਿਚ ਹੋ ਗਿਆ।

ਅਸੀਂ ਸੂਏ ਦੀ ਪੱਟੜੀ 'ਤੇ ਚੱਲਣ ਲੱਗੇ। ਪਟੜੀ ਦੇ ਨਾਲ ਹੀ ਸਿਵੇ ਹਨ। ਸਿਵਿਆਂ ਕੋਲੋਂ ਰਾਹ ਉੱਤਰ ਕੇ ਫਿਰਨੀ ਵਿਚ ਜਾ ਪੈਂਦਾ ਹੈ। ਉੱਥੇ ਕਿਸੇ ਦਾ ਸੰਸਕਾਰ ਹੋ ਰਿਹਾ ਸੀ। ਸਿਵੇ ਨੂੰ ਅੱਗ ਲੱਗ ਚੁੱਕੀ ਸੀ ਤੇ ਲਾਟਾਂ ਨਿਕਲ ਰਹੀਆਂ ਸਨ। ਮੁਰਦੇ ਦੇ ਨਾਲ ਸਿਰਫ਼ ਮਰਦ ਹੀ ਸਨ। ਸੋਚਿਆ ਕੋਈ ਛੜਾ ਬੁੱਢਾ ਮਰ ਗਿਆ ਹੋਵੇਗਾ। ਪਟੜੀ ਤੋਂ ਲਹਿ ਕੇ ਉਹਨਾਂ ਬੰਦਿਆਂ ਵਿਚ ਰਲ ਗਏ। ਕਿਸੇ ਤੋਂ ਪਤਾ ਲੱਗਿਆ-ਬੂੜਾ ਵੈਲੀ ਚਲ ਵਸਿਆ ਸੀ।

"ਚਲੋ! ਕਈ ਮੁੰਡਿਆਂ ਦੀ ਜ਼ਿੰਦਗੀ ਬਚ ਗਈ", ਮੈਂ ਸੋਚਿਆ।

ਬੁੱਢਾ ਹੋਣ ਕਰ ਕੇ ਬੂੜਾ ਬਦਮਾਸ਼ੀ ਕਰਨੋਂ ਰਹਿ ਗਿਆ ਸੀ। ਹੁਣ ਉਹ ਨਵੇਂ ਜਵਾਨ ਹੋ ਰਹੇ ਮੁੰਡਿਆਂ ਨੂੰ ਆਪਣੇ ਰਾਹ 'ਤੇ ਪਾਉਣ ਲੱਗ ਪਿਆ ਸੀ। ਵੈਲੀ ਬਣਨ ਦੀਆਂ ਕਲਾਕਾਰੀਆਂ ਸਿਖਾਉਂਦਾ। ਜਿਵੇਂ ਬੁੱਢੀ ਹੋ ਕੇ ਨਾਚੀ ਸਕੂਲ ਖੋਲ੍ਹ ਲੈਂਦੀ ਹੈ, ਬੂੜੇ ਨੇ ਵੈਲੀ ਬਨਾਉਣ ਦਾ ਇਕ ਤਰ੍ਹਾਂ ਨਾਲ ਸਕੂਲ ਖੋਲ੍ਹ ਰੱਖਿਆ ਸੀ। ਉਹਦੀ ਸਿੱਖਿਆ ਵਿਚ ਆ ਕੇ ਕੋਈ ਮੁੰਡਾ ਸਕੂਲ ਛੱਡ ਦਿੰਦਾ, ਕੋਈ ਆਪਣੇ ਪਿਉ ਦੇ ਗਲ ਪੈ ਜਾਂਦਾ ਤਾਂ ਉਹਨੂੰ ਲੱਗਦਾ, ਉਹਦੀ ਫੀਸ ਆ ਗਈ ਸੀ। ਕਈ

ਵੱਸਦੇ-ਰੱਸਦੇ ਘਰ ਉਹਨੇਂ ਉਜਾੜੇ ਸਨ। ਕਿਸੇ ਦਾ ਭਲਾ ਸੋਚਣਾ ਤਾਂ ਕੀ, ਕਦੀ ਵਿਖਾਵੇ ਵਜੋਂ ਕੀਤਾ ਵੀ ਨਹੀਂ ਸੀ।

ਦੋ-ਚਾਰ ਬੰਦਿਆਂ ਨੇ ਬਲਦੇ ਸਿਵੇ ਵਿਚ ਡੱਕੇ-ਸੁਟੇ ਤੇ ਗੱਲੀਂ ਪੈ ਗਏ।

"ਮੌਤ ਆਵੇ ਤਾਂ ਐਹੋ ਜੀ।"

"ਕੋਈ ਤਾਪ ਨ੍ਹੀ, ਕੋਈ ਸਰਵਾਹ ਨ੍ਹੀ।"

"ਇਕ ਦਿਨ ਵੀ ਬਿਮਾਰ ਨਹੀਂ ਹੋਇਆ।"

"ਇਕ ਦਿਨ ਤਾਂ ਵੱਡਾ ਹੁੰਦੇ-ਪੰਜ ਮਿੰਟ ਨ੍ਹੀ ਹੋਇਆ ਏਹ ਤਾਂ।"

"ਜਿਵੇਂ ਕੋਈ ਬਾਹਲੇ ਪੁੰਨ ਕੀਤੇ ਹੋਣ।"

"ਹਾਂ, ਜਿਵੇਂ ਬਾਹਲੇ ਪੁੰਨ ਕੀਤੇ ਹੋਣ, ਕੋਈ ਤਖਲੀਫ ਨ੍ਹੀ ਹੋਈ।"

ਦਾਨੀ ਨੇ ਮੈਨੂੰ ਪੁੰਨ ਬਾਰੇ ਪੁੱਛਿਆ। ਫੇਰ ਪੁੱਛਿਆ ਮਰਨ ਵਾਲੇ ਨੇ ਬਹੁਤ ਪੁੰਨ ਕੀਤੇ ਸਨ? ਏਸੇ ਕਰਕੇ ਲੋਕ ਆਖ ਰਹੇ ਸਨ। ਸੰਖੇਪ ਵਿਚ, ਤੇ ਧੀਮੀ ਆਵਾਜ਼ ਵਿਚ ਦਾਨੀ ਨੂੰ ਬੂੜੇ ਦੇ ਚਰਿਤਰ ਬਾਰੇ ਦੱਸਿਆ.....ਘੋਰ ਪਾਪੀ ਬਣਾ ਕੇ 'ਜਿਵੇਂ ਪੁੰਨ ਕੀਤੇ ਹੋਣ' ਵਿਚ 'ਜਿਵੇਂ' ਦੀ ਰਮਜ਼ ਸਮਝਾਈ।

ਮੈਨੂੰ ਵੇਖ ਕੇ ਬੂੜੇ ਦਾ ਪੁੱਤਰ ਕੇਹਰੂ ਹੌਲੀ-ਹੌਲੀ ਸਾਡੇ ਕੋਲ ਨੂੰ ਹੋ ਗਿਆ। ਅਫਸੋਸ ਕਰਨ ਦੇ ਢੰਗ ਨਾਲ ਮੈਂ ਪੁੱਛ ਲਿਆ, "ਕੀ ਗੱਲ ਬਿਮਾਰ ਹੋ ਗਿਆ ਸੀ, ਤਾਇਆ?"

ਉਹ ਪਹਿਲਾਂ ਹੀ ਤਿਆਰ ਸੀ। ਵਾਰ-ਵਾਰ ਦੱਸ ਕੇ ਉਹਦਾ ਚੰਗਾ ਅਭਿਆਸ ਹੋ ਚੁੱਕਿਆ ਸੀ, ਇਕਦਮ ਸ਼ੁਰੂ ਹੋ ਗਿਆ, "ਕੋਈ ਬਿਮਾਰ ਨਹੀਂ ਸੀ। ਚੰਗਾ ਭਲਾ। ਤਾਪ ਵੀ ਨਹੀਂ ਚੜ੍ਹਿਆ । ਨਾ ਜ਼ੁਕਾਮ ਨਾ ਬੁੱਲਾ। ਚੰਗੀ ਭਲੀ ਰੋਟੀ ਖਾਧੀ। ਵੱਡੀ ਰਾਤ ਤਾਂਈ ਮੁੰਡਿਆਂ ਨਾਲ ਧੂਏਂ ਤੇ ਬੈਠਾ ਰਿਹਾ। ਚੰਗਾ ਭਲਾ ਉੱਠ ਕੇ ਆਇਆ। ਆਪ ਈ ਬਾਰ ਬੰਦ ਕੀਤਾ, ਕੁੰਡਾ ਲਾਇਆ, ਸਵੇਰੇ ਮੈਂ ਚਾਹ ਦੀ ਗੜਵੀ ਦੇਣ ਗਿਆ। 'ਵਾਜ ਦਿੱਤੀ ਤਾਂ ਬੋਲਿਆ ਨਾ। ਰਜ਼ਾਈ ਲਾਹ ਕੇ ਮੂੰਹ ਵੇਖਿਆ, ਅੱਖਾਂ ਮਿਚੀਆਂ ਹੋਈਆਂ, ਮੂੰਹ ਬੰਦ, ਜਵਾਂ ਸੁੱਤਾ ਲੱਗਿਆ। ਮਰੇ ਬੰਦੇ ਦੀਆਂ ਅੱਖਾਂ ਤੇ ਮੂੰਹ ਖੁਲ੍ਹੇ ਰਹਿ ਜਾਂਦੇ ਐ। ਪਰ ਨਹੀਂ, ਜਿਵੇਂ ਘੂਕ ਸੁੱਤਾ ਹੋਵੇ। ਮੈਂ ਚਾਹ ਵਾਲੀ ਗੜਵੀ ਮੋੜ ਕੇ ਚੁੱਲ੍ਹੇ 'ਚ ਅੱਗ 'ਤੇ ਰੱਖ ਦਿੱਤੀ, ਬਈ ਤੱਤੀ ਰਹੂ। ਚਾਹ ਉਹਨੂੰ ਆਦਤ ਸੀ, ਸੜਦੀ-ਸੜਦੀ ਪੀਂਦਾਂ ਹੁੰਦਾ ਸੀ। ਫੇਰ ਮੈਂ ਆਵਦੇ ਕੰਮ ਵਿਚ ਲੱਗ ਗਿਆ। ਪਿੰਡ 'ਚ ਵੀ ਇਕ-ਦੋ ਕੰਮ ਕਰ ਆਇਆ। ਆ ਕੇ ਵੇਖਿਆ ਤਾਂ ਗੜਵੀ ਉਵੇਂ ਚੁੱਲ੍ਹੇ 'ਚ ਪਈ। ਵੱਡੀਆਂ-ਵੱਡੀਆਂ ਧੁੱਪਾਂ ਚੜ੍ਹ ਆਈਆਂ ਸੀ। 'ਵਾਜ਼ਾਂ ਦਿੱਤੀਆਂ, ਇਕ , ਦੋ......ਪਰ ਬੋਲਣਾ ਕੀ ਸੀ? 'ਵਾਜ਼ ਵਿਚ ਹੁੰਦੀ ਤਾਂ ਬੋਲਦੀ ਨਾ....। ਬੋਲਣ ਵਾਲੀ ਚੀਜ਼ ਤਾਂ ਉੱਡ ਗਈ ਸੀ। ਰਜਾਈ ਲਾਹ ਕੇ ਮੂੰਹ ਨੰਗਾ ਕੀਤਾ। ਬਾਂਹ ਫੜ ਕੇ ਹਲੂਣੀ ਤਾਂ ਠੰਢੀ ਬਰਫ਼ ਵਰਗੀ। ਸੁੱਤੇ-ਸੁੱਤੇ ਦੇ ਪਰਾਨ ਪੰਖੇਰੂ ਹੋ ਗਏ, ਬੱਸ!" ਰੋਣ ਦੇ ਜਤਨ ਵਿਚ ਕੇਹਰੂ ਨੇ ਬੁੱਲ ਜਿਹੇ ਅਟੇਰੇ, ਪਰ ਰੋਣ ਨਹੀਂ ਨਿਕਲਿਆ।

ਦੂਜੇ ਪਾਸੇ ਕੋਈ ਧਰਮ ਸਿੰਘ ਦੀ ਮੌਤ ਨੂੰ ਯਾਦ ਕਰ ਰਿਹਾ ਸੀ; 'ਦਿਨ-ਰਾਤ, ਭਜਨ-ਬੰਦਗੀ ਕਰਨ ਵਾਲਾ, ਨਿਤਨੇਮੀ, ਪੰਜਾਂ ਬਾਣੀਆਂ ਦਾ ਪਾਠ ਕਰਨ ਪਿੱਛੋਂ ਮੂੰਹ ਜੂਠਾ ਕਰਦਾ। ਕਿਸੇ ਨੂੰ ਕੋਈ ਦੁਖ-ਤਕਲੀਫ਼ ਹੁੰਦੀ, ਪਹਿਲਾਂ-ਪਹਿਲਾਂ ਪੁੱਜਦਾ। ਕਿਸੇ ਦੇ ਕੰਡਾਂ ਵੱਜਿਆ ਧਰਮ ਸਿੰਘ ਤੋਂ ਜ਼ਰ ਨਾ ਹੁੰਦਾ। ਪਰ ਮਰਿਆ ਵੇਖ ਲਉ ਕਿਵੇਂ? ਛੇ ਮਹੀਨੇ ਅੱਡੀਆਂ ਰਗੜ-ਰਗੜ ਕੇ। ਇਕ ਪਾਸਾ ਮਾਰਿਆ ਗਿਆ। ਪਏ-ਪਏ ਦਾ ਸਰੀਰ ਗਲ਼ ਗਿਆ, ਇਕ ਪਾਸੇ ਤੋਂ । ਮੁਸ਼ਕ ਮਾਰਿਆ ਕਰੇ। ਪਰ ਉਹਨੇ ਤਾਂ ਆਪਣੇ ਵਕਤ 'ਤੇ ਹੀ ਆਉਣਾ ਸੀ। ਬਹੁਤ ਨਰਕ ਭੋਗਿਆ ਵਿਚਾਰੇ ਨੇ। ਵੇਖ ਲਉ ਰੱਬ ਦੇ ਰੰਗ! '

ਧਰਮ ਸਿੰਘ ਦੀ ਮੌਤ ਬਾਰੇ ਸਾਰਿਆਂ ਨੇ ਕੁਝ ਕਿਹਾ। ਫੇਰ ਕੁਝ ਲੋਕ ਬੂੜੇ ਦੀ ਸੌਖੀ ਮੌਤ ਬਾਰੇ ਦੱਸਦੇ ਤੇ ਕੋਈ ਧਰਮ ਸਿੰਘ ਦੀ ਕਸ਼ਟਾਂ ਭਰੀ ਮੌਤ ਬਾਰੇ ਗੱਲ ਕਰਦਾ। ਇਕ ਤਰ੍ਹਾਂ ਨਾਲ 'ਗੁਰਮੁਖ' ਤੇ 'ਮਨਮੁਖ' ਦੀ ਮੌਤ ਦਾ ਮੁਕਾਬਲਾ ਹੋਣ ਲੱਗ ਪਿਆ। ਪੁੰਨ ਕਰਨ ਵਾਲਾ ਕਿੰਨਾਂ ਦੁਖੀ ਹੋ ਕੇ ਮਰਿਆ ਤੇ ਪਾਪੀ ਦੀ ਮੌਤ ਕਿੰਨੀ ਸੁਖਾਲੀ ਸੀ। ਧਰਮ ਸਿੰਘ ਬਾਰੇ ਕਹਿ ਰਹੇ ਸਨ-'ਕਿੰਨੇ ਪੁੰਨ ਕੀਤੇ ਸੀ' ਅਤੇ ਬੂੜੇ ਬਾਰੇ-'ਜਿਵੇਂ ਪੁੰਨ ਕੀਤੇ ਹੋਣ।'

ਕੇਹਰੂ ਦੀ ਹਾਲਤ ਬੜੀ ਤਰਸਯੋਗ ਸੀ-ਉਹਦੇ ਪਿਉ ਦੀ ਸੁਖੀ ਮੌਤ ਲੋਕਾਂ ਨੂੰ ਚੁਭ ਰਹੀ ਸੀ। ਐਸੀ ਮੌਤ ਦੇ ਵੀ ਉਹਨੂੰ ਯੋਗ ਨਹੀਂ ਸਮਝ ਰਹੇ ਸਨ। ਪਿੱਪਲ ਦੇ ਮੁੱਢ ਵਿੱਚੋਂ ਲੈ ਕੇ ਉਹਨੇ ਖੇਸ ਦੀ ਬੁੱਕਲ ਮਾਰ ਲਈ ਤੇ ਇਉਂ ਖੜਾ ਹੋ ਗਿਆ, ਜਿਵੇਂ ਐਲਾਨ ਕਰਨਾ ਹੋਵੇ।

'ਅਸਲ 'ਚ ਉਹ ਪੁੰਨ ਤਾਰ ਗਿਆ ਬਾਪੂ ਨੂੰ....ਓਸ ਅਪਕਾਰ ਨੇ ਸੈਹਤਾ ਕੀਤੀ ਉਹਦੀ।' ਕੇਹਰੂ ਨੇ ਕਿਹਾ ਤੇ ਲੋਕਾਂ ਦੇ ਚਿਹਰਿਆਂ ਵੱਲ ਵੇਖਣ ਲੱਗਾ।

ਸਾਰੇ ਚੁੱਪ ਹੋ ਗਏ। ਜਿਵੇਂ ਯਾਦ ਕਰਦੇ ਹੋਣ। ਕਿਹੜਾ ਉਪਕਾਰ ਸੀ, ਜੋ ਲੋਕਾਂ ਤੋਂ ਚੋਰੀ-ਚੋਰੀ ਬੂੜੇ ਨੇ ਕਰ ਦਿੱਤਾ ਸੀ? ਜਿਸਨੇ ਉਸ ਦੀ ਮੌਤ ਇਤਨੀ ਆਸਾਨ ਕਰ ਦਿੱਤੀ?

'ਏਥੋਂ ਦੀ ਕਾਫਲਾ ਲੰਘਿਆ ਸੀ ਰੌਲ਼ੇ ਵੇਲੇ।" ਕੇਹਰੂ ਨੇ ਦੱਸਿਆ, "ਤੀਹ ਦੁੱਧ ਪੀਂਦੇ ਬੱਚਿਆਂ ਦੀ ਮੁਕਤੀ ਕੀਤੀ ਸੀ ਬਾਪੂ ਨੇ। ਉਹੀ ਪੁੰਨ ਤਾਰ ਗਿਆ।"

ਦੇਸ ਦੀ ਵੰਡ ਸਮੇਂ 1947 ਵਿਚ ਪਿੰਡ ਵਿਚੋਂ ਲੰਘਦੀ ਸੜਕ ਉੱਤੋਂ ਦੀ ਇਕ ਪੰਦਰਾਂ-ਵੀਹ ਮੀਲ ਲੰਮਾ ਕਾਫ਼ਲਾ ਲੰਘਿਆ। ਲੁਟੇਰੇ ਤੇ ਧਾੜਵੀ ਕਾਫ਼ਲੇ ਦੇ ਪਿੱਛੋਂ ਥੋੜੇ ਕੁ ਬੰਦਿਆਂ ਨੂੰ ਵੱਖ ਕਰ ਲੈਂਦੇ। ਲੁੱਟ-ਮਾਰ ਕਰਦੇ, ਮਰਦਾਂ ਦੇ ਬੁੱਢੀਆਂ ਔਰਤਾਂ ਨੂੰ ਮਾਰ ਦੇਂਦੇ,

ਜਵਾਨ ਤੀਵੀਆਂ ਨੂੰ ਉਧਾਲ ਕੇ ਲੈ ਜਾਂਦੇ। ਹੋਰ ਧਾੜਵੀ ਆ ਜਾਂਦੇ। ਏਹ ਸਿਲਸਲਾ ਚਲਦਾ ਰਿਹਾ। ਪਿਛੋਂ ਕਾਫ਼ਲਾ ਵੱਢਿਆ ਜਾ ਰਿਹਾ ਸੀ, ਅੱਗੋਂ ਤੁਰ ਰਿਹਾ ਸੀ। ਸੜਕ ਲਾਸ਼ਾਂ ਨਾਲ ਭਰ ਗਈ। ਬਿਮਾਰੀ ਫੈਲਣ ਦੇ ਡਰ ਤੋਂ ਅਗਲੇ ਦਿਨ ਲਾਸ਼ਾਂ ਸਮੇਟਣ ਲੱਗੇ ਤਾਂ ਪਿੰਡ ਦੀ ਜੂਹ ਵਿਚ ਕੁਝ ਦੁੱਧ ਪੀਂਦੇ ਬੱਚੇ ਜਿਉਂਦੇ ਲੱਭੇ। ਪਿੰਡ ਵਾਲੇ ਉਹਨਾਂ ਨੂੰ ਧਰਮਸ਼ਾਲਾ ਵਿਚ ਲੈ ਆਏ। ਹੁਣ ਚਿੰਤਾਂ ਬਣੀ ਕਿ ਇਹਨਾਂ ਬੱਚਿਆਂ ਦਾ ਕੀਤਾ ਕੀ ਜਾਏ? ਕੁਝ ਬੱਚੇ ਆਲੇ- ਦੁਆਲੇ ਦੇ ਪਿੰਡਾਂ ਦੇ ਲੋਕ ਲੈ ਗਏ। ਫਿਰ ਵੀ ਤੀਹ ਬੱਚੇ ਰਹਿ ਗਏ। ਜਿਨ੍ਹਾਂ ਦੀ ਉਮਰ ਕੁਝ ਮਹੀਨਿਆਂ ਵਿਚ ਹੀ ਸੀ। ਪੰਜ-ਸੱਤ ਦਿਨਾਂ ਵਿਚ ਹੀ ਪਿੰਡ ਵਾਲੇ ਦੁਖੀ ਹੋ ਗਏ। ਕੌਣ ਸੰਭਾਲੇ ਬਿਗਾਨੇ ਬੱਚਿਆਂ ਨੂੰ? ਬੰਦੇ ਦਾ ਬੱਚਾ ਪਾਲਣਾ ਕੋਈ ਖੇਲ ਨਹੀ। ਵਿਚਾਰ ਹੋਣ ਲੱਗੀ। ਕੋਈ ਕਹੇ ਪਾਕਿਸਤਾਨ ਵਿਚ ਛੱਡ ਆਈਏ। ਕੋਈ ਕਿਸੇ ਯਤੀਮਖ਼ਾਨੇ ਦੀ ਗੱਲ ਕਰਦਾ। ਪਰ ਛੱਡ ਕੇ ਕੌਣ ਆਵੇ? ਖ਼ਤਰਨਾਕ ਹਾਲਾਤ ਵਿਚ ਕੋਈ ਜਾਨ ਖ਼ਤਰੇ ਵਿਚ ਪਾਉਣ ਨੂੰ ਤਿਆਰ ਨਹੀਂ ਸੀ।

'ਪਰ੍ਹਾਂ ਮੁਕਤੀ ਕਰੋ ਵਿਚਾਰਿਆਂ ਦੀ! ਪਾਕਿਸਤਾਨ 'ਚ ਕੌਣ ਇਹਨਾਂ ਵਾਸਤੇ ਪੂੜੇ ਲਈ ਬੈਠੇ ।" ਬੂੜੇ ਨੇ ਸਲਾਹ ਦਿੱਤੀ।

ਏਨੇ ਛੋਟੇ ਦੁੱਧ ਪੀਂਦੇ ਬੱਚਿਆਂ ਨੂੰ ਮਾਰੇਗਾ ਕੌਣ? ਕੋਈ ਨਹੀਂ ਮਾਰ ਸਕਦਾ! ਜੇ ਕੋਈ ਮਾਰ ਸਕਦਾ ਹੁੰਦਾ ਤਾਂ ਉਹੀ ਨਾ ਮਾਰ ਜਾਂਦੇ ਜਿਨ੍ਹਾਂ ਨੇ ਬਾਕੀ ਕਾਫ਼ਲਾ ਵੱਢਿਆਂ ਸੀ। ਜਿਹੜੇ ਇਨ੍ਹਾਂ ਦੀਆਂ ਮਾਵਾਂ ਨੂੰ ਲੈ ਗਏ ਸਨ। ਇਸ ਖ਼ਿਆਲ ਨਾਲ ਹੀ ਲੋਕਾਂ ਦਾ ਦਿਲ ਦਹਿਲ ਜਾਂਦਾ।

'ਲਿਆਓ! ਮੈਂ ਕਰਦਾਂ ਇਹ ਪੁੰਨ।' ਅੰਤ ਨੂੰ ਬੂੜੇ ਨੇ ਕਿਹਾ, 'ਇਹਨਾਂ ਦਾ ਕੀ ਐ, ਇਕ-ਇਕ ਟੱਕ ਦੀ ਮਾਰ ਐ ਵਿਚਾਰੇ। ਸਾਰੀ ਉਮਰ ਰੁਲਦੇ ਫਿਰਨਗੇ ਮਾਂ-ਮਹਿਟਰ।'

ਬੂੜਾ, ਬੱਚਿਆਂ ਨੂੰ ਸੂਏ ਤੇ ਲੈ ਗਿਆ ਤੇ ਇਕ-ਇਕ ਟੱਕ ਲਾ ਕੇ ਸੂਏ ਵਿਚ ਸੁੱਟ ਦਿੱਤੇ। ਇਹ ਪੁੰਨ ਸੀ, ਕੇਹਰੂ ਦੇ ਦੱਸਣ ਅਨੁਸਾਰ, ਜਿਸ ਨੇ ਉਹਦੇ ਬਾਪੂ ਦੀ ਮੌਤ ਸੌਖੀ ਕਰ ਦਿੱਤੀ ਸੀ।

ਕੇਹਰੂ ਦੀ ਜ਼ਬਾਨੀ ਸੁਣ ਕੇ ਦਾਨੀ ਨੂੰ ਗੱਲ ਪੂਰੀ ਤਰ੍ਹਾਂ ਸਮਝ ਨਾ ਪਈ। ਮੇਰੇ ਕੋਲੋਂ ਦੁਬਾਰਾ ਸੁਣੀ।

'ਆਪ......ਜੀ.....ਨੇ... ਵੇਖਿਆ... ਸੀ?' ਦਾਨੀ ਨੇ ਕੇਹਰੂ ਨੂੰ ਪੁੱਛਿਆ।

ਕੇਹਰੂ ਨੂੰ ਜਦ ਪਤਾ ਲੱਗਿਆ ਕਿ ਪੁੱਛਣ ਵਾਲਾ ਪਰਦੇਸੀ ਹੈ, ਉਹਨੇ ਪਰਦੇਸੀਆਂ ਨੂੰ ਸਮਝ ਆਉਣ ਵਾਲੇ ਅੰਦਾਜ਼ ਵਿਚ ਬੋਲਣਾ ਸ਼ੁਰੂ ਕਰ ਦਿੱਤਾ, 'ਹਾਂ, ਹਮ ਕੋ ਦੇਖਿਆ ਸੀ....ਹਮ ਤੇਰਾਂ ਬਰਸ ਕਾ ਸੀ ਉਸ ਟੈਮ। ਗੱਡੇ ਉਪਰ ਲੱਦ ਕੇ ਲੈ ਗਏ ਥੇ, ਹਮ ਬੱਚਿਆਂ ਕੋ।"

'ਕਿੰਨੇ...ਵੱਡੇ......ਸਨ......ਬੱਚੇ?' ਦਾਨੀ ਨੇ ਪੁੱਛਿਆ।

'ਨੀਕੇ-ਨੀਕੇ ਥੇ।' ਕੇਹਰੂ ਨੇ ਦੋਵਾਂ ਹੱਥਾਂ ਵਿਚ ਵਿੱਥ ਕਰਕੇ ਬੱਚਿਆਂ ਦੇ ਆਕਾਰ ਦੱਸੇ, 'ਐਤਨੇ, ਐਤਨੇ....ਦੁੱਧ ਪੀਂਦੇ। ਇਹੀ ਪੁੰਨ ਨੇ ਤਾਰ ਦੀਤਾ।'

"ਤਲਵਾਰ......ਨਾਲ....ਕੱਟ...... ਦਿੱਤੇ... .ਆਪ......।"

ਕੇਹਰੂ ਨੇ ਹੱਥ ਦੀ ਤਲਵਾਰ ਬਣਾ ਕੇ ਉਪਰ ਥੱਲੇ ਵਾਰ ਕਰਨ ਵਾਂਗ ਕੀਤਾ, "ਬੱਸ-ਏਕ ਟੱਕ ਔਰ ਸਿਰ ਅੱਡ।"

ਦਾਨੀ ਦਾ ਜਿਸਮ ਇਕ ਧੁੜਧੁੜੀ ਨਾਲ ਕੰਬ ਗਿਆ, ਚਿਹਰੇ ਦਾ ਤਾਂਬੇ ਵਰਗਾ ਰੰਗ ਪੀਲਾ ਪੈ ਗਿਆ ਤੇ ਫੇਰ ਇਕ ਦਮ ਬੱਗਾ ਪਾਣੀ ਵਰਗਾ। ਮੈਨੂੰ ਤੁਰਨ ਵਾਸਤੇ ਇਸ਼ਾਰਾ ਕੀਤਾ। ਬੋਲ ਨਹੀਂ ਨਿਕਲਿਆ ਉਹਦਾ।

ਬੰਦਿਆਂ ਤੋਂ ਵੱਖ ਹੋ ਕੇ ਅਸੀਂ ਰਾਹ ਵਿਚ ਆ ਗਏ। ਉਹਨੇ ਆਪਣਾ ਅਟੈਚੀ ਧਰਤੀ ਉੱਤੇ ਰੱਖ ਦਿੱਤਾ ਤੇ ਅਟੈਚੀ ਵੱਲ ਇਉਂ ਵੇਖਣ ਲੱਗਾ ਜਿਵੇਂ ਖੋਲ੍ਹਣਾ ਚਾਹੁੰਦਾ ਹੋਵੇ। ਖੋਲ੍ਹਣ ਦਾ ਵਿਚਾਰ ਛੱਡ ਕੇ, ਉਹ ਆਪਣੇ ਚਿਹਰੇ ਉਤੇ ਹੱਥ ਫੇਰਨ ਲੱਗਿਆ। ਉਂਗਲਾਂ ਦੇ ਪੋਟਿਆਂ ਨਾਲ ਟੋਹਣ ਲੱਗਾ, ਜਿਵੇਂ ਚਿਹਰੇ ਦਾ ਬਦਲਿਆ ਰੰਗ, ਪੋਟਿਆਂ ਨਾਲ ਵੇਖ ਰਿਹਾ ਹੋਵੇ। ਫੇਰ ਇਕ ਦਮ ਮੂੰਹ ਦੂਜੇ ਪਾਸੇ ਕਰਕੇ ਬੈਠ ਗਿਆ। ਉਹਨੂੰ ਉਲਟੀ ਆ ਗਈ। ਸਹਾਰਾ ਦੇਣ ਵਾਸਤੇ ਮੈਂ ਉਹਦੇ ਮੋਢੇ ਫੜ ਲਏ। ਤਿੰਨ ਵਾਰ ਉਲਟੀ ਕੀਤੀ।

ਰਾਹ ਦੇ ਦੂਜੇ ਪਾਸੇ ਪੱਕਾ ਖਾਲ ਪਾਣੀ ਦਾ ਭਰਿਆ ਹੋਇਆ ਸੀ। ਸਹਾਰਾ ਦੇ ਕੇ ਉਹਨੂੰ ਉਥੇ ਬਿਠਾ ਦਿੱਤਾ। ਕੁਰਲੀ ਕੀਤੀ, ਰੁਮਾਲ ਨਾਲ ਮੂੰਹ ਪੂੰਝਿਆ ਤੇ ਮੇਰੇ ਤੋਂ ਮੁਆਫ਼ੀ ਮੰਗੀ।

'ਮੈਨੂੰ....ਅਫਸੋਸ ਹੈ....ਮੈਨੂੰ ਮਜ਼ਬੂਤ..... ਹੋਣਾ..... ਚਾਹੀਦਾ.....ਸੀ.... ਮੁਆਫ਼ੀ.....ਚਾਹੁੰਦਾ ਹਾਂ.....ਬੰਦੇ ਨੂੰ..... ਕਮਜ਼ੋਰ.....ਨਹੀਂ ਹੋਣਾ..... ਚਾਹੀਦਾ........।' ਉਹ ਅਟਕ-ਅਟਕ ਕੇ ਬੋਲਿਆ।

ਮੇਰੀ ਮਾਂ ਨੂੰ ਜਦ ਪਤਾ ਲੱਗਿਆ, ਉਹ ਪਰਦੇਸੀ ਹੈ, ਆਪਣੇ ਪਰਵਾਰ ਤੇ ਦੇਸ ਤੋਂ ਦੂਰ ਹੈ, ਉਹਨੇ ਦਾਨੀ ਦਾ ਬਹੁਤ ਆਦਰ ਕੀਤਾ। ਮੂੰਹ-ਹੱਥ ਧੋਣ ਵਾਸਤੇ ਪਾਣੀ ਗਰਮ ਕਰ ਕੇ ਦਿੱਤਾ। ਚਾਹ ਬਣਾ ਕੇ ਦਿੱਤੀ ਤੇ ਉਹਦੇ ਤੋਂ ਉਸ ਦੇ ਦੇਸ ਬਾਰੇ ਗੱਲਾਂ ਪੁੱਛਦੀ ਰਹੀ। ਪਰ ਦਾਨੀ ਖੁਲ੍ਹ ਨਹੀਂ ਸੀ ਰਿਹਾ।

ਉਹਦਾ ਚਿੱਤ ਖ਼ੁਸ਼ ਕਰਨ ਵਾਸਤੇ ਮੈ ਉਹਨੂੰ ਚਾਚੇ ਦੇ ਘਰ ਲੈ ਗਿਆ। ਚਾਚੇ ਦੇ ਪੁੱਤਰ ਨੇ, ਵਿਸਕੀ ਪਿਆਈ, ਮੁਰਗੇ ਬਣਵਾਏ। ਪਰ ਦਾਨੀ ਪਿਚਕਿਆ ਹੀ ਰਿਹਾ। ਜੋ ਉਹਨੂੰ ਪੁੱਛਿਆ ਜਾਂਦਾ, ਸੰਖੇਪ ਵਿਚ ਦੱਸ ਦਿੰਦਾ। ਜੋ ਉਹਨੂੰ ਦੱਸਿਆ ਜਾਂਦਾ, ਸੁਣ ਲੈਂਦਾ ਆਪ ਕੁਝ ਨਾ ਪੁੱਛਦਾ। ਪੁੱਛਣ ਤੇ ਜਾਣਨ ਦਾ ਉਹਦਾ

ਉਤਸ਼ਾਹ ਉੱਕਾ ਮਰ ਗਿਆ ਸੀ। ਰੋਟੀ ਵੀ ਉਹਨੇ ਥੋੜ੍ਹੀ ਕੁ ਖਾਧੀ। ਉਹਦੀ ਚੁੱਪ ਨੇ ਆਪਣੇ ਲੋਕਾਂ ਦੀ ਮਹਿਮਾਨ ਨਿਵਾਜ਼ੀ ਦੀ ਸਿਫ਼ਤ ਕਰਨ ਦਾ ਮੌਕਾ ਵੀ ਮੇਰੇ ਹੱਥੋਂ ਖੋਹ ਲਿਆ। ਮੈਂ ਤਾਂ ਦੱਸਣਾ ਚਾਹੁੰਦਾ ਸਾਂ ਕਿ ਬਿਨ ਬੁਲਾਏ ਮਹਿਮਾਨ ਦਾ ਵੀ ਕਿੰਨਾ ਸਵਾਗਤ ਹੁੰਦਾ ਹੈ; ਸਾਡੇ ਘਰਾਂ ਵਿਚ।

ਉਹਦਾ ਬਿਸਤਰਾ ਚੁਬਾਰੇ ਵਿਚ ਕਰ ਦਿੱਤਾ। ਉੱਤੇ ਰੋਸ਼ਨੀ ਦਾ ਚੰਗਾ ਪ੍ਰਬੰਧ ਸੀ। ਟਿਊਬ ਸੀ, ਟੇਬਲ ਲੈਂਪ ਵੀ ਸੀ, ਉਹਨੂੰ ਪੜ੍ਹਨ ਵਾਸਤੇ ਸੌਖ ਰਹਿਣੀ ਸੀ। ਉਸ ਨੇ ਮੈਨੂੰ ਵੀ ਉੱਥੇ ਹੀ ਸੌਣ ਵਾਸਤੇ ਕਿਹਾ। ਸੌਣ ਤੋਂ ਪਹਿਲਾਂ ਉਹਨੇ ਕੋਈ ਗੱਲ ਨਾ ਕੀਤੀ। ਚੁੱਪ-ਚਾਪ ਰਜ਼ਾਈ ਤਾਣ ਕੇ ਪੈ ਗਿਆ।

ਅੱਧੀ ਕੁ ਰਾਤ ਹੋਵੇਗੀ, ਉਹਦੀ ਆਵਾਜ਼ ਸੁਣ ਕੇ ਮੇਰੀ ਨੀਂਦ ਖੁਲ੍ਹ ਗਈ। ਰਜਾਈ ਦੀ ਝੀਤ ਵਿਚੋਂ ਵੇਖਿਆ, ਦਾਨੀ ਨੇ ਸਾਰੀਆਂ ਬੱਤੀਆਂ ਜਗਾ ਰੱਖੀਆਂ ਸਨ। ਮੰਜੇ ਉੱਤੇ ਬੈਠਾ ਫਰੈਂਚ ਵਿਚ ਗੱਲਾਂ ਕਰ ਰਿਹਾ ਸੀ। ਜਿਤਨੀ ਕੁ ਮੈਂ ਸਮਝ ਸਕਿਆ-'ਪੈਂਤੀ ਸਾਲਾਂ ਬਾਅਦ ਵੀ ਉਹ ਕੰਮ ਪੁੰਨ ਦਾ ਲੱਗਦਾ ਸੀ, ਪੈਂਤੀ ਸਾਲਾਂ ਬਾਅਦ ਪੁੰਨ, ਤੋਬਾ-ਤੋਬਾ.....ਮੇਰੀ ਬੱਚੀ ਤਿੰਨ ਮਹੀਨਿਆਂ ਦੀ ਹੈ-ਦੁੱਧ ਪੀਂਦੀ ਬੱਚੀ....ਛੋਟੀ ਬੱਚੀ....।'

ਫੇਰ ਉਹ ਮੰਜੇ ਉੱਤੇ ਡਿੱਗ ਪਿਆ ਤੇ ਇਉਂ ਵਲਾਵੇਂ ਜਿਹੇ ਖਾਣ ਲੱਗ ਪਿਆ, ਜਿਵੇਂ ਸੱਪ ਵਿਸ ਘੋਲਦਾ ਹੈ ਕਦੇ ਇਕ ਪਾਸੇ ਦੀ ਬਾਹੀ ਨਾਲ ਵੱਜਦਾ, ਕਦੇ ਦੂਜੀ ਨਾਲ, ਮੂੰਹ ਵਿਚੋਂ ਇਉਂ ਆਵਾਜ਼ ਆ ਰਹੀ ਸੀ ਜਿਵੇਂ ਦੰਦ ਪੀਹ ਰਿਹਾ ਹੋਵੇ। ਮੰਜੇ ਦੀਆਂ ਚੂਲਾਂ ਜਰਕ ਰਹੀਆਂ ਸਨ। ਜਿਵੇਂ ਲੋਈ ਉੱਤੇ ਘੋਲ ਕਰ ਰਿਹਾ ਹੋਵੇ। ਮੈਂ ਡਰ ਗਿਆ।

'ਜਾਗ ਗਏ?' ਮੈਂ ਹੌਸਲਾ ਕਰਕੇ ਆਵਾਜ਼ ਦਿੱਤੀ।

ਉਹ ਛਾਲ ਮਾਰ ਕੇ ਫਰਸ਼ ਉੱਤੇ ਖੜ੍ਹਾ ਹੋ ਗਿਆ। ਫਰਨ-ਫਰਨ ਕੰਬ ਰਿਹਾ ਸੀ। ਚਿਹਰਾ ਪੂਣੀ ਵਾਂਗ ਬੱਗਾ। ਉਹਨੇ ਕੰਸ ਤੋਂ ਸ਼ੀਸ਼ਾ ਚੁੱਕਿਆ ਤੇ ਇਕ ਹੱਥ ਵਿਚ ਫੜ ਕੇ ਵੇਖਣ ਲੱਗ ਪਿਆ। ਦੂਜਾ ਹੱਥ ਉਹ ਗਰਦਨ ਉੱਤੇ ਫੇਰ ਰਿਹਾ ਸੀ।

'ਦਾਨੀ ਕੀ ਗੱਲ ਹੈ?'

'ਮੇਰਾ ਦਿਲ ਸ਼ੀਸ਼ਾ ਦੇਖਣ ਨੂੰ ਕਰਦਾ ਸੀ-ਮੇਰੀ ਬੇਬੀ ਤਿੰਨ ਮਹੀਨਿਆਂ ਦੀ ਹੈ।'

'ਸਮਝ ਨਹੀਂ ਆਈ, ਮੈਨੂੰ ਸੀਸ਼ੇ ਦੀ ਸਮਝ ਨਹੀਂ ਆਈ।'

'ਮੈਨੂੰ ਵੀ ਨਹੀਂ ਆਈ-ਪਰ ਹਰ ਵਾਰ ਮੇਰਾ ਦਿਲ ਸ਼ੀਸ਼ਾ ਵੇਖਣ ਨੂੰ ਕਰਦਾ ਹੈ......ਨਹੀਂ ਤਾਂ ਮੈਂ ਠੀਕ ਨਹੀਂ ਰਹਿੰਦਾ......ਬੀਮਾਰ ਮਹਿਸੂਸ ਕਰਦਾ ਹਾਂ....ਮੈਨੂੰ ਬਹੁਤ ਅਫਸੋਸ ਹੈ...... ਡਿਸਟਰਬ ਕੀਤਾ, ਮਜ਼ਬੂਰ ਹਾਂ ਮੈਂ।' ਉਹਨੇ ਵਾਰ-ਵਾਰ ਮੁਆਫ਼ੀ ਮੰਗੀ। ਮੈਂ ਵਾਰ-ਵਾਰ ਸ਼ੀਸ਼ਾ ਵੇਖਣ ਵਾਰੇ ਪੁੱਛਿਆ। ਪਰ ਉਹਨੂੰ ਆਪ ਪਤਾ ਨਹੀਂ ਸੀ, ਇਸ ਤਰ੍ਹਾਂ ਦੀ ਹਾਲਤ ਵਿਚ ਉਹ ਸ਼ੀਸ਼ਾ ਕਿਉਂ ਵੇਖਣਾ ਚਾਹੁੰਦਾ ਹੈ।

ਫੇਰ ਪੁੱਛਣ ਲੱਗਾ, 'ਉਹ ਆਦਮੀ (ਕੇਹਰੂ) ਜਿਸ ਕਾਫ਼ਲੇ ਦੀ ਗੱਲ ਸੁਣਾ ਰਿਹਾ ਸੀ, ਤੁਹਾਡੀ ਕਹਾਣੀ 'ਹਵਾ' ਵਿਚ ਉਸੇ ਕਾਫ਼ਲੇ ਦਾ ਜ਼ਿਕਰ ਹੈ?'

ਮੈਂ ਦੱਸਿਆ, ਉਹੀ ਕਾਫ਼ਲਾ ਸੀ।

'ਆਪ ਜੀ ....... ਨੇ ......ਬੱਚਿਆਂ ਵਾਲੀ ਘਟਨਾ ਕਿਉਂ ਨਾ ਲਿਖੀ?' ਇਸ ਸਵਾਲ ਦੀ ਮੈਨੂੰ ਉੱਕਾ ਆਸ ਨਹੀਂ ਸੀ। ਦੱਸਣ ਨੂੰ ਬਹੁਤ ਦਲੀਲਾਂ ਦੇ ਸਕਦਾ ਸਾਂ ਪਰ ਮੈਨੂੰ ਲੱਗਿਆ ਜਿਵੇ ਉਹ ਕਹਿ ਰਿਹਾ ਹੋਵੇ, 'ਤੁਸੀਂ ਸਿਰਫ਼ ਉਸਤਤ ਹੀ ਲਿਖ ਸਕਦੇ ਹੋ, ਆਪਣੇ ਲੋਕਾਂ ਦੀ।' ਮੈਂ ਇਤਨਾ ਹੀ ਕਹਿ ਦਿੱਤਾ-ਧਿਆਨ ਨਹੀਂ ਰਿਹਾ।

ਸਵੇਰੇ ਉਹ ਸਵਾ ਛੇ ਵਜੇ ਵਾਲੀ ਬੱਸ ਫੜ ਕੇ ਦਿੱਲੀ ਨੂੰ ਮੁੜ ਗਿਆ। ਮੇਰੇ ਬਹੁਤ ਜ਼ੋਰ ਦੇਣ 'ਤੇ ਵੀ ਨਾ ਰੁਕਿਆ।

ϒ ϒ ϒ ϒ ϒ

---

ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲਿ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ, ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ, ਏਹਿ ਭੀ ਲੇਖੈ ਲਾਇ ਵੇ ਲਾਲੋ॥
ਸਾਹਿਬ ਕੇ ਗੁਣ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ॥

-ਗੁਰੂ ਨਾਨਕ ਦੇਵ-

30

# ਫੱਤੂ ਮਰਾਸੀ

## ਗੁਰਬਚਨ ਸਿੰਘ ਭੁੱਲਰ

ਫੱਤੂ ਮਰਾਸੀ, ਉਹਦੀ ਘਰ ਵਾਲੀ ਕਰੀਮਾ, ਉਹਦੇ ਦੋਵੇਂ ਪੁੱਤਰ, ਯੂਸਫ਼ ਅਤੇ ਹਮੀਦਾ ਇਕ ਦਿਨ ਅਚਨਚੇਤ ਪਾਕਿਸਤਾਨੋਂ ਮੁੜ ਪਿੰਡ ਆ ਗਏ। ਸਾਰੇ ਪਿੰਡ ਵਿਚ ਕਰਨ ਲਈ ਇਹੋ ਗੱਲ ਸੀ। ਲੋਕ ਫੱਤੂ ਅਤੇ ਉਹਦੇ ਟੱਬਰ ਨੂੰ ਵੇਖਣ ਗਏ। ਫੱਤੂ ਪਿੰਡ ਦੇ ਇਕੱਲੇ-ਇਕੱਲੇ ਘਰ ਫਿਰਿਆ। ਉਹਨੂੰ ਜਿਵੇਂ ਚਿਰਾਂ ਦੀ ਅਣਬੁਝੀ ਤੇਹ ਲੱਗੀ ਹੋਈ ਸੀ ਅਤੇ ਉਹ ਘਰੋ-ਘਰ ਫਿਰ ਕੇ ਮਿਲਣੀਆਂ ਦੀਆਂ ਘੁਟਾਂ ਭਰ-ਭਰ ਉਹਨੂੰ ਤ੍ਰਿਪਤ ਕਰਦਾ ਫਿਰਦਾ ਸੀ ਉਹ ਇਕ ਘਰੋਂ ਨਿਕਲਦਾ ਤੇ ਦੂਜੇ ਘਰ ਜਾ ਕੇ ਕਹਿੰਦਾ, "ਚਾਚੀ ਮੱਥਾ ਟੇਕਦਾ ਆਂ.........ਸੋਹਣ ਸਿਆਂ ਭਰਾਵਾਂ! ਸਾਹ ਸ੍ਰੀ ਕਾਲ......ਦਿਆਲ ਕੁਰੇ ਪ੍ਰਭਾਣੀਏ, ਆਹ ਗੁੱਡੀ ਐ ? ਮਰ ਜਾਣੀ ਮੇਰੇ ਪਿੱਛੋਂ-ਪਿੱਛੋਂ ਹੀ ਸੁੱਖ ਨਾਲ ਮੁਟਿਆਰ ਹੋ ਗਈ।"

ਪਿੰਡ ਦੇ ਪੁਰਾਣੇ ਬੰਦਿਆਂ-ਬੁੜ੍ਹੀਆਂ ਕੋਲ ਉਹ ਕਿੰਨਾਂ-ਕਿੰਨਾਂ ਚਿਰ ਬੈਠਾ ਰਹਿੰਦਾ, ਦੁੱਖ-ਸੁੱਖ ਦੀਆਂ, ਘਰ-ਬਾਹਰ ਦੀਆਂ, ਸਾਕ-ਸਬੰਧੀਆਂ ਦੀਆਂ ਗੱਲਾਂ ਪੁੱਛਦਾ-ਦੱਸਦਾ ਰਹਿੰਦਾ। ਲੋਕਾਂ ਨੂੰ ਮਿਲਦਿਆਂ, ਉਹਦੇ ਅੰਦਰੋਂ ਅਕਸਰ ਮੋਹ ਦੀ ਇਕ ਛੱਲ ਜਿਹੀ ਉੱਠਦੀ ਤੇ ਉਹਦਾ ਗਲਾ ਭਰ ਆਉਂਦਾ। ਕਈ ਦਿਨ ਫੱਤੂ ਪਿੰਡ ਦੀਆਂ ਗਲੀਆਂ ਵਿਚ ਭੌਂਦਾ ਫਿਰਿਆ। ਕਰੀਮਾ ਪਿੰਡ ਦੀਆਂ ਬੁੜ੍ਹੀਆਂ ਨੂੰ ਮਿਲਦੀ ਤੇ ਦੁੱਖ-ਸੁੱਖ ਕਰਦੀ ਰਹੀ।

ਫੱਤੂ, ਸੁਖਵੰਤ ਦੇ ਪਿੰਡ ਦਾ ਜੱਦੀ ਮਿਰਾਸੀ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਜਦੋਂ ਸੁਖਵੰਤ ਅਜੇ ਪਿੰਡ ਦੇ ਮਿਡਲ ਸਕੂਲ ਵਿਚ ਪੜ੍ਹਦਾ ਸੀ, ਫੱਤੂ ਦਾ ਮੁੰਡਾ ਯੂਸਫ਼ ਉਹਦਾ ਜਮਾਤੀ ਸੀ। ਭਾਵੇਂ ਯੂਸਫ਼ ਲਾਗੀਆਂ ਦਾ ਮੁੰਡਾ ਸੀ, ਪਰ ਉਹਨਾਂ ਦੋਵਾਂ ਦੀ ਵਾਹਵਾ ਯਾਰੀ ਸੀ। ਕਈ ਵਾਰ ਸੁਖਵੰਤ ਉਹਦੇ ਨਾਲ ਉਹਦੇ ਘਰ ਚਲਿਆ ਜਾਂਦਾ। ਜਿਸ ਦਿਨ ਯੂਸਫ਼ ਦੀ ਸੁਨੰਤ ਹੋਈ ਸੀ, ਉਹਨਾਂ ਦੇ ਘਰ ਉਹਨੇ ਰੱਜ-ਰੱਜ ਸ਼ੱਕਰ ਖਾਧੀ ਸੀ। ਯੂਸਫ਼ ਆਪਣੇ ਤਾਏ ਦੇ ਪੁੱਤਰਾਂ-ਧੀਆਂ ਦੀ ਰੀਸ ਨਾਲ ਫੱਤੂ ਨੂੰ ਚਾਚਾ ਕਹਿੰਦਾ ਸੀ। ਫੱਤੂ ਸੁਖਵੰਤ ਦੇ ਬਾਪੂ ਨਾਲੋਂ ਸੀ ਵੀ ਛੋਟਾ; ਉਹ ਵੀ ਉਹਨੂੰ ਚਾਚਾ ਆਖ ਕੇ ਬੁਲਾਉਂਦਾ।

1947 ਦਾ ਸਾਲ ਚੜ੍ਹਿਆ । ਦੂਰੋਂ ਨੇੜਿਓਂ ਮੰਦੀਆਂ-ਮੰਦੀਆਂ ਕਨਸੋਆਂ ਆਉਣ ਲੱਗੀਆਂ। ਪਰ ਲੋਕਾਂ ਨੂੰ ਸੱਚ ਨਹੀਂ ਸੀ ਆਉਂਦਾ। ਇਹ ਕਿਵੇਂ ਹੋ ਸਕਦਾ ਸੀ? ਛੇਕੜ, ਕੱਟਾ-ਵੱਢੀ ਇਸ ਇਲਾਕੇ ਵਿਚ ਵੀ ਸ਼ੁਰੂ ਹੋ ਗਈ। ਫੱਤੂ ਦਾ ਵਿਚਕਾਰਲਾ ਪੁੱਤਰ ਬਸ਼ੀਰਾ ਨਾਨਕੀਂ ਗਿਆ ਹੋਇਆ ਸੀ ਅਤੇ ਖ਼ਬਰ ਆਈ, ਕਿ ਉੱਥੇ ਸਭ ਮੁਸਲਮਾਨ ਵੱਢ ਦਿੱਤੇ ਗਏ ਸਨ। ਫੱਤੂ ਦੀ ਪਿੱਛੇ ਜਿਹੇ ਵਿਆਹੀ ਧੀ ਨਿਆਮਤ ਦੇ ਸਹੁਰੇ ਪਿੰਡ ਵੀ ਏਹੋ ਭਾਣਾ ਵਰਤ ਗਿਆ ਸੀ। ਪਰ ਕਿਸੇ ਦੀ ਖ਼ਬਰ ਲੈਣ ਦੀ ਸੁਰਤ ਕੀਹਨੂੰ ਸੀ?

ਗੱਲਾਂ ਹੋਣ ਲੱਗੀਆਂ ਕਿ ਦੋ-ਚਾਰ ਦਿਨਾਂ ਵਿਚ ਹੀ ਇਲਾਕੇ ਦੀਆਂ ਧਾੜਾਂ ਨੇ ਪਿੰਡ ਉੱਤੇ ਧਾਵਾ ਬੋਲਣਾ ਸੀ। ਖ਼ੁਦ ਏਸ ਪਿੰਡ ਦੇ ਬਦਮਾਸ਼ ਗੰਡਾਸੇ ਰੇਤਣ ਲੱਗ ਪਏ ਸਨ। ਕੁਝ ਜ਼ੋਰ ਵਾਲੇ ਸਿਆਣੇ ਲੋਕਾਂ ਨੇ ਸਲਾਹ ਕੀਤੀ, ਅਤੇ ਪਿੰਡ ਦੇ ਸਾਰੇ ਮੁਸਲਮਾਨਾਂ ਨੂੰ ਪਹਿਰੇ ਹੇਠ ਫ਼ੀਰੋਜ਼ਪੁਰ ਕੋਲੋਂ ਹੱਦ ਪਾਰ ਕਰਵਾ ਦਿੱਤੀ।

ਪਿੱਛੋਂ ਪਤਾ ਲੱਗਿਆ, ਬਸ਼ੀਰੇ ਦੇ ਸਿਰ ਵਿਚ ਵੱਜਿਆ ਗੰਡਾਸਾ, ਉਹਦੇ ਨੱਕ ਤੱਕ ਧਸ ਗਿਆ ਸੀ ਅਤੇ ਨਿਆਮਤ ਦੇ ਘਰ ਵਾਲਿਆਂ ਨੂੰ ਵੱਢ ਕੇ, ਬਦਮਾਸ਼ ਉਹਨੂੰ ਚੁੱਕ ਕੇ ਲੈ ਗਏ ਸਨ।

ਉਧਰੋਂ ਫੱਤੂ ਦੀਆਂ ਅਤੇ ਪਿੰਡ ਦੇ ਹੋਰ ਕਈ ਮੁਸਲਮਾਨਾਂ ਦੀਆਂ ਚਿੱਠੀਆਂ ਆਉਣ ਲੱਗੀਆਂ। ਉਹ ਜੋ ਕੁਝ ਤਰਦਾ-ਤਰਦਾ ਘਰਾਂ ਤੋਂ ਚੁੱਕ ਕੇ ਲੈ ਗਏ ਸਨ, ਉਹ ਹੱਦ ਪਾਰ ਕਰਦਿਆਂ ਖੁਹਾ ਗਏ ਸਨ ਅਤੇ 'ਮੋਮਨਾਂ ਦੀ ਧਰਤੀ' ਉੱਤੇ ਉਹਨਾਂ ਨੇ ਖ਼ਾਲੀ ਹੱਥੀਂ ਪੈਰ ਪਾਇਆ ਸੀ। ਫੱਤੂ ਦੀਆਂ ਕਈ ਚਿੱਠੀਆਂ ਸੁਖਵੰਤ ਦੇ ਬਾਪੂ, ਸੇਵਾ ਸਿੰਘ ਨੂੰ ਆਈਆਂ। ਉਹਨਾਂ ਵਿਚ ਆਮ ਸੁੱਖ-ਸਾਂਦ ਤੋਂ ਇਲਾਵਾ ਇੱਕੋ ਗੱਲ ਪੁੱਛੀ ਗਈ ਹੁੰਦੀ-ਬਸ਼ੀਰੇ ਅਤੇ ਨਿਆਮਤ ਦੇ ਥਹੁ-ਪਤੇ ਬਾਰੇ।

ਪਿੱਛੇ ਰਹਿ ਗਈ ਮੁਟਿਆਰ ਧੀ ਅਤੇ ਜਵਾਨ ਮੁੰਡਾ, ਜਦੋਂ ਫੱਤੂ ਨੂੰ ਯਾਦ ਆਉਂਦੇ, ਉਹਦੀ ਧਾਹ ਨਿਕਲ ਜਾਂਦੀ। ਇਹ ਰੁਦਣ ਉਹਦੀਆਂ ਚਿੱਠੀਆਂ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦਾ। ਉਹਨੇ ਹਿੰਦੁਸਤਾਨ ਵਿਚ ਰਹਿ ਗਏ ਬੰਦੇ ਲਿਆਉਣ ਵਾਲੀ ਪਾਕਿਸਤਾਨੀ ਪੁਲਿਸ ਕੋਲ ਮੁੜ-ਮੁੜ ਨੱਕ ਰਗੜਿਆ, ਕਿ ਉਹਨੂੰ ਵੀ ਨਾਲ ਲੈ ਜਾਣ, ਤਾਂ ਜੋ ਆਪਣੀਆਂ ਆਂਦਰਾਂ ਦੇ ਟੋਟੇ ਭਾਲ ਲਿਆਵੇ। ਪਰ ਉਹਨੂੰ ਹਰ ਵਾਰ ਇਹੋ ਉੱਤਰ ਮਿਲਦਾ ਕਿ ਉਹ ਉਧਰੋਂ ਪਤਾ ਮੰਗਵਾਵੇ, ਉਹਦੇ ਧੀ-ਪੁੱਤਰ ਕਿੱਥੇ ਸਨ? ਅਤੇ ਉਹ, ਉਹਨੂੰ ਨਾਲ ਲੈ ਕੇ ਕਢਵਾ ਲਿਆਉਣਗੇ। ਉਹ ਸੇਵਾ ਸਿੰਘ ਨੂੰ ਬੇਨਤੀਆਂ ਕਰਦਾ ਕਿ ਉਹ ਬੱਸ ਇਕ ਵਾਰ ਉਹਦੇ ਬੱਚਿਆਂ ਦੇ ਥਾਂ-ਟਿਕਾਣੇ ਦੀ ਸੂਹ ਲੈ ਦੇਵੇ..........

ਪਰ ਸੇਵਾ ਸਿੰਘ ਦਾ ਹੌਸਲਾ ਨਾ ਪਿਆ ਕਿ ਉਹ ਸੱਚ ਲਿਖ ਭੇਜੇ। ਉਹਨੇ ਜਵਾਬ ਵਿਚ ਲਿਖ ਦਿੱਤਾ ਕਿ ਉਹਨੀਂ ਦੋਹੀਂ ਪਿੰਡੀਂ ਕੁਝ ਮੁਸਲਮਾਨ ਮਾਰੇ ਗਏ ਸਨ ਤੇ ਬਾਕੀ ਬਚ ਕੇ ਭੱਜ ਗਏ ਸਨ। ਬਸ਼ੀਰੇ ਅਤੇ ਕੁੜੀ ਦਾ ਕੋਈ ਪਤਾ ਨਹੀਂ ਸੀ, ਕੀ ਬਣਿਆ। ਫੇਰ ਏਹ ਚਿੱਠੀਆਂ ਵੀ ਬੰਦ ਹੋ ਗਈਆਂ।

ਅਸਮਾਨ ਉੱਤੇ ਚੜ੍ਹੀ ਹਨ੍ਹੇਰੀ ਉੱਤਰ ਗਈ। ਲੋਕੀਂ

ਕੀਤੇ ਉੱਤੇ ਪਛਤਾਉਣ ਲੱਗੇ। ਫੱਤੂ ਮਰਾਸੀ ਵਰਗੇ ਬੰਦੇ ਅਕਸਰ ਯਾਦ ਕੀਤੇ ਜਾਂਦੇ। ਸੁਖਵੰਤ ਤੋਂ ਆਪਣਾ ਬੇਲੀ ਯੂਸਫ਼ ਭੁਲਾਇਆ ਨਾ ਭੁੱਲਦਾ। ਵਰ੍ਹੇ ਬੀਤਦੇ ਗਏ ਅਤੇ ਸੰਤਾਲੀ ਤੋਂ ਪਹਿਲਾਂ ਦੀਆਂ ਗੱਲਾਂ, ਸੰਤਾਲੀ ਤੋਂ ਪਹਿਲਾਂ ਦੇ ਬੰਦੇ, ਲੋਕਾਂ ਦੇ ਚੇਤਿਆਂ ਵਿਚ ਕੁਝ ਮੱਧਮ ਪੈਣ ਲੱਗ ਪਏ।

ਸੁਖਵੰਤ ਕਈ ਵਾਰ ਫੱਤੂ ਦੇ ਘਰ ਅੱਗੋਂ ਲੰਘਦਾ ਤਾਂ ਉਹਦੇ ਪੈਰ ਜਿਵੇਂ ਰੁਕ ਜਾਂਦੇ। ਉਹਨਾਂ ਦਾ ਘਰ ਕਿਸੇ ਨੂੰ ਅਲਾਟ ਨਹੀਂ ਸੀ ਹੋਇਆ। ਇਸ ਪਿੰਡ ਦੇ ਸਾਰੇ ਮੁਸਲਮਾਨ ਬੇਜ਼ਮੀਨੇ ਲਾਗੀ ਸਨ। ਜ਼ਮੀਨਾਂ ਵਾਲੇ ਮੁਸਲਮਾਨਾਂ ਦੇ ਪਿੰਡਾਂ ਦੀਆਂ ਘਰ-ਜ਼ਮੀਨਾਂ ਪਾਕਿਸਤਾਨੋਂ ਆਏ ਲੋਕਾਂ ਨੂੰ ਅਲਾਟ ਹੋ ਗਈਆਂ ਸਨ, ਪਰ ਇਹੋ ਜਿਹੇ ਪਿੰਡਾਂ ਵਿਚ ਨਾ ਕੋਈ 'ਪਾਕਿਸਤਾਨੀ' ਆਇਆ ਅਤੇ ਨਾ ਮੁਸਲਮਾਨਾਂ ਦੇ ਘਰਾਂ ਦਾ ਕੁਝ ਬਣਿਆ। ਜਾਂ ਉਹ ਨਾਲ ਲੱਗਦੇ ਘਰਾਂ ਵਾਲਿਆਂ ਨੇ ਰੋਕ ਲਏ ਅਤੇ ਜਾਂ ਸੁੰਨੇ ਪਏ ਢਹਿ ਗ਼ਏ ਤੇ ਲੋਕਾਂ ਨੇ ਉੱਥੇ ਰੂੜੀਆਂ ਲਾ ਲਈਆਂ । ਫੱਤੂ ਦੇ ਘਰ ਦੇ ਇੱਟਾਂ-ਰੋੜੇ ਹੌਲੀ-ਹੌਲੀ ਇੱਧਰ-ਉੱਧਰ ਹੋ ਗਏ ਤੇ ਹੁਣ ਉੱਥੇ ਰੜਾ ਮੈਦਾਨ ਸੀ, ਜਿੱਥੇ ਆਮ ਕਰਕੇ ਰਿਆਹ ਡੰਗਰ ਬੈਠੇ ਉਗਾਲੀ ਕਰਦੇ ਰਹਿੰਦੇ।

ਜਦੋਂ ਫੱਤੂ ਮਰਾਸੀ, ਉਹਦੀ ਘਰ ਵਾਲੀ ਕਰੀਮਾਂ, ਉਹਦੇ ਪੁੱਤਰ ਯੂਸਫ਼ ਅਤੇ ਹਮੀਦਾ ਮੁੜ ਕੇ ਪਿੰਡ ਆਏ, ਘਰ ਦੀ ਥਾਂ ਰੜਾ ਮੈਦਾਨ ਵੇਖ ਕੇ ਇਕ ਵਾਰ ਤਾਂ ਉਹ ਦਿਲਗੀਰ ਹੋ ਗਏ। ਪਰ ਲੋਕਾਂ ਨੇ ਉਹਨਾਂ ਨੂੰ ਦਿਲਾਸਾ ਦਿੱਤਾ। ਜੇ ਹੁਣ ਉਹ ਰਹਿਣ ਲਈ ਆਏ ਸਨ, ਤਾਂ ਕੋਈ ਫ਼ਿਕਰ ਵਾਲੀ ਗੱਲ ਨਹੀਂ ਸੀ। ਸਭ ਉਹਨਾਂ ਦੇ ਨਾਲ ਸਨ।

ਕਿਤੋਂ ਕੱਚੀਆਂ ਇੱਟਾਂ, ਕਿਤੋਂ ਪੱਕੇ ਰੋੜੇ, ਕਿਤੋਂ ਸ਼ਤੀਰ, ਕਿਤੋਂ ਕੜੀ, ਅਤੇ ਫੱਤੂ ਮਰਾਸੀ ਨੇ ਦੋ ਕੋਠੜੀਆਂ ਛੱਤ ਕੇ ਬਾਹਰਲੀ ਕੰਧ ਕਢਵਾ ਲਈ। ਕਈ ਦਿਨ ਉਹ ਘਰ-ਘਰ ਅੱਲਾ-ਖ਼ੈਰ ਗਜਾਉਂਦਾ ਅਤੇ ਲੋੜੀਂਦੀਆਂ ਚੀਜ਼ਾਂ ਲਿਆਉਂਦਾ ਫਿਰਿਆ।

ਕੋਠੜੀਆਂ ਦੀ ਛਤਾਈ ਤੋਂ ਵਿਹਲਾ ਹੋ ਕੇ ਉਹਨੇ ਨਵੇਂ ਬਦਲ ਕੇ ਆਏ ਕਿਸੇ ਕਰਮਚਾਰੀ ਵਾਂਗ ਆਪਣੀ ਥਾਂ ਸੰਭਾਲ ਲਈ। ਪਿੰਡ ਵਿਚ ਕਿਸੇ ਦੇ ਵਿਆਹ ਹੁੰਦਾ ਜਾਂ ਮਰਨਾ, ਉਹ ਅੱਲਾ-ਖ਼ੈਰ ਆਖ ਕੇ ਵਿਹੜੇ ਵਿਚ ਜਾ ਬੈਠਦਾ। ਜੋ-ਜੋ ਕੰਮ ਕਹੇ ਜਾਂਦੇ, ਉਹ ਭੱਜ-ਭੱਜ ਕਰਦਾ ਰਹਿੰਦਾ। ਜਿਸ-ਜਿਸ ਬੰਦੇ ਨੂੰ ਬੁਲਾਉਣ ਲਈ ਕਿਹਾ ਜਾਂਦਾ, ਉਹ ਭੱਜ-ਭੱਜ ਬੁਲਾ ਲਿਆਉਂਦਾ। ਉਹਦਾ ਛੋਟਾ ਪੁੱਤਰ ਹਮੀਦਾ, ਜੀਹਨੇ ਪਾਕਿਸਤਾਨ ਵਿਚ ਨਾਈ ਦਾ ਕੰਮ ਸਿੱਖ ਲਿਆ ਸੀ, ਸ਼ਹਿਰ ਦੇ ਇਕ ਹੱਜਾਮ ਕੋਲ ਨੌਕਰ ਰਹਿ ਪਿਆ। ਉਹਦਾ ਵੱਡਾ ਪੁੱਤਰ ਯੂਸਫ਼ ਵਿਆਹ-ਸਾਹਿਆਂ ਦੀਆਂ ਗੰਢਾਂ ਜਾਂ ਸੋਗ ਦੀਆਂ ਸੁਣਾਉਣੀਆਂ ਦੇਣ ਲੋਕਾਂ ਦੀਆਂ ਸਾਕ-ਸਕੀਰੀਆਂ ਵਾਲੇ ਪਿੰਡਾਂ ਵਿਚ ਜਾਂਦਾ।

ਹਾੜ੍ਹੀ ਦੀ ਫ਼ਸਲ ਪੱਕਣ ਉੱਤੇ ਆ ਗਈ। ਹੁਣ ਤੱਕ ਫੱਤੂ ਨੇ ਕੁਝ ਪੈਸੇ ਤਾਂ ਆਪ ਜੋੜ ਲਏ ਸਨ ਅਤੇ ਕੁਝ ਰਕਮ ਉਹਨੇ ਘਰ-ਘਰ ਤੋਂ ਉਗਰਾਹ ਲਈ ਅਤੇ ਇਕ ਟੱਟੂ ਤੇ ਇਕ ਟੈਰ ਖ਼ਰੀਦ ਲਏ। ਹਾੜ੍ਹੀਆਂ ਵੱਢਦੇ ਜੱਟਾਂ ਤੋਂ ਉਹਨੇ ਲਾਂਗਾ ਲੈ-ਲੈ ਕੇ ਵਾਹਵਾ ਹੱਥ ਸੁਖਾਲਾ ਕਰ ਲਿਆ ਅਤੇ ਉਹ ਪਹਿਲਾਂ ਵਾਂਗ ਹੀ ਸੌਖੇ ਦਿਨ ਲੰਘਾਉਣ ਲੱਗੇ।

ਭਾਵੇਂ ਫੱਤੂ ਹੁਣ ਉਸੇ ਤਰ੍ਹਾਂ ਸੰਤੁਸ਼ਟ ਸੀ, ਜਿਵੇਂ ਕੋਈ ਦੇਸ ਨਿਕਾਲਾ ਕੱਟ ਕੇ ਵਾਪਸ ਆਇਆ ਮਨੁੱਖ ਹੋ ਸਕਦਾ ਹੈ, ਪਰ ਬਸ਼ੀਰੇ ਅਤੇ ਨਿਆਮਤ ਦੀ ਯਾਦ ਉਹਦੀ ਹਿੱਕ ਵਿਚ ਫੋੜਾ ਬਣ ਗਈ ਸੀ। ਕਈ ਵਾਰ ਉਹ ਘਰ ਦੇ ਵਿਹੜੇ ਦੀ ਕੰਧ ਨਾਲ ਪਿੱਠ ਲਾਕੇ ਬੈਠ ਜਾਂਦਾ ਤੇ ਹੁੱਕੇ ਦੀ ਨੜੀ ਮੂੰਹ ਵਿਚ ਲੈ ਕੇ ਅੱਖਾਂ ਮੀਟ ਲੈਂਦਾ। ਉਹਨੂੰ ਲੱਗਦਾ ਜਿਵੇਂ ਬਸ਼ੀਰਾਂ ਅਤੇ ਨਿਆਮਤ ਵਿਹੜੇ ਵਿਚ ਖੇਡ ਰਹੇ ਹੋਣ, ਗਲੀ ਵਿਚ ਭੱਜ ਰਹੇ ਹੋਣ। ਜਿਵੇਂ ਬਸ਼ੀਰਾ ਬਸਤਾ ਬੰਨ੍ਹ ਕੇ ਸਕੂਲ ਜਾ ਰਿਹਾ ਹੋਵੇ ਤੇ ਨਿਆਮਤ, ਕਰੀਮਾਂ ਨਾਲ ਕੰਮ ਵਿਚ ਹੱਥ ਵਟਾ ਰਹੀ ਹੋਵੇ। ਤੇ ਫੇਰ ਉਹਨੂੰ ਉਹ ਕਹਿਰ-ਭਰੇ ਦਿਨ ਯਾਦ ਆਉਂਦੇ...............।

ਅੱਗੇ ਉਹਤੋਂ ਕੁਝ ਸੋਚਿਆ ਨਾ ਜਾਂਦਾ। ਹੁੱਕੇ ਦੀ ਨੜੀ ਉਹਦੀ ਖਾਖ ਵਿੱਚੋਂ ਬਾਹਰ ਲਟਕ ਜਾਂਦੀ ਅਤੇ ਦੋ ਪਤਲੀਆਂ ਧਾਰਾਂ ਬਣ ਕੇ ਉਹਦੇ ਹੰਝੂ ਗੱਲ੍ਹਾਂ ਉੱਤੋਂ ਦੀ ਵਗ ਕੇ ਦਾੜ੍ਹੀ ਉੱਤੇ ਡਿੱਗ ਪੈਂਦੇ। ਉਹ ਮਨ ਨੂੰ ਢਾਰਸ ਬੰਨ੍ਹਾਉਂਦਾ ਅਤੇ ਕੁੜਤੇ ਦੇ ਲੜ ਨਾਲ ਅੱਖਾਂ ਪੂੰਝ ਕੇ ਸੰਭਲ ਜਾਂਦਾ ਤੇ ਕੰਮਾਂ-ਧੰਦਿਆਂ ਵਿਚ ਆਪਣੇ-ਆਪ ਨੂੰ ਗੁਆ ਕੇ ਜਿਵੇਂ ਸਭ-ਕੁਝ ਭੁੱਲ ਜਾਣ ਦਾ ਜਤਨ ਕਰਦਾ ਰਹਿੰਦਾ ।

ਇਕ ਦਿਨ ਮੰਡੀ ਨੂੰ ਜਾਂਦੇ ਸੁਖਵੰਤ ਨੂੰ ਰਾਹ ਵਿਚ ਫੱਤੂ ਮਿਲ ਪਿਆ ਅਤੇ ਉਹਨੇ ਉਹਦੇ ਤਾਏ ਦੇ ਪੁੱਤਰ ਦੇ ਵਿਆਹ ਦੀ ਤਰੀਕ ਪੁੱਛੀ। ਸੱਤ ਦਿਨ ਦੱਸੇ ਜਾਣ ਉੱਤੇ ਉਹ ਬੋਲਿਆ, "ਚੰਗੀ ਗੱਲ, ਪ੍ਰਭਾ, ਉਦੋਂ ਤੱਕ ਮੈਂ ਬੋਹੜਾਂ ਵਾਲੀ ਢਾਬ ਪਟਵਾ ਲਊਂ । ਇਊਂ ਲਗਦਾ ਐ, ਜਿਵੇਂ ਮੇਰੇ ਮਗਰੋਂ ਨੱਗਰ-ਖੇੜਾ ਢਾਬ ਪੁੱਟਣੀ ਹੀ ਭੁੱਲ ਗਿਆ ਹੋਵੇ! ਮੀਂਹ ਪੈਣਗੇ, ਪੱਟੇ ਹੋਏ ਟੋਭੇ ਵਿਚ ਮੱਝਾਂ 'ਰਾਮ ਨਾਲ' ਤਾਂ ਬੈਠਣ ਗਈਆਂ। ਨਾਲੇ ਢਾਬ ਕਿਨਾਰੇ ਦੇ ਸਾਰੇ ਪਿੱਪਲਾਂ ਬੋਹੜਾਂ ਦੁਆਲਿਉਂ ਮਿੱਟੀ ਖੁਰ-ਖੁਰ ਕੇ ਉਹਨਾਂ ਦੀਆਂ ਜੜ੍ਹਾਂ ਨੰਗੀਆਂ ਹੋਈਆਂ ਪਈਆਂ ਨੇ।"

ਪਾਕਿਸਤਾਨ ਬਣਨ ਤੋਂ ਪਹਿਲਾਂ, ਹਰ ਸਾਲ ਫੱਤੂ ਆਹਰ ਕਰਦਾ ਅਤੇ ਬੋਹੜਾਂ ਵਾਲੀ ਢਾਬ ਪੁੱਟੀ ਜਾਂਦੀ। ਉਹਦਾ ਢੋਲ ਗੂੰਜਦਾ, ਹੋਰ ਗੂੰਜਦਾ ਰਹਿੰਦਾ ਅਤੇ ਕਹੀਆਂ ਡੂੰਘੀਆਂ, ਹੋਰ ਡੂੰਘੀਆਂ ਧਸਦੀਆਂ ਰਹਿੰਦੀਆਂ। ਚੁਫ਼ੇਰੇ ਖੜ੍ਹੇ ਦਰਖਤਾਂ ਹੇਠ ਚੌਂਤਰੇ ਬੱਝ ਜਾਂਦੇ। ਇਹਨਾਂ ਸਾਲਾਂ

ਵਿਚ ਇੱਕ-ਦੋ ਵਾਰ ਢਾਬ ਦੀ ਮਿੱਟੀ ਕੱਢੀ ਤਾਂ ਗਈ, ਪਰ ਨਾ ਬਰਾਬਰ।

ਸੁਖਵੰਤ ਨੇ ਕਿਹਾ, "ਚਾਚਾ, ਤੇਰੇ ਬਿਨਾਂ ਜੇ ਢਾਬ ਪੱਟੀ ਵੀ, ਤਾਂ ਵੀ ਨਾ ਹੋਇਆਂ ਵਰਗੀ। ਤੂੰ ਹੀ ਹਿੰਮਤ ਕਰੇਂ ਤਾਂ ਗੱਲ ਬਣੇ।"

ਤੇ ਫੱਤੂ ਨੇ ਢਾਬ ਪੁੱਟਣ ਦਾ ਹੋਕਾ ਦੇ ਦਿੱਤਾ। ਅਗਲੇ ਦਿਨ ਲੋਕ ਕਹੀਆਂ ਲੈ ਕੇ ਜਾ ਜੁਟੇ। ਫੱਤੂ ਢੋਲ ਵਜਾਉਂਦਾ ਹੋਇਆ, ਕਦੀ ਢਾਬ ਪੁੱਟਦਿਆਂ ਨੂੰ ਹੱਲਾਸ਼ੇਰੀ ਦਿੰਦਾ ਤੇ ਕਦੀ ਪਿੰਡ ਵਿਚ ਗੇੜਾ ਦੇ ਕੇ ਹੋਰ-ਹੋਰ ਲੋਕਾਂ ਨੂੰ ਘਰਾਂ ਵਿਚੋਂ ਕੱਢਦਾ ਤੇ ਬੁੜ੍ਹੀਆਂ ਨੂੰ ਗੁੜ-ਚਾਹ ਤੇ ਦੁੱਧ ਭੇਜਣ ਲਈ ਆਖਦਾ।

ਤਿੰਨ ਦਿਨਾਂ ਵਿਚ ਲੋਕਾਂ ਨੇ ਭੂਤਾਂ ਵਾਂਗ ਲੱਗ ਕੇ ਸਾਰੀ ਢਾਬ ਪੁੱਟ ਸੁੱਟੀ ਅਤੇ ਫੱਤੂ ਨੇ ਢੋਲ ਗਲੋਂ ਲਾਹਿਆ।

ਕੱਲ੍ਹ ਤੋਂ ਉਹ ਸੁਖਵੰਤ ਦੇ ਤਾਏ ਦੇ ਘਰ ਵਿਆਹ ਵਿਚ ਊਰੀ ਵਾਂਗ ਘੁੰਮਦਾ ਫਿਰਦਾ ਸੀ। ਇਸ ਵਿਆਹ ਵਿਚ ਲਿਖਾ-ਪੜ੍ਹੀ ਵਾਲਾ, ਗਿਣਤੀ-ਮਿਣਤੀ ਵਾਲਾ ਸਾਰਾ ਕੰਮ ਸੁਖਵੰਤ ਜ਼ਿੰਮੇ ਲੱਗਿਆ ਹੋਇਆ ਸੀ। ਕੱਲ੍ਹ ਮੰਜੇ-ਬਿਸਤਰੇ ਇਕੱਠੇ ਕੀਤੇ ਸਨ। ਫੱਤੂ ਦੋ ਲਾਗੀਆਂ ਨੂੰ ਨਾਲ ਲੈ ਕੇ ਸੱਤ-ਅੱਠ ਘਰ ਪੁੱਛ ਜਾਂਦਾ ਅਤੇ ਵਾਪਸ ਆ ਕੇ ਇਕੱਲੇ-ਇਕੱਲੇ ਮੰਜੇ ਬਿਸਤਰੇ ਉੱਤੇ ਸੁਖਵੰਤ ਤੋਂ ਮਾਲਕ ਦੇ ਨਾਂਅ ਵਾਲੀਆਂ ਪਰਚੀਆਂ ਲੁਆ ਦਿੰਦਾ। ਅੱਜ ਪਿਛਲੇ ਪਹਿਰ ਨਿਉਂਦਾ ਪੈਣਾ ਸੀ ਅਤੇ ਸੁਖਵੰਤ ਨੇ ਤਾਏ ਦੀ ਵਹੀ ਫਰੋਲ ਕੇ ਜਿਨ੍ਹਾਂ ਘਰਾਂ ਨਾਲ ਉਹਨਾਂ ਦਾ ਨਿਉਂਦੇ-ਸਲਾਮੀ ਦਾ ਲੈਣ-ਦੇਣ ਸੀ, ਉਹਨਾਂ ਘਰਾਂ ਦੀ ਸੂਚੀ ਕਾਪੀ ਉੱਤੇ ਬਣਾ ਲਈ ਸੀ।

ਫੱਤੂ ਨੇ ਸੁਖਵੰਤ ਨੂੰ ਕਿਹਾ ਕਿ ਉਹ ਉਹਨੂੰ ਇਕ ਪਾਸੇ ਦੇ ਪੰਦਰਾਂ-ਵੀਹ ਘਰ ਗਿਣਾ ਦੇਵੇ। ਫੇਰ ਉਹ ਦੂਜੇ ਪਾਸੇ ਘਰਾਂ ਦੇ ਨਾਂਅ ਪੁੱਛ ਕੇ ਉੱਧਰ ਚਲਿਆ ਜਾਵੇਗਾ।

ਸੁੱਖਵੰਤ ਨੇ ਫੱਤੂ ਨੂੰ ਇੱਕੋ ਪਾਸੇ ਦੇ ਅਠਾਰਾਂ ਘਰ ਗਿਣਾ ਦਿੱਤੇ। ਉਹਨੇ ਇਕ ਵਾਰ ਉਹਨਾਂ ਸਾਰੇ ਘਰਾਂ ਦਾ ਨਕਸ਼ਾ ਦਿਮਾਗ ਵਿਚ ਬਣਾਇਆ। ਫੇਰ ਆਪਣੀ ਤਰਤੀਬ ਅਨੁਸਾਰ ਉਹਨੇ ਅਠਾਰਾਂ ਦੇ ਅਠਾਰਾਂ ਘਰ ਸੁਖਵੰਤ ਸਾਹਮਣੇ ਗਿਣੇ--ਚਾਰੇ ਘਰ ਦਫ਼ੇਦਾਰਾਂ ਦੇ, ਤਿੰਨੇ ਘਰ ਸਰਪੰਚ ਕੇ, ਤਿੰਨੇ ਘਰ ਨੰਗ-ਪੈਰਿਆਂ ਦੇ, ਦੋਵੇਂ ਘਰ ਚਿੜੀਮਾਰਾਂ ਦੇ, ਸੁਰਜਨ ਕਾ, ਗੋਧੇ ਕਾ, ਮੱਖਣ ਸਿਉਂ ਕਾ , ਦਰਬਾਰਾ ਸਿਉਂ ਕਾ, ਦਿਆਲੇ ਕਾ, ਸੁਰਤੇ ਕਾ। ਤੇ, ਉਹ ਖੱਬੇ ਮੋਢੇ ਉੱਤੇ ਪਰਨਾ ਠੀਕ ਕਰਦਿਆਂ, ਨਿੰਮ ਨਾਲ ਖੜ੍ਹੀ ਕੀਤੀ ਹੋਈ ਸੋਟੀ ਚੁੱਕ ਕੇ ਤਿੱਖੀ ਤੋਰ ਤੁਰ ਗਿਆ।

ਸੁਖਵੰਤ ਫੱਤੂ ਦੇ ਤੇ ਮਰਾਸੀ ਜਾਤ ਦੇ ਚੇਤੇ ਬਾਰੇ ਸੋਚਦਾ ਨਿੰਮ ਹੇਠ ਖੁੰਢ ਉੱਤੇ ਬੈਠ ਗਿਆ।

ਪਾਕਿਸਤਾਨ ਬਣਨ ਤੋਂ ਪਹਿਲਾਂ ਖੁਸ਼ੀ-ਗਮੀ ਦੇ, ਵਿਆਹ-ਸੋਗ ਦੇ ਹਰ ਮੌਕੇ ਉੱਤੇ ਪਿੰਡਾਂ ਵਿਚ ਮਰਾਸੀ ਹਾਜ਼ਰ ਹੁੰਦੇ। ਇਕ ਵਾਰ ਗੱਲ ਸਮਝਾ ਦਿਉ, ਘਰ ਗਿਣਾ ਦਿਉ, ਬੰਦੇ ਦੱਸ ਦਿਉ, ਕੀ ਮਜ਼ਾਲ ਇੱਕ ਵੀ ਉਕਾਈ ਹੋ ਜਾਵੇ। ਨਾ ਕੰਮ ਤੋਂ ਟਲਣਾ, ਨਾ ਅੱਕਣਾ, ਨਾ ਥੱਕਣਾ।

ਕਈ ਦਿਨ ਹੋਏ ਸੁਖਵੰਤ ਗੁਰਦੁਆਰੇ ਅਖ਼ਬਾਰ ਪੜ੍ਹਨ ਗਿਆ ਸੀ ਤਾਂ ਭਾਈ ਜੀ ਵੀ ਫੱਤੂ ਨੂੰ ਕਹਿ ਰਿਹਾ ਸੀ, "ਮਰਦਾਨੇ-ਕਿਆ, ਤੇਰੇ ਬਿਨਾਂ ਬੜੀ ਔਖ ਕੱਟੀ , ਆਪਣੇ ਪਿੰਡ ਦੇ ਤਾਂ ਕੀਰਤਨੀਏ ਸਿੰਘ ਹੀ ਕੱਠੇ ਕਰਨੇ, ਕਿਸੇ ਯੋਧੇ ਦਾ ਕੰਮ ਐ। ਤੇਰੇ ਮਗਰੋਂ ਚੌਕੀਦਾਰ ਨੂੰ ਕਹੀਂਦਾ ਸੀ, ਤਾਂ ਜਿਵੇਂ ਸੱਪ ਲੜ ਜਾਂਦਾ ਸੀ, ਉਹਦੇ। ਹਰ ਵਾਰ ਇਹੋ ਕਹਿੰਦਾ......... ਭਾਈ ਜੀ ਇਕ ਕੀਰਤਨੀਆ ਸਿੱਖ ਪਿੰਡ ਦੇ ਇਕ ਸਿਰੇ , ਦੂਜਾ ਦੂਜੇ ਸਿਰੇ , ਤੀਜਾ ਤੀਜੇ ਸਿਰ; ਮੇਰੇ ਤਾਂ ਗੋਡੇ ਰਹਿ ਜਾਂਦੇ ਐ।"

ਤੇ ਫੱਤੂ ਸੰਤਾਲੀ ਤੋਂ ਪਹਿਲਾਂ ਵਾਂਗ ਹੀ ਜਿਸ ਦਿਨ ਕਿਸੇ ਦੇ ਆਸਾ ਦੀ ਵਾਰ ਦਾ ਕੀਰਤਨ ਹੋਣਾ ਹੁੰਦਾ, ਸਵੇਰੇ ਕੁੱਕੜ ਦੀ ਪਹਿਲੀ ਬਾਂਗ ਨਾਲ ਉਠਦਾ, ਉਹ ਸਾਰੇ ਕੀਰਤਨੀਆਂ ਨੂੰ ਘਰ-ਘਰ ਜਾ ਕੇ ਕੱਢਦਾ ਤੇ ਫੇਰ ਵਾਜਾ ਵਜਾਉਣ ਵਾਲੇ ਨੇਤਰ-ਹੀਣ ਨੰਦ ਸਿੰਘ ਨੂੰ ਡੋਲਿਉਂ ਫੜ ਕੇ ਆਪ ਕੀਰਤਨ ਵਾਲੇ ਘਰ ਜਾ ਪੁੱਜਦਾ।

ਫੱਤੂ ਉਹਨੀਂ ਅਠਾਰੀ ਘਰੀਂ ਆਖ ਕੇ ਮੁੜਿਆ, ਤਾਂ ਰਾਹ ਵਿਚ ਸੰਤੇ ਨਾਈ ਦੇ ਦਰਵਾਜ਼ੇ ਵਿਚ ਪੇਕੀਂ ਮਿਲਣ ਆਈ ਉਹਦੀ ਭੈਣ ਹਰ ਕੌਰ ਬੈਠੀ ਸੀ। ਹੋਰ ਟੱਬਰ ਅੰਦਰ ਸੀ। ਸੁੱਖ-ਸਾਂਦ ਪੁੱਛ ਕੇ ਫੱਤੂ ਹਰ ਕੌਰ ਦੇ ਮੰਜੇ ਕੋਲ ਭੁੰਜੇ ਬੈਠ ਗਿਆ। ਉਹ ਬੀਤੇ ਸਮੇਂ ਦੀ ਉਸ ਸੁਆਹ ਨੂੰ ਫਰੋਲਦੇ ਰਹੇ, ਜਿਹੜੀ ਕਦੀ ਲਟ-ਲਟ ਬਲਦੀ ਅੱਗ ਸੀ ਅਤੇ ਹੁਣ ਸਮੇਂ ਦੀਆਂ ਸੱਟਾਂ ਨਾਲ, ਉਮਰ ਦੇ ਬੀਤਣ ਨਾਲ ਬੁੱਝਿਆਂ ਵਰਗੀ ਹੋਈ ਪਈ ਸੀ। ਉੱਠਣ ਲੱਗਿਆਂ ਫੱਤੂ ਆਪਣੇ ਕਮੀਜ਼ ਦੀ ਬਾਂਹ ਚਾੜ੍ਹਦਿਆਂ ਬੋਲਿਆ, "ਹੁਣ ਤਾਂ ਹਰ ਕੁਰੇ ਧੌਲੇ ਵੀ ਆ ਗਏ। ਇਕ ਵਾਰੀ ਏਧਰ ਸਭ ਕੁਛ ਛੱਡਿਆ, ਦੂਜੀ ਵਾਰੀਂ ਓਧਰ ਸਭ ਕੁਛ ਛੱਡਿਆ, ਪਰ ਗੁਰੂਸਰ ਦੇ ਮੇਲੇ ਤੋਂ ਲਿਆਂਦਾ ਤੇਰਾ ਚਾਂਦੀ ਦਾ ਤਵੀਤ ਅਜੇ ਵੀ ਮੇਰੇ ਡੌਲੇ ਨਾਲ ਬੰਨ੍ਹਿਆਂ ਹੋਇਐ।"

ਇਹਤੋਂ ਅੱਗੇ ਉਹਨਾਂ ਦੇ ਕਰਨ ਵਾਲੀ ਕੋਈ ਗੱਲ ਨਹੀਂ ਸੀ ਰਹੀ ਅਤੇ ਉਥੋਂ ਉੱਠ ਕੇ ਬੜੇ ਕਾਹਲੇ-ਕਾਹਲੇ ਪੈਰੀਂ ਸੁੱਖਵੰਤ ਦੇ ਘਰ ਵੱਲ ਤੁਰ ਪਿਆ ।

ਅੱਲਾ-ਸ਼ੇਰ ਆਖ ਕੇ ਫੱਤੂ ਸੁਖਵੰਤ ਦੇ ਸਾਹਮਣੇ ਖਲੋ ਗਿਆ, "ਲੈ ਪੁਭਾ, ਉਹਨੀਂ ਅਠਾਰੀਂ ਘਰੀਂ ਹੋ ਆਇਆਂ। ਕਾਪੀ ਖੋਲ੍ਹ ਕੇ ਮਿਲਾ ਲੈ, ਕਿਸੇ ਹੋਰ ਦੇ ਹੀ ਨਾ ਕਹਿ ਆਇਆਂ ਹੋਵਾਂ।" ਤੇ ਉਹਨੇ ਫੇਰ ਫ਼ਟਾ-ਫ਼ਟ ਘਰ ਗਿਣਾਉਣੇ ਸ਼ੁਰੂ ਕਰ ਦਿੱਤੇ, "ਚਾਰੇ ਘਰ ਦਫ਼ੇਦਾਰਾਂ ਦੇ, ਤਿੰਨੇ ਘਰ ਸਰਪੰਚ ਕੇ, ਤਿੰਨੇ ਘਰ ਨੰਗ-ਪੈਰਿਆਂ

ਦੇ, ਦੋਵੇਂ ਘਰ ਚਿੜੀਮਾਰਾਂ ਦੇ, ਸੁਰਜਨ ਕਾ......... "

"ਬੱਸ-ਬੱਸ, ਠੀਕ ਐ ਚਾਚਾ ਭਲਾ ਤੂੰ ਭੁੱਲ ਕੇ ਹੋਰ ਕਿਸੇ ਘਰ ਆਖ ਦੇਵੇਂ!" ਸੁਖਵੰਤ ਬੋਲਿਆ, "ਚਾਹ ਹੁੰਦੀ ਐ, ਦੂਜੇ ਪਾਸੇ ਪੀ ਕੇ ਹੀ ਜਾਈਂ।"

ਫੱਤੂ ਉਹਦੇ ਸਾਹਮਣੇ ਧਰਤੀ ਉੱਤੇ ਹੀ ਪੈਰਾਂ ਭਾਰ ਬੈਠ ਗਿਆ। ਸੁਖਵੰਤ ਫੱਤੂ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ। ਜਦੋਂ ਤੋਂ ਫੱਤੂ ਪਾਕਿਸਤਾਨੋਂ ਮੁੜਿਆ ਸੀ ਤੇ ਯੂਸਫ ਨਾਲ ਇਕ ਦੋ ਵਾਰ ਸੁਖਵੰਤ ਦੀਆਂ ਗੱਲਾਂ ਹੋਈਆਂ ਸਨ, ਇਕ ਸਵਾਲ ਉਹਦੇ ਮਨ ਵਿਚ ਅਟਕਿਆ ਹੋਇਆ ਸੀ। ਯੂਸਫ਼ ਕੋਲੋਂ ਉਹਦੇ ਇਸ ਸਵਾਲ ਦਾ ਕੋਈ ਜਵਾਬ ਨਹੀਂ ਸੀ ਮਿਲਿਆ। ਉਹ ਤਾਂ ਸਾਰਾ ਟੱਬਰ ਫੱਤੂ ਪਿੱਛੇ ਲੱਗਦੇ ਸਨ। ਜਿਵੇਂ ਉਹਨੇ ਕਿਹਾ, ਉਹਨਾਂ ਨੇ ਕੀਤਾ।

ਯੂਸਫ਼ ਦੇ ਦੱਸਣ ਅਨੁਸਾਰ ਉਹਨਾਂ ਨੂੰ ਕੁਝ ਚਿਰ ਭਟਕ ਕੇ ਪਾਕਿਸਤਾਨ ਵਿਚ ਇਕ ਵਾਹਵਾ ਸਿਰ ਢਕਣ ਜੋਗਾ ਘਰ ਮਿਲ ਗਿਆ ਸੀ, ਜਿਸ ਵਿਚ ਅਜੇ ਨਿੱਕਾ-ਮੋਟਾ ਸਮਾਨ ਵੀ ਪਿਆ ਸੀ। ਤੇ ਉਹਨਾਂ ਨੇ ਆਪਣੀ ਹਿੰਮਤ ਨਾਲ ਕਮਾਈ ਕਰ ਕੇ ਰੋਟੀ ਖਾਣੀ ਸ਼ੁਰੂ ਕਰ ਦਿੱਤੀ ਸੀ। ਫੇਰ ਇਹ ਕਿਵੇਂ ਹੋਇਆ ਕਿ ਫੱਤੂ ਏਨੇਂ ਸਾਲਾਂ ਪਿੱਛੋਂ ਪਰਤ ਕੇ ਇੱਧਰ ਆ ਗਿਆ?

ਗੱਲਾਂ ਵਿਚ ਲੱਗੇ ਫੱਤੂ ਨੂੰ ਉਹਨੇ ਇਹ ਸਵਾਲ ਵੀ ਕਰ ਦਿੱਤਾ, "ਚਾਚਾ, ਤੂੰ ਉਥੇ ਵਾਹਵਾ ਗੁਜ਼ਾਰੇ ਜੋਗਾ ਕੰਮ ਤੋਰ ਲਿਆ ਸੀ, ਫੇਰ ਤੈਨੂੰ ਏਥੇ ਆਉਣ ਦੀ ਕੀ ਸੁੱਝੀ?"

"ਪ੍ਰਭਾ, ਆਬਦੇ ਪ੍ਰਭ ਆਬਦੇ ਈ ਹੰਦੇ ਐ।" ਉਹ, ਉਹਦੀਆਂ ਅੱਖਾਂ ਵਿਚ ਡੂੰਘਾ ਝਾਕਿਆ।

"ਚਾਚਾ, ਪੁਰਾਣੀਆਂ ਗੱਲਾਂ ਯਾਦ ਕਰਕੇ ਦੁਖੀ ਨਾ ਹੋਈਂ, ਪਰ ਜਿਨ੍ਹਾਂ ਨੇ ਤੇਰਾ ਬਸ਼ੀਰਾ ਵੱਢ ਸੁੱਟਿਆ, ਤੇਰੀ ਨਿਆਮਤ ਨੂੰ ਪਤਾ ਨਹੀਂ ਕਿੱਥੇ ਖਪਾ ਦਿੱਤਾ, ਉਹ ਤੇਰੇ ਆਬਦੇ ਪ੍ਰਭ ਕਿਵੇਂ ਹੋਏ?", ਸੁਖਵੰਤ ਉਹਦੇ ਨਾਲ ਵਾਪਰੀ ਚੇਤੇ ਕਰਕੇ ਭਾਵੁਕ ਹੋ ਗਿਆ।

ਫੱਤੂ ਇਕ ਦਮ ਉਦਾਸ ਹੋ ਗਿਆ। ਉਹਦੀਆਂ ਅੱਖਾਂ ਵਹਿ ਤੁਰੀਆਂ ਉਹ ਜਿਵੇਂ ਪੈਰਾਂ ਭਾਰ ਬੈਠਾ ਨਾ ਰਹਿ ਸਕਿਆ ਅਤੇ ਉਹਨੇ ਭੁੰਜੇ ਚੌਕੜੀ ਮਾਰ ਲਈ। ਦੋ ਮਿੰਟ ਉਹ ਚੁੱਪ ਬੈਠਾ ਮਿੱਟੀ ਫਰੋਲਦਾ ਰਿਹਾ, ਜਿਵੇਂ ਸੰਘ ਵਿੱਚੋਂ ਕੁਝ ਹੇਠਾਂ ਉਤਾਰ ਰਿਹਾ ਹੋਵੇ ਜਾਂ ਏਸ ਮਿੱਟੀ ਵਿਚ ਗਵਾਚੇ ਬਸ਼ੀਰੇ ਤੇ ਨਿਆਮਤ ਦੇ ਨਕਸ਼ ਲੱਭ ਰਿਹਾ ਹੋਵੇ। ਫੇਰ ਮੋਢੇ ਉੱਤੇ ਰੱਖੇ ਪਰਨੇ ਦੇ ਲੜ ਨਾਲ ਅੱਖਾਂ ਪੂੰਝ ਕੇ ਸੰਭਲਦਿਆਂ ਉਹ ਬੋਲਿਆ, "ਉਹ ਤਾਂ ਪ੍ਰਭਾ ਇਕ ਹਨ੍ਹੇਰੀ ਸੀ, ਕਾਲੀ-ਬੋਲੀ ਹਨ੍ਹੇਰੀ। ਸਭ ਦੀ ਮੱਤ ਮਾਰੀ ਗਈ ਸੀ, ਕਿਸੇ ਦਾ ਕੀ ਦੋਸ਼। ਉਹ ਤਾਂ ਅੱਲਾ ਦਾ ਹੀ ਕੋਈ ਕਹਿਰ ਸੀ। ਹਨ੍ਹੇਰੀ ਆਈ ਤੇ ਲੰਘ ਗਈ; ਹੁਣ ਯਾਦ ਕੀਤਿਆਂ ਕੀ ਫ਼ਾਇਦਾ?"

ਉਹਦੇ ਜਵਾਬ ਨਾਲ ਸੁਖਵੰਤ ਦੀ ਤਸੱਲੀ ਨਾ ਹੋਈ, "ਨਹੀਂ ਚਾਚਾ, ਮੰਨ ਚਾਹੇ ਨਾ, ਪਾਕਿਸਤਾਨ ਵਿਚ ਜ਼ਰੂਰ ਔਖਾ ਰਿਹਾ ਹੋਵੇਂਗਾ। ਸੁਣਿਐ, ਉੱਥੋਂ ਦੇ ਲੋਕਾਂ ਦੀ ਹਾਲਤ ਏਧਰ ਨਾਲੋਂ ਵੀ ਮੰਦੀ ਐ?"

"ਹਾਲ-ਹੂਲ ਤਾਂ, ਪ੍ਰਭਾ ਸਾਰੇ ਹੀ ਇਹੋ ਜਿਐ। ਦਿਨ ਲੰਘੀ ਈ ਜਾਂਦੇ ਸੀ", ਉਹਨੇ ਡੱਕੇ ਨਾਲ ਪੁੱਟੀ ਮਿੱਟੀ ਵਿਚ ਉਂਗਲਾਂ ਫੇਰਦਿਆਂ ਆਖਿਆ।

"ਪਰ ਫੇਰ ਤੈਨੂੰ ਕੀ ਆਫ਼ਤ ਪਈ ਸੀ। ਇਕ ਵਾਰ ਤਾਂ ਏਥੇ ਵਸਦਾ-ਰਸਦਾ ਘਰ 'ਡਾਢਿਆਂ' ਦੇ ਪਾਕਿਸਤਾਨ ਬਣਾਉਣ ਉੱਤੇ ਛੱਡ ਗਿਆ ਸੀ। ਹੁਣ ਦੂਜੀ ਵਾਰ ਆਬਦਾ ਪਾਕਿਸਤਾਨ ਆਪੇ ਬਣਾ ਕੇ ਘਰ ਘਾਟ ਛੱਡ ਆਇਆ?"

ਫੱਤੂ ਨੀਵੀਂ ਪਾ ਕੇ ਚੁੱਪ ਕਰ ਗਿਆ। ਸੁਖਵੰਤ ਉਸ ਵੱਲ ਵੇਖਦਾ ਰਿਹਾ, ਪਰ ਬੋਲਿਆ ਕੁਝ ਨਾ। ਛੇਕੜ ਫੱਤੂ ਨੇ ਆਪਣੀਆਂ ਤਿੱਖੀਆਂ, ਭਖ਼ਦੀਆਂ, ਅੱਖਾਂ ਉਹਦੀਆਂ ਅੱਖਾਂ ਵਿਚ ਪਾਈਆਂ ਅਤੇ ਬੋਲਿਆ, "ਪ੍ਰਭਾ, ਉਹ ਘਰ-ਘਾਟ ਮੇਰਾ ਕਾਹਦਾ ਸੀ? ਹਿੰਦੁਸਤਾਨੀ, ਸਾਨੂੰ ਰਹਿਣ ਨਹੀ ਸੀ ਦਿੱਤਾ ਗਿਆ, ਪਾਕਿਸਤਾਨੀ, ਸਾਨੂੰ ਸਮਝਦਾ ਕੋਈ ਨਹੀਂ ਸੀ। ਅਸੀਂ ਤਾਂ 'ਮੁਹਾਜਿਰ' ਸੀ, 'ਰਫਿਊਜੀ' ਵਿਚਾਰੇ!"

ਤੇ ਫੇਰ ਉਹਨੇ ਇਕ ਦਮ ਆਪਣੇ ਸਾਹਮਣਿਉਂ ਮਿੱਟੀ ਦੀ ਮੁੱਠ ਚੁੱਕ ਕੇ ਅੱਖਾਂ ਮੀਟਦਿਆਂ ਮੱਥੇ ਨੂੰ ਲਾਈ, "ਪ੍ਰਭਾ, ਮੈਨੂੰ ਇਹਦੀ ਖਿੱਚ ਨੇ ਮਾਰਿਆ। ਉਥੇ ਇਹ ਨ੍ਹੀਂ ਸੀ!"

ਯ ਯ ਯ ਯ ਯ

---

ਪੰਜਾਬ! ਕਰਾਂ ਕੀ ਸਿਫ਼ਤ ਤਿਰੀ, ਸ਼ਾਨਾਂ ਦੇ ਸਭ ਸਾਮਾਨ ਤਿਰੇ।
ਜਲ-ਪੌਣ ਤਿਰਾ, ਹਰਿਔਲ ਤਿਰੀ, ਦਰਿਆ, ਪਰਬਤ, ਮੈਦਾਨ ਤਿਰੇ।.........
ਬਾਬਾ ਨਾਨਕ, ਬਾਬਾ ਫਰੀਦ, ਆਪਣੀ ਛਾਤੀ ਤੇ ਪਾਲੇ ਤੂੰ।
ਦੁਨੀਆਂ ਨੂੰ ਚਾਨਣ ਦੇਣ ਲਈ, ਕਈ ਰੋਸ਼ਨ ਦੀਵੇ ਬਾਲੇ ਤੂੰ।..........
ਝੱਖੜ ਬੇਅੰਤ ਤੇਰੇ ਸਿਰ ਤੇ, ਆ ਆ ਕੇ ਮਿਟ ਮਿਟ ਜਾਂਦੇ ਰਹੇ।
ਫ਼ਰਜ਼ੰਦ ਤਿਰੇ, ਚੜ੍ਹ ਚੜ੍ਹ ਚਰਖੀਂ, ਆਕਾਸ਼ ਤੇਰਾ ਚਮਕਾਂਦੇ ਰਹੇ।..........
ਵੱਸੇ ਰੱਸੇ, ਘਰ ਬਾਰ ਤਿਰਾ, ਜੀਵੇ ਜਾਗੇ ਪਰਵਾਰ ਤਿਰਾ।
ਮਸਜਿਦ, ਮੰਦਿਰ, ਦਰਬਾਰ ਤਿਰਾ, ਮੀਆਂ, ਲਾਲਾ, ਸਰਦਾਰ ਤਿਰਾ।

-ਧਨੀ ਰਾਮ ਚਾਤ੍ਰਿਕ-

31

# ਸੜ੍ਹਦੇ ਜ਼ਖ਼ਮ

## ਜਸਵੰਤ ਸਿੰਘ ਕੰਵਲ

ਪਿਆਰੀ ਭੈਣ

ਗੁਰਮੀਤ ਸਹੇਲੀ!

ਦੁੱਖ ਹੈ ਕਿ ਹਿੱਕ ਪਾਟਦੀ ਨਹੀਂ, ਜ਼ਿੰਦਗੀ ਮੌਤ ਦੀ ਉਡੀਕ ਵਿਚ ਵਿਆਕੁਲ। ਜ਼ਖ਼ਮ ਹੋਰ ਡੂੰਘੇ ਹੋ ਰਹੇ ਹਨ, ਰਾਤ ਵਧਦੀ ਜਾ ਰਹੀ ਹੈ। ਸਾਡਾ ਜੀਵਨ ਦਾ ਅਹਿਸਾਸ ਵੀ ਚੱਟ ਗਿਆ ਹੈ।

ਸਮਾਂ ਤੇ ਕੁਦਰਤ ਰਲ ਕੇ ਹੋਣੀਆਂ ਵਰਤਾਂਦੇ ਹਨ, ਜਾਂ ਮੁਖੀ ਸਰਦਾਰ ਆਪਣੀਆਂ ਗਰਜਾਂ ਪੂਰਨ ਲਈ? ਕਾਲੇ ਤੇ ਗੋਰੇ ਪਾਲਿਟੀਸ਼ਨਾਂ ਨੇ ਰਲ ਕੇ ਪੰਜਾਬ ਦੀ ਚਟਾਨ ਵਰਗੀ ਹੈਸੀਅਤ ਨੂੰ ਪੁੜਾਂ ਵਿਚ ਚੀਰ ਦਿੱਤਾ ਅਤੇ ਮਾਸੂਮ ਜਨ ਜ਼ਿੰਦਗੀ ਨੂੰ ਅਨਾਜ ਦੇ ਕਮਜ਼ੋਰ ਦਾਣਿਆਂ ਵਾਂਗ ਬੇ-ਦਰਦੀ ਨਾਲ ਪੀਹ ਸੁੱਟਿਆ। ਇਕ ਪਾਲਿਟੀਸ਼ਨ ਚਾਹੇ ਕਿਸੇ ਵੀ ਇਜ਼ਮ ਦਾ ਕਾਇਲ ਹੋਵੇ, ਆਪਣਾ ਇਰਾਦਾ ਮਨੁੱਖਤਾ ਤੇ ਠੋਸਣ ਲਈ ਗਿੱਦੜ ਤੋਂ ਬਘਿਆੜ ਬਣ ਜਾਂਦਾ ਹੈ

ਮੈਂ ਆਪਣਾ ਰੋਣਾ ਚਿੱਠੀ ਦੇ ਮੁੱਢ ਵਿਚ ਹੀ ਸ਼ੁਰੂ ਕਰ ਦਿੱਤਾ। ਪਰ ਗੁਰਮੀਤ, ਮੇਰੇ ਕੋਲ ਰੋਣ ਤੋਂ ਬਿਨਾਂ ਹੈ ਹੀ ਕੁਝ ਨਹੀਂ, ਸਗੋਂ ਵਾਹਿਗੁਰੂ ਦਾ ਲੱਖ ਸ਼ੁਕਰ ਕਰਦੀ ਹਾਂ, ਜਿਸ ਅੱਜ ਚਿੱਠੀ ਲਿਖਣ ਦਾ ਮੌਕਾ ਦਿੱਤਾ ਹੈ। ਭਲਾ ਹੋਵੇ, ਵਿਚਾਰੀ ਰਹਿਮੋ ਦਾ, ਜਿਸ ਕਾਗਜ਼, ਕਲਮ-ਦਵਾਤ ਅਤੇ ਲਿਫਾਫੇ ਦਾ ਬੰਦੋਬਸਤ ਕੀਤਾ ਏ। ਉਸ ਕੁਰਾਨ ਦੀ ਕਸਮ ਖਾਧੀ ਏ ਕਿ ਲੈਟਰ ਬਕਸ ਵਿਚ ਵੀ ਪਾ ਆਵਾਂਗੀ।

ਰਹਿਮੋ, ਅੰਮ੍ਰਿਤਸਰ ਦੇ ਸਰਹਾਲੀ ਪਿੰਡ ਦੀ ਵਸਨੀਕ ਸ਼ਰਨਾਰਥਨ ਹੈ, ਜਿਸ ਵਹਿਸ਼ੀ ਮਰਦ ਦੀ ਕਤਲਾਮ ਵੇਖੀ ਹੈ। ਨਫ਼ਸ ਦੀਆਂ ਮਾਰੂ ਸੱਟਾਂ ਵਿਚ ਜਖ਼ਮੀ ਹੋਈ ਹੈ। ਉਸ 'ਤੇ ਕਿਸੇ ਨਹੀ ਤਰਸ ਖਾਧਾ। ਉਸ ਦਾ ਆਪਣਾ ਦਿਲ ਈ ਦੁਰਦਸ਼ਾ ਤੇ ਰੋਇਆ ਤੇ ਪਸੀਜਿਆ। ਦੈਂਤਾਂ ਦੀ ਅੰਨ੍ਹੀ ਕਤਲਾਮ ਨੇ ਔਰਤ ਨੂੰ ਔਰਤ ਦਾ ਹਮਦਰਦ ਬਣਾ ਦਿੱਤਾ। ਰਹਿਮੋ ਜਾਣਦੀ ਹੈ, ਕਿ ਇਕ ਮਜ਼ਬੂਰ ਅਬਲਾ ਹਮਦਰਦੀ ਦੀ ਕਿੰਨੀ ਭੁੱਖੀ ਹੁੰਦੀ ਹੈ, ਕਿਉਂ ਕਿ ਉਸ ਲਚਾਰ ਹੋਕੇ ਵੇਖ ਲਿਆ ਹੈ।

ਅੱਗੇ ਵੀ ਲਿਖਣ ਦੇ ਕਈ ਮੌਕੇ ਮਿਲੇ ਸਨ, ਪਰ ਇਕ ਲੰਮਾਂ ਸਮਾਂ ਮੈਂ ਸਹੀ ਹੋਸ਼ ਵੱਲੋਂ ਬੌਰੀ ਰਹੀ ਹਾਂ। ਮਾਰੂ ਜ਼ੁਲਮ ਦੇ ਮੂੰਹ ਜ਼ੋਰ ਵਗਦੇ ਹੜ੍ਹ ਵਿਚ ਮੇਰਾ ਦਿਮਾਗ ਬੌਂਦਲ ਗਿਆ ਸੀ, ਅਸਲੋਂ ਹੀ ਸੁੰਨ। ਉਸ ਹਾਲਤ ਵਿਚ ਤਾਂ ਮੈਨੂੰ ਆਪਣੀ ਸਹੀ ਹੋਂਦ ਦਾ ਵੀ ਗਿਆਨ ਨਹੀਂ ਸੀ। ਅੱਜ ਜ਼ਹੀਰ, ਜਿਸ ਦੀ ਮੈਂ ਮਲਕੀਅਤ ਹਾਂ, ਲਾਹੌਰ ਗਿਆ ਹੋਇਆ ਏ ਅਤੇ ਮੈਂ ਉਸ ਦੀ ਹਵੇਲੀ ਵਿਚ ਵਿਹਲੀ ਹਾਂ? ਕਾਫ਼ਰ ਹੋਣ ਦੀ ਹਸੀਅਤ ਵਿਚ ਸਤਰ ਕਿਸ ਤਰ੍ਹਾਂ ਰੱਖੀ ਜਾ ਸਕਦੀ ਹਾਂ? ਅਸਲ ਵਿਚ ਮੈਂ ਹਵਸ ਦੀ ਭੱਠੀ ਦਾ ਬਾਲਣ ਹਾਂ, ਜਿਸ ਸ਼ਰਾਫਤ ਦੀਆਂ ਅੱਖਾਂ ਤੋਂ ਉਹਲੇ ਸ਼ਰੀਫ਼ਾਂ ਲਈ ਹੀ ਬਲਣਾ ਹੈ। ਜ਼ਹੀਰ ਭਾਰੀ ਜਾਇਦਾਦ ਦਾ ਮਾਲਕ ਹੈ। ਰਹਿਮੋ ਦਾ ਪਿਤਾ ਵੀ ਏਥੇ ਆ ਕੇ ਉਸ ਦਾ ਰਾਹਕ ਬਣ ਗਿਆ ਹੈ।

ਮੈਂ ਇਸ ਹਵੇਲੀ ਦੇ ਬੰਧਨ ਵਿਚ ਆਜ਼ਾਦ ਹਾਂ, ਬਾਹਰ ਨਹੀਂ ਜਾ ਸਕਦੀ। ਹੰਝੂ ਵਹਾਣ ਦੀ ਮੈਨੂੰ ਖੁੱਲ੍ਹ ਹੈ, ਪਰ ਰੋ ਨਹੀਂ ਸਕਦੀ। ਸਿਸਕੀਆਂ ਵਿਚ ਰਿਝਣਾਂ ਹੀ ਜ਼ਿੰਦਗੀ ਹੈ। ਜ਼ਹੀਰ ਮੀਆਂ ਕਾਫ਼ੀ ਆਜ਼ਾਦ ਖਿਆਲ ਹਨ। ਜਦ ਕਦੀ ਸ਼ਰਾਬੀ ਹੁੰਦੇ ਹਨ, ਤਦ ਗਾਉਣ ਲਈ ਕਹਿ ਦੇਂਦੇ ਹਨ। ਪਰ ਮੇਰੇ ਹਿੰਦੁਸਤਾਨ ਜਾਣ ਦੇ ਖ਼ਿਆਲ ਨਾਲ ਉਨ੍ਹਾਂ ਦੇ ਲਹੂ ਵਿਚ ਇਨਕਲਾਬ ਆ ਜਾਂਦਾ ਹੈ। ਆਖਦੇ ਹਨ-

'ਸਰਦਾਰ ਬੱਲੀ! ਕੀ ਸੱਚਮੁੱਚ ਤੂੰ ਮੇਰੇ ਲਤੀਫ਼ ਅਹਿਸਾਸ ਨੂੰ ਸੱਟ ਮਾਰ ਜਾਵੇਗੀ? ਤੂੰ ਮੇਰੀ ਆਜ਼ਾਦੀ ਏਂ ! ਪਿਆਰ ਦੀ ਰੂਹ!'

ਉਸ ਮੇਰਾ ਰਾਜਿੰਦਰ ਤੋਂ ਸਰਦਾਰ ਬੇਗਮ ਨਾਂ ਰੱਖ ਲਿਆ ਹੈ। ਨਾਂ ਬਦਲ ਦੇਣ ਨਾਲ ਮਜ਼੍ਹਬ ਬਦਲ ਜਾਣ ਦੀ ਤਸੱਲੀ ਹੋ ਜਾਂਦੀ ਹੈ। ਗੈਰ ਮਜ਼੍ਹਬੀ ਹੋਣ ਦਾ ਅਹਿਸਾਸ ਦਿਮਾਗ ਵਿਚ ਉੱਬਲਦਾ ਜ਼ਹਿਰ ਬਣਿਆ ਰਹਿੰਦਾ ਹੈ।

ਉਹ ਸੁਭਾ ਦੇ ਥੋੜੇ ਜਿੱਦੀ ਹਨ, ਪਰ ਦਿਲ ਦੇ ਨਰਮ ਤੇ ਹਮਦਰਦ ਹਨ। ਇਕ ਵਾਰ ਸਰੂਰ ਵਿਚ ਮੈਨੂੰ ਪੁੱਛਿਆ:-

'ਤੇਰਾ ਹਿੰਦੁਸਤਾਨ ਜਾਣ ਨੂੰ ਜੀ ਕਰਦਾ ਏ?'

ਇਹ ਸਵਾਲ ਬਿਲਕੁਲ ਅਜਿਹਾ ਸੀ; ਜਿਵੇਂ ਕਿਸੇ ਮਜ਼ਲੂਮ ਨੂੰ ਪੁੱਛਿਆ ਜਾਵੇ, ਪੀੜ ਹੁੰਦੀ ਹੈ!? ਇਕ ਬੱਚੇ ਨੂੰ ਪੁੱਛਣਾ ਕਿੰਨੀ ਹਮਦਰਦ ਸਾਂਝ ਹੈ ਕਿ ਤੈਨੂੰ ਮਾਂ ਯਾਦ ਆਉਂਦੀ ਹੈ?

ਵੇਦਨਾ ਵਿਚ ਗੁੰਨ੍ਹੀਆਂ ਸਾਰੀਆਂ ਯਾਦਾਂ ਨੂੰ ਹੁਣ ਭੁਲਾਣ ਦਾ ਯਤਨ ਕਰ ਰਹੀ ਹਾਂ। ਪਰ ਰੂਹ ਵਿਚ ਤਲਖੀ ਦਾ ਸੇਕ ਵਿਆਪਕ ਏ, ਜਿਹੜਾ ਕਦੇ ਨਾ ਕਦੇ ਭਾਫ਼ ਬਣ ਉੱਠਦਾ ਹੈ। ਜਿਵੇਂ ਫਨਾਹ ਹੋ ਚੁੱਕੀ ਇਸਤਰੀਅਤ ਵਿਚ ਜੀਵਨ ਦੀ ਕੋਈ ਰੌਅ ਜ਼ਿੰਦਾ ਹੁੰਦੀ ਹੈ। ਮੈਂ ਸਿੱਧੇ ਕੀਤੇ ਤੇ ਤੈਹਾਂ ਕੀਤੇ ਕਾਗਜ਼ਾਂ ਵਿਚ ਚੋਰੀ-ਛੱਪੇ ਲਿਖੀ ਡਾਇਰੀ ਵੀ ਪਾੜ ਦਿੱਤੀ ਹੈ। ਦਿਲ ਵਿਚ ਕਦੇ ਵਹਿਮ ਜਾਗ ਉੱਠਦਾ ਹੈ, ਕਿ ਇਹ ਦੁਨੀਆਂ ਸੱਚੀ ਵਹਿਸ਼ੀਆਂ ਦੀ ਨਹੀਂ। ਕਿਉਂ ਕਿ ਜ਼ਹੀਰ ਨੇ ਮੈਨੂੰ ਲਾਹੌਰੋਂ ਜਮਾਲ ਅਤੇ ਫੱਤੂ ਤਾਂਗੇ ਵਾਲਿਆਂ ਤੋਂ ਢਾਈ ਸੌ ਨੂੰ ਤਰਸ ਖਾ ਕੇ ਖਰੀਦ ਕੇ ਲਿਆਂਦਾ ਸੀ। ਢਾਈ ਸੌ ਰੁਪਿਆ ਉਦੋਂ ਹਰੇਕ ਕੁੜੀ ਦਾ ਮੁੱਲ ਨਹੀਂ ਸੀ ਪੈਂਦਾ।

ਜ਼ਹੀਰ ਹੋਰੀਂ ਆਖਦੇ ਸਨ ਕਿ ਮੇਰਾ ਐਜੂਕੇਟਿਡ ਅਤੇ ਸੁਨੱਖੀ ਹੋਣ ਕਰ ਕੇ ਹੀ ਐਨਾ ਮੁੱਲ ਪਿਆ ਸੀ। ਮੈਨੂੰ ਪਤਾ ਤੱਕ ਨਹੀਂ, ਮੇਰਾ ਕਦੋਂ ਸੌਦਾ ਹੋਇਆ ਅਤੇ ਪੰਤਾਲੀ ਚੱਕ ਕਦੋਂ ਲਿਆਂਦੀ ਗਈ। ਇਕ ਵਾਰ ਉਨ੍ਹਾਂ ਆਪਣੇ ਸੱਚੇ ਇਸ਼ਕ ਦਾ ਅਜ਼ਹਾਰ ਕਰਦਿਆਂ ਦੱਸਿਆ:

"ਮੈਨੂੰ ਤੇਰਾ ਅਗਲੇ ਦਿਨ ਹੀ ਤਿੰਨ ਸੌ ਮਿਲਦਾ ਸੀ, ਪਰ ਮੈਂ ਲਿਆ ਨਹੀਂ ਕਿਉਂ ਕਿ ਤੇਰੀ ਪਹਿਲੀ ਨਜ਼ਰ ਹੀ ਮੈਨੂੰ ਬੁਰੀ ਤਰ੍ਹਾਂ ਫ਼ਟੜ ਕਰ ਗਈ ਸੀ।"

ਮੈਂ ਕਿਸ ਤਰ੍ਹਾਂ ਮੰਨਾਂ ਕਿ ਰਾਂਝਿਆਂ ਵਿੱਚੋਂ ਇਸ਼ਕ ਤੇ ਹਮਦਰਦੀ ਖ਼ਤਮ ਹੋ ਗਈ ।

ਅੱਜ ਟੁੱਟਾ ਫੁੱਟਾ ਚੇਤਾ ਆਖਦਾ ਹੈ ਕਿ ਅਸੀਂ, ਭਾਵ ਮੈਂ, ਮੇਰਾ ਪਿਤਾ ਅਤੇ ਭਰਾ ਸਿੰਦਰ, ਰਾਮ ਗਲੀ ਵਿਚੋਂ ਤਾਂਗੇ ਤੇ ਸਟੇਸ਼ਨ ਨੂੰ ਨੱਠੇ ਜਾ ਰਹੇ ਸਾਂ, ਸਾਰਾ ਲਾਹੌਰ ਧੂੰਏਂ ਅਤੇ ਅੱਗ ਨਾਲ ਝੁਲਸਿਆ ਜਾ ਰਿਹਾ ਸੀ। ਗਲੀਆਂ ਅਤੇ ਸੜਕਾਂ ਤੇ ਮਨੁੱਖ ਦਾ ਖ਼ੂਨ ਅੱਗ ਬਣਿਆ ਪਿਆ ਸੀ। ਇਸ ਹਫੜਾ-ਦਫੜੀ ਵਿਚ ਖ਼ਿਆਲ ਆਇਆ ਕਿ ਜ਼ਿੰਦਗੀ ਸਾਰੀਆਂ ਚੀਜ਼ਾਂ ਨਾਲੋਂ ਪਿਆਰੀ ਹੈ। ਰਾਹ ਵਿਚ ਅਸਾਂ ਦੋ ਲਾਸ਼ਾਂ ਔਰਤ ਤੇ ਮਰਦ ਦੀਆਂ ਦੇਖੀਆਂ, ਜਿਨ੍ਹਾਂ ਵਿਚੋਂ ਗਰਮ ਖ਼ੂਨ ਨਿਕਲ ਕੇ ਸੜਕ ਨੂੰ ਦਾਗੀ ਕਰ ਰਿਹਾ ਸੀ। ਅਸੀਂ ਤਾਂਗੇ ਵਿਚ ਸਾਰੇ ਕੰਬਣ ਲੱਗ ਪਏ। ਇਕ ਹੋਟਲ ਵਿਚੋਂ ਨਿਕਲ ਕੇ ਉਨ੍ਹਾਂ ਸਾਨੂੰ ਘੇਰ ਲਿਆ। ਮੇਰੇ ਪਿਤਾ ਦੀ ਗਰਦਨ ਵਿਚ ਇਕ ਨੇ ਝੱਟ ਛੁਰਾ ਖੋਭ ਦਿੱਤਾ ਅਤੇ ਉਹ ਤਾਂਗੇ ਵਿਚੋਂ ਲੁੜ੍ਹਕ ਕੇ ਸੜਕ ਤੇ ਢਹਿ ਪਏ । ਦੋਹ ਨੂੰ ਮੈਂ ਸਿੰਦਰ ਪਿੱਛੇ ਸੜਕੇ-ਸੜਕ ਨੱਸੇ ਜਾਂਦਿਆਂ ਵੇਖਿਆ। ਐਨਾ ਚੇਤਾ ਹੈ ਕਿ ਮੇਰੀ ਚੀਕ ਜ਼ਰੂਰ ਨਿਕਲੀ ਸੀ। ਉਸ ਪਿੱਛੋਂ ਪਤਾ ਨਹੀਂ ਕੀ ਹੋਇਆ। ਕਈ ਦਿਨ ਮੈਂ ਫੱਤੂ ਅਤੇ ਜਮਾਲ ਦੀ ਕਰੜੀ ਕੈਦ ਵਿਚ ਰਹੀ। ਫਿਰ ਮੇਰਾ ਸੌਦਾ ਤਹਿ ਹੋ ਗਿਆ। ਹਿੰਦੋਸਤਾਨ ਨੇ ਆਜ਼ਾਦੀ ਲਈ ਬੜੀਆਂ ਕੁਰਬਾਨੀਆਂ ਦਿੱਤੀਆਂ ਸਨ। ਮੈਂ ਵੀ ਆਪਣੀ ਆਜ਼ਾਦੀ ਲਈ ਪਿਤਾ ਅਤੇ ਭਰਾ ਵਾਰ ਚੁੱਕੀ ਹਾਂ ਅਤੇ ਆਪਣਾ ਆਪ.........।

ਇਸ ਚੱਕ ਵਿਚ ਮੇਰੀਆਂ ਹੋਰ ਵੀ ਹਮ-ਮਜ਼੍ਹਬ ਦੁਖੀ ਸਾਥਣਾਂ ਹਨ। ਇਕ ਕਸ਼ਮੀਰ ਦਾ ਤੋਹਫ਼ਾ ਸੱਤਿਆ ਹੈ! ਜਿਸ ਨੂੰ ਪਹਿਲੇ ਹਮਲੇ ਵਿਚ ਹੀ ਬਾਰਾਂ ਮੂਲੇ ਤੋਂ ਘਸੀਟ ਲਿਆਂਦਾ ਸੀ। ਉਸ ਨੂੰ ਆਪਣੇ ਮਾਂ ਬਾਪ ਦਾ ਕੁਝ ਨਹੀਂ ਪਤਾ। ਮਨੁੱਖ ਦੀ ਸਾਰੀ ਸੱਤਿਆ ਹੀ ਨਿੱਸਲ ਹੈ, ਨਿਢਾਲ ਹੈ। ਇਕ ਪੋਠੋਹਾਰ ਦੇ ਦੁਬੇਰਨ ਪਿੰਡ ਦੀ ਵੀਰਾਂ ਵਾਲੀ ਹੈ, ਜਿਸ ਦੀ ਵਾਰਤਾ ਅਤਿ ਹੀ ਰੂਹ ਕੰਬਾਊ ਹੈ। ਵੀਰਾਂ ਵਾਲੀ ਇਸ ਚੱਕ ਤੱਕ ਪਹੁੰਚਦੀ ਨੌਂ ਵਾਰ ਵਿਕ ਚੁੱਕੀ ਹੈ ਅਤੇ ਹਰ ਥਾਂ ਨਫ਼ਾ ਈ ਦੇਂਦੀ ਆਈ ਹੈ। ਹੁਣ ਉਹ ਜ਼ਹੀਰ ਦੇ ਰਾਹਕ ਅਲੀਏ ਜਾਂਗਲੀ ਦੀ ਬੀਵੀ ਹੈ। ਉਸ ਇਕ ਦਿਨ ਆਪਣੇ ਭਰਉਫਣੇ ਛਾਲਿਆਂ ਨੂੰ ਫੋਂਹਦਿਆਂ ਦੱਸਿਆ, 'ਉਸ ਦੀ ਇਕ ਭੈਣ ਕੌਸ਼ੱਲਿਆ ਹੋਰ ਵੀ ਸੀ। ਪੱਚੀ ਤੀਹ ਕੁੜੀਆਂ ਵਿਚੋਂ ਉਹਨਾਂ ਦੋਹਾਂ ਨੂੰ ਅਬਦੁਲ ਖੋਜੇ ਨੇ ਛਾਂਟ ਕੇ ਕੱਢ ਲਿਆ ਸੀ। ਬਰਕਤ ਸਿੰਘ ਦੀ ਹਵੇਲੀ ਉਹਨਾਂ ਮੁਜਾਹਦਾਂ ਨੇ ਕਤਲਗਾਹ ਬਣਾ ਲਈ ਸੀ। ਜਿੱਥੇ ਬੱਚਿਆਂ ਨੂੰ ਤੇਲ ਦੇ ਕੜਾਹਿਆਂ ਵਿਚ ਤਲਿਆ। ਮਹੰਤ ਜੋਤਾ ਸਿੰਘ ਹੋਰਾਂ ਦੀਆਂ ਅੱਖਾਂ ਵਿਚ ਲਾਲ ਸੂਹੀਆਂ ਸਲਾਈਆਂ ਫੇਰੀਆਂ ਗਈਆਂ, ਇਸ ਲਈ ਕਿ ਉਹ ਸਿਦਕ ਛੱਡ ਕੇ ਅਸਲਾਮ ਨਹੀਂ ਕਬੂਲਦੇ ਸਨ। ਪੰਜ ਸੌ ਤੋਂ ਉੱਪਰ ਇਸਤਰੀਆਂ ਤੇ ਬੱਚੇ, ਬੁੱਢੇ ਅਤੇ ਜਵਾਨ ਅਨੇਕਾਂ ਤਸੀਹਿਆਂ ਨਾਲ ਕਤਲ ਕੀਤੇ ਗਏ। ਇਹ ਸਾਰੀ ਖ਼ੂਨੀ ਹੋਲੀ ਇਸ ਲਈ ਖੇਡੀ ਗਈ ਕਿ ਸਾਮਰਾਜ ਹਿੰਦੁਸਤਾਨ ਤੇ ਪਾਕਿਸਤਾਨ ਦੀਆਂ ਦੋ ਕੌਮੀਅਤਾਂ ਨੂੰ ਆਜ਼ਾਦ ਕਰ ਰਿਹਾ ਸੀ।

ਸਾਮਰਾਜ ਦੀ ਸਾਰੀ ਕਾਰਵਾਈ ਕਤਲੇ-ਏ-ਆਮ ਹਾਲੇ ਦੋਹੀ ਪਾਸੀ ਜ਼ੋਰਾਂ ਤੇ ਸੀ, ਇਕ ਦਿਨ ਜ਼ਹੀਰ ਨੇ ਅਖ਼ਬਾਰ ਦੀ ਇਕ ਖ਼ਬਰ ਵੱਲ ਧਿਆਨ ਦੁਆਇਆ।

"ਅੰਮ੍ਰਿਤਸਰ ਦੇ ਇਕ ਅਤਿ ਸਿਆਣੇ ਮੁੰਡੇ ਨੇ ਅਫੀਮ ਖਾ ਕੇ ਆਤਮਘਾਤ ਕਰ ਲਿਆ। ਇਸ ਲਈ ਕਿ ਦੁਨੀਆਂ ਪਾਗਲ ਹੋ ਗਈ ਤੇ ਵਹਿਸ਼ੀ ਹੋ ਗਈ ਸੀ। ਇਸਤਰੀਆਂ, ਬੱਚਿਆਂ ਤੇ ਬੁੱਢਿਆਂ ਨੂੰ ਤੇਗ ਦੀ ਧਾਰ ਲੰਘਾ ਕੇ ਹਲਾਕੂ ਅਤੇ ਚੰਗੇਜ਼ ਨੂੰ ਵੀ ਸ਼ਰਮਿੰਦਾ ਕਰ ਦਿੱਤਾ। ਇਹ ਨੌਜਵਾਨ 'ਰਾਇਸਟ' ਕਰਕੇ ਅੰਮ੍ਰਿਤਸਰ ਦੀ ਸਿਆਣੀ ਸੁਸਾਇਟੀ ਵਿਚ ਪ੍ਰਸਿੱਧ ਸੀ। "

ਮੈਨੂੰ ਖ਼ਬਰ ਪੜ੍ਹ ਕੇ ਅਫਸੋਸ ਹੀ ਹੋਇਆ। ਉਸ ਨੌਜਵਾਨ ਨੂੰ ਵੀ ਚਾਹੀਦਾ ਸੀ, ਉਹ ਵੀ ਕਾਤਲਾਂ ਤੇ ਲੁਟੇਰਿਆਂ ਦੀ ਧਾੜ ਵਿਚ ਸ਼ਾਮਲ ਹੋ ਜਾਂਦਾ। ਰੱਜ ਕੇ ਲੁੱਟਮਾਰ ਕਰਦਾ। ਉਸ ਦੇ ਦੇਸ ਵਿਚ ਵੀ ਔਰਤਾਂ ਰੁਲ ਹੀ ਗਈਆਂ ਸਨ, ਉਹ ਵੀ ਉਹਨਾਂ ਦਾ ਵਪਾਰ ਕਰਦਾ। ਇਕ ਅੱਧ ਦਾ ਧਰਮ ਤੋੜ ਕੇ ਉਸ ਨਾਲ ਸ਼ਾਦੀ ਕਰਵਾਂਦਾ ਅਤੇ ਆਪਣੇ ਆਪ ਨੂੰ ਆਜ਼ਾਦ ਹਿੰਦੁਸਤਾਨੀ ਦੇ ਸ੍ਰੈਮਾਣ ਨਾਲ ਉੱਚਾ ਸਮਝਦਾ। ਆਤਮਘਾਤ ਕਰ ਕੇ ਉਸ ਨੇ ਕੀ ਲੈ ਲਿਆ? ਜਵਾਨੀ ਗਵਾ ਲਈ ਅਤੇ ਆਜ਼ਾਦੀ ਦੇ ਸਾਰੇ ਸੁੱਖਾਂ ਤੋਂ ਵਾਂਝਾਂ ਰਹਿ ਗਿਆ, ਜਿਹੜੀ ਭੁੱਖੇ ਹਿੰਦੁਸਤਾਨੀਆਂ ਨੂੰ ਕਈ ਸਦੀਆਂ ਪਿੱਛੋਂ ਮਸੀਂ ਮਿਲੀ ਸੀ।

ਇਸ ਚੱਕ ਵਿਚ ਕਸ਼ਮੀਰ ਹੈ, ਪੋਠੋਹਾਰ ਹੈ, ਮਾਝਾ ਹੈ। ਫ਼ੀਰੋਜ਼ਪੁਰ ਦੇ ਸ਼ਰਨਾਰਥੀ, ਪੁਰਾਣੀ ਬਾਰ, ਥੋੜ੍ਹੀ ਦਿੱਲੀ ਵੀ ਆ ਰਲੀ ਹੈ। ਥਾਂ-ਥਾਂ ਦੀਆਂ ਬੋਲੀਆਂ, ਭਾਂਤ-ਭਾਂਤ ਦੇ ਮਜ਼੍ਹਬ ਅਤੇ ਕਲਚਰਾਂ ਨਾਲ ਪੰਤਾਲੀ ਚੱਕ ਮਿਲਗੋਭਾ ਹੋ ਗਿਆ ਹੈ, ਜਿਵੇਂ ਦੂਰ ਨੇੜੇ ਦੇ ਗੰਨੇ ਵੇਲਣੇ ਵਿਚ ਦੀ ਨਿਕਲ ਕੇ ਪੱਛੀਆਂ ਇਕ ਥਾਂ ਇਕੱਠੀਆਂ ਹੋ ਜਾਂਦੀਆਂ ਹਨ।

ਤੂੰ ਆਖੇਗੀਂ, ਮੈਂ ਕੀ ਵਾਹਿਯਾਤ ਲਿਖ ਰਹੀ ਹਾਂ, ਇਹ ਜ਼ਿੰਦਗੀ ਤੇ ਇਸ ਦਾ ਮਾਹੌਲ ਵੀ ਵਾਹਿਯਾਤ ਹੈ। ਵਾਹਿਯਾਤ ਸਮਝ ਕੇ ਹੀ ਹਿੰਦੁਸਤਾਨ ਸਾਨੂੰ ਲਿਜਾਣਾ

ਨਹੀਂ ਚਾਹੁੰਦਾ, ਅਸੀਂ ਉਹਨਾਂ ਲਈ ਕੋਹੜ ਹਾਂ। ਹਿੰਦੁਸਤਾਨ ਦੀ ਸਵੱਛਤਾ ਵਿਚ ਗੁਨਾਹ ਦਾ ਅਤਿ ਮਲੀਨ ਦਾਗ ਹਾਂ। ਉਸਦੇ ਅਤਿ ਉੱਚੇ ਉੱਠਦੇ ਸਮਾਜ ਵਿਚ ਵਿਚ ਗਲੀਆਂ ਸੜੀਆਂ ਲਾਸ਼ਾਂ ਹਾਂ। ਉਹ ਚਾਹੁੰਦਾ ਹੈ ਕਿ ਕਿਸੇ ਤਰ੍ਹਾਂ ਅਸੀਂ ਉਸ ਦੇ ਅਨੁਭਵ ਵਿਚੋਂ ਵੀ ਖਤਮ ਹੋ ਜਾਈਏ। ਪਰ ਭੈਣ ਗੁਰਮੀਤ! ਅਸਾਂ ਔਰਤਾਂ ਨੇ ਦੇਸ਼ ਦੀਆਂ ਵੰਡੀਆਂ ਨਹੀਂ ਪਵਾਈਆਂ । ਸਟੇਜ ਤੇ ਜਾ ਕੇ ਅਸਲਾਮ, ਹਿੰਦੂ ਅਤੇ ਸਿੱਖ ਧਰਮ ਨੂੰ ਗਾਹਲਾਂ ਨਹੀਂ ਦਿੱਤੀਆਂ। ਅਖ਼ਬਾਰਾਂ ਵਿਚ ਜ਼ਹਿਰ ਅਸਾਂ ਨਹੀਂ ਛਿੜਕਿਆ ਅਤੇ ਕੌਮ ਦੀਆਂ ਲੀਡਰ ਅਸੀਂ ਨਹੀਂ ਸਾਂ। ਪਰ, ਜੋ ਕੁਝ ਅਸਾਂ ਨਾਲ ਹੋਇਆ ਹੈ ਕੀ ਉਸਦੀ ਤਫਸੀਲ ਕੋਈ ਜਿਉਂਦਾ ਖ਼ੁਦਾ ਪੁੱਛੇਗਾ? ਮੇਰੇ ਵਿਸ਼ਵਾਸ ਵਿਚ ਹਰ ਚੰਗੇ ਤੋਂ ਚੰਗਾ ਖ਼ੁਦਾ ਵੀ ਕਤਲ ਹੋ ਗਿਆ ਏ। ਅਸੀਂ ਹਵਸ ਦੇ ਬਘਿਆੜ ਦੀ ਪਨਾਹ ਵਿਚ ਹਾਂ। ਉਸ ਦੀ ਖੁਰਾਕ ਹਾਂ। ਥੋੜ੍ਹਾ ਖਾਵੇ ਜਾਂ ਬਹੁਤਾ ਔਰਤ ਉੱਤੇ ਮਰਦ ਦਾ ਇਹ ਪਹਿਲਾ ਜ਼ੁਲਮ ਨਹੀਂ, ਸਦੀਆਂ ਤੋਂ ਉਸ ਨੂੰ ਆਪਣੀ ਮਰਜ਼ੀ ਅਨੁਸਾਰ ਭੰਨਿਆਂ, ਤੋੜਿਆ ਅਤੇ ਮਰੋੜਿਆ ਜਾ ਰਿਹਾ ਹੈ। ਔਰਤ ਮੁਸਲਮਾਨ ਹੋਵੇ , ਹਿੰਦੂ ਜਾਂ ਸਿੱਖ , ਕੋਈ ਚੰਗੇ ਤੋਂ ਚੰਗਾ ਧਰਮ ਉਸ ਦੇ ਦਿਲੋਂ ਉਸ ਵਿਰੋਧ-ਅਗਨੀ ਨੂੰ ਨਹੀਂ ਬੁਝਾ ਸਕੇਗਾ।

ਭੈਣ ਮੈਨੂੰ ਤੇਰੇ ਨਾਲ ਗਿਲਾ ਹੈ, ਇਸ ਲਈ ਕਿ ਤੂੰ ਸਿੱਖ ਧਰਮ ਦੀ ਪੈਦਾਵਾਰ ਏਂ, ਕਦੇ ਮੈਨੂੰ ਵੀ ਇਸ ਧਰਮ ਦਾ ਮਾਣ ਹੁੰਦਾ ਸੀ, ਪਰ ਹੁਣ ਤੇ ਕੁਝ ਵੀ ਨਹੀ ਰਿਹਾ। ਤੇਰਾ ਧਰਮ ਇਕ ਅਜਿਹੇ ਰਹਿਬਰ ਦੀ ਰਹਿਮਤ ਸੀ ਜਿਹੜਾ ਪੰਜਾਬ ਦੇ ਅਨ੍ਹੇਰੇ ਵਿਚ ਪੂਰਨਮਾ ਦਾ ਚੰਦ ਬਣ ਕੇ ਚੜ੍ਹਿਆ, ਉਹ ਦੁਨੀਆਂ ਭਰ ਦੇ ਹਿੰਦੂ-ਮੁਸਲਮਾਨ ਦੇ ਇਤਹਾਦ ਦੀ ਵਿਚਕਾਰਲੀ ਕੜੀ ਸੀ, ਉਸਦੇ ਸੱਜੇ ਮਰਦਾਨੇ ਦੀ ਸ਼ਖ਼ਸੀਅਤ ਵਿਚ ਅਸਲਾਮ ਜ਼ਿੰਦਾ ਸੀ ਅਤੇ ਖੱਬੇ ਭਾਈ ਬਾਲੇ ਵਿਚ ਹਿੰਦੂ ਧਰਮ ਪਰਫੁੱਲਤ। ਉਹ ਰਹਿਬਰ, ਏਕਤਾ ਦੀ ਰੂਹ ਸੀ ਅਤੇ ਸਾਰੀ ਸਿੱਖ ਕੌਮ ਉਹਦਾ ਸਾਕਾਰ ਰੂਪ। ਉਸ ਵੇਸਵਾ ਨੂੰ ਜਗਤ ਮਾਤਾ ਕਹਿ ਕੇ ਸਤਿਕਾਰਿਆ ਸੀ। ਉਸ ਦੀ ਉੱਮਤ ਦੇ ਬਜ਼ੁਰਗਾਂ, ਅਬਲਾ ਦਾ ਸਤਿ ਬਚਾਣ ਲਈ ਹਜ਼ਾਰਾਂ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ। ਪਰ ਗੁਰਮੀਤ! ਤੇਰੀ ਕੌਮ ਨੇ ਸੜਦੀ ਦੁਪਹਿਰ ਵਿਚ ਸੰਤਵੰਤੀਆਂ ਦੇ ਸਤ ਤੋੜੇ। ਉਹਨਾਂ ਦੀਆਂ ਦੁੱਧ ਭਰੀਆਂ ਛਾਤੀਆਂ ਕੱਟੀਆਂ। ਗਰਭਵਤੀਆਂ ਦੇ ਢਿੱਡਾਂ ਵਿਚ ਤਲਵਾਰਾਂ ਖੋਭੀਆਂ। ਬੱਚਿਆਂ ਤੇ ਬੁੱਢਿਆਂ ਨੂੰ ਵੀ ਦੁਸ਼ਮਣਾ ਵਾਂਗ ਧਰ ਲਿਆ। ਕੀ ਐਨਾਂ ਜ਼ੁਲਮ ਸਿੱਖ ਧਰਮ ਦੀ ਵਡਿਆਈ ਸੀ? ਪੰਜਾਬ ਨੂੰ ਹਰ ਪਹਿਲੂ ਤੋਂ ਬਲਵਾਨ ਕਰਨ ਵਾਲੇ ਸੱਚੇ ਕੌਮ ਪ੍ਰਸਤ ਗੁਰੂ ਨਾਨਕ ਦੇਵ ਜੀ ਦੇ ਨਾਂ ਨੂੰ, ਤੁਸਾਂ ਵੱਟਾ ਲਾ ਦਿੱਤਾ । ਤਹਾਨੂੰ ਚਾਹੀਦਾ ਏ ਕਿ ਤੁਸੀ ਉਸ ਗੁਰੂ ਨੂੰ ਬੇਦਾਵਾ ਦੇ ਦੇਵੋ, ਤਿਆਗ ਦੇਵੋ। ਤਾਂ ਕਿ ਅਸੀ ਕਾਫ਼ਰ, ਗੁਨਾਹ ਗਾਰ, ਅਧਰਮਣਾਂ, ਜਿਨ੍ਹਾਂ ਦਾ ਕੋਈ ਧਰਮ ਨਹੀ ਰਿਹਾ, ਉਸ ਨੂੰ ਆਪਣਾ ਰਹਿਬਰ ਮੰਨ ਲਈਏ। ਵੇਸਵਾ ਨੂੰ ਮਾਤਾ ਆਖਣ ਵਾਲਾ ਮਹਾਂਪੁਰਸ਼ ਸਾਨੂੰ ਵੇਸਵਾ ਵਰਗੀਆਂ ਨੂੰ ਜ਼ਰੂਰ ਭੈਣਾਂ ਤੇ ਪੁੱਤਰੀਆਂ ਪੁਕਾਰ ਕੇ ਵਰਾਂਦਾ। ਸਾਡੇ ਸੜ੍ਹਦੇ ਜ਼ਖ਼ਮਾਂ ਤੇ ਹਮਦਰਦੀ ਦੀ ਮਲ੍ਹਮ ਰੱਖਦਾ। ਉਸ ਨੂੰ ਮਨੁੱਖ ਦਾ ਦਰਦ ਸੀ, ਪੰਜਾਬ ਨਾਲ ਪਿਆਰ ਸੀ। ਤੁਸੀਂ! ਲੰਮੇ-ਲੰਮੇ ਜਲੂਸ ਕੱਢ-ਕੱਢ ਉਸਦਾ ਗੁਰਪਰਬ ਮਨਾਣ ਵਾਲਿਓਂ, ਉਸ ਦੀ ਰੂਹ ਨੂੰ ਮਾਰ ਦਿੱਤਾ। ਉਸਦਾ ਪੰਜਾਬ ਕਤਲ ਕਰ ਸੁੱਟਿਆ।

ਇਹਨਾਂ ਗਲੇ-ਸੜ੍ਹੇ ਜ਼ਖਮਾਂ ਨੂੰ ਛੇੜਿਆਂ ਪੀਪ ਹੀ ਨਿਕਲੇਗੀ, ਰਾਧ ਹੀ ਵਧੇਗੀ। ਅਸੀਂ ਹਿੰਦੁਸਤਾਨ ਦੇ ਜ਼ਖ਼ਮ ਹਾਂ, ਜਿਹੜੇ ਪਾਕਿਸਤਾਨ ਵਿਚ ਕਰਾਹ ਰਹੇ ਹਾਂ। ਹਿੰਦੁਸਤਾਨ ਦਾ ਗੰਦ ਆਂ, ਜਿਸ 'ਤੇ ਪਾਕਿਸਤਾਨ ਥੁੱਕ ਰਿਹਾ ਹੈ ਤੇ ਉਹਦੇ ਕੁੱਤੇ ਉਸ ਨੂੰ ਹਾਬੜੀ ਭੁੱਖ ਵਿਚ ਖਾ ਰਹੇ ਹਨ। ਅਜਿਹੀ ਸੜਿਆਂਦ ਹਿੰਦੁਸਤਾਨ ਵਿਚ ਵੀ ਬਹੁਤ ਹੋਵੇਗੀ। ਅਖ਼ਬਾਰਾਂ ਦੀ ਗਿਣਤੀ ਅਨੁਸਾਰ ਅਸਾਂ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਤੀਹ ਹਜ਼ਾਰ ਵੇਸਵਾਵਾਂ ਦਾ ਵਾਧਾ ਕੀਤਾ ਹੈ । ਬਾਰਾਂ ਲੱਖ ਦੀ ਗਿਣਤੀ, ਦੂਹਾਂ ਦੇਸ਼ਾਂ ਆਜ਼ਾਦੀ ਦੇ ਸਵਾਗਤ ਵਿਚ ਕੁਰਬਾਨ ਕਰ ਦਿੱਤੀ। ਹਿੰਦੁਸਤਾਨ ਅਤੇ ਪਾਕਿਸਤਾਨ ਕਿਸ ਸ਼ਾਨ ਨਾਲ ਅਜ਼ਾਦ ਹੋਏ ਹਨ? ਤਾਰੀਖ਼ ਦੇ ਸਫੇ ਇਸ ਨੂੰ ਫ਼ਖ਼ਰ ਨਾਲ ਯਾਦ ਰੱਖਣਗੇ। ਪਾਕਿਸਤਾਨ ਆਜ਼ਾਦ ਹੈ, ਹਿੰਦੁਸਤਾਨ ਆਜ਼ਾਦ ਹੈ ਪਰ ਉਸ ਵਿਚ ਗੁਨਾਹਗਾਰ ਔਰਤ..........? ਇਹ ਤੇ ਪੁੱਛਣਾ ਹੀ ਗੁਨਾਹ ਹੈ।

ਇਕ ਵਾਰ ਜ਼ਹੀਰ ਦੀ ਬੀਵੀ ਆਇਸ਼ਾ ਬੇਗਮ ਮੇਰੇ ਕੋਲ ਹਵੇਲੀ ਵਿਚ ਆਈ। ਜ਼ਹੀਰ ਕਿਤੇ ਬਾਹਰ ਗਿਆ ਹੋਇਆ ਸੀ। ਉਸ ਦੇ ਖਿਆਲ ਵਿਚ ਮੈਂ ਕਾਫ਼ਰ ਨੇ ਉਸ ਦਾ ਖਾਵੰਦ ਖੋਹ ਲਿਆ ਸੀ। ਪਹਿਲੋਂ ਉਸ ਦੇ ਚਿਹਰੇ 'ਤੇ ਮੇਰੇ ਬਾਰੇ ਨਫ਼ਰਤ ਤੇ ਗੁੱਸਾ ਸੀ। ਪਰ ਮਰਦ ਦੀ ਨਿਰਦੈਤਾਂ ਤੇ ਬੇਵਫਾਈ ਅੱਗੇ ਅਸੀਂ ਦੋਵੇਂ ਹਮਦਰਦੀ ਦੀਆਂ ਭੁੱਖੀਆਂ ਸਾਂ। ਮੈਨੂੰ ਉਸ 'ਤੇ ਬੜਾ ਤਰਸ ਆਇਆ, ਪਰ ਉਹ ਮੇਰੇ ਗ਼ਮ 'ਤੇ ਰੋ ਹੀ ਪਈ। ਮੈਨੂੰ ਉਸ ਸੱਚੇ ਦਿਲੋਂ ਭੈਣ ਕਿਹਾ। ਆਖ਼ਰ ਔਰਤ ਦਾ ਦਿਲ ਸੀ, ਕਿਵੇਂ ਨਾ ਪਸੀਜਦਾ? ਮੈਂ ਉਸ ਦੀ ਗਲੱਵਕੜੀ ਵਿਚ ਪਹਿਲੇ ਦਿਨ ਫੁੱਟ-ਫੁੱਟ ਰੋਈ, ਕਿਉਂ ਕਿ ਮਜ਼ਲੂਮ ਦਾ ਹਮਦਰਦ ਆ ਗਿਆ ਸੀ। ਮੇਰੀਆਂ ਅੱਖਾਂ ਪਿਤਾ ਦੀ ਲਾਸ਼, ਕਾਲੀ ਸੜਕ ਤੇ ਲਹੂ-ਲੁਹਾਨ ਤੜਪਦੀ ਦੇਖ ਰਹੀਆਂ ਸਨ। ਉਹ ਪੰਜਾਬ ਦੇ ਰਹਿਬਰ ਦਾ ਵਾਸਤਾ ਪਾ ਰਿਹਾ ਸੀ। ਮੈਂ ਤੀਹ ਹਜ਼ਾਰ ਭੈਣਾਂ ਦੀ ਬੇਵੱਸੀ ਤੇ ਰੋਈ, ਬਾਰਾਂ ਲੱਖ ਤੇ ਰੋਈ, ਪੰਜਾਬ ਦੇ ਕਤਲ ਤੇ ਰੋਈ, ਮਨੁੱਖਤਾ ਦੀ ਮਰ ਚੁੱਕੀ ਰੂਹ ਤੇ ਰੋਈ। ਇਕ ਮਜ਼ਲੂਮ ਔਰਤ ਜਿਹੜੀ ਲੀਡਰ ਨਹੀਂ, ਵਜ਼ੀਰ ਨਹੀਂ, ਗਵਰਨਰ ਨਹੀਂ।

ਅੱਜ ਸਾਡੀ ਹਜ਼ਾਰਾਂ ਦੀ ਗਿਣਤੀ ਨੂੰ ਅੱਖੋਂ

ਉਹਲੇ ਕੀਤਾ ਜਾ ਰਿਹਾ ਹੈ। ਸਰਹੱਦਾਂ 'ਤੇ ਵਪਾਰ ਧੜਾ-ਧੜ ਹੋ ਰਿਹਾ ਹੈ। ਹਿੰਦੁਸਤਾਨ ਅਤੇ ਪਾਕਿਸਤਾਨ ਦੋ ਦੁਸ਼ਮਨ ਦੇਸ਼ ਹਨ, ਪਰ ਦੋਵੇਂ ਗੌਰਮਿੰਟਾਂ ਆਪੋ ਵਿਚ ਲੋੜ ਅਨੁਸਾਰ ਮਿਲਵਰਤਨ ਵੀ ਕਰ ਲੈਂਦੀਆਂ ਹਨ। ਕਰਾਚੀ ਤੇ ਦਿੱਲੀ ਦੋਸਤ ਹਨ ਪਰ ਕਸ਼ਮੀਰ..........? ਸਾਡੇ ਲਈ ਕਾਗਜ਼ੀ ਕਾਰਵਾਈ ਕਾਫੀ ਹੈ। ਜਾਂ ਅਖ਼ਬਾਰਾਂ ਚੰਗੇ ਬਿਆਨ ਛਾਪ ਦੇਂਦੀਆਂ ਹਨ। ਗੌਰਮਿੰਟ ਨੂੰ ਹੋਰ ਵੀ ਕਈ ਰੁਝੇਵੇਂ ਹਨ । ਉਸ ਕੌਮਾਂਤਰੀ ਸ਼ੁਹਰਤ ਹਾਸਲ ਕਰਨੀ ਹੈ, ਏਸ਼ੀਆ ਦਾ ਲੀਡਰ ਬਣਨਾ ਹੈ। ਸਾਡੇ ਵਾਅਹਯਾਤਾਂ ਲਈ ਸਮਾਂ ਤੇ ਸਰਮਾਇਆ ਬਰਬਾਦ ਕਰਨ ਦੀ ਕੀ ਲੋੜ?

ਪਿਛਲੇ ਮਹੀਨੇ ਤੋਂ ਮੈਨੂੰ ਪਤਾ ਲੱਗ ਗਿਆ ਹੈ, ਕਿ ਮੇਰੇ ਅੰਦਰ ਉਹ ਪਾਪ ਜਾਗ ਪਿਆ ਹੈ ਜਿਸ ਨੂੰ ਨਾ ਕੋਈ ਦੇਸ ਸਾਂਭੇਗਾ ਅਤੇ ਨਾ ਧਰਮ। ਇਕ ਪਿਤਾ ਵੀ ਉਸਦਾ ਪਿਤਾ ਨਹੀਂ ਬਣੇਗਾ, ਵੀਰਾਂ ਵਾਲੀ ਕੋਲ ਇਕ ਬੱਚਾ ਹੈ ਅਤੇ ਹੁਣ ਫਿਰ ਉਮੈਦਵਾਰੀ ਵਿਚ ਹੈ, ਰਹਿਮੋ ਨੂੰ ਏਥੇ ਆ ਕੇ ਜੰਮਿਆਂ ਹੈ। ਕਿੰਨੀ ਦੁਖ਼ਤ ਅਵਸਥਾ ਹੈ। ਸਾਡੇ ਨਿਆਸਰੀਆਂ ਤੋਂ ਬਿਨਾਂ ਇਕ ਅਜਿਹੀ ਨਸਲ, ਦੋਹਾਂ ਡੁਮੀਨੀਅਨਾਂ ਵਿਚ ਆ ਰਹੀ ਹੈ ਜਿਸ ਦਾ ਕੋਈ ਖ਼ੁਦਾ ਵੀ ਵਾਰਸ ਹੋਣ ਨੂੰ ਤਿਆਰ ਨਹੀਂ।

ਸਾਡਾ ਕੀ ਗੁਨਾਹ ਸੀ; ਜਿਸ ਲਈ ਸਾਡੇ ਤੇ ਜ਼ੁਲਮ ਦੇ ਪਹਾੜ ਤੋੜੇ ਗਏ? ਕੀ ਇਹ ਬੱਚੇ ਆਪਣੀ ਮਰਜ਼ੀ ਨਾਲ ਖੁਦਰੌ-ਪੌਦਿਆਂ ਵਾਂਗ ਪੈਦਾ ਹੋ ਰਹੇ ਹਨ? ਉਹਨਾਂ ਦਾ ਕੀ ਬਣੇਗਾ? ਕਦੇ ਕਿਸੇ ਲੀਡਰ ਜਾਂ ਵਜ਼ੀਰ ਨੇ ਸੋਚਿਆ ਏ? ਸਾਡੇ ਅੰਦਰ ਇਕ ਲਾਵਾ ਰਿੱਝ ਰਿਹਾ ਏ। ਇਕ ਜਵਾਲਾ ਮੁਖੀ ਪਾਟਣ ਵਾਲਾ ਹੈ, ਜਿਸ ਅੱਗੇ ਪਾਕਿਸਤਾਨ ਤੇ ਹਿੰਦੁਸਤਾਨ ਕੀ, ਦੁਨੀਆਂ ਦੀਆਂ ਬਸਤੀਆਂ ਤਬਾਹ ਹੋ ਜਾਣ ਨੂੰ ਹਨ।

ਸਾਡਾ ਕੋਈ ਦੇਸ ਨਹੀਂ ਰਿਹਾ, ਧਰਮ ਈਮਾਨ ਤੋੜ ਦਿੱਤੇ ਗਏ। ਮੈਂ, ਵੀਰਾਂ ਵਾਲੀ ਤੇ ਸੱਤਿਆ ਗਊ ਖਾ ਚੁੱਕੀਆਂ ਹਾਂ ਅਤੇ ਰਹਿਮੋ ਸੂਰ। ਮਰਦ ਨੇ ਜੋ ਦਿੱਤਾ ਖਾ ਲਿਆ। ਜੋ ਧਰਮ ਬਣਾਇਆ ਅਪਣਾ ਲਿਆ। ਮੈਂ ਪੁੱਛਦੀ ਹਾਂ, ਔਰਤ ਨਾਂਹ ਕਹਿਣ ਵਾਲੀ ਕੱਚੀ ਵਫ਼ਾ ਹੀ ਕਦੋਂ ਸੀ? ਅਸੀਂ ਕਿਸੇ ਕੌਮੀਅਤ ਦਾ ਹਿੱਸਾ ਨਹੀਂ ਰਹੀਆਂ। ਮੈਂ ਵੀਰਾਂ ਅਤੇ ਸੱਤਿਆ ਨਮਾਜ਼ ਪੜ੍ਹ ਲੈਣ ਨਾਲ, ਅਤੇ ਹਲਾਲ ਖਾ ਲੈਣ ਨਾਲ ਵੀ ਮੁਸਲਮਾਨ ਨਹੀਂ ਸਮਝੀਆਂ ਗਈਆਂ। ਰਹਿਮੋ ਅੰਮ੍ਰਿਤ ਛੱਕ ਕੇ ਝਟਕਾ ਖਾ ਕੇ ਸਿੱਖ ਨਹੀਂ ਬਣ ਸਕੀ? ਉਹ ਮੁਸਲੀ ਅਤੇ ਅਸੀ ਕਾਫ਼ਰ ਹੀ ਰਹੀਆਂ। ਏਹ ਮਰਦ ਦਾ ਮੁਕਤੀਆਂ ਦੇਣ ਵਾਲਾ ਧਰਮ ਹੈ। ਜ਼ਿੰਦਗੀ ਨਾਲੋ ਕੋਮਲਤਾ ਲਾਹ ਲਈ ਹੈ। ਨਫ਼ਸ ਦੀਆਂ ਬੱਜ਼ਰ ਸੱਟਾਂ ਨਾਲ ਸਾਰੇ ਅੰਗ ਛਿੱਲੇ ਗਏ ਹਨ। ਪਰ ਇਹ ਤਲਖ਼ ਹਕੀਕਤ ਇਤਿਹਾਸ ਵਿਚੋਂ ਨੋਚੀ ਨਹੀਂ ਜਾ ਸਕੇਗੀ:-ਅਸੀਂ ਕਦੇ ਜ਼ਿੰਦਗੀ ਦੀਆਂ ਰਾਣੀਆਂ ਸਾਂ, ਅਸੀਂ ਹੀ ਕਦੇ ਮਹਾਤਮਾ ਬੁੱਧ, ਗੁਰੂ ਨਾਨਕ ਤੇ ਮੁਹੰਮਦ ਸਾਹਿਬ ਵਰਗੇ ਪੈਗੰਬਰ ਦੁਨੀਆਂ ਨੂੰ ਦਿੱਤੇ ਸਨ। ਪਰ ਅੱਜ ਸਮੇ ਦੇ ਨਕਸ਼ ਸਾਡੀ ਹਾਲਤ ਤੇ ਲਹੂ ਭਿੱਜੀਆਂ ਚਟਾਨਾਂ ਵਿਚ ਜੰਮ ਗਏ ਹਨ।

ਮੇਰੀ ਇਹ ਚਿੱਠੀ ਭੈਣ ਗੁਰਮੀਤ! ਤੇਰੇ ਰਾਹੀਂ ਸਾਰੇ ਹਿੰਦੁਸਤਾਨ ਨੂੰ ਹੈ। ਉਹ ਸਦਾ ਆਜ਼ਾਦ ਰਹੇ, ਖ਼ੁਸ਼ਹਾਲ ਵੱਸੇ। ਕੌਮਾਂਤਰੀ ਸ਼ੁਹਰਤ ਹਾਸਲ ਕਰੇ, ਉਹਦੇ ਲੀਡਰ, ਵਜ਼ੀਰ ਅਤੇ ਰਾਜ-ਪ੍ਰਮੁੱਖ ਜੰਮ- ਜੰਮ ਕਾਨਫੰਰਸਾਂ ਦੀਆਂ ਪ੍ਰਧਾਨਗੀਆਂ ਹੰਢਾਣ। ਉਹਦੇ ਬੀਰ ਸਿਪਾਹੀ ਰਾਤ ਦਿਨੇ ਜਿੱਤਾਂ ਪ੍ਰਾਪਤ ਕਰਨ। ਹੈਦਰਾਬਾਦ ਦੀ ਜਿੱਤ ਨੇ ਉਹਨਾਂ ਦੀ ਸ਼ਾਨ ਦੁੱਗਣੀ ਕਰ ਦਿੱਤੀ ਹੈ। ਕਸ਼ਮੀਰ ਦੀ ਫਤਿਹ ਉਨ੍ਹਾਂ ਨੂੰ ਦੁਨੀਆਂ ਦੀ ਸ਼੍ਰੋਮਣਤਾ ਵਿਚ ਲੈ ਜਾਵੇਗੀ। ਅਸੀਂ ਤਹਾਨੂੰ ਸ਼ੁਭ ਇੱਛਾਂ ਤੇ ਅਸੀਸਾਂ ਭੇਜਦੀਆਂ ਹਾਂ। ਹੋਰ ਜ਼ਖ਼ਮ-ਨਸੀਬ ਭੈਣਾਂ ਤਹਾਨੂੰ ਕੀ ਦੇ ਸਕਦੀਆਂ ਹਨ। ਜਿਹਨਾਂ ਕੋਲੋਂ ਰੱਬ ਨੇ ਵੀ ਸਭ ਕੁਝ ਖੋਹ ਲਿਆ ਹੈ। ਤੁਸੀਂ ਸਾਰੇ ਹਿੰਦੁਸਤਾਨ ਵਾਸੀਉ! ਰਾਜ ਭਾਗ ਦੀ ਆਜ਼ਾਦੀ ਵਿਚ ਸਦਾ ਸੁਖੀ ਵੱਸੋ!

ਜੇ ਕਦੇ ਸਾਡੀ ਯਾਦ ਆਵੇ ਤੱਦ ਭੁੱਲ ਜਾਣਾ ਕਿ ਕਦੇ ਅਸੀਂ ਹਿੰਦੁਸਤਾਨ ਵਿਚ ਬਰਾਬਰ ਦੀ ਵੋਟ ਦੀਆਂ ਹੱਕ ਦਾਰ ਸਾਂ। ਜਿਸਦੇ ਆਸਰੇ ਜਵਾਹਰ ਲਾਲ ਵਜ਼ੀਰ-ਏ-ਆਜ਼ਮ ਅਤੇ ਬਲਦੇਵ ਸਿੰਘ ਵਜ਼ੀਰ-ਏ-ਜੰਗ ਬਣੇ ਹਨ। ਤੁਸੀਂ ਸਾਡੇ ਲਈ ਕੋਈ ਖ਼ਤਰਾ ਨਾ ਸਹੇੜਨਾ, ਆਪਣੀ ਵੀਰਤਾ ਸਾਂਭ ਕੇ ਰੱਖਣੀ। ਭਾਂਵੇਂ ਅਸੀਂ ਕੱਟਿਆ ਹੋਇਆ ਹਿੰਦੁਸਤਾਨ ਹਾਂ, ਪਰ ਇਸ ਨਿਕੰਮੇ ਹਿੰਦੁਸਤਾਨ ਦੀ ਤਹਾਨੂੰ ਲੋੜ ਨਹੀਂ, ਜਿਸ ਨੂੰ ਕੋਈ ਸਮਾਜ ਨਹੀਂ ਅਪਨਾ ਸਕਦਾ, ਕੋਈ ਧਰਮ ਨਹੀਂ ਸਾਂਭ ਸਕਦਾ। ਸਾਡੀ ਗੁਨਾਹਗਾਰ ਔਲਾਦ ਆਪੇ ਹੀ ਰੁਲ-ਖੁਲ ਕੇ ਪਲ ਜਾਵੇਗੀ! ਜਿਸ ਦਾ ਕੋਈ ਦੇਸ਼ ਨਹੀਂ, ਧਰਮ ਨਹੀਂ, ਕੌਮ ਨਹੀਂ, ਰੱਬ ਵੱਲੋਂ ਵੀ..........। ਸਾਨੂੰ ਵੀ ਪਨਾਹ ਮਿਲ ਜਾਵੇਗੀ। ਵੱਡੇ ਸ਼ਹਿਰਾਂ ਦੇ ਚੱਕਲੇ ਬੜੇ ਲੰਮੇ, ਦੋਹਰੀਆਂ ਛੱਤਾਂ ਦੇ ਹੁੰਦੇ ਹਨ! ਅਸੀਂ ਆਪਣੇ ਗਾਹਕਾਂ ਦੀ ਸੌਖ ਲਈ ਦੁਕਾਨਾਂ ਉਤੇ ਰੰਗੀਨ ਸਾਈਨ ਬੋਰਡ ਲਟਕਾ ਲਵਾਂਗੀਆਂ:-

*ਏਥੇ ਵਿਕਦੀ ਹੈ*
*ਹਿੰਦੁਸਤਾਨ ਦੀ ਸੁੰਦਰਤਾ ਤੇ ਇੱਜ਼ਤ*
*ਰੋਟੀ ਦੇ ਟੁਕੜੇ ਤੋਂ*

ਅਸੀਂ ਕਿਸੇ ਲਈ ਭਾਰ ਨਹੀਂ ਸਾਬਤ ਹੋਣਾ ਚਾਹੁੰਦੀਆਂ ਅਤੇ ਨਾ ਹੀ ਚਾਹੁੰਦੀਆਂ ਕਿ ਸਾਡੀ ਖ਼ਾਤਰ ਹਿੰਦੁਸਤਾਨ ਕਿਸੇ ਸੰਕਟ ਵਿਚ ਪਵੇ। ਇਕ ਅਧਰਮਣ ਭੈਣ ਦੀ ਸਾਰੇ ਹਿੰਦੁਸਤਾਨ ਨੂੰ ਸਤਿ ਸ੍ਰੀ ਅਕਾਲ ਅਤੇ ਕਾਫ਼ਰ ਦੀ ਸਲਾਮ।

ਹਜ਼ਾਰਾਂ ਭੈਣਾਂ ਦੇ ਸੜਦੇ ਜ਼ਖ਼ਮਾਂ ਨਾਲ,

ਮੈਂ ਹਾਂ ਸਰਦਾਰਾਂ:

ਉਰਫ਼ ਰਾਜਿੰਦਰ ਕੌਰ ਬੀ.ਏ.

32

## ਬੇਵਤਨੇ

### ਜਸਵੰਤ ਸਿੰਘ ਵਿਰਦੀ

ਮਰਵਾਹਾ ਸਾਹਿਬ ਕਹਿ ਰਹੇ ਸਨ-'ਤੁਸੀਂ ਏਧਰਲੇ ਲੋਕਾਂ ਦੀਆਂ ਗੱਲਾਂ ਕਰ ਰਹੇ ਹੋ, ਚੰਗੀ ਗੱਲ ਹੈ। ਪਰ ਮੈਂ ਵੀ ਤੁਹਾਨੂੰ ਵਾਘਿਉਂ ਪਾਰਲੇ ਲੋਕਾਂ ਦੀਆਂ ਅਨੇਕ ਗੱਲਾਂ ਦਸ ਸਕਦਾ ਹਾਂ......ਪਰ ਮੈਨੂੰ ਲੱਗਦੈ, ਹੁਣ ਇਨ੍ਹਾਂ ਗੱਲਾਂ ਦਾ ਕੋਈ ਲਾਭ ਨਹੀਂ........'

ਮੈਂ ਪੁੱਛਿਆ-'ਮਰਵਾਹਾ ਸਾਹਿਬ! ਤੁਸੀਂ ਏਹ ਗੱਲ ਕਿਵੇਂ ਸੋਚਦੇ ਹੋ? '

'ਮੈਂ ਸੋਚਦਾਂ........ਅਸੀਂ ਲੋਕਾਂ ਨੇ ਮੁੜ ਕੇ ਇਕ ਦੂਜੇ ਨਾਲ ਮਿਲ ਤੇ ਸਕਣਾਂ ਨਹੀਂ........'

'ਇਹ ਨਹੀਂ ਕਿਹਾ ਜਾ ਸਕਦਾ........'

'ਘੱਟੋ-ਘਟ ਮੇਰੇ ਜਿਉਂਦੇ ਜੀਅ ਤਾਂ ਉਹ ਦਿਨ ਨਹੀਂ ਆਉਣਾ।' ਮਰਵਾਹਾ ਸਾਹਿਬ ਉਦਾਸ ਹੋ ਕੇ ਬੋਲੇ।

' ਏਹ ਵੀ ਨਹੀਂ ਕਿਹਾ ਜਾ ਸਕਦਾ।' ਮੈਂ ਮਰਵਾਹਾ ਸਾਹਿਬ ਨੂੰ ਕਿਹਾ , ਅਤੇ ਘੂਰ ਕੇ ਉਨ੍ਹਾਂ ਦੇ ਚਿਹਰੇ ਵੱਲ ਤੱਕਿਆ। ਉਹ ਪੰਝਤਰਾਂ ਵਰ੍ਹਿਆਂ ਤੋਂ ਉੱਤੇ ਚੱਲ ਰਹੇ ਸਨ, ਪਰ ਹਾਲੇ ਤੱਕ ਵੀ ਉਨ੍ਹਾਂ ਵਿਚ ਮੇਰੇ ਵਰਗੇ ਲੋਕਾਂ ਨਾਲੋਂ ਵੱਧ ਜੋਸ਼ ਹੈ........ਚਿਹਰਾ ਉਨ੍ਹਾਂ ਦਾ ਝੁਰੜੀਆਂ ਤੋਂ ਸੱਖਣਾ ਹੈ, ਅਤੇ ਅੱਖਾਂ ਉਨ੍ਹਾਂ ਦੀਆਂ 'ਚ ਨੂਰ ਰਹਿੰਦਾ ਹੈ। ਮੈਂ ਕੁਝ ਬੋਲਣ ਲੱਗਾ ਤਾਂ ਉਨ੍ਹਾਂ ਨੇ ਮੇਰੇ ਬੋਲਣ ਤੋਂ ਪਹਿਲਾਂ ਹੀ ਕਿਹਾ-'ਲਓ, ਫੇਰ ਮੈਂ ਤਹਾਨੂੰ ਇੱਕੋ ਹੀ ਘਟਨਾ ਦੱਸਦਾ ਹਾਂ........ਤੇ ਤੁਸੀਂ ਉਨ੍ਹਾਂ ਲੋਕਾਂ ਦੇ ਕਿਰਦਾਰ ਬਾਰੇ ਜਾਣ ਜਾਵੋਗੇ........'

ਇਹ ਗੱਲ ਕਹਿ ਕੇ ਮਰਵਾਹਾ ਸਾਹਿਬ ਅੰਤਰ ਧਿਆਨ ਹੋ ਗਏ, ਤੇ ਮੈਂ ਸੋਚਣ ਲੱਗਾ ਕਿ ਉਹ ਕਿਹੜੀ ਗੱਲ ਕਰਨਗੇ, ਕਿਉਂ ਕਿ ਜਦੋਂ ਤੋਂ ਅਸੀਂ ਇਕ ਦੂਜੇ ਦੇ ਸੰਪਰਕ ਵਿਚ ਆਏਂ ਹਾਂ, ਉਨ੍ਹਾਂ ਨੇ ਪਿਛਲੇ ਪੰਜਾਹ-ਸੱਠ ਵਰ੍ਹਿਆਂ ਦੇ ਜੀਵਨ ਬਾਰੇ ਅਨੇਕ ਝਾਕੀਆਂ ਵਿਖਾਈਆਂ ਨੇ.....। ਉਹ ਝਾਕੀਆਂ ਸੁਖਾਵੀਆਂ ਵੀ ਨੇ ਅਤੇ ਦੁੱਖਦਾਈ ਵੀ। ਮੈਨੂੰ ਚੁੱਪ ਦੇਖ ਕੇ ਮਰਵਾਹਾ ਸਾਹਿਬ ਨੇ ਕਿਹਾ-'ਅਸੀਂ ਲਾਇਲਪੁਰ ਦੇ ਰਹਿਣ ਵਾਲੇ ਹਾਂ-ਹੁਣ ਤਾਂ ਸੁੱਖ ਨਾਲ ਉਹ ਫੈਸਲਾਬਾਦ ਬਣ ਗਿਐ, ਪਰ ਸਾਡੇ ਲਈ ਉਹ ਹਾਲੇ ਵੀ ਲਾਇਲਪੁਰ ਹੀ ਹੈ........'

ਮੈਂ ਪੁੱਛਿਆ-'ਤੁਸੀ ਲਾਇਲਪੁਰ 'ਚ ਹੀ ਜੰਮੇ ਪਲੇ ਸਉ ?

'ਬਿਲਕੁਲ!' ਮਰਵਾਹਾ ਸਾਹਿਬ ਨੇ ਜਵਾਬ ਦਿੱਤਾ-'ਉਥੇ ਸਾਡੇ ਪਿਤਾ ਦੀ ਵਰਕਸ਼ਾਪ ਸੀ, ਤੇ ਸਾਡਾ ਵਾਹਵਾ ਗੁਜ਼ਾਰਾ ਚੱਲ ਰਿਹਾ ਸੀ। ਭਲੇ ਵੇਲੇ ਸਨ। ਹਰ ਚੀਜ਼ ਸਸਤੀ ਸੀ....। ਹਾਂ, ਜੰਗ ਦੇ ਦਿਨਾਂ 'ਚ ਕੁਝ ਤੰਗੀ ਜ਼ਰੂਰ ਹੋਈ ਸੀ........'

ਮੈਂ ਫੇਰ ਪੁੱਛਿਆ-'ਤੇ ਤੁਸੀਂ ਅਗਸਤ ਸੰਤਾਲੀ ਤੋਂ ਪਹਿਲਾਂ ਹੀ ਏਧਰ ਆ ਗਏ ਸਉ ?'

'ਨਹੀਂ।'

'ਕਿਉਂ?'

'ਸਾਨੂੰ ਉਮੀਦ ਹੀ ਨਹੀਂ ਸੀ ਕਿ ਲੋਕਾਂ ਦੀ ਆਪਸ 'ਚ ਏਨੀ ਕੱਟ-ਵੱਢ ਹੋਵੇਗੀ........'

ਇਹ ਗੱਲ ਕਹਿ ਕੇ ਉਹ ਫੇਰ ਖਾਮੋਸ਼ ਹੋ ਗਏ ਤਾਂ ਮੈਂ ਮਹਿਸੂਸ ਕੀਤਾ ਕਿ 1947 ਦੀ ਓਸ ਸਾਰੀ ਕੱਟ-ਵੱਢ ਦਾ ਦ੍ਰਿਸ਼ ਜ਼ਰੂਰ ਹੀ ਉਹਨਾਂ ਦੀਆਂ ਅੱਖਾਂ ਸਾਹਮਣੇ ਸਾਕਾਰ ਹੋ ਗਿਆ ਹੋਵੇਗਾ।

ਮੈਂ ਵੀ ਚੁੱਪ ਕਰ ਗਿਆ। ਅੱਗੇ ਗੱਲ ਕਰਨ ਦਾ ਕੋਈ ਲਾਭ ਹੀ ਨਹੀਂ ਸੀ।

ਸ਼ਾਮ ਢੱਲ ਰਹੀ ਸੀ, ਤੇ ਅਸੀਂ ਲੋਕ ਮਰਵਾਹਾ ਸਾਹਿਬ ਦੇ ਘਰ ਅੰਦਰ ਵੇਹੜੇ 'ਚ ਬੈਠੇ ਸਾਂ। ਸਾਨੂੰ ਖਾਮੋਸ਼ ਦੇਖ ਕੇ ਮਰਵਾਹਾ ਸਾਹਿਬ ਦੀ ਵੱਡੀ ਨੂੰਹ ਨੇ ਸੰਕੇਤ ਨਾਲ ਹੀ ਮੈਨੂੰ ਕਮਰੇ ਅੰਦਰ ਬੁਲਾਇਆ, ਤੇ ਕਿਹਾ-'ਪਿਤਾ ਜੀ ਜਦੋਂ ਸੰਤਾਲੀ ਦੀਆਂ ਯਾਦਾਂ 'ਚ ਡੁੱਬ ਜਾਣ ਤਾਂ ਇਹਨਾਂ ਦਾ ਬੱਲਡ ਪ੍ਰੈਸ਼ਰ ਵਧ ਜਾਂਦੈ। ਤੁਸੀਂ ਇਹਨਾਂ ਨੂੰ ਕਿਸੇ ਹੋਰ ਪਾਸੇ ਵੱਲ ਲਾਵੋ। ਮੈਂ ਚਾਹ ਲੈ ਕੇ ਆਉਂਦੀ ਹਾਂ........'

ਮੈਂ ਪੁੱਛਿਆ - 'ਮੈਂ ਚਲੇ ਨਾ ਜਾਵਾਂ?'

'ਨਹੀਂ, ਬੈਠੋ ਮੇਰੇ ਕੋਲ!' ਮਰਵਾਹਾ ਸਾਹਿਬ ਬੋਲ ਪਏ-'ਤੇ ਚਿੰਤਾ ਨਾ ਕਰੋ । ਘਬਰਾਹਟ ਵਾਲੀ ਕੋਈ ਗੱਲ ਨਹੀਂ ਹੈ।' ਫੇਰ ਰੁਕ ਕੇ ਬੋਲੇ -'ਹਾਂ, ਤੇ ਆਪਾਂ ਕੱਟ-ਵੱਢ ਦੀ ਗੱਲ ਕਰ ਰਹੇ ਸਾਂ.......'

'ਪਰ ਕੱਟ-ਵੱਢ ਤਾਂ ਮਾਰਚ-ਸੰਤਾਲੀ ਤੋਂ ਪਹਿਲਾਂ ਹੀ ਸ਼ੁਰੂ ਹੋ ਗਈ.......' ਮੈਂ ਸੋਚ ਕੇ ਜਵਾਬ ਦਿੱਤਾ।

ਤਾਂ ਉਹ ਬੋਲੇ-'ਹੋ ਗਈ ਹੋਵੇਗੀ........ਪਰ ਲਾਇਲਪੁਰ 'ਚ ਲੋਕਾਂ ਨੂੰ ਮਜ਼ਬੀ ਜਨੂਨ ਨੇ ਪਾਗਲ ਨਹੀਂ ਸੀ ਕੀਤਾ........'

ਇਸ ਤੋਂ ਮਗਰੋਂ ਮਰਵਾਹਾ ਸਾਹਿਬ ਫੇਰ ਅੰਤਰ-ਧਿਆਨ ਹੋ ਗਏ। ਮੈਂ ਵੀ ਬੋਲਣਾ ਠੀਕ ਨਾ ਸਮਝਿਆ। ਕਈ ਵਾਰ ਚੁੱਪ ਵੀ ਜ਼ਰੂਰੀ ਹੁੰਦੀ ਹੈ ਪਰ ਏਹ ਚੁੱਪ ਤਬਾਹ-ਕੁੰਨ ਸੀ।

'ਮੈਂ ਚੌਵੀਂ ਵਰ੍ਹਿਆਂ ਦਾ ਸਾਂ।' ਮਰਵਾਹਾ ਸਾਹਿਬ ਮੱਧਮ ਜਿਹੀ ਅਵਾਜ਼ 'ਚ ਬੋਲੇ-'ਕੱਟ- ਵੱਢ ਸ਼ੁਰੂ ਹੋਈ ਤਾਂ ਸਾਡੇ ਲੋਕਾਂ ਲਈ ਸਰਕਾਰ ਨੇ ਖਾਲਸਾ ਸਕੂਲ 'ਚ ਕੈਂਪ ਲਾ ਦਿੱਤਾ। ਉੱਥੇ ਸਾਨੂੰ ਇਕ ਦਿਨ ਦੇ ਹਿਸਾਬ ਨਾਲ, ਅੱਧ ਪਾਉ ਆਟਾ ਮਿਲਦਾ ਸੀ........'

'ਉਹ ਕਾਫੀ ਸੀ?' ਮੈਂ ਹੈਰਾਨੀ ਨਾਲ ਪੁੱਛਿਆ।

ਉਹ ਹੱਸ ਕੇ ਬੋਲੇ-'ਤੁਸੀਂ ਮੰਨ ਲਵੋਗੇ?'

'ਨਹੀਂ, ਮੈਂ ਨਹੀਂ ਮੰਨਦਾ........।'

'ਨਹੀਂ, ਉਹ ਕੁਝ ਵੀ ਨਹੀਂ ਸੀ।' ਮਰਵਾਹਾ

ਸਾਹਿਬ ਨੇ ਕਿਹਾ-

'ਭਲਾ ਇਕ ਬੰਦਾ ਅੱਧ ਪਾਉ ਆਟਾ ਖਾ ਕੇ ਕਿਵੇਂ ਜੀਉਂਦਾ ਰਹਿ ਸਕਦੈ।'

'ਨਾਲੇ ਲੋਕ ਕਹਿੰਦੇ ਸਨ ਕਿ ਲਾਇਲਪੁਰ ਅੰਨ ਦਾ ਘਰ ਸੀ........'

'ਉਹ ਅਨਾਜ ਲੋਕਾਂ ਨੇ ਭੋਰਿਆਂ 'ਚ ਲੁਕਾ ਲਿਆ ਸੀ........ਨਾਲੇ ਅਸੀਂ ਲੋਕ ਪਲਾਂ ਵਿਚ ਹੀ ਬੇਵਤਨੇ ਹੋ ਗਏ ਸਾਂ .....

........ਬੇਵਤਨੇ........ਸਮਝ ਗਏ ਨਾ.........'

'ਹਾਂ!' ਮੈਂ ਕਿਹਾ।

ਤਾਂ ਉਹ ਫੇਰ ਬੋਲੇ-'ਹੈ ਨਾ ਦਿਲਚਸਪ ਗੱਲ! ਉਹੋ ਹੀ ਧਰਤੀ ਸੀ, ਉਥੇ ਵੱਸਣ ਵਾਲੇ ਉਹੋ ਹੀ ਲੋਕ ਸਨ ......ਪਰ ਪਤਾ ਨਹੀਂ ਕਿਵੇਂ ਕੁਝ ਬੇਦੀਨ ਲੋਕਾਂ ਦੇ ਤਨ-ਮਨ ਵਿਚ ਜ਼ਹਿਰ ਫੈਲ ਗਈ ਸੀ ਅਤੇ ਨਾਗਾਂ ਵਾਂਗ ਹਰ ਕਿਸੇ ਨੂੰ ਡੱਸਦੇ ਫਿਰ ਰਹੇ ਸਨ..... '

'ਇਹੋ ਹੀ ਗੱਲ ਸੀ.....'

'ਪਰ ਤੁਸੀਂ ਸੋਚੋ ਤਾਂ ਸਹੀ ਜ਼ਰਾ।' ਉਹਨਾਂ ਨੇ ਫਿਰ ਕਿਹਾ-'ਬੰਦਾ ਆਪਣੇ ਘਰ ਤੇ ਵਤਨ ਕਰਕੇ ਧਰਤੀ ਦੇ ਜੀਵਨ ਨਾਲ ਜੁੜਿਆ ਹੋਇਆ ਹੈ......ਅਤੇ ਉਹਦੇ ਘਰ ਕਰਕੇ ਹੀ ਧਰਤੀ ਉਹਨੂੰ ਆਪਣੀ ਮਾਂ ਦਿਸਦੀ ਹੈ.....ਪਰ ਇਕ ਦਿਨ ਅਚਾਨਕ ਹੀ ਕੁਝ ਜਾਬਰ ਲੋਕ ਆ ਕੇ ਕਹਿੰਦੇ ਨੇ ਕਿ.....ਹੁਣ ਤੁਸੀਂ ਲੋਕ ਇਸ ਵਤਨ ਵਾਲੇ ਤੇ ਆਪਣੇ ਘਰਾਂ ਵਾਲੇ ਨਹੀਂ ਰਹੇ.....ਬਲਕਿ ਤੁਸੀਂ ਕਿਤੋਂ ਜੋਗੇ ਵੀ ਨਹੀਂ ਰਹੇ, ਅਤੇ ਅਸੀਂ ਤੁਹਾਨੂੰ ਤਬਾਹ ਕਰਨ ਲਈ ਆਏ ਹਾਂ....ਪਰ ਤੁਹਾਡੀਆਂ ਧੀਆਂ-ਭੈਣਾਂ ਸਾਡੀ ਹਵਸ ਪੂਰੀ ਕਰਨ ਲਈ ਜੀਉਂਦੀਆਂ ਰਹਿਣਗੀਆਂ.............'

'ਹਾਂ!' ਮੈਂ ਕਿਹਾ-'ਇਹ ਸੱਚ ਸੀ ਕਿ ਲੋਕ ਉਨ੍ਹਾਂ ਦੇ ਲਫ਼ਜ਼ਾਂ 'ਚ ਮੁਹਾਜਰ.....ਬਣ ਕੇ ਰਹਿ ਗਏ ਸਨ......'

ਮੈਂ ਦੇਖਿਆ, ਮਰਵਾਹਾ ਸਾਹਿਬ ਦੀਆਂ ਅੱਖਾਂ 'ਚ ਇਕ-ਇਕ ਹੰਝੂ ਲਟਕ ਗਿਆ ਸੀ ।

ਮੈਂ ਕਿਹਾ-'ਚਲੋ ਕਦੀ ਫੇਰ ਸਹੀ........'

'ਨਹੀਂ!' ਉਹ ਬੋਲੇ-'ਹੁਣ ਤੁਸੀਂ ਸੁਣ ਹੀ ਲਵੋ। ਇਹ ਦਾਸਤਾਨ ਕਦੀ ਤੁਹਾਡੇ ਕੰਮ ਆਵੇਗੀ.......'

ਮੈ ਸੁਣਨ ਲਈ ਤਿਆਰ ਹੋ ਗਿਆ। ਉਨ੍ਹਾਂ ਦੀ ਗੱਲਬਾਤ 'ਚ ਕਾਫ਼ੀ ਠਰ੍ਹੰਮਾ ਹੁੰਦਾ ਹੈ, ਅਤੇ ਸਮੇਂ ਦੇ ਬੀਤਣ ਨਾਲ ਉਨ੍ਹਾਂ ਦੇ ਮਨ ਵਿੱਚੋਂ ਈਰਖ਼ਾ ਤੇ ਵੈਰ ਭਾਵ ਵੀ ਖਤਮ ਹੋ ਗਿਆ ਹੈ। ਮਰਵਾਹਾ ਸਾਹਿਬ ਵਰਗੇ ਬੇਲਾਗ ਬੰਦੇ ਹੁਣ ਬਹੁਤ ਥੋੜ੍ਹੇ ਰਹਿ ਗਏ ਨੇ।

'ਲਾਇਲਪੁਰ ਦਾ ਖਾਲਸਾ ਸਕੂਲ ਮੁਹਾਜਰ ਕੈਂਪ ਸੀ। ਸਕੂਲ ਤਾਂ ਕਾਫ਼ੀ ਵੱਡਾ ਸੀ, ਪਰ ਲੋਕ ਤਾਂ ਆਈ ਜਾ ਰਹੇ ਸਨ, ਲਗਾਤਾਰ ਆਈ ਜਾ ਰਹੇ ਸਨ।' ਮਰਵਾਹਾ ਸਾਹਿਬ ਨੇ ਦੱਸਿਆ।

ਮੈਂ ਪੁੱਛਿਆ-'ਕਿਥੋਂ, ਲੋਕ ਆਈ ਜਾ ਰਹੇ ਸਨ?'

'ਆਲੇ-ਦੁਆਲੇ ਦੇ ਪਿੰਡਾਂ ਤੋਂ........'

'ਉਹਨਾਂ ਨੂੰ ਕੌਣ ਲੈ ਕੇ ਆਉਂਦਾ ਸੀ?'

'ਫੌਜੀ ਲੋਕ........ਉਹ ਵਿਚਾਰੇ ਚੰਗੇ ਸਨ। ਉਨ੍ਹਾਂ ਦੇ ਖਿਲਾਫ਼ ਕੁਝ ਨਹੀਂ ਕਿਹਾ ਜਾ ਸਕਦਾ। ਕੁਝ ਕਹਿਣ ਦਾ ਲਾਭ ਵੀ ਨਹੀਂ ਸੀ........'

ਮੈਂ ਕੁਝ ਬੋਲਣ ਲੱਗਾ ਰੁਕ ਗਿਆ। ਮੇਰੇ ਕੁਝ ਬੋਲਣ ਨਾਲ ਮਰਵਾਹਾ ਸਾਹਿਬ ਦੀ ਬਿਰਤੀ ਟੁੱਟ ਸਕਦੀ ਸੀ। ਉਨ੍ਹਾਂ ਦੀ ਬਿਰਤੀ ਟੁੱਟਦੀ ਤਾਂ ਗੱਲਾਂ ਦਾ ਸਿਲਸਲਾ ਥਿੜਕ ਸਕਦਾ ਸੀ, ਬਹੁਤ ਸੋਚ-ਸੋਚ ਕੇ, ਉਹ ਫੇਰ ਬੋਲੇ-'ਸਾਡੇ ਕਾਰਖ਼ਾਨੇ ਵਿਚ ਪੰਜ-ਚਾਰ ਮਸ਼ੀਨਾਂ ਹੀ ਸਨ......ਤੇ ਨਾਲੇ ਸਾਡੇ ਪਿਤਾ ਜੀ ਅਕਾਲ ਪੁਰਖ ਦਾ ਭਾਣਾ ਮੰਨਣ ਵਾਲੇ ਬੰਦੇ ਸਨ। ਪਰ ਅਸੀਂ ਉੱਥੇ ਉਹ ਜ਼ਿਮੀਂਦਾਰ ਵੀ ਵੇਖੇ ਜਿਹਨਾਂ ਦੀ ਬੇਸ਼ੁਮਾਰ ਜ਼ਮੀਨ ਸੀ, ਸ਼ਾਹੀ ਠਾਠ ਸੀ, ਅਤੇ ਦੇਸ ਭਰ 'ਚ ਇੱਜ਼ਤ ਹੁੰਦੀ ਸੀ, ਪਰ ਉਹ ਰਫ਼ਿਊਜ਼ੀ ਬਣਾ ਕੇ ਕੈਂਪ 'ਚ ਰੁਲ ਰਹੇ ਸਨ.....ਕਈ ਤਾਂ ਨੀਮ ਪਾਗਲ ਹੀ ਹੋ ਗਏ ਸਨ.....ਹਰ ਵੇਲੇ ਖਾਣ ਲਈ ਵੀ ਵਧੀਆ ਖੁਰਾਕ ਮੰਗਦੇ ਸਨ, ਪਰ ਖੁਰਾਕਾਂ ਉੱਥੇ ਕਿੱਥੇ ਸਨ? ਕੋਈ ਪਾਣੀ ਵੀ ਨੀ ਸੀ ਪੁੱਛਦਾ........ਬਿਰਛ ਛਾਂ ਦੇਣੋਂ ਹੀ ਹਟ ਗਏ ਸਨ।'

'ਕਿਹੇ ਸੋਗੀ ਦਿਨ ਸਨ।' ਮੈਂ ਸੋਚ ਰਿਹਾ ਸਾਂ।

ਮਰਵਾਹਾ ਸਾਹਿਬ ਨੇ ਡਾਢੀ ਉਦਾਸੀ ਨਾਲ ਕਿਹਾ-'ਉਨ੍ਹਾਂ ਵਿੱਚੋਂ ਕਈਆਂ ਨੇ ਆਪਣੇ ਪਿੰਡਾਂ ਵਾਲਿਆਂ ਮੁਸਲਮਾਨਾਂ ਨੂੰ ਸੁਨੇਹੇ ਭੇਜੇ-ਓਏ ਭਲਿਓ ਲੋਕੋ! ਤੁਸੀਂ ਸਾਨੂੰ ਬੇਵਤਨੇ ਤਾਂ ਕਰ ਹੀ ਛੱਡਿਐ, ਚਾਰ ਦਿਨ ਰੱਜਵੀਂ ਰੋਟੀ ਤਾਂ ਖੁਆ ਛੱਡੋ।'

'ਤੇ ਕੀ ਅਸਰ ਹੋਇਆ?' ਮੈਂ ਪੁੱਛਿਆ-'ਹੋਇਆ ਅਸਰ?'

'ਅਸਰ!' ਉਹ ਤ੍ਰੱਬਕੇ।

'ਹਾਂ ਆਂ....' ਮੈਂ ਪੁੱਛਿਆ! ਉਤਾਵਲੇਪਨ ਨਾਲ.....'

'ਮੈਂ ਉਹੋ ਈ ਤਹਾਨੂੰ ਦੱਸਣ ਲੱਗਾਂ।' ਮਰਵਾਹਾ ਸਾਹਿਬ ਬੋਲੇ-

'ਇਕ ਦਿਨ ਸੁਵਖਤੇ ਅਸੀਂ ਦੇਖਿਆ ਕਿ ਖਾਲਸਾ ਸਕੂਲ ਵੱਲ ਆਉਂਦੀ ਸੜਕ 'ਤੇ ਗੱਡਿਆਂ ਦੇ ਗੱਡੇ ਟੁਰੇ ਆ ਰਹੇ ਨੇ, ਤੇ ਉਨ੍ਹਾਂ ਉੱਪਰ ਬੈਠੇ ਹੋਏ ਗਭਰੂਆਂ ਨੇ ਗੰਡਾਸੇ, ਤਲਵਾਰਾਂ ਅਤੇ ਨੇਜ਼ੇ ਚੁੱਕੇ ਹੋਏ ਸਨ।'

'ਤੇ ਤੁਸੀਂ ਘਬਰਾ ਗਏ।'

'ਘਬਰਾਹਟ ਤਾਂ ਹੋਣੀ ਈ ਸੀ। ਹਰ ਕੋਈ ਸੋਚ ਰਿਹਾ ਸੀ-ਪਿੰਡਾਂ 'ਚੋਂ ਬਚ ਕੇ ਆ ਗਏ ਸੀ-ਤਾਂ ਹੁਣ ਪਿੰਡਾਂ ਵਾਲੇ ਇਥੇ ਕੈਂਪ 'ਚ ਸਾਨੂੰ ਮਾਰਨ ਆ ਗਏ ਨੇ..'

'ਤੇ ਫੇਰ?' ਮੈਂ ਉਤਾਵਲੇਪਨ ਨਾਲ ਪੁੱਛਿਆ।

'ਫੇਰ ਕੀ ਸੀ? ਸਾਡੇ ਲੋਕਾਂ ਕੋਲ ਵੀ ਦਸ-ਵੀਹ ਹਥਿਆਰ ਸਨ। ਉਹ ਵੀ ਮੁਕਾਬਲੇ ਲਈ ਤਿਆਰ ਹੋ ਗਏ, ਤੇ ਸਕੂਲ ਦਾ ਲੋਹੇ ਦਾ ਖਿੜਕ ਬੰਦ ਕਰ ਦਿੱਤਾ।'

'ਸੱਚ ਹੀ ਕਹਿੰਦੇ ਨੇ.....' ਮੈਂ ਕੁਝ ਕ.।੫੮ ਲੱਗਾ

ਤਾਂ ਉਨ੍ਹਾਂ ਨੇ ਮੈਨੂੰ ਟੋਕਿਆ-'......ਕੀ?'

'ਮੁਸੀਬਤਾਂ ਇਕੱਲੀਆਂ ਨਹੀਂ ਆਉਂਦੀਆਂ......'

'ਬਿਲਕੁਲ ਸਹੀ ਹੈ!' ਉਹ ਫੇਰ ਬੋਲੇ-'ਏਧਰੋਂ ਹਰ ਕੋਈ ਲੜਨ ਮਰਨ ਲਈ ਤਿਆਰ ਹੋ ਗਿਆ। ਅਸੀਂ ਸੋਚ ਰਹੇ ਸਾਂ-ਸ਼ੇਰਾਂ ਵਾਂਗ ਲੜ ਕੇ ਮਰੀਏ। ਭੇਡਾਂ ਵਾਂਗ ਜ਼ਿਬ੍ਹਾ ਨਾ ਹੋਈਏ........'

'ਬਿਲਕੁਲ ਠੀਕ ਸੀ।' ਮੈ ਕਿਹਾ ਤਾਂ ਮੈਨੂੰ ਵੀ ਸੰਨ-47 ਦੇ ਦਿਨ ਚੇਤੇ ਆ ਗਏ। ਮੈਂ ਉਦੋਂ ਚੌਦਾਂ ਸਾਲਾਂ ਦਾ ਸਾਂ ਅਤੇ ਸਾਰੀ ਤਬਾਹੀ ਮੇਰੇ ਸਾਹਮਣੇ ਹੋਈ ਸੀ। ਸਾਡੇ ਏਥੇ ਜਲੰਧਰ ਵਿਚ, ਮੁਹੱਲਾ ਗੋਬਿੰਦ ਗੜ੍ਹ ਦੇ ਲੋਕਾਂ ਨੇ ਵੀ ਕਾਫ਼ੀ ਕੱਟ-ਵੱਢ ਕੀਤੀ ਸੀ ਤੇ ਬੇਸ਼ੁਮਾਰ ਮਾਸੂਮ ਜਾਨਾਂ ਤਬਾਹ ਹੋ ਗਈਆਂ ਸਨ। ਹੁਣ ਜਦੋਂ ਕਦੀ ਮੈਂ ਉਨ੍ਹਾਂ ਦਿਨਾਂ ਬਾਰੇ ਸੋਚਦਾ ਹਾਂ ਤਾਂ ਸ਼ਰਮ ਮਹਿਸੂਸ ਹੁੰਦੀ ਹੈ, ਬਲਕਿ ਨਮੋਸ਼ੀ........

ਮਰਵਾਹਾ ਸਾਹਿਬ ਨੇ ਕਿਹਾ-'ਦਰਅਸਲ, ਸਿਆਣੇ ਲੋਕ ਤਾਂ ਸਮਝਦੇ ਸਨ ਪਰ ਜਨੂਨੀ, ਕਮੀਨੇ ਲੋਕ ਨਹੀਂ ਸਨ ਸਮਝਦੇ, ਕਿ ਦੇਸ ਦੀ ਗੋਰੀ ਸਰਕਾਰ ਨੇ ਦੇਸ ਛੱਡਣ ਤੋਂ ਪਹਿਲਾਂ ਹੀ ਲੋਕਾਂ ਦੇ ਮਨਾਂ ਵਿਚ ਨਫ਼ਰਤ ਭਰ ਦਿੱਤੀ ਸੀ, ਅਤੇ ਸਭਨਾਂ ਹੀ ਧਰਮਾਂ ਦੇ ਲੋਕ ਇਕ-ਦੂਸਰੇ ਤੋਂ ਭੈਅ ਖਾਣ ਲੱਗ ਪਏ ਸਨ............'

'ਇਹ ਬਹੁਤ ਵੱਡੀ ਸਾਜ਼ਿਸ਼ ਸੀ।' ਮੈਂ ਕਿਹਾ-

'ਪਰ ਅਸੀਂ ਲੋਕ ਨਾ ਸਮਝ ਸਕੇ.........'

'ਹਾਂ!' ਮਰਵਾਹਾ ਸਾਹਿਬ ਨੇ ਫੇਰ ਕਿਹਾ-

'ਇਸੇ ਕਰਕੇ ਹੀ ਉਨ੍ਹਾਂ ਤਲਵਾਰਾਂ, ਨੇਜ਼ਿਆਂ ਤੇ ਗੰਡਾਸਿਆਂ ਵਾਲੇ ਲੋਕਾਂ ਨੂੰ ਅਸੀਂ ਨਾ ਸਮਝ ਸਕੇ ।'

ਸ਼ਾਮ ਢਲਦੀ-ਢਲਦੀ ਰਾਤ ਹੋ ਗਈ ਸੀ ਅਤੇ ਜਦੋਂ ਮਰਵਾਹਾ ਸਾਹਿਬ ਦੀ ਛੋਟੀ ਨੂੰਹ ਵਿਹੜੇ ਦਾ ਬਲਬ ਜਗਾਉਣ ਲਈ ਆਈ, ਤਾਂ ਮਰਵਾਹਾ ਸਾਹਿਬ ਨੇ ਹੱਥ ਦੇ ਸੰਕੇਤ ਨਾਲ ਉਹਨੂੰ ਮਨ੍ਹਾਂ ਕਰ ਦਿੱਤਾ, ਤੇ ਕਿਹਾ-'ਰਹਿਣ ਦੇ, ਰੋਜ਼ ਚਾਨਣ 'ਚ ਹੀ ਬੈਠੀਦਾ, ਅੱਜ ਹਨ੍ਹੇਰਾ ਚੰਗਾ ਲੱਗਦੈ।'

'ਰੱਬ ਖੈਰ ਕਰੇ।' ਮੈ ਉਹਨਾਂ ਨੂੰ ਟੋਕਿਆ-'ਮਰਵਾਹਾ ਸਾਹਿਬ, ਹਨ੍ਹੇਰਾ ਤਾਂ ਹਨ੍ਹੇਰਾ ਹੀ ਹੈ ਨਾ........'

'ਹਾਂ ਹਨ੍ਹੇਰਾ ਹੀ ਹੈ।' ਉਨ੍ਹਾਂ ਜਵਾਬ ਦਿਤਾ-'ਪਰ ਮੈਂ ਚਾਹੁੰਦਾਂ ਆਪਣੀ ਗੱਲ ਖਤਮ ਹੋਣ ਤੱਕ ਹਨ੍ਹੇਰੇ 'ਚ ਹੀ ਰਹਾਂ.......'

'ਕਿਸ ਕਰਕੇ?'

'ਪਤਾ ਨਹੀਂ......'

'ਚੰਗਾ, ਤੁਹਾਡੀ ਮਰਜ਼ੀ..........'

'ਮਿਹਰਬਾਨੀ।' ਕਹਿ ਕੇ ਉਹ ਪਹਿਲਾਂ ਹੱਸ ਪਏ ਤੇ ਫੇਰ ਗੰਭੀਰ ਹੋ ਗਏ। ਬੋਲੇ-'ਭਾਵੇਂ ਰਾਤ ਲਹਿ ਆਈ ਹੈ ਪਰ ਗੱਲ ਪੂਰੀ ਕੀਤੇ ਬਗ਼ੈਰ ਮੈਂ ਤੁਹਾਨੂੰ ਜਾਣ ਨਹੀਂ ਦਿਆਂਗਾ।' ਮੈਂ ਚੁੱਪ ਕੀਤਾ ਰਿਹਾ।

ਮਰਵਾਹਾ ਸਾਹਿਬ ਨੇ ਫੇਰ ਕਿਹਾ-'ਉਨ੍ਹਾਂ ਗੱਡਿਆਂ ਤੇ ਘੋੜਿਆਂ ਵਾਲੇ ਲੋਕਾਂ ਨੇ ਸਕੂਲ ਨੂੰ ਘੇਰ ਲਿਆ ਤਾਂ ਸਾਨੂੰ ਲੱਗਾ ਕਿ ਕਿਆਮਤ ਦਾ ਦਿਨ ਆ ਗਿਆ ਹੈ। ਕਈ ਤਾਂ ਖ਼ੁਸ਼ ਹੋਏ ਕਿ ਆਪਣੀ ਲਾਇਲਪੁਰ ਦੀ ਧਰਤੀ 'ਤੇ ਹੀ ਮਰਾਂਗੇ। ਇਕ ਅਜਨਬੀ ਦੇਸ ਵਿਚ ਜੀਉਣ ਨਾਲੋਂ ਤਾਂ ਇਹ ਮੌਤ ਬਿਹਤਰ ਹੀ ਹੈ। ਨਾਲੇ ਸੋਚਦੇ ਹਾਂ-ਆਖ਼ਰ ਤਾਂ ਆਪਣੇ ਹੀ ਲੋਕ ਨੇ! ਮਾਰਨਗੇ ਤਾਂ ਛਾਵੇਂ ਸੁੱਟਣਗੇ ਹੀ........।' ਮਰਵਾਹਾ ਸਾਹਿਬ ਡੁਸਕਣ ਲੱਗ ਪਏ। ਉਹ ਭਾਵਕ ਹੋ ਗਏ ਸਨ।

ਮੈਂ ਡਾਢੀ ਉਤਸਕਤਾ ਨਾਲ ਪੁੱਛਿਆ - 'ਤੇ ਫੇਰ ਤੁਸੀਂ ਮੁਕਾਬਲਾ ਕੀਤਾ?'

'ਨਹੀਂ।'

'ਕਿਉਂ?'

'ਲੋੜ ਹੀ ਨਹੀਂ ਪਈ.....?'

'ਕਿਸ ਕਰਕੇ?' ਮੈਨੂੰ ਹੈਰਾਨੀ ਹੋਈ 'ਕੀ ਤੁਸੀਂ ਉਨ੍ਹਾਂ ਦੇ ਪੈਰ ਫੜ ਲਏ?'

'ਮੈਂ ਤੁਹਾਨੂੰ ਦੱਸਦਾਂ......' ਕਹਿ ਕੇ ਮਰਵਾਹਾ ਸਾਹਿਬ ਕਿਤੇ ਦੂਰ ਚਲੇ ਗਏ, ਤੇ ਸਾਰਾ ਹੀ ਦ੍ਰਿਸ਼ ਅੱਖਾਂ ਅੱਗੇ ਲਿਆ ਕੇ ਬੋਲੇ-'ਜਦੋਂ ਅਸੀਂ ਸਕੂਲ ਦੇ ਕਮਰਿਆਂ ਵਿਚ, ਦੁੱਬਕ ਗਏ ਤਾਂ ਉਨ੍ਹਾਂ ਲੋਕਾਂ ਨੇ ਕੰਧਾਂ ਟੱਪ ਕੇ ਸਕੂਲ ਦਾ ਖਿੜਕ ਖੋਲ੍ਹ ਲਿਆ, ਤੇ ਗੱਡੇ ਅੰਦਰ ਲੈ ਆਏ.........ਅਤੇ ਘੋੜੇ ਵੀ.....'

' ਤੇ ਉਨ੍ਹਾਂ ਦੇ ਹਥਿਆਰ? ' ਮੈ ਘਬਰਾਹਟ ਨਾਲ, ਪੁੱਛਿਆ ਤੇ ਉਨ੍ਹਾਂ ਨੇ ਮੈਨੂੰ ਨੇ ਟੋਕਿਆ........'

' ਪਹਿਲਾਂ ਮੇਰੀ ਗੱਲ ਸੁਣੋਂ........'

' ਦੱਸੋ! ' ਮੈਂ ਕਿਹਾ ਤਾਂ ਉਹ ਫੇਰ ਬੋਲੇ-'ਸਾਨੂੰ ਕਮਰਿਆਂ 'ਚ ਦੁਬਕੇ ਬੈਠੇ ਦੇਖ ਕੇ ਉਨ੍ਹਾਂ ਲੋਕਾਂ ਨੇ ਲਲਕਾਰਾ ਮਾਰ ਕੇ ਕਿਹਾ-'ਸਾਥੋਂ ਡਰੋ ਨਾ! ਅਸੀਂ ਵੀ ਤੁਹਾਡੇ ਵਰਗੇ ਇਨਸਾਨ ਹੀ ਹਾਂ, ਅਤੇ ਤੁਹਾਡੇ ਵਾਸਤੇ ਗੱਡੇ ਭਰ ਕੇ ਖਾਣ-ਪੀਣ ਦਾ ਸਾਮਾਨ ਲੈ ਕੇ ਆਏ ਹਾਂ। ਸੁਣਦੇ ਹੋ ਤੁਸੀਂ? ਅਸੀਂ ਸਾਰੇ ਛੋਟੇ ਤੇ ਵੱਡੇ ਜਹਾਂਗੀਰ ਪਿੰਡਾਂ ਦੇ ਹਾਂ-ਤੇ ਤੁਸੀਂ ਘਬਰਾ ਕਿਉਂ ਗਏ ਹੋ?'

ਅਤੇ ਮਰਵਾਹਾ ਸਾਹਿਬ ਪਲ ਭਰ ਲਈ ਚੁੱਪ ਹੋਕੇ ਫੇਰ ਬੋਲੇ-'ਉਨ੍ਹਾਂ ਲੋਕਾਂ ਦੀ ਹਮਦਰਦੀ ਭਰੀ ਪੁਕਾਰ ਸੁਣ ਕੇ ਅਸੀਂ ਬਾਹਰ ਨਿਕਲੇ ਤਾਂ ਜ਼ੇਰਾ ਕਰਕੇ ਪੁੱਛਿਆ-'ਤੇ ਚੌਧਰੀ ਜੀ! ਹਥਿਆਰ ਨਾਲ ਕਾਹਦੇ ਲਈ ਲਿਆਏ ਹੋ?'

ਇਕ ਚੌਧਰੀ ਨੇ ਨਿਮਰਤਾ ਨਾਲ ਕਿਹਾ-'ਸਾਨੂੰ ਡਰ ਸੀ ਕਿਤੇ ਖਾਣ-ਪੀਣ ਦਾ ਸਾਮਾਨ ਸਾਡੇ ਕੋਲੋਂ ਰਾਹ 'ਚ ਨਾ ਕੋਈ ਖੋਹ ਲਵੇ! ਬੜੇ ਭੈੜੇ ਦਿਨ ਆ ਗਏ ਨੇ......ਹਰ ਪਾਸੇ ਲੁੱਟ-ਖੋਹ ਹੋ ਰਹੀ ਹੈ........'

'ਤੇ ਫੇਰ?' ਮੈਂ ਉਤਾਵਲੇਪਨ ਨਾਲ ਪੁੱਛਿਆ।

ਤਾਂ ਮਰਵਾਹਾ ਸਾਹਿਬ ਹੋਰ ਭਾਵੁਕ ਹੋ ਗਏ.........

ਬੋਲੇ-'ਉਹ ਲੋਕ ਹਰ ਰੋਜ਼ ਆਉਂਦੇ ਰਹੇ...........

ਜਦੋਂ ਤੱਕ ਅਸੀਂ ਉੱਥੋਂ ਟੁਰ ਨਹੀ ਆਏ............'

33

# ਅਹਿਸਾਸ

## ਜਸਵੀਰ ਦੁਸਾਂਝ

ਰਾਜਧਾਨੀ ਐਕਸਪ੍ਰੈਸ ਨੂੰ ਦਿੱਲੀ ਰੇਲਵੇ ਸਟੇਸ਼ਨ ਤੋਂ ਰਵਾਨਾ ਹੋਏ ਕਰੀਬ ਇਕ ਘੰਟਾ ਹੋ ਚੁੱਕਾ ਸੀ। ਡੱਬੇ ਵਿਚ ਪੰਜ ਮੁਸਾਫਿਰ ਸਨ। ਡਾਕਟਰ, ਉਸ ਦਾ ਬੇਟਾ, ਇਕ ਲਖਨਊ ਦਾ, ਤੇ ਦੋ ਬੰਬਈ ਦੇ ਵਪਾਰੀ।

ਦਿੱਲੀ ਤੋਂ ਬੰਬਈ ਤੱਕ 18-20 ਘੰਟੇ ਦਾ ਸਫਰ ਸੀ। ਗੱਡੀ ਚੱਲਦੇ- ਚੱਲਦੇ, ਸ਼ਾਮ ਤਾਂ ਦਿੱਲੀ ਹੀ ਪੈ ਚੁੱਕੀ ਸੀ। ਆਪੋ-ਆਪਣੀਆਂ ਸੀਟਾਂ ਦੀ ਸੈਟਿੰਗ ਕਰਦੇ, ਸਮਾਨ ਨੂੰ ਸੀਟਾਂ ਹੇਠ ਬੰਨ੍ਹਣ ਤੋਂ ਬਾਅਦ, ਸਾਰੇ ਮੁਸਾਫਿਰ ਅਰਾਮ ਨਾਲ ਬੈਠ ਗਏ ਸਨ। ਕਿਸੇ ਨੇ ਮੈਗਜ਼ੀਨ ਪੜ੍ਹਨਾ ਸ਼ੁਰੂ ਕਰ ਦਿੱਤਾ, ਕਿਸ ਨੇ ਨਾਵਲ, ਲਖਨਊ ਵਾਲਾ ਵਪਾਰੀ ਆਪਣੇ ਹਿਸਾਬ-ਕਿਤਾਬ ਵਿਚ ਉਲਝ ਗਿਆ। ਸਾਹਮਣਲੀ ਸੀਟ ਤੇ ਬੈਠੇ ਬੰਬਈ ਦੇ ਦੋਵੇਂ ਬਿਜ਼ਨੈਸ-ਮੈਨ, ਤਾਸ਼ ਖੇਡਣੀ ਸ਼ੁਰੂ ਕਰ ਚੁੱਕੇ ਸਨ। ਇਹਨਾਂ ਵਿਚੋਂ ਇਕ ਪੂਰਾ ਗੁਰਸਿੱਖ ਸੀ ਤੇ ਇਕ ਹਿੰਦੂ। ਦੋਵੇਂ ਕਾਫੀ ਗੂੜ੍ਹੇ ਮਿੱਤਰ ਰਹੇ ਸਨ। ਕਾਫੀ, ਮਸ਼ਰੂਫ ਸਨ ਆਪਣੀ ਤਾਸ਼ ਦੀ ਖੇਡ ਵਿਚ।

ਤਕਰੀਬਨ ਇਕ ਘੰਟੇ ਬਾਅਦ, ਕੌਫੀ ਦਾ ਕੱਪ ਮੁਸਾਫਿਰਾਂ ਵਾਸਤੇ ਆ ਗਿਆ। ਕੌਫ਼ੀ ਪੀਣ ਤੋਂ ਪਿੱਛੋਂ, ਸਰਦਾਰ ਜੀ ਕੁਝ ਤਾਸ਼ ਦੀ ਖੇਡ ਤੋਂ ਹਟੇ। ਉਨ੍ਹਾਂ ਦੇਖਿਆ ਕਿ ਡਾਕਟਰ ਤੇ ਉਸਦਾ ਬੇਟਾ ਪੰਜਾਬੀ ਹਨ। ਉਸ ਦਿਨ ਹੀ ਐਟਲਾਂਟਾ ਵਿਖੇ ਕੁਝ ਦੇਰ ਬਾਅਦ ਭਾਰਤ ਅਤੇ ਪਾਕਿਸਤਾਨ ਦਾ ਹਾਕੀ ਦਾ ਮੈਚ ਹੋਣਾ ਸੀ। ਏਹ ਉਲੰਪਿਕ ਦਾ ਲੀਗ ਮੈਚ ਸੀ। ਸਰਦਾਰ, ਪੰਜਾਬੀ ਅਤੇ ਹਾਕੀ ਇਨ੍ਹਾਂ ਤਿੰਨਾਂ ਦੀ ਬਹੁਤ ਗਹਿਰੀ ਸਾਂਝ ਹੈ। ਅਤੇ ਖਾਸ ਤੌਰ ਤੇ ਜਦੋਂ ਭਾਰਤ ਅਤੇ ਪਾਕਿਸਤਾਨ ਦਾ ਮੈਚ ਹੋਵੇ ਤਾਂ ਦੋਵੇਂ ਪਾਸੀਂ ਲੋਕਾਂ ਵਿਚ ਜ਼ੋਸ਼ੋ-ਖਰੋਸ਼ ਹੁੰਦਾ ਹੈ। ਦੋਵੇ ਦੇਸ ਇਕ-ਦੂਸਰੇ ਨੂੰ ਕਿੰਨਾ ਪਿਆਰ ਕਰਦੇ ਹਨ, ਇਹ ਉਨ੍ਹਾਂ ਦੀ ਇਨ੍ਹਾਂ ਮੈਚਾਂ ਵਿਚਲੀ ਨਫ਼ਰਤ ਤੋਂ ਹੀ ਪਤਾ ਚੱਲ ਸਕਦਾ ਹੈ।

ਮੈਚ ਬੇਸ਼ੱਕ ਕ੍ਰਿਕਟ ਦਾ ਹੋਵੇ, ਪਰ ਦੋਵਾਂ ਦੇਸ਼ਾਂ ਦੇ ਲੋਕ, ਇਸ ਮੈਚ ਦੇ ਭੇੜ ਨੂੰ ਆਪਸੀ ਜੰਗ ਦਾ ਮੈਦਾਨ ਸਮਝ ਬੈਠਦੇ ਹਨ। ਬਹੁਤੀ ਵਾਰ ਵੱਡਾ ਵੀਰ, ਭਾਵ ਭਾਰਤ, ਛੋਟੇ ਵੀਰ ਪਾਕਿਸਤਾਨ ਹੱਥੋਂ ਮੈਚ ਹਾਰਦਾ ਹੀ ਰਿਹਾ ਹੈ। ਸਰਦਾਰ ਜੀ ਪੁੱਛਣ ਲੱਗੇ, "ਅੱਜ ਹਾਕੀ-ਮੈਚ ਦਾ ਕੀ ਬਣੇਗਾ?" ਸੈਮੀ-ਫਾਈਨਲ ਵਿਚ ਪੁੱਜਣ ਲਈ, ਭਾਰਤ ਲਈ ਇਹ ਮੈਚ ਜਿੱਤਣਾ ਜ਼ਰੂਰੀ ਸੀ। ਜੇ, ਦੋਵੇਂ ਟੀਮਾਂ ਬਰਾਬਰ ਰਹਿ ਜਾਂਦੀਆਂ ਤਾਂ ਦੋਵੇਂ ਟੀਮਾਂ ਟੂਰਨਾਮੈਂਟ ਬਾਹਰ ਹੋ ਜਾਣੀਆਂ ਸਨ।

ਗੱਲ ਹਾਕੀ ਦੇ ਮੈਚ ਤੋਂ ਚੱਲਦੀ-ਚੱਲਦੀ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਰਿਸ਼ਤੇ ਤੇ ਆਣ ਟਿਕੀ। ਹਿੰਦੂ-ਮੁਸਲਮਾਨਾਂ ਦੇ ਆਪਸੀ ਸੰਬੰਧ, ਕਸ਼ਮੀਰ ਮਸਲਾ, ਪੰਜਾਬ ਮਸਲਾ, ਹਿੰਦ-ਪਾਕਿ ਦੀਆਂ ਦੋ ਲੜਾਈਆਂ ਅਤੇ ਅਖ਼ੀਰ ਤੇ 1947 ਦੀ ਵੰਡ।

ਇੰਨੀ ਦੇਰ ਤੱਕ ਰਾਤ ਦਾ ਖਾਣਾ ਆ ਚੁੱਕਾ ਸੀ। ਖਾਣਾ ਖਾ ਕੇ ਸਾਰੇ ਮੁਸਾਫਿਰ ਹਿੰਦ-ਪਾਕਿ ਸੰਬੰਧਾਂ ਬਾਰੇ ਚਰਚਾ ਕਰਨ ਲੱਗ ਪਏ। ਲਖਨਊ ਦਾ ਵਪਾਰੀ ਵੀ, ਪੰਜਾਬੀ ਨਿਕਲਿਆ। ਪਹਿਲਾਂ ਉਹ ਕਾਫ਼ੀ ਚੁੱਪ ਸੀ। ਵੰਡ ਸੰਬੰਧੀ ਜਦ ਗਲ ਚੱਲੀ ਤਾਂ ਉਹ ਵੀ ਬੋਲ ਪਿਆ। ਸਿਆਲਕੋਟ ਤੋਂ ਆਏ ਸਨ, ਉਹਦੇ ਮਾਂ-ਬਾਪ। ਪਹਿਲਾਂ ਦਿੱਲੀ ਤੇ ਫੇਰ ਲਖਨਊ ਚਲੇ ਗਏ ਸਨ। ਉਸ ਨੇ ਆਪਣੇ ਬਚਪਨ ਦੇ ਸਿਆਲਕੋਟ ਵਿਚ ਬਤੀਤ ਕੀਤੇ ਦਿਨ, ਦਾਦੇ ਦੀ ਦੁਕਾਨਦਾਰੀ, ਫਿਰ 1947 ਦਾ ਉਜਾੜਾ, ਫਿਰ ਸ਼ਰਨਾਰਥੀ ਕੈਂਪਾਂ ਵਿਚ ਆਰਜ਼ੀ ਠਹਿਰਾਉ, ਆਦਿ ਸੰਬੰਧੀ ਜ਼ਿਕਰ ਕੀਤਾ।

ਅੱਜ-ਕੱਲ੍ਹ ਉਹਦਾ ਲਖਨਊ ਵਿਚ ਜਿੰਦਰਿਆਂ ਦਾ ਕੰਮ ਸੀ। ਉਹਦੀ ਕਹਾਣੀ ਸੁਣ ਕੇ ਸਰਦਾਰ ਜੀ ਪਾਸੋਂ ਵੀ ਆਪਣੇ ਮਨੋ-ਭਾਵ ਕਾਬੂ ਨਾ ਕਰ ਹੋਏ। ਸਰਦਾਰ ਜੀ ਦਾ ਨਾਂ ਮੋਹਣ ਸਿੰਘ ਸੇਠੀ ਸੀ। ਭਾਰਤ ਦੀ ਵੰਡ ਵੇਲੇ ਸੇਠੀ ਸਾਹਿਬ, 12-13 ਸਾਲ ਦੇ ਸਨ। ਬਾਪ ਸ.ਗੁਰਮੁੱਖ ਸਿੰਘ ਸੇਠੀ ਦੀ ਗੁਜਰਾਂਵਾਲੇ ਕਰਿਆਨੇ ਦੀ ਦੁਕਾਨ ਸੀ। ਆਪਣੇ ਇਲਾਕੇ 'ਚ ਦੁਕਾਨ ਬਹੁਤ ਚੱਲਦੀ ਸੀ। ਖਾਂਦਾ-ਪੀਂਦਾ ਪਰਵਾਰ ਸੀ। ਗੁਜਰਾਂਵਾਲੇ ਸ.ਗੁਰਮੁੱਖ ਸਿੰਘ ਨੇ ਛੋਟੀਆਂ ਇੱਟਾਂ ਦਾ ਆਪਣਾ ਇਕ ਬਹੁਤ ਅੱਛਾ ਮਕਾਨ ਬਣਾਇਆ। ਸੜਕ ਨੂੰ ਲੱਗਦੀ ਡਿਉੜ੍ਹੀ ਦੇ ਗੇਟ ਉੱਪਰ ਡਾਟ ਲਗਵਾਇਆ, ਦਰਵਾਜ਼ੇ ਅਤੇ ਛੱਤਾਂ ਵਿਚਾਲੇ ਗੁਰੂ ਨਾਨਕ, ਬਾਲੇ ਅਤੇ ਮਰਦਾਨੇ ਦੀਆਂ ਤਸਵੀਰਾਂ ਦੀ ਚਿੱਤਰਕਾਰੀ ਕਰਵਾਈ। ਡਿਉੜ੍ਹੀ ਪਾਰ ਕਰ, ਖੱਬੇ ਹੱਥ ਬਰਾਂਡਾ ਤੇ ਕਮਰੇ ਸਨ। ਸਾਹਮਣੇ ਵਿਹੜਾ, ਬਰਾਂਡੇ ਸਾਹਮਣੇ ਵਿਹੜੇ ਦੇ ਇਕ ਪਾਸੇ ਮੱਝ ਵਾਸਤੇ ਖੁਰਲੀ। ਨਲਕਾ ਵੀ ਲਗਵਾਇਆ। ਡਿਉੜ੍ਹੀ ਦੇ ਦਰਵਾਜ਼ੇ 'ਪਰ 'ਸ.ਗੁਰਮੁੱਖ ਸਿੰਘ ਸੇਠੀ' ਦਾ ਨਾਂ ਉਕਰਾਇਆ, ਤੇ ਨਾਲ ਹੀ ਸੰਨ 1907 ਈ: ਲਿਖਿਆ ਹੋਇਆ ਸੀ।

ਮੋਹਣ ਸਿੰਘ ਸੇਠੀ ਜੀ ਗੁਜਰਾਂਵਾਲੇ ਵਿਖੇ ਹਿੰਦੂ-ਮੁਸਲਮਾਨਾਂ ਦੇ ਆਪਸੀ ਭਾਈਚਾਰੇ ਦੀਆਂ ਗੱਲਾਂ ਦੱਸਦੇ-ਦੱਸਦੇ ਬਹੁਤ ਭਾਵੁਕ ਹੋ ਗਏ ਸਨ। 10-12 ਸਾਲ ਦੇ ਬੱਚੇ ਦੇ ਬਹੁਤੇ ਦੋਸਤ ਮੁਸਲਮਾਨ ਹੀ ਸਨ। ਉਹਨਾਂ ਬੱਚਿਆਂ ਕਦੀ ਸੋਚਿਆ ਵੀ ਨਹੀਂ ਸੀ, ਕਿ ਕਿਸੇ ਦਿਨ ਵੱਖ ਹੋ ਜਾਵਾਂਗੇ । 'ਕੱਠੇ ਸਕੂਲ ਜਾਣਾ, ਖੇਡਣਾ, ਪੰਤਗ ਉਡਾਣੇ, ਬਸੰਤ ਮਨਾਣੀ। ਫਿਰ, ਇਕ ਦਮ ਪਾਕਿਸਤਾਨ ਬਣਨ ਦਾ ਰੌਲਾ ਪੈ ਗਿਆ। ਸੰਨ 1947 ਦਾ ਮੰਦਭਾਗਾ ਭਾਦਰੋਂ ਦਾ ਮਹੀਨਾ ਐਸਾ ਚੜ੍ਹਿਆ, ਕਿ

ਬੱਸ ਸਰੀਰ ਦਾ, ਮਨ ਦਾ, ਆਤਮਾ ਦਾ, ਮਿੱਟੀ ਦਾ, ਪੌਣਾਂ ਦਾ ਬਟਵਾਰਾ ਹੋਣ ਲੱਗਾ? ਮੋਹਣ ਸਿੰਘ ਹੈਰਾਨ ਸੀ! 'ਇਹ, ਇਕ ਦਮ ਕੀ ਹੋ ਗਿਆ? ਸਾਡੇ ਮਾਂ-ਬਾਪ ਹੁਣ ਮੈਨੂੰ ਘਰੋਂ ਬਾਹਰ ਕਿਉਂ ਨਹੀਂ, ਆਪਣੇ ਮੁਸਲਮਾਨ ਦੋਸਤਾਂ ਨਾਲ ਖੇਡਣ ਦਿੰਦੇ? ਮਾਂ-ਬਾਪ ਕਿਉਂ ਸਹਿਮੇ ਹੋਏ ਹਨ?' ਪੰਜ ਵੱਡੀਆਂ ਭੈਣਾਂ ਵਿਚੋਂ ਤਿੰਨ ਦੀ ਸ਼ਾਦੀ ਹੋ ਚੁੱਕੀ ਸੀ। ਦੋ ਅਜੇ ਕੁੰਵਾਰੀਆਂ ਸਨ, ਤੇ ਸਭ ਤੋਂ ਛੋਟਾ ਮੋਹਣ ਸਿੰਘ। ਦੇਖਦੇ-ਦੇਖਦੇ ਘਰ ਖਾਲੀ ਕਰ ਕੇ ਗੁਜਰਾਂਵਾਲੇ ਤੋਂ ਕਾਫ਼ਲਾ ਚੱਲ ਪਿਆ। ਬੱਚਾ, ਮੋਹਣ ਸਿਘ ਆਪਣੇ ਮੁਸਲਮਾਨ ਦੋਸਤਾਂ ਨੂੰ ਮਿਲਣਾ ਚਾਹੁੰਦਾ ਸੀ, ਪਰ ਨਾ ਮਿਲ ਸਕਿਆ।

ਖੈਰ! ਦਿੱਲੀ ਆ ਗਏ, ਸ਼ਰਨਾਰਥੀ ਕੈਂਪ ਵਿਚ ਪਹੁੰਚ ਗਏ। ਦਿੱਲੀ ਤੋਂ ਇਕ ਰਿਸ਼ਤੇਦਾਰ ਦੀ ਸਹਾਇਤਾ ਨਾਲ, ਬੰਬਈ ਆ ਗਏ। ਗੁਰਮੁੱਖ ਸਿੰਘ ਸੇਠੀ ਨੇ ਪਹਿਲਾਂ ਬਹੁਤ ਗਰੀਬੀ ਦੀ ਹਾਲਤ ਵਿਚ ਆਪਣੀਆਂ ਦੋ ਕੁੰਵਾਰੀਆਂ ਲੜਕੀਆਂ ਵਿਆਹੀਆਂ, ਤੇ ਫਿਰ ਇਕ ਛੋਟਾ ਜਿਹਾ ਬਿਜ਼ਨੈਸ ਸ਼ੁਰੂ ਕੀਤਾ।

ਕੁਝ ਸਾਲਾਂ ਬਾਅਦ ਮੋਹਣ ਸਿੰਘ ਸੇਠੀ ਵੀ ਜਵਾਨ ਹੋ ਕੇ ਬਿਜ਼ਨੈਸ ਦੀ ਦੇਖਭਾਲ ਕਰਨ ਲੱਗਾ। ਹੌਲੀ-ਹੌਲੀ ਗੁਜਰਾਂਵਾਲੇ ਦਾ ਉਜਾੜਾ, ਕਾਫ਼ਲੇ ਦਾ ਸਫ਼ਰ, ਸੰਘਰਸ਼ ਦੇ ਦਿਨ, ਯਾਦਾਂ ਵਿਚੋਂ ਅਲੋਪ ਹੋਣੇ ਸ਼ੁਰੂ ਹੋ ਗਏ। ਬਜ਼ੁਰਗ ਬਿਮਾਰ ਰਹਿਣ ਲੱਗੇ। ਇਕ ਦਿਨ ਉਨ੍ਹਾਂ ਨੇ ਮੋਹਣ ਸਿੰਘ ਨੂੰ ਆਪਣੇ ਪਾਸ ਬੁਲਾਇਆ ਤੇ ਆਖਿਆ, "...... ਮੋਹਣ ਸਿੰਘ, ਮੈਂ ਤੈਨੂੰ ਇਕ ਗੱਲ ਦੱਸਣੀ ਚਾਹੁੰਦਾ ਹਾਂ।" ਮੋਹਣ ਸਿੰਘ ਸਮਝਿਆ ਕਿ ਬਾਪੂ ਜੀ ਪਤਾ ਨਹੀਂ ਕੀ ਆਖਣਾ ਚਾਹੁੰਦੇ ਹਨ?

"ਦੱਸੋ ਬਾਪੂ ਜੀ" - ਮੋਹਣ ਸਿੰਘ ਬੋਲਿਆ।

ਬਜ਼ੁਰਗ ਗੁਰਮੁਖ ਸਿੰਘ ਬੋਲੇ -"ਬੇਟਾ! ਗੁਜਰਾਂਵਾਲੇ ਵਾਲਾ ਮਕਾਨ ਖਹਿੜਾ ਨਹੀਂ ਛੱਡ ਰਿਹਾ, ਬਹੁਤ ਯਾਦ ਆਉਂਦੀ ਹੈ, ਉਸੇ ਦੀ। ਮੇਰੀ ਇਕ ਤੰਮਨਾਂ ਹੈ, ਕਿ ਤੂੰ ਇਕ ਵਾਰ ਜਦ ਵੀ ਵਕਤ ਮਿਲੇ, ਕਿਸੇ ਤਰ੍ਹਾਂ ਕਿਸੇ ਜਥੇ ਨਾਲ ਆਪਣੇ ਗੁਜਰਾਂਵਾਲੇ ਘਰ ਜ਼ਰੂਰ ਜਾਵੀਂ। 'ਜਪੁਜੀ ਸਾਹਿਬ' ਦਾ ਪਾਠ ਕਰ ਕੇ, ਅਰਦਾਸ ਕਰੀਂ, ਮੇਰੀ ਆਤਮਾ ਦੀ ਭਟਕਣਾ ਖਤਮ ਹੋਵੇ।" ਮੋਹਣ ਸਿੰਘ ਵੀ ਭਾਵੁਕ ਹੋ ਗਿਆ। ਉਸ ਨੂੰ ਵੀ ਆਪਣੇ ਬਚਪਨ ਦੀ ਯਾਦ ਆ ਗਈ।

ਗੁਰਮੁਖ ਸਿੰਘ ਦੇ ਇੰਤਕਾਲ ਤੋਂ ਬਾਅਦ, ਮੋਹਣ ਸਿੰਘ ਨੂੰ ਪਾਕਿਸਤਾਨ ਜਾਣ ਦਾ ਆਪਣਾ ਫਰਜ਼ ਯਾਦ ਆਇਆ। ਮੋਹਣ ਸਿੰਘ ਆਪਣੀ ਗੱਲ, ਅਜੇ ਅਗਾਂਹ ਤੋਰਨ ਹੀ ਵਾਲਾ ਸੀ, ਕਿ ਗੱਡੀ ਰਤਲਾਮ ਸਟੇਸ਼ਨ ਉੱਤੇ ਆ ਪਹੁੰਚੀ ਸੀ। ਫਿਰ ਕੌਫ਼ੀ ਦਾ ਕੱਪ ਆ ਗਿਆ। ਗਰਮ-ਗਰਮ ਕੌਫ਼ੀ ਨੇ ਸਭ ਮੁਸਾਫਿਰ ਤੇਜ਼ ਕਰ ਦਿੱਤੇ। ਬਾਹਰ ਬਰਸਾਤ ਵੀ ਬਹੁਤ ਤੇਜ਼ ਪੈ ਰਹੀ ਸੀ ਪਰ ਮੋਹਣ ਸਿੰਘ ਦੀ ਵਾਰਤਾਲਾਪ ਏਨੀ ਰਚਵੀਂ ਤੇ ਭਾਵਕ ਸੀ ਕਿ ਸਾਰੇ ਮੁਸਾਫਿਰ ਉਸ ਦੀ ਕਹਾਣੀ ਸੁਣਨ ਲਈ ਉਤਾਵਲੇ ਸਨ।

ਗੱਡੀ ਚੱਲ ਪਈ। ਲਖਨਊ ਵਾਲਾ ਵਪਾਰੀ ਵੀ ਭਾਵੁਕ ਹੋਇਆ, ਜਿਵੇਂ ਉਸਦੇ ਜ਼ਖ਼ਮ ਵੀ ਰਿਸ ਪਏ ਹੋਣ। ਉਹ ਮੋਹਣ ਸਿੰਘ ਨੂੰ ਆਖ ਰਿਹਾ ਸੀ, 'ਫਿਰ ਕੀ ਹੋਇਆ?'

ਮੋਹਣ ਸਿੰਘ ਨੇ ਦੱਸਿਆ,"ਮੈਂ ਇਕ ਜਥੇ ਨਾਲ ਗੁਜਰਾਂਵਾਲੇ ਜਾ ਪਹੁੰਚਿਆ। ਜਦ ਮੈਂ ਆਪਣੇ ਮੁਹੱਲੇ ਵਿਚ ਦਾਖਲ ਹੋਇਆ, ਤਾਂ ਮੈਨੂੰ ਆਪਣਾ ਬਚਪਨ ਯਾਦ ਆ ਗਿਆ। ਬਿਲਕੁਲ ਉਵੇਂ ਹੀ, ਓਹੀ ਮੁਹੱਲਾ, ਓਹੀ ਗਲੀ, ਜਿਵੇਂ ਮੈਂ ਤੀਹ ਸਾਲ ਪਹਿਲਾਂ ਛੱਡ ਕੇ ਗਿਆ ਸਾਂ। ਕੁਝ, ਨਹੀਂ ਸੀ ਬਦਲਿਆ।" ਮੋਹਨ ਸਿੰਘ ਆਖ ਰਿਹਾ ਸੀ, "ਜਿਵੇਂ-ਜਿਵੇਂ ਮੇਰੇ ਕਦਮ ਮੇਰੇ ਘਰ ਵੱਲ ਉਠ ਰਹੇ ਸਨ, ਮੈ ਪਾਗਲ ਜਿਹਾ ਹੋਇਆ, ਅੱਖਾਂ 'ਚ ਅੱਥਰੂ, ਮੌਨ ਹੋਇਆ, ਇਕ ਵੱਖਰੀ ਹੀ ਪ੍ਰਕਾਰ ਦੀ ਉਤਸੁਕਤਾ ਵਿਚ ਜਾ ਰਿਹਾ ਸਾਂ।

ਆਪਣੇ ਘਰ ਦੀ ਡਿਉੜ੍ਹੀ ਦੇ ਦਰਵਾਜ਼ੇ ਤੱਕ ਪਹੁੰਚਿਆਂ। ਓਹੀ ਗੁਰੂ ਨਾਨਕ, ਬਾਲੇ-ਮਰਦਾਨੇ ਦਾ ਚਿਤਰ, ਹੇਠ ਗੁਰਮੁੱਖ ਸਿੰਘ ਸੇਠੀ, ਸੰਨ 1907, ਦਰਵਾਜ਼ੇ ਉੱਪਰ ਸਾਫ਼ ਉੱਕਰੇ ਹੋਏ ਦਿਖਾਈ ਦੇ ਰਹੇ ਸਨ।

ਅੰਦਰ ਵੜਿਆ, ਨਲਕਾ ਉੱਥੇ ਦਾ ਉੱਥੇ ਹੀ ਸੀ, ਖੁਰਲੀ ਕਾਫੀ ਟੁੱਟ ਗਈ ਸੀ, ਪਰ ਹੈ ਸੀ। ਪਰ, ਕੋਈ ਲਵੇਰੀ ਨਹੀਂ ਸੀ। ਡਿਉੜ੍ਹੀ 'ਚ ਵੜ ਕੇ ਆਵਾਜ਼ ਦਿੱਤੀ, 'ਕੋਈ ਹੈ?' ਇਕ ਔਰਤ ਸਾਡੇ ਉਸ ਕਮਰੇ ਵਿੱਚੋਂ ਬਾਹਰ ਆਈ, ਜਿੱਥੇ ਅਸੀਂ ਸੌਂਦੇ ਸਾਂ। ਬਰਾਂਡਾ ਸਫੇਦੀ ਅਤੇ ਮੁਰੰਮਤ ਆਦਿ ਖੁਣੋਂ ਕਾਫੀ ਟੁੱਟ ਚੁੱਕਾ ਸੀ। ਸਾਡੇ ਕਮਰੇ ਵਾਲੇ ਦਰਵਾਜ਼ੇ ਅੱਗੇ ਇਕ ਬਹੁਤ ਹੀ ਗੰਦੀ ਤੇ ਟੁੱਟੀ-ਭੱਜੀ ਚਿਕ ਲੱਗੀ ਹੋਈ ਸੀ।

ਔਰਤ ਨੇ ਪੁੱਛਿਆ, "ਸਰਦਾਰ ਜੀ-ਕਿਸ ਨੂੰ ਮਿਲਣਾ ਹੈ?" ਮੋਹਣ ਸਿੰਘ ਨੇ ਦੱਸਿਆ ਕਿ, "ਉਸ ਦੀ ਪੰਜਾਬੀ ਸੁਣ ਕੇ ਮੈਂ ਬਹੁਤ ਖ਼ੁਸ਼ ਹੋਇਆ। ਅਤੇ ਉਸ ਔਰਤ ਨੂੰ ਦੱਸਿਆਂ, ਕਿ ਮੈਂ ਬੰਬਈ ਤੋਂ ਆਇਆ ਹਾਂ। ਇਹ ਜੋ-ਜੋ ਤੁਹਾਡੀ ਡਿਉੜ੍ਹੀ ਦੇ ਦਰਵਾਜ਼ੇ ਤੇ 'ਗੁਰਮੁੱਖ ਸਿੰਘ ਸੇਠੀ' ਅਜੇ ਤੱਕ ਵੀ ਲਿਖਿਆ ਹੋਇਆ ਹੈ-ਇਹ ਮੇਰੇ ਬਾਪ ਦਾ ਨਾਂ ਹੈ। ਮੈਂ ਜਥੇ ਨਾਲ ਆਇਆ ਸੀ, ਸੋਚਿਆ! ਆਪਣਾ ਘਰ ਵੇਖਦਾ ਜਾਵਾਂ।" ਮੋਹਣ ਸਿੰਘ ਇਹ ਆਖ ਕੁਝ ਚੁੱਪ ਕਰ ਗਏ। ਸ਼ਾਇਦ ਆਪਣੀਆਂ ਭਾਵਨਾਵਾਂ ਨੂੰ ਕਾਬੂ ਕਰ ਰਹੇ ਸਨ।

ਮੁਸਾਫਿਰ ਵੀ ਬਿਲਕੁਲ ਚੁੱਪ ਸਨ। ਮੋਹਣ ਸਿੰਘ ਫਿਰ ਬੋਲੇ, "ਉਸ ਮੁਸਲਮਾਨ ਔਰਤ ਦੇ ਚਿਹਰੇ 'ਤੇ ਕੁਝ ਅਜੀਬ ਹੀ ਤਰ੍ਹਾਂ ਦੇ ਪ੍ਰਭਾਵ ਦੇਖਣ ਨੂੰ ਮਿਲੇ। ਉਹ ਵੀ ਬਿਲਕੁਲ ਮੌਨ ਹੋ ਗਈ।"

ਫਿਰ ਉਸ ਆਖਿਆ, "ਭਾਅ ਜੀ ਅੰਦਰ ਆਵੋ, ਪਿਛਲੇ ਤੀਹ ਸਾਲ ਵਿਚ, ਓਸ ਪੰਜਾਬੋਂ! ਕੋਈ ਨਹੀਂ

ਆਇਆ। ਬੈਠੋ, ਮੇਰੇ ਖਾਵੰਦ ਮਜ਼ਦੂਰੀ ਕਰਦੇ ਨੇ। ਜਦੋਂ ਦਾ ਪਾਕਿਸਤਾਨ ਬਣਿਆ ਹੈ, ਅਸੀਂ ਏਥੇ ਹੀ ਰਹਿ ਰਹੇ ਹਾਂ। ਪਹਿਲਾਂ ਦੱਸੋ-ਕੀ ਪੀਉਗੇ?"

ਉਸ ਨੇ ਚਾਹ ਬਣਾਈ। ਜਿੰਨੀ ਦੇਰ ਉਹ ਚਾਹ ਬਣਾ ਰਹੀ ਸੀ, ਮੋਹਣ ਸਿੰਘ ਨੇ ਘਰ ਦੀ ਹਰ ਨੁੱਕਰ ਦੀ ਯਾਦ ਤਾਜ਼ਾ ਕੀਤੀ। ਘਰ ਦੀ ਛੱਤ 'ਤੇ ਗਿਆ, ਬਚਪਨ ਦੇ ਪੰਤਗ ਉਡਾਉਣ ਦੇ ਦਿਨਾਂ ਨੂੰ ਚੇਤੇ ਕੀਤਾ, ਤੇ ਰੋਂਦਾ ਹੋਇਆ ਹੇਠਾਂ ਵਿਹੜੇ ਵਿਚ ਆ ਗਿਆ। ਚਾਹ ਆ ਚੁੱਕੀ ਸੀ, ਚਾਹ ਪੀਤੀ। ਵਿਹੜੇ ਵਿਚ ਪਈ ਇਕ ਟੁੱਟੀ ਜਿਹੀ ਮੰਜੀ ਉਤੇ ਬੈਠ, ਹੱਥ ਧੋ ਕੇ 'ਜਪੁਜੀ ਸਾਹਿਬ' ਦਾ ਪਾਠ ਕੀਤਾ। ਬਾਪੂ ਜੀ ਵੱਲੋਂ ਦੱਸੀ 'ਅਰਦਾਸ' ਕੀਤੀ, ਅਤੇ ਫੇਰ ਮੁਸਲਮਾਨ ਬੀਬੀ ਪਾਸ ਆ ਗਿਆ। ਏਨੇ ਵਿਚ ਬੱਚੇ ਵੀ ਆ ਗਏ ਸਨ।

"ਇਹ ਮੇਰਾ ਵੱਡਾ ਪੁੱਤਰ ਹੈ, ਇਹ ਵੀ ਮਜ਼ਦੂਰੀ ਕਰਦਾ ਹੈ। 'ਪੁੱਤਰ! ਇਹ ਭਾਰਤ ਤੋਂ ਆਏ ਹਨ;' ਵੰਡ ਵੇਲੇ ਭਾਅ ਜੀ, ਇਹ ਪੈਦਾ ਹੀ ਹੋਇਆ ਸੀ।"

ਮੋਹਣ ਸਿੰਘ ਨੇ ਪੁੱਛਿਆ, "ਅਜੇ ਤੱਕ ਵਿਆਹ ਨਹੀਂ ਕੀਤਾ?" ਮੋਹਣ ਸਿੰਘ ਦਾ ਇਹ ਸਵਾਲ ਸੁਣ, ਮੁਸਲਮਾਨ ਬੀਬੀ ਬਿਲਕੁਲ ਚੁੱਪ ਕਰ ਗਈ।

ਮੋਹਣ ਸਿੰਘ ਨੇ ਔਰਤ ਨੂੰ ਪੁੱਛਿਆ, "ਕਿ ਤੁਹਾਡਾ ਕੀ ਨਾਮ ਹੈ?"

ਔਰਤ ਬੋਲੀ, "ਮੇਰਾ ਨਾਮ ਨਫੀਸਾ ਹੈ। ਖਾਵੰਦ ਦਾ ਨਾਮ ਮੁਹੰਮਦ, ਬੇਟੇ ਦਾ ਨਾਮ ਫਕੀਰ ਦੀਨ।"

ਨਫੀਸਾ ਬੋਲੀ, "ਸਰਦਾਰ ਜੀ ਕਿਥੋਂ ਆਏ ਹੋ?"

ਮੋਹਣ ਸਿੰਘ ਨੇ ਦੱਸਿਆ ਕਿ, "ਬੰਬਈ ਤੋਂ ਆਇਆ ਹਾਂ।"

ਨਫੀਸਾ ਨੇ ਦੱਸਣਾ ਸ਼ੁਰੂ ਕੀਤਾ-"ਅਸੀਂ ਹੁਸ਼ਿਆਰਪੁਰ ਤੋਂ ਆਏ ਹਾਂ। ਘੰਟਾ-ਘਰ ਤੋਂ ਖੱਬੇ ਹੱਥ ਕਚਿਹਰੀਆਂ ਵੱਲ ਜੋ ਸੜਕ ਜਾਂਦੀ ਹੈ, ਉੱਥੇ ਸਾਡੀ ਲੋਹੇ ਦੀ ਦੁਕਾਨ ਸੀ। ਘੰਟਾ-ਘਰ ਚੌਕ ਤੋਂ ਅੰਦਰ ਜਾ ਕੇ ਖੱਬੇ ਹੱਥ ਜੋ ਗਲੀ ਮੁੜਦੀ ਹੈ, ਉਹਦੇ ਅਖੀਰ ਤੇ ਸਾਡਾ ਘਰ ਸੀ। ਦੁਕਾਨ ਵਿਚ ਕਾਫੀ ਮਾਲ ਸੀ। ਮਕਾਨ ਬਨਾਉਣ ਵੇਲੇ ਸਾਰਾ ਸਮਾਨ ਸਾਡੀ ਦੁਕਾਨ ਤੋਂ ਜਾਂਦਾ ਸੀ, ਅਸੀਂ ਬਹੁਤ ਖੁਸ਼ ਸਾਂ। ਮੇਰਾ ਨਵਾਂ-ਨਵਾਂ ਵਿਆਹ ਹੋਇਆ ਸੀ, ਘਰ ਚੰਗਾ ਸੀ, ਮੈਂ ਬੜੀ ਖੁਸ਼ ਸਾਂ। ਵੰਡ ਵੇਲੇ, ਇਹ ਫਕੀਰ ਦੀਨ ਪੈਦਾ ਹੋਣ ਵਾਲਾ ਸੀ। ਕਦੀ ਸੋਚਿਆ ਵੀ ਨਹੀਂ ਸੀ! ਕਿ 47 ਦੀ ਵੰਡ ਵਾਲਾ ਭਾਣਾ ਵੀ ਵਾਪਰ ਜਾਵੇਗਾ? 'ਅੱਲਾ' ਨੂੰ ਜੋ ਮਨਜ਼ੂਰ ਸੀ, ਉਹ ਵਾਪਰ ਗਿਆ। ਖਾਂਦਾ-ਪੀਂਦਾ ਘਰ-ਬਾਰ, ਕਾਰੋਬਾਰ ਛੱਡ ਕੇ, ਉੱਜੜ ਕੇ ਇੱਥੇ ਗੁਜਰਾਂਵਾਲੇ ਆ ਗਏ। ਤੁਹਾਡਾ ਘਰ ਸਾਨੂੰ ਮਿਲ ਗਿਆ, ਪਰ ਸਭ ਕੁਝ ਬਰਬਾਦ ਹੋ ਗਿਆ। ਲੱਖਾਂ ਤੋਂ ਕੱਖਾਂ ਦੇ ਬਣ ਗਏ। ਮੁਹੰਮਦ, ਮਜ਼ੂਰੀ ਕਰਦਾ ਏ, ਫਕੀਰ ਦੀਨ ਵੀ ਬਚਪਨ ਤੋਂ ਹੀ ਮਜ਼ੂਰੀ ਕਰਨ ਲੱਗ ਪਿਆ। ਘਰ ਦਾ ਖ਼ਰਚਾ ਫੇਰ ਵੀ ਨਹੀਂ ਚੱਲਦਾ। ਮਜ਼ੂਰੀ ਵਿਚ, ਗਰੀਬੀ ਵਿਚ, ਫਕੀਰ ਦਾ ਵਿਆਹ ਵੀ ਨਹੀਂ ਹੋ ਸਕਿਆ, ਘਰ ਦੀ ਮੁਰੰਮਤ ਤਾਂ, ਇਕ ਪਾਸੇ ਰਹੀ!

'ਸਰਦਾਰਜੀ! ਅੱਲਾ-ਤਾਲਾ ਨੇ ਏਹ ਕੀ ਕੀਤਾ?' ਜਦੋਂ ਦਾ ਪਾਕਿਸਤਾਨ ਬਣਿਐ, ਅਸੀਂ ਤਾਂ ਰੁੱਲ ਗਏ। ਤੁਸੀਂ ਰੋਂਦੇ ਜ਼ਰੂਰ ਹੋ, ਆਪਣੇ ਮਕਾਨ ਨੂੰ ਦੇਖ ਕੇ, ਪਰ ਤੁਸੀਂ ਵਾਹਵਾ ਸਰਦੇ-ਪੁੱਜਦੇ ਲੱਗਦੇ ਹੋ, ਜਿਹੜੇ ਪਾਕਿਸਤਾਨ ਆ ਕੇ ਆਪਣੇ ਘਰ ਵੀ ਆ ਗਏ।'

ਭਾਅ ਜੀ! ਅਸੀਂ ਤੇ ਬਹੁਤ ਦੁਖੀ ਹਾਂ, ਮਜ਼ੂਰੀ ਨਾਲ ਸਾਡਾ ਕੁਝ ਬਣਦਾ ਨਹੀਂ, ਹੁਸ਼ਿਆਰਪੁਰ ਅਸੀਂ ਮੌਜਾਂ ਕਰਦੇ ਸਾਂ। ਭਾਅ ਜੀ, ਤੁਸੀ ਆਪਣੇ ਇਸ ਘਰ ਨੂੰ ਏਨਾਂ ਪਿਆਰ ਕਰਦੇ ਹੋ, ਕੀ ਇੰਝ ਨਹੀਂ ਹੋ ਸਕਦਾ, ਕਿ ਤੁਸੀ ਏਥੇ ਆਪਣੇ ਘਰ ਆ ਜਾਵੋਂ, ਤੇ ਅਸੀਂ ਆਪਣੇ ਘਰ ਹੁਸ਼ਿਆਰਪੁਰ ਚਲੇ ਜਾਈਏ?"

ਮੋਹਣ ਸਿੰਘ, ਨਫੀਸਾ ਦੀ ਸਾਰੀ ਵਾਰਤਾਲਾਪ ਸੁਣ ਕੇ ਬਹੁਤ ਭਾਵੁਕ ਹੋ ਗਿਆ। ਇਕ ਗਹਿਰੀ ਪੀੜਾ, ਉਸ ਅੰਦਰ ਚੀਸ ਵੱਟ ਰਹੀ ਸੀ, ਕੁਝ ਨਹੀਂ ਬੋਲਿਆ।

ਰਾਜਧਾਨੀ ਐਕਸਪ੍ਰੈਸ, ਬੰਬਈ ਵੱਲ ਵਧੀ ਜਾ ਰਹੀ ਸੀ। ਮੋਹਣ ਸਿੰਘ ਰੋ ਰਿਹਾ ਸੀ, ਉਸ ਦਾ ਹਿੰਦੂ ਦੋਸਤ ਵੀ ਭਿੱਜੀਆਂ ਅੱਖਾਂ ਨਾਲ, ਆਪਣੇ ਮਿੱਤਰ ਵੱਲ ਵੇਖ ਰਿਹਾ ਸੀ। ਡਾਕਟਰ ਤੇ ਉਸ ਦਾ ਬੇਟਾ ਚੁੱਪ ਸਨ। ਲਖਨਊ ਦਾ ਵਪਾਰੀ ਵੀ ਚੁੱਪ ਸੀ। .......ਪਰ, ਸਾਰਿਆਂ ਦੀ ਚੁੱਪ, ਇਕ ਗਹਿਰਾ .......ਦਰਦ-ਭਰਿਆ, ਅਹਿਸਾਸ ਦੱਬਣ ਦੀ ਕੋਸ਼ਿਸ਼ ਕਰ ਰਹੀ ਸੀ।

---

ਸਿਖਰ ਦੁਪਹਿਰਾਂ ਜੇਠ ਦੀਆਂ ਨੂੰ, ਸਾਉਣ ਕਿਵੇਂ ਮੈਂ ਆਖਾਂ,
ਚੌਹੀਂ ਕੂੰਟੀ ਭਾਵੇਂ ਲੱਗਣ, ਲੱਖ ਤੀਆਂ ਦੇ ਮੇਲੇ।

-ਸ਼ਿਵ ਕੁਮਾਰ ਬਟਾਲਵੀ-

34

## ਕਾਫ਼ਲਾ

### ਜਸਬੀਰ ਭੁੱਲਰ

ਨਿੱਕਰ ਪਾਉਣ ਲੱਗਿਆਂ ਉਹਦੇ ਦੋਵੇਂ ਪੈਰ ਇਕੋ ਪੌਂਚੇ ਵਿਚ ਫਸ ਗਏ ਤੇ ਉਹ ਡਿੱਗ ਪਿਆ। ਮਾਂ ਉਹਦੇ ਵੱਲ ਵੇਖ ਕੇ ਨਿੰਮ੍ਹਾਂ ਜਿਹਾ ਮੁਸਕਰਾਈ ਤਾਂ ਉਹ ਰੋਣ ਲੱਗ ਪਿਆ।

ਨਿੱਕਰ ਠੀਕ ਕਰਕੇ ਪਾਉਂਦਿਆਂ ਮਾਂ ਨੇ ਉਹਨੂੰ ਵਰਾਇਆ, "ਵੇਖ, ਜਦੋਂ ਤੂੰ ਵੱਡਾ ਹੋਜੇਂਗਾ ਨਾ, ਤਾਂ ਸਾਰੇ ਕੰਮ ਆਪੇ ਠੀਕ ਕਰ ਲਿਆ ਕਰੇਂਗਾ।"

ਗੁਰਮੇਲ ਕੌਰ ਦੀ ਗੱਲ ਵੱਲ ਧਿਆਨ ਦੇਂਦਿਆਂ ਉਹਨੂੰ ਰੋਣ ਦਾ ਚੇਤਾ ਭੁੱਲ ਗਿਆ। ਉਸ ਆਪਣਾ ਹੱਥ ਛੱਤ ਵੱਲ ਲੰਮਾ ਕਰ ਦਿੱਤਾ, "..........ਤੇ ਮੈਂ ਫੇਰ ਏਡਾ ਵੱਡਾ ਹੋਜੂੰਗਾ?"

"ਹਾਂ, ਬਹੁਤ ਵੱਡਾ। "

"ਮੈਂ ਫੇਰ ਸਾਰੇ ਕੰਮ ਆਪੇ ਠੀਕ ਕਰ ਲਿਆ ਕਰੂੰਗਾ?"

"ਹਾਂ!"

"......ਤੇ ਮੇਰੇ ਫੇਰ.......।"

ਕਾਲੀ ਬੋਲੀ ਹਨ੍ਹੇਰੀ ਦਾ ਤੌਖਲਾ ਤੱਕ ਵੀ ਨਹੀਂ ਸੀ, ਪਰ ਬਾਹਰਲਾ ਬੂਹਾ ਕੁਝ ਇਸ ਤਰ੍ਹਾਂ ਖੜਕਿਆ ਜਿਵੇਂ ਝੱਖੜ ਭੁੱਲ ਪਿਆ ਹੁੰਦਾ ਹੈ। ਗੁਰਮੇਲ ਕੌਰ ਤ੍ਰਬਕ ਉੱਠੀ ਤੇ ਦਰਵਾਜ਼ੇ ਵੱਲ ਦੌੜੀ।

ਹਾਕ ਦੀਆਂ ਗਿਰਝਾਂ ਨੇ ਲਗਾਤਾਰ ਪਰ ਫੜਫੜਾਏ। ਹੱਥਾਂ ਨੇ ਵਾਰ-ਵਾਰ ਬੂਹੇ 'ਤੇ ਥਾਪ ਦਿੱਤੀ।

ਗੁਰਮੇਲ ਕੌਰ ਨੇ ਹਰਫ਼ਲੀ ਹੋਈ ਨੇ ਦਰਵਾਜ਼ਾ ਖੋਲ੍ਹਿਆ। ਬਿੱਕਰ ਨੇ ਅੰਦਰ ਵੜਦਿਆਂ ਸਾਰ ਹੀ ਕੁੰਡਾ ਅੜਾ ਦਿੱਤਾ। ਉਹ ਕੁਝ ਘਬਰਾਇਆ ਹੋਇਆ ਸੀ। ਉਹਦੇ ਮੱਥੇ 'ਤੇ ਮੁੜ੍ਹਕੇ ਦੀਆਂ ਬੂੰਦਾਂ ਸਨ ਬਾਂਹ ਨਾਲ ਮੱਥੇ ਦਾ ਮੁੜ੍ਹਕਾ ਪੂੰਝਦਿਆਂ ਉਸ ਲੰਮਾ ਸਾਹ ਲਿਆ।

ਆਟੇ ਵਾਲੇ ਪੀਪੇ 'ਚੋਂ ਛਾਨਣੀ ਲੈ ਕੇ ਉਸ ਨਲਕੇ ਹੇਠ ਰੱਖ ਦਿੱਤੀ। ਝੋਲਾ ਉਲੱਦਿਆ ਤਾਂ ਲਹੂ ਲਿਬੜੇ ਗਹਿਣਿਆਂ ਦਾ ਢੇਰ ਛਾਨਣੀ ਵਿਚ ਲੱਗ ਗਿਆ। ਲਹੂ ਨਾਲ ਦਾਗੀ ਹੋਇਆ ਝੋਲਾ ਉਸ ਗੁਰਮੇਲ ਕੌਰ ਵੱਲ ਸੁੱਟ ਦਿੱਤਾ, "ਏਹਨੂੰ ਚੁੱਲ੍ਹੇ 'ਚ ਰੱਖ ਕੇ ਹੁਣੇ ਫੂਕ ਸੁੱਟ, ਨੈਂ ਜਾਣੀਏਂ ਕਿਤੇ ............।"

ਸਹਿ-ਸਹਿ ਕਰਦੀ ਸ਼ਾਮ ਪਲ ਛਿਣ ਵਿਚ ਡੁੱਬ ਗਈ।

ਉਸ ਮਿਆਨ ਕੰਧ ਨਾਲ ਟਿਕਾ ਦਿੱਤਾ ਤੇ ਕਿਰਪਾਨ ਦੀ ਨੋਕ ਨਾਲ ਛਾਨਣੀ ਖਿੱਚ ਕੇ ਨਲਕੇ ਹੇਠ ਕਰ ਲਈ।

ਨਲਕਾ ਗੇੜਕੇ ਉਸ ਕਿਰਪਾਨ ਤੋਂ ਸੁੱਕਾ ਲਹੂ ਧੋਤਾ। ਗਿੱਲੀ ਕਿਰਪਾਨ ਗਲ ਵਾਲੇ ਕਮੀਜ਼ ਨਾਲ ਪੂੰਝਕੇ , ਕਿਰਪਾਨ ਦੀ ਧਾਰ ਨੂੰ ਪਰਖਿਆ ਤੇ ਕਿਰਪਾਨ ਮਿਆਨ ਵਿਚ ਪਾ ਦਿੱਤੀ।

ਨਿੱਕਾ ਆ ਕੇ ਪੈਰਾਂ ਭਾਰ ਖੁਰੇ ਦੀ ਬਨੇਰੀ 'ਤੇ ਬਹਿ ਗਿਆ। ਬਿੱਕਰ ਨੇ ਨਲਕਾ ਗੇੜਦਿਆਂ ਉਹਨੂੰ ਘੂਰਿਆ, "ਜਾਹ ਪਹਿਲਾਂ ਨਿੱਕਰ ਦੇ ਬਟਨ ਬੰਦ ਕਰਵਾ ਕੇ ਆ, ਫੁੱਲੋ ਕੱਢੀਂ ਫਿਰਦੈਂ।"

ਨਿੱਕਾ ਨਿੰਮੋਂ ਝੂਣਾ ਉੱਠ ਕੇ ਮਾਂ ਕੋਲ ਆ ਗਿਆ। ਉਸ ਸ਼ਕਾਇਤ ਕਰਨ ਵਾਂਗ ਛਿੱਟਿਆਂ ਨਾਲ ਗਿੱਲੀ ਹੋ ਗਈ ਨਿੱਕਰ ਗੁਰਮੇਲ ਕੌਰ ਨੂੰ ਵਿਖਾਈ। ਗੁਰਮੇਲ ਕੌਰ ਨੇ ਛਿੱਟੇ ਝਾੜੇ ਤੇ ਨਿੱਕੇ ਦੀ ਨਿੱਕਰ ਦੇ ਬਟਨ ਬੰਦ ਕਰਨ ਲੱਗ ਪਈ, "ਜੇ ਪਿਉ ਕੋਲ ਏਤਰ੍ਹਾਂ ਹੀ ਢੁੱਕ ਢੁੱਕ ਬਹੇਂਗਾ, ਫੇਰ ਛਿੱਟੇ ਤਾਂ ਪੈਣਗੇ ਹੀ।"

ਬਿੱਕਰ ਨੇ ਗਹਿਣਿਆਂ ਨੂੰ ਮਲ ਮਲ ਧੋਤਾ ਤੇ ਇਕੱਲੇ-ਇਕੱਲੇ ਗਹਿਣੇ ਨੂੰ ਚਾਨਣ ਵੱਲ ਕਰ ਕੇ ਪਰਖਿਆ। ਗਹਿਣਿਆਂ ਉੱਤੇ ਲਹੂ ਲੱਗੇ ਰਹਿ ਜਾਣ ਦਾ ਸੰਸਾ ਹਾਲੇ ਵੀ ਬਾਕੀ ਸੀ। ਉਸ ਇੱਕ ਵਾਰੀ ਮੁੜ ਸਾਰੇ ਗਹਿਣੇ ਨਲਕੇ ਹੇਠ ਰੱਖ ਦਿੱਤੇ ਤੇ ਨਵੇਂ ਸਿਰਿਉਂ ਪਾਣੀ ਗੇੜਨ ਲੱਗ ਪਿਆ।

ਨਿੱਕੇ ਨੇ ਗੱਲਾਂ ਦੀ ਟੁੱਟੀ ਲੜੀ ਮੁੜ ਜੋੜ ਲਈ, "ਮਾਂ ਜਦੋਂ ਮੈਂ ਵੱਡਾ ਹੋਜੂੰਗਾ ਫੇਰ ਮੇਰੇ ਦਾੜ੍ਹੀ ਵੀ ਆਜੂਗੀ ਨਾ?"

"ਹਾਂ ..........ਆਜੂਗੀ!"

"ਮੈਂ ਫੇਰ ਬਾ ਜੀ ਬਣੂਗਾ? "

ਗੁਰਮੇਲ ਕੌਰ ਨੇ ਘਬਰਾ ਕੇ ਨਿੱਕੇ ਵੱਲ ਵੇਖਿਆ ਤੇ ਫੇਰ ਉਹਦੀ ਨਜ਼ਰ ਪੈਰਾਂ ਵਿਚ ਡਿਗੇ ਪਏ ਝੋਲੇ 'ਤੇ ਅਟਕ ਗਈ। ਉਸ ਕਾਹਲੀ ਨਾਲ ਨਿੱਕੇ ਦੇ ਮੱਥੇ ਤੇ ਹੱਥ ਫੇਰਿਆ, ਜਿਵੇਂ ਪੈਰਾਂ ਨਾਲ ਉੱਡੀ ਧੂੜ ਨੂੰ ਨਿੱਕੇ ਦੇ ਮੱਥੇ ਤੋਂ ਪੂੰਝ ਰਹੀ ਹੋਵੇ।

ਅਸਲ ਵਿਚ ਘਰ ਦੀ ਵਲਗਣ ਨੂੰ ਖ਼ਬਰ ਹੀ ਨਹੀਂ ਸੀ, ਕਿ ਪਿਛਲੇ ਕੁਝ ਦਿਨਾਂ ਤੋਂ ਮੌਸਮ ਵੱਢ-ਟੁੱਕ ਦਾ ਸੀ। ਹਵਾ ਦੀ ਸ਼ਾਂ-ਸ਼ਾਂ ਵਿਚ ਆਦਮ-ਬੋ ਦਾ ਰੌਲਾ ਸੀ। ਲੋਕੀ ਸੱਚ ਤੋਂ ਤ੍ਰਹਿ ਕੇ ਸੁਪਨਿਆਂ ਤੋਂ ਪਨਾਹ ਮੰਗਣ ਲੱਗ ਪਏ ਸਨ, ਪਰ ਸੁਪਨਿਆਂ ਕੋਲ ਵੀ ਕਿਹੜੀ ਕੋਈ ਛੱਤ ਸੀ। ਸੁਪਨੇ ਤਾਂ ਆਪ ਨਿਥਾਵੇਂ ਸਨ।

ਤੇ, ਹੁਣ ਉਹ ਹਵਾੜਿਆਂ ਦੀ ਤਸਦੀਕ ਤੋਂ ਘਬਰਾਈ ਬੈਠੀ ਸੀ। ਬਿੱਕਰ ਦੀਆਂ ਨਜ਼ਰਾਂ ਗੁਰਮੇਲ ਕੌਰ ਨਾਲ ਮਿਲੀਆਂ ਤਾਂ ਉਹਦੇ ਚਿਹਰੇ ਦੀ ਚਾਨਣੀ ਝੌਂਅ ਗਈ। ਹੱਥਲੀ ਛਾਨਣੀ ਕੰਬੀ, ਕੁਝ ਕਤਰੇ ਕਿਣ-ਮਿਣ ਵਾਂਗ ਵੱਸੇ।

ਨਿੱਕੇ ਨੇ ਆਪਣਾ ਹੱਥ ਛਾਨਣੀ ਹੇਠ ਪਸਾਰ ਕੇ, ਛਾਨਣੀ ਨੂੰ ਮੁੜ ਹਿਲਾਇਆ ਤੇ ਆਪਣੀ ਤਲੀ 'ਤੇ ਨਿੱਕੇ-ਨਿੱਕੇ ਕਤਰੇ ਵੇਖਕੇ ਖੂਬ ਹੱਸਿਆ।

ਬਿੱਕਰ ਨੂੰ ਜਾਪਿਆ, ਜਿਵੇਂ ਕੀਤੀ-ਕੱਤਰੀ 'ਤੇ

ਖੇਹ ਪੈ ਗਈ ਹੁੰਦੀ ਹੈ। ਉਸ ਸ਼ਰਾਬ ਵਿਚ ਲੋੜ ਜੋਗਾ ਪਾਣੀ ਮਿਲਾਇਆ ਤੇ ਗਲਾਸ ਫੜ ਕੇ ਮੰਜੇ ਦੀ ਹੀਅ 'ਤੇ ਆ ਬੈਠਾ।

"ਤੂੰ ਐਵੇਂ ਨਾ ਝੁਰਦੀ ਰਿਹਾ ਕਰ। ਘਰ ਦਾ ਕਾਲ ਕਲੀਖਾਂ ਨਾਲ ਨਹੀਂ ਸੀ, ਨਿਕਲਣਾ। ਤੂੰ ਸਗੋਂ ਰੱਬ ਤੋਂ ਸੁੱਖ ਮੰਗ ਕਿ............।" ਉਹ ਠੇਠਰ ਹਾਸਾ ਹੱਸਿਆ। ਸ਼ਰਾਬ ਵਿਚ ਉਂਗਲ ਡਿਬੋ ਕੇ ਉਸ ਸ਼ਰਾਬ ਦੇ ਛਿੱਟੇ ਜ਼ਮੀਨ 'ਤੇ ਮਾਰੇ। ਧਰਤੀ ਨੂੰ ਭੋਗ ਲਾਉਣ ਪਿੱਛੋਂ ਉਸ ਇੱਕੋ ਡੀਕ ਨਾਲ ਗਲਾਸ ਅੱਧਾ ਖਾਲੀ ਕਰ ਦਿੱਤਾ, "ਪਤੈ ............ਭਲਕੇ ਇੱਥੋਂ ਦੀ ਵੀ ਕਾਫ਼ਲਾ ਲੰਘ ਰਿਹੈ !"

ਨਿੱਕਾ ਭੁੰਜੇ ਬੈਠਾ ਲੱਕੜੀ ਦੇ ਗੱਟਿਆਂ ਨਾਲ ਘਰ ਬਨਾਉਣ ਖੇਡ ਰਿਹਾ ਸੀ। ਉਹਨੇ ਹੱਥ ਮਾਰ ਕੇ ਬਣਿਆ ਬਣਾਤਾ ਘਰ ਢਾਹ ਦਿੱਤਾ ਤੇ ਉੱਠ ਕੇ ਮਾਂ ਕੋਲ ਆ ਗਿਆ।

ਜਦੋਂ ਪਿੱਛੇ ਜਿਹੇ ਸ਼ਹਿਰ ਵਿਚ ਸਰਕਸ ਆਈ ਸੀ, ਤਾਂ ਨਿੱਕੇ ਨੇ ਹਾਥੀ , ਸ਼ੇਰ , ਚੀਤੇ ਤੇ ਰਿੱਛ ਬਾਰੇ ਅੰਚਭੇ ਨਾਲ ਸੁਣਿਆ ਸੀ ਤੇ ਫਿਰ ਉਹਨਾਂ ਜਾਨਵਰਾਂ ਨੂੰ ਉਸ ਉਮਾਂਹ ਨਾਲ ਵੇਖਿਆ ਵੀ। ਕਾਫ਼ਲਾ ਵੀ ਇਹੋ ਜਿਹੀ ਕੋਈ ਅਲੋਕਾਰ ਸ਼ੈਅ ਸੀ । ਗੁਰਮੇਲ ਕੌਰ ਦੇ ਮੋਢੇ ਨਾਲ ਲਗਦਿਆਂ ਉਸ ਰਿਹਾੜ ਕੀਤੀ, "ਮੈਂ ਕਾਫ਼ਲਾ ਵੇਖਣਾ ਏਂ ਮਾਂ!"

ਸਿਰ 'ਤੇ ਖ਼ਤਰਿਆਂ ਦੇ ਬੱਦਲ ਘੁਲੇ ਹੋਏ ਸਨ। ਹੁਣ ਝੜੀ ਨੇ ਬਹੁਤ ਲੰਮਿਆਂ ਹੋ ਜਾਣਾ ਸੀ। ਉਹ ਨਿੱਕੇ ਨੂੰ ਖਿੱਝ ਕੇ ਪਈ, "ਕਾਫ਼ਲੇ ਵੇਖਣ ਲਈ ਤੇਰਾ ਪਤੰਦਰ ਈ ਬਹੁਤ ਐ! ਖ਼ਬਰਦਾਰ! ਜੇ ਘਰੋਂ ਬਾਹਰ ਪੈਰ ਵੀ ਧਰਿਆ ਤਾਂ............।"

ਬਿੱਕਰ ਰੋਟੀ ਟੁੱਕ-ਖਾ ਕੇ ਕਾਫ਼ਲੇ ਦੀ ਖ਼ਬਰਸਾਰ ਲਈ ਜਾ ਚੁੱਕਿਆ ਸੀ। ਗੁਰਮੇਲ ਕੌਰ ਵੀ ਆਪਣਾ ਆਹਰ ਮੁਕਾ ਕੇ ਘੜੀ ਕੁ ਦੇ ਆਰਾਮ ਲਈ ਲੇਟ ਗਈ। ਦੁਪਹਿਰ ਦੀ ਉਂਘ ਨਾਲ ਘਰ ਵਿਚ ਸੁੰਞ ਮਸਾਣ ਵਰਤ ਗਈ। ਨਿੱਕੇ ਨੇ ਬਰਾਂਡੇ ਵਿਚ ਸੁੱਤੀ ਪਈ ਮਾਂ ਵੱਲ ਵੇਖਿਆ, ਤੇ ਫੇਰ ਪੱਬਾਂ ਭਾਰ ਬਾਹਰਲੇ ਦਰਵਾਜ਼ੇ ਤੱਕ ਪਹੁੰਚ ਗਿਆ। ਕੁੰਡੇ 'ਚੋਂ ਚਿਮਟਾ ਕੱਢ ਕੇ, ਉਸ ਅਡੋਲ ਜਿਹੇ ਹੇਠਾਂ ਰੱਖ ਦਿੱਤਾ। ਉਸ ਹੌਲੀ ਜਿਹੀ ਕੁੰਡਾ ਖੋਲ੍ਹਿਆ ਤੇ ਆਪਣੇ ਪਿੱਛੇ ਢੁੱਕਾ ਬੂਹਾ ਛੱਡ ਕੇ ਬਾਹਰ ਨਿਕਲ ਗਿਆ।

ਵੱਡੀ ਸੜਕ 'ਤੇ ਏਹੋ ਜਿਹਾ ਕੁਝ ਨਹੀਂ ਸੀ ਜਿਹਨੂੰ ਉਹ ਕਾਫ਼ਲਾ ਕਹਿ ਸਕੇ। ਬੱਸ ਲੋਕਾਂ ਦਾ ਹਜੂਮ ਸੀ। ਬੱਦਲਾਂ ਦੀ ਸੁਰੰਗ 'ਚੋਂ ਨਿਕਲ ਬੱਦਲਾਂ ਦੀ ਸੁਰੰਗ ਵਿਚ ਗੁੰਮ ਹੋ ਰਿਹਾ ਇਕ ਦਰਿਆ ਸੀ। ਦਹਿਸ਼ਤਜ਼ਦਾ ਭੀੜ ਵਿਚ ਕਿਸੇ ਨੇ ਪੰਡ ਚੁੱਕੀ ਹੋਈ ਸੀ, ਤੇ ਕਿਸੇ ਨੇ ਟਰੰਕ। ਕਿਸੇ ਨੇ ਗੱਡੇ ਤੇ ਟੱਬਰ ਦਾ ਸਮਾਨ ਵਾਂਗ ਲੱਦਿਆ ਹੋਇਆ ਸੀ ਤੇ ਕੋਈ ਤੂਸ-ਤੂਸ ਭਰੇ ਝੋਲੇ ਨੂੰ ਵੀ ਨਿਆਣੇ ਵਾਂਗ ਢਾਕੇ ਲਾਈ ਜਾਂਦਾ ਸੀ। ਕੋਈ ਆਪਣੇ ਵੱਗ ਨੂੰ ਨਾਲ ਹਿੱਕੀ ਲਿਜਾ ਰਿਹਾ ਸੀ ਤੇ ਕੋਈ ਜਾਇਆਂ ਨੂੰ ਵੀ ਗਲੋਂ ਲਾਹੁਣ ਦੇ ਆਹਰ ਵਿਚ ਸੀ।

ਖਾਲੀ ਰੇਹੜੀਆਂ ਦੇ ਕੋਲ ਚਾਰ ਪੰਜ ਪੁਲਸੀਏ ਨਿਰਲੇਪ ਜਿਹੇ ਖਲੋਤੇ ਭੁੱਜੇ ਛੋਲੇ ਚੱਬ ਰਹੇ ਸਨ। ਹਥਿਆਰਬੰਦ ਫੌਜੀਆਂ ਦੀ ਇਕ ਜੀਪ ਸਰਹਾਲੀ ਵਾਲੇ ਪਾਸਿਓਂ ਆਈ ਤੇ ਅਗਾਂਹ ਲੰਘ ਗਈ। ਪੁਲਸੀਆਂ ਨੇ ਕੁਝ ਉਪਰਾਮਤਾ ਜਿਹੀ ਨਾਲ ਜਾਂਦੀ ਜੀਪ ਵੱਲ ਵੇਖਿਆ ਤੇ ਛੋਲੇ ਚੱਬਦੇ ਰਹੇ।

ਕਾਫ਼ਲੇ ਦਾ ਵਹਿਣ ਰੋਹੜੂ ਸੀ। ਕਾਫ਼ਲੇ ਦੀ ਚੁੱਪ 'ਤੇ ਹੋਣੀ ਦੇ ਬੱਦਲ ਸਨ ਤੇ ਚੁੱਪ ਦੀ ਰੱਕੜ ਵਿਚ ਕਾਂਗਿਆਰੀ ਸਿਰ ਪੁੱਟਣ ਲੱਗ ਪਈ ਸੀ।

ਉਦੋਂ ਅਜੇ ਪੁਲਸੀਆਂ ਦੇ ਛੋਲੇ ਨਹੀਂ ਸਨ ਮੁੱਕੇ । ਜਦੋਂ ਛੋਲੇ ਮੁੱਕੇ ਤਾਂ ਬਚੈਨ ਜਿਹੇ ਹੋ ਗਏ। ਕਰੜ ਬਰੜੀ ਦਾੜ੍ਹੀ ਵਾਲੇ ਹੌਲਦਾਰ ਨੇ ਛੋਲਿਆਂ ਵਾਲੇ ਖਾਲੀ ਲਿਫ਼ਾਫੇ ਨੂੰ ਗੁੱਛਾ-ਮੁੱਛਾ ਕਰਕੇ ਪਰ੍ਹਾਂ ਵਗਾਹ ਮਾਰਿਆ, "ਇਹ ਦਿਨ ਵੀ ਵੇਖਣੇ ਪੈਣੇ ਸਨ...........ਕਿਧਰੇ ਕੋਈ ਕਾਨੂੰਨ ਹੀ ਨਹੀਂ ਰਿਹਾ। "

ਪੁਲਸੀਏ ਆਪੋ-ਆਪਣੀਆਂ ਰਾਈਫਲਾਂ ਦੇ ਕੁੰਦੇ ਪਲੋਸਨ ਲੱਗ ਪਏ। ਉਹਨਾਂ ਗੱਲ ਭਾਵੇਂ ਸਾਧ ਨਾਲ ਕਰਨੀ ਹੋਵੇ ਤੇ ਭਾਵੇਂ ਚੋਰ ਨਾਲ, ਗੱਲ ਕਰਨ ਦਾ ਉਹਨਾਂ ਨੂੰ ਬੱਸ ਇਹੋ ਇਕ ਢੰਗ ਆਉਂਦਾ ਸੀ। ਉਹਨਾਂ ਦਾ ਹੁੰਗਾਰਾ ਹੀ ਬਹੁਤ ਸੀ । ਜਦੋਂ ਕਿਧਰੇ ਕੋਈ ਕਾਨੂੰਨ ਹੈ ਹੀ ਨਹੀਂ ਸੀ ਤਾਂ ਫਿਰ ਉਹ ਰਾਖ਼ੀ ਕਾਹਦੀ ਕਰਦੇ। ਹੌਲਦਾਰ ਨੇ ਰਾਈਫ਼ਲ ਭਰੀ, ਬਟ ਮੋਢੇ ਨਾਲ ਲਾ ਕੇ ਨਿਸ਼ਾਨਾ ਸਾਧਿਆ ਤੇ ਘੋੜਾ ਦੱਬ ਦਿੱਤਾ-------------ਠੀਚੂੰ!----- ਗੰਦੇ ਨਾਲੇ ਦੇ ਕਿਨਾਰੇ ਵਾਲੇ ਬੋਹੜ ਦੇ ਪੱਤੇ ਜ਼ੋਰ ਦੀ ਹਿੱਲੇ। ਪੱਤਿਆਂ ਓਹਲੇ ਲੁਕੇ ਬੈਠੇ ਪੰਛੀਆਂ ਨੇ ਪਰ ਫੜਫੜਾਏ ਤੇ ਫਿਰ ਸ਼ਹਿ ਗਏ। ਇਕ ਤੋਤਾ ਪੱਤਿਆਂ 'ਚੋਂ ਨਿਕਲ ਕੇ ਖੁੱਲ੍ਹੇ ਅੰਬਰ ਵੱਲ ਉਡਾਰੀ ਮਾਰ ਗਿਆ। ਨਿੱਕੇ ਨੇ ਆਪਣੇ ਕੁ ਬਰਾਬਰ ਦਾ ਮੁੰਡਾ ਪੱਕੀ ਸੜਕ 'ਤੇ ਡਿੱਗਦਾ ਵੇਖਿਆ, ਗੁੱਸੇ ਵਿਚ ਵਿਚ ਚੀਖ਼ਦਾ ਹੋਇਆ ਇਕ ਬੁੱਢਾ, ਪੁਲਸੀਆਂ ਵੱਲ ਦੌੜਿਆ। ਬੰਦੂਕ ਦੀ ਬੈਰਲ 'ਚੋਂ ਇਕ ਹੋਰ ਗੋਲੀ ਨਿਕਲੀ ਤੇ ਬੁੱਢੇ ਨੂੰ ਢੇਰੀ ਕਰ ਗਈ।

ਸਰਕ ਰਿਹਾ ਕਾਫ਼ਲਾ ਭੰਬੱਤਰ ਕੇ ਪਲ ਛਿਣ ਲਈ ਥਾਂਏ ਪਥਰਾ ਗਿਆ। ਅਗਲੇ ਛਿਣ ਨੇ ਅੱਖ ਝਮੱਕੀ ਤਾਂ ਕਾਫ਼ਲੇ ਵਿਚ ਹਾਹਾ-ਕਾਰ ਮੱਚ ਗਈ। ਸ਼ਾਂਤ ਵੱਗ ਰਿਹਾ ਦਰਿਆ ਬੇਮੁਹਾਰਾ ਹੋ ਗਿਆ। ਚੀਕ ਚਿਹਾੜੇ ਵਿਾਹ ਹੋਰ ਵੀ ਪਤਾ ਨਹੀਂ ਕਿੱਥੋਂ - ਕਿੱਥੋਂ ਗੋਲੀਆਂ ਚੱਲਣ ਲੱਗ ਪਈਆਂ। ਬਜ਼ਾਰ ਦੇ ਸਿਰੇ 'ਤੇ ਖਲੋਤੀ ਭੀੜ ਗੁਰਦੁਆਰੇ ਵੱਲ ਦੌੜੀ। ਨਿੱਕਾ ਇਕ ਪਲ ਹੈਰਾਨ ਹੋਇਆ ਖਲੋਤਾ ਰਿਹਾ ਤੇ ਫੇਰ ਕਿਸ ਦਾ

ਧੱਕਾ ਖਾ ਕੇ ਡਿੱਗ ਪਿਆ। ਇਸ ਤੋਂ ਪਹਿਲਾਂ ਅਨੇਕ ਪੈਰ ਉਹਨੂੰ ਲਿਤਾੜਦੇ ਹੋਏ ਲੰਘ ਜਾਂਦੇ, ਕੋਈ ਉਹਦੇ ਉੱਤੇ ਝੁਕ ਗਿਆ।

ਹਰਫ਼ਲੀ ਹੋਈ ਭੀੜ ਪੇਤਲੀ ਪਈ ਤਾਂ ਬਜ਼ੁਰਗ ਨੇ ਉਹਨੂੰ ਉਠਾਇਆ ਨਿੱਕੇ ਦੇ ਗੋਡੇ ਤੇ ਅਰਕਾਂ ਛਿੱਲੀਆਂ ਗਈਆਂ ਸਨ। ਉਹ ਰੋਣ ਲੱਗ ਪਿਆ ਸੀ ਉਸਨੇ ਨਿੱਕੇ ਦੇ ਕੱਪੜੇ ਝਾੜੇ ਉਹਨੂੰ ਚੁੱਪ ਕਰਾਇਆ ਤੇ ਬਾਂਹ ਫੜ ਕੇ ਕਮੇਟੀ ਦੇ ਨਲਕੇ ਤੱਕ ਲੈ ਗਿਆ। ਉਹਨੂੰ ਬੁੱਕ ਨਾਲ ਪਾਣੀ ਪਿਆਕੇ ਘਰ ਵੱਲ ਤੋਰਦਿਆਂ ਬੋਲਿਆ, "ਕਾਕਾ, ਤੂੰ ਕੀ ਵੇਖਣਾ ਸੀ ਭਲਾਂ? ਏਤਰ੍ਹਾਂ ਤਾਂ ਤੂੰ ਬਹੁਤ ਛੇਤੀ ਬੁੱਢਾ ਹੋ ਜਾਵੇਂਗਾ।"

ਕਰਫ਼ਿਊ ਦੇ ਸਾਇਰਨ ਦੀ ਆਵਾਜ਼ ਲੰਮੀ ਹੇਕ ਨਾਲ ਦੇਰ ਤੱਕ ਰੋਂਦੀ ਰਹੀ। ਹਨ੍ਹੇਰਾ ਤੰਗ ਗਲੀਆਂ 'ਚੋਂ ਉੱਛਲ ਕੇ ਪੂਰੇ ਆਸਮਾਨ 'ਤੇ ਫੈਲ ਗਿਆ। ਗੋਲੀਆਂ ਤੇ ਚੀਕਾਂ ਦੀਆਂ ਆਵਾਜ਼ਾਂ ਰਾਤ ਦੇ ਡਰ ਨੂੰ ਅੱਖੋਂ ਪਰੋਖਾ ਕਰਕੇ ਮਨ ਦੇ ਸੰਸਿਆਂ ਕੋਲ ਢੁੱਕ ਕੇ ਬੈਠ ਗਈਆਂ। ਤਾਰਿਆਂ ਦੀ ਲੋਅ ਮੱਧਮ ਪੈ ਗਈ। ਆਸਮਾਨ ਤਾਰਿਆਂ ਸਮੇਤ ਉੱਪਰ ਨੂੰ ਚੱਲਿਆ ਗਿਆ।

ਸ਼ੈਰੋ ਕੀ ਪੱਤੀਓਂ, ਪਹਿਲਾਂ ਧੂੰਏਂ ਦੇ ਗੁਬਾਰ ਉੱਚੇ ਉੱਠੇ ਤੇ ਫੇਰ ਅੱਗ ਦੀਆਂ ਲਾਟਾਂ ਨੇ ਅੰਬਰ ਛੋਹ ਲਿਆ। ਸ਼ਹਿਰ ਦੀਆਂ ਸਹਿਮੀਆਂ ਅੱਖਾਂ ਨੇ ਕਾਲੇ ਅੰਬਰ ਦੇ ਮੈਲੇ ਤਾਰਿਆਂ ਵੱਲ ਤੱਕਿਆ। ਮੁਰਦਿਆਂ ਦੀ ਭਰੀ ਗੱਡੀ ਸ਼ਹਿਰ ਕੋਲੋਂ ਕੰਨੀ ਕਤਰਾ ਕੇ ਦਗੜ-ਦਗੜ ਕਰਦੀ ਲੰਘ ਗਈ। ਸ਼ਹਿਰ ਟੱਪ ਕੇ ਇੰਜਨ ਨੇ ਲੰਮੀ ਚੀਕ ਮਾਰੀ। ਕਾਲੇ ਹਨ੍ਹੇਰੇ ਵਿਚ ਸਲੇਟੀ ਧੂੰਆਂ ਅਫ਼ਵਾਹਾਂ ਵਾਂਗਰ ਫੈਲ ਗਿਆ।

ਨਿੱਕਾ ਗੂੜ੍ਹੀ ਨੀਂਦ 'ਚੋਂ ਤ੍ਰਬਕਿਆ ਤੇ ਮਾਂ ਨਾਲ ਚੰਬੜ ਗਿਆ। ਸੁੱਤ-ਉਨੀਂਦੀ ਨੇ ਉਹਨੂੰ ਇਕ ਦੋ ਵਾਰ ਥਾਪੜਿਆ ਤੇ ਠੰਢਾ ਸਾਹ ਭਰ ਕੇ ਉਹਦਾ ਮੱਥਾ ਚੁੰਮ ਲਿਆ।

ਰਾਤ ਕਿਸੇ ਗ਼ਲੀਜ਼ ਸੁੰਡੀ ਵਾਂਗ ਰੀਂਗਦੀ ਰਹੀ।

ਬਿੱਕਰ ਦੁਪਿਹਰ ਦਾ ਮੁਹਿੰਮ ਤੇ ਗਿਆ ਹਾਲੇ ਤੱਕ ਨਹੀਂ ਸੀ ਪਰਤਿਆ। ਘੁੱਪ ਹਨ੍ਹੇਰੇ ਦੀਆਂ ਸੌਂਦੀਆਂ ਜਾਗਦੀਆਂ ਚੀਕਾਂ ਵਿਚ ਕਿਤੇ ਕੋਈ ਚੀਕ ਉਹਦੀ ਵੀ ਤਾਂ ਨਹੀਂ ਰਲ ਗਈ? ਗੁਰਮੇਲ ਕੌਰ ਦੇ ਹਨ੍ਹੇਰੇ ਵਿਚ ਇਕ ਚਿੰਤਾਂ ਹੋਰ ਸ਼ਾਮਲ ਹੋ ਗਈ।

ਕੁੱਕੜ ਦੀ ਪਹਿਲੀ ਬਾਂਗ ਨਾਲ ਸਵੇਰ ਨੇ ਉਸਲਵੱਟ ਭੰਨੀ। ਰਾਤ ਭਰ ਤੋਂ ਚੱਲ ਰਹੀਆਂ ਗੋਲੀਆਂ ਤ੍ਰਹਿ ਕੇ ਸੌਂ ਗਈਆਂ। ਪਹੁ-ਫੁਟਾਲੇ ਨਾਲ ਨਿੱਕੇ ਦੀ ਜਾਗ ਖੁਲ੍ਹ ਗਈ । ਉਹ ਕੁਝ ਚਿਰ ਪੈਰ ਲਮਕਾ ਕੇ ਮੰਜੇ ਦੀ ਹੀਅ 'ਤੇ ਬੈਠਾ ਰਿਹਾ ਤੇ ਫੇਰ ਬਨੇਰੇ ਵੱਲ ਚੱਲਿਆ ਗਿਆ।

ਗੁਰਮੇਲ ਕੌਰ ਦੀ ਅੱਖ ਤੜਕਸਾਰ ਹੀ ਲੱਗੀ ਸੀ। ਕਿਸੇ ਚੰਦਰੇ ਸੁਪਨੇ ਨਾਲ ਉਹ ਅਬੜਵਾਹੇ ਉੱਠ ਬੈਠੀ। ਖ਼ਾਲੀ ਬਿਸਤਰੇ ਦੀ ਘਬਰਾਹਟ ਨੇ ਉਹਨੂੰ ਮੋਮ ਕਰ ਦਿੱਤਾ। ਨਿੱਕਾ ਬਨੇਰੇ ਦੇ ਉੱਤੋਂ ਦੀ ਗਲੀ ਵੱਲ ਉੱਲਰਿਆ ਹੋਇਆ ਸੀ, ਜਿਵੇਂ ਬੀਤੀ ਸ਼ਾਮ ਹੁਣ ਗਲੀ ਵਿਚ ਵੀ ਲੁਕਣ ਮੀਟੀ ਖੇਡ ਰਹੀ ਹੁੰਦੀ ਹੈ। ਉਸ ਛੇਤੀ ਨਾਲ ਨਿੱਕੇ ਨੂੰ ਗਲਮੇ ਤੋਂ ਫੜ ਕੇ ਪਿਛਾਂਹ ਖਿੱਚ ਲਿਆ।

...........ਪਰ ਨਿੱਕੇ ਦਾ ਮਨ ਗਲੀ ਵਾਲੇ ਪਾਸੇ ਹੀ ਉੱਲਰਿਆ ਰਹਿ ਗਿਆ ਸੀ।

ਸੂਰਜ ਦੀ ਪਹਿਲੀ ਕਿਰਨ ਨਾਲ ਮੋਏ ਪਨਾਹਗੀਰਾਂ ਦੇ ਜਿਸਮ ਤਾਂਬੇ ਰੰਗੇ ਹੋ ਗਏ। ਦੂਰ ਕਿਧਰੇ ਬਚੈਨ ਗਿਰਝਾਂ ਨੇ ਹਵਾ 'ਚੋਂ ਮੌਤ ਦੀ ਬੂ ਸੁੰਘੀ। ਸਾਇਰਨ ਦੀ ਲੰਬੀ ਹੂਕ ਨੇ ਸ਼ਹਿਰ ਦੇ ਕੰਨਾਂ ਨੂੰ ਕਰਫ਼ਿਊ ਖੁੱਲਣ ਦੀ ਦੱਸ ਪਾ ਦਿੱਤੀ । ਛੇਤੀ ਹੀ ਖਿੱਲਰੇ ਅਸਬਾਬ ਅਤੇ ਲੋਥਾਂ ਦੁਆਲੇ ਲੋਕ ਭਿਣ-ਭਿਣ ਕਰਨ ਲੱਗ ਪਏ। ਉਹਨਾਂ ਦੇ ਵਿਹਲੇ ਹੋਣ ਦੀ ਉਡੀਕ ਵਿਚ ਕਾਵਾਂ ਦਾ ਇਕ ਝੁੰਡ ਗੰਦੇ ਨਾਲੇ ਵਾਲੇ ਬੋਹੜ 'ਤੇ ਆ ਕੇ ਬੈਠ ਗਿਆ ।

ਨਿੱਕੇ ਦੀਆਂ ਨਜ਼ਰਾਂ ਸਾਹਵੇਂ ਪਿਛਲੀ ਸ਼ਾਮ ਚਿੱਪਰ-ਚਿੱਪਰ ਸੜਕ 'ਤੇ ਖਿਲਰੀ ਪਈ ਸੀ। ਉਹ ਸੱਖਣੀਆਂ ਰੇਹੜੀਆਂ ਕੋਲ ਰੁਕ ਗਿਆ। ਏਥੇ ਖਲੋ ਕੇ ਪੁਲਸੀਆਂ ਨੇ ਪਹਿਲੀ ਗੋਲੀ ਦਾਗੀ ਸੀ। ਉਹਦੇ ਹਾਣ ਦੇ ਮੁੰਡੇ ਦੀ ਲਾਸ਼ ਹਾਲੇ ਵੀ ਸੜਕ ਤੇ ਪਈ ਸੀ। ਦੂਸਰੀ ਗੋਲੀ ਨਾਲ ਮਰਨ ਵਾਲੇ ਬੁੱਢੇ ਦਾ ਠਰਿਆ ਹੱਥ ਇਸ ਪਲ ਉਸ ਮੁੰਡੇ ਵੱਲ ਪਸਰਿਆ ਹੋਇਆ ਸੀ।

ਇਕ ਕਾਂ ਰੁੱਖ ਤੋਂ ਉੱਡ ਕੇ ਮੁੰਡੇ ਦੀ ਲਾਸ਼ ਤੇ ਆ ਬੈਠਾ। ਉਸ ਇੱਕ ਦੋ ਠੂੰਗੇ ਲਾਸ਼ ਦੀ ਅੱਖ ਤੇ ਮਾਰੇ । ਕਿਸੇ ਲੰਘਦੇ ਵੱਲੋਂ ਤ੍ਰਹਿ ਕੇ ਉਸ ਟਪੂਸਣੀ ਮਾਰੀ ਤੇ ਬੁੱਢੇ ਦੀ ਲਾਸ਼ 'ਤੇ ਬਹਿ ਗਿਆ। ਉੱਥੋਂ ਉਡਾਰੀ ਭਰ ਕੇ ਉਹ ਇਕ ਲਵਾਰਸ ਗੱਡੇ ਦੇ ਮੁੰਨੇ, ਤੇ ਜਾ ਬੈਠਾ।

ਕੱਲ ਸ਼ਾਮੀ ਜਿਹਨਾਂ ਪੁਲਸੀਆਂ ਨੇ ਭੁੱਜੇ ਛੋਲੇ ਚੱਬਣ ਪਿੱਛੋਂ ਗੋਲੀਆਂ ਚਲਾਈਆਂ ਸਨ। ਉਹ ਆਪਣਾ ਕੰਮ ਕਰਨ ਪਿੱਛੋਂ ਜਾ ਚੁਕੇ ਸਨ। ਦਾਣਿਆਂ ਵਾਲਾ ਖ਼ਾਲੀ ਲਫਾਫ਼ਾ ਰੇਹੜੀਆਂ ਤੋਂ ਕੁਝ ਪਰ੍ਹਾਂ ਗੁੱਛਾ ਮੁੱਛਾ ਹੋਇਆ ਪਿਆ ਸੀ।

ਗੋਲੀਆਂ ਚੱਲਣ ਵੇਲੇ ਪਤਾ ਨਹੀਂ ਕੀਹਨੇ-ਕੀਹਨੇ ਆਪਣੇ ਬਚਾ ਲਈ ਗੰਦੇ ਨਾਲ ਵਿਚ ਛਾਲਾਂ ਮਾਰੀਆਂ ਹੋਣਗੀਆਂ। ਲੋਥਾਂ ਨਾਲ ਪਾਣੀ ਦਾ ਨਿਕਾਸ ਰੁੱਕ ਗਿਆ ਸੀ। ਨਾਲੇ ਦਾ ਪਾਣੀ ਉੱਛਲ ਕੇ ਸੜਕ ਵੱਲ ਨੂੰ ਵਗ ਟੁਰਿਆ ਸੀ। ਲੋਕੀਂ ਲਾਸ਼ਾਂ ਧਰੂ-ਧੂਹ ਨਾਲੇ ਤੋਂ ਬਾਹਰ ਕੱਢ ਰਹੇ ਸਨ। ਲਾਸ਼ ਨੂੰ ਨਾਲੇ ਦੇ ਕੰਢੇ ਰੱਖਦਿਆਂ ਸਾਰ ਹੀ ਉਹ ਪਾਗਲਾਂ ਵਾਂਗ ਲਾਸ਼ ਦੇ ਕੱਪੜੇ ਪਾੜਨ ਲੱਗ ਪੈਂਦੇ ਸਨ। ਕੱਪੜਿਆਂ ਓਹਲੇ ਲੁਕਿਆ ਕੋਈ ਗਹਿਣਾ ਕਿਸੇ ਨੂੰ ਲੱਭ ਪੈਂਦਾ ਤਾਂ ਉਹਦੀਆਂ ਵਰਾਛਾਂ ਚੌੜੀਆਂ ਹੋ ਜਾਂਦੀਆਂ ਸਨ।

ਨਿੱਕੇ ਦੇ ਸਾਹਮਣੇ ਵੀ ਇੱਕ ਜਵਾਨ ਔਰਤ ਦੀ ਲਾਸ਼ ਪਈ ਸੀ। ਉਹਦੇ ਕੱਪੜੇ ਵੀ ਕਿਸੇ ਨੇ ਸ਼ਾਇਦ ਗਹਿਣਿਆਂ ਦੀ ਭਾਲ ਵਿਚ ਹੀ ਪਾੜ ਕੇ ਸੁੱਟ ਦਿੱਤੇ ਹੋਣਗੇ, ਪਰ ਉਹ ਨੰਗੀ ਨਹੀ ਸੀ। ਉਹਦਾ ਤਨ ਚਿੱਕੜ ਨੇ ਢੱਕਿਆ ਹੋਇਆ ਸੀ । ਉਹਦੇ ਚਿਹਰੇ, 'ਤੇ ਮੌਤ ਵੇਲੇ ਦਾ ਪਰਛਾਵਾਂ ਹਾਲੇ ਵੀ ਬਰਕਾਰ ਸੀ। ਉਸ ਲਾਸ਼ ਦੇ ਖੱਬੇ ਸੱਜੇ ਦੋ ਬਾਲਾਂ ਦੀਆਂ ਲਾਸ਼ਾਂ ਸਨ। ਪਤਾ ਨਹੀਂ ਉਹ ਨਿਆਣੇ ਉਸ ਔਰਤ ਦੇ ਸਨ ਜਾਂ ਕਿਸੇ ਹੋਰ ਦੇ, ਪਰ ਉਹਨਾਂ ਲਾਸ਼ਾਂ ਦੀ ਹੋਣੀ ਉਸੇ ਔਰਤ ਦੀ ਸੀ।

ਨਿੱਕੇ ਉਲਝਣ ਜਿਹੀ ਵਿਚ ਚਿੱਕੜ ਨਾਲ ਲਿੱਬੜੇ ਨੰਗੇ ਜਿਸਮਾਂ ਦੀ ਲੰਮੀ ਕਤਾਰ ਵੱਲ ਵੇਖਿਆ ਤੇ ਹੱਥ ਨਾਲ ਮੱਥੇ ਦਾ ਮੁੜ੍ਹਕਾ ਪੂੰਝ ਲਿਆ। ਦਿਨ ਕੁਝ ਜ਼ਿਆਦਾ ਹੀ ਤਪ ਗਿਆ ਸੀ। ਜਿਹਨਾਂ ਨੇ ਆਖ਼ਰੀ ਸਾਹ ਤੋਂ ਪਹਿਲਾਂ ਗੰਦੇ ਨਾਲ ਵਿਚ ਛਾਲਾਂ ਨਹੀਂ ਸਨ ਮਾਰੀਆਂ। ਉਹ ਇਸ ਪਲ ਸੜਕ ਤੇ ਵਿਛੇ ਹੋਏ ਸਨ। ਕੀੜਿਆਂ ਦੇ ਭੌਣ 'ਚੋਂ ਨਿਕਲਣ ਤੇ ਵੜਨ ਵਾਂਗ ਲੋਕ ਸ਼ਹਿਰ ਦੀਆਂ ਗਲੀਆਂ 'ਚੋਂ ਰੀਂਗ ਕੇ ਸੜਕ ਵੱਲ ਆ ਰਹੇ ਸਨ ਤੇ ਕੁਝ ਸਮਾਨ ਲੈ ਕੇ ਗਲੀਆਂ ਵੱਲ ਦੌੜ ਰਹੇ ਸਨ। ਗੰਦੇ ਨਾਲੇ ਵੱਲ ਮੌਸਮ ਦਾ ਜੋਬਨ ਸੀ। ਜੋ ਚਿੱਕੜ ਨਾਲ ਹੱਥ ਨਹੀ ਸਨ ਲਬੇੜਨਾ ਚਾਹੁੰਦੇ, ਉਹ ਆਪਣਾ ਮਨ ਕੱਚੀ ਸੜਕ ਵਾਲੇ, ਮੁਰਦਿਆਂ ਨਾਲ ਵਰਚਾ ਰਹੇ ਸਨ, ਕਦੀ ਖਿੱਲਰਿਆ ਸਮਾਨ ਨੋਚਣ ਲੱਗ ਪੈਂਦੇ ਸਨ।

ਬੋਹੜ ਹੇਠ ਇਕ ਚਿੱਬਾ ਟਰੰਕ ਖੁੱਲ੍ਹਾ ਪਿਆ ਸੀ। ਟਰੰਕ ਦੇ ਬਾਹਰ ਏਧਰ-ਉਧਰ ਕੱਪੜੇ ਖਿਲ਼ਰੇ ਹੋਏ ਸਨ। ਟਰੰਕ ਦੇ ਲਾਗੇ ਹੀ ਪਤਲੇ ਜਿਹੇ ਪੋਲਕੇ ਵਿਚ ਇਕ ਨਿੱਕਾ ਬਾਲ ਪਿਆ ਰੋ ਰਿਹਾ ਸੀ। ਕੱਲ੍ਹ ਸ਼ਾਮ ਦਾ ਉਹ ਪਤਾ ਨਹੀਂ ਕਿੰਨੀ ਕੁ ਵਾਰ ਥੱਕ ਕੇ ਚੁੱਪ ਕੀਤਾ ਸੀ ਤੇ ਦਮ ਭਰ ਕੇ ਮੁੜ ਰੋਇਆ ਸੀ। ਨਿੱਕਾ ਗੋਡਿਆਂ ਭਾਰ ਹੋ ਕੇ ਨਿਆਣੇ 'ਤੇ ਝੁਕ ਗਿਆ। ਉਸ ਭੁੱਖਣ-ਭਾਣੇ ਬਾਲ ਨੂੰ ਊਮਣੀਆਂ-ਚੋਮਣੀਆਂ ਨਾਲ ਵਰਾਉਣ ਦੀ ਕੋਸ਼ਿਸ਼ ਕੀਤੀ, ਉਹਦੇ ਹੱਥ ਦਾ ਅੰਗੂਠਾ ਮੂੰਹ ਵਿਚ ਦੇ ਦਿੱਤਾ। ਬਾਲ ਇਕ ਛਿਣ ਲਈ ਚੁੱਪ ਕੀਤਾ ਤੇ ਫਿਰ ਤਰਲਿਆਂ ਵਰਗੇ ਹਟਕੋਰੇ ਭਰਨ ਲੱਗ ਪਿਆ।

ਗੰਦੇ ਨਾਲੇ ਦੇ ਮੁਰਦਿਆਂ ਦੁਆਲੇ ਲੋਕਾਂ ਦੀ ਭਿਣ-ਭਿਣ ਪਹਿਲਾਂ ਵਾਂਗ ਹੀ ਸੀ। ਬੇ-ਸਬਰੇ ਕਾਂ ਸੜਕ 'ਤੇ ਖਿੱਲਰੀਆਂ ਲਾਸ਼ਾਂ 'ਤੇ ਮੰਡਰਾਉਣ ਲੱਗ ਪਏ ਸਨ। ਮੋਇਆਂ ਦੇ ਮੱਥੇ ਤੋਂ ਮੌਤ ਦਾ ਪਸੀਨਾ ਤਾਂ ਕਦੋਂ ਦਾ ਸੁੱਕ ਚੁੱਕਿਆਂ ਸੀ, ਹੁਣ ਸਿਰਫ ਮੌਤ ਦੀ ਵਾ ਸੀ ਜੋ ਕਾਫ਼ਲੇ ਦੇ ਉੱਤੋਂ ਦੀ ਵੱਗ ਕੇ ਚੁਫੇਰੇ ਫੈਲ ਗਈ ਸੀ।

ਨਿੱਕੇ ਨੇ ਅਛੋਪਲੇ ਜਿਹੇ ਲਾਗੇ ਪਈ ਖੇਸੀ ਬੱਚੇ ਦੁਆਲੇ ਵਲ੍ਹੇਟ ਦਿੱਤੀ। ਕਿਸੇ ਸਿਆਣੇ ਚੋਰ ਵਾਂਗ ਉਸ ਸ਼ਹਿ ਕੇ ਖੱਬੇ-ਸੱਜੇ ਵੇਖਿਆ, ਇਕ ਆਦਮੀ ਗਲੀ ਵੱਲ ਮੱਝ ਖਿੱਚੀ ਲਿਜਾ ਰਿਹਾ ਸੀ। ਇਕ ਹੋਰ ਬਿਨਾਂ ਘੋੜੇ ਤੋਂ ਟਾਂਗਾ ਧੂਹ ਰਿਹਾ ਸੀ। ਇਕ ਜਣਾ ਸਿਰ 'ਤੇ ਟਰੰਕ ਚੁੱਕੀ ਨੱਠਾ ਜਾਂਦਾ ਸੀ ਤੇ ਇਕ ਹੋਰ ............।

ਨਿੱਕੇ ਨੇ ਕਾਹਲੀ ਨਾਲ ਬੱਚੇ ਨੂੰ ਬਾਹਵਾਂ ਵਿਚ ਚੁੱਕ ਲਿਆ ਤੇ ਗਲੀਆਂ ਵਾਲੇ ਰਾਹ ਘਰ ਨੂੰ ਭੱਜ ਉੱਠਿਆ।

ϒ ϒ ϒ ϒ ϒ

---

## ਕੀ ਲਿਖਾਂ?

ਕੀ ਲਿਖਾਂ ਮੇਰੇ ਯਾਰ ਤੈਨੂੰ ਕੀ ਲਿਖਾਂ? ਲਿਖ ਨਾ ਸਕਦਾ ਯਾਰ ਤੈਨੂੰ ਕੀ ਲਿਖਾਂ?
ਕਾਨੀ ਰੋਵੇ ਜ਼ਾਰੋ-ਜ਼ਾਰ ਤੈਨੂੰ ਕੀ ਲਿਖਾਂ? ਜੀਵਨ ਹੈ ਦੁਸ਼ਵਾਰ ਤੈਨੂੰ ਕੀ ਲਿਖਾਂ?
ਸੀਨੇ ਦੇ ਵਿਚ ਭਾਂਬੜ ਬਲਦੇ, ਭੱਠੀ ਬਲਦੀ ਯਾਰ, ਤੈਨੂੰ ਕੀ ਲਿਖਾਂ?
ਸੋਚਾਂ ਦੇ ਖੰਭ ਅੰਬਰੀਂ ਉੱਡੇ, ਕੁਝ ਨਾ ਸੁਝਦਾ ਯਾਰ, ਤੈਨੂੰ ਕੀ ਲਿਖਾਂ?
ਪਾਰਾ-ਪਾਰਾ ਹੋ ਗਿਆ ਮੈਂ ਤਾਂ ਯਾਰੋ! ਜੀਵਨ ਟੋਟ ਚਾਰ, ਤੈਨੂੰ ਕੀ ਲਿਖਾਂ?
ਪੂਰਬ ਪੱਛਮ ਰੱਤ ਦੇ ਹੰਝੂ ਚੋਵਣ, ਖੜ੍ਹਾ ਹਾਂ ਅੱਧ ਵਿਚਕਾਰ, ਤੈਨੂੰ ਕੀ ਲਿਖਾਂ?
ਅਤੀਤ ਤਾਂ ਲੰਘਿਆ ਸੋਨ-ਸੁਨਿਹਰਾ, ਅੱਜ ਹਾਂ ਅਵਾਜ਼ਾਰ, ਤੈਨੂੰ ਕੀ ਲਿਖਾਂ?

ਡਾ.ਐਮ. ਐਸ. ਅਮ੍ਰਿਤ

36

## ਲੋਕ ਪੁੱਛਦੇ ਨੇ

### ਤ੍ਰਿਲੋਕ ਮਨਸੂਰ

ਲੋਕ ਪੁੱਛਦੇ ਨੇ: ਇਕ ਗੁਰਸਿੱਖ ਦੇ ਘਰ ਸਾਈਂ ਫਕੀਰ ਦੀ ਪੂਜਾ ਦਾ ਕੀ ਮਤਲਬ?

ਸਾਈਂ ਫਕੀਰ, ਸੱਯਦ ਬਰਕਤ ਅਲੀ ਸ਼ਾਹ ਦੀ ਤਸਵੀਰ ਮੇਰੇ ਡਰਾਇੰਗ ਰੂਮ 'ਚ ਕਾਰਨਸ ਤੇ ਪਈ ਹੈ। ਹਰ ਸਵੇਰ, ਜਦੋਂ ਮੈਂ ਪਹਿਲੀ ਵਾਰ ਇਸ ਕਮਰੇ ਵਿਚ ਪੈਰ ਧਰਦਾ ਹਾਂ, ਸ਼ਰਧਾ-ਵਸ ਸਿਰ ਨਿਵਾਕੇ ਇਸ ਤਸਵੀਰ ਅੱਗੇ ਝੁਕ ਜਾਂਦਾ ਹਾਂ। ਆਖਣ ਵਾਲੇ ਆਖਦੇ ਹਨ---

ਕਿ ਗੁਰਸਿੱਖ ਨੂੰ ਏਹ ਸ਼ੋਭਾ ਨਹੀਂ ਦੇਂਦਾ। ਤੁਸੀ ਤੇ ਮਹਾਰਾਜ ਦੀ ਬਾਣੀ ਦੇ ਵਿਆਖਿਆਕਾਰ ਵੀ ਹੋ? ਫੇਰ ਏਹ ਕੁਕਰਮ ਕਿਉਂ? ਕੀ ਏਹ ਮਨਮੱਤ ਨਹੀਂ?

ਸੱਯਦ ਬਰਕਤ ਅਲੀ ਸ਼ਾਹ, ਹੁਣ ਇਸ ਦੁਨੀਆਂ ਵਿਚ ਨਹੀਂ ਰਹੇ। ਇਹ ਤਸਵੀਰ ਦੋ ਸਾਲ ਹੋਏ, ਮੈਨੂੰ ਉਹਨਾਂ ਦੇ ਪੁੱਤਰ ਕੋਲੋਂ ਮਿਲੀ ਸੀ, ਜੋ 'ਸਰਹਿੰਦ-ਸ਼ਰੀਫ਼' ਦੀ ਜ਼ਿਆਰਤ ਲਈ ਆਇਆ ਸੀ।

ਤੁਹਾਡਾ ਕੀ ਖਿਆਲ ਹੈ, ਆਦਮੀ ਦੇ ਮਰ ਜਾਣ ਨਾਲ ਆਦਮੀ ਦੀ ਹੋਂਦ ਵੀ ਖਤਮ ਹੋ ਜਾਂਦੀ ਹੈ?

ਨਹੀ ਜਨਾਬ , ਮਨੁੱਖ ਮਰਦਾ ਨਹੀਂ, ਪਰ ਸ਼ਰਤ ਕੇਵਲ ਏਹ ਹੈ ਕਿ ਉਸ ਵਿਚ ਜ਼ਿੰਦਾ ਰਹਿਣ ਵਾਲੀ ਕੋਈ ਗੱਲ ਹੋਵੇ। ਮਨੁੱਖ ਦਾ ਸਰੀਰ ਕੇਵਲ ਮਨੁੱਖ ਨਹੀਂ, ਅਸਲੀ ਮਨੁੱਖ ਤਾਂ ਹੈ।, ਉਸ ਅੰਦਰਲੀ ਨੇਕੀ, ਕੁਰਬਾਨੀ ਤੇ ਕਿਸੇ ਦੇ ਕੰਮ ਆਉਣ ਦਾ ਚਾਅ।

1947 ਦੇ ਦਿਨ ਸਨ। ਵਾਤਾਵਰਣ ਵਿਚ ਫਿਰਕੂ ਜ਼ਹਿਰ ਘੁਲ਼ ਗਿਆ ਹੋਇਆ ਸੀ। ਚਾਰ-ਚੁਫ਼ੇਰੇ ਅੱਗਾਂ ਲੱਗ ਰਹੀਆਂ ਸਨ। ਅਕਾਸ਼ ਕਾਲੇ ਧੂੰਏਂ ਨਾਲ ਢੱਕਿਆਂ ਗਿਆ ਸੀ। ਮਨੁੱਖ ਹਲਕ ਗਿਆ ਹੋਇਆ ਸੀ। 'ਅੱਲਾ-ਹੂ-ਅਕਬਰ' ਦੇ ਪਵਿੱਤਰ ਬੋਲ, ਸ਼ੈਤਾਨੀ-ਹੋਠਾਂ ਦੇ ਨਾਅਰ੍ਹੇ ਬਣ ਚੁੱਕੇ ਸਨ। ਕੁੱਤੀ ਰਾਜਨੀਤੀ, ਗਲੀਆਂ-ਕੂਚਿਆਂ ਵਿਚ ਨੰਗੀ ਹੋ ਕੇ ਨੱਚ ਰਹੀ ਸੀ। ਭਰਾ-ਭਰਾ ਦਾ ਵੈਰੀ ਹੋ ਚੁੱਕਾ ਸੀ। ਪਿੰਡਾਂ ਵਿਚ ਬੱਲਮਾਂ, ਬਰਛੀਆਂ ਲਿਸ਼ਕ ਰਹੀਆਂ ਸਨ। ਡਰੇ, ਸਹਿਮੇ ਲੋਕ, ਘਰਾਂ 'ਚੋਂ ਨਿਕਲ-ਨਿਕਲ ਇੰਝ ਖੇਤਾਂ ਵੱਲ ਭੱਜਦੇ ਸਨ, ਜਿਵੇਂ ਸ਼ਿਕਾਰੀ ਕੁੱਤਿਆਂ ਨੂੰ ਵੇਖ, ਸਹੇ ਮਲ੍ਹਿਆਂ 'ਚੋਂ ਨਿਕਲ ਕੇ ਨੱਸਦੇ ਹਨ। ਚਾਰ-ਚੁਫ਼ੇਰੇ ਮੌਤ ਛਹਿ ਲਾਕੇ ਬੈਠੀ ਹੋਈ ਸੀ।

ਇਕ ਸਵੇਰ, ਸੱਯਦ ਬਰਕਤ ਅਲੀ ਸ਼ਾਹ ਨੇ ਸਾਨੂੰ ਸਾਰਿਆਂ ਨੂੰ ਪਿੰਡ ਦੇ ਬਾਹਰਵਾਰ ਸਕੂਲ ਦੇ ਅਹਾਤੇ ਵਿਚ ਇਕੱਠਿਆਂ ਕੀਤਾ ਤੇ ਆਖਿਆ, "ਮੇਰਿਓ ਭਰਾਵੋ ਹੁਣ ਮੈਂ ਬੇਵੱਸ ਹਾਂ । ਤੁਹਾਡੀ ਸਲਾਮਤੀ ਲਈ ਮੈਂ ਜੋ ਕਸਮ ਖਾਧੀ ਸੀ, ਉਹ ਹੁਣ ਮੈਨੂੰ ਟੁੱਟਦੀ ਜਾਪ ਰਹੀ ਹੈ। ਚਾਰ ਚੁਫ਼ੇਰਿਓਂ ਮੁਲਖਈਆ ਢੁੱਕ ਆਇਆ ਏ, ਆਲੇ-ਦੁਆਲੇ ਦੇ ਸਾਰੇ ਪਿੰਡ ਖਾਲੀ ਹੋ ਗਏ ਨੇ, ਕਿਸੇ ਵੀ ਘੜੀ ਮੁਸੀਬਤ ਹੁਣ ਤੁਹਾਡੇ ਉੱਤੇ ਆ ਸਕਦੀ ਏ। ਮੁਲਕ ਤਕਸੀਮ ਹੋ ਗਿਆ ਏ, ਪਾਕਿਸਤਾਨ ਹੁਣ ਤੁਹਾਨੂੰ ਛੱਡਣਾ ਪੈਣਾਂ ਏ। ਮੈਂ ਚਾਹਨਾਂ, ਇਸ ਮਨਹੂਸ ਘੜੀ ਦੇ ਆਵਣ ਤੋਂ ਪਹਿਲਾਂ ਮੈਂ ਤੁਹਾਨੂੰ ਡਸਕੇ ਦੇ ਰਫਿਊਜ਼ੀ ਕੈਂਪ ਵਿਚ ਪੁਚਾ ਹੀ ਆਵਾਂ। ਤੁਸੀ ਅੱਧੇ ਘੰਟੇ ਦੇ ਅੰਦਰ-ਅੰਦਰ ਆਪਣੇ ਬਾਲ-ਬੱਚੇ ਨੂੰ ਲੈ ਕੇ, ਤੇ ਜੇ ਕੋਈ ਕੀਮਤੀ ਚੀਜ਼ ਚੁੱਕ ਸਕਦੇ ਹੋ, ਤਾਂ ਉਹ ਵੀ ਲੈ ਕੇ ਏਥੇ ਪੁੱਜ ਜਾਵੋ। ਮੈਂ ਤਾਂਗੇ ਜੁੜਵਾ ਰਿਹਾ ਵਾਂ। ਮੈਂ ਆਪ ਤੁਹਾਡੇ ਨਾਲ ਚੱਲਾਂਗਾ। ਡਰੋ ਨਾਂਹ, ਤੁਹਾਡੀ ਹਵਾ ਵੱਲ ਕੋਈ ਨਹੀਂ ਵੇਖੇਗਾ, ਪਹਿਲਾਂ ਮੈਂ ਮਰਾਂਗਾ, ਤਾਂ ਕੋਈ ਤੁਹਾਨੂੰ ਹੱਥ ਪਾਵੇਗਾ।"

ਉਸਨੇ ਦੋਵੇਂ ਹੱਥ ਖੋਲ੍ਹ ਕੇ ਫ਼ੈਲਾਅ ਦਿੱਤੇ ਤੇ ਅੱਖਾਂ ਅਸਮਾਨ ਵਲ ਚੁੱਕ ਦਿੱਤੀਆਂ; 'ਅੱਲ੍ਹਾ ਰਹਿਮ!'

ਅਜੀਬ ਸਮਾਂ ਸੀ, ਉਹ ਵੀ। ਇਕ ਭਾਜੜ ਪਈ ਹੋਈ ਸੀ। ਮਾਵਾਂ ਬਾਲਾਂ ਨੂੰ ਬਾਂਹਵਾਂ ਤੋਂ ਧਰੂੰਦੀਆਂ ਸਕੂਲ ਵੱਲ ਨੱਠੀਆਂ ਜਾ ਰਹੀਆਂ ਸਨ। ਜੱਦੀ-ਪੁਸ਼ਤੀ ਘਰ, ਛੱਡ ਜਾਣ ਦੀ ਬੇ-ਬਸੀ ਉੱਤੇ ਉਦਾਸ ਖੜ੍ਹੇ, ਉਨ੍ਹਾਂ ਦੀਆਂ ਪਿੱਠਾਂ ਨੂੰ ਵੇਖ ਰਹੇ ਸਨ।

ਮੈਂ ਘਰ ਗਿਆ ਤੇ ਭੌਂਦੀ-ਪੈਰੀਂ ਪਿਛਾਂਹ ਨੂੰ ਨੱਠਿਆ ਆਇਆ। ਮੈਂ ਸੱਯਦ ਸਾਹਬ ਅੱਗੇ ਹੱਥ ਜੋੜਦਿਆਂ ਤਰਲਾ ਲਿਆ,"ਮੈਂ ਤੁਹਾਡੇ ਨਾਲ ਡਸਕੇ ਨਹੀਂ ਜਾ ਸਕਾਂਗਾ, ਮੇਰੀ ਤ੍ਰੀਮਤ ਨੂੰ ਜਨਮ ਪੀੜਾਂ ਸ਼ੁਰੂ ਹੋ ਚੁੱਕੀਆਂ ਨੇ।"

ਸੱਯਦ ਸਾਹਬ ਨੇ ਮੇਰਾ ਮੋਢਾ ਥਪ-ਥਪਾਇਆ, "ਹੌਂਸਲਾ.....ਹੌਂਸਲਾ..... 'ਅੱਲਾ'! ਬੜਾ ਕਾਰਸ਼ਾਜ਼ ਏ।"

ਫਿਰ ਉਹਨਾਂ ਕੋਲ ਖਲੋਤੇ ਆਪਣੇ ਪੁੱਤਰ ਨੂੰ ਕਿਹਾ;,"ਅਸਲਮਾ, ਚਾਰ ਬੰਦੇ ਨਾਲ ਲੈ ਜਾ, ਤੇ ਦੂਲਾ ਸਿੰਘ ਦੇ ਘਰੋਂ ਮੇਰੀ ਬੱਚੀ ਦੀ ਮੰਜੀ ਚੁਕਵਾ ਕੇ ਆਪਣੇ ਘਰ ਲੈ ਆ। ਨਾਲ ਈ ਰਹਿਮਤਾਂ ਦਾਈ ਨੂੰ ਵੀ ਸੱਦ ਲਿਆਵੀਂ। ਜਣੇਪੇ ਦੀ ਜ਼ਿੰਮੇਵਾਰੀ ਆਪਣੀ ਬੇਬੇ ਨੂੰ ਸੌਂਪ ਕੇ, ਭੌਂਦੀ ਪੈਰੀਂ ਏਥੇ ਆ। ਵਕਤ ਥੋੜ੍ਹਾ ਏ, ਡਸਕੇ ਨੂੰ ਚੱਲਦੇ ਬਣੀਏ। "

ਮੁੱਕਦੀ ਗਲ, ਦੋ ਹੀ ਘੰਟਿਆਂ ਦੇ ਅੰਦਰ-ਅੰਦਰ ਸੱਯਦ ਸਾਹਬ ਸਾਨੂੰ ਡਸਕੇ ਦੇ ਸ਼ਰਨਾਰਥੀ ਕੈਂਪ ਵਿਚ ਪੁਚਾ ਗਏ। ਤੇ ਉਹ, ਅਜੇ ਪਿੰਡ ਵੀ ਨਹੀਂ ਸਨ ਪੁੱਜੇ ਹੋਣੇ, ਕਿ ਸਾਨੂੰ ਉੱਥੋਂ ਵੀ ਕੂਚ ਦਾ ਹੁਕਮ ਮਿਲ ਗਿਆ। ਸੱਠ-ਸੱਤਰ ਹਜ਼ਾਰ ਦੀ ਨਫਰੀ ਸੀ, ਸਾਡੀ। ਬਲੋਚ ਰੈਜਮੈਂਟ ਦੇ ਦੋ ਜਵਾਨ ਸਾਡੇ ਅੱਗੇ ਸਨ, ਤੇ ਦੋ ਹੀ ਪਿੱਛੇ, ਭੇਡਾਂ ਬੱਕਰੀਆਂ ਵਾਂਗ ਸਾਨੂੰ ਡੇਰਾ ਬਾਬਾ ਨਾਨਕ ਵੱਲ ਧੱਕਿਆ ਜਾ ਰਿਹਾ ਸੀ। ਸਾਡੇ ਲੀਡਰਾਂ ਨੇ ਸਾਨੂੰ ਆਜ਼ਾਦੀ ਲੈ ਦਿੱਤੀ ਸੀ, ਤੇ ਹੁਣ ਅਸੀਂ ਆਪਣੇ 'ਨਵੇਂ ਦੇਸ' ਵੱਲ ਵਧ ਰਹੇ ਸਾਂ।

ਰਾਹ ਵਿਚ ਥਾਂ-ਥਾਂ 'ਤੇ ਸਾਡੇ ਉੱਤੇ ਹਮਲੇ ਹੋ ਰਹੇ ਸਨ । ਹਜੂਮ ਆਉਂਦਾ, ਸਾਡੇ ਰਾਖੇ ਜੁਆਨ ਇਕ ਪਾਸੇ ਹੋ ਕੇ ਖਲੋ ਜਾਂਦੇ । ਕੱਟ-ਵੱਢ ਸ਼ੁਰੂ ਹੋ ਜਾਂਦੀ। ਹਾਲ-ਪਾਹਰਿਆ ਦੀ ਦੁਹਾਈ ਪੈ ਜਾਂਦੀ, ਬੱਚਿਆਂ ਦੀ ਕੁਰਲਾਹਟ, ਮਾਂਵਾਂ ਦੀਆਂ ਚੀਕਾਂ, ਕੀਰਨੇ, ਵੱਢਿਆਂ-ਟੁੱਕਿਆਂ ਦੇ ਪਾਣੀ ਲਈ ਤਰਲੇ-ਹਾੜੇ, ਗੁੱਟੋਂ ਫੜ ਕੇ ਖਿੱਚੀਆਂ ਜਾ ਰਹੀਆਂ, ਅਗਵਾ ਹੋ ਰਹੀਆਂ ਜਵਾਨ-ਜਹਾਨ ਕੁੜੀਆਂ ਦੀਆਂ ਦਿਲ-ਵਿੰਨ੍ਹਵੀਆਂ ਚੀਕਾਂ। ਧਾੜਵੀ ਲੁੱਟ-ਮਾਰ ਕਰ ਕੇ ਤੁਰ ਜਾਂਦੇ। ਸਾਡੇ ਰੱਖਸ਼ਕ ਫੇਰ ਤੋਂ ਆਪਣੀ ਥਾਂ ਮੱਲ ਲੈਂਦੇ ਤੇ ਕਾਫ਼ਲਾ ਫੇਰ ਅੱਗੇ ਵੱਲ ਵੱਧਦਾ।

ਜਦੋਂ ਅਸੀਂ 'ਡੇਹਰਾ ਬਾਬਾ ਨਾਨਕ' ਦੇ ਪੁਲ ਰਾਹੀਂ ਰਾਵੀ ਦਰਿਆ ਨੂੰ ਪਾਰ ਕੀਤਾ, ਅਸੀਂ ਅੱਧੇ ਤੋਂ ਵੀ ਘੱਟ ਰਹਿ ਗਏ ਹੋਏ ਸਾਂ। ਕੋਈ ਭਰਾ ਗੁਆ ਆਇਆ ਸੀ। ਕੋਈ ਜੁਆਨ ਧੀ ਦੇ ਵਿਛੋੜੇ ਵਿਚ ਦਿਨ-ਰਾਤ ਵਿਰਲਾਪ ਕਰੀਂ ਜਾ ਰਹੀ ਸੀ।

ਭੋਗ ਪਾਉ ਇਹਨਾਂ ਦਾ, ਕੀ ਪਿਆ ਏ ਇਹਨਾਂ ਦੇ ਜ਼ਿਕਰ ਵਿਚ? ਰੱਬ ਕਰੇ! ਏਹੋ ਜਿਹੇ ਕਾਲੇ ਦਿਨ ਮੁੜ ਕੇ ਨਾ ਆਉਣ।

ਪੂਰਾ ਇਕ ਮਹੀਨਾ ਬੀਤ ਗਿਆ ਸੀ, ਉਧਰੋਂ ਆਇਆਂ। ਦਿਲ-ਦਿਲਗੀਰ, ਨਿੰਮੋਝੂਣਾ ਜਿਹਾ ਹੋਇਆ ਮੈਂ ਵੱਲੇ-ਵੇਰਕੇ ਦੇ ਰੇਲਵੇ ਸਟੇਸ਼ਨ 'ਤੇ ਇਕ ਬੈਂਚ ਦੀ ਨੁੱਕਰੇ ਬੈਠਾ ਹੋਇਆ ਸਾਂ। ਰਹਿ-ਰਹਿ ਕੇ ਆਪਣੀ ਤ੍ਰੀਮਤ ਦਾ ਖਿਆਲ ਆ ਰਿਹਾ ਸੀ। ਉਹਦਾ ਕੀ ਹਸ਼ਰ ਹੋਇਆ ਹੋਵੇਗਾ? ਆਪਣੇ ਪਿੰਡ ਵਿਚ ਹੀ ਨਹੀਂ, ਪੂਰੇ ਬਾਹਰੇ ਵਿਚ ਉਸ ਦੇ ਹੁਸਨ ਦਾ ਚਰਚਾ ਸੀ। ਕਿੱਥੇ ਛੱਡੀ ਹੋਣੀ ਏਂ ਕਿਸੇ ਨੇ? ਹੋ ਸਕਦਾ ਏ, ਕੋਈ ਧਾੜ ਪਈ ਹੋਵੇ ਤੇ ਕੋਈ ਉਸ ਨੂੰ ਬਾਂਹੋਂ ਧੂਹ ਕੇ ਲੈ ਗਿਆ ਹੋਵੇ। ਹੋ ਸਕਦਾ ਏ, ਸੱਯਦ ਬਰਕਤ ਅਲੀ ਸ਼ਾਹ ਦੇ ਮੁੰਡੇ ਦਾ ਈਮਾਨ ਹੀ ਡੋਲ ਗਿਆ ਹੋਵੇ? ਕੀ ਹੋਇਆ ਹੋਵੇਗਾ? ਲੜਕਾ? ਲੜਕੀ ? ਲੜਕਾ ਈ ਹੋਵੇ। ਲੜਕੀ ਵੀ ਹੋ ਸਕਦੀ ਏ । ਤੇ ਕੀ ਪਤਾ! ਉਹ ਇਸ ਦੁਨੀਆਂ ਉੱਤੇ ਹੈ ਵੀ ਕਿ ਨਹੀਂ? ਜਣੇਪੇ ਵੇਲੇ ਕਈ ਔਰਤਾਂ ਮਰ ਵੀ ਤਾਂ ਜਾਂਦੀਆਂ ਨੇ?

ਲੀਕ ਖਿੱਚੀ ਗਈ ਸੀ। ਉੱਧਰ ਦੀਆਂ ਸਭੇ ਸਾਂਝਾਂ ਓਧਰ ਹੀ ਦਫ਼ਨ ਹੋ ਗਈਆਂ ਸਨ। ਸਦੀਆਂ ਤੋਂ ਚਲਿਆ ਆ ਰਿਹਾ ਭਾਈਚਾਰਾ ਖਤਮ ਹੋ ਗਿਆ ਸੀ। ਖਿੱਲਰ ਗਿਆ ਸੀ ਸਭ ਕੁਝ। ਮਨਾਂ, ਇਹ ਕੀ ਬੀਤ ਗਿਆ? ਇਹ ਇੰਝ ਕਿਉਂ ਹੋਇਆ? ਸਾਡਾ ਦੋਸ਼? ਅਸਾਂ ਕਿਹੜੇ ਗੁਨਾਹ ਕੀਤੇ ਸਨ?..........

ਅਚਾਨਕ ਕਿਸੇ ਨੇ ਮੇਰੇ ਮੋਢੇ ਉੱਤੇ ਹੱਥ ਆਣ ਰੱਖਿਆ । ਮੈਂ ਨਜ਼ਰਾਂ ਚੁੱਕ ਕੇ ਵੇਖਿਆ। ਸਾਡੇ ਹੀ ਪਿੰਡ ਦੀ ਦੂਜੀ ਪੱਤੀ ਦਾ ਟਹਿਲਾ ਸੀ।

ਮੈਂ ਉੱਠ ਕੇ ਉਸ ਨੂੰ ਜੱਫ਼ੀ ਪਾ ਲਈ ਅਤੇ ਉਹਦੇ ਮੋਢੇ ਤੇ ਸਿਰ ਸੁੱਟ ਕੇ ਬੱਚਿਆਂ-ਹਾਰ ਰੋਣ ਲੱਗ ਪਿਆ।

"ਨਾ ਰੋ!" ਉਸ ਮੈਨੂੰ ਦਿਲਾਸਾ ਦੇਂਦਿਆ ਕਿਹਾ, "ਤੇਰੇ ਲਈ ਚੰਗੀ ਖ਼ਬਰ ਲਿਆਇਆ ਵਾਂ।"

ਮੇਰੀ ਪੂਰੀ ਦੀ ਪੂਰੀ ਹੋਂਦ,ਪ੍ਰਸ਼ਨ-ਚਿੰਨ੍ਹ ਬਣ ਗਈ?

ਟਹਿਲ ਸਿੰਘ ਬੋਲਿਆ, "ਸਵੇਰੇ ਮੈਂ ਚੱਕ ਰਾਮਦਾਸ ਦੇ ਸਟੇਸ਼ਨ ਤੇ ਬੈਠਾ ਹੋਇਆ ਸਾਂ। ਇਕ ਬੰਦਾ ਬੀੜ ਵਿਚ ਉੱਚੀ-ਉੱਚੀ ਵਾਜ਼ਾਂ ਮਾਰਦਾ ਫਿਰਦਾ ਸੀ.......ਰੂਪ ਪਿੰਡ ਦਾ ਸਰਦੂਲ ਸਿੰਘ ਸੁਣਦਾ ਹੋਵੇ ਤਾਂ ਮੇਰੇ ਨਾਲ ਗੱਲ ਕਰੇ।" ਮੈਂ ਉਹਦੇ ਕੋਲ ਗਿਆ, ਉਹਦੇ ਨਾਲ ਗੱਲ ਕੀਤੀ । ਉਹ ਦੱਸਦਾ ਸੀ ਪਈ ਪਿਛਲੇ ਚਹੁੰ ਦਿਨਾਂ ਤੋਂ ਸੱਯਦ ਬਰਕਤ ਅਲੀ ਸ਼ਾਹ, ਤੇਰੀ ਤੀਵੀਂ ਨੂੰ ਲੈ ਕੇ ਰਾਵੀ ਦੇ ਪੁਲ ਤੇ ਬੈਠੇ ਹੋਏ ਨੇ, ਤੇ ਹਰ ਲੰਘਦੇ ਬੰਦੇ ਨੂੰ ਸੁਨੇਹਾ ਪਏ ਦੇਂਦੇ ਨੇ ਕਿ ਤੈਨੂੰ ਖ਼ਬਰ ਕਰ ਦਿੱਤੀ ਜਾਵੇ।

ਇਕ ਮਾਲ ਗੱਡੀ ਅੰਮ੍ਰਿਤਸਰ ਵੱਲੋਂ ਡੇਹਰਾ ਬਾਬਾ ਨਾਨਕ ਨੂੰ ਜਾ ਰਹੀ ਸੀ। ਟਹਿਲ ਸਿੰਘ ਨੂੰ ਨਾਲ ਲੈ ਕੇ ਮੈਂ ਉਹਦੇ ਇਕ ਡੱਬੇ ਉੱਤੇ ਚੜ੍ਹ ਗਿਆ। ਪੁਲ ਉੱਤੇ ਲੱਗੇ ਫ਼ੌਜੀ ਪਹਿਰੇਦਾਰਾਂ ਦਾ ਤਰਲਾ-ਮਿੰਨਤ ਕਰਕੇ ਮੈ ਪਾਰਲੇ ਪਾਰ ਪੁੱਜਾ। ਰੇਲਵੇ ਲਾਈਨ ਦੇ ਨਾਲ ਈ ਇਕ ਪਾਸੇ ਜਿਹੇ ਹੋ ਕੇ, ਸੱਯਦ ਸਾਹਬ ਮੇਰੀ ਬੀਵੀ ਸਣੇ ਬੈਠੇ ਹੋਏ ਸਨ। ਹੱਥ ਵਿਚ ਤਸਬੀਹ, ਗੱਲ ਮਣਕਿਆਂ ਦੀ ਮਾਲਾ।

ਮੈਂ ਜਾਂਦਾ ਈ ਉਹਨਾਂ ਦੇ ਪੈਰੀਂ ਢਹਿ ਪਿਆ। ਉਹਨਾਂ ਚੁੱਕ ਕੇ ਹਿੱਕ ਨਾਲ ਲਾ ਲਿਆ। ਉਨ੍ਹਾਂ ਦੀਆਂ ਅੱਖਾਂ ਸੇਜਲ ਹੋ ਗਈਆਂ--, "ਸ਼ੁਕਰ ਹੈ! ਪਰਵਰਦਿ-ਗ਼ਾਰ, ਤੇਰਾ ਲੱਖ-ਲੱਖ ਸ਼ੁਕਰ ਹੈ, ਸ਼ੁਕਰ.... ਸ਼ੁਕਰ........"

ਮੇਰੇ ਹੋਠਾਂ ਨੂੰ ਜਿਵੇਂ ਕਾਠ ਮਾਰ ਗਿਆ ਹੋਵੇ। ਏਹ ਕੰਬੀ ਜਾ ਰਹੇ ਸਨ। ਬੋਲ ਕੁਝ ਨਹੀ ਸਨ ਰਹੇ। ਅੱਖਾਂ ਪਰਲ-ਪਰਲ ਵਹਿ ਰਹੀਆਂ ਸਨ। ਸੱਯਦ ਸਾਹਬ ਨੇ ਬੱਚਾ, ਮੇਰੀ ਤ੍ਰੀਮਤ ਕੋਲੋਂ ਲੈ ਕੇ, ਪਹਿਲਾਂ ਆਪਣੀ ਹਿੱਕ ਨਾਲ ਲਾਇਆ ਫੇਰ ਮੇਰੇ ਵੱਲ ਵਧਾਂਦੇ ਹੋਏ ਬੋਲੇ, "ਸਾਂਭ ਵਈ! ਇਸ ਅੱਲ੍ਹਾ ਦੇ ਨੂਰ ਨੂੰ......ਮੇਰਾ ਫਰਜ਼ ਅਦਾ ਹੋਇਆ। ਸ਼ੁਕਰ ਹੈ....... ਸ਼ੁਕਰ..........!"

ਮੈਂ ਆਪਣੇ ਪੁੱਤਰ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ। ਤ੍ਰਿਪਤ ਹੋ ਗਿਆ, ਮੈਂ।

ਫੇਰ ਉਹਨਾਂ ਭੁੰਜੇ ਪਈ ਪਿੱਤਲ ਦੀ ਦੋਹਣੀ ਨੂੰ, ਜਿਸ ਦਾ ਮੂੰਹ ਕੱਪੜੇ ਨਾਲ ਬੱਝਾ ਹੋਇਆ ਸੀ ਚੁੱਕ ਲਿਆ ਤੇ ਮੈਨੂੰ ਫੜਾਂਦੇ ਹੋਏ ਬੋਲੇ, "ਮੇਰੀ ਧੀ ਅਜੇ ਬੜੀ ਕਮਜ਼ੋਰ ਏ, ਐਹ ਥੋੜ੍ਹਾ ਜਿਹਾ ਘਿਉ............।"

ਉਹਨਾਂ ਦਾ ਗੱਚ ਭਰਿਆ ਗਿਆ, ਉਹ ਗੱਲ ਪੂਰੀ ਨਾ ਕਰ ਸਕੇ,ਬੋਲ ਥਿੜਕ ਗਏ। ਅੱਖਾਂ ਨੂੰ ਪੱਗ ਦੇ ਲੜ ਨਾਲ ਪੂੰਝਦੇ, ਡੋਲਦੇ ਕਦਮੀਂ ਉਹ ਪਰ੍ਹਾਂ ਟੁਰ ਪਏ।

ਤੇ ਲੋਕ ਪੁੱਛਦੇ ਨੇ, "ਇਕ ਗੁਰਸਿੱਖ ਦੇ ਘਰ ਮੁਸਲਮਾਨ ਸਾਂਈ ਫਕੀਰ ਦੀ ਪੂਜਾ ਦਾ ਕੀ ਮਤਲਬ?"

36

# ਜਨਮ ਭੂਮੀ

ਦਵਿੰਦਰ ਸਤਿਆਰਥੀ

## ਇੱਕ

ਗੱਡੀ ਹਰਬੰਸਪੁਰਾ ਦੇ ਸਟੇਸ਼ਨ 'ਤੇ ਖਲੋਤੀ ਸੀ। ਇਸ ਨੂੰ ਇਥੇ ਰੁਕਿਆਂ ਪੰਜਾਹ ਘੰਟੇ 'ਤੋਂ ਉੱਪਰ ਹੋ ਚੁੱਕੇ ਸਨ। ਪਾਣੀ ਦਾ ਭਾਅ ਪੰਜ ਰੁਪਏ ਗਲਾਸ ਤੋਂ ਇਕ ਦਮ ਪੰਜਾਹ ਰੁਪਏ ਗਲਾਸ ਤੱਕ ਚੜ੍ਹ ਗਿਆ, ਤੇ ਪੰਜਾਹ ਰੁਪਏ ਗਲਾਸ ਦੇ ਹਿਸਾਬ ਉੱਤੇ ਪਾਣੀ ਖਰੀਦਣ ਉੱਤੇ ਲੋਕਾਂ ਨੂੰ ਬੜੀ ਨਰਮੀ ਨਾਲ ਗੱਲ ਕਰਨੀ ਪੈਂਦੀ ਸੀ। ਉਹ ਡਰਦੇ ਸਨ ਕਿ ਪਾਣੀ ਦਾ ਭਾਅ ਹੋਰ ਨਾ ਚੜ੍ਹ ਜਾਵੇ। ਕੁਝ ਲੋਕ ਆਪਣੇ ਦਿਲ ਨੂੰ ਤੱਸਲੀ ਦੇ ਰਹੇ ਸਨ ਜੋ ਹਿੰਦੂਆਂ ਤੇ ਬੀਤ ਰਹੀ ਹੈ, ਉਹੀ ਉਧਰ ਮੁਸਲਮਾਨਾਂ 'ਤੇ ਵੀ ਬੀਤ ਰਹੀ ਹੋਵੇ ਗਈ। ਉਨ੍ਹਾਂ ਨੂੰ ਵੀ ਪਾਣੀ ਇਸ ਤੋਂ ਸਸਤੇ ਭਾਅ 'ਤੇ ਨਹੀਂ ਮਿਲ ਰਿਹਾ ਹੋਵੇਗਾ, ਉਨ੍ਹਾਂ ਨੂੰ ਵੀ ਨਾਨੀ ਯਾਦ ਆ ਰਹੀ ਹੋਵੇਗੀ।

ਪਲੇਟਫਾਰਮ 'ਤੇ ਖਲੋਤੇ-ਖਲੋਤੇ ਮਿਲਟਰੀ ਵਾਲੇ ਵੀ ਤੰਗ ਆ ਚੁੱਕੇ ਸਨ। ਏਹ ਲੋਕ ਸਵਾਰੀਆਂ ਨੂੰ ਹਿਫਾਜ਼ਤ ਨਾਲ ਨਵੇਂ ਦੇਸ ਵਿਚ ਲੈ ਜਾਣ ਲਈ ਜ਼ਿੰਮੇਵਾਰ ਸਨ। ਪਰ ਉਹਨਾਂ ਲਈ ਪਾਣੀ ਕਿੱਥੋਂ ਲਿਆਉਂਦੇ? ਉਹਨਾਂ ਦਾ ਆਪਣਾ ਰਾਸ਼ਨ ਵੀ ਘੱਟ ਸੀ। ਫੇਰ ਵੀ ਬਚੇ-ਖੁਚੇ ਬਿਸਕੁਟ ਤੇ ਮੂੰਗਫਲੀ ਦੇ ਦਾਣੇ ਡਿੱਬਿਆਂ ਵਿਚ ਵੰਡ ਕੇ ਉਹਨਾਂ ਨੇ ਹਮਦਰਦੀ ਜਿਤਾਉਣ ਵਿਚ ਕੋਈ ਕਸਰ ਨਹੀ ਸੀ ਉਠਾ ਰੱਖੀ । ਇਸ 'ਤੇ ਸਵਾਰੀਆਂ ਵਿਚ ਛੀਨਾ-ਝਪਟੀ ਵੇਖ ਕੇ ਉਨ੍ਹਾਂ ਨੂੰ ਹੈਰਾਨੀ ਹੁੰਦੀ, ਤੇ ਉਹ ਬਿਨਾਂ ਕੁਝ ਆਖੇ ਸੁਣੇ ਪਰ੍ਹੇ ਨੂੰ ਟੁਰ ਜਾਂਦੇ।

ਜੀਕੁਣ ਸਵਾਰੀਆਂ ਦੇ ਮਨ ਵਿਚ ਯਮਦੂਤਾਂ ਦੀ ਕਲਪਨਾਂ ਉੱਭਰ ਰਹੀ ਹੋਵੇ, ਤੇ ਜਨਮ-ਜਨਮ ਦੇ ਪਾਪ ਉਨ੍ਹਾਂ ਦੇ ਮੂਹਰੇ ਨੱਚ ਰਹੇ ਹੋਣ, ਜਿਵੇਂ ਜਨਮ ਭੂਮੀ ਨਾਲ ਪਿਆਰ ਕਰਨਾ ਹੀ ਉਹਨਾਂ ਦਾ ਸਭ ਤੋਂ ਵੱਡਾ ਦੋਸ਼ ਹੋਵੇ। ਇਸੇ ਕਰਕੇ ਤਾਂ ਉਹ ਜਨਮਭੂਮੀ ਨੂੰ ਛੱਡ ਕੇ ਨੱਸ ਖਲੋਤੇ ਸਨ। ਹਾਸੇ-ਮਖੌਲ, ਜਨਮਭੂਮੀ ਨੇ ਆਪਣੇ ਕੋਲ ਰੱਖ ਲਏ ਸਨ। ਗੋਰੀਆਂ ਦੇ ਚਿਹਰਿਆਂ 'ਤੇ ਜਿਵੇ ਕਿਸੇ ਨੇ ਕਾਲੇ ਤੇ ਨੀਲੇ ਦਾਗ ਲਾ ਦਿੱਤੇ ਹੋਣ। ਅਜੇ ਤੱਕ ਉਨ੍ਹਾਂ ਨੂੰ ਆਪਣੇ ਸਿਰਾਂ 'ਤੇ ਛੁਰੀਆਂ ਲਟਕਦੀਆਂ ਮਹਿਸੂਸ ਹੁੰਦੀਆਂ ਸਨ। ਮੁਟਿਆਰਾਂ ਦੇ ਕੰਨਾਂ ਵਿਚ ਗੋਲੀਆਂ ਦੀ ਸਨਸਨਾਹਟ ਗੂੰਜ ਉੱਠਦੀ, ਤੇ ਉਹ ਕੰਬ-ਕੰਬ ਜਾਂਦੀਆਂ। ਉਨ੍ਹਾਂ ਦੀ ਕਲਪਨਾ ਵਿਚ ਵਿਆਹ ਦੇ ਗੀਤ, ਫਸਾਦੀਆਂ ਦੇ ਨਾਅਰਿਆਂ ਤੇ ਮਾਰ-ਧਾੜ ਦੇ ਸ਼ੋਰ ਹਮੇਸ਼ਾ ਲਈ ਇਕ ਹੋ ਗਏ ਸਨ। ਪੰਜੇਬਾਂ ਦੀ ਛਣਕਾਰ ਘਾਇਲ ਹੋ ਗਈ ਸੀ। ਉਨ੍ਹਾਂ ਦੀਆਂ ਗੱਲ੍ਹਾਂ ਦੀ ਲਾਲੀ ਮਟਮੈਲੀ ਹੁੰਦੀ ਚਲੀ ਗਈ। ਜੀਵਨ ਤੇ ਸੰਗੀਤ, ਮੌਤ ਦੀਆਂ ਖਣਕਾਂ ਵਿਚ ਭਟਕਦੇ ਰਹਿ ਗਏ। ਹਾਸੇ ਸ਼ੋਕ ਵਿਚ ਡੁੱਬ ਗਏ, ਤੇ ਜ਼ਿੰਦਾ-ਦਿਲੀ 'ਤੇ ਮੜ੍ਹੀਆਂ ਦੀ ਸਵਾਹ ਉੱਡਣ ਲੱਗ ਪਈ। ਪੰਜ ਦਿਨ ਦੀ ਯਾਤਰਾ ਵਿਚ ਸਭਨਾਂ ਦੇ ਮੂੰਹ-ਮੱਥੇ ਦੀ ਰੌਣਕ ਗੁੰਮ-ਗਵਾਚ ਗਈ।

ਇਹ ਸਭ ਕਿਉਂ ਹੋਇਆ, ਕਿਵੇਂ ਹੋਇਆ? ਇਸ 'ਤੇ ਵਿਚਾਰ ਕਰਨ ਦੀ ਕਿਸ ਨੂੰ ਵਿਹਲ ਸੀ? ਇਹ ਸਭ ਕਿਵੇਂ ਹੋਇਆ, ਕਿ ਲੋਕ ਆਪਣੀ ਹੀ ਜਨਮਭੂਮੀ ਤੋਂ ਬਿਗਾਨੇ ਹੋ ਗਏ। ਹਰ ਚਿਹਰੇ 'ਤੇ ਭੈਅ ਸੀ, ਆਤੰਕ ਸੀ। ਬਹੁਤਿਆਂ ਨੂੰ ਏਨਾ ਇਤਮੀਨਾਨ ਜ਼ਰੂਰ ਸੀ, ਕਿ ਜਾਨ 'ਤੇ ਆ ਜਾਣ ਮਗਰੋਂ, ਉਹ ਨੱਸ-ਖਲੋਣ ਵਿਚ ਸਫ਼ਲ ਹੋ ਗਏ! ਇਕੋ ਧਰਤੀ ਦਾ ਅੰਨ ਖਾਣ ਵਾਲੇ ਲੋਕ, ਕਿਵੇਂ ਇਕ-ਦੂਜੇ ਦੇ ਲਹੂ ਨਾਲ ਹੱਥ ਰੰਗਣ ਲੱਗ ਪਏ? ਇਹ ਸਭ ਕਿਉਂ ਹੋਇਆ, ਕਿਵੇਂ ਹੋਇਆ?

ਨਵੇਂ ਦੇਸ ਦੀ ਕਲਪਨਾ ਉਹਨਾਂ ਨੂੰ ਇਸ ਗੱਡੀ ਵਿਚ ਲੈ ਆਈ ਸੀ। ਹੁਣ ਇਹ ਗੱਡੀ ਅੱਗੇ ਕਿਉਂ ਨਹੀਂ ਤੁਰਦੀ? ਸੁਣਨ ਵਿਚ ਤਾਂ ਇੱਥੋਂ ਤੱਕ ਆਇਆ ਸੀ ਕਿ ਸਟੇਸ਼ਨ 'ਤੇ ਫਸਾਦੀਆਂ ਨੇ ਗੱਡੀ ਦੀਆਂ ਪੂਰੀਆਂ ਸਵਾਰੀਆਂ ਦੇ ਖ਼ੂਨ ਨਾਲ ਹੱਥ ਰੰਗ ਲਏ ਸਨ। ਪਰ, ਹੁਣ ਹਾਲਤ ਕਾਬੂ ਵਿਚ ਸੀ। ਭਾਂਵੇਂ ਕੁਝ ਲੋਕ ਪੰਜਾਹ ਰੁਪਏ ਗਲਾਸ ਦੇ ਹਿਸਾਬ ਨਾਲ ਪਾਣੀ ਵੇਚਣ ਵਾਲਿਆਂ ਨੂੰ ਬਦਮਾਸ਼-ਬੱਲਵਾਈਆਂ ਦੇ ਸ਼ਰੀਫ ਭਰਾ ਮੰਨਣ ਲਈ ਤਿਆਰ ਨਹੀਂ ਸਨ। ਨਵੇਂ ਦੇਸ ਵਿਚ ਏਹ ਸਭ ਮੁਸੀਬਤਾਂ ਤਾਂ ਨਹੀਂ ਹੋਣਗੀਆਂ। ਉੱਥੇ ਸਭ ਇਕ-ਦੂਜੇ ਤੇ ਭਰੋਸਾ ਕਰ ਸਕਣਗੇ। ਪਰ ਜਦ ਤ੍ਰਿਹਾਏ ਬੁੱਲ੍ਹ ਸੁੱਕਣ ਲੱਗ ਪੈਂਦੇ, ਤੇ ਸੰਘ ਵਿਚ ਪਿਆਸ ਦੇ ਜ਼ੋਰ ਸਦਕਾ ਸਵਾਸ ਅਟਕਣ ਲੱਗਦੇ ਤਾਂ ਉਹ ਤੜਪ ਕੇ ਰਹਿ ਜਾਂਦੇ।

ਜਨਮਭੂਮੀ ਵਿਚ ਹੱਥ ਹਮੇਸ਼ਾ ਖਾਲੀ ਰਹੇ। ਹੁਣ ਨਵੇਂ ਦੇਸ ਵਿਚ ਵੀ ਉਹਨਾਂ ਦੇ ਹੱਥ ਕਿਹੜੇ ਭਰ ਜਾਣਗੇ? ਉਹ ਵਧ ਚੜ੍ਹ ਕੇ ਗੱਲਾਂ ਕਰਨ ਲੱਗ ਪੈਂਦੇਂ। ਸੈਂ, ਤੋਂ ਤੁਰ ਕੇ, ਉਨ੍ਹਾਂ ਦੇ ਹੱਥ ਲੱਖਾਂ 'ਤੇ ਆ ਕੇ ਰੁਕਦੇ। ਪਰ ਪਿਆਸ ਨਾਲ ਉਨ੍ਹਾਂ ਦਾ ਬੁਰਾ ਹਾਲ ਸੀ।

ਖਚਾ-ਖਚ ਭਰੇ ਹੋਏ ਡੱਬੇ 'ਤੇ ਆਲੂਆਂ ਦੀ ਬੋਰੀ ਦਾ ਭੁਲੇਖਾ ਪੈਂਦਾ ਸੀ। ਇਕ ਅਧੇੜ-ਉਮਰ ਦੀ ਔਰਤ, ਜੋ ਕਈ ਦਿਨਾਂ ਤੋਂ ਬੀਮਾਰ ਸੀ, ਇਕ ਖੂੰਜੇ ਵਿਚ ਬੈਠੀ ਸੀ। ਉਸ ਦੇ ਤਿੰਨ ਬੱਚੇ ਸਨ। ਇਕ ਕੁੜੀ, ਸੱਤ ਵਰ੍ਹਿਆਂ ਦੀ ਸੀ, ਇਕ ਪੰਜ ਵਰ੍ਹਿਆਂ ਦੀ ਤੇ ਤੀਜਾ ਬੱਚਾ ਅਜੇ ਦੁੱਧ ਪੀਂਦਾ ਸੀ। ਇਹ ਗੋਦੀ ਦਾ ਬਾਲ ਉਸ ਨੂੰ ਬੁਰੀ ਤਰ੍ਹਾਂ ਪ੍ਰੇਸ਼ਾਨ ਕਰ ਰਿਹਾ ਸੀ। ਕਦੀ-ਕਦੀ ਤੰਗ ਆ ਕੇ ਉਸ ਦਾ ਮੂੰਹ ਝਟਕ ਦੇਂਦੀ। ਇਸ ਨਾਰੀ ਦਾ ਪਤੀ ਕਈ ਵੇਰ ਬੱਚੇ ਨੂੰ ਆਪਣੀਆਂ ਬਾਹਾਂ ਵਿਚ ਚੁੱਕ ਕੇ ਖਲੋ ਜਾਂਦਾ, ਅਤੇ ਆਪਣੀ ਪਤਨੀ ਦੀਆਂ

ਅੱਖਾਂ ਵਿਚ ਝਾਕ ਕੇ ਇਹ ਆਖਣਾ ਚਾਹੁੰਦਾ, ਕਿ ਇਸ ਤੀਜੇ ਬਾਲ ਨੇ ਜਨਮ ਹੀ ਨਾ ਲਿਆ ਹੁੰਦਾ ਤਾਂ ਬਹੁਤ ਚੰਗਾ ਹੁੰਦਾ।

ਬਾਲ ਨੂੰ ਆਪਣੀ ਗੋਦੀ ਵਿਚ ਲੈਂਦਿਆਂ ਬਿਮਾਰ ਔਰਤ ਦਾ ਪਤੀ ਆਖਦਾ, "ਤੂੰ ਘਬਰਾ ਨਾ । ਤੂੰ ਠੀਕ ਹੋ ਜਾਵੇਂਗੀ। ਬੱਸ, ਹੁਣ ਥੋੜ੍ਹਾ ਜਿੰਨਾਂ ਫਾਸਲਾ ਹੋਰ ਰਹਿ ਗਿਆ।" ਬਿਮਾਰ ਔਰਤ ਚੁੱਪ ਬੈਠੀ ਰਹੀ। ਸ਼ਾਇਦ ਉਹ ਕਹਿਣਾ ਚਾਹੁੰਦੀ ਸੀ, ਜੇਕਰ ਗੱਡੀ ਕੁਝ ਚਿਰ ਏਥੇ ਰੁਕੀ ਰਹੀ ਤਾਂ ਬਲਵਾਈ ਏਥੇ ਆ ਜਾਣਗੇ ਤੇ ਗਿਣਤੀ ਦੇ ਮਿਲਟਰੀ ਵਾਲ ਕੀਕਣ ਸਾਡੀ ਜਾਨ ਬਚਾ ਸਕਣਗੇ? ਜਿਵੇਂ ਏਹ ਸਭ ਮਵਾਰੀਆਂ ਲਾਸ਼ਾਂ ਹੋਣ ਤੇ ਗਿੱਧ ਉਨ੍ਹਾਂ ਦੀ ਬੂ-ਸੁੰਘ ਸਕਦੇ ਹੋਣ।

ਕੋਲੋਂ ਕਿਸੇ ਨੇ ਪੁੱਛ ਲਿਆ, "ਭੈਣ ਜੀ ਨੂੰ ਕੀ ਕਸ਼ਟ ਏ?"

"ਉਸ ਪਿੰਡ ਵਿਚ ਕੋਈ ਡਾਕਟਰ ਨਹੀਂ ਸੀ, ਜਿੱਥੇ ਮੈਂ ਪੜ੍ਹਾਂਦਾ ਸਾਂ।" ਬਿਮਾਰ ਔਰਤ ਦਾ ਪਤੀ ਬੋਲ ਪਿਆ।

"ਤਾਂ ਤੁਸੀਂ ਸਕੂਲ ਮਾਸਟਰ ਹੋ?"

"..........ਏਹ ਕਹੋ ਸਕੂਲ ਮਾਸਟਰ ਸੋਂ! " ਬੀਮਾਰ ਔਰਤ ਦੇ ਪਤੀ ਨੇ ਲੰਮਾਂ ਹੌਕਾ ਭਰ ਕੇ ਆਖਿਆ, "ਹੁਣ ਭਗਵਾਨ ਨੂੰ ਪਤਾ ਹੋਵੇਗਾ ਕਿ ਨਵੇਂ ਦੇਸ ਵਿਚ ਸਾਡੇ 'ਤੇ ਕੀ ਗੁਜ਼ਰੇਗੀ।"

ਦੋ

ਉਹ ਆਪਣੇ ਮਨ ਨੂੰ ਸਮਝਾਉਂਦਾ ਰਿਹਾ। ਜ਼ਰਾ ਗੱਡੀ ਤੁਰੇ ਤਾਂ ਸਹੀ ਉਹ ਬਹੁਤ ਛੇਤੀ ਆਪਣੇ ਰਾਜ ਵਿਚ ਪਹੁੰਚਣ ਵਾਲੇ ਸਨ । ਉੱਥੇ ਡਾਕਟਰਾਂ ਦੀ ਘਾਟ ਨਹੀਂ ਹੋਵੇਗੀ। ਕਿਤੇ ਨਾ ਕਿਤੇ ਸਕੂਲ ਮਾਸਟਰ ਦੀ ਥਾਂ ਮਿਲ ਹੀ ਜਾਵੇਗੀ। ਉਸ਼ ਦੀ ਅਮਦਨੀ ਪਹਿਲਾਂ ਨਾਲੋਂ ਵਧ ਜਾਵੇਗੀ। ਉਹ ਆਪਣੀ ਪਤਨੀ ਨੂੰ ਕਹਿਣਾ ਚਾਹੁੰਦਾ ਸੀ, ਜਿਹੜੀ ਚੀਜ਼ ਜਨਮਭੂਮੀ ਵਿਚ ਅੱਜ ਤੀਕ ਨਹੀਂ ਸੀ ਮਿਲ ਸਕੀ, ਹੁਣ ਨਵੇਂ ਦੇਸ਼ ਤੇ ਜਨਤਾ ਦੇ ਰਾਜ ਵਿਚ ਉਸ ਦੀ ਕੁਝ ਘਾਟ ਨਹੀਂ ਹੋਵੇਗੀ ।

ਵੱਡੀ ਕੁੜੀ ਕਾਂਤਾ ਨੇ ਬੀਮਾਰ ਮਾਂ ਦੇ ਕੋਲ ਸਰਕ ਕੇ ਪੁੱਛਿਆ,"ਮਾਂ, ਗੱਡੀ ਕਦ ਤੁਰੇਗੀ?"

ਨਿੱਕੀ ਕੁੜੀ ਸ਼ਾਂਤਾ ਖਿੜਕੀ ਵਿਚੋਂ ਬਾਹਰ ਝਾਕ ਰਹੀ ਸੀ।

ਕਾਂਤਾ ਤੇ ਸ਼ਾਂਤਾ ਦਾ ਨਿੱਕੜਾ ਵੀਰ ਲਲਿਤ, ਪਿਤਾ ਦੀਆਂ ਬਾਹਾਂ ਵਿਚ ਬਰਾਬਰ ਰੋਈ ਜਾ ਰਿਹਾ ਸੀ।

ਸਕੂਲ ਮਾਸਟਰ ਨੂੰ ਆਪਣੇ ਸਕੂਲ ਦਾ ਧਿਆਨ ਆ ਗਿਆ, ਜਿਥੇ ਉਹ ਪਿਛਲੇ ਦਸ ਵਰ੍ਹਿਆਂ ਤੋਂ ਹੈਡਮਾਸਟਰ ਸੀ। ਟੈਕਸਲਾ ਲਾਗੇ ਇਸ ਪਿੰਡ ਨੂੰ ਸ਼ੁਰੂ ਵਿਚ ਇਹ ਕਬੂਲ ਨਹੀਂ ਸੀ, ਕਿ ਇਥੇ ਕੋਈ ਸਕੂਲ ਟਿੱਕ ਸਕੇ। ਉਸ ਨੇ ਬੜੇ ਪਿਆਰ ਨਾਲ ਲੋਕਾਂ ਨੂੰ ਸਮਝਾਇਆ ਸੀ ਕਿ ਇਹ ਪਿੰਡ ਟੈਕਸਲਾ ਤੋਂ ਦੂਰ ਨਹੀਂ-ਟੈਕਸਲਾ, ਜਿਸ ਦਾ ਪ੍ਰਾਚੀਨ ਨਾਂ ਤਕਸ਼-ਸ਼ਿਲਾ ਹੈ, ਤੇ ਇਥੇ ਦੁਨੀਆਂ ਦਾ ਸਭ ਤੋਂ ਵੱਡਾ ਵਿਸ਼ਵ-ਵਿਦਿਆਲਯ ਸੀ ਤੇ ਏਥੇ ਦੂਰ-ਦੁਰਾਡੇ ਦੇਸਾਂ ਦੇ ਵਿਦਿਆਰਥੀ ਸ਼ਿਕਸ਼ਾ ਪ੍ਰਾਪਤੀ ਲਈ ਆਇਆ ਕਰਦੇ ਸਨ। ਇਹ ਵਿਚਾਰ ਆਉਣ ਸਾਰ ਉਸ ਦੀ ਕਲਪਨਾ ਨੂੰ ਝਟਕਾ ਜਿਹਾ ਲੱਗਿਆ, ਕਿਉਂ ਕਿ ਇਸ ਯੁਗ ਦੇ ਲੋਕਾਂ ਨੇ ਇਕ ਦੂਜੇ ਦੇ ਖ਼ੂਨ ਨਾਲ ਹੱਥ ਰੰਗਣ ਦੀਆਂ ਸੌਹਾਂ ਖਾਧੀਆਂ ਤੇ ਅਤਿਆਚਾਰ ਦੀਆਂ ਇਹ ਘਟਨਾਵਾਂ ਸ਼ਹਿਨਾਈਆਂ ਦੇ ਸੰਗੀਤ ਵਿਚ ਡੁੱਬ ਕੇ ਰੋਈਆਂ। ਪੜ੍ਹੇ-ਲਿਖੇ ਲੋਕ ਵੀ ਬਲਵਾਈਆਂ ਦੇ ਭਾਈਵਾਲ ਬਣਦੇ ਚਲੇ ਗਏ। ਸ਼ਾਇਦ ਉਨ੍ਹਾਂ ਨੂੰ ਭੁੱਲ ਕੇ ਵੀ ਏਹ ਵਿਚਾਰ ਨਾ ਆਇਆ ਕਿ ਅਜੇ ਤਾਂ ਪ੍ਰਾਚੀਨ ਤਕਸ਼-ਸ਼ਿਲਾ ਦੀ ਖੁਦਾਈ 'ਚੋਂ ਪ੍ਰਾਪਤ ਹੋਈਆਂ ਮੂਰਤੀਆਂ ਬਰਾਬਰ ਸ਼ਾਂਤੀ-ਸ਼ੰਦੇਸ਼ ਸੁਣਾ ਰਹੀਆਂ ਸਨ। ਇਹ ਕਿਹੋ-ਜਿਹੀ ਜਨਮ ਭੂਮੀ ਸੀ? ਇਸ ਜਨਮਭੂਮੀ 'ਤੇ ਕਿਸ ਨੂੰ ਗੌਰਵ ਮਹਿਸੂਸ ਹੋ ਸਕਦਾ ਸੀ, ਜਿੱਥੇ ਕਤਲੇ-ਆਮ ਲਈ ਢੋਲ ਵਜਾਏ ਗਏ ਤੇ ਸ਼ਹਿਨਾਈਆਂ ਦਾ ਸੰਗੀਤ ਵੀ ਪਿੱਛੇ ਨਾ ਰਿਹਾ।

ਇਤਿਹਾਸ ਪੜ੍ਹਾਉਂਦਿਆਂ ਉਸ ਨੇ ਅਨੇਕ ਵੇਰ ਵਿਦਿਆਰਥੀਆਂ ਨੂੰ ਦੱਸਿਆ ਕਿ ਉਹਨਾਂ ਦੀ ਇਹੋ ਜਨਮਭੂਮੀ ਹੈ, ਜਿੱਥੇ ਕਦੀ ਕਨਿਸ਼ਕ ਦਾ ਰਾਜ ਸੀ, ਜਿੱਥੇ ਭਿਕਸ਼ੂਆਂ ਨੇ ਤਿਆਗ, ਸ਼ਾਂਤੀ ਤੇ ਨਿਰਵਾਣ ਦੇ ਸੰਦੇਸ਼ ਦਿੱਤੇ ਸਨ, ਤੇ ਅਨੇਕ ਵੇਰ ਗੌਤਮ ਬੁੱਧ ਦੇ ਦਰਸਾਏ ਹੋਏ ਮਾਰਗ ਵੱਲ ਮੁੜ-ਮੁੜ ਸੰਕੇਤ ਕੀਤਾ ਸੀ। ਅੱਜ ਉਸੇ ਧਰਤੀ 'ਤੇ ਘਰ ਫੂਕੇ ਜਾ ਰਹੇ ਸਨ, ਤੇ ਸ਼ਾਇਦ ਬਰਫ਼ਾਂ ਪਿਘਲਣ ਮਗਰੋਂ ਵਗਦੀਆਂ ਠੰਡੀਆਂ-ਠਾਰ ਨਦੀਆਂ ਦੇ ਨਾਲ-ਨਾਲ, ਗਰਮਾਂ-ਗਰਮ ਲਹੂ ਦੀਆਂ ਨਦੀਆਂ ਵਗਾਉਣ ਦਾ ਮਨਸੂਬਾ ਬੰਨ੍ਹਿਆਂ ਜਾ ਰਿਹਾ ਸੀ।

ਡੱਬੇ ਵਿਚ ਬੈਠੇ ਲੋਕਾਂ ਦੇ ਮੋਢੇ ਝੰਜੋੜ-ਝੰਜੋੜ ਕੇ ਉਹ ਆਖਣਾ ਚਾਹੁੰਦਾ ਸੀ, ਕਿ ਗੌਤਮ ਬੁੱਧ ਨੂੰ ਸੰਸਾਰ ਵਿਚ ਮੁੜ-ਮੁੜ ਆਉਣ ਦੀ ਜ਼ਰੂਰਤ ਨਹੀਂ। ਹੁਣ ਗੌਤਮ ਬੁੱਧ ਕਦੀ ਜਨਮ ਨਹੀ ਲਵੇਗਾ ਕਿਉਂ ਕਿ ਉਸਦੀ ਅਹਿੰਸਾ ਦਾ ਸਦਾ ਲਈ ਅੰਤ ਹੋ ਗਿਆ। ਹੁਣ ਲੋਕ ਨਿਰਵਾਣ ਨਹੀ ਚਾਹੁੰਦੇ। ਉਨ੍ਹਾਂ ਨੂੰ ਦੂਜਿਆਂ ਦੀ ਆਬਰੂ ਉਤਾਰਨ ਵਿਚ ਆਨੰਦ ਆਉਂਦਾ ਹੈ।

ਹੁਣ ਤਾਂ ਨਗਨ ਨਾਰੀਆਂ ਤੇ ਮੁਟਿਆਰਾਂ ਦੇ ਜਲੂਸ ਕੱਢਣ ਦੀ ਗੱਲ ਕਿਸੇ ਦੇ ਟਾਲਿਆ, ਟੱਲ ਨਹੀਂ ਸਕਦੀ। ਅੱਜ ਜਨਮਭੂਮੀ ਨੂੰ ਗ੍ਰਹਿਣ ਲੱਗ ਗਿਆ। ਅੱਜ ਜਨਮਭੂਮੀ ਦੀ ਤਕਦੀਰ ਫੁੱਟ ਗਈ। ਅੱਜ ਜਨਮਭੂਮੀ ਆਪਣੀ ਸੰਤਾਨ ਦੀਆਂ ਲਾਸ਼ਾਂ ਨਾਲ ਭਰੀ ਪਈ ਏ। ਹੁਣ ਏਹ ਇਨਸਾਨ ਦੇ ਮਾਸ ਤੇ ਲਹੂ ਦੀ ਸੜ੍ਹਾਂਦ, ਕਦੀ ਸਮਾਪਤ ਨਹੀਂ ਹੋਵੇਗੀ।

ਨੰਨ੍ਹਾਂ-ਮੁੰਨਾਂ ਲਲਿਤ ਰੋ-ਰੋ ਕੇ ਸੌਂ ਗਿਆ ਕਾਂਤਾ

ਤੇ ਸ਼ਾਂਤਾ ਬਰਾਬਰ ਸਹਿਮੀਆਂ ਨਿਗਾਹਾਂ ਨਾਲ ਕਦੀ ਮਾਂ ਵੱਲ ਤੇ ਕਦੀ ਖਿੜਕੀ 'ਚੋਂ ਬਾਹਰ ਤੱਕਣ ਲੱਗ ਪੈਂਦੀਆਂ ਸਨ। ਇਕ-ਦੋ ਵੇਰ ਉਨ੍ਹਾਂ ਦੀਆਂ ਨਜ਼ਰਾਂ ਲਲਿਤ ਵੱਲ ਵੀ ਉੱਠ ਗਈਆਂ। ਉਹ ਚਾਹੁੰਦੀਆਂ ਸਨ, ਕਿ ਥੋੜੀ ਦੇਰ ਹੋਰ ਉਨ੍ਹਾਂ ਦਾ ਪਿਤਾ, ਲਲਿਤ ਨੂੰ ਚੁੱਕੀ ਖਲੋਤਾ ਰਹੇ ਕਿਉਂਕਿ ਉਸ ਦੀ ਥਾਂ ਉਨ੍ਹਾਂ ਨੂੰ ਟੰਗਾਂ ਪਸਾਰਨ ਦਾ ਅਵਸਰ ਮਿਲ ਗਿਆ ਸੀ।

ਸ਼ਾਂਤਾ ਨੇ ਕਾਂਤਾ ਦੇ ਵਾਲ ਪੁੱਟ ਸੁੱਟੇ, ਤੇ ਕਾਂਤਾ ਰੋਣ ਲੱਗ ਪਈ। ਕੋਲੋਂ ਮਾਂ ਨੇ ਸ਼ਾਂਤਾ ਦੇ ਚਪੇੜ ਕੱਢ ਮਾਰੀ, ਤੇ ਹੁਣ ਸ਼ਾਂਤਾ ਵੀ ਰੋਣ ਲੱਗ ਪਈ। ਉਧਰ ਲਲਿਤ ਵੀ ਜਾਗ ਪਿਆ ਤੇ ਉਹ ਬੇ-ਸੁਰੇ ਅੰਦਾਜ਼ ਵਿਚ ਚੀਕਾਂ ਮਾਰ-ਮਾਰ ਰੋਣ ਲੱਗ ਪਿਆ।

ਸਕੂਲ ਮਾਸਟਰ ਦੇ ਵਿਚਾਰਾਂ ਦਾ ਸਿਲਸਿਲਾ ਟੁੱਟ ਗਿਆ । ਪ੍ਰਾਚੀਨ ਤਕਸ਼-ਸ਼ਿਲਾ ਵਿਸ਼ਵ-ਵਿਦਿਆਲਯ ਤੇ ਭਿਕਸ਼ੂਆਂ ਤੋਂ ਹਟ ਕੇ, ਉਹ ਏਹ ਆਖਣ ਲਈ ਤਿਆਰ ਹੋ ਗਿਆ ਕਿ ਕੌਣ ਆਖ ਦਾ ਹੈ ਕਿ ਇਸ ਦੇਸ ਵਿਚ ਕਦੀ ਗੌਤਮ ਬੁੱਧ ਦਾ ਜਨਮ ਹੋਇਆ ਸੀ? ਉਹ ਸ਼ਾਂਤਾ ਤੇ ਕਾਂਤਾ ਨੂੰ ਆਖਣਾ ਚਾਹੁੰਦਾ ਸੀ ਕਿ ਰੋਣ ਦਾ ਕੁਝ ਲਾਭ ਨਹੀਂ। ਨਿਕਚੂ ਜਿਹਾ ਲਲਿਤ ਤਾਂ ਬੇਸਮਝ ਏ, ਤੇ ਇਸ ਲਈ ਮੁੜ-ਮੁੜ ਰੋਣ ਲੱਗਦਾ ਹੈ, ਤੁਸੀ ਤਾਂ ਸਮਝਦਾਰ ਹੋ। ਤਹਾਨੂੰ ਤਾਂ ਬਿਲਕੁਲ ਨਹੀਂ ਰੋਣਾ ਚਾਹੀਦਾ, ਕਿਉਂ ਕਿ ਜੇਕਰ ਤੁਸੀਂ ਏਸੇ ਤਰ੍ਹਾਂ ਰੋਂਦੀਆਂ ਰਹੀਆਂ ਤਾਂ ਦੱਸੋ ਤੁਹਾਡੇ ਚਿਹਰਿਆਂ 'ਤੇ ਕਮਲ-ਪੁਸ਼ਪ ਕਿਵੇਂ ਖਿੜ ਸਕਦੇ ਨੇ? ਕੋਲੋਂ ਕਿਸੇ ਦੀ ਅਵਾਜ਼ ਆਈ, 'ਇਹ ਸਭ ਫਰੰਗੀ ਦੀ ਚਾਲ ਹੈ। ਜਿਨ੍ਹਾਂ ਬਸਤੀਆਂ ਨੇ ਵੱਡੇ-ਵੱਡੇ ਹਮਲਾਆਵਰਾਂ ਤੇ ਹਮਲੇ ਬਰਦਾਸ਼ਤ ਕੀਤੇ, ਅਣਗਿਣਤ ਸਦੀਆਂ ਤੋਂ ਆਪੋ ਆਪਣੀ ਥਾਂ ਕਾਇਮ ਰਹੀਆਂ, ਅੱਜ ਉਹ ਵੀ ਲੁੱਟੀਆਂ ਗਈਆਂ।'

" ਏਹੋ ਜਿਹੇ ਕਤਲੇਆਮ ਤਾਂ ਉਨ੍ਹਾਂ ਹਮਲਾਵਰਾਂ ਨੇ ਵੀ ਨਹੀਂ ਸੀ ਕੀਤੇ ਹੋਣਗੇ। ਸਾਡੇ ਸਕੂਲਾਂ ਵਿਚ ਝੂਠਾ ਮਨਘੜਤ ਇਤਿਹਾਸ ਪੜ੍ਹਾਇਆ ਜਾਂਦਾ ਰਿਹਾ ਹੈ।" ਇਕ ਮੁਸਾਫਿਰ ਨੇ ਗਿਆਨ ਘੋਟਿਆ।

ਸਕੂਲ ਮਾਸਟਰ ਨੇ ਤ੍ਰਭਕ ਕੇ ਉਸ ਮੁਸਾਫਿਰ ਵੱਲ ਤਕਿਆ। ਉਹ ਆਖਣਾ ਚਾਹੁੰਦਾ ਸੀ ਕਿ ਤੁਸੀਂ ਸੱਚ ਆਖਦੇ ਹੋ, ਮੈਨੂੰ ਪਤਾ ਨਹੀਂ ਸੀ। ਨਹੀਂ ਤਾਂ ਮੈ ਇਸ ਝੂਠੇ ਮਨਘੜਤ ਇਤਿਹਾਸ ਦਾ ਸਮਰਥਨ ਨਾ ਕਰਦਾ। ਉਹ ਇਹ ਵੀ ਆਖਣਾ ਚਾਹੁੰਦਾ ਸੀ, ਕਿ ਇਸ ਵਿਚ ਉਸਦਾ ਤੇ ਕੋਈ ਦੋਸ਼ ਨਹੀਂ, ਕਿਉਂ ਕਿ ਸਭਿਅਤਾ ਦੇ ਚਿਹਰੇ ਤੋਂ ਸੁੰਦਰਤਾ ਦਾ ਮਖੌਟਾ ਸੱਪ ਦੀ ਕੁੰਜ ਵਾਂਗ ਲੱਥਾ ਹੈ ਤੇ ਹੁਣੇ-ਹੁਣੇ ਪਤਾ ਲੱਗਾ ਹੈ ਕਿ, ਮਾਨਵ ਨੇ ਕੁਝ ਵੀ ਉੱਨਤੀ ਨਹੀਂ ਸੀ ਕੀਤੀ। ਸਗੋਂ ਏਹ ਆਖਣਾ ਪਵੇਗਾ ਕਿ ਉਸ ਨੇ ਪਤਨ ਵੱਲ ਬੜੇ ਤੇਜ਼ ਕਦਮ ਵਧਾਏ ਨੇ।

"ਜਿਨ੍ਹਾਂ ਨੇ ਬਲਵਾਈਆਂ ਤੇ ਹਤਿਆਰਿਆਂ ਦਾ ਸੰਗ ਨਿਭਾਇਆ ਤੇ ਮਨੁੱਖਤਾ ਦੀ ਪਰੰਪਰਾ ਦਾ ਅਪਮਾਨ ਕੀਤਾ", ਸਕੂਲ ਮਾਸਟਰ ਨੇ ਹਿੰਮਤ ਵਿਖਾਉਂਦਿਆਂ ਆਖਿਆ,"ਜਿਨ੍ਹਾਂ ਨੇ ਨੰਗੀਆਂ ਔਰਤਾਂ ਤੇ ਮੁਟਿਆਰਾਂ ਦੇ ਜਲੂਸ ਕੱਢੇ, ਜਿਨ੍ਹਾਂ ਨੇ ਮਾਂਵਾ ਭੈਣਾਂ ਦੀ ਇੱਜ਼ਤ ਲੁਟੀ, ਜਿਨ੍ਹਾਂ ਨੇ ਮਾਵਾਂ ਦੇ ਦੁੱਧ ਭਰੇ ਥਣ ਵੱਢ ਸੁੱਟੇ, ਤੇ ਜਿਨ੍ਹਾਂ ਨੇ ਬੱਚਿਆਂ ਦੀਆਂ ਲਾਸ਼ਾਂ ਨੇਜ਼ਿਆਂ 'ਤੇ ਉਛਾਲ ਕੇ ਉਹਨਾਂ ਦਾ ਮਖੌਲ ਉਡਾਇਆ, ਉਨ੍ਹਾਂ ਦੀਆਂ ਰੂਹਾਂ ਹਮੇਸ਼ਾਂ ਨਾ-ਪਾਕ ਰਹਿਣਗੀਆਂ। ਤੇ ਫੇਰ ਇਹ ਸਭ ਕੁਝ ਏਥੇ ਵੀ ਹੋਇਆ ਤੇ ਉਥੇ ਵੀ, ਜਨਮਭੂਮੀ ਵਿਚ ਵੀ ਤੇ ਨਵੇਂ ਦੇਸ ਵਿਚ ਵੀ।"

ਇਸ ਦੇ ਉੱਤਰ 'ਚ ਸਾਹਮਣੇ ਵਾਲਾ ਮੁਸਾਫਿਰ ਚੁੱਪ ਬੈਠਾ ਰਿਹਾ। ਉਸ ਦੀ ਖਾਮੋਸ਼ੀ ਹੀ ਉਸ ਦਾ ਜਵਾਬ ਸੀ। ਸ਼ਾਇਦ ਉਹ ਆਖਣਾ ਚਾਹੁੰਦਾ ਸੀ ਕਿ ਇਨ੍ਹਾਂ ਗੱਲਾਂ ਦਾ ਕੀ ਲਾਭ? ਉਪਰੋਂ ਉਸ ਨੇ ਏਨਾ ਹੀ ਆਖਿਆ,"ਸਾਨੂੰ ਇਹ ਕਿਹੋ ਜਿਹੀ ਆਜ਼ਾਦੀ ਮਿਲੀ ਏ?"

### ਤਿੰਨ

ਕਾਂਤਾ ਤੇ ਸ਼ਾਂਤਾ ਦੇ ਹੰਝੂ ਥੰਮ੍ਹ ਗਏ ਸਨ। ਲਲਿਤ ਵੀ ਕੁਝ ਛਿਣਾਂ ਲਈ ਖਾਮੋਸ਼ ਹੋ ਗਿਆ। ਸਕੂਲ ਮਾਸਟਰ ਦੀਆਂ ਨਿਗਾਹਾਂ ਆਪਣੀ ਬੀਮਾਰ ਪਤਨੀ ਵੱਲ ਉੱਠ ਗਈਆਂ, ਜੋ ਖਿੜਕੀ 'ਚੋਂ ਬਾਹਰ ਝਾਕ ਰਹੀ ਸੀ। ਸ਼ਾਇਦ ਉਹ ਪੁੱਛਣਾ ਚਾਹੁੰਦੀ ਸੀ ਕਿ ਜਨਮਭੂਮੀ ਛੱਡਣ ਲਈ ਕਿਉਂ ਮਜ਼ਬੂਰ ਹੋਏ? ਜਾਂ ਕਿ ਇਹ ਗੱਡੀ ਏਥੇ ਏਸੇ ਲਈ ਰੁਕ ਗਈ ਕਿ ਸਾਨੂੰ ਮੁੜ ਆਪਣੇ ਪਿੰਡ ਪਰਤ ਜਾਣ ਦਾ ਵਿਚਾਰ ਆ ਜਾਵੇ?

ਸਕੂਲ ਮਾਸਟਰ ਦੇ ਬੁੱਲ੍ਹ ਪੂਰੀ ਤਰ੍ਹਾਂ ਸੁੱਕ ਰਹੇ ਸਨ, ਉਹਦਾ ਸੰਘ ਬੁਰੀ ਤਰ੍ਹਾਂ ਖੁਸ਼ਕ ਹੋ ਚੁੱਕਾ ਸੀ। ਉਸ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਕੋਈ ਉਸ ਦੀ ਆਤਮਾ ਵਿਚ ਕੰਡੇ ਚੁਭੋ ਰਿਹਾ ਏ। ਇਕ ਹੱਥ ਸਾਹਮਣੇ ਵਾਲੇ ਮੁਸਾਫਿਰ ਦੇ ਮੋਢੇ ਉਤੇ ਰੱਖਦਿਆਂ ਉਹ ਬੋਲਿਆ-

"ਸਰਦਾਰ ਜੀ ਦੱਸੋਂ ਤੇ ਸਹੀ ਕੱਲ੍ਹ ਦਾ ਇਨਸਾਨ ਉਸ ਅੰਨ ਨੂੰ ਭਲਾ ਕਿਵੇਂ ਆਪਣਾ ਭੋਜਨ ਬਣਾਵੇਗਾ, ਜਿਸ ਦਾ ਜਨਮ ਉਸ ਧਰਤੀ ਦੀ ਕੁੱਖ 'ਚੋ ਹੋਵੇਗਾ, ਜਿਸ ਨੂੰ ਅਣਗਿਣਤ ਮਾਸੂਮ ਬੇਗੁਨਾਹਾਂ ਦੀਆਂ ਲਾਸ਼ਾਂ ਦੀ ਖਾਦ ਪ੍ਰਾਪਤ ਹੋਈ?"

ਸਰਦਾਰ ਜੀ ਦਾ ਚਿਹਰਾ ਤਮਤਮਾ ਉੱਠਿਆ। ਜਿਵੇਂ ਉਹ ਅਜਿਹੇ ਸਵਾਲ ਲਈ ਤਿਆਰ ਨਾ ਹੋਣ। ਰਤਾ ਕੁ ਸੰਭਲ ਕੇ ਉਨ੍ਹਾਂ ਵੀ ਸਵਾਲ ਪੁੱਛਿਆ, "ਤੁਸੀਂ ਦੱਸੋ, ਇਸ ਵਿਚ ਧਰਤੀ ਦਾ ਕੀ ਕਸੂਰ ਏ?"

"ਹਾਂ,ਹਾਂ, ਇਸ 'ਚ ਧਰਤੀ ਦਾ ਕੀ ਕਸੂਰ ਏ?" ਸਕੂਲ ਮਾਸਟਰ ਬੋਲ ਪਿਆ, "ਧਰਤੀ ਨੂੰ ਤਾਂ ਖਾਦ ਚਾਹੀਦੀ ਏ। ਭਾਵੇਂ ਉਹ ਕਿਤੋਂ ਵੀ ਕਿਉਂ ਨਾ ਮਿਲੇ।"

ਸਰਦਾਰ ਜੀ, ਪਲੇਟਫਾਰਮ ਵੱਲ ਵੇਖਣ ਲੱਗ

ਪਏ। ਬੋਲੇ, "ਇਹ ਗੱਡੀ ਵੀ ਅਜੀਬ ਢੀਠ ਏ; ਤੁਰਦੀ ਹੀ ਨਹੀਂ, ਬਲਵਾਈ ਖ਼ਬਰੇ ਕਦ ਆ ਜਾਣ।"

ਸਕੂਲ ਮਾਸਟਰ ਦੇ ਮਨ ਵਿਚ ਅਣਗਿਣਤ ਲਾਸ਼ਾਂ ਦਾ ਦ੍ਰਿਸ਼ ਘੁੰਮ ਗਿਆ, ਜਿਨ੍ਹਾਂ ਦੇ ਵਿਚਕਾਰ ਬੱਚੇ ਰੀਂਗ ਰਹੇ ਹੋਣ। ਉਹ ਇਹਨਾਂ ਬੱਚਿਆਂ ਦੇ ਭਵਿੱਖ ਬਾਰੇ ਵਿਚਾਰ ਕਰਨ ਲੱਗ ਪਿਆ। ਇਹ ਕਿਹੋ ਜਿਹੀ ਨਵੀਂ ਨਸਲ ਏ? ਉਹ ਪੁੱਛਣਾ ਚਾਹੁੰਦਾ ਸੀ। ਇਹ ਨਵੀਂ ਨਸਲ ਕਿਸ ਤਰ੍ਹਾਂ ਦੀ ਸਿੱਧ ਹੋਵੇਗੀ। ਉਸ ਨੂੰ ਉਨ੍ਹਾਂ ਅਣਗਿਣਤ ਮੁਟਿਆਰਾਂ ਦਾ ਧਿਆਨ ਆਇਆ, ਜਿਨ੍ਹਾਂ ਦੀ ਇੱਜ਼ਤ ਤੇ ਹੱਥ ਪਾਇਆ ਗਿਆ ਸੀ। ਮਰਦ ਦੀ ਦਹਿਸ਼ਤ ਤੋਂ ਛੁੱਟ, ਉਨ੍ਹਾਂ ਮੁਟਿਆਰਾਂ ਦੀ ਕਲਪਨਾ ਵਿਚ ਹੋਰ ਕੀ ਉੱਭਰ ਸਕਦਾ ਹੈ? ਉਨ੍ਹਾਂ ਲਈ ਸੱਚਮੁਚ ਆਜ਼ਾਦੀ ਬਰਬਾਦੀ ਬਣਕੇ ਆਈ। ਉਹ ਸੱਚਮੁਚ ਅਜ਼ਾਦੀ ਦੇ ਨਾਂ 'ਤੇ ਥੁੱਕਣੋਂ ਵੀ ਕਤਰਾਉਣਗੀਆਂ। ਉਸ ਨੂੰ ਉਨ੍ਹਾਂ ਮੁਟਿਆਰਾਂ ਦਾ ਧਿਆਨ ਆਇਆ, ਜੋ ਹੁਣ ਮਾਵਾਂ ਬਣਨ ਵਾਲੀਆਂ ਸਨ। ਉਹ ਕਿਸ ਤਰ੍ਹਾਂ ਦੀਆਂ ਮਾਵਾਂ ਬਣਨਗੀਆਂ? ਉਹ ਪੁੱਛਣਾ ਚਾਹੁੰਦਾ ਸੀ? ਏਹ ਨਫ਼ਰਤ ਦੇ ਬੀਜ ਕਿਸ ਤਰ੍ਹਾਂ ਦੀ ਫਸਲ ਉਗਾਉਣਗੇ? ਉਸ ਨੇ ਸੋਚਿਆ ਇਸ ਸਵਾਲ ਦਾ ਜਵਾਬ ਕਿਸੇ ਕੋਲ ਨਹੀਂ ਹੋਵੇਗਾ। ਉਸ ਡੱਬੇ ਵਿਚ ਬੈਠੇ ਇਕ-ਇਕ ਬੰਦੇ ਦਾ ਮੋਢਾ ਝੰਜੋੜ ਕੇ ਕਹਿਣਾ ਚਾਹੁੰਦਾ ਸੀ ਕਿ ਮੇਰੇ ਇਸ ਪ੍ਰਸ਼ਨ ਦਾ ਉੱਤਰ ਦਿਉ। ਨਹੀਂ ਤਾਂ ਜੇਕਰ ਇਹ ਗੱਡੀ ਪੰਜਾਹ-ਪੰਚਵੰਜ੍ਹਾਂ ਘੰਟੇ ਰੁਕਣ ਮਗਰੋਂ ਅੱਗੇ ਤੁਰਨ ਲਈ ਤਿਆਰ ਵੀ ਹੋਵੇਗੀ ਤਾਂ ਮੈਂ ਜ਼ੰਜੀਰ ਖਿੱਚ ਕੇ ਗੱਡੀ ਨੂੰ ਰੋਕ ਲਵਾਂਗਾ।

"ਕੀ ਇਹ ਗੱਡੀ ਹੁਣ ਅੱਗੇ ਨਹੀਂ ਤੁਰੇਗੀ? ਹੇ ਭਗਵਾਨ!" ਬੀਮਾਰ ਔਰਤ ਨੇ ਆਪਣੇ ਚਿਹਰੇ ਤੋਂ ਮੱਖੀਆਂ ਉਡਾਉਂਦੇ ਪੁੱਛਿਆ,

"ਨਿਰਾਸ਼ ਹੋਣ ਦੀ ਕੀ ਲੋੜ ਏ। ਗੱਡੀ ਆਖਰ ਚੱਲੇਗੀ ਹੀ ।" ਸਕੂਲ ਮਾਸਟਰ ਬੋਲ ਪਿਆ।

ਸਕੂਲ ਮਾਸਟਰ ਖਿੜਕੀ 'ਚੋਂ ਬਾਹਰ ਵੱਲ ਤੱਕਣ ਲੱਗ ਪਿਆ। ਇਕ ਦੋ ਵੇਰ ਉਸਦਾ ਹੱਥ ਜੇਬ ਵੱਲ ਵਧਿਆ, ਅੰਦਰ ਗਿਆ, ਤੇ ਬਾਹਰ ਆ ਗਿਆ। ਏਨਾਂ ਮਹਿੰਗਾ ਪਾਣੀ ਖਰੀਦਣ ਦੀ ਉਸ ਵਿਚ ਹਿੰਮਤ ਨਹੀ ਸੀ। ਖ਼ਬਰੇ ਕੀ ਸੋਚ ਕੇ ਉਸ ਨੇ ਆਖਿਆ, "ਗੱਡੀ ਹੁਣੇ ਤੁਰ ਪਵੇ ਤਾਂ ਨਵੇਂ ਦੇਸ ਦੀ ਸੀਮਾਂ ਵਿਚ ਪਰਵੇਸ਼ ਕਰਦਿਆਂ ਉਸ ਨੂੰ ਦੇਰ ਨਹੀ ਲੱਗੇਗੀ। ਫਿਰ ਪਾਣੀ ਦੀ ਕੋਈ ਘਾਟ ਨਹੀ ਹੋਵੇਗੀ। ਇਹ ਕਸ਼ਟ ਦੇ ਛਿਣ ਬਹੁਤ ਛੇਤੀ ਮੁੱਕ ਜਾਣਗੇ।"

ਚਾਰ

ਮੋਢਿਆਂ 'ਤੇ ਵਲ੍ਹੇਟੀ ਹੋਈ ਪਾਟੀ , ਪੁਰਾਣੀ ਚਾਦਰ ਨੂੰ ਮੁੜ-ਮੁੜ ਸੰਭਾਲਦਾ ਸੀ। ਇਸ ਨੂੰ ਉਹ ਆਪਣੀ ਜਨਮਭੂਮੀ ਤੋਂ ਬਚਾ ਕੇ ਲਿਆਇਆ ਸੀ। ਬਲਵਾਈਆਂ ਦੇ ਅਚਾਨਕ ਪਿੰਡ ਵਿਚ ਆ ਜਾਣ ਕਰ ਕੇ ਉਹ ਕੁਝ ਵੀ ਤਾਂ ਨਹੀਂ ਕੱਢ ਸਕਿਆ ਸੀ। ਬੜੀ ਮੁਸ਼ਕਲ ਨਾਲ ਉਹ ਆਪਣੀ ਬੀਮਾਰ ਪਤਨੀ ਤੇ ਬੱਚਿਆਂ ਨਾਲ ਭੱਜ ਤੁਰਿਆ ਸੀ। ਹੁਣ ਇਸ ਚਾਦਰ 'ਤੇ ਉਂਗਲਾਂ ਘੁਮਾਉਂਦਿਆਂ ਉਸ ਨੂੰ ਪਿੰਡ ਦੀ ਰਹਿਣੀ-ਬਹਿਣੀ ਯਾਦ ਆਉਣ ਲੱਗ ਪਈ। ਇਕ-ਇਕ ਘਟਨਾ ਜਿਵੇਂ ਇਕ - ਇਕ ਤਾਰ ਸੀ, ਤੇ ਇਹਨਾਂ ਦੀ ਮਦਦ ਨਾਲ ਸਮੇਂ ਦੇ ਜੁਲਾਹੇ ਨੇ ਜੀਵਨ ਸੀ ਚਾਦਰ ਬੁਣ ਦਿੱਤੀ ਸੀ। ਇਸ ਚਾਦਰ 'ਤੇ ਉਂਗਲਾ ਘੁਮਾਉਂਦਿਆਂ ਉਸ ਨੂੰ ਜਿਵੇਂ ਉਸ ਮਿੱਟੀ ਦੀ ਸੁਗੰਧ ਆਉਣ ਲੱਗ ਪਈ, ਜਿਸ ਨੂੰ ਉਹ ਵਰ੍ਹਿਆਂ-ਬੱਧੀ ਸੁੰਘਦਾ ਆਇਆ ਸੀ। ਜੀਕੁਣ ਕਿਸੇ ਉਸ ਨੂੰ ਜਨਮਭੂਮੀ ਦੀ ਕੁੱਖ 'ਚੋਂ ਮੱਲੋ-ਜ਼ੋਰੀ ਬਾਹਰ ਕੱਢ ਕੇ ਐਨੀ ਦੂਰ ਵਗਾਹ ਮਾਰਿਆ ਹੋਵੇ। ਖ਼ਬਰੇ ਹੁਣ ਗੱਡੀ ਕਦ ਤੁਰੇਗੀ! ਹੁਣ ਇਹ ਜਨਮਭੂਮੀ ਨਹੀ ਰਹਿ ਗਈ ਦੇਸ ਦੀ ਵੰਡ ਹੋ ਗਈ। ਚੰਗੀ-ਭਾਵੇਂ-ਮਾੜੀ। ਜੋ ਹੋਣਾ ਸੀ ਸੋ ਹੋ ਗਿਆ। ਹੁਣ ਦੇਸ ਦੀ ਵੰਡ ਨੂੰ ਝੁਠਲਾਉਣਾ ਆਸਾਨ ਨਹੀਂ, ਪਰ ਕੀ ਜੀਵਨ ਦੀ ਵੰਡ ਵੀ ਹੋ ਗਈ?

ਆਪਣੀ ਬੀਮਾਰ ਪਤਨੀ ਦੇ ਨੇੜੇ ਝੁਕ ਕੇ ਉਹ ਉਸ ਨੂੰ ਦਿਲਾਸਾ ਦੇਣ ਲੱਗ ਪਿਆ, "ਐਨੀ ਚਿੰਤਾਂ ਨਹੀਂ ਕੀਤਾ ਕਰੀਦੀ। ਬੱਸ ਨਵੇਂ ਦੇਸ ਵਿਚ ਪਹੁੰਚਣ ਦੀ ਦੇਰ ਹੈ। ਕਿਸੇ ਚੰਗੇ ਡਾਕਟਰ ਤੋਂ ਤੇਰਾ ਇਲਾਜ ਕਰਾਵਾਂਗੇ। ਮੈਂ ਮੁੜ ਸੋਨੇ ਦੀਆਂ ਮੁਰਕੀਆਂ ਬਣਵਾ ਦੇਵਾਂਗਾ।" ਕੋਈ ਹੋਰ ਸਮਾਂ ਹੁੰਦਾ ਤਾਂ ਉਹ ਆਪਣੀ ਪਤਨੀ ਨਾਲ ਉਲਝ ਜਾਂਦਾ ਕਿ ਨੱਸਣ ਵੇਲੇ ਚੁੜੇਲ ਆਪਣੀਆਂ ਸੋਨੇ ਦੀਆਂ ਮੁਰਕੀਆਂ ਹੀ ਚੁੱਕ ਲਿਆਉਂਦੀ। ਸਗੋਂ ਉਹ ਉਸ ਕੱਜਲ-ਦਾਨੀ ਲਈ ਵੀ ਝਗੜਾ ਖੜਾ ਕਰ ਦੇਂਦਾ, ਜਿਸ ਨੂੰ ਉਹ ਸ਼ੀਸ਼ੇ ਲਾਗੇ ਛੱਡ ਆਈ ਸੀ- ਕੱਜਲ-ਦਾਨੀ, ਜਿਸ ਦੀ ਮੱਦਦ ਸਦਕਾ ਉਹ ਅੱਧਖੜ ਹੋਣ ਮਗਰੋਂ ਆਪਣੇ ਨੈਣਾਂ ਰਾਹੀਂ ਬੀਤੇ ਸਮੇਂ ਦੀ ਯਾਦ ਤਾਜ਼ਾ ਕਰ ਲੈਂਦੀ ਸੀ।

ਕਾਂਤਾ ਨੇ ਝੁਕ ਕੇ ਸ਼ਾਂਤਾ ਦੀਆਂ ਅੱਖਾਂ 'ਚ ਕੁਝ ਵੇਖਣ ਦੀ ਕੋਸ਼ਿਸ਼ ਕੀਤੀ, ਜੀਕੁਣ ਉਹ ਪੁੱਛਣਾ ਚਾਹੁੰਦੀ ਹੋਵੇ ਕਿ ਦੱਸ ਪਗਲੀ, ਅਸੀਂ ਕਿੱਥੇ ਜਾ ਰਹੇ ਹਾਂ।

"ਮੇਰਾ ਛਣਕਣਾ?" ਸ਼ਾਂਤਾ ਨੇ ਪੁੱਛ ਲਿਆ।

"ਮੇਰੀ ਗੁੱਡੀ!" ਕਾਂਤਾ ਬੋਲੀ।

"ਇੱਥੇ ਛਣਕਣਾ ਹੈ, ਨਾ ਗੁੱਡੀ।" ਸਕੂਲ ਮਾਸਟਰ ਨੇ ਆਪਣੇ ਹੰਝੂ-ਭਰੇ ਨੈਣਾਂ ਨਾਲ ਆਪਣੀਆਂ ਬੱਚੀਆਂ ਵੱਲ ਤੱਕਦਿਆਂ ਆਖਿਆ, "ਮੇਰੀਓ ਬੱਚੀਓ! ਛਣਕਣੇ ਬਥੇਰੇ, ਗੁੱਡੀਆਂ ਬਥੇਰੀਆਂ। ਨਵੇਂ ਦੇਸ ਵਿਚ ਹਰ ਚੀਜ਼ ਮਿਲੇਗੀ।"

ਪਰ ਰਹਿ-ਰਹਿ ਕੇ ਉਸਦਾ ਮਨ ਪਿਛਾਂਹ ਵੱਲ ਪਰਤਣ ਲੱਗਦਾ ਉਹ ਕੇਹੀ ਖਿੱਚ ਏ?-ਉਹ ਜਨਮਭੂਮੀ ਦੀ ਖਿੱਚ ਏ।

ਜਿਵੇਂ ਉਹ ਆਪੋਂ ਜਵਾਬ ਦੇਣ ਦੀ ਕੋਸ਼ਿਸ਼ ਨਾ

ਕਰਦਾ। ਜਨਮਭੂਮੀ ਪਿੱਛੇ ਰਹਿ ਗਈ। ਹੁਣ ਨਵਾਂ ਦੇਸ ਨੇੜੇ ਹੈ। ਬੱਸ ਗੱਡੀ ਤੁਰਨ ਦੀ ਦੇਰ ਹੈ, ਉਸ ਨੇ ਝੁੰਜਲਾ ਕੇ ਏਧਰ-ਉਧਰ ਵੇਖਿਆ। ਜੀਕਣ ਉਹ ਡੱਬੇ ਵਿਚ ਬੈਠੇ ਹੋਏ ਇਕ-ਇਕ ਬੰਦੇ ਨੂੰ ਪੁੱਛਣਾ ਚਾਹੁੰਦਾ ਹੋਵੇ ਕਿ ਦੱਸੋ, ਗੱਡੀ ਕਦ ਤੁਰੇਗੀ।

"ਜਨਮਭੂਮੀ ਤਾਂ ਹਮੇਸ਼ਾਂ ਲਈ ਛੁੱਟ ਰਹੀ ਏ।" ਉਸ ਨੇ ਆਪਣੇ ਮੋਢਿਆਂ 'ਤੇ ਵਲ੍ਹੇਟੀ ਚਾਦਰ ਨੂੰ ਸੱਜੇ ਹੱਥ ਦੀਆਂ ਉਂਗਲਾ ਨਾਲ ਪਲੋਸਦਿਆਂ ਆਖਣਾ ਚਾਹਿਆ। ਜਿਵੇਂ ਇਸ ਚਾਦਰ ਦੇ ਵੀ ਕੰਨ ਹੋਣ, ਤੇ ਉਹ ਸਭ ਸੁਣ ਸਕਦੀ ਹੋਵੇ। ਖਿੜਕੀ ਚੋਂ ਸਿਰ ਕੱਢ ਕੇ ਉਸ ਨੇ ਪਿਛਾਂਹ ਵੱਲ ਤੱਕਿਆ ਤੇ ਉਸ ਨੂੰ ਇੰਜ ਜਾਪਿਆਂ ਜਿਵੇਂ ਜਨਮਭੂਮੀ ਬਾਹਾਂ ਪਸਾਰ ਕੇ ਉਸ ਨੂੰ ਬੁਲਾ ਰਹੀ ਹੋਵੇ, ਕਿ ਮੈਨੂੰ ਇੰਝ ਛੱਡ ਕੇ ਤੁਰ ਜਾਵੋਗੇ? ਮੇਰਾ ਅਸ਼ੀਰਵਾਦ ਤਾਂ ਤੁਹਾਡੇ ਲਈ ਹਮੇਸ਼ਾ ਰਹੇਗਾ!

ਸਕੂਲ ਮਾਸਟਰ ਦੀ ਬੀਮਾਰ ਪਤਨੀ ਨੇ ਨਿੱਕਚੂ ਲਲਿਤ ਨਾਲ ਸਮਝੌਤਾ ਕਰ ਲਿਆ ਸੀ। ਇਸ ਦੁੱਧ ਦੀ ਇਕ-ਇਕ ਬੂੰਦ 'ਤੇ ਸੈਂਕੜੇ ਰੁਪਏ ਨਿਛਾਵਰ ਕੀਤੇ ਜਾ ਸਕਦੇ ਸਨ। ਏਹ ਦੁੱਧ ਪੰਜਾਹ ਰਪਏ ਦੇ ਹਿਸਾਬ ਨਾਲ ਵਿਕਣ ਵਾਲੇ ਪਾਣੀ ਤੋਂ ਜ਼ਰੂਰ ਮਹਿੰਗਾ ਸੀ। ਚਾਦਰ 'ਤੇ ਸੱਜੇ ਹੱਥ ਦੀਆਂ ਉਂਗਲਾਂ ਫੇਰਦਿਆਂ ਸਕੂਲ ਮਾਸਟਰ ਨੂੰ ਜਨਮਭੂਮੀ ਦਾ ਧਿਆਨ ਆ ਗਿਆ,ਜੋ ਸਦੀਆਂ ਤੋਂ ਰੂੰ ਦੀ ਖੇਤੀ ਲਈ ਮਸ਼ਹੂਰ ਸੀ।

ਉਸਦੀ ਕਲਪਨਾ ਵਿਚ ਕਪਾਹ ਦੇ ਦੂਰ ਤੱਕ ਫੈਲੇ ਹੋਏ ਖੇਤ ਉੱਭਰੇ। ਏਹ ਉਸ ਕਪਾਹ ਦਾ ਜਾਦੂ ਹੀ ਤਾਂ ਸੀ ਕਿ ਜਨਮਭੂਮੀ ਰੂੰ ਦੇ ਅਣ-ਗਿਣਤ ਢੇਰਾਂ ਉੱਤੇ ਫ਼ਖ਼ਰ ਕਰ ਸਕਦੀ ਸੀ।

ਜਨਮਭੂਮੀ ਵਿਚ ਰੂੰ ਦੇ ਕਿਹੋ ਜਿਹੇ ਬਾਰੀਕ ਤੰਦ ਕੱਢੇ ਜਾਂਦੇ ਸਨ। ਘਰ-ਘਰ ਚਰਖੇ ਚਲਦੇ ਸਨ। ਚਰਖਾ ਕੱਤਣ ਵਾਲੀਆਂ ਦੇ ਰੰਗੀਨ ਤ੍ਰਿੰਜਣ! ਉਹ ਵਧ-ਚੜ੍ਹ ਕੇ ਸੂਤ ਕੱਤਣ ਦੇ ਮੁਕਾਬਲੇ। ਉਹ ਸੂਤ ਦੇ ਗਲੋਟੇ ਤਿਆਰ ਕਰਨ ਵਾਲੇ ਹੱਥ! ਉਹ ਜੁਲਾਹੇ ਜੋ ਲੋਕ-ਕਥਾਵਾਂ ਵਿਚ ਮੂਰਖਾਂ ਵਾਂਗ ਪੇਸ਼ ਕੀਤੇ ਜਾਂਦੇ ਸਨ, ਪਰ ਜਿਨ੍ਹਾਂ ਦੀਆਂ ਉਂਗਲਾਂ ਬਾਰੀਕ ਤੋਂ ਬਾਰੀਕ ਕੱਪੜਾ ਉਣਨ ਦੀ ਕਲਾ ਜਾਣਦੀਆਂ ਸਨ। ਜੀਕੁਣ ਜਨਮੂਮੀ ਪੁਕਾਰ-ਪੁਕਾਰ ਕੇ ਆਖ ਰਹੀ ਹੋਵੇ-ਤੁਸੀਂ ਕੱਦ ਵਜੋਂ ਲੰਮੇ ਤੇ ਸਰੀਰ ਵੱਲੋਂ ਗਠੇ ਹੋਏ ਹੋ। ਤੁਹਾਡੇ ਹੱਥ-ਪੈਰ ਮਜ਼ਬੂਤ ਹਨ। ਤੁਹਾਡੀ ਛਾਤੀ ਕਿੰਨੀ ਚੌੜੀ ਹੈ। ਤੁਹਾਡੇ ਜਬਾੜੇ ਐਨੇ ਸਖ਼ਤ ਹਨ ਕਿ ਪੱਥਰ ਤੱਕ ਚਬਾ ਜਾਵੋ। ਇਹ ਸਭ ਮੇਰੇ ਕਾਰਨ ਹੀ ਤਾਂ ਹੈ। ਵੇਖੋ, ਤੁਸੀਂ ਮੈਨੂੰ ਛੱਡ ਕੇ ਨਾ ਜਾਵੋ।........ਸਕੂਲ ਮਾਸਟਰ ਨੇ ਝੱਟ ਖਿੜਕੀ ਚੋਂ ਵੇਖਣਾ ਬੰਦ ਕਰ ਦਿੱਤਾ ਤੇ ਉਸ ਦੀਆਂ ਅੱਖਾਂ ਆਪਣੀ ਬੀਮਾਰ ਪਤਨੀ ਦੇ ਚਿਹਰੇ 'ਤੇ ਜੰਮ ਗਈਆਂ।

ਪੰਜ

ਉਹ ਆਖਣਾ ਚਾਹੁੰਦਾ ਸੀ ਕਿ ਮੈਨੂੰ ਉਹ ਦਿਨ ਹਾਲੇ ਤੱਕ ਯਾਦ ਹਨ। ਲਲਿਤ ਦੀ ਮਾਂ ਜਦ ਤੇਰੀਆਂ ਅੱਖਾਂ ਕਾਜਲ ਤੋਂ ਬਿਨਾਂ ਹੀ ਕਜ਼ਰਾਰੀਆਂ ਤੇ ਵੱਡੀਆਂ-ਵੱਡੀਆਂ ਜਾਪਦੀਆਂ ਸਨ। ਮੈਨੂੰ ਯਾਦ ਨੇ ਉਹ ਦਿਨ, ਜਦ ਤੇਰੀ ਦੇਹੀ ਵਿਚ ਹਿਰਨੀ ਵਾਲੀ ਮਸਤੀ ਸੀ ਉਨ੍ਹੀਂ ਦਿਨੀਂ ਤੇਰੇ ਚਿਹਰੇ 'ਤੇ ਚੰਦਰਮਾਂ ਦੀ ਚਾਨਣੀ ਸੀ। ਤਾਰਿਆਂ ਦੀ ਲੋਅ ਸੀ। ਮੁਸਕਾਨ, ਹਾਸਾ, ਮਖੌਲ-ਤੇਰੇ ਚਿਹਰੇ 'ਤੇ ਖੁਸ਼ੀ ਦੇ ਤਿੰਨੇ ਰੰਗ ਥਿੜਕ ਉੱਠਦੇ, ਤੇਰੇ 'ਤੇ ਜਨਮਭੂਮੀ ਕਿੰਨੀ ਦਿਆਲੂ ਸੀ, ਤੇਰੇ ਸਿਰ ਤੇ ਉਹ ਹਾਲੇ ਘੁੰਗਰਾਲੇ ਕੇਸ। ਸਾਉਣ ਦੇ ਕਾਲੇ-ਕਾਲੇ ਮੇਘ ਆਪਣੇ ਮੋਢਿਆਂ 'ਤੇ ਸੰਭਾਲੀ ਤੂੰ ਮਟਕ- ਮਟਕ ਕੇ ਤੁਰਦੀ ਸੈਂ-ਪਿੰਡ ਦੀਆਂ ਗਲੀਆਂ ਵਿਚ ਤੇ ਪਗਡੰਡੀਆਂ 'ਤੇ। ਜਿਵੇਂ ਮਟਕੀ ਵਿਚ ਉਲਟਾਏ ਜਾਣ ਵੇਲੇ ਤਾਜ਼ਾ ਚੋਇਆ ਹੋਇਆ ਦੁੱਧ ਬੋਲ ਪਵੇ। ਸਕੂਲ ਮਾਸਟਰ ਨੂੰ ਇੰਝ ਜਾਪਿਆ ਜਿਵੇਂ ਹਾਲੇ ਬਹੁਤ ਕੁਝ ਬਾਕੀ ਹੋਵੇ।

ਜਿਵੇਂ ਉਹ ਵਰ੍ਹਿਆਂ ਦੀ ਘੁੰਮਣ-ਘੇਰੀ ਵਿਚ ਚਮਕਦੀ ਹੋਈ ਕਿਰਨ ਦੇ ਦਿਲ ਦੀ ਬਾਤ ਭਾਂਪ ਕੇ ਕਹਿ ਸਕਦਾ ਹੋਵੇ, ਕਿ ਬੀਤੇ ਸੁਪਨੇ ਕਲਪਨਾ ਦੇ ਕਲਾ-ਭਵਨ ਵਿਚ ਸਦਾ ਥਿਰਕਦੇ ਰਹਿਣਗੇ। ਜੀਕੁਣ ਉਹ ਤਾਕ ਵਿਚ ਪਈ ਸੁਰਾਹੀ ਨੂੰ ਆਖ ਸਕਦਾ ਹੋਵੇ-ਨੀਂ ਸੁਰਾਹੀਏ ਤੇਰੀ ਗਰਦਨ ਟੇਢੀ ਏ। ਭਲਾ ਮੈਂ, ਉਹ ਦਿਨ ਕੀਕਣ ਭੁੱਲ ਸਕਦਾ ਹਾਂ ਜਦ ਤੂੰ ਨਵੀਂ-ਨਵੀਂ ਇਸ ਘਰ ਵਿਚ ਆਈ ਸੈਂ?

ਉਹ ਚਾਹੁੰਦਾ ਸੀ ਕਿ ਗੱਡੀ ਛੇਤੀ ਤੋਂ ਛੇਤੀ ਨਵੇਂ ਦੇਸ ਦੀ ਸੀਮਾ 'ਚ ਪ੍ਰਵੇਸ਼ ਕਰ ਜਾਵੇ। ਜਦ ਉਸ ਦੇ ਸਾਰੇ ਸੰਕਟ ਕੱਟੇ ਜਾਣਗੇ। ਪਤਨੀ ਦਾ ਇਲਾਜ ਵੀ ਹੋ ਸਕੇਗਾ। ਜਨਮਭੂਮੀ ਪਿੱਛੇ ਰਹਿ ਜਾਣ ਦੇ ਵਿਚਾਰ ਨਾਲ ਕੁਝ ਉਲਝਣ ਜਿਹੀ ਮਹਿਸੂਸ ਹੋਈ। ਪਰ ਉਸ ਨੇ ਝੱਟ ਆਪਣੇ ਮਨ ਨੂੰ ਸਮਝਾ ਲਿਆ। ਉਹ ਕਹਿਣ ਲੱਗ ਪਿਆ ਕਿ ਨਵੇਂ ਦੇਸ ਵਿਚ ਜਨਮਭੂਮੀ ਦੀ ਕਲਪਨਾ ਕਾਇਮ ਕਰ ਸਕੇ। ਆਖ਼ਰ ਇਕ ਪਿੰਡ ਨੂੰ ਹੀ ਜਨਮਭੂਮੀ ਨਹੀਂ ਆਖਦੇ। ਜਨਮਭੂਮੀ ਤਾਂ ਬਹੁਤ ਵਿਸ਼ਾਲ ਹੈ, ਬਹੁਤ ਮਹਾਨ ਹੈ, ਉਸ ਦੀ ਮਹਿਮਾ ਦਾ ਬਖਾਨ ਤਾਂ ਦੇਵਤਾ ਵੀ ਪੂਰੀ ਤਰ੍ਹਾਂ ਨਹੀਂ ਕਰ ਸਕਦੇ। ਜਿਧਰੋਂ ਗੱਡੀ ਇਥੋਂ ਤਕ ਆਈ ਸੀ, ਤੇ ਜਿੱਧਰ ਗੱਡੀ ਨੇ ਜਾਣਾ ਸੀ, ਦੋਵੇਂ ਪਾਸੇ ਇਕੋ ਤਰ੍ਹਾਂ ਦੀ ਭੂਮੀ ਦੂਰ-ਦੂਰ ਤੱਕ ਚਲੀ ਗਈ ਸੀ। ਉਸ ਨੂੰ ਵਿਚਾਰ ਆਇਆ ਕਿ ਭੂਮੀ ਤਾਂ ਸਭ ਥਾਂ ਇਕੋ ਜਿਹੀ ਹੈ। ਜਨਮ ਭੂਮੀ ਤੇ ਨਵੇਂ ਦੇਸ ਦੀ ਭੂਮੀ ਵਿਚਕਾਰ ਬਹੁਤ ਅੰਤਰ ਤਾਂ ਨਹੀਂ ਹੋ ਸਕਦਾ। ਉਹ ਚਾਹੁੰਦਾ ਸੀ ਕਿ ਜਨਮਭੂਮੀ ਦੀ ਅਸਲੀ ਕਲਪਨਾ ਕਾਇਮ ਕਰੇ। ਸਵੇਰ ਸਾਰ ਤੋਂ ਪਹਿਲਾਂ ਦਾ ਪਹੁ ਫੁਟਾਲਾ-ਦੂਰ ਤੱਕ ਪਸਰਿਆ ਦਿਸਹੱਦਾ-ਕਿਨਾਰੇ-ਕਿਨਾਰੇ ਪਹਾੜੀਆਂ ਦੀ ਝਾਲਰ-ਅਕਾਸ਼ ਵਿਚ ਬਗਲਿਆਂ ਦੀ ਡਾਰ ਖੁੱਲੀ ਕੈਂਚੀ ਦੇ ਰੂਪ ਵਿਚ ਉੱਡਦੀ ਹੋਈ-ਪੂਰਬ ਵੱਲ ਊਸ਼ਾ ਦਾ

ਉਜ਼ਾਲਾ! ........

ਧਰਤੀ ਅਜਿਹੀ ਜੀਕੂਣ ਮੁਟਿਆਰ ਦੀ ਗਰਦਨ ਹੇਠ ਉੱਚੀਆਂ ਗੋਲਾਈਆਂ ਵਿਚਕਾਰ ਸੱਜਰਾ ਚਿੱਟਾ ਮੱਖਣ ਦੂਰ ਤੱਕ ਪਸਰਿਆ ਹੋਵੇ। ਉਹ ਉੱਚੀ ਅਵਾਜ਼ ਵਿਚ ਆਖਣਾ ਚਾਹੁੰਦਾ ਸੀ। ਜਨਮਭੂਮੀ ਦਾ ਇਹ ਦ੍ਰਿਸ਼ ਨਵੇਂ ਦੇਸ ਵਿਚ ਵੀ ਜ਼ਰੂਰ ਨਜ਼ਰ ਆਵੇਗਾ। ਆਪਣੇ ਮੋਢਿਆਂ 'ਤੇ ਵਲ੍ਹੇਟੀ ਚਾਦਰ ਨੂੰ ਉਹ ਸੱਜੇ ਹੱਥ ਦੀਆਂ ਉਂਗਲਾਂ ਨਾਲ ਪਲੋਸਣ ਲੱਗ ਪਿਆ।

ਜਿਵੇਂ ਉਹ ਇਸ ਚਾਦਰ ਦੇ ਮੂੰਹੋਂ ਆਪਣਾ ਸਮਰਥਨ ਚਾਹੁੰਦਾ ਹੋਵੇ। ਲਟਕਦੀਆਂ ਡਾਲੀਆਂ, ਮਹਿਕਦੀਆਂ ਕਲੀਆਂ, ਸੱਤਰੰਗੀ ਪੀਂਘ ਦੇ ਰੰਗ, ਅਕਾਸ਼-ਗੰਗਾ ਦੀ ਦੁਧੀਆ ਸੁੰਦਰਤਾ, ਮੁਟਿਆਰਾਂ ਦੇ ਹਾਸੇ-ਮਖੌਲ, ਸੱਜ-ਵਿਆਹੀਆਂ ਦੀ ਲਾਜ, ਜਨਮਭੂਮੀ ਦਾ ਰੂਪ ਇਹਨਾਂ 'ਤੇ ਕਾਇਮ ਸੀ।

ਆਪਣੇ ਖ਼ਮੀਰ 'ਤੇ ਆਪਣੀ ਤਾਸੀਰ 'ਤੇ ਜਨਮ ਭੂਮੀ ਮੁਸਕਰਾਉਂਦੀ ਆਈ ਹੈ ਤੇ ਮੁਸਕਰਾਉਂਦੀ ਰਹੇਗੀ। ਉਹ ਕਹਿਣਾ ਚਾਹੁੰਦਾ ਸੀ, ਕਿ ਨਵੇਂ ਦੇਸ ਵਿਚ ਵੀ ਜਨਮਭੂਮੀ ਦਾ ਰੂਪ ਕਿਸੇ ਕੋਲੋਂ ਘੱਟ ਤਾਂ ਨਹੀਂ ਹੋਵੇਗਾ, ਉੱਥੇ ਵੀ ਕਣਕ ਦੇ ਖੇਤ ਦੂਰ-ਦੂਰ ਤੱਕ ਪਸਰੇ ਹੋਏ ਨਜ਼ਰ ਆਉਣਗੇ।

ਜਨਮਭੂਮੀ ਦਾ ਇਹ ਦ੍ਰਿਸ਼ ਨਵੇਂ ਦੇਸ ਵਿਚ ਵੀ ਉਸ ਦੇ ਅੰਗ-ਸੰਗ ਜਾਵੇਗਾ। ਉਸ ਨੂੰ ਵਿਸ਼ਵਾਸ ਸੀ।

ਉਸ ਦੇ ਸੱਜੇ ਹੱਥ ਦੀਆਂ ਉਂਗਲਾ ਬਰਾਬਰ ਮੋਢੇ 'ਤੇ ਵਲ੍ਹੇਟੀ ਹੋਈ ਪਾਟੀ - ਪੁਰਾਣੀ ਚਾਦਰ ਨਾਲ ਖੇਡਦੀਆਂ ਰਹੀਆਂ। ਜੀਕਰਾਂ ਲੈ ਦੇ ਕੇ ਅੱਜ ਉਹੀ ਚਾਦਰ ਜਨਮਭੂਮੀ ਦੀ ਪ੍ਰਤੀਕ ਬਣ ਗਈ ਹੋਵੇ।

"ਫਰੰਗੀ ਨੇ ਦੇਸ ਦਾ ਨਕਸ਼ਾ ਬਦਲ ਦਿੱਤਾ", ਸਰਦਾਰ ਜੀ ਆਖ ਰਹੇ ਸਨ ਕੋਲੋਂ ਕੋਈ ਬੋਲਿਆ, "ਇਹ ਜੇ ਉਸਦੀ ਪੁਰਾਣੀ ਚਾਲ !"

ਇਕ ਬੁੱਢੀ ਨੇ ਆਖਿਆ, "ਫਰੰਗੀ ਤਾਂ ਬਹੁਤ ਦਿਨਾਂ ਤੋਂ ਏਸ ਦੇਸ ਵਿਚ ਵੱਸ ਗਿਆ ਸੀ। ਮੈਂ ਨਹੀਂ ਕਹਿੰਦੀ ਸਾਂ ਉਹ ਬੁਰਾ ਕਰ ਰਹੇ ਨੇ, ਸੋ ਫਰੰਗੀ ਨੂੰ ਉਸ ਦੇ ਬੰਗਲਿਆਂ 'ਚੋਂ ਕੱਢਣ ਦੀ ਸੋਚ ਰਹੇ ਨੇ? ਮੈਂ ਨਹੀਂ ਕਹਿੰਦੀ ਸਾਂ ਫਰੰਗੀ ਦਾ ਸਰਾਪ ਲੱਗੇਗਾ? "

ਦੂਜੀ ਬੁੱਢੀ ਬੋਲੀ, "ਇਹ ਸਭ ਫਰੰਗੀ ਦਾ ਸਰਾਪ ਹੀ ਤਾਂ ਹੈ, ਭੈਣ ਜੀ!"

ਸਕੂਲ ਮਾਸਟਰ ਨੂੰ ਪਹਿਲੀ ਬੁੱਢੀ 'ਤੇ ਬਹੁਤ ਗੁੱਸਾ ਆਇਆ। ਉਸ ਦੀ ਆਵਾਜ਼ ਵਿਚ ਜਨਮਭੂਮੀ ਦੇ ਭਰਮ ਬੋਲ ਪਏ , ਉਸ ਨੇ ਸੋਚਿਆ। ਦੂਜੀ ਬੁੱਢੀ ਉਸ ਤੋਂ ਵੀ ਕਿਤੇ ਵਧੇਰੇ ਮੂਰਖ ਸੀ। ਜੋ ਬਿਨਾਂ ਸੋਚੇ ਹਾਂ ਵਿਚ ਹਾਂ ਮਿਲਾਈ ਜਾ ਰਹੀ ਸੀ।

ਪਰ੍ਹੇ ਖੂੰਜੇ ਵਿਚ ਇਕ ਕੁੜੀ ਚੀਥੜਿਆਂ ਵਿਚ ਲਿਪਟੀ ਹੋਈ ਬੈਠੀ ਸੀ। ਜਿਵੇਂ ਉਸ ਦੀਆਂ ਸਹਿਮੀਆਂ-ਸਹਿਮੀਆਂ ਨਿਗਾਹਾਂ ਡੱਬੇ ਦੇ ਹਰ ਯਾਤਰੀ ਤੋਂ ਪੁੱਛਣਾ ਚਾਹੁੰਦੀਆਂ ਹੋਣ- ਕੀ ਇਹ ਮੇਰੇ ਅੰਤਲੇ ਜ਼ਖ਼ਮ ਹਨ? ਉਸ ਦੇ ਸੱਜੇ ਪਾਸੇ ਉਸ ਦੀ ਮਾਂ ਬੈਠੀ ਸੀ ਜੋ ਸ਼ਾਇਦ ਫਰੰਗੀ ਨੂੰ ਕਹਿਣਾ ਚਾਹੁੰਦੀ ਸੀ ਕਿ ਮੇਰੀ ਗੁਲਾਮੀ ਮੈਨੂੰ ਮੋੜ ਦੇ, ਕਿਉਂ ਕਿ ਗੁਲਾਮੀ ਵਿਚ ਮੇਰੀ ਧੀ ਦੀ ਆਬਰੂ ਨਹੀਂ ਸੀ ਲੁੱਟੀ ਗਈ।

ਡੱਬੇ ਵਿਚ ਬੈਠੇ ਹੋਏ ਲੋਕ ਭੀੜ ਦੇ ਕਾਰਨ ਬਹੁਤ ਸੁਕੜ ਕੇ ਬੈਠੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਭੈਅ ਦੀ ਇਹ ਦਸ਼ਾ ਸੀ ਕਿ ਹਰ ਛਿਣ ਬੜੇ ਵੇਗ ਨਾਲ ਬੁੱਢੇ ਹੋ ਰਹੇ ਸਨ। ਸਰਦਾਰ ਜੀ ਬੋਲੇ,"ਐਨੀ ਲੁੱਟ ਤਾਂ ਬਾਹਰੋਂ ਆਉਣ ਵਾਲੇ ਹਮਲਾਵਰਾਂ ਨੇ ਵੀ ਨਹੀਂ ਕੀਤੀ ਹੋਵੇਗੀ।"

ਕੋਲੋਂ ਕਿਸੇ ਆਖਿਆ,"ਏਨਾ ਸੋਨਾ ਲੁੱਟ ਲਿੱਤਾ ਗਿਆ ਕਿ ਸੌ-ਸੌ ਪੀੜ੍ਹੀਆਂ ਤੱਕ ਨਹੀਂ ਮੁੱਕੇਗਾ।"

"ਲੁੱਟ ਦਾ ਸੋਨਾ ਵਧੇਰੇ ਦਿਨ ਨਹੀਂ ਟਿਕਦਾ।" ਇਕ ਹੋਰ ਯਾਤਰੀ ਬੋਲ ਪਿਆ।

ਸਰਦਾਰ ਜੀ ਦਾ ਚਿਹਰਾ ਲਾਲ ਸੂਹਾ ਹੋ ਉੱਠਿਆ। ਬੋਲੇ, "ਪੁਲੀਸ ਦੇ ਸਿਪਾਹੀ ਵੀ ਤਾਂ ਸੋਨਾ ਲੁੱਟਣ ਵਾਲਿਆਂ ਦੇ ਨਾਲ ਰਹਿੰਦੇ ਸਨ। ਪਰ ਲੁੱਟ ਦਾ ਸੋਨਾ ਪੁਲਿਸ ਦੇ ਸਿਪਾਹੀਆਂ ਕੋਲ ਵੀ ਕਿੰਨਾਂ ਚਿਰ ਟਿਕੇਗਾ? ਪਰ ਅੱਜ ਦੀ ਦੁਨੀਆਂ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਆਗਿਆ 'ਤੇ ਤੁਰੇ ਤਾਂ ਸ਼ਾਂਤੀ ਹੋ ਸਕਦੀ ਹੈ।".

## ਛੀ

ਛਪੰਜਾ, ਸਤਵੰਜਾ, ਅਠਵੰਜਾ-ਏਨੇ ਘੰਟਿਆਂ ਤੋਂ ਗੱਡੀ ਹਰਬੰਸਪੁਰਾ ਦੇ ਸਟੇਸ਼ਨ ਉੱਤੇ ਰੁਕੀ ਖਲੋਤੀ ਸੀ। ਹੁਣ ਤਾਂ ਪਲੇਟਫਾਰਮ 'ਤੇ ਖਲੋਤੇ-ਖਲੋਤੇ ਮਿਲਟਰੀ ਵਾਲਿਆਂ ਦੇ ਤਣੇ ਹੋਏ ਸਰੀਰ ਵੀ ਢਿੱਲੇ ਪੈ ਗਏ ਸਨ। ਕਿਸੇ ਵਿਚ ਏਨੀ ਹਿੰਮਤ ਨਹੀਂ ਸੀ ਕਿ ਡੱਬੇ 'ਚੋਂ ਬਾਹਰ ਜਾ ਕੇ ਵੇਖੇ ਕਿ ਆਖ਼ਰ ਗੱਡੀ ਦੇ ਰੁਕਣ ਕਾਰਨ ਕੀ ਹੈ। ਡੱਬੇ ਵਿਚ ਹਰ ਕਿਸੇ ਦਾ ਸਾਹ ਘੁੱਟਿਆ ਜਾ ਰਿਹਾ, ਤੇ ਹਰ ਕੋਈ ਚਾਹੁੰਦਾ ਸੀ ਹੋਰ ਨਹੀਂ ਤਾਂ ਇਸ ਡੱਬੇ 'ਚੋਂ ਨਿਕਲ ਕੇ ਕਿਸੇ ਦੂਜੇ ਡੱਬੇ ਵਿਚ ਕੋਈ ਚੰਗੀ ਜਿਹੀ ਥਾਂ ਲੱਭ ਲਵੇ। ਪਰ ਇਹ ਡਰ ਵੀ ਤਾਂ ਸੀ ਕਿਤੇ ਇਹ ਨਾ ਹੋਵੇ ਕਿ ਨਾ ਇਧਰ ਦਾ ਰਹੇ ਨਾ ਉਧਰ ਦਾ ਤੇ ਗੱਡੀ ਚੱਲ ਪਵੇ।

"ਫਰੰਗੀ ਦਾ ਸਰਾਪ ਮੁੱਕਣ 'ਤੇ ਹੀ ਚੱਲੇਗੀ ਗੱਡੀ।" ਬੁੱਢੀ ਬੋਲੀ।

"ਸੱਚ ਏ, ਭੈਣ ਜੀ!" ਦੂਜੀ ਬੁੱਢੀ ਬੋਲ ਪਈ।

ਸਕੂਲ ਮਾਸਟਰ ਨੇ ਉੱਡਣ ਵਾਲੇ ਪੰਛੀ ਵਾਂਗ ਬਾਹਾਂ ਹਵਾ ਵਿਚ ਉਲਾਰਦਿਆਂ ਆਖਿਆ, "ਫਰੰਗੀ ਨੂੰ ਦੋਸ਼ ਦਿੰਦੇ ਜਾਣ ਨਾਲ ਨਾ ਤਾਂ ਜਨਮਭੂਮੀ ਦਾ ਭਲਾ ਹੋਵੇਗਾ ਨਾ ਨਵੇਂ ਦੇਸ ਦਾ।"

ਪਹਿਲੀ ਬੁੱਢੀ ਨੇ ਰੁੱਖਾ ਹਾਸਾ ਹੱਸਦਿਆਂ ਕਿਹਾ, "ਫਰੰਗੀ ਚਾਹੇ ਤਾਂ ਗੱਡੀ ਹੁਣੇ ਟੁਰ ਪਏ।"

ਕਾਂਤਾ ਨੇ ਖਿੜਕੀ 'ਚੋਂ ਝਾਕ ਕੇ ਦੂਜੇ ਡੱਬੇ ਦੀ ਖਿੜਕੀ ਵਿਚ ਕਿਸੇ ਨੂੰ ਪਾਣੀ ਪੀਂਦਿਆਂ ਵੇਖ ਲਿਆ ਸੀ । ਉਹ ਵੀ ਪਾਣੀ ਲਈ ਮੱਛਰ ਪਈ। ਉਸ ਦੀ ਬੀਮਾਰ ਮਾਂ ਨੇ ਕਰਾਹੁੰਦੀ ਹੋਈ ਆਵਾਜ਼ ਵਿਚ ਆਖਿਆ, "ਪਾਣੀ ਦਾ ਤਾਂ ਕਾਲ ਪੈ ਗਿਆ, ਧੀਏ।"

ਹੁਣ ਸ਼ਾਂਤਾ ਵੀ 'ਪਾਣੀ! ਪਾਣੀ!' ਦੀ ਮੁਹਾਰਨੀ ਰੱਟਣ ਲੱਗ ਪਈ, ਸਰਦਾਰ ਜੀ ਨੇ ਜੇਬ ਵਿਚ ਹੱਥ ਪਾ ਕੇ ਕੁਝ ਨੋਟ ਕੱਢੇ ਤੇ ਪੰਜਾਂ-ਪੰਜਾਂ ਦੇ ਪੰਜ ਨੋਟ ਸਕੂਲ ਮਾਸਟਰ ਵੱਲ ਵਧਾਉਂਦਿਆਂ ਆਖਿਆ, "ਇਸ ਨਾਲ ਅੱਧਾ ਗਲਾਸ ਪਾਣੀ ਲੈ ਲਿੱਤਾ ਜਾਵੇ।"

ਸਕੂਲ ਮਾਸਟਰ ਨੇ ਝਿਜਕਦੇ ਹੱਥਾਂ ਨਾਲ ਨੋਟ ਸਵੀਕਾਰ ਕੀਤੇ। ਅੱਧਾ ਗਲਾਸ ਪਾਣੀ ਦੀ ਕਲਪਨਾ ਨਾਲ ਉਸ ਦੀਆਂ ਅੱਖਾਂ ਲਿਸ਼ਕ ਪਈਆਂ। ਖਾਲੀ ਗਲਾਸ ਚੁੱਕ ਕੇ ਉਹ ਪਾਣੀ ਦੀ ਤਲਾਸ਼ ਵਿਚ ਪਲੇਟ ਫਾਰਮ 'ਤੇ ਉੱਤਰ ਗਿਆ। ਹੁਣ 'ਹਿੰਦੂ ਪਾਣੀ!' ਤੇ 'ਮੁਸਲਿਮ ਪਾਣੀ!' ਦਾ ਭੇਦ ਨਹੀਂ ਸੀ ਰਹਿ ਗਿਆ। ਬੜੀ ਮੁਸ਼ਕਿਲ ਨਾਲ ਇਕ ਬੰਦੇ ਕੋਲ ਪਾਣੀ ਨਜ਼ਰ ਆਇਆ।

ਬਾਵਨ ਰੁਪਏ ਗਲਾਸ ਦੇ ਹਿਸਾਬ ਨਾਲ ਪੰਝੀ ਰੁਪਏ ਦਾ ਪਾਣੀ ਅੱਧੇ ਗਲਾਸ ਤੋਂ ਕੁਝ ਘੱਟ ਹੀ ਆਉਣਾ ਚਾਹੀਦਾ ਸੀ। ਪਾਣੀ ਵੇਚਣ ਵਾਲੇ ਨੇ ਪੇਸ਼ਗੀ ਰੁਪਏ ਵਸੂਲ ਕਰ ਲਏ, ਬੜੀ ਮੁਸ਼ਕਿਲ ਨਾਲ ਇਕ ਤਿਹਾਈ ਗਲਾਸ ਪਾਣੀ ਦਿੱਤਾ। ਡੱਬੇ ਵਿਚ ਆ ਕੇ ਸਰਦਾਰ ਜੀ ਦੇ ਗਲਾਸ 'ਚ ਥੋੜ੍ਹਾ ਪਾਣੀ ਉਲਟਾਂਦਿਆਂ ਛੇਤੀ ਵਿਚ ਕੋਈ ਇਕ ਘੁਟ ਪਾਣੀ ਫਰਸ਼ 'ਤੇ ਡੁੱਲ੍ਹ ਗਿਆ।ਛੇਤੀ-ਛੇਤੀ ਪਾਣੀ ਦਾ ਗਲਾਸ ਕਾਂਤਾ ਦੇ ਮੂੰਹ ਨਾਲ ਲਾਉਂਦਿਆਂ ਉਸ ਨੇ ਆਖਿਆ,"ਪੀ ਲੈ, ਪੁੱਤਰ!" ਓਧਰੋਂ ਸ਼ਾਂਤਾ ਨੇ ਹੱਥ ਵਧਾਏ।

ਫੇਰ ਕੰਬਦੇ ਹੱਥਾਂ ਨਾਲ ਉਸ ਨੇ ਇਹ ਗਲਾਸ ਆਪਣੀ ਬੀਮਾਰ ਪਤਨੀ ਦੇ ਬੁੱਲ੍ਹਾਂ ਵਲ ਵਧਾਇਆ, ਜਿਸ ਨੇ ਅੱਖਾਂ ਹੀ ਅੱਖਾਂ ਵਿਚ ਆਪਣੇ ਪਤੀ ਨੂੰ ਕਿਹਾ ਕਿ ਪਹਿਲਾਂ ਉਹ ਆਪ ਬੁੱਲ੍ਹ ਗਿੱਲੇ ਕਰ ਲਵੇ। ਪਰ ਪਤੀ ਇਸ ਦੇ ਲਈ ਤਿਆਰ ਨਹੀਂ ਸੀ।

ਕਾਂਤਾ ਤੇ ਸ਼ਾਂਤਾ ਨੇ ਰਲ ਕੇ ਜ਼ੋਰ ਨਾਲ ਗਲਾਸ ਉੱਤੇ ਹੱਥ ਮਾਰੇ। ਬੀਮਾਰ ਮਾਂ ਦੇ ਕਮਜ਼ੋਰ ਹੱਥਾਂ ਵਿਚੋਂ ਛੁੱਟ ਕੇ ਗਲਾਸ ਫਰਸ਼ 'ਤੇ ਡਿਗ ਪਿਆ। ਸਕੂਲ ਮਾਸਟਰ ਨੇ ਝੱਟ ਲਪਕ ਕੇ ਗਲਾਸ ਚੁੱਕ ਲਿਆ। ਬੜੀ ਮੁਸ਼ਕਿਲ ਨਾਲ ਉਸ ਵਿਚ ਇਕ ਘੁੱਟ ਪਾਣੀ ਬਚ ਸਕਿਆ ਸੀ। ਉਂਜ ਇਕ ਘੁੱਟ ਪਾਣੀ ਉਸ ਨੇ ਆਪਣੇ ਸੰਘ ਵਿਚ ਉਡੇਲ ਲਿਆ। ਸਰਦਾਰ ਜੀ ਆਖ ਰਹੇ ਸਨ, "ਏਨਾ ਕੁਝ ਹੋਣ 'ਤੇ ਵੀ ਇਨਸਾਨ ਜ਼ਿੰਦਾ ਹੈ ਤੇ ਜ਼ਿੰਦਾ ਰਹੇਗਾ।"

ਸਕੂਲ ਮਾਸਟਰ ਬੋਲ ਪਿਆ, "ਇਨਸਾਨੀਅਤ ਜਨਮਭੂਮੀ ਦਾ ਸਭ ਤੋਂ ਵੱਡਾ ਵਰਦਾਨ ਏ। ਜਿਵੇਂ ਇਕ ਪੌਦੇ ਨੂੰ ਇਕ ਥਾਂ ਤੋਂ ਪੁੱਟ ਕੇ ਦੂਜੀ ਥਾਂ ਲਾਇਆ ਜਾਂਦਾ ਹੈ। ਉਵੇਂ ਹੀ ਅਸੀਂ ਨਵੇਂ ਦੇਸ ਵਿਚ ਜਨਮਭੂਮੀ ਦਾ ਪੌਦਾ ਲਾਵਾਂਗੇ। ਸਾਨੂੰ ਇਸ ਦੀ ਦੇਖ-ਭਾਲ ਕਰਨੀ ਪਵੇਗੀ, ਤੇ ਇਸ ਪੌਦੇ ਨੂੰ ਨਵੀਂ ਜ਼ਮੀਨ ਵਿਚ ਜੜ੍ਹ ਫੜਦਿਆਂ ਜ਼ਰੂਰ ਕੁਝ ਸਮਾਂ ਲੱਗੇਗਾ।"

ਇਹ ਆਖਣਾ ਮੁਸ਼ਕਲ ਸੀ ਕਿ ਬੀਮਾਰ ਔਰਤ ਦੇ ਸੰਘ 'ਚੋਂ ਕਿੰਨੇ ਘੁੱਟ ਪਾਣੀ ਲੰਘਿਆ ਹੋਵੇਗਾ। ਪਰ ਇਤਨਾਂ ਤਾਂ ਪ੍ਰਤੱਖ ਸੀ ਕਿ ਪਾਣੀ ਪੀਣ ਮਗਰੋਂ ਉਸ ਦੀ ਹਾਲਤ ਹੋਰ ਵੀ ਡਾਵਾਂ-ਡੋਲ ਹੋ ਗਈ। ਹੁਣ ਉਸ 'ਚ ਏਨੀ ਸ਼ਕਤੀ ਨਹੀਂ ਸੀ ਰਹੀ ਕਿ ਬੈਠੀ ਰਹਿ ਸਕੇ। ਸਰਦਾਰ ਜੀ ਨੇ ਖ਼ਤਰੇ ਕੀ ਸੋਚ ਕੇ ਆਖਿਆ, "ਦਰਿਆ ਭਾਂਵੇ ਸੁੱਕ ਜਾਵੇ , ਪਰ ਦਿਲਾਂ ਦੇ ਦਰਿਆ ਸਦਾ ਵਗਦੇ ਰਹਿਣਗੇ। ਦਿਲ ਦਰਿਆ ਸਮੁੰਦਰੋਂ ਡੂੰਘੇ!"

## ਸੱਤ

ਸਕੂਲ ਮਾਸਟਰ ਬੋਲ ਪਿਆ-"ਕਦੀ ਇਹ ਦਰਿਆ ਜਨਮਭੂਮੀ ਵਿਚ ਵਗਦੇ ਸਨ। ਹੁਣ ਇਹ ਦਰਿਆ ਨਵੇਂ ਦੇਸ ਵਿਚ ਵਗਿਆ ਕਰਨਗੇ।"

ਬੀਮਾਰ ਔਰਤ ਬੁਖਾਰ ਨਾਲ ਕੰਬਣ ਲੱਗ ਪਈ। ਸਰਦਾਰ ਜੀ ਬੋਲੇ,"ਇਹ ਚੰਗਾ ਹੋਵੇਗਾ ਕਿ ਇਸ ਨੂੰ ਥੋੜ੍ਹੀ ਦੇਰ ਲਈ ਪਲੇਟਫਾਰਮ ਤੇ ਲਿਟਾ ਦਿੱਤਾ ਜਾਵੇ, ਬਾਹਰ ਦੀ ਖੁੱਲੀ ਵਾਅ ਇਸ ਦੇ ਲਈ ਚੰਗੀ ਰਹੇਗੀ।"

ਸਕੂਲ ਮਾਸਟਰ ਨੇ ਅਹਿਸਾਨ -ਭਰੀਆਂ ਨਿਗਾਹਾਂ ਨਾਲ, ਸਰਦਾਰ ਜੀ ਵੱਲ ਵੇਖਿਆ ਤੇ ਉਹਨਾਂ ਦੀ ਮੱਦਦ ਨਾਲ ਬੀਮਾਰ ਪਤਨੀ ਨੂੰ ਡੱਬੇ 'ਚੋਂ ਉਤਾਰ ਕੇ ਪਲੇਟਫਾਰਮ 'ਤੇ ਲਿਟਾ ਦਿੱਤਾ। ਨਿਕਰੂ ਲਲਿਤ ਮਾਂ ਦੀ ਹਿੱਕ ਉੱਤੇ ਸੁੱਤਾ ਪਿਆ ਸੀ।

ਸਰਦਾਰ ਜੀ ਮੁੜ ਆਪਣੀ ਸੀਟ 'ਤੇ ਜਾ ਬੈਠੇ, ਤੇ ਸਕੂਲ ਮਾਸਟਰ ਆਪਣੀ ਪਤਨੀ ਦੇ ਚਿਹਰੇ 'ਤੇ ਰੁਮਾਲ ਨਾਲ ਪੱਖਾ ਕਰਨ ਲੱਗ ਪਿਆ। ਉਹ ਹੌਲੀ-ਹੌਲੀ ਉਸ ਨੂੰ ਦਿਲਾਸਾ ਦੇਂਦਾ ਰਿਹਾ, "ਤੂੰ ਚੰਗੀ ਹੋ ਜਾਂਵੇਗੀ। ਅਸੀਂ ਬਹੁਤ ਛੇਤੀ ਨਵੇਂ ਦੇਸ ਪਹੁੰਚਣ ਵਾਲੇ ਹਾਂ। ਉੱਥੇ ਮੈਂ ਚੰਗੇ-ਚੰਗੇ ਡਾਕਟਰਾਂ ਤੋਂ ਮੈ ਤੇਰਾ ਇਲਾਜ ਕਰਵਾਵਾਂਗਾ।"

ਬੀਮਾਰ ਔਰਤ ਦੇ ਚਿਹਰੇ 'ਤੇ ਦਬੀ-ਦਬੀ ਮੁਸਕਾਨ ਉਭਰੀ। ਪਰ ਉਸ ਦੇ ਮੂੰਹੋਂ ਇਕ ਵੀ ਸ਼ਬਦ ਨਾ ਨਿਕਲਿਆ, ਜਿਵੇਂ ਉਸਦੀਆਂ ਖੁੱਲੀਆਂ ਅੱਖਾਂ ਕਹਿ ਰਹੀਆਂ ਹੋਣ ਮੈਂ, ਜਨਮਭੂਮੀ ਨੂੰ ਨਹੀਂ ਛੱਡ ਸਕਦੀ, ਮੈਂ ਨਵੇਂ ਦੇਸ ਵਿਚ ਨਹੀਂ ਜਾਣਾ ਚਾਹੁੰਦੀ, ਮੈਂ ਇਸ ਧਰਤੀ ਦੀ ਕੁੱਖ 'ਚੋਂ ਜਨਮੀ ਤੇ ਇਸੇ ਵਿਚ ਸਮਾ ਜਾਣਾ ਚਾਹੁੰਦੀ ਹਾਂ! ਉਸ ਦਾ ਸਾਹ ਛੇਤੀ-ਛੇਤੀ ਆਉਣ ਲੱਗ ਪਿਆ। ਉਸ ਦੀਆਂ ਅੱਖਾਂ ਪਥਰਾਉਣ ਲੱਗੀਆਂ। ਸਕੂਲ ਮਾਸਟਰ ਘਬਰਾ ਕੇ ਬੋਲਿਆ, "ਇਹ ਤੈਨੂੰ ਕੀ ਹੋ ਰਿਹਾ ਏ? ਗੱਡੀ ਹੁਣ ਹੋਰ ਨਹੀਂ ਰੁਕੇਗੀ। ਨਵਾਂ ਦੇਸ ਨੇੜੇ ਹੀ ਤਾਂ ਹੈ। ਹੁਣ ਜਨਮਭੂਮੀ ਦਾ ਵੀਚਾਰ ਛੱਡ ਦਿਓ........ਅਸੀਂ

ਅੱਗੇ ਜਾਵਾਂਗੇ।"

ਖਿੜਕੀ 'ਚੋਂ ਕਾਂਤਾ ਤੇ ਸ਼ਾਂਤਾਂ ਪਾਟੀਆਂ-ਪਾਟੀਆਂ ਅੱਖਾਂ ਨਾਲ ਵੇਖ ਰਹੀਆਂ ਸਨ, ਉਹਨਾਂ ਦੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ। ਸਰਦਾਰ ਜੀ ਨੇ ਖਿੜਕੀ ਵਿੱਚੋਂ ਸਿਰ ਬਾਹਰ ਕੱਢ ਕੇ ਪੁੱਛਿਆ, "ਹੁਣ ਭੈਣ ਜੀ ਦਾ ਕੀ ਹਾਲ ਏ?"

ਸਕੂਲ ਮਾਸਟਰ ਬੋਲਿਆ,"ਏਹ ਹੁਣ ਜਨਮਭੂਮੀ ਵਿਚ ਹੀ ਰਹੇਗੀ।"

ਸਰਦਾਰ ਜੀ ਬੋਲੇ, "ਆਖੋ ਤਾਂ ਥੋੜਾ ਪਾਣੀ ਹੋਰ ਖਰੀਦ ਲਈਏ।"

ਬੀਮਾਰ ਔਰਤ ਨੇ ਬੁੱਝਦੇ ਦੀਵੇ ਵਾਂਗ ਸਾਹ ਲਿਆ, ਤੇ ਉਸ ਦੇ ਪ੍ਰਾਣ-ਪੰਖੇਰੂ ਉੱਡ ਗਏ! ਨਿਕਚੂ ਲਲਿਤ ਸ਼ਾਇਦ ਪਹਿਲਾਂ ਹੀ ਅੰਤਿਮ ਸਾਹ ਲੈ ਚੁੱਕਾ ਸੀ। ਮਾਂ-ਪੁੱਤਰ ਦੀਆਂ ਲਾਸ਼ਾਂ ਲਾਗੇ ਖਲੋਤੇ-ਖਲੋਤੇ ਸਕੂਲ ਮਾਸਟਰ ਨੇ ਗਹੁ ਨਾਲ ਤੱਕਿਆ ਤੇ ਆਖਿਆ, "ਹੁਣ ਉਹ ਪਾਣੀ ਨਹੀਂ ਪੀਵੇਗੀ।"

ਉਧਰ ਇੰਜਣ ਨੇ ਸੀਟੀ ਦਿੱਤੀ। ਗੱਡੀ ਹੌਲੀ-ਹੌਲੀ ਪਲੇਟਫਾਰਮ ਦੇ ਨਾਲ-ਨਾਲ ਸਰਕਨ ਲੱਗ ਪਈ। ਉਸ ਨੇ ਇਕ ਵੇਰ ਪਤਨੀ ਤੇ ਪੁੱਤਰ ਦੀਆਂ ਲਾਸ਼ਾਂ ਵੱਲ ਤੱਕਿਆ, "ਫੇਰ ਉਸ ਦੀਆਂ ਨਿਗਾਹਾਂ ਗੱਡੀ ਵੱਲ ਉੱਠ ਗਈਆਂ। ਖਿੜਕੀ 'ਚੋਂ ਕਾਂਤਾ ਤੇ ਸ਼ਾਂਤਾ ਉਸ ਵੱਲ ਤੱਕ ਰਹੀਆਂ ਸਨ। ਲਾਸ਼ਾਂ ਦੇ ਕੋਲ ਰਹਿ ਜਾਵੇ , ਜਾਂ ਲਪਕ ਕੇ ਡੱਬੇ ਵਿਚ ਜਾ ਬੈਠੇ? ਇਹ ਸਵਾਲ ਬਿਜਲੀ ਦੇ ਲਿਸ਼ਕਾਰੇ ਵਾਂਗ ਉਹਦੇ ਦਿਲ ਤੇ ਦਿਮਾਗ ਨੂੰ ਚੀਰਦਾ ਚਲਾ ਗਿਆ।

ਉਸ ਨੇ ਆਪਣੇ ਮੋਢਿਆਂ ਤੋਂ ਉਹ ਪਾਟੀ ਪੁਰਾਣੀ ਚਾਦਰ ਲਾਹੀ ਜਿਸ ਨੂੰ ਉਹ ਜਨਮਭੂਮੀ ਤੋਂ ਬਚਾ ਕੇ ਲਿਆਇਆ ਸੀ, ਤੇ ਜਿਸ ਦੇ ਇਕ-ਇਕ ਧਾਗੇ ਵਿਚ ਜਨਮਭੂਮੀ ਸਾਹ ਲੈ ਰਹੀ ਸੀ।

ਇਹ ਚਾਦਰ ਉਸ ਨੇ ਆਪਣੇ ਸਾਹਮਣੇ ਪਈਆਂ ਲਾਸ਼ਾਂ 'ਤੇ ਫੈਲਾਅ ਦਿੱਤੀ, ਤੇ ਗੱਡੀ ਵੱਲ ਲਪਕਿਆ। ਕਾਂਤਾ ਦੀ ਆਵਾਜ਼ ਇਕ ਛਿਣ ਲਈ ਮਾਹੌਲ ਵਿਚ ਲਹਿਰਾਈ, "ਮਾਂ!"

ਗੱਡੀ ਤੇਜ਼ ਹੋ ਗਈ ਸੀ। ਕਾਂਤਾ ਦੀ ਆਵਾਜ਼ ਹਵਾ ਵਿਚ ਉੱਛਲ ਕੇ ਰਹਿ ਗਈ ਸੀ। ਸਕੂਲ ਮਾਸਟਰ ਨੇ ਸ਼ਾਂਤਾ ਨੂੰ ਗੋਦ ਵਿਚ ਚੁੱਕ ਲਿਆ ਤੇ ਮੁੜ ਕੇ ਲਾਸ਼ਾਂ ਵੱਲ ਨਾ ਤੱਕਿਆ।

---

### ਸਵਾਲ

ਰੱਬਾ! ਤੇਰੀ ਧਰਤੀ ਉੱਤੇ!
ਜੀਹਨੇ ਪਹਿਲੀ ਖਿੱਚੀ ਲੀਕ,
ਵੰਡੀ ਵਾਲੀ ਚੁੱਕੀ ਕੰਧ,
ਤੂੰ ਵੀ ਉਹਨੂੰ ਡੱਕਿਆ ਨਹੀਂ।
ਤੈਥੋਂ ਵੀ ਉਹ ਝੱਕਿਆ ਨਹੀਂ!

—ਬਾਬਾ ਨਜ਼ਮੀ—

37

# ਇਕ ਵਸੇਬ ਦੀ ਮੌਤ

## ਨਜ਼ੀਰ ਕਹੋਟ

ਜ਼ਿੰਦਗੀ ਹਰ ਵੇਲੇ, ਏਸ ਵਸੇਬ 'ਚ ਹੱਸਦੀ, ਮੁਸਕਰਾਂਦੀ। ਦਰਿਆ ਵਿਚਕਾਰ ਜ਼ਿੰਦਗੀ ਨਾਲ ਭਰਿਆ ਏਹ ਵਸੇਬ........। ਦੁੱਖ, ਸੁੱਖ ਨੂੰ ਰਲ-ਮਿਲ ਕੇ ਵੰਡਣ ਆਲੇ ਇਹਦੇ ਵਸਨੀਕ। ਹਰ ਹਾਲ 'ਚ ਰਾਜ਼ੀ-ਬ-ਰਾਜ਼ੀ, ਜੱਗ 'ਤੇ ਵੱਸਦਿਆਂ, ਏਸ ਤੋਂ ਵੱਖ ਵੀ ਨੇ, ਏਹਦੇ ਵਿਚਕਾਰ ਵੀ.......। ਗਲੀਆਂ 'ਚ ਖੇਡਦੇ ਬਾਲ, ਤੇ ਬਾਲੜੀਆਂ.......ਧਰਤੀ ਦੀ ਹਿੱਕ ਚੀਰ ਕੇ, ਉਹਦੇ 'ਚੋਂ ਸੋਨੇ-ਚਾਂਦੀ ਦੀਆਂ ਖੇਤੀਆਂ ਉਗਾਣ ਆਲੇ ਗਭਰੂ। ਵਿਸਾਖੀ, ਮੇਲਿਆਂ 'ਤੇ, ਖ਼ੁਸ਼ੀਆਂ ਤੇ ਭੰਗੜੇ, ਝੂੰਮਰ, ਲੁੱਡੀ ਪਾਣ ਆਲੀਆਂ ਮੁਟਿਆਰਾਂ ਤੇ ਗਭਰੂ। ਸ਼ਰਮਾਂ ਤੇ ਲਾਜ਼ਾਂ ਆਲੀਆਂ ਧੀਆਂ, ਇੱਜ਼ਤਾਂ ਤੇ ਗ਼ੈਰਤਾਂ ਦੇ ਰਾਖੇ ਭਰਾ........। ਦਾਰਿਆਂ 'ਤੇ ਬੈਠੇ, ਹੁੱਕੇ ਬੜ੍ਹਕੀਂਦੇ ਤੇ ਦਾਨਸ਼ ਰੋਲਦੇ ਵੱਡ-ਵਡੇਰੇ। ਜ਼ਿੰਦਗੀ ਦੀਆਂ ਔਕੜਾਂ ਨਾਲ, ਪੀੜ੍ਹੀਓ-ਪੀੜ੍ਹੀ ਘੋਲ-ਘੱਤੀ ਰੱਖਣ ਆਲੇ........। ਕਿਸੇ ਵੀ ਹਾਲ 'ਚ ਹਾਰ ਨਾ ਮੰਨਣ ਆਲੇ........। ਜ਼ਿੰਦਗੀ ਨੂੰ ਜ਼ਿੰਦਗੀ ਵਾਂਗਰ ਗੁਜ਼ਾਰਣ ਦੀਆਂ ਸੱਧਰਾਂ, ਏਸ ਵਸੇਬ ਦਿਆਂ ਵਸਨੀਕਾਂ ਦੀ ਘੁੱਟੀ 'ਚ ਪਈਆਂ ਸਨ।

ਵੰਡ ਹੋਈ......, ਆਜ਼ਾਦੀ ਲੱਭੀ ......., ਪਰ ਉਹਨਾਂ ਲਈ ਪੰਝਤਾਲੀਆਂ ਵਰ੍ਹਿਆਂ ਪਿੱਛੋਂ ਵੀ, ਕੁਝ ਨਹੀ ਸੀ ਬਦਲਿਆ......। ਨਿਰੀਆਂ, ਦੋ ਸ਼ੈਵਾਂ ਬਦਲੀਆਂ ਸਨ......। ਇਕ, ਮੁਲਕ ਦਾ ਨਾਂ ਨਵਾਂ ਸੀ ਤੇ ਦੂਜੇ, ਗੋਰੇ ਅੰਗਰੇਜ਼ ਦੀ ਥਾਂ ਸਨ......, ਅੰਦਰੋਂ ਵੀ ਕਾਲੇ, ਬਾਹਰੋਂ ਵੀ 'ਕਾਲੇ ਅੰਗਰੇਜ਼'। ਰਈਅਤ 'ਤੇ ਰਾਜ ਦੀ ਕਾਠੀ ਪਾ ਕੇ ਬਹਿ ਗਏ ਸਨ। ਤੇ, ਉਹਨਾਂ ਦੀ ਧਰਤੀ 'ਤੇ ਜ਼ੁਲਮ ਕੁਝ ਹੋਰ ਵੱਧ ਗਿਆ ਸੀ। ਵੰਡਣ ਆਲਿਆਂ ਨੇ, ਉਹਨਾਂ ਦੀ ਧਰਤੀ ਨੂੰ ਵੰਡ ਕੇ, ਏਹਦੇ ਦੋ ਨਾਂ ਰੱਖ ਦਿੱਤੇ ਸਨ.......ਚੜ੍ਹਦਾ ਪੰਜਾਬ, ਤੇ ਲਹਿੰਦਾ ਪੰਜਾਬ......। ਚੜ੍ਹਦੇ ਪੰਜਾਬ ਨੂੰ ਹਿੰਦੁਸਤਾਨ ਨੇ, ਤੇ ਲਹਿੰਦੇ ਪੰਜਾਬ ਨੂੰ ਪਾਕਿਸਤਾਨ ਨੇ, ਆਪਣੇ ਥੱਲੇ ਲਾ ਲਿਆ ਸੀ। ਤੇ, ਆਜ਼ਾਦੀ ਹੱਥੋਂ ਲੀਕ ਦੇ ਦੋਵੇਂ ਪਾਸੇ ਦੀ ਪੰਜਾਬੀ ਈ ਗਾਲ੍ਹ, ਗੋਲੀ, ਵੰਡ, ਜ਼ੁਲਮ ਤੇ ਇਸਤ੍ਹੇਸਾਲ-ਅਲਸ਼ਾਨਾਂ ਬਣ ਰਹੇ ਸਨ।

ਵੱਡ-ਵਡੇਰੇ ਆਪਣੀਆਂ ਨਵੀਆਂ ਪੀੜ੍ਹੀਆਂ ਨੂੰ ਦੱਸਦੇ ਹੁੰਦੇ ਸਨ ਕਿ, 'ਆਜ਼ਾਦੀ ਦਾ ਡਰਾਮਾ ਪੰਜਾਬ ਦੀ ਵੰਡ ਲਈ ਖੇਡਿਆ ਗਿਆ ਸੀ।' ਪੰਜਾਬ, ਬਰ੍ਹੇ-ਸਗ਼ੀਰ ਦਾ ਸੂਰਮਾ ਤੇ ਵਰਿਆਮ ਸੀ। ਗਾਂਧੀ, ਯੂ.ਪੀ., ਸੀ.ਪੀ. ਤੇ ਅੰਗਰੇਜ਼, ਸਾਰੇ ਈ ਏਸ ਗੱਲ ਤੋਂ ਦਹਿਸ਼ਤ-ਜ਼ਦਾ ਸਨ, ਕਿ ਅੰਗਰੇਜ਼ ਦੇ ਜਾਣ ਤੋਂ ਪਿਛੋਂ, ਪੰਜਾਬੀ ਫ਼ੌਜ ਹਕੂਮਤ ਤੇ ਕਬਜ਼ਾ ਕਰ ਲਏਗੀ। ਤੇ ਪੰਜਾਬ ਸਾਰੇ ਹਿੰਦੁਸਤਾਨ ਤੇ ਰਾਜ ਕਰੇਗਾ। ਏਸ ਖ਼ਤਰੇ ਦੀ ਜੜ੍ਹ ਮਾਰਨ ਲਈ, ਪੰਜਾਬੀਆਂ ਨੂੰ ਆਪਸ ਵਿਚ ਈ ਭਿੜਾ ਦਿੱਤਾ ਗਿਆ । ਇਕ ਪਿਉ, ਇਕ ਨਸਲ, ਇਕ ਜ਼ੁਬਾਨ, ਇਕ ਕਲਚਰ ਦੇ ਮਾਲਕ, ਤੇ ਇਕ ਧਰਤੀ ਦੇ ਦਰਿਆਵਾਂ ਦਾ ਪਾਣੀ ਪੀਣ ਆਲੇ ਭਰਾ, ਮਜ਼੍ਹਬ ਦੇ ਨਾਂ, ਆਪਣੇ ਵਿਚਕਾਰ ਪੈਦਾ ਕੀਤੀਆਂ ਜਾਣ ਆਲੀਆਂ ਨਫ਼ਰਤਾਂ ਦੇ ਕਾਰਣ, ਇਕ-ਦੂਜੇ ਦੇ ਲਹੂ 'ਚ ਹੱਥ ਰੰਗ ਕੇ, ਆਪਣੀ ਤਾਰੀਖ਼, ਆਪਣੇ ਜੁਗਰਾਫ਼ੀਏ 'ਤੇ ਆਪਣਿਆਂ ਹੱਥਾਂ ਨਾਲ, ਆਪਣੇ ਮੂੰਹ 'ਤੇ ਕਾਲਖ਼ ਮਲ ਬੈਠੇ ਸਨ।

ਏਸ ਵਸੇਬ ਦੇ ਵੱਡ-ਵਡੇਰੇ 'ਤਕਸੀਮ ਹਿੰਦ' ਦੀ ਏਹ ਡੈਫ਼ੀਨੇਸ਼ਨ ਕਰਦੇ ਸਨ। ਉਹਨਾਂ ਨੇ ਤਾਰੀਖ਼ ਆਪਣੇ ਸੀਨਿਆਂ ਵਿਚ ਇੰਝ ਈ ਲਿਖ ਰੱਖੀ ਸੀ। 'ਧਰਮ ਦੀ ਓਟ' 'ਚ ਪੰਜਾਬ ਤੇ ਪੰਜਾਬੀਆਂ ਨੂੰ ਸਦੀਆਂ ਤੀਕਰ ਬਰਬਾਦ ਕਰਨ ਆਲੇ ਬਾਹਰਲੇ ਧਾੜਵੀ, ਰਾਸ਼ਕ, ਉਹਨਾਂ ਦੇ ਕਾਤਲ ਸਨ।' ਯੂ. ਪੀ, ਸੀ.ਪੀ 'ਚ ਪਿੱਛੇ ਰਹਿ ਜਾਣ ਆਲੀਆਂ, ਇਹਨਾਂ ਧਾੜਵੀਆਂ ਦੀਆਂ ਔਲਾਦਾਂ ਦੀਆਂ ਹੱਥਾਂ ਦੀ ਲਿਖੀ ਹੋਈ, ਏਸ ਬਦਬੋਈ ਤਾਰੀਖ਼ ਉੱਪਰ, ਇਹ ਲੋਕ ਥੁੱਕਣ ਲਈ ਵੀ ਤਿਆਰ ਨਹੀਂ ਸਨ। ਉਹਨਾਂ ਨੂੰ ਮਜ਼੍ਹਬ ਦੀ ਓਟ 'ਚ ਡੰਗਿਆ ਗਿਆ ਸੀ। ਪਰ ਪੰਝਤਾਲੀ ਵਰ੍ਹੇ ਲੰਘਣ ਤੋਂ ਪਿੱਛੋਂ, ਉਹਨਾਂ ਨੂੰ ਆਜ਼ਾਦੀ ਹੱਥੋਂ ਕੀ ਲੱਭਾ ਸੀ ?

ਉਹਨਾਂ ਦੇ ਵਸੇਬ ਵਿਚ ਅੱਜ ਤੀਕਰ ਇਕ ਪ੍ਰਾਇਮਰੀ ਸਕੂਲ ਵੀ ਨਹੀਂ ਸੀ ਬਣ ਸਕਿਆ .........। ਏਥੇ ਅੱਜ ਵੀ ਬੰਦੇ, ਬਗ਼ੈਰ ਡਾਕਟਰੀ ਇਲਾਜ ਤੋਂ ਬੀਮਾਰੀ ਨਾਲ ਰਗੜੀਂਦੇ ਮਰ ਜਾਂਦੇ ਹੁੰਦੇ ਸਨ........।

ਅਜੇ ਵੀ ਏਸ ਵਸੇਬ ਦੇ ਪਾੜ੍ਹੂ, ਪੜ੍ਹਨ ਲਈ ਬੇੜੀ ਤੇ ਬਹਿ ਕੇ, ਦਰਿਆ ਪਾਰ ਪੰਜ ਕੋਹ ਟੁਰਦੇ ਹੋਏ ਜਾਂਦੇ ਸਨ। ਤੇ, ਰਾਤ ਨੂੰ ਮਿੱਟੀ ਦੇ ਤੇਲ ਦਾ ਦੀਵਾ ਬਾਲ ਕੇ, ਉਹ ਨਾ ਸਮਝ ਵਿਚ ਆਣ ਵਾਲੀ, 'ਬਾਹਰਲਿਆਂ ਦੀ ਬੋਲੀ' ਵਿਚ ਲਿਖੀਆਂ ਹੋਈਆਂ ਕਿਤਾਬਾਂ ਪੜ੍ਹਦੇ। ਫੇਲ੍ਹ ਹੁੰਦੇ, ਤੇ ਪ੍ਰਾਇਮਰੀ, ਮਿਡਲ ਤੇ ਮੈਟ੍ਰਿਕ ਪਾਸ ਕਰਨ ਤੋਂ ਪਹਿਲਾਂ ਈ, ਪੜ੍ਹਾਈ ਛੱਡ ਕੇ ਨੱਸ ਜਾਂਦੇ ਹੁੰਦੇ ਸਨ। ਤੇ ਫੇਰ, ਸਾਰੀ ਹਯਾਤੀ ਕਿਸੇ ਦੇ ਨਿਸ਼ਾਈਂ, ਰਾਹਕ ਤੇ ਮੁਜ਼ਾਰੇ ਬਣ ਕੇ ਰੁੱਲਦੇ-ਰੁੱਲਦੇ, ਹਯਾਤੀ ਦੇ ਡੰਗ ਟਪਾ ਦੇਂਦੇ ਸਨ.......।

ਅੱਜ ਵੀ ਪੁਲਸ ਦਾ ਇਕ 'ਸਿਪਾਹੀ', ਪੂਰੇ ਪਿੰਡ ਨੂੰ ਭੁੰਜੇ ਪਾ ਦਿੰਦਾ ਤੇ ਆਪਣੇ ਅੱਗੇ ਲਾ ਲੈਂਦਾ ਹੁੰਦਾ ਸੀ...........।

ਉਹ ਅੱਜ ਵੀ ਦਰਿਆ ਸੁੱਕਣ ਤੋਂ ਪਿੱਛੇ, ਪਾਣੀ, ਬੇਲੇ 'ਚ ਬਣੇ ਉਹਨਾਂ ਛੱਪੜਾਂ 'ਚੋਂ ਈ ਪੀਂਦੇ ਸਨ, ਜਿੱਥੋਂ ਉਹਨਾਂ ਦੇ ਡੰਗਰ ਤੇ ਕੁੱਤੇ ਪੀਂਦੇ ਹੁੰਦੇ ਸਨ। ਆਜ਼ਾਦੀ ਤੋਂ ਪਹਿਲੋਂ ਉਹਨਾਂ ਨੂੰ ਏਸ ਧਰਤੀ ਦੀ

ਤਾਲੀਮ, ਆਪਣੀ ਮਾਂ ਬੋਲੀ ਵਿਚ ਦਿੱਤੀ ਜਾਂਦੀ ਸੀ। ਪਰ, ਆਜ਼ਾਦੀ ਤੋਂ ਪਿੱਛੋਂ ਉਹਨਾਂ ਕੋਲੋਂ 'ਕੌਮੀ ਜ਼ੁਬਾਨ' ਦੇ ਨਾਂ 'ਤੇ, ਉਹਨਾਂ ਦੀ 'ਮਾਂ-ਬੋਲੀ ਖੋਹ ਲਈ ਗਈ' ਸੀ। ਤੇ, ਉਹਨਾਂ ਦਿਆਂ ਬਾਲਾਂ ਨੂੰ, 'ਉਹਨਾਂ ਬਾਹਰਲਿਆਂ ਦੀ ਬੋਲੀ' ਪੜ੍ਹਾਈ ਜਾ ਰਹੀ ਸੀ। ਜਿਹੜੇ ਅੰਗਰੇਜ਼ੀ ਫ਼ੌਜ ਨਾਲ ਯੂ.ਪੀ., ਸੀ.ਪੀ. ਤੋਂ, 'ਪਾਪ ਦੀ ਦੀ ਭਰੀ ਬੋਲੀ' ਤੇ ਫ਼ਰੰਗੀ ਫ਼ੌਜ ਨਾਲ ਆ ਕੇ, ਆਜ਼ਾਦ ਮੁਲਕ, ਪੰਜਾਬ ਦੀ ਆਜ਼ਾਦੀ ਨੂੰ ਖਾ ਗਏ ਸਨ। ਤੇ ਉਨ੍ਹਾਂ ਦੀ ਧਰਤੀ ਤੇ, ਇਹਦੇ ਆਜ਼ਾਦ ਲੋਕਾਂ ਨੂੰ ਗ਼ੁਲਾਮ ਬਣਾ ਗਏ ਸਨ।

ਉਹ ਪਾਕਿਸਤਾਨ ਦਾ ਨਾਂ, 'ਨਿਰਾ ਨਾਂ' ਤੇ ਸੁਣਦੇ ਹੁੰਦੇ ਸਨ, ਪਰ ਉਹਨਾਂ ਨੂੰ ਪਾਕਿਸਤਾਨ ਲਈ ਆਪਣੀ ਧਰਤੀ, ਨਸਲ ਦੀ ਵੰਡ ਕਰਾਣ ਮਗਰੋਂ, ਲੱਭਣ ਆਲੀ ਆਜ਼ਾਦੀ ਤੇ ਏਹਦੇ ਫ਼ਾਇਦੇ, ਕਿਧਰੇ ਨਹੀਂ ਸਨ ਦਿਸਦੇ। ਆਜ਼ਾਦੀ ਪਾਰੋਂ, ਲੱਭਣ ਆਲੇ ਇਹ ਫ਼ਾਇਦੇ ਕੋਈ ਹੋਰ ਈ ਲੁੱਟ ਕੇ ਲੈ ਗਿਆ ਸੀ........। ਉਹਨਾਂ ਲਈ ਪਾਕਿਸਤਾਨ ਬਣਨਾ ਨਾ ਬਣਨਾ, ਆਜ਼ਾਦੀ ਜਾਂ ਗ਼ੁਲਾਮੀ ਇੱਕ ਈ ਗੱਲ ਸੀ।

ਉਹ ਅਜਬ ਲੋਕ ਸਨ। ਏਹ ਸਾਰਾ ਕੁਝ ਜਾਣਦੇ-ਬੁੱਝਦੇ ਵੀ ਅਣਜਾਣ ਬਣੇ ਰਹਿੰਦੇ ਸਨ। ਕਦੀ ਵੀ ਆਪਣੀਆਂ ਰੰਜਗੀਆਂ, ਮਹਿਰੂਮੀਆਂ, ਮਸਲਿਆਂ, ਤੇ ਹੱਕਾਂ ਦੀ ਮੰਗ ਦੀ ਪੰਡ ਚਾ ਕੇ, ਆਜ਼ਾਦੀ ਦੇ ਫ਼ਾਇਦੇ ਲੁੱਟਣ ਆਲੇ ਟੋਲੇ ਨੂੰ ਨੱਥ ਪਾਣ ਦੀ ਆਹਰ, ਨਹੀਂ ਸਨ ਕਰਦੇ। ਉਹ ਆਪਣੇ ਵਸੇਬ 'ਚ ਆਪਣੀ ਹਰ ਜ਼ਰੂਰਤ, ਆਪੂੰ ਈ ਪੂਰੀ ਕਰ ਲੈਂਦੇ ਸਨ। ਹਰ ਹਾਲ ਵਿਚ ਸਬਰ, ਸ਼ੁਕਰ, ਰਾਜ਼ੀ-ਬਾ-ਰਜ਼ਾ ਰਹਿਣ ਆਲਿਆਂ, ਏਸ ਵਸੇਬ ਦੇ ਲੋਕਾਂ ਦੀ ਇਹ ਅਦਾ, ਅੱਜ ਕਿਸੇ ਨੂੰ ਜ਼ਹਿਰ ਲੱਗਣ ਲੱਗ ਪਈ ਸੀ। ਕੋਈ ਧੁਖਣ ਲੱਗ ਪਿਆ ਸੀ, ਕੋਈ ਉਹਨਾਂ ਦੀ ਲੰਮੀ ਚੁੱਪ ਤੋਂ ਚਿੜ ਗਿਆ ਸੀ। ਇਸ਼ਾਰਾ ਹੋਇਆ ਸੀ, ਤੇ ਇਹਦੇ ਨਾਲ ਈ ਮੌਤ, ਤਬਾਹੀ ਤੇ ਬਰਬਾਦੀ ਨਾਲ ਭਰੇ ਖਲੋਤੇ ਪਾਣੀ ਦੇ ਦੋਜ਼ਖ਼ ਦੇ ਖ਼ੂਨੀ ਗੇਟ, ਉੱਪਰ 'ਚਾ ਦਿੱਤੇ ਗਏ ਸਨ। ਮੌਤ ਦੇ ਹਜ਼ਾਰਾਂ ਫ਼ਰਿਸ਼ਤੇ, ਹੜ੍ਹ ਦਾ ਰੂਪ ਵਟਾ ਕੇ ਰਾਹ ਵਿਚ ਆਵਣ ਵਾਲੀ ਹਰ ਸ਼ੈਅ ਦਾ ਬੀਅ ਪੁੱਟਦੇ, ਤੇ ਹਰ ਜੀਅ ਨੂੰ ਥਾਂ ਮਾਰਦੇ, ਵਸੇਬ ਜਾਣ ਆਲੀ ਰਾਹ ਮਾਰਦੇ ਸਨ। ਵਸੇਬ ਦੀ ਅੱਜ ਸ਼ਾਮ ਵੀ ਹਰ ਗੁਜ਼ਰਨ ਆਲੀ ਸ਼ਾਮ ਵਾਂਗਰ, ਆਪਣੇ ਵੇਲੇ ਤੇ ਈ ਆਈ ਸੀ।

ਏਸ ਵਸੇਬ ਦੇ ਵਾਹੀਬਾਨ ਤੇ ਗਭਰੂ ਹਰ ਸ਼ਾਮ ਵਾਂਗਰ, ਆਪਣੇ-ਆਪਣੇ ਕੰਮਕਾਰ ਤੋਂ ਥੱਕੇ ਟੁੱਟੇ , ਆਪਣੇ ਖੇਤਾਂ ਤੇ ਡੇਰਿਆਂ ਤੋਂ ਹੱਥਾਂ 'ਚ ਹੁੱਕੇ ਫੜੀ, ਮੋਢਿਆਂ ਤੇ ਡਾਂਗਾਂ ਰੱਖੀ, ਢੋਲੇ ਤੇ ਮਾਹੀਏ ਗਾਉਂਦੇ, ਹੱਸਦੇ-ਬੋਲਦੇ, ਵਸੇਬ ਵੱਲ ਆਣ ਵਾਲਿਆਂ ਬੰਨਿਆਂ ਤੇ ਹੌਲੀ-ਹੌਲੀ ਟੁਰਦੇ ਆਪੋ-ਆਪਣੇ ਘਰਾਂ ਵੱਲ ਪਰਤ ਰਹੇ ਸਨ।

ਅੱਜ ਸ਼ਾਮੀ ਵੀ,

ਜੱਟੀਆਂ ਦੁੱਧਾਂ ਦੀਆਂ ਭਰੀਆਂ ਗਾਗਰਾਂ ਸਿਰਾਂ ਤੇ ਧਰੀ, ਮਨਮੋਹਣੀਆਂ ਟੋਰਾਂ ਨਾਲ, ਵਸੇਬ ਜਾਣ ਆਲੀਆਂ ਸੜਕਾਂ ਤੇ ਲਗੀਆਂ ਜਾਂਦੀਆਂ ਸਨ।

ਅੱਜ ਸ਼ਾਮੀ ਵੀ,

ਭੈਣਾਂ ਨੇ ਆਪਣੇ ਵੀਰਾਂ ਲਈ ਤੰਦੂਰਾਂ ਤੋਂ ਰੋਟੀਆਂ ਲਵਾ ਕੇ , ਕੰਧੋਰਿਆਂ 'ਚ ਵਲ੍ਹੇਟ ਕੇ, ਆਟੇ ਵਾਲੀਆਂ ਸ਼ਾਕਾਂ 'ਚ ਰੱਖ ਕੇ, ਘਰ ਲਿਆਂਦੀਆਂ ਸਨ।

ਅੱਜ ਸ਼ਾਮੀ ਵੀ,

ਵਿਹੜਿਆਂ ਦੇ ਵਿਚਕਾਰ, ਇਕ ਕਤਾਰ ਵਿਚ ਸਾਰੇ ਟੱਬਰ ਦੀਆਂ ਮੰਜੀਆਂ ਘੱਤ ਕੇ, ਉਹਨਾਂ ਉੱਪਰ ਦਰੀਆਂ ਵਿਛਾ ਕੇ, ਸਰ੍ਹਾਂਦੀ-ਸਿਰ੍ਹਾਣੇ, ਤੇ ਪੁਆਂਦੀ ਦੋਹਰਾਂ ਤੇ ਖੇਸ ਰੱਖੇ ਗਏ ਸਨ।

ਅੱਜ ਸ਼ਾਮੀ ਵੀ,

ਮਾਵਾਂ ਨੇ ਥੱਲਿਆਂ ਤੇ ਪਈਆਂ ਪੀੜ੍ਹੀਆਂ 'ਤੇ ਬਹਿ ਕੇ ਚੁੱਲ੍ਹਾ ਬਾਲਿਆ, ਤੇ ਕੁੰਨ੍ਹਿਆਂ ਵਿਚ ਮਸਰਾਂ ਦੀ ਦਾਲ ਤੇ ਗੰਦਲਾਂ ਦੇ ਸਰੋਂ ਦੇ ਸਾਗ ਨੂੰ , ਕਾਸ਼ਕਾਂ ਭਰ-ਭਰ ਮੱਖਣਾਂ ਦੇ ਤੜਕੇ ਲਾਏ ਸਨ।

ਅੱਜ ਸ਼ਾਮੀ ਵੀ,

ਟੱਬਰਾਂ ਨੇ ਕੁੰਨ੍ਹਿਆਂ 'ਚੋਂ, ਤੱਤਾ-ਤੱਤਾ ਸਲੂਣਾ ਕੌਲੀਆਂ 'ਚ ਪਾਕੇ ਰੋਟੀ-ਟੁੱਕਰ ਖਾਧਾ ਤੇ ਨਾਲ ਦੁੱਧਾਂ ਦੇ ਭਰੇ ਕੌਟੇਰੇ ਪੀਤੇ ਸਨ।

ਅੱਜ ਸ਼ਾਮੀ ਵੀ,

ਬਾਲਾਂ ਨੇ ਆਪਣਿਆਂ ਵੱਡ-ਵਡੇਰਿਆਂ ਲਈ ਹੁੱਕੇ ਤਾਜ਼ੇ ਕਰ ਕੇ, ਤੰਬਾਕੂ-ਗੁੜ ਦੀਆਂ ਭੋਰੀਆਂ ਰੱਖ ਕੇ, ਪੋਚਿਆਂ 'ਚ ਧਰ ਕੇ ਹੁੱਕੇ ਭਖਾਏ ਸਨ।

ਅੱਜ ਸ਼ਾਮੀ ਵੀ,

ਵਸੇਬ 'ਚ ਘਰ-ਘਰ 'ਚ ਚਿਮਨੀਆਂ ਤੇ ਦੀਵੇ ਬਲੇ ਸਨ।

ਅੱਜ ਸ਼ਾਮੀ ਵੀ,

ਮਾਲ-ਡੰਗਰਾਂ ਨਾਲ ਭਰੀਆਂ ਖੁਰਲੀਆਂ ਤੇ ਖਲੋਤੇ ਢੱਗੇ, ਵੱਛੇ, ਵੱਛੀਆਂ, ਕੱਟੇ, ਕੱਟੀਆਂ, ਮੱਝੀਆਂ ਤੇ ਗਾਵਾਂ ਇੰਝ ਈ ਤੇ ਪੱਠੇ ਖਾ ਰਹੇ ਸਨ।

ਅੱਜ ਸ਼ਾਮੀ ਵੀ,

ਬੇਲੇ 'ਚੋਂ ਲੰਘ ਕੇ ਦਰਿਆ ਪਾਰ ਜਾਣ ਆਲੇ ਰਾਹ-ਗੁਜ਼ਰੂ, ਆਪਣੀ ਅਖ਼ੀਰਲੀ ਬੇੜੀ ਹੱਥੋਂ ਛੁੱਟ ਜਾਣ ਤੇ ਪੱਤਣ ਤੋਂ ਪਰਤ ਕੇ ਵਸੇਬ ਦੇ ਪਰਾਹੁਣੇ ਬਣੇ ਸਨ।

ਅੱਜ ਸ਼ਾਮੀ ਵੀ,

ਸੂਰਜ ਬਲਦੇ ਗੋਲੇ ਵਾਂਗਰ, ਲਹਿੰਦੇ ਵੱਲ ਦਰਿਆ ਦੇ ਵਿਚਕਾਰ, ਵਗਦੇ ਪਾਣੀ ਅੰਦਰ ਜਾ ਡੁੱਬਿਆ ਸੀ।

ਅੱਜ ਸ਼ਾਮੀ ਵੀ,

ਦਾਣਾ ਚੁੱਗਣ ਲਈ ਚੜ੍ਹਦੇ ਵੱਲ, ਸਵੇਰੇ-ਸਵੇਰੇ ਉੱਡ ਕੇ ਟੁਰ ਜਾਣ ਵਾਲੇ ਪੰਛੀ ਵੀ, ਡਾਰਾਂ ਤੇ ਡਾਰਾਂ, ਇੰਝ ਈ ਪਰਤ ਕੇ ਕਿੱਕਰਾਂ, ਟਾਹਲੀਆਂ, ਤੂਤਾਂ ਤੇ

ਸ਼ਰੀਂਹ ਦੀਆਂ ਟੀਸੀਆਂ, ਟਹਿਣੀਆਂ ਤੇ ਆਪਣੇ ਆਲ੍ਹਣਿਆਂ ਵਿਚ ਬੈਠੀਆਂ, ਏਸ ਵਸੇਬ ਦਿਆਂ ਵਸਨੀਕਾਂ ਨੂੰ, ਪਰੇਮ ਤੇ ਸੁੱਖ ਚੈਨ ਦੇ ਗੀਤ ਸੁਣਾ ਰਹੀਆਂ ਸਨ।

ਅੱਜ ਸ਼ਾਮੀ ਵੀ,

ਹਰ ਸ਼ਾਮ ਵਾਂਗਰ, ਵਸੇਬ ਦੀ ਮਸੀਤ 'ਚ ਨਮਾਜ਼ਾਂ ਦੀ ਬਾਂਗ ਹੋਈ ਸੀ। ਵਸੇਬ ਦੇ ਆਸਮਾਨ ਤੇ ਚੰਨ-ਤਾਰੇ, ਹਰ ਸ਼ਾਮ ਵਾਂਗਰ ਇੰਝ ਈ ਲੋਅ ਪਾ ਰਹੇ ਸਨ।

ਅੱਜ ਸ਼ਾਮੀ ਵੀ।

ਅੱਜ ਦੀ ਰਾਤ ਏਸ ਵਸੇਬ ਤੇ ਭਾਰੀ ਸੀ। ਸਾਰਾ ਵਸੇਬ ਮਿੱਠੀ ਨੀਂਦਰੇ ਸੌਂ ਰਿਹਾ ਸੀ। ਸੁੱਤਿਆਂ ਪਿਆਂ ਵੀ ਏਹਦੇ ਵਸਨੀਕਾਂ ਦਿਆਂ ਮੁਹਾਂਦਰਿਆ 'ਤੇ ਖ਼ੁਸ਼ੀਆਂ ਨੱਚ ਰਹੀਆਂ ਸਨ।.......ਨੱਚਦੀਆਂ ਵੀ ਕਿਉਂ ਨਾ? ਏਸ ਵਰ੍ਹੇ ਹਾੜ੍ਹੀ-ਸਾਉਣੀ ਦੀਆਂ ਫ਼ਸਲਾਂ ਚੰਗੀਆਂ ਹੋਈਆਂ ਸਨ।

ਦਰਿਆ ਦਾ ਸ਼ਕਾਟ ਹੋਰ ਵੱਧ ਗਿਆ ਸੀ। ਦਰਿਆ ਵਿਚ ਪਾਣੀ ਵੀ, ਆਪਣੀ ਕੰਧ ਅੰਦਰ ਮੌਤ ਦਿਆਂ ਅਣਗਿਣਤ ਫ਼ਰਿਸ਼ਤਿਆਂ ਨੂੰ ਲੁਕਾ ਕੇ, ਟੁਰਦੀ-ਟੁਰਦੀ, ਦਰਿਆ ਦਿਆਂ ਕੰਢਿਆਂ 'ਚੋਂ ਉੱਪਰ ਉੱਠਦੀ-ਉੱਠਦੀ ਬੇਲੇ 'ਚ ਵੜ ਆਈ ਸੀ। ਮੌਤ ਦਾ ਹੜ੍ਹ ਦਰਿਆ 'ਚੋਂ ਬਾਹਰ ਨਿਕਲ ਆਇਆ ਸੀ। ਰੁੱਖਾਂ ਤੇ ਬੈਠੇ ਪੰਖੇਰੂ, ਦਹਿਸ਼ਤ-ਜ਼ਦਾ ਹੋ ਕੇ ਜਾਗੇ ਸਨ। ਤੇ, ਹਿੱਕਸੀ ਵਾਰੀ, ਸੈਂਕੜਿਆਂ-ਹਜ਼ਾਰਾਂ ਪੰਖੇਰੂਆਂ ਆਪਣਿਆਂ ਆਲ੍ਹਣਿਆਂ 'ਚੋਂ ਨਿਕਲਦਿਆਂ, ਟਹਿਣੀਆਂ ਤੋਂ ਉੱਡਦਿਆਂ, ਹਨ੍ਹੇਰੇ ਵਿਚ ਅੰਨ੍ਹੇ ਰੁੱਖਾਂ ਦੀਆਂ ਟਹਿਣੀਆਂ ਤੇ ਪੱਤਰਾਂ ਨਾਲ ਆਪਣੇ ਪੰਖ ਟਕਰਾਂਦੇ, ਅੰਨ੍ਹੇਵਾਰ ਰੁੱਖਾਂ ਦੀਆਂ ਟਹਿਣੀਆਂ ਤੇ ਪੱਤਰਾਂ 'ਚੋ ਬਾਹਰ ਨਿਕਲਣ ਲਈ, ਖੁੱਲ੍ਹੇ ਆਸਮਾਨ ਵੱਲ ਉੱਡਣ ਲਈ, ਆਪਣੇ ਆਪ ਨੂੰ ਲਹੂ-ਲੁਹਾਨ ਕਰ ਰਹੇ ਸਨ। ਪੰਖੇਰੂਆਂ 'ਚ ਮੱਚਣ ਆਲੀ ਏਸ ਤਰਥੱਲੀ ਤੇ, ਦਰਿਆ ਦੇ ਸ਼ਕਾਟ ਨੇ ਮਾਲ-ਡੰਗਰ 'ਚ ਵੀ ਦਹਿਸ਼ਤ ਪਾ ਦਿੱਤੀ ਸੀ। ਜਿਹੜੇ ਤ੍ਰਭਕਦੇ, ਆਪਣੀਆਂ ਖੁਰਲੀਆਂ ਦੇ ਕੁੰਡੇ ਤੋੜ ਕੇ, ਕਿੱਲੇ ਪੁਟਾ ਕੇ, ਜ਼ੰਜ਼ੀਰਾਂ-ਰੱਸੀਆਂ ਤੇ ਸੰਗਲਾਂ ਨੂੰ ਤਰੋੜਨ ਲਈ, .......ਬਾਹਰ ਭੱਜਣ ਲਈ ਜ਼ੋਰ ਲਾ ਰਹੇ ਸਨ।

ਪਹਿਰਾ ਦੇ ਕੇ ਸੁੱਤੇ ਹੋਏ ਕੁੱਤੇ ਜਾਗ ਪਏ, ਤੇ ਦਹਿਸ਼ਤ-ਜ਼ਦਾ ਹੋ ਕੇ ਕੂਕਦੇ ਸਨ। ਕੁਝ ਏਧਰ-ਉੱਧਰ ਗਲੀਆਂ 'ਚ ਨੱਸਣ ਲੱਗ ਪਏ ਸਨ। ਜਿਹੜੇ ਆਪਣੇ ਮਾਲਕਾਂ ਦੇ ਬਹੁਤੇ ਵਫ਼ਾਦਾਰ ਸਨ, ਪਿਛਲੀਆਂ ਟੰਗਾਂ ਤੇ ਖਲੋ ਕੇ, ਆਪਣਿਆਂ ਅਗਲਿਆਂ ਪੈਰਾਂ ਨਾਲ, ਆਪਣਿਆਂ ਮਾਲਕਾਂ ਦੀਆਂ ਹਵੇਲੀਆਂ ਦੀਆਂ ਤਾਕਾਂ ਨੂੰ.........'ਪੈਰਾਂ ਦੀਆਂ ਨੰਹੁਦਰਾਂ' ਨਾਲ, ਜ਼ੋਰ ਲਾ-ਲਾ ਕੇ, ਖੋਲ੍ਹਣ, ਤੇ ਆਪਣਿਆਂ ਮਾਲਕਾਂ ਨੂੰ ਜਗਾਣ ਦੀ ਆਹਰ ਕਰ ਰਹੇ ਸਨ।

ਪਰ ਹੁਣ ਵੱਡਾ ਚਿਰ ਹੋ ਚੁੱਕਿਆ ਸੀ, ਧਰਤੀ ਕੰਬ ਗਈ ਸੀ। ਮਿਹਰਬਾਨ ਦਰਿਆ ਦਾ ਕਲੇਜਾ ਪਾਟ ਗਿਆ ਸੀ। ਉਹਦੇ ਪੁੱਤਰ, ਉਹਦੇ ਆਪਣੇ ਹੱਥੋਂ ਬੇ-ਮੌਤ ਮਰਵਾਣ ਦਾ ਮੁਕੱਰਰਾ ਕੰਮ ਉਹਦੇ ਕੋਲੋਂ ਈ ਕਰਵਾਇਆ ਜਾ ਰਿਹਾ ਸੀ। ਚਾਰਾਂ ਪਾਸਿਓਂ, ਦਰਿਆ ਜੇਹਲਮ ਦੇ ਵਗਦੇ ਪਾਣੀ ਦੇ ਵਿਚਕਾਰ ਘਿਰਿਆ ਹੋਇਆ, ਏਹ ਜਜ਼ੀਰਾ। ਵਸੇਬ ਦੇ ਵਿਚਕਾਰ, ਵਸਨੀਕਾਂ ਦੇ ਸਾਂਝੇ ਦਾਇਰਿਆਂ 'ਤੇ ਕੰਮੀਆਂ, ਮੰਜੀਆਂ ਘੱਤੀਆਂ, ਮੂੜ੍ਹੇ ਰੱਖੇ ਤੇ ਹੁੱਕੇ ਭਖ਼ਾਏ ਸਨ।

ਏਹ ਸ਼ਾਮ ਵੀ ਵਸੇਬ ਦੀ ਹਰ ਸ਼ਾਮ ਵਾਂਗਰ, ਅਖ਼ੀਰ ਇੰਝ ਈ ਮੁੱਕੀ ਸੀ ।

ਰਾਤ ਹੌਲੀ-ਹੌਲੀ ਅਗਾਂਹ ਨੂੰ ਟੁਰੀ........ ਵਾਰੀਆਂ, ਗੱਲਾਂ-ਬਾਤਾਂ ਮੁਕੀਂਦੇ, ਦੁੱਖ-ਸੁੱਖ ਵਡੇਂਦੇਂ, ਅਗਲੀ ਸਵੇਰ ਲਈ, ਜੋਗਾਂ-ਜੋਤਰਿਆਂ, ਸੋਤਾਂ ਤੇ ਵੰਗਾਰਾਂ ਦੀ ਸਲਾਹ ਬਣਾਂਦੇ, ਹੀਰ ਸੁਣਦੇ, ਅੱਜ ਵੀ ਹਰ ਰਾਤ ਵਾਂਗਰ ਦਾਇਰੇ ਤੋਂ ਉੱਠ ਕੇ ਘਰੋ-ਘਰੀ, ਤੇ ਆਪਣਿਆਂ ਘਰਾਂ ਵਿਚ ਚੁੱਲ੍ਹਾਂ ਤੇ ਥਲੀਆਂ ਤੋਂ ਉੱਠ ਕੇ, ਉਹ ਸੌਣ ਲਈ ਮੰਜੀਆਂ ਤੇ ਜਾ ਕੇ ਲੰਮੇ ਪਏ ਸਨ।

ਅੱਜ ਰਾਤ ਵੀ,

ਵਸੇਬ ਦੇ ਹਰ ਘਰ 'ਚ ਬਲਦੇ ਦੀਵੇ, ਹਰ ਰਾਤ ਵਾਂਗਰ, ਬੁਝਾਏ ਗਏ ਸਨ।

ਅੱਜ ਰਾਤ ਵੀ,

ਸਾਈਆਂ ਦੇ ਸੌਣ ਤੋਂ ਪਿੱਛੋਂ, ਵਸੇਬ ਦੀ ਰਾਖੀ ਦਾ ਜ਼ਿੰਮਾਂ ਗਲੀਆਂ ਵਿਚ ਫਿਰਦਿਆਂ ਤੇ ਘਰਾਂ ਦਿਆਂ ਬੂਹਿਆਂ ਅੱਗੇ ਬੈਠੇ ਹੋਏ ਕੁੱਤੇ, ਆਪਣੇ ਸਿਰ ਲਈ ਬੈਠੇ ਸਨ।

ਅੱਜ ਰਾਤ ਵੀ,

ਬੇਲੇ 'ਚੋਂ ਗਿੱਦੜ ਤੇ ਬਘਿਆੜ ਹਰ ਰਾਤ ਵਾਂਗਰ ਇੰਝ ਹੀ ਹੂਕੇ ਸਨ, ਤੇ ਕੁੱਤਿਆਂ ਨੇ ਅੱਗੋਂ ਉਹਨਾਂ ਨੂੰ ਵਸੇਬ ਤੋਂ ਦੂਰ ਰਹਿਣ ਲਈ ਨਿਉਂਦਰਾ ਪਾਇਆ ਸੀ।

ਫੇਰ ਹਰ ਪਾਸੇ ਇਕ ਚੁੱਪ ਸੀ........। ਲੰਮੀ ਚੁੱਪ, ਚੰਨ ਡੁੱਬ ਗਿਆ ਸੀ........ ਰਾਤ ਹਰ ਸ਼ੈਅ ਦੇ ਮੂੰਹ ਤੇ ਚੁੱਪ ਦੇ ਜਿੰਦਰੇ ਮਾਰ ਦਿੱਤੇ ਸਨ। ਵਸੇਬ, ਤੇ ਚਾਰਾਂ ਪਾਸੇ ਬੇਲੇ ਨੂੰ ਆਪਣੀ ਮੁੱਠ ਵਿਚ ਲਈ ਜੇਹਲਮ ਦਰਿਆ ਵੱਗ ਰਿਹਾ ਸੀ। ........ਪੁਰੇ ਦੀ ਨਿੰਮ੍ਹੀ-ਨਿੰਮ੍ਹੀ ਵਗਦੀ ਵਾਅ ਦੀ ਸਰ-ਸਰਾਹਟ, ਦਰਿਆ ਤੇ ਸ਼ਕਾਟ ਵਿਚ ਮਰ ਗਈ ਸੀ।

ਹਨ੍ਹੇਰੀ ਰਾਤ ਵਿਚ ਦਰਿਆ ਦਿਆਂ ਕੰਢਿਆਂ ਤੋਂ ਚੜ੍ਹ ਕੇ, ਬੇਲੇ 'ਚ ਤ੍ਰਿਖਿਆਈ ਨਾਲ ਔੜਨ ਆਏ ਪਾਣੀ ਦੀ, ਤੇਜ਼ੀ ਨਾਲ, ਚੜ੍ਹਦੀ ਉੱਚੀ ਕੰਧ, ਆਪਣੇ ਅੰਦਰ ਮੌਤ ਦੇ ਹਜ਼ਾਰਾਂ ਫਰਿਸ਼ਤਿਆਂ ਨੂੰ ਲਈ, ਮੌਤ ਬਣੇ ਵਸੇਬ ਨੂੰ ਕੁੰਜਣ ਲਈ, ਏਹਦੇ ਸਿਰ ਤੇ ਅੱਪੜਾ ਗਏ ਸਨ।

ਚਾਰ ਸੌ ਬੰਦਿਆਂ ਦੀ ਅਬਾਦੀ ਆਲਾ ਏਹ ਵਸੇਬ, ਜੇਨੂੰ ਲੋਕ 'ਵਿਚਲਾ ਬੇਲਾ' ਦੇ ਨਾਂ ਨਾਲ ਜਾਣਦੇ

ਸਨ, ਮੌਤ ਦੇ ਮੂੰਹ ਦੇ ਵਿਚਕਾਰ ਫਸ ਚੁੱਕਿਆਂ ਸੀ। ਪਾਣੀ ਦੀ ਟੁਰਦੀ ਹੋਈ ਕੰਧ, ਏਸ ਵਸੇਬ ਦੀਆਂ ਮਕਾਨਾਂ ਦੀਆਂ ਛੱਤਾਂ, ਤੇ ਰੁੱਖਾਂ ਦੀਆਂ ਸਾਰੀਆਂ ਤੋਂ ਉੱਚੀਆਂ ਟੀਸੀਆਂ ਤੋਂ ਵੀ, ਉੱਪਰੋ ਲੰਘ ਗਈ ਸੀ। ਹਰ ਸ਼ੈਅ ਸੁੱਤੀ, ਸੌਂ ਗਈ ਸੀ। ਕਿਸੇ ਨੂੰ ਅੱਖ ਪੁੱਟਣ ਦੀ ਮੋਹਲਤ ਵੀ ਨਹੀਂ ਸੀ ਲੱਭੀ। ਉਨ੍ਹਾਂ ਵਸੇਬ ਦੀ ਤਬਾਹੀ ਅਤੇ ਉਨ੍ਹਾਂ ਦੀ ਸਾਂਝੀ ਮੌਤ ਬਾਰੇ, ਬਾਹਰ ਦਿਆਂ ਲੋਕਾਂ ਨੂੰ ਕਈ ਦਿਹਾੜੀਆਂ ਤੋਂ ਪਿੱਛੇ, ਉਦੋਂ ਪਤਾ ਲੱਗਾ ਸੀ, ਜਦੋਂ ਹੜ੍ਹ ਦਾ ਜ਼ੋਰ ਤਰੁੱਟ ਗਿਆ ਤੇ, ਦਰਿਆ ਦਾ ਪਾਣੀ ਲਹਿ ਗਿਆ ਸੀ। ਅਤੇ ਵੇਖਣ ਆਲਿਆਂ ਨੂੰ, ਜੇਹਲਮ ਦਰਿਆ ਦੇ ਵਿਚਕਾਰ, ਵਸਦੇ ਏਸ ਵਸੇਬ ........ ਤੇ ਬੰਦਿਆਂ ਦੀ 'ਜਾਏ ਤੇ, ਹਰ ਪਾਸੇ, ਮਿੱਟੀ ਦਾ ਮੈਦਾਨ ਈ, ਦਿਸਿਆ ਸੀ। ਏਸ ਵਸੇਬ ਦੇ ਕਿਸੇ ਵਸਨੀਕ ਦੀ ਲਾਸ਼ ਤੀਕਰ, ਨਹੀਂ ਸੀ ਲੱਭੀ। ਉਹ ਸਾਰੇ ਇੱਕੱਠੇ ਹੀ ਜਿਉਂਦੇ ਰਹੇ, ਇਕੱਠੇ ਹੀ ਵੱਸਦੇ ਰਹੇ, ਤੇ ਫੇਰ ਇਕ ਰਾਤ, ......... ਆਪਣੇ ਵਸੇਬ ਨੂੰ ਨਾਲ ਲੈ ਕੇ, ..........ਇਕੱਠੇ ਹੀ ਮਰ ਵੀ ਗਏ ਸਨ।

---

ਸਾਡੀ ਹਿੱਕ ਤੇ ਵਾਹ ਕੇ ਲੀਕ ਟੁਰ ਗਏ ਨੇ।
ਆਪਣਾ ਕਰ ਕੇ ਕੰਮ ਸ਼ਰੀਕ ਟੁਰ ਗਏ ਨੇ।
ਹੁਣ ਕੀ ਫ਼ਾਇਦਾ ਅੱਖਾਂ ਖੋਲ੍ਹੀਆਂ ਦਾ,
ਸੀਨੇ ਵਿਚ ਦਬਾ ਕੇ ਚੀਕ ਟੁਰ ਗਏ ਨੇ।
ਹੁਣ ਤੇ ਜੁੱਸਾ ਖਾਲੀ ਬੋਤਲ ਵਰਗਾ ਏ,
ਪੀਣ ਵਾਲੇ ਲਾ ਡੀਕ ਟੁਰ ਗਏ ਨੇ।
ਜਿਹਨਾਂ ਬਾਝੋਂ ਕੁਝ ਵੀ ਚੰਗਾ ਲੱਗਦਾ ਨਹੀਂ,
ਕਿਹੜੇ ਪਾਸੇ ਉਹ ਵਸਨੀਕ ਟੁਰ ਗਏ ਨੇ।
ਦੱਸਦਾ ਕਿਉਂ ਨਹੀਂ ਰੱਬਾ! ਲੇਖਾਂ ਮਾਰੀ ਦੇ,
ਡਾਚੀਆਂ ਵਾਲੇ ਕਿੱਥੋਂ ਤੀਕ ਟੁਰ ਗਏ ਨੇ।

–ਬਾਬਾ ਨਜ਼ਮੀ–

38

# ਦੁੰਬੀ

## ਨਜ਼ਰ ਫ਼ਾਤਮਾ

ਦੁੰਬੀ, ਹੱਥ ਵਿਚ ਲੋਟਾ ਲੈ ਕੇ ਲੱਸੀ ਲੈਣ ਲਈ ਜਾਗੀਰਦਾਰਾਂ ਦੀ ਹਵੇਲੀ ਵੱਲ ਤੁਰ ਪਈ। ਉਹਨੂੰ ਪਤਾ ਸੀ ਜਾਗੀਰਦਾਰਨੀ ਉਹਨੂੰ ਬਹੁਤ ਚੰਗਾ ਜਾਣਦੀ ਸੀ। ਉਹਨੂੰ ਸਭ ਤੋਂ ਬਹੁਤੀ ਲੱਸੀ ਦਿੰਦੀ ਸੀ, ਤੇ ਰਾਤ ਦਾ ਵਧਿਆ-ਘਟਿਆ ਸਾਲਣ ਵੀ ਉਹਦੇ ਲਈ ਰੱਖ ਛੱਡਦੀ ਸੀ। ਦੁੰਬੀ ਵੀ ਫ਼ਰਖ਼ੰਦਾ ਦੀ ਖ਼ਿਦਮਤ ਬੜੇ ਸ਼ੌਕ ਨਾਲ ਕਰਦੀ ਸੀ।

ਜਦੋਂ ਲਾਹੌਰ ਦੀ ਬੀ.ਏ. ਪਾਸ ਵਹੁਟੀ ਫ਼ਰਖ਼ੰਦਾ, ਜਾਗੀਰਦਾਰ ਦੇ ਘਰ ਆਈ ਸੀ ਤਾਂ ਸਾਰਾ ਪਿੰਡ ਉਹਦੇ ਗ਼ਰਾਰੇ, ਸੂਟ ਤੇ ਸਾੜ੍ਹੀਆਂ ਵੇਖਣ ਲਈ ਜਮ੍ਹਾਂ ਹੋ ਗਿਆ ਸੀ। ਪਰ ਦੁੰਬੀ ਤੇ ਹਰ ਵੇਲੇ, ਉਹਦੇ ਕੋਲ ਹੀ ਬੈਠੀ ਰਹਿੰਦੀ ਸੀ। ਉਹਦਾ ਨਾਂ ਤੇ ਖੌਰੇ ਕੀ ਸੀ? ਪਰ ਉਹਦੇ ਗੋਰੇ ਰੰਗ ਤੇ ਗੋਲ-ਮੋਲ ਬਦਨ ਕਰਕੇ ਸਾਰੇ ਈ ਉਹਨੂੰ ਦੁੰਬੀ ਕਹਿੰਦੇ ਸਨ। ਉਹਨਾਂ ਦਾ ਘਰ ਜਾਗੀਰਦਾਰਾਂ ਦੀ ਹਵੇਲੀ ਦੇ ਪਿਛਵਾੜੇ ਸੀ, ਜਿੱਥੇ ਉਹਦਾ ਪਿਉ ਸਾਰੇ ਪਿੰਡ ਦੇ ਭਾਂਡੇ ਕਲੀ ਕਰਦਾ।

ਫਿਰ ਦੁੰਬੀ ਦਾ ਵਿਆਹ ਕਮਰੂ, ਟੀਨਸ਼ਾਜ ਨਾਲ ਹੋ ਗਿਆ ਤੇ ਉਹ ਆਪਣੇ ਸੌਹਰੇ ਚਲੀ ਗਈ। ਕਮਰੂ ਬੜਾ ਕਾਰੀਗਰ ਸੀ। ਇਕ ਦਿਨ ਫ਼ਰਖ਼ੰਦਾ ਨੇ ਉਹਨੂੰ ਬੁਲਾ ਕੇ, ਤੇਲ ਦੇ ਬਹੁਤ ਸਾਰੇ ਖਾਲੀ ਪੀਪੇ ਦੇ ਦਿੱਤੇ ਤੇ ਆਖਿਆ, "ਇਹਨਾਂ ਦੇ ਢੱਕਣ ਵਾਲੇ ਪੀਪੇ ਬਣਾ ਦੇਹ"। ਕਮਰੂ ਹਵੇਲੀ ਦੇ ਬੂਹੇ ਅੱਗੇ ਸਮਾਨ ਲੈ ਕੇ ਬਹਿ ਗਿਆ ਤੇ ਦੁਪਿਹਰ ਤੀਕਰ ਸਾਰਾ ਕੰਮ ਪੂਰਾ ਕਰ ਦਿੱਤਾ। ਫ਼ਰਖ਼ੰਦਾ ਨੇ ਹਵੇਲੀ ਦਾ ਬੂਹਾ ਥੋੜ੍ਹਾ ਜਿਹਾ ਖੋਲ੍ਹ ਕੇ ਵੇਖਿਆ ਸਾਰੇ ਪੀਪੇ ਕੁੰਡੀਆਂ ਸਮੇਤ ਤਿਆਰ ਸਨ। ਪੈਸੇ ਪੁੱਛੇ, ਕਹਿਣ ਲੱਗਾ, "ਪੌਣੇ ਦੋ ਰੁਪਏ"। ਫ਼ਰਖ਼ੰਦਾ ਨੂੰ ਇੰਨੇ ਸਾਰੇ ਕੰਮ ਦੇ ਸਿਰਫ਼ ਪੌਣੇ ਦੋ ਰੁਪਏ ਦੇਣੇ ਪਸੰਦ ਨਾ ਆਏ, ਉਹਨੇ ਪੁਰਾਣੇ ਰੇਸ਼ਮੀ ਕੱਪੜਿਆਂ ਦਾ ਜੋੜਾ, ਰਾਤ ਦੀਆਂ ਰੋਟੀਆਂ ਤੇ ਬਹੁਤ ਸਾਰਾ ਸਾਗ਼ ਇੱਕ ਕਾਗਜ਼ ਵਿਚ ਲਪੇਟਿਆ ਤੇ ਸਾਰਾ ਕੁਝ ਮਜ਼ਦੂਰੀ ਦੇ ਪੈਸਿਆਂ ਦੇ ਨਾਲ ਉਹਨੂੰ ਦੇ ਦਿੱਤਾ। ਕਮਰੂ ਬਹੁਤ ਖ਼ੁਸ਼ ਹੋਇਆ ਤੇ ਜਾਗੀਰਦਾਰਨੀ ਨੂੰ ਦੁਆਵਾਂ ਦਿੰਦਾ ਹੋਇਆ ਘਰ ਚਲਾ ਗਿਆ।

ਜਦੋਂ ਪਾਕਿਸਤਾਨ ਬਣਨ ਦੀ ਖਬਰ ਆਈ ਤੇ ਸਾਰੇ ਗ਼ਰੀਬ-ਗੁਰਬੇ ਆਪਣੀਆਂ ਗੱਠੜੀਆਂ ਸਿਰਾਂ ਤੇ ਧਰ ਕੇ ਪਾਕਿਸਤਾਨ ਵੱਲ ਤੁਰ ਪਏ ਤੇ ਥੋੜ੍ਹੇ ਦਿਨਾਂ ਵਿਚ ਈ, ਸਿਵਾਏ ਜਾਗੀਰਦਾਰ ਤੇ ਰਈਸਾਂ ਦੇ ਕੋਈ ਵੀ ਮੁਸਲਮਾਨ ਉਸ ਇਲਾਕੇ ਵਿਚ ਨਾ ਰਿਹਾ।

ਫ਼ਰਖ਼ੰਦਾ ਦਾ ਸ਼ੌਹਰ, ਪਾਕਿਸਤਾਨ ਨਹੀਂ ਸੀ ਆਉਣਾ ਚਾਹੁੰਦਾ। ਕਿਉਂ ਜੋ, ਉਹਨੇ ਸੁਣਿਆ ਸੀ ਕਿ ਅੰਗਰੇਜ਼ਾਂ ਦੀ ਬਖਸ਼ੀ ਜਾਗੀਰ ਦੇ ਥਾਂ ਪਾਕਿਸਤਾਨ ਵਿਚ ਨਵੀਂ ਜਾਗੀਰ ਨਹੀਂ ਮਿਲੇਗੀ। ਏਸੇ ਸ਼ਸ਼ੋਪੰਜ ਵਿਚ ਕਈ ਹਫ਼ਤੇ ਲੰਘ ਗਏ। ਇਕ ਦਿਨ ਨਾਲ ਦੇ ਪਿੰਡ ਦਾ ਮੁਸਲਮਾਨ ਰਈਸ, ਆਪਣੇ ਟੱਬਰ ਸਮੇਤ ਫ਼ਰਖ਼ੰਦਾ ਦੇ ਘਰ ਪਨਾਹ ਲੈਣ ਲਈ ਆਇਆ। ਉਹਦੀਆਂ ਔਰਤਾਂ ਨੇ ਫ਼ਰਖ਼ੰਦਾ ਨੂੰ ਦੱਸਿਆ, ਪਈ ਉਹਨਾਂ ਦੇ ਆਪਣੇ ਹਿੰਦੂ ਨੌਕਰਾਂ ਨੇ ਉਹਨਾਂ ਦਾ ਘਰ ਬਾਲ ਦਿੱਤਾ ਏ, ਉਹਨਾਂ ਕੋਲੋਂ ਸਭ ਕੁਝ ਖੋਹ ਕੇ ਪਿੰਡੋਂ ਕੱਢ ਦਿੱਤਾ ਏ। ਹੁਣ ਫ਼ਰਖ਼ੰਦਾ ਤੇ ਉਸਦੇ ਸ਼ੌਹਰ ਨੂੰ ਫ਼ਿਕਰ ਪਈ, ਤੇ ਉਹਨਾਂ ਪਿੰਡ ਛੱਡਣ ਦਾ ਮਨਸੂਬਾ ਸੋਚਣਾਂ ਸ਼ੁਰੂ ਕਰ ਕੀਤਾ। ਦੁਪਿਹਰ ਦਾ ਵਕਤ ਸੀ, ਜਾਗੀਰਦਾਰ ਦਾ ਹਾਲੀ, ਕਿਸ਼ਨ ਆਇਆ ਤੇ ਕਹਿਣ ਲੱਗਾ, "ਚੌਧਰੀ ਜੀ ! ਮੈਂ ਤੇ ਮੇਰੇ ਬਾਪ-ਦਾਦਿਆਂ ਨੇ ਤੁਹਾਡਾ ਨਮਕ ਖਾਧਾ ਏ, ਏਸ ਵਾਸਤੇ ਮੈਂ ਤਹਾਨੂੰ ਇੱਕ ਭੇਤ ਦੱਸਣ ਲੱਗਾ ਵਾਂ, ਪਰ ਮੇਰਾ ਨਾਂ, ਨਾ ਕਿਸੇ ਨੂੰ ਦੱਸਿਉ, ਨਹੀਂ ਤੇ ਦੂਜੇ ਹਿੰਦੂਆਂ ਨੇ ਮੈਨੂੰ ਮਾਰ ਸੁੱਟਣਾਂ ਏ। ਗੱਲ ਇਹ ਵੇ ਕਿ ਚੌਧਰੀ ਜੀ! ਪਈ ਕੱਲ੍ਹ ਸਾਡਾ ਇੱਕ 'ਕੱਠ ਹੋਇਆ ਸੀ, ਰੰਘੜਾਂ ਦੀ ਹਵੇਲੀ ਵਿੱਚ। ਉੱਥੇ ਇਹ ਫੈਸਲਾ ਹੋਇਆ ਸੀ ਅੱਜ ਰਾਤੀਂ ਤੁਹਾਡੀ ਹਵੇਲੀ ਵਿਚ ਅੱਗ ਲਾ ਕੇ ਸਾਰਿਆਂ ਨੂੰ ਭੁੰਨ ਛੱਡਣਾਂ ਏ, ਤੇ ਚੌਧਰੀ ਜੀ, ਆਪਣਾ ਬਚਾ ਕਰ ਲਓ?" ਇਹ ਕਹਿ ਕੇ ਕਿਸ਼ਨ ਲੁਕਦਾ ਛਿਪਦਾ ਹਵੇਲੀ ਤੋਂ ਬਾਹਰ ਨਿਕਲ ਗਿਆ ਤੇ ਫ਼ਰਖ਼ੰਦਾ ਦੇ ਸ਼ੌਹਰ ਨੇ ਛੇਤੀ ਨਾਲ ਇਕ ਬੈਲ-ਗੱਡੀ ਵਿਚ ਸਮਾਨ ਲੱਦਿਆ ਤੇ ਬਾਕੀਆਂ ਵਿਚ ਔਰਤਾਂ ਤੇ ਬੱਚਿਆਂ ਨੂੰ ਬਿਠਾ ਲਿਆ ਤੇ ਮਰਦ ਪੈਦਲ ਤੁਰਦੇ ਹੋਏ ਪਿੰਡੋਂ ਬਾਹਰ ਨਿਕਲ ਆਏ।

ਖਿਆਲ ਸੀ ਸਾਰੀ ਰਾਤ ਤੁਰਦੇ ਰਹਿਣਗੇ ਤੇ ਅਗਲੇ ਦਿਨ ਸਵੇਰ ਤੀਕਰ ਵੱਡੇ ਸ਼ਹਿਰ ਦੇ ਸ਼ਟੇਸ਼ਨ ਤੇ ਪੁੱਜ ਜਾਣਗੇ । ਪਰ ਅਜੇ ਦੋ ਮੀਲ ਗਏ ਹੋਣਗੇ ਕਿ ਕਿਸ਼ਨ ਹਾਲੀ, ਫੇਰ ਇੱਕ ਝਾੜੀ ਦੇ ਪਿੱਛੋਂ ਨਿਕਲਿਆ ਤੇ ਜਾਗੀਰਦਾਰ ਨੂੰ ਇਕ ਪਾਸੇ ਲਿਜਾ ਕੇ ਕਹਿਣ ਲੱਗਾ, "ਤੁਹਾਡੇ ਦਾਦੇ ਨੇ ਸਾਨੂੰ ਪੱਲਿਓਂ ਕੋਠਾ ਪਵਾ ਕੇ ਦਿੱਤਾ ਸੀ , ਤੁਹਾਡੇ ਬਾਪ ਨੇ ਮੇਰੀਆਂ ਦੋਵੇਂ ਭੈਣਾਂ ਦੇ ਵਿਆਹ ਵਿਚ ਖਰਚ ਝੱਲਿਆਂ ਸੀ। ਚੌਧਰੀ ਜੀ! ਮੈਂ ਤੁਹਾਡੇ ਨਾਲ ਇਕ ਹੋਰ ਨੇਕੀ ਕਰਨਾ ਚਾਹੁੰਦਾ ਹਾਂ। ਵੱਡੇ ਸ਼ਹਿਰ ਦੇ ਸ਼ਟੇਸਨ ਤੇ ਬਿਲਕੁਲ ਨਾ ਜਾਇਓ! ਸਾਡੇ ਪਿੰਡ ਦੇ ਸਾਰੇ ਜਵਾਨ ਲਾਠੀਆਂ, ਛਵੀਆਂ ਤੇ ਬੰਦੂਕਾਂ ਲੈ ਕੇ ਸਟੇਸ਼ਨ ਦੇ ਕੋਲ ਬੈਠੇ ਹੋਏ ਨੇ। ਉਹਨਾਂ ਤਹਾਨੂੰ ਸਾਰਿਆਂ ਨੂੰ ਮਾਰ ਸੁੱਟਣਾਂ ਏ। ਪਰ ਰਾਹ ਵਿਚ ਸੱਜੇ ਹੱਥ ਮੁੜ ਕੇ ਜਿਹੜਾ ਸੈਦਾਂ ਦਾ ਕਸਬਾ ਆਉਂਦਾ ਏ, ਓਸ ਵੱਲੇ ਜਾਣਾ। ਇਲਾਕੇ ਦੇ ਹੋਰ ਸਾਰੇ ਮੁਸਲਮਾਨ ਵੀ ਉਥੇ ਜਮ੍ਹਾਂ ਹੋ ਗਏ ਨੇ। ਤੁਹਾਡਾ ਬਚਾ ਹੋ ਜਾਵੇਗਾ।" ਇਹ ਕਹਿ ਕੇ ਕਿਸ਼ਨ ਹਾਲੀ, ਫੇਰ ਝਾੜੀਆਂ ਵਿਚ ਜਾ ਲੁਕਿਆ ਤੇ ਜਾਗੀਰਦਾਰ ਨੇ ਆਪਣਾ ਕਾਫ਼ਲਾ ਸੈਦਾਂ ਦੇ ਪਿੰਡ ਵੱਲ ਮੋੜ ਦਿੱਤਾ। ਉੱਥੇ ਜਾ ਕੇ

ਪਤਾ ਲੱਗਾ ਕਿ ਬਹੁਤ ਵੱਡਾ ਕੈਂਪ ਖੁੱਲ੍ਹਾ ਹੋਇਆ ਏ ਤੇ ਸਾਰੇ ਇਲਾਕੇ ਦੇ ਬਚੇ-ਖੁਚੇ ਮੁਸਲਮਾਨ ਕਾਫ਼ਲੇ ਬਣਾ ਕੇ ਉੱਥੇ ਆਉਂਦੇ ਪਏ ਨੇ।

ਪਾਕਿਸਤਾਨ ਜਾਣ ਦੀ ਕਈ ਵਾਰੀ ਕੋਸ਼ਿਸ਼ ਕੀਤੀ ਗਈ ਪਰ ਸਾਰੇ ਰਾਹ ਬੰਦ ਸਨ। ਰੇਲਾਂ ਦੇ ਮੁਸ਼ਾਫਰਾਂ ਨੂੰ ਫਸਾਦੀ ਲੋਕ ਪਾਕਿਸਤਾਨ ਪਹੁੰਚਣ ਤੋਂ ਪਹਿਲਾਂ ਈ ਕਤਲ ਕਰ ਛੱਡਦੇ ਸਨ। ਮੋਟਰਾਂ ਲਾਰੀਆਂ ਨੂੰ ਰਾਹ ਵਿਚ ਈ ਲੁੱਟਿਆ ਜਾਂਦਾ ਸੀ।

ਕਮਰੂ ਤੇ ਦੁੰਬੀ ਕਿਵੇਂ ਨਾ ਕਿਵੇਂ ਜਦੋਂ ਲਾਹੌਰ ਪਹੁੰਚੇ ਤਾਂ ਹਰ ਪਾਸੇ ਖਾਮੋਸ਼ੀ ਸੀ। ਹਿੰਦੂ ਜਾ ਚੁੱਕੇ ਸਨ ਤੇ ਮੁਸਲਮਾਨਾਂ ਦੇ ਕਾਫ਼ਲੇ ਅਜੇ ਨਹੀਂ ਸਨ ਪਹੁੰਚੇ। ਮਕਾਨ, ਦੁਕਾਨ ਤੇ ਕਾਰਖ਼ਾਨੇ ਸਭ ਖਾਲੀ ਪਏ ਸਨ। ਸ਼ਾਮ ਦਾ ਵਕਤ ਸੀ, ਕਮਰੂ ਪੁਰਾਣੀ ਅਨਾਰਕਲੀ ਵਿੱਚੋਂ ਪਿਆ ਲੰਘਦਾ ਸੀ, ਜਦੋਂ ਉਹਨੂੰ ਟੀਨ ਵਾਲੇ ਦੀ ਦੁਕਾਨ ਲੱਭੀ। ਕਮਰੂ ਕਹਿਣ ਲੱਗਾ, "ਭਰਾ ਮੈਨੂੰ ਵੀ ਕੋਈ ਹੱਟੀ ਲੈ ਦੇ, ਟੀਨ ਦਾ ਕੰਮ ਤੇ ਮੈਨੂੰ ਵੀ ਆਉਂਦਾ ਏ।" ਟੀਨ ਸ਼ਾਜ਼ ਪੁੱਛਣ ਲੱਗਾ, "ਕਿ ਮੁਹਾਜ਼ਰ ਏਂ?"

ਕਮਰੂ ਕਹਿਣ ਕਹਿਣ ਲੱਗਾ "ਹਾਂ"।

ਤਾਂ ਉਹ ਬੋਲਿਆ, "ਫਿਰ ਕੰਮ ਬਣ ਜਾਏਗਾ। ਏਸ ਇਲਾਕੇ ਵਿਚ ਟੀਨ ਦਾ ਵੱਡਾ ਕਾਰਖਾਨਾ ਏ। ਮਾਲਕ ਇੰਡੀਆਂ ਚਲਾ ਗਿਆ ਏ। ਤੂੰ ਉਹਨੂੰ ਅਲਾਟ ਕਰਾ ਲੈ। ਮੈਂ ਤੇਰੇ ਨਾਲ ਕੰਮ ਕਰਾਂਗਾ।"

ਉਸੇ ਰਾਤੀਂ ਉਹਨਾਂ ਨੇ ਬੂਹਾ ਖੋਲਿਆ ਤੇ ਸਾਰੇ ਸਾਮਾਨ ਉੱਤੇ ਕਬਜ਼ਾ ਕਰ ਲਿਆ। ਟੀਨ ਦੇ ਕਾਰਖਾਨੇ ਨਾਲ ਇਕ ਖਰਾਦ ਵੀ ਸੀ ਤੇ ਇਕ ਆਟਾ ਪੀਹਣ ਵਾਲੀ ਮਸ਼ੀਨ।

ਕਮਰੂ ਮਿਹਨਤੀ ਆਦਮੀ ਸੀ। ਉਹਨੇ ਸਾਰੇ ਕੰਮ ਇਕੋ ਵਾਰੀ ਚਾਲੂ ਕਰ ਦਿੱਤੇ ਤੇ ਥੋੜ੍ਹੇ ਦਿਨਾਂ ਵਿੱਚ, ਉਹ ਇਲਾਕਾ ਕਾਰਖ਼ਾਨੇ, ਖਰਾਦ ਤੇ ਆਟੇ ਮਸ਼ੀਨ ਦੀਆਂ ਆਵਾਜ਼ਾਂ ਨਾਲ ਗੂੰਜਣ ਲੱਗ ਪਿਆ।

ਤਿੰਨ ਮਹੀਨੇ ਹੋਰ ਲੰਘ ਗਏ, ਫ਼ਰਖ਼ੰਦਾ ਕੈਂਪ ਵਿਚ ਈ ਬੀਮਾਰ ਹੋ ਗਈ।. ਬੱਚੇ ਵੀ ਪੀਲੇ ਪੈ ਗਏ, ਪਰ ਪਾਕਿਸਤਾਨ ਜਾਣ ਦਾ ਕੋਈ ਸਾਮਾਨ ਨਾ ਬਣਿਆ। ਆਖਰ ਇਕ ਦਿਨ ਜਾਗੀਰਦਾਰ ਨੇ ਖੁਸ਼ਖਬਰੀ ਸੁਣਾਈ, 'ਕਿ ਪਾਕਿਸਤਾਨ ਤੋਂ ਇੱਕ ਫ਼ੌਜ ਦੀ ਪਲਟਨ ਟਰੱਕ ਲੈ ਕੇ ਆਈ ਏ ਤੇ ਇਸ ਇਲਾਕੇ ਦੇ ਮੁਸਲਮਾਨਾਂ ਨੂੰ ਹਿਫ਼ਾਜ਼ਤ ਨਾਲ ਪਾਕਿਸਤਾਨ ਲੈ ਜਾਵੇਗੀ।'

ਦੰਸਬਰ ਦਾ ਮਹੀਨਾ ਸੀ, ਜਦੋਂ ਫ਼ਰਖ਼ੰਦਾ ਲਾਹੌਰ ਪਹੁੰਚੀ। ਸਾਰਾ ਸ਼ਹਿਰ ਉਹਨਾਂ ਮੁਹਾਜ਼ਰਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ ਜਿਹੜੇ ਪਾਕਿਸਤਾਨ ਬਣਦਿਆਂ ਈ ਏਧਰ ਆ ਗਏ ਸਨ। ਕਈਆਂ ਮਹੀਨਿਆਂ ਦੀ ਤਲਾਸ਼ ਤੋਂ ਬਾਅਦ ਸਿਰ ਲੁਕਾਣ ਨੂੰ ਮਕਾਨ ਤੇ ਮਿਲ ਗਿਆ, ਪਰ ਹੋਰ ਕੁਝ ਨਾ ਮਿਲਿਆ। ਫ਼ਰਖ਼ੰਦਾ ਦੇ ਸ਼ੌਹਰ ਨੂੰ ਆਪਣੀ ਜਾਗੀਰ ਦੀ ਬਹੁਤ ਯਾਦ ਆਉਂਦੀ ਸੀ, ਜਿੱਥੇ ਲੋਕ ਉਹਨੂੰ ਵੇਖ ਕੇ ਹੱਥ ਬੰਨ੍ਹ ਲੈਂਦੇ ਸਨ ਤੇ ਜਿੱਥੇ ਹਰ ਸਖ਼ਸ਼ ਉਹਨੂੰ ਮਾਈ-ਬਾਪ ਤੇ ਖ਼ੁਦਾਵੰਦ ਕਹਿ ਕੇ ਬੁਲਾਦਾਂ ਸੀ। ਉਹ ਸੋਚਦਾ ਸੀ, 'ਪਾਕਿਸਤਾਨ ਦੇ ਲੋਕ ਕੇਡੇ ਉਜੱਡ ਨੇ? ਏਥੋ ਦੇ ਗ਼ਰੀਬਾਂ ਦੇ ਦਿਮਾਗ ਵੀ ਅਸਮਾਨ ਤੇ ਰਹਿੰਦੇ ਨੇ।'

ਫ਼ਰਖ਼ੰਦਾ ਨੇ ਉਹਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਕਿ 'ਪਾਕਿਸਤਾਨ ਇਕ ਆਜ਼ਾਦ ਮੁਲਕ ਏ, ਏਥੇ ਸਭ ਬਰਾਬਰ ਨੇ।' ਸਾਰੇ ਆਪੋ ਆਪਣੇ ਕੰਮ ਕਰਦੇ ਨੇ ਤੇ ਇਜ਼ੱਤ ਨਾਲ ਰਹਿੰਦੇ ਨੇ।

ਉਸ ਨੇ ਆਖਿਆ, 'ਸਾਨੂੰ ਵੀ ਹੁਣ ਜਾਗੀਰਦਾਰਾਂ ਵਾਲੀਆਂ ਆਦਤਾਂ ਛੱਡ ਕੇ ਅਵਾਮ ਵਿੱਚ ਸ਼ਾਮਲ ਹੋਣਾ ਚਾਹੀਦਾ ਏ ਤੇ ਮਿਹਨਤ ਨਾਲ ਆਪਣੀ ਨਵੀਂ ਜ਼ਿੰਦਗੀ ਬਨਾਣੀ ਚਾਹੀਦੀ ਏ।' ਪਰ ਜਾਗੀਰਦਾਰ ਨੇ ਆਪਣੀਆਂ ਆਦਤਾਂ ਠੀਕ ਨਾ ਕੀਤੀਆਂ ਤੇ ਘਰ ਦੀ ਹਾਲਤ ਦਿਨ-ਬਦਿਨ, ਬਦਤਰ ਹੁੰਦੀ ਗਈ।

ਫ਼ਰਖ਼ੰਦਾ ਨੂੰ ਆਪਣੇ ਮੁਸਤਕਬਿਲ ਦੀ ਫ਼ਿਕਰ ਪਈ ਤੇ ਹਰ ਪਾਸਿਓਂ ਮਾਯੂਸ ਹੋ ਕੇ ਉਹਨੇ ਆਪਣੇ ਘਰ ਦੇ ਇਕ ਕਮਰੇ ਵਿੱਚ ਲੜਕੀਆਂ ਦਾ ਸਕੂਲ ਖੋਲ੍ਹ ਲਿਆ। ਸ਼ਹਿਰ ਦੀ ਅਬਾਦੀ ਵੱਧ ਗਈ ਸੀ, ਸਕੂਲ ਥੋੜ੍ਹੇ ਸਨ। ਥੋੜ੍ਹੇ ਅਰਸੇ ਵਿਚ ਈ ਫ਼ਰਖ਼ੰਦਾ ਦੇ ਸਕੂਲ ਵਿਚ ਬਹੁਤ ਰੌਣਕ ਲੱਗ ਗਈ।

ਦਸ ਵਰ੍ਹੇ ਲੰਘ ਗਏ। ਫ਼ਰਖ਼ੰਦਾ ਦਾ ਸਕੂਲ ਹੁਣ ਹਾਈ ਹੋ ਚੁੱਕਿਆ ਸੀ ਪਰ ਉਹਦੀਆਂ ਪ੍ਰੇਸ਼ਾਨੀਆਂ ਖਤਮ ਨਹੀਂ ਸਨ ਹੋਈਆਂ। ਜਾਗੀਰਦਾਰ ਕੰਮ ਦਾ ਬੰਦਾ ਹੁੰਦਾ ਤੇ ਸਕੂਲ ਬਹੁਤ ਤੱਰਕੀ ਕਰ ਜਾਂਦਾ, ਕਿਉਂ ਜੇ ਬਹੁਤੇ ਕੰਮ ਅਜਿਹੇ ਹੁੰਦੇ ਨੇ ਜੋ ਮਰਦ ਹੀ ਕਰਨ ਤੇ ਸਕੂਲ ਕਾਮਯਾਬ ਹੁੰਦੇ ਨੇ। ਪਰ ਜਾਗੀਰਦਾਰ ਨੂੰ ਕੋਈ ਫਿਕਰ ਨਹੀ ਸੀ। ਉਹ ਤੇ ਇੰਨਾ ਹੀ ਕਮਾਂਦਾ ਸੀ ਕਿ ਉਹਦੇ ਨਾਲ ਆਪਣੇ ਪਾਨ ਤੇ ਸਿਗਰਟ ਚੱਲਦੇ ਜਾਣ ਤੇ ਬਾਕੀ ਵਕਤ ਆਪਣਿਆ ਦੋਸਤਾਂ ਵਿਚ ਬਹਿ ਕੇ ਆਪਣੇ ਮਾਜ਼ੀ ਦੇ ਝੂਠੇ ਸੱਚੇ ਕਿੱਸੇ ਸੁਣਾ ਕੇ ਰੋਹਬ ਪਾਉਂਦਾ ਰਹਿੰਦਾ ਸੀ।

ਸਕੂਲ ਲਈ ਹੋਰ ਦੋ ਕਮਰਿਆਂ ਦੀ ਲੋੜ ਸੀ। ਨਾਲੇ ਗਰਮੀਆਂ ਵਿਚ ਪੱਖਿਆਂ ਬਗੈਰ ਨਹੀਂ ਸੀ ਹੁੰਦਾ! ਫ਼ਰਖ਼ੰਦਾ ਦੀ ਅਮਦਨੀ ਖਰਚ ਬਰਾਬਰ ਰਹਿੰਦਾ ਸੀ। ਨਵੇਂ ਕਮਰੇ ਕੌਣ ਬਣਵਾਂਦਾ? ਇਕ ਦਿਨ ਪਤਾ ਲੱਗਾ ਕਿ ਸਕੂਲ ਕੋਲ ਜਿਹੜੀ ਖਾਲੀ ਜ਼ਮੀਨ ਸੀ, ਉਹ ਕਿਸੇ ਹਾਜੀ ਸਾਹਿਬ ਨੇ ਖਰੀਦ ਲਈ ਏ। ਇਕ ਉਸਤਾਦਨੀ ਕਹਿਣ ਲੱਗੀ, "ਆਪਾ ਜੀ! ਤੁਸੀਂ ਹਾਜੀ ਸਾਹਬ ਨੂੰ ਮਿਲੋ, ਉਹ ਬੜੇ ਦਿਆਲੂ ਸੁਣੀਂਦੇ ਨੇ। ਖੌਰੇ! ਬੱਚਿਆਂ ਦੇ ਸਕੂਲ ਲਈ ਥੋੜ੍ਹੀ ਜਿਹੀ ਜ਼ਮੀਨ ਦੇ ਦੇਣ? ਤੇ ਨਾਲੇ ਉਹਨਾਂ ਦੀ ਬੇਗਮ ਨੂੰ 'ਜਲਸਾ-ਏ-ਇਨਾਮਾਤ' ਲਈ ਬੁਲਾਓ, ਸ਼ਾਇਦ ਪੱਖਿਆਂ ਲਈ ਵੀ ਕੋਈ ਇੰਤਜ਼ਾਮ ਹੋ ਜਾਵੇ ?" ਫ਼ਰਖ਼ੰਦਾ ਨੂੰ ਗੱਲ ਪੰਸਦ ਆਈ।

ਅਗਲੇ ਦਿਨ ਉਸ ਨੇ ਆਪਣਾ ਬੁਰਕਾ, ਇਸਤਰੀ ਕਰਕੇ ਪਹਿਨਿਆਂ ਤੇ ਹਾਜੀ ਸਾਹਬ ਦੀ ਕੋਠੀ ਵੱਲ

ਰਵਾਨਾ ਹੋ ਗਈ। ਮੁਲਾਜ਼ਮ ਨੇ ਜਿਸ ਕਮਰੇ ਵਿਚ ਉਹਨੂੰ ਬਿਠਾਇਆ, ਉੱਥੇ ਇੱਕੋ ਬੰਦਾ ਬੈਠਾ ਸੀ ਜੋ ਇਹਨੂੰ ਜਾਣੂੰ ਮਾਲੂਮ ਹੋਇਆ। ਗੌਰ ਨਾਲ ਤੱਕਿਆ ਤੇ 'ਕਮਰੂ' ਨਿਕਲਿਆ। ਫ਼ਰਖੰਦਾ ਖ਼ੁਸ਼ ਹੋ ਗਈ, ਜੇ ਕਮਰੂ ਵੀ ਇੱਥੇ ਕੰਮ ਕਰਦਾ ਏ ਤੇ ਹਾਜੀ ਸਾਹਿਬ ਨਾਲ ਗੱਲ ਕਰਨੀ ਬਹੁਤ ਆਸਾਨ ਹੋ ਜਾਵੇਗੀ।

"ਜੀ", ਕਮਰੂ ਨੇ ਪੱਛਿਆ।

"ਮੈਂ ਹਾਜੀ ਸਾਹਿਬ ਨਾਲ ਗਲ ਕਰਨੀ ਏ!" ਫ਼ਰਖੰਦਾ ਨੇ ਆਖਿਆ।

"ਜੀ ਕਰੋ ਗੱਲ", ਕਮਰੂ ਨੇ ਆਪਣੀ ਸੁਨਿਹਰੀ ਘੜੀ ਵੱਲ ਵੇਖਦਿਆਂ ਆਖਿਆ।

ਫ਼ਰਖ਼ੰਦਾ ਨੇ ਬੁਰਕਾ ਚੁੱਕ ਦਿੱਤਾ ਤੇ ਕਹਿਣ ਲੱਗੀ,"ਕਮਰੂ! ਮੈਂ ਹਾਜੀ ਸਾਹਿਬ ਨਾਲ ਗੱਲ ਕਰਨੀ ਏ।"

ਕਮਰੂ ਪਹਿਲੇ ਤੇ ਹੈਰਾਨ ਹੋਇਆ ਫਿਰ ਫ਼ਰਖੰਦਾ ਨੂੰ ਪਹਿਚਾਣ ਕੇ ਕਹਿਣ ਲੱਗਾ,"ਕੀ ਹਾਲ ਏ ਆਪਾ ਜੀ?" ਫੇਰ ਆਪਣੀ ਜੇਬ ਵਿਚੋਂ ਇਕ ਸੁਨਿਹਰੇ ਹਾਸ਼ੀਆ ਵਾਲਾ ਮੁਲਾਕਾਤੀ ਕਾਰਡ ਕੱਢ ਕੇ ਉਹਦੇ ਸਾਹਮਣੇ ਰੱਖ ਦਿੱਤਾ।

ਫ਼ਰਖੰਦਾ ਨੇ ਪੜ੍ਹਿਆ, 'ਹਾਜੀ ਸ਼ੇਖ-ਕਮਰ-ਉ-ਦੀਨ' ਠੇਕੇਦਾਰ। ਫ਼ਰਖ਼ੰਦਾ ਨੇ ਸਿਰ ਉੱਚਾ ਕਰ ਕੇ ਕਮਰੂ ਵਲ ਤੱਕਿਆ। ਉਹ ਮੁਸਕਰਾ ਕੇ ਕਹਿਣ ਲੱਗਾ," ਅਸੀਂ ਤੁਹਾਡੀ ਕੀ ਖਿਦਮਤ ਕਰ ਸਕਦੇ ਹਾਂ?"

ਫ਼ਰਖੰਦਾ ਨੇ ਸਾਰੀ ਸੂਰਤੇ-ਹਾਲ ਦੱਸੀ ਤੇ ਨਾਲੇ ਆਖਿਆ, "ਅਸੀਂ ਤੁਹਾਡੀ ਬੇਗਮ ਨੂੰ ਜਲਸਾ-ਏ-ਇਨਾਮਾਤ ਤੇ ਬੁਲਾਣਾ ਚਾਹੁੰਦੇ ਹਾਂ।"

ਕਮਰੂ ਕਹਿਣ ਲੱਗਾ,"ਆਪਾ ਜੀ! ਮੈਂ ਤਹਾਨੂੰ ਆਪਣੇ ਰਿਸ਼ਤੇਦਾਰਾਂ ਦੇ ਬਰਾਬਰ ਸਮਝਦਾ ਵਾਂ। ਮੈਂ ਤਹਾਨੂੰ ਨਾ ਸਿਰਫ਼ ਪੰਜ ਮਰਲੇ ਜ਼ਮੀਨ ਈ ਦਿਆਂਗਾ, ਬਲਕਿ ਕਮਰੇ ਬਨਾਣ ਵਿਚ ਵੀ ਇਮਦਾਦ ਕਰਾਗਾਂ, ਤੇ ਨਾਲੇ ਮਿਸਿਜ਼ 'ਸ਼ੇਖ ਕਮਰੁਦੀਨ' ਵੀ ਦ੍ਹਾਵਤ ਤੇ ਜਲਸਾ-ਏ-ਇਨਾਮਾਤ ਵਿਚ, ਮਹਿਮਾਨ-ਏ- ਖ਼ੁਸੂਸੀ ਦੇ ਤੌਰ ਤੇ ਸ਼ਿਰਕਤ ਕਰੇਗੀ।"

ਫ਼ਰਖੰਦਾ ਘਰ ਵਾਪਸ ਪਈ ਆਉਂਦੀ ਸੀ ਤੇ ਉਹਨੂੰ ਖੌਰੇ! ਸੜਕ ਦੀਆਂ ਸਾਰੀਆਂ ਚੀਜ਼ਾਂ ਕਦੀ ਖੱਬੇ ਤੇ ਕਦੀ ਸੱਜੇ ਦੌੜਦੀਆਂ ਪਈਆਂ ਲੱਗਦੀਆਂ ਸਨ। 'ਏਹ! ਮੈਨੂੰ ਕੀ ਹੋ ਗਿਆ ਏ?' ਉਂਹਨੇ ਆਪਣੇ ਸੀਨੇ 'ਤੇ ਹੱਥ ਧਰ ਕੇ ਆਖਿਆ। 'ਮੇਰੀਆਂ ਲੱਤਾਂ ਕਿਉਂ ਕੰਬਦੀਆਂ ਨੇ, ਮੇਰਾ ਸਿਰ ਪਿਆ ਕਿਉਂ ਚਕਰਾਂਦਾ ਏ?'

ਜਲਸਾ-ਏ-ਇਨਾਮਾਤ ਦਾ ਇੰਤਜ਼ਾਮ ਮੁਕੰਮਲ ਹੋ ਗਿਆ ਸੀ। ਇਕ ਲੰਮੀ ਕਾਰ ਬੂਹੇ ਅੱਗੇ ਆ ਕੇ ਖਲੋਤੀ ਤੇ ਮਹਿਮਾਨ-ਏ-ਖ਼ੁਸੂਸੀ ਬਾਹਰ ਨਿਕਲੀ। ਕੁਝ ਤੇ ਦੁੰਬੀ ਦਾ ਰੰਗ ਈ ਗੋਰਾ ਸੀ, ਉੱਤੋਂ ਪਾਉਡਰ, ਸੁਨਿਹਰੇ ਜ਼ੇਵਰਾਂ ਤੇ ਝਿਲਮਲ ਕਰਦੇ ਗ਼ਰਾਰਾ-ਸੂਟ ਨੇ ਗਜ਼ਬ ਕਰ ਦਿੱਤਾ ਸੀ। ਉਹਦਾ ਰੂਪ ਝੱਲਿਆ ਨਹੀ ਸੀ ਜਾਂਦਾ....। ਫ਼ਰਖ਼ੰਦਾ ਨੇ ਅਗਾਂਹ ਵੱਧ ਕੇ ਉਹਦੇ ਗੱਲ ਵਿਚ ਗੋਟੇ ਦਾ ਹਾਰ ਪਾ ਦਿੱਤਾ। ਜਲਸੇ ਦੇ ਅਖੀਰ ਵਿਚ ਮਹਿਮਾਨ-ਏ-ਖ਼ੁਸੂਸੀ ਨੇ ਦੋ ਪੱਖੇ ਸਕੂਲ ਨੂੰ ਦੇਣ ਦਾ ਐਲਾਨ ਕੀਤਾ ਤੇ ਜਲਸਾ ਤਾੜੀਆਂ ਦੀ ਗੂੰਜ ਵਿਚ ਖ਼ਤਮ ਹੋ ਗਿਆ।

ਦੁੰਬੀ, ਜਦੋਂ ਚਾਹ ਪੀ ਚੁੱਕੀ, ਤਾਂ ਉਸ ਨੇ ਫ਼ਰਖ਼ੰਦਾ ਨੂੰ ਦੱਸਿਆ ਪਈ, 'ਉਹਦਾ ਲੜਕਾ 'ਕ੍ਰਿਸ਼ਚੀਅਨ ਕਾਲਜ' 'ਚ ਤੇ ਕੁੜੀਆਂ 'ਕਵੀਨ ਮੇਰੀ' 'ਚ ਪੜ੍ਹਦੀਆਂ ਨੇ। ਫੇਰ ਕਹਿਣ ਲੱਗੀ ਇਨ੍ਹਾਂ ਸਕੂਲਾਂ ਦੀ ਅੰਗੇਰਜ਼ੀ ਬ੍ਹੁਤ ਹਾਈ ਏ। ਅਸੀਂ ਚਾਹੁੰਨੇ ਆਂ, ਤੁਸੀਂ ਸਾਡੇ ਬੱਚਿਆਂ ਨੂੰ ਰੋਜ਼ਾਨਾ ਇੱਕ ਘੰਟਾ ਪੜ੍ਹਾ ਦਿਉ, ਪੰਜਾਹ ਰੁਪਏ ਮਹੀਨਾ ਫੀਸ ਹੋਵੇਗੀ, ਕੋਠੀ ਦੇ ਇਕ ਵੱਖਰੇ ਕਮਰੇ ਵਿਚ ਬੈਠਣ ਦਾ ਇੰਤਜ਼ਾਮ ਹੋਵੇਗਾ।

ਫ਼ਰਖ਼ੰਦਾ ਦੇ ਦਿਮਾਗ਼ ਨੇ ਸੋਚਣਾਂ ਈ ਛਡ ਦਿੱਤਾ ਸੀ। ਨਹੀਂ ਤੇ ਦੁੰਬੀ ਦੇ ਬੱਚਿਆ ਨੂੰ ਘਰ ਜਾ ਕੇ ਪੜ੍ਹਾਣ ਦੇ ਖਿਆਲ ਨਾਲ ਈ ਉਹਨੂੰ ਗਸ਼ ਪੈ ਜਾਣੀ ਸੀ। ਉਹਨੇ ਮੁਸਕਰਾ ਕੇ ਸਿਰ ਹਿਲਾ ਦਿੱਤਾ ਤੇ ਫੇਰ ਮਹਿਮਾਨ-ਏ-ਖ਼ੁਸੂਸੀ, ਆਪਣੀ ਲੰਮੀ ਕਾਰ ਵਿਚ ਬਹਿ ਕੇ ਵਾਪਸ ਚਲੀ ਗਈ।

ਅਗਲੇ ਦਿਨ ਫ਼ਰਖ਼ੰਦਾ ਨੇ ਥੈਲੇ ਵਿਚ ਕੁਝ ਪੈਨਸਿਲਾਂ ਤੇ ਰਬੜ ਪਾਏ ਤੇ ਟਵੀਸ਼ਨ ਪੜ੍ਹਾਣ ਲਈ ਟੁਰ ਪਈ। ਜਦੋਂ ਉਹ ਹੱਥ ਵਿਚ ਥੈਲਾ ਫੜ ਕੇ ਹਾਜੀ ਸਾਹਿਬ ਦੇ ਲਾਅਨ ਵਿਚੋਂ ਲੰਘ ਕੇ ਕੋਠੀ ਵੱਲ ਪਈ ਤੁਰੀ ਜਾਂਦੀ ਸੀ ਤੇ ਉਹਨੂੰ ਇੰਝ ਲੱਗਾ ਕਿ, ' ਜਿਵੇਂ ਦੁੰਬੀ ਹੱਥ ਵਿਚ ਲੋਟਾ ਫੜ ਕੇ, ਜਾਗੀਰਦਾਰਾਂ ਦੇ ਘਰੋਂ ਲੱਸੀ ਲੈਣ ਪਈ ਜਾਂਦੀ ਹੋਵੇ.............!!!! '

ਝ ਝ ਝ ਝ ਝ

**ਸਹਿਜ ਵੱਸਦਿਆਂ ਜੇਡ ਨਾ ਭਲਾ ਕੋਈ,**
**ਬੁਰਾ ਨਹੀਂ ਜੇ ਕੰਮ ਫਤੂਰ ਜੇਹਾ।**
**-ਮੀਆਂ ਵਾਰਸ-**

39

# ਡਾਕਟਰ ਪ੍ਰਦੁਮਨ ਸਿੰਘ

## ਨਸੀਰ ਅਹਿਮਦ ਚੀਮਾ

ਡਾਕਟਰ ਪ੍ਰਦੁਮਨ ਸਿੰਘ ਨਾਲ ਮੇਰਾ ਪਹਿਲਾ ਵਾਹ ਬੜੀ ਛੋਟੀ ਉਮਰੇ ਪਿਆ ਸੀ। ਓਸ ਵੇਲੇ ਮੈਂ ਏਡਾ ਹੌਲਾ ਸਾਂ ਕਿ ਮੈਨੂੰ ਅੱਜ ਏਹ ਗੱਲ ਇਕ ਸੁਫ਼ਨੇ ਵਾਂਗਰ ਲੱਗਦੀ ਏ। ਠੰਡੀ-ਸੀਤ ਰਾਤ ਸੀ, ਘਰ ਵਿਚ ਮੇਰੇ ਸਿਵਾ ਕੋਈ ਵੀ ਜਣਾ ਨਹੀਂ ਸੀ। ਮੇਰਾ ਚਾਚਾ 'ਮਤਲਬ ਏ ਪਿਉ' ਤੇ ਵੱਡਾ ਭਰਾ, ਦੋਵੇਂ ਕਿਸੇ ਸਿੱਖ ਯਾਰ-ਬੇਲੀ ਦੇ ਵਿਆਹ ਤੇ ਬੜੀ ਦੂਰ, ਰਿਆਸਤ ਪਟਿਆਲੇ ਵਿਚ ਗਏ ਹੋਏ ਸਨ। ਮੇਰੇ ਦੋਵੇਂ ਚਾਚੇ ਪਾਣੀ ਦੀ ਵਾਰੀ ਦੇ ਇਕ ਝੇੜੇ ਤੋਂ, ਪਿਛਲੇ ਛੇ ਮਹੀਨਿਆਂ ਤੋਂ ਜੇਲ੍ਹ ਵਿਚ ਸਨ। ਮੇਰੀ ਦਾਦੀ ਵੱਲ ਨਹੀ ਸੀ। ਦੋ ਦਿਨ ਅੱਗਦੋਂ ਤੇ ਉਹ ਚੰਗੀ ਭਲੀ ਸੀ, ਪਰ ਕੱਲ੍ਹ ਸ਼ਾਮੀਂ ਖਾਲ੍ਹ ਤੋਂ ਲੀੜੇ ਧੋ ਕੇ ਮੁੜੀ, ਤੇ ਰਾਤੀਂ ਉਹਨੂੰ ਤਾਪ ਹੋ ਗਿਆ। ਦਿਨ ਚੜ੍ਹਦਿਆਂ-ਚੜ੍ਹਦਿਆਂ ਉਹ ਤਾਪ ਵਿਚ ਭੁੱਜਣ ਲੱਗ ਪਈ। ਪਿੰਡ ਦੇ ਸਿਆਣੇ ਨੇ ਵੇਖਿਆ, ਜੋ ਵਾਹ ਆਈ ਕੀਤਾ, ਪਰ ਰਾਤ ਪੈਂਦਿਆਂ-ਪੈਂਦਿਆਂ ਨਮੂਨੀਆਂ ਏਨਾਂ ਕੁ ਵਿਗੜ ਗਿਆ ਕਿ, ਓਸ ਦੀਆਂ ਨਬਜ਼ਾਂ ਜਵਾਬ ਦੇਣ ਲੱਗ ਪਈਆਂ। ਪਹਿਰ ਕੁ ਰਾਤ ਲੰਘੀ ਹੋਣੀ ਏ, ਕਿ ਮੇਰੀ ਮਾਂ ਨੇ ਮੈਨੂੰ ਜਗਾਇਆ ਤੇ ਆਖਣ ਲੱਗੀ, "ਅੱਕਰਿਆ! ਤੇਰੀ ਦਾਦੀ ਦਾ ਹਾਲ ਬਹੁਤਾ ਮੰਦਾ ਹੋ ਗਿਆ ਏ, ਤੂੰ ਉੱਠ! ਮੈਂ ਦਿੱਤੂ ਟਾਂਗੇ ਵਾਲੇ ਨੂੰ ਸੱਦ ਲਿਆ ਏ। ਤੂੰ ਟਾਂਗੇ ਤੇ ਬਹਿ ਜਾ, ਤੇ ਸ਼ਹਿਰੋਂ ਵੱਡੇ ਡਾਕਟਰ ਨੂੰ ਲੈ ਆ। ਤੇ ਐਹ ਲੈ, ਡਾਕਟਰ ਦੀ ਫ਼ੀਸ।" ਤੇ ਏਹ ਆਖਦਿਆਂ ਹੋਇਆਂ ਉਹਨੇ ਮੇਰੀ ਤਲੀ ਤੇ ਪੰਜ ਰੁਪਏ ਦਾ ਨੋਟ ਰੱਖ ਦਿੱਤਾ। ਈਹੋ-ਜਿਹਾ ਕਾਗ਼ਤੀ ਨੋਟ, ਏਸ ਤੋਂ ਪਹਿਲੋਂ ਸਿਰਫ਼ ਇੱਕ ਵਾਰੀ ਮੈਂ ਆਪਣੇ ਹੱਥ ਵਿਚ ਫੜ ਕੇ ਵੇਖਿਆ ਸੀ। ਉਹ ਉਦੋਂ, ਜਦੋਂ ਕਈ ਦਿਹਾੜੇ ਰੋਵਣ ਤੇ ਭੋਂਇੰ ਤੇ ਲੇਟਣੀਆਂ ਲੈਣ ਮਗਰੋਂ, ਮੇਰੇ ਚਾਚੇ, ਮਤਲਬ ਏ ਪਿਉ ਨੇ ਮੈਨੂੰ ਬੱਕਰੀ ਦੀ ਪੱਠ ਖ਼ਰੀਦਣ ਵਾਸਤੇ ਦਿੱਤਾ ਸੀ।

ਸ਼ਹਿਰ ਦੇ ਹਸਪਤਾਲ ਵਿਚ, ਰਾਤ ਦੇ ਓਸ ਸਮੇਂ ਵੀ ਬੱਤੀਆਂ ਪਈਆਂ ਬਲਦੀਆਂ ਸਨ ਤੇ ਮਰੀਜ਼ਾਂ ਦੇ ਵਾਲੀ ਵਾਰਸ ਜਾਗਦੇ ਹੋਏ ਏਧਰ-ਓਧਰ ਟੁਰੇ ਫਿਰਦੇ ਸਨ, ਨਾਲੇ ਥਾਂ-ਥਾਂ ਚੁੱਲ੍ਹੇ ਪਏ ਬਲਦੇ ਸਨ । ਕਿੱਧਰੇ-ਕਿੱਧਰੇ ਚੁੱਲ੍ਹਿਆਂ ਤੇ ਕੁਝ ਪੱਕਦਾ ਵੀ ਦਿੱਸਦਾ ਸੀ।

ਡਾਕਟਰ ਦੇ ਬਾਰੇ ਇਕ ਕੰਪਾਊਡਰ ਨੇ ਦੱਸਿਆ ਕਿ ਉਹ ਹੁਣੇ-ਹੁਣੇ ਵਾਰਡਾਂ ਵਿਚ ਅਖ਼ੀਰਲਾ ਫੇਰਾ ਪਾ ਕੇ, ਹਸਪਤਾਲ ਵਿਚ ਈ ਆਪਣੇ ਘਰ ਚਲਾ ਗਿਆ ਏ। ਮੈਂ ਤੇ ਦਿੱਤੂ ਜਾ ਕੇ ਉਹਦੇ ਘਰ ਦਾ ਬੂਹਾ ਖੜਕਾਇਆ, ਤੇ ਥੋੜ੍ਹੇ ਚਿਰ ਮਗਰੋਂ ਡਾਕਟਰ ਅੰਦਰੋਂ ਬਾਹਰ ਨਿਕਲਿਆ । ਉਹਦਾ ਅਚਰਜ ਜਿਹਾ ਮੁਹਾਂਦਰਾਂ ਸੀ। ਸਿਰ ਤੇ ਸਿੱਖਾਂ ਵਾਂਗਰ ਦੇ ਲੰਮੇ-ਲੰਮੇ ਕੇਸ, ਜਿਹੜੇ ਕੁਝ ਖੁੱਲੇ ਹੋਏ ਤੇ ਕੁਝ ਇੱਕ ਜ਼ਰਾ ਨਿੱਕੀ ਉੱਨ ਦੀ ਟੋਪੀ ਵਿਚ ਫਕੇ ਹੋਏ ਸਨ। ਲੱਕ ਵਿਚ ਕੱਛਾ ਸੀ। ਉਸਤੋਂ ਨਾਲਾ ਥੱਲੇ ਪਿਆ ਲਮਕਦਾ ਸੀ ਤੇ ਪੈਰਾਂ ਵਿਚ ਖੜਾਵਾਂ ਸਨ। ਕੱਦ ਬੁੱਤ ਦਾ ਚੋਖਾ ਈ ਵੱਡਾ ਸੀ। ਉਹ ਕੂਇਆ ਤੇ ਮੈਂ ਬੜਾ ਹੈਰਾਨ ਹੋਇਆ, ਏਡੀ ਕੂਲੀ ਵਾਜ਼!! ਪੁੱਛਣ ਲੱਗਾ, "ਖ਼ੈਰੀਂ ਆਏ ਓ?"

ਮੈਨੂੰ ਹੋਰ ਤੇ ਨਾ ਕੁਝ ਸੁੱਝਿਆ, ਮੈਂ ਖੀਸੇ 'ਚੋ ਪੰਜਾਂ ਦਾ ਕਾਗ਼ਤੀ ਨੋਟ ਕੱਢ ਕੇ ਉਹਦੇ ਵੱਲ ਵਧਾ ਦਿੱਤਾ। ਪਰ ਉਹਨੇ ਪੈਸਿਆਂ ਵੱਲ ਹੱਥ ਨਹੀਂ ਕੀਤਾ। ਮੇਰੇ ਖੀਸੇ 'ਚੋਂ ਪੈਸੇ, ਕੱਢਦਿਆਂ-ਕੱਢਦਿਆਂ ਦਿੱਤੂ ਨੇ ਸਾਰੀ ਗੱਲ ਦੱਸ ਮਾਰੀ। ਏਸ ਕਰਕੇ ਉਹ ਪਹਿਲੋਂ ਵਾਂਗੂੰ ਮਿੱਠੀ ਤੇ ਪੋਲੀ 'ਵਾਜ਼ ਵਿਚ ਆਖਣ ਲੱਗਾ, "ਤੁਸੀਂ ਏਥੇ ਖਲੋਵੋ, ਮੈਂ ਤਿਆਰ ਹੋ ਕੇ ਆਓਨਾਂ।"

ਜਦੋਂ ਅਸੀ ਪਿੰਡ ਵਿਚ ਅੱਪੜੇ, ਸਾਡੇ ਘਰ ਦਾ ਬੂਹਾ ਖੁੱਲ੍ਹਾ ਸੀ। ਆਂਢ-ਗੁਆਂਢ ਦੀਆਂ ਕਈ ਜ਼ਨਾਨੀਆਂ ਅੰਦਰ-ਬਾਹਰ ਆ ਜਾ ਰਹੀਆਂ ਸਨ। ਅਸੀਂ ਸਿੱਧੇ ਦਾਦੀ ਵਾਲੇ ਕੋਠੇ ਵਿਚ ਗਏ। ਮੈਨੂੰ ਅੱਜ ਵੀ ਯਾਦ ਏ, ਉੱਥੇ ਕਈ ਜ਼ਨਾਨੀਆਂ 'ਕੁਰਾਨ-ਪਾਕ' ਪਈਆਂ ਪੜ੍ਹਦੀਆਂ ਸਨ। ਤੇ, ਦੋ ਔਰਤਾਂ ਹੱਥਾਂ ਵਿਚ ਕੈਂਹ ਦੇ ਛੰਨੇ ਲਈ, ਦਾਦੀ ਦੇ ਪੈਰਾਂ ਦੀ ਮਾਲਸ਼ ਤੇ ਰਗੜਾਈ ਪਈ ਕਰਦੀਆਂ ਸਨ। ਡਾਕਟਰ ਪ੍ਰਦੁਮਨ ਸਿੰਘ ਕਮਰੇ ਵਿਚ ਵੜਦਿਆਂ ਹੀ, ਕੁਝ ਤ੍ਰਭ੍ਰਕ ਜਿਹਾ ਗਿਆ। ਉਹਨੇ ਦਾਦੀ ਦੀ ਇੱਕ ਅੱਖ ਜ਼ਰਾ-ਜਿਹੀ ਖੋਲ੍ਹਕੇ ਵੇਖੀ ਤੇ ਪਿੱਛੇ ਹੱਟ ਗਿਆ। ਅਫ਼ਸੋਸ ਨਾਲ ਧੌਣ ਹਿਲਾਈ, ਲੰਮਾ ਸਾਹ ਲਿਆ ਤੇ ਦੁੱਖ ਭਰੀ ਅਵਾਜ਼ ਵਿਚ ਬੋਲਿਆ, "ਰੱਬ ਦੀ ਏਹੀਓ ਮਰਜ਼ੀ ਸੀ।" ਉਹਦੇ ਏਹ ਆਖਣ ਨਾਲ, ਉੱਥੇ, ਜ਼ਨਾਨੀਆਂ ਉਹ ਸਿਆਪਾ ਪਾਇਆ, ਤੇ ਵੈਣਾਂ ਦੀ ਉਹ ਗੜਗੱਜ ਹੋਈ, ਕਿ ਅਸੀਂ ਕਮਰੇ ਤੋਂ ਬਾਹਰ ਆ ਗਏ। ਬਾਹਰ ਆਕੇ ਮੈਨੂੰ ਕੁਝ ਚੇਤਾ ਆਇਆ ਤੇ ਮੈਂ ਆਪਣੀ ਮੁੱਠੀ ਵਿਚ ਮੀਟਿਆ ਹੋਇਆ ਪੰਜਾਂ ਦਾ ਨੋਟ ਡਾਕਟਰ ਪ੍ਰਦੁਮਨ ਸਿੰਘ ਵੱਲ ਵਧਾਇਆ। ਪਰ ਡਾਕਟਰ ਨੇ ਹੱਥ ਦੇ ਇਸ਼ਾਰੇ ਨਾਲ ਨਾਂਹ ਕਰ ਦਿੱਤੀ ਤੇ ਬੋਲਿਆ, "ਕਾਕਾ! ਤੇਰੀ ਦਾਦੀ ਮਰ ਗਈ ਏ, ਮੈਂ ਪੈਸੇ ਨਹੀਂ ਲਵਾਂਗਾ।" ਫੇਰ ਜਿਵੇਂ ਸਿਆਣੇ, ਨਿਆਣਿਆਂ ਨਾਲ ਉਹਨਾਂ ਦੀ ਮੱਤ ਮੁਤਾਬਕ ਗੱਲ ਕਰਦੇ ਨੇ, ਆਖਣ ਲੱਗਾ, "ਮੈਂ, ਨਾ ਤੇ ਏਹਦਾ ਇਲਾਜ ਕੀਤਾ ਏ, ਨਾ ਏਹਨੂੰ ਦਵਾਈ ਦਿੱਤੀ ਏ। ਫੇਰ ਮੈਂ, ਪੈਸੇ ਕਾਹਦੇ ਲਵਾਂ ? ਤੂੰ ਬੱਸ ਏਨਾਂ ਕਰ, ਮੈਨੂੰ ਟਾਂਗੇ ਤੇ ਮੇਰੇ ਘਰ ਛੱਡ ਆ।"

ਮੈਨੂੰ ਬਹੁਤੀ ਹੈਰਾਨੀ ਹੋਈ, ਡਾਕਟਰ ਪ੍ਰਦੁਮਨ ਸਿੰਘ ਨਾਲ। ਉਹ ਪਹਿਲਾ ਬੰਦਾ ਸੀ, ਜਿਹਨੂੰ ਮੈਂ, ਆਪਣੀ ਹਯਾਤੀ ਵਿਚ ਘਰ ਆਏ ਪੈਸਿਆਂ ਨੂੰ ਠੁੱਡ

ਮਾਰਦੇ ਵੇਖਿਆ ਸੀ।

*******

ਡਾਕਟਰ ਪ੍ਰਦੁਮਨ ਸਿੰਘ ਨਾਲ ਮੇਰਾ ਦੂਜਾ ਵਾਹ ਦੋ ਸਾਲ ਮਗ਼ਰੋਂ ਪਿਆ। ਉਹ ਦਿਹਾੜੀ ਅੱਜ ਵੀ ਮੈਨੂੰ ਡਾਢੀ ਯਾਦ ਏ। ਮੈਂ ਓਸ ਦਿਨ ਸਕੂਲ, ਤੋਂ ਨੱਠਿਆਂ ਹੋਇਆਂ ਸਾਂ......ਲੌਢੇ ਵੇਲੇ ਤੋਂ ਜ਼ਰਾ ਪਹਿਲੋਂ, ਮੈਂ ਆਪਣੇ ਡੇਰੇ ਤੇ ਇਕ ਬੜੇ ਈ ਉੱਚੇ ਜਾਮਨੂੰ ਦੇ ਰੁੱਖ 'ਤੇ, ਬਾਂਦਰ ਵਾਂਗੂੰ ਟਾਹਣੀ-ਟਾਹਣੀ ਫਿਰਦਾ, ਕੱਚੇ-ਪੱਕੇ ਜਾਮਨੂੰ ਤੋੜ-ਤੋੜ ਕੇ ਖਾ ਰਿਹਾ ਸਾਂ। ਜਾਮਨੂੰ ਦੀ ਲੱਕੜ, ਬਹੁਤੀ ਈ ਮਾੜੀ ਤੇ ਮੁੱਢੋਂ ਕਮਜ਼ੋਰ ਹੁੰਦੀ ਏ। ਤੇ, ਗਰਮੀਆਂ ਵਿਚ ਜਦੋਂ ਵਾਅ ਖਲੋ ਜਾਵੇ, ਉਦੋਂ ਤੇ ਜਾਣੋਂ ਏਹ ਹੋਰਾਂ ਵੇਲੇ ਨਾਲੋਂ ਵੀ ਮਲੂਕੜੀ ਹੋ ਜਾਂਦੀ ਏ। ਜ਼ਮੀਨ ਤੋਂ ਕੋਈ ਵੀਹ ਫੁੱਟ ਉਤਾਂਹ ਨੂੰ ਇਕ ਪਤਲੀ ਜੇਹੀ ਟਹਿਣੀ ਤੇ ਖਲੋਤਿਆਂ, ਜਦ ਮੈਂ ਜ਼ਰਾ ਕੁ, ਟਹਿਣੀ ਤੇ ਲੱਗੇ ਜ਼ਾਮਨ ਵੱਲ ਹੱਥ ਵਧਾਇਆ......ਮੇਰੇ ਪੈਰਾਂ ਦੇ ਥੱਲੇ ਵਾਲੀ ਟਹਿਣੀ ਤੜਕ ਕਰਕੇ ਟੁੱਟ ਗਈ। ਮੈਂ ਵਾਅ ਦੇ ਅੰਨੇ ਖੂਹ ਵਿਚ ਢਹਿ ਪਿਆ। ਉਚਾਈ ਇੰਨੀ ਕੁ ਸੀ ਕਿ 'ਮੈਂ ਜਾਤਾ! ਜਾਮਨ ਮਗਰ ਜਿੰਦ ਗਈ।' ਮੇਰੀ ਉਮਰ ਬਾਲੜੀ ਤੇ ਸਾਰ ਵੀ ਨਹੀਂ ਸੀ। ਪਰ ਜਿਸਮ ਬਾਂਦਰ ਵਾਂਗਰ ਤ੍ਰਿਖਾ ਤੇ ਫੁਰਤੀ ਵਾਲਾ ਸੀ। ਏਹੀਓ ਕਰਕੇ ਜਿਵੇਂ ਈ ਧਰਤੀ ਮੇਰੇ ਕੋਲ ਆਈ, ਮੈਂ ਉਹਨੂੰ ਹੱਥ ਵਿਚ ਲੈਣ ਦੀ ਕੀਤੀ। ਇਹੋ ਮੇਰੀ ਵੱਡੀ ਸਾਰੀ ਗਲਤੀ ਸੀ। ਕਿਉਂ ਜੋ, ਹੱਥ ਜਿਵੇਂ ਈ ਜ਼ਮੀਨ ਨਾਲ ਲੱਗਾ, ਇਕ ਜ਼ੋਰਦਾਰ ਝਟਕੇ ਨਾਲ ਮੇਰੀਆਂ ਅੱਖਾਂ ਅੱਗੇ ਹਨ੍ਹੇਰਾ ਜਿਹਾ ਆ ਗਿਆ। ਹਨ੍ਹੇਰਾ ਹੱਟਿਆ ਤੇ ਮੈਂ ਵੇਖਿਆ........ਮੇਰੀ ਅਰਕ ਦੀ ਹੱਡੀ, ਅਰਕ ਨੂੰ ਚੀਰ ਕੇ ਗਿੱਠ ਕੁ ਸਾਰੀ ਬਾਹਰ ਆ ਗਈ ਸੀ। ਗ਼ਰਮ, ਲਾਲ ਲਹੂ ਤੇ ਚਾਂਦੀ ਵਾਂਗੂੰ ਚਮਕਦੀ ਚਿੱਟੀ ਹੱਡੀ, ਵੇਖ ਕੇ ਮੇਰੀਆਂ ਅੱਖਾਂ ਡਰ ਨਾਲ ਦਹਿਸ਼ਤ ਭਰੀਆਂ ਜਿਹੀਆਂ ਹੋ ਗਈਆਂ ਤੇ ਹੋਸ਼ ਜਾਣੋਂ ਰਹੇ ਈ ਨਾ ........ ਪਰ ਮੈਨੂੰ, ਏਹੋ ਬੜੀ ਹੈਰਾਨੀ ਸੀ ਕਿ, ਏਡੀ ਵੱਡੀ ਸੱਟ ਦੀ ਪੀੜ ਮੈਨੂੰ ਕਿਉਂ ਨਹੀਂ ਹੋਂਦੀ ? ਮੇਰੇ ਡਿੱਗਣ ਦੇ ਧਮਾਕੇ ਦਾ ਸੁਣ ਕੇ, ਆਸਿਓਂ-ਪਾਸਿਓਂ ਕਈ ਲੋਕੀ ਮੇਰੇ ਵੱਲ ਭੱਜਦੇ ਹੋਏ ਆਏ। ਸਭ ਤੋਂ ਪਹਿਲੋਂ ਮੇਰੇ ਵੱਡੇ ਭਰਾ ਨੇ ਆ ਕੇ ਭੋਇੰ ਤੋਂ ਚੁੱਕਿਆ ਤੇ ਆਪਣੀਆਂ ਬਾਹਵਾਂ ਵਿਚ ਲੈ ਲਿਆ। ਮੈਂ ਜਾਣਦਾਂ ਸਾਂ ਕਿ ਉਹ, ਮੇਰੇ ਸਕੂਲ ਤੋਂ ਨੱਠ ਆਉਣ ਤੇ ਆਕੇ ਜਾਮਨੂੰ ਦੇ ਰੁੱਖ ਵਿਚ ਲੁਕ ਰਹਿਣ ਨਾਲ ਜ਼ਰੂਰ ਗੁੱਸੇ ਹੋਵੇਗਾ। ਪਰ! ਉਹ ਮੇਰਾ ਵੱਡਾ ਭਰਾ ਸੀ। ਅੰਮੜੀ ,ਪਿਉ, ਭੈਣਾਂ ਦੇ ਮਗਰੋਂ, ਮੈਨੂੰ ਸਭ ਤੋਂ ਬਹੁਤਾ ਲਾਡ ਕਰਨ ਵਾਲਾ ਸੀ। ਮੈਂ ਉਹਦੇ ਵੱਲ ਵੇਖਦਿਆਂ ਡਾਢੀ ਲਚਾਰੀ ਤੇ ਬੇਵੱਸੀ ਨਾਲ ਪੁੱਛਿਆ, "ਭਾਅ! ਮੈਂ ਮਰ ਤੇ ਨਾ ਜਾਂਗਾ?"

ਮੇਰੇ ਵੱਡੇ ਭਰਾ ਨੇ ਮੈਨੂੰ ਹੋਰ ਵੀ ਹਿੱਕ ਨਾਲ ਲਾ ਲਿਆ। ਮੇਰੇ ਮੱਥੇ ਨੂੰ ਚੁੰਮਿਓ ਸੂ, ਤੇ ਹੌਂਸਲੇ ਵਾਲੀ ਆਵਾਜ਼ ਨਾਲ ਆਖਿਆ "ਅੱਕਰਿਆ! ਤੂੰ ਚੰਗਾ ਹੋ ਜਾਏਂਗਾ, ਮੈਂ ਹੁਣੇ ਤੈਨੂੰ ਸ਼ਹਿਰ ਦੇ ਵੱਡੇ ਡਾਕਟਰ ਕੋਲ ਲੈ ਜਾਂਵਾਂਗਾ, ਉਹ ਤੈਨੂੰ ਠੀਕ ਕਰ ਦੇਵੇਗਾ।" ਮੈਂ ਵੇਖਿਆ, ਏਹ ਕਹਿੰਦਿਆਂ-ਕਹਿੰਦਿਆਂ ਮੇਰੇ ਵੱਡੇ ਭਰਾ ਦੀਆਂ ਅੱਖਾਂ ਵਿਚ ਅੱਥਰੂ ਆ ਗਏ।

ਵੱਡੇ ਭਰਾ ਨੇ ਆਪਣੇ ਸਿਰ ਤੋਂ ਪੱਗ ਲਾਹੀ। ਮੇਰੀ ਬਾਂਹ ਨੂੰ ਪੱਗ ਵਿਚ ਚੰਗੀ ਤਰ੍ਹਾਂ ਵਲ੍ਹੇਟ ਲਿਆ ਤੇ ਫੇਰ ਮੈਨੂੰ ਚੁੱਕ ਕੇ ਸ਼ਹਿਰ ਵੱਲ ਨੱਸਣ ਲੱਗ ਪਿਆ।

ਮੈਂ ਉਹਨੂੰ ਪੁੱਛਿਆ, "ਭਾਅ! ਤੂੰ ਮੈਨੂੰ ਘਰ ਮਾਂ ਕੋਲ ਨਹੀਂ ਲੈ ਜਾਏਂਗਾ?"

ਆਖਣ ਲੱਗਾ, "ਨਹੀਂ.....ਇਕ ਤੇ ਮੈਂ ਚਾਹੁੰਨਾਂ ਵਾਂ ਕਿ ਤੈਨੂੰ ਤੱਤਾ-ਤੱਤਾ ਡਾਕਟਰ ਕੋਲ ਲੈ ਜਾਵਾਂ, ਤਾਂ ਜਦੋਂ ਤੀਕਰ ਠੰਢਾ ਹੋ ਕੇ ਤੈਨੂੰ ਏਸ ਫੱਟ ਦੀ ਪੀੜ ਸ਼ੁਰੂ ਹੋਵੇ, ਉਦੋਂ ਤੀਕਰ ਡਾਕਟਰ ਤੇਰੀ ਮਲ੍ਹਮ-ਪੱਟੀ ਕਰ ਦੇਵੇ। ਤੇ, ਦੂਜੇ ਮਾਂ ਨੇ ਜੇ ਤੈਨੂੰ ਏਸ ਹਾਲ ਵਿਚ ਵੇਖ ਲਿਆ ਤੇ ਉਹ ਤੇ ਵੇਖ ਕੇ ਈ ਮਰ ਜਾਵੇਗੀ।"

ਵੱਡੇ ਭਰਾ ਨੇ ਮੈਨੂੰ ਖੜ ਕੇ, ਜਦੋਂ ਡਾਕਟਰ ਦੀ ਮੇਜ਼ ਤੇ ਰੱਖਿਆ, ਉਹਨੇ ਮੇਰੀ ਵੱਗਦੀ ਹੋਈ ਰੱਤ ਵੇਖੀ ਤੇ ਕੰਪਾਊਡਰ ਨੂੰ ਆਖਣ ਲੱਗਾ, "ਏਹਨੂੰ ਅਪਰੇਸ਼ਨ-ਥੇਟਰ ਵਿਚ ਲੈ ਚੱਲ।"

ਅਪਰੇਸ਼ਨ-ਥੇਟਰ ਵਿਚ ਜਦੋਂ ਕੰਪਾਊਡਰਾਂ ਨੇ ਮੇਰੇ ਭਰਾ ਨੂੰ ਬਾਹਰ ਕੱਢ ਦਿੱਤਾ ਤਾਂ ਮੈ ਬਹੁਤਾ ਈ ਘਬਰਾਇਆ। ਏਨਾਂ ਕੁ ਮੈਂ ਜਾਤਾ, ਕਿ ਹੁਣ, ਮੈਂ ਹੈ ਨਹੀਂ। ਤਦ ਇਕ ਲੰਮਾ ਜਿਹਾ ਬੰਦਾ, ਦੁੱਧ ਵਾਂਗ ਚਿੱਟੇ ਲੀੜਿਆਂ ਵਿਚ , ਮੂੰਹ ਤੇ ਵੀ ਚਿੱਟਾ ਸਫ਼ੇਦ ਠਾਠਾ, ਸਗਵਾਂ, ਜਿਵੇਂ ਮਾਂ ਦੱਸਦੀ ਸੀ ਕਿ 'ਫ਼ਰਿਸ਼ਤੇ' ਹੁੰਦੇ ਨੇ, ਉੱਥੇ ਆਇਆ। ਉੱਥੇ ਆਵਣ ਦੇ, ਝੱਟ ਕੁ ਮਗਰੋਂ ਓਸ ਬੰਦੇ ਨੇ ਮੇਰੇ ਮੂੰਹ ਤੇ ਇਕ ਕੱਪੀ ਜਿਹੀ ਰੱਖ ਦਿੱਤੀ। ਉਹ ਬੰਦਾ ਭਾਂਵੇਂ ਕੁਝ ਵੀ ਬੋਲਿਆ ਨਹੀਂ ਸੀ, ਫੇਰ ਵੀ ਮੇਰੇ ਮੂੰਹ ਤੇ ਕੱਪੀ ਰੱਖਦਿਆਂ-ਰੱਖਦਿਆਂ ਮੈਂ ਸਿਰਫ਼ ਉਹਦੀਆਂ ਅੱਖਾਂ ਤੋ ਉਹਨੂੰ ਸੰਞਾਣ ਲਿਆ। ਸ਼ਾਇਦ ਏਹ ਉਹੋ ਈ ਡਾਕਟਰ ਸੀ, ਜਿਹਨੇ ਓਸ ਰਾਤੀਂ ਆ ਕੇ ਮੇਰੀ ਦਾਦੀ ਨੂੰ ਵੇਖਿਆ ਸੀ। ਜਿਸ ਨੇ ਹੁਣੇ-ਹੁਣੇ ਮੈਨੂੰ ਆਪਣੀ ਮੇਜ਼ ਤੇ ਪਿਆ ਵੇਖ ਕੇ ਆਖਿਆ ਸੀ, ਕਿ ਏਹਨੂੰ ਅਪਰੇਸ਼ਨ-ਥੇਟਰ ਵਿਚ ਲੈਂ ਚੱਲੋ.........। ਮੈਂ ਡਾਕਟਰ ਨੂੰ ਪਛਾਣ ਤੇ ਲਿਆ ਸੀ ਪਰ ਡਾਕਟਰ ਨੇ ਮੇਰੇ ਮੂੰਹ ਤੇ ਜਿਹੜੀ ਕੱਪੀ ਰੱਖੀ ਸੀ ਉਹਦੇ ਵਿਚ ਖੌਰੇ ਕੀ ਸੀ? ਮੇਰੇ ਹੋਸ਼-ਹਵਾਸ਼ ਏਸ ਤਰ੍ਹਾਂ ਗਵਾਚੇ, ਕਿ ਮੈਨੂੰ ਕੁਝ ਸੁੱਧ ਈ ਨਾ ਰਹੀ।

ਜਦੋਂ ਮੈਨੂੰ ਹੋਸ਼ ਆਇਆ, ਮੈਂ ਕਿਸੇ ਹੋਰ ਥਾਂ ਇੱਕ

ਵੱਖਰੇ ਈ ਨਮੂਨੇ ਦੇ, ਲੋਹੇ ਜਿਹੇ ਦੇ ਸਪਰਿੰਗਾਂ ਵਾਲੇ ਪਲੰਘ ਤੇ ਪਿਆਂ ਸਾਂ। ਮੇਰੀ ਬਾਂਹ, ਸਾਰੀ ਦੀ ਸਾਰੀ ਇੱਕ ਚਿੱਟੇ ਜਿਹੇ ਮਲੂਮ ਵਰਗੇ ਗਾਰੇ ਵਿਚ ਜਕੜੀ ਪਈ ਸੀ। ਮੈਂ ਘਬਰਾ ਕੇ ਆਪਣੀ ਬਾਂਹ ਨੂੰ ਝਟਕਣ ਦੀ ਕੀਤੀ। ਇਕੋ ਵਾਰੀ ਮੇਰੀ ਮਾਂ, ਮੇਰੇ ਮੂੰਹ ਅੱਗੇ ਆ ਗਈ। ਮੇਰੇ ਮੱਥੇ ਤੇ ਹੱਥ ਫੇਰਦਿਆਂ ਬੜੇ ਈ ਲਾਡ ਨਾਲ ਆਖਣ ਲੱਗੀ, "ਨਾ ਕਰੀਂ, ਅੱਕਰਿਆ ਮੇਰੀ ਜਾਨੇ! ਏਹਨੂੰ ਨਾ ਹਿਲਾ। ਡਾਕਟਰ ਨੇ ਤੇਰਾ ਫੱਟ ਸੀਅ ਕੇ ਉੱਤੋਂ ਪਲਸਤਰ ਕਰ ਦਿੱਤਾ ਏ। ਹੁਣ ਤੂੰ ਖ਼ੈਰੀਂ-ਮੇਹਰੀਂ ਹੋ ਜਾਏਂਗਾ।" ਮਾਂ ਨੂੰ ਆਪਣੇ ਕੋਲ ਵੇਖ ਕੇ ਮੇਰੀਆਂ ਅੱਖਾਂ ਅੱਥਰੂਆਂ ਨਾਲ ਭਿੱਜ ਗਈਆਂ ਤੇ ਡੁਸਕਦਿਆਂ ਹੋਇਆਂ ਮੇਰੇ ਮੂੰਹ ਵਿਚੋਂ ਬੱਸ ਏਨਾਂ ਈ ਨਿਕਲਿਆ,"......ਮਾਂ!" ਨਾਲ ਈ, ਮੈਂ ਆਪਣੀਆਂ ਦੋਵੇਂ ਈ ਬਾਹਵਾਂ ਮਾਂ ਵੱਲ ਵਧਾਈਆਂ। ਪਰ ਮੇਰੀ ਉਹ ਬਾਂਹ ਜਿਸਦੇ ਉੱਤੇ ਪੱਟੀ ਜਿਹੀ ਸੀ, ਏਸ ਤਰ੍ਹਾਂ ਥੱਲੇ ਡਿੱਗ ਪਈ ਜਿਵੇਂ ਗ਼ੁਲੇਲ ਨਾਲ ਜ਼ਖ਼ਮੀ ਹੋਣ ਵਾਲੇ ਪੰਛੀ ਦੇ ਪਰ ਟੁੱਟ ਕੇ ਥੱਲੇ ਡਿਗਣ ਲੱਗ ਪੈਂਦੇ ਨੇ। ਮੈਂ ਰੋਣ-ਹਾਕਾ ਹੋ ਕੇ ਆਪਣੀ ਬਾਂਹ ਵੱਲ ਵੇਖਿਆ, "ਮਾਂ! ਮੈਂ ਕਦੋਂ ਤੀਕਰ ਵੱਲ ਹੋ ਜਾਂ ਗਾ?"

"ਬੱਲਿਆ! ਤੂੰ ਬੜੀ ਛੇਤੀ ਵੱਲ ਹੋ ਜਾਣਾ ਏਂ, ਬਸ ਥੋੜ੍ਹੇ ਦਿਹਾੜਿਆਂ ਦੀ ਗੱਲ ਏ.........।"

"ਮੈਂ! ......ਮੈਂ, ਘਰ ਜਾਣਾ ਏ।" ਮੇਰੀ ਮਾਂ ਮੇਰੇ ਸਿਰ ਤੇ ਬੜੇ ਈ ਪਿਆਰ ਨਾਲ ਹੱਥ ਫੇਰਨ ਲੱਗ ਪਈ। ਪਰ ਜਦੋਂ ਉਹ ਕੁਝ ਵੀ ਨਾ ਬੋਲੀ, ਤਦੋਂ ਮੈਂ ਭੰਡੀ ਪਾਂਦਿਆਂ ਹੋਇਆਂ ਫਿਰ ਆਖਿਆ, "ਮਾਂ, ਮੈਨੂੰ ਘਰ ਲੈ ਚੱਲ....... ਮੈਂ ਇੱਥੇ ਨਹੀਂ ਰਹਿਣਾ।"

"ਹਲਾ! ਸ਼ਾਮੀਂ ਡਾਕਟਰ ਆਏਗਾ ਤੇ ਉਸ ਕੋਲੋ ਪੁੱਛ ਕੇ ਘਰ ਚੱਲਾਂਗੇ।"

"ਡਾਕਟਰ ਕੋਲੋਂ, ਕਿਉਂ ਪੁੱਛਣਾ ਏਂ? ਅਸੀਂ ਕੋਈ ਉਹਦੇ ਕੈਦੀ ਆਂ।"

"ਨਾ ਪੁੱਤਰ! ਏਸ ਤਰ੍ਹਾਂ ਨਹੀਂ ਆਖੀ ਦਾ। ਡਾਕਟਰ ਜੇ ਤੇਰੀ ਹੱਡੀ ਜੋੜ ਕੇ, ਉੱਤੋਂ ਫੱਟ ਸੀਅ ਨਾ ਦਿੰਦਾ ਤੇ ਵੈਰੀ ਮਰਨ! ਖੌਰੇ, ਕੀ ਹੋ ਜਾਣਾ ਹੋ ਜਾਣਾ ਸੀ? ਤੇਰਾ ਏਨਾਂ ਲਹੂ ਜਾਇਆ ਹੋ ਗਿਆ ਸੀ!!" ਮਾਂ ਮੈਨੂੰ ਹਾਲ੍ਹੇ ਵੀ ਮੁੱਢੋਂ ਡਰੀ ਹੋਈ ਤੇ ਮੰਦੇ ਹਾਲ ਪਈ ਲੱਗਦੀ ਸੀ। ਮੈਨੂੰ ਅੱਗਦੋਂ ਦਾ ਪਤਾ ਸੀ। ਉਹਦਾ ਦਿਲ ਤੇ ਬੱਸ, ਚਿੜੀ ਕੁ ਜਿੰਨਾਂ ਏਂ। ਖੌਰੇ! ਮਾਵਾਂ ਸਾਰੀਆਂ ਏਸ ਤਰ੍ਹਾਂ ਦੀਆਂ ਈ ਹੋਂਦੀਆਂ ਨੇ। ਉਹ ਆਖੀ ਜਾ ਰਹੀ ਸੀ,"ਤੇਰਾ ਭਰਾ ਜਦੋਂ ਤੈਨੂੰ ਚੁੱਕ ਕੇ ਹਸਪਤਾਲ ਲਈ ਜਾਂਦਾ ਸੀ, ਥੋੜ੍ਹੀ ਦੇਰ ਬਾਅਦ ਮੈਨੂੰ ਵੀ ਪਤਾ ਲੱਗ ਗਿਆ। ਮੈਂ ਨਸੀਬਾਂ ਹਾਰੀ! ਭਾਉਂਦਰ ਕੇ ਤੇਰੇ ਪਿਛੇ ਭੱਜ ਖਲੋਤੀ। ਰਾਹ ਵਿਚ ਜਿੱਥੇ ਕਿਧਰੇ ਤੇਰੀ ਰੱਤ ਦਾ ਚੋਇਆ ਵੇਂਹਦੀਂ, ਚੱਕਰ ਖਾ ਕੇ ਡਿੱਗਣ ਲੱਗ ਪੈਂਦੀ। ਇੱਥੇ ਹਸਪਤਾਲ ਵਿਚ ਅੱਪੜੀ ਤੇ ਪਤਾ ਚੱਲਿਆ, ਕਿ ਡਾਕਟਰ ਅੰਦਰ ਕਮਰੇ ਵਿਚ ਤੇਰਾ ਅਪਰੇਸ਼ਨ ਪਿਆ ਕਰਦਾ ਏ। ਮੈਂ ਭੱਜਦੀ ਹੋਈ ਉੱਧਰ ਗਈ ਤੇ ਜਾ, ਕਮਰੇ ਦੇ ਬੂਹੇ 'ਤੇ ਟੱਕਰਾਂ ਮਾਰਨ ਲੱਗ ਪਈ। ਤਦ ਡਾਕਟਰ ਅੰਦਰੋਂ ਬਾਹਰ ਨਿਕਲਿਆ, ਵੱਖਰੇ ਈ ਹੁਲੀਏ ਵਿਚ ! ਖੌਰੇ ਕਿਵੇਂ ਦੇ ਲੀੜੇ ਤੇ ਮੂੰਹ ਤੇ ਚਿੱਟਾ ਜਿਹਾ ਠਾਠਾ। ਪੁੱਛਣ ਲੱਗਾ, "ਭੈਣ! ਤੂੰ ਕੌਣ ਏਂ?" ਮੈਂ ਉਹਨੂੰ ਪੱਥਰ ਵਰਗੀਆਂ ਨਜ਼ਰਾਂ ਨਾਲ ਵੇਖਣ ਲੱਗ ਪਈ ਤੇ ਅੱਗੋਂ ਆਪੇ ਈ ਬੋਲਿਆ, "ਹਲਾ! ਤੂੰ ਮੁੰਡੇ ਦੀ ਮਾਂ ਏਂ........, ਅਪਰੇਸ਼ਨ ਹੋ ਗਿਆ ਏ, ਵਾਹਿਗੁਰੂ ਦੀ ਕਿਰਪਾ ਨਾਲ ਹੱਡੀ ਸਾਰੀ ਅੰਦਰ ਮੌਜੂਦ ਸੀ। ਮੈਂ ਉਹਨੂੰ ਆਪਣੀ ਜਗ੍ਹਾ ਤੇ ਬਹਾਲ ਕੇ, ਉਪਰੋਂ ਪਲਸਤਰ ਕਰ ਦਿੱਤਾ ਏ। ਉਮੀਦ ਏ, ਉਹਦੀ ਬਾਂਹ ਬਿਲਕੁਲ ਪਹਿਲੋਂ ਵਰਗੀ ਹੋ ਜਾਵੇਗੀ.......।" ਪੁੱਤਰੀਏ! ਡਾਕਟਰ ਡਾਢਾ ਨੇਕ ਬੰਦਾ ਏਂ, ਅਸੀਂ ਤੇ ਉਹਦਾ ਅਹਿਸਾਨ ਕਦੀ ਲਾਹ ਈ ਨਹੀਂ ਸਕਦੇ।"

ਏਨੇ ਚਿਰ ਵਿਚ ਮੇਰਾ ਪਿਉ, ਵੱਡਾ ਭਰਾ ਹੋਰ ਸਾਕਦਾਰ ਬਾਹਰੋਂ ਕਮਰੇ ਵਿਚ ਆ ਗਏ ਤੇ ਵੰਨ-ਸੁਵੰਨੀਆਂ ਗੱਲਾਂ ਕਰਕੇ ਮੇਰਾ ਦਿਲ ਪਰਚਾਣ ਲੱਗ ਪਏ।

ਸ਼ਾਮ ਨੂੰ ਡਾਕਟਰ ਆਇਆ ਤੇ ਮਾਂ ਉਹਦੇ ਕਦਮਾਂ ਵਿਚ ਬਹਿ ਕੇ ਆਖਣ ਲੱਗੀ,"ਡਾਕਟਰ ਜੀ! ਮੈਂ ਤੁਹਾਡਾ 'ਹਸਾਨ ਕਦੇ ਦੇ ਨਹੀ ਸਕਦੀ। ਤੁਸਾਂ ਮੇਰੇ ਅੱਕਰੇ ਨੂੰ ਨਵੀਂ ਜਿੰਦ ਦਿੱਤੀ ਏ। ਏਹ ਹੁਣ ਤੁਹਾਡਾ ਪੁੱਤਰ ਏ। ਦਿਲ ਕਰਦਾ ਏ ਤੇ ਭਾਵੇਂ ਏਹਦੇ ਕੇਸ ਵਧਾ ਕੇ ਸਿੱਖ ਬਣਾ ਲਓ।"

"ਬਚਾਣ ਵਾਲਾ ਤੇ ਵਾਹਿਗੁਰੂ, ਅਕਾਲ ਪੁਰਖ ਏ........," ਡਾਕਟਰ ਪ੍ਰਦੁਮਨ ਸਿੰਘ ਸਿੰਘ ਨੇ ਨਿੰਮ੍ਹਾਂ ਜਿਹਾ ਹੱਸਿਦਿਆਂ ਹੋਇਆ ਮੇਰੇ ਵੱਲ ਤੱਕਿਆ ਤੇ ਨਾਲੇ ਮੈਨੂੰ ਛੇੜਨ ਵਾਲੇ ਸੁਭਾਅ ਨਾਲ ਪੁੱਛਿਆ, "ਕਿਉਂ ਅਕਰਮ ! ਗੁਰੂ ਦਾ ਸਿੱਖ ਬਣੇਂਗਾ?"

ਮੈਂ ਵਿਚਾਰਗੀ, ਨਾਲੇ ਨਾ-ਸਮਝੀ ਨਾਲ ਉਹਦੇ ਵੱਲ ਵੇਖਿਆ ਤੇ ਫੇਰ ਪਲਸਤਰ ਦੇ ਜਕੜ ਵਾਲੀ ਆਪਣੀ ਬਾਂਹ ਵੱਲ........ਤੇ ਜੁਆਬ ਦਿੱਤਾ, "ਬਣ ਤੇ ਗਿਆ ਹੋਇਆਂ ਵਾਂ..........।"

ਮੇਰੀ ਮਾਸੂਮ ਜਿਹੀ ਗੱਲ ਨਾਲ ਡਾਕਟਰ ਪ੍ਰਦੁਮਨ ਸਿੰਘ, ਤੇ ਉੱਥੇ ਖਲੋਤੇ ਹੋਏ ਜਿੰਨੇ ਵੀ ਲੋਕ ਸਨ, ਸਭਾਂ ਦੇ ਮੂੰਹ ਤੇ ਬੇਅਖ਼ਤਿਆਰ ਈ ਹਾਸਾ ਆ ਗਿਆ।

ਅਗਲੇ ਦਿਹਾੜੇ ਡਾਕਟਰ ਪ੍ਰਦੁਮਨ ਸਿੰਘ ਹੋਰਾਂ ਮੈਨੂੰ ਛੇੜਦਿਆਂ ਹੋਇਆਂ ਪੁੱਛਿਆ, "ਬਈ! ਸੱਚ ਦੱਸੀਂ, ਗੁਰੂ ਦਾ ਖਾਲਸਾ ਬਣੇਗਾ ਕਿ ਨਹੀਂ?"

"ਬਣਾਂਗਾ, ਪਰ ਤੁਸੀਂ ਮੈਨੂੰ ਘਰ ਜਾਣ ਦਿਉ।"

"ਵਾਅਦਾ ਪੱਕਾ ਕਰ ਤੇ ਘਰ ਜਾਣ ਦੀ ਇਜਾਜ਼ਤ ਮਿਲ ਜਾਵੇਗੀ।"

"ਮੇਰਾ ਵਾਅਦਾ ਪੱਕਾ ਏ.........।"

"ਤੇ ਫੇਰ ਮੇਰੇ ਨਾਲ ਗੁਰਦੁਆਰੇ ਚੱਲੇਂਗਾ?"

"ਚੱਲਾਂਗਾ, ਪਰ ਤੁਸੀਂ ਮੈਨੂੰ ਘਰ ਜਾਣ ਦਿਉ।"

"ਤੇ ਉੱਥੇ ਸ਼ਬਦ ਕੀਰਤਨ ਸੁਣੇਂਗਾ?"

"ਸੁਣਾਂਗਾ, ਪਰ ਤੁਸੀਂ ਮੈਨੂੰ ਘਰ ਜਾਣ ਦਿਉ।"

"ਕੜਾਹ ਪਰਸ਼ਾਦ ਖਾਏਂਗਾ?"

"ਖਾਵਾਂਗਾ, ਪਰ ਤੁਸੀ ਮੈਨੂੰ ਘਰ ਜਾਣ ਦਿਉ"

"ਗੁਰੂ ਗ੍ਰੰਥ ਸਾਹਿਬ ਹੋਰਾਂ ਨੂੰ ਚਾਂਦੀ ਦਾ ਰੁਪਿਆ ਭੇਟ ਦੇਵੇਂਗਾ?"

"ਦੇਵਾਂਗਾ, ਪਰ ਤੁਸੀ ਮੈਨੂੰ ਘਰ ਜਾਣ ਦਿਉ।"

"ਤੂੰ ਖਾਲਸਾ ਤੇ ਡਾਢਾ ਪੱਕਾ ਵੇਂ, ਪਰ ਏਹ ਘਰ ਜਾਣ ਵਾਲੀ ਜਿੱਦ ਉਦੋਂ ਵੀ ਔਹਲੀ ਏ," ਡਾਕਟਰ ਪ੍ਰਦੁਮਨ ਸਿੰਘ ਨੇ ਹੱਸਦਿਆਂ ਹੋਇਆ ਆਖਿਆ।

*******

ਪੂਰੇ ਅੱਠ ਵਰ੍ਹੇ ਮੈਨੂੰ ਡਾਕਟਰ ਪ੍ਰਦੁਮਨ ਸਿੰਘ ਦੀ ਕੋਈ ਸੁੱਧ-ਸਾਰ ਨਾ ਹੋਈ। ਉਹ ਵੇਲਾ ਕੁਝ ਏਸ ਤਰ੍ਹਾਂ ਦਾ ਸੀ ਕਿ ਸਾਰੇ ਵੱਲ ਹੀ ਰਹਿੰਦੇ ਸਨ। ਅੱਵਲ ਤੇ ਕੋਈ ਬੀਮਾਰ ਈ ਨਾ ਹੋਂਦਾ ਤੇ ਹੋ ਜਾਂਦਾ ਤੇ ਪਿੰਡ ਦੇ ਹਕੀਮ ਜਾਂ ਵੈਦ ਦੀਆਂ ਪੁੜੀਆਂ, ਫੱਕੀਆਂ ਨਾਲ ਚੰਗਾ ਭਲਾ ਹੋ ਜਾਂਦਾ। ਡਾਕਟਰਾਂ ਕੋਲ ਜਾਣ ਦੀ ਲੋੜ ਘੱਟ ਈ ਪੈਂਦੀ ਸੀ। ਮੈਂ ਦਸਵੀਂ ਦਾ ਇਮਤਿਹਾਨ ਦੇਣ ਮਗਰੋਂ, ਲਾਗੇ ਈ ਆਪਣੇ ਨਾਨਕੇ ਦੇ ਥਾਏਂ ਵਿਚ ਗਿਆ ਹੋਇਆਂ ਸਾਂ। ਨਾਨਕੇ ਪਿੰਡ ਵਿਚ ਮੇਰੀ ਆਪਣੇ ਨਿੱਕੇ ਮਾਮੇ ਨਾਲ ਗੂੜ੍ਹੀ ਸੰਗਤ ਸੀ। ਆਖਣ ਨੂੰ ਤੇ ਉਹ ਮੇਰਾ ਸਕਾ ਮਾਮਾ ਸੀ, ਪਰ ਉਮਰ ਵਿਚ ਹੋਵੇਗਾ ਮੇਰੇ ਤੋਂ ਇਕ ਦੋ ਸਾਲ ਵੱਡਾ। ਏਸੇ ਕਰ ਕੇ ਆਪੂੰ ਵਿਚ, ਸਾਡੀ ਬਣਦੀ ਬੜੀ ਸੀ। ਸਗੋਂ ਆਖਣਾ ਚਾਹੀਦਾ ਏ, ਕਿ ਸਾਡੀ ਬੜੀ ਗੂੜ੍ਹੀ ਯਾਰੀ ਸੀ। ਫ਼ਰਕ ਸੀ ਏਹੀਓ, ਕਿ ਮੈਂ ਤੇ ਜਮਾਤਾਂ ਤੇ ਜਮਾਤਾਂ ਪੜ੍ਹਦਾ ਗਿਆ, ਏਥੋਂ ਤੀਕਰ ਕਿ ਸਕੂਲ ਦੀਆਂ ਸਾਰੀਆਂ ਜਮਾਤਾਂ ਮੁੱਕ ਗਈਆਂ। ਪਰ ਮੇਰੇ ਮਾਮੇ ਨੇ ਜਿੱਥੋਂ ਉਹਨੂੰ 'ਹੀਰ-ਵਾਰਸ ਸ਼ਾਹ' ਪੜ੍ਹਨੀ ਆ ਗਈ ਸੀ, ਉਹਨੇ ਪੜ੍ਹਾਈ ਛੱਡ ਦਿੱਤੀ। ਹੁਣ ਉਹ ਸਾਰਾ ਦਿਨ ਪੈਲੀਆਂ ਵਿਚ ਰੁੱਝਿਆ ਰਹਿੰਦਾ ਤੇ ਸ਼ਾਮ ਨੂੰ ਯਾਰ ਬੇਲੀਆਂ ਵਿਚ ਬਹਿ ਕੇ ਹੀਰ ਦੀ ਕਿਤਾਬ ਪੜ੍ਹਦਾ। ਨਾਲ ਉਹ ਕੱਬਡੀ ਬੜੀ ਸੁੱਥਰੀ ਖੇਡਦਾ ਸੀ........।

ਹਾਲਾਂ, ਏਹ ਉਦੋਂ ਦੀ ਗੱਲ ਏ ਜਦੋਂ ਮੈਂ ਦਸਵੀਂ ਦਾ ਇਮਤਿਹਾਨ ਦਿੱਤਾ ਹੋਇਆ ਸੀ, ਆਪਣੇ ਨਾਨਕਿਆਂ ਦੇ ਥਾਏਂ ਗਿਆ ਹੋਇਆ ਸਾਂ। ਇੱਕ ਸਵੇਰ ਨੂੰ ਮੇਰਾ ਮਾਮਾ ਪੈਲੀ ਵਿਚ ਪਿਆ ਜੋਤਰਾ ਲਾਂਦਾ ਸੀ ਤੇ ਮੈਂ ਪੈਲੀ ਦੇ ਬੰਨੇ ਤੇ ਬੈਠੇ ਹੋਇਆਂ, ਏਹ ਹਿਸਾਬ ਪਇਆ ਜੋੜਦਾ ਸਾਂ ਕਿ, 'ਮੇਰਾ ਮਾਮਾ ਜਿਵੇਂ ਆਹਦਾਂ ਏ ਕਿ ਇਕ ਹਾਲ਼ੀ ਕਿੱਲੇ ਦੇ ਜੋਤਰੇ ਵਿਚ ਛੇ ਮੀਲ ਦਾ ਪੈਂਡਾ ਕਰ ਲੈਂਦਾ ਏ', ਏਹ ਗੱਲ ਹੱਕੀ ਏ ਕਿ ਨਹੀਂ।

ਫੇਰ ਬਹੁਤ ਦੁੱਖ ਭਰੀ ਗੱਲ ਹੋਈ। ਜੋਗ ਦਾ ਇਕ ਢੱਗਾ, ਜਵਾਨੀ ਚੜ੍ਹਦਾ ਵੱਛਾ, ਹਾਲੇ ਕੰਮ ਵਿਚ ਘੱਟ ਪਿਆ, ਖਰਵ੍ਹਾ ਤੇ ਧੁੜਕਣ ਵਾਲਾ ਸੀ। ਮੂੰਹ-ਜ਼ੋਰੀ ਤੇ ਉਹਦੇ ਤੋਂ ਡਿੱਗ-ਡਿੱਗ ਪੈਂਦੀ ਸੀ। ਉਹਨੂੰ ਸਿਆੜ ਵਿਚ ਸਿੱਧਾ ਰੱਖਣ ਕਾਰਨ ਮਾਮੇ ਨੇ ਉਹਦੀ ਖੁੱਚ ਵਿਚ ਸੋਟੀ ਕੀਤੀ। ਤੇ, ਓਸ ਅੱਗੋਂ 'ਜੇਹੀ ਛੜ ਮਾਰੀ, ਕਿ ਉਹਾ ਖੁਰਾ ਮਾਮੇ ਦੀ ਪਿੰਨੀ ਦੀ ਹੱਡੀ ਤੇ ਏਡੇ ਕੁ ਜ਼ੋਰ ਨਾਲ ਵੱਜਿਆ, ਕਿ ਮੈਂ ਪੈਲੀ ਦੇ ਬੰਨੇ ਤੋਂ ਹੱਡੀ ਦੇ ਟੁੱਟਣ ਦੀ 'ਵਾਜ਼ ਸੁਣ ਲਈ। ਮੈਂ ਝੱਬਦੇ ਮਾਮੇ ਵੱਲ ਭੱਜਿਆ, ਮਾਮਾ ਥੱਲੇ ਡਿਗ ਪਿਆ ਸੀ। ਉਹਦੀ ਪਿੰਨੀ ਦੀ ਹੱਡੀ ਟੁੱਟ ਕੇ ਉਹਦਾ ਪੈਰ, ਇਕ ਪਾਸੇ ਨੂੰ ਲਟਕਣ ਲੱਗ ਗਿਆ ਸੀ। ਮੈਂ ਪੈਰ ਨੂੰ ਫੜ ਕੇ ਹੱਡੀ ਸਿੱਧੀ ਕੀਤੀ। ਮਾਮੇ ਨੇ ਸਿਰ ਤੋਂ ਪੱਗ ਲਾਹ ਕੇ ਮੈਨੂੰ ਤ੍ਰਿੱਤੀ ਅਤੇ ਆਖਿਆ, 'ਏਹਨੂੰ, ਉਹਦੀ ਟੁੱਟੀ ਹੋਈ ਲੱਤ ਤੇ ਕੱਸ ਕੇ ਬੰਨ੍ਹ ਦਿਆਂ।' ਮੈਂ ਭੱਜੀ ਹੋਈ ਲੱਤ ਤੇ ਪੱਗ ਬੰਨ੍ਹ ਦਿੱਤੀ ਤੇ ਮਾਮਾ ਮੈਨੂੰ ਆਖਣ ਲੱਗਾ,"ਤੂੰ ਹੁਣ ਘਰੇ ਜਾਹ ਤੇ ਉੱਥੋਂ ਇਕ ਮੰਜੀ ਤੇ ਤਿੰਨ-ਚਾਰ ਤਗੜੇ ਜਿਹੇ ਬੰਦੇ, ਮੰਜੀ ਚੁੱਕਣ ਲਈ ਲੈ ਆ। ਮੈਂ ਏਸ ਹਾਲਤ ਵਿਚ ਇਕ ਪੈਰ ਵੀ ਨਹੀਂ ਚੁੱਕ ਸਕਦਾ।"

ਨਾਲ ਵਾਲੇ ਥਾਣੇਂ ਵਿਚ ਹੱਡੀਆਂ ਦਾ ਇੱਕ ਸਿਆਣਾ ਦੱਸਦੇ ਸਨ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਤੇ ਡੰਗਰਾਂ ਦੀਆਂ ਹੱਡੀਆਂ ਟੁੱਟ ਜਾਂਦੀਆਂ, ਤਾਂ ਉਹ ਈ ਫੱਟੀਆਂ ਤੇ ਪੱਟੀਆਂ ਨਾਲ ਬੰਨ੍ਹ-ਬਨ੍ਹਾ ਕੇ ਹੱਡੀਆਂ ਜੋੜਨ ਦਾ ਸੂਤਰ ਕਰਦਾ ਸੀ। ਹੱਡੀਆਂ ਕਦੀ ਜੁੜ ਜਾਂਦੀਆਂ ਤੇ ਕਦੀ ਨਾ ਜੁੜਦੀਆਂ। ਏਹੀਓ ਕਰਕੇ, ਮੇਰੇ ਮਸ਼ਵਰੇ ਨਾਲ, ਅਸੀਂ ਉਸੇ ਸ਼ਾਮੀ ਮਾਮੇ ਨੂੰ ਸ਼ਹਿਰ ਦੇ ਸਰਕਾਰੀ ਹਸਪਤਾਲ ਵਿਚ ਡਾਕਟਰ ਪ੍ਰਦੁਮਨ ਸਿੰਘ ਦੇ ਕੋਲ ਲੈ ਆਏ। ਡਾਕਟਰ ਪ੍ਰਦੁਮਨ ਸਿੰਘ ਜਦੋਂ ਮਾਮੇ ਦੀ ਟੁੱਟੀ ਹੋਈ ਲੱਤ ਵੇਖ ਚੁੱਕਿਆ ਤੇ ਮੇਰੇ ਨਾਨੇ ਨੇ ਚਾਂਦੀ ਦੇ ਰੁਪਿਆਂ ਦੀ ਇਕ ਗੁੱਥਲੀ ਉਹਦੇ ਹੱਥਾਂ ਵਿਚ ਦੇਂਦਆਂ ਹੋਇਆਂ ਆਖਿਆ, "ਡਾਕਟਰ ਜੀ! ਏਹ ਰੱਖ ਲਓ ਤੇ ਮੇਰੇ ਮੁੰਡੇ ਦੀ ਲੱਤ ਠੀਕ ਕਰ ਦਿਓ। ਇਹ ਮੇਰਾ ਬਹੁਤਾ ਹੀ ਲਡਿੱਕਾ ਤੇ ਨਿੱਕਾ ਪੁੱਤਰ ਏ। ਏਹ ਕੱਬਡੀ ਬੜੀ ਸੋਹਣੀ ਖੇਡਦਾ ਏ। ਏਡੀ ਕੁ ਸੋਹਣੀ ਕਿ ਏਹਨੂੰ ਕੱਬਡੀ ਖੇਡਦਿਆਂ ਵੇਖ ਕੇ ਸ਼ਰੀਕਾਂ ਦੇ ਸੀਨੇ ਹਿੱਲ ਜਾਂਦੇ ਨੇ। ਰੁਪਏ, ਏਹ ਵੀ ਲੈ ਲਉ, ਮੈਂ ਹੋਰ ਵੀ ਲੈ ਆਵਾਂਗਾ! ਪਰ ਮੇਰੇ ਪੁੱਤਰ ਨੂੰ ਏਸ ਤਰ੍ਹਾਂ ਕਰ ਦਿਓ ਕਿ ਏਹ ਇਕ ਵਾਰੀ ਵੱਤ ਪਿੜ ਵਿਚ ਲਲਕਾਰੇ ਮਾਰਨ ਲੱਗ ਪਏ।"

ਡਾਕਟਰ ਪ੍ਰਦੁਮਨ ਸਿੰਘ ਨੇ ਰੁਪਿਆਂ ਦੀ ਗੁੱਥਲੀ ਮੋੜ ਦਿੱਤੀ ਤੇ ਬੋਲਿਆ, "ਚੌਧਰੀ! ਏਹ ਰੁਪਏ ਮੈਂ ਨਹੀਂ ਲੈਣੇ। ਪਰ ਜੇ ਤੂੰ ਏਹੀਓ ਆਪਣੇ ਪੁੱਤਰ ਨੂੰ ਖਵਾ ਦੇਵੇਂ, ਏਹ ਪਹਿਲਾਂ ਤੋਂ ਵੀ ਤਗੜਾ ਹੋ ਜਾਏਗਾ। ਲੱਤ ਟੁੱਟਣ ਦੀ ਤੂੰ ਜ਼ਰਾ ਵੀ ਚਿੰਤਾ ਨਾ ਕਰ। ਲੱਤ, ਵਾਹਿਗੁਰੂ ਦੀ

ਕਿਰਪਾ ਨਾਲ ਏਸ ਤਰ੍ਹਾਂ ਜੁੜ ਜਾਵੇਗੀ ਕਿ ਏਹ ਮੁੰਡਾ ਪਿੜ ਵਿਚ ਪਹਿਲਾਂ ਤੋਂ ਵੀ ਬਹੁਤੇ ਲੱਲਕਰੇ ਮਾਰਿਆ ਕਰੇਗਾ।"

ਡਾਕਟਰ ਪ੍ਰਦੁਮਨ ਸਿੰਘ ਨੇ ਅਪਰੇਸ਼ਨ-ਥੇਟਰ ਵਿਚ ਮਾਮੇ ਨੂੰ ਬੇਸੁਰਤ ਕਰ ਕੇ ਹੱਡੀ ਆਪਣੇ ਥਾਂ ਤੇ ਸੈੱਟ ਕੀਤਾ। ਉਤੋਂ ਪੀ.ਓ.ਪੀ. ਮਤਲਬ ਏ 'ਪਲਾਟਰ ਆਫ਼ ਪੈਰਿਸ' ਦੀਆਂ ਪੱਟੀਆਂ ਕਰ ਦਿੱਤੀਆਂ। ਇਹ ਪਲਸਤਰ ਜਾਨਮਾਰੂ ਤੇ ਨਹੀਂ ਹੁੰਦਾ ਪਰ ਆਦਤ ਦੇ ਖਿਲਾਫ਼ ਸ਼ੈਅ ਹੋਣ ਪਾਰੋਂ ਬਹੁਤੇ ਬੰਦੇ ਏਸ ਤੋਂ ਅੱਕ ਪੈਂਦੇ ਨੇ, ਤੇ ਘਾਬਰ ਜਾਂਦੇ ਨੇ।

ਮੈਨੂੰ ਉਹ ਦਿਨ ਯਾਦ ਆ ਗਏ ਜਦੋਂ ਬਾਂਹ ਭੱਜਣ ਨਾਲ ਏਸੇ ਪਲਸਤਰ ਦੇ ਵਾਹ ਪਿਆ ਸਾਂ। ਉਹ ਦਿਨ, ਭਲਾ ਮੈਂ ਕਦੀ ਭੁੱਲ ਸਕਦਾਂ? ਉਦੋਂ ਉਂਝ ਵੀ ਮੈਂ ਡਾਢਾ ਕਾਹਲਾ ਤੇ ਛੋਹਲਾ ਜਿਹਾ ਸਾਂ। ਮੈਨੂੰ ਹਾਲੇ ਤੀਕਰ ਚੇਤਾ ਏ, ਮੈਂ ਕਿੰਨਾਂ ਕੁ ਕੁੱਪਤ ਤੇ ਰੌਲਾ ਪਾਇਆ ਸੀ। ਪਰ ਮਾਮਾ! ਉਹ ਮੇਰਾ ਵੀ ਮਾਮਾ ਸੀ! ਜਵਾਨੀ ਚੜ੍ਹਦੇ ਵੱਗੇ ਵਾਂਗੂੰ ਤ੍ਰਿਖਾ ਤੇ ਜ਼ੋਰਾਵਰ। ਏਸ ਉਮਰੇ ਵੱਗੇ ਨੂੰ, ਸੋਟੀ ਛੁਹਾ ਦਿਉ ਤੇ ਉਹ ਸਾਹਮਣੀ ਕੰਧ ਤੋਂ ਪਾਰ ਹੋ ਜਾਂਦਾ ਏ। ਮਾਮੇ ਦਾ ਸਰੀਰ ਏਡਾ ਕੁ ਜ਼ੋਰਾਵਰ ਤੇ ਨਾਚਾ ਸੀ ਕਿ ਕੀੜੀ ਵੀ ਉਸ ਤੇ ਚੜ੍ਹਦਿਆਂ ਡਰਦੀ ਸੀ, ਤੇ ਮੱਖੀ ਵੀ ਵਲਾ ਕੇ ਲੰਘਦੀ ਸੀ..........।

ਕੱਚ ਬੰਨ੍ਹ ਕੇ ਜਦੋਂ ਉਹ ਪਿੜ ਵਿਚ ਨਿਕਲਦਾ, ਸਾਹਮਣੇ ਦੇ ਖੇਡਕਾਰ, ਉਹਦੇ ਅੱਗੇ ਆਵਣ ਦਾ ਹੌਸਲਾ ਛਾਹ ਜਾਂਦੇ। ਸਾਹਮਣੇ ਵਾਲਿਆਂ ਦੇ ਮੁਕਾਬਲੇ ਤੇ ਫੇਰ ਈ ਅੱਗਦੋਂ, ਕਿਸੇ ਖੇਡਕਾਰ ਨੂੰ ਹੱਥ ਲਾ ਕੇ ਏਸ ਤਰ੍ਹਾਂ ਮੁੜ ਆਉਂਦਾ ਕਿ ਕੋਈ ਉਹਦੀ ਵਾਅ ਵੀ ਨਾ ਪਾ ਸਕਦਾ। ਹੈਰਾਨੀ ਦੀ ਗੱਲ ਏ ਨਾ, ਕਿ ਏਸ ਤਰ੍ਹਾਂ ਦਾ ਜ਼ੋਰ ਵਾਲਾ ਨਿੱਗਦਾ ਗਭਰੂ, ਪਲਸਤਰ ਪਾਰੋਂ, ਅਜਿਹੀ ਮਾਰੋ-ਮਾਰ ਤੇ ਅਜਿਹੇ ਰੋਵਣ, ਮਿੰਨਤਾਂ ਤੇ ਹਾਲ ਪਾਰ੍ਹਿਆ? ਡਾਕਟਰਾਂ ਤੇ ਕੰਪਾਊਡਰਾਂ ਅੱਗੇ ਹੱਥ ਜੋੜਦਾ, 'ਦੁਹਾਈ ਉਏ! ਮੇਰਾ ਪਲਸਤਰ ਖੋਲ੍ਹ ਦਿਉ! ਮੈਂ ਮਰ ਗਿਆ ਜੇ, ਅੱਲਾ ਦਾ ਵਾਸਤਾ!" ਉਹਦੇ ਏਹ ਸਾਰੇ ਵੈਣ ਤੇ ਰੋਣ ਏਵੇਂ ਨਹੀ ਸਨ। ਪੂਰੇ ਤਿੰਨ ਦਿਨ ਲੰਘ ਗਏ ਪਰ ਉਹਨੇ ਇਕ ਪਲ ਵੀ, ਨਾ ਦਿਨੇ, ਨਾ ਰਾਤੀਂ ਅੱਖ ਮੀਟ ਕੇ ਵੇਖੀ। ਨੀਂਦਰ ਤੇ ਜਿਵੇਂ ਉਹਦਾ ਰਾਹ ਈ ਭੁੱਲ ਗਈ ਸੀ। ਦਿਨ ਤੇ ਸ਼ੈਰ ਦੂਜਾ ਮੁਲਖ਼ ਵੀ ਜਾਗਦਾ ਏ, ਉਹ ਤੇ ਸਾਰੀ ਰਾਤ ਵੀ ਜਾਗਦਾ ਰਹਿੰਦਾ ਸੀ, ਰਾਤ ਦੀ ਖ਼ਾਮੋਸ਼ੀ ਵਿਚ ਦਸ ਦਾ ਘੰਟਾ ਵੱਜਦਾ, ਫੇਰ ਯਾਰਾਂ ਦਾ, ਫ਼ੇਰ ਬਾਰਾਂ ਦਾ.........ਉਹ ਜਾਗਦਾ ਹੁੰਦਾ। ਇਕ-ਇਕ ਪਲ ਗਿਣਦਾ, ਇਕ ਦਾ ਘੰਟਾ ਖੜਕਦਾ ........ਵੱਤ ਇਕ -ਇਕ ਪਲ ਗਿਣਦਾ, ਦੋ ਦਾ ਘੰਟਾ ਵੱਜਦਾ। ਫੇਰ ਤਿੰਨ ਦਾ.......ਫੇਰ ਚਹੁੰ ਦਾ ਵੀ। ਲੋਅ ਦਾ ਝਾਕਾ ਜਿਹਾ ਪੈਣ ਲੱਗ ਪੈਂਦਾ .......ਚਾਰ ਦਾ ਘੰਟਾ ਵੱਜਦਾ, ਮਸਜਿਦਾਂ ਵਿਚ ਕਿਧਰੇ-ਕਿਧਰੇ ਆਜ਼ਾਨਾਂ ਹੋਣ ਲੱਗ ਪੈਂਦੀਆਂ ਤੇ ਮੰਦਰਾਂ ਵਿੱਚੋਂ ਘੰਟੀਆਂ ਵੱਜਣ ਦੀਆਂ ਆਵਾਜ਼ਾਂ ਆਵਣ ਲੱਗ ਪੈਂਦੀਆਂ। ਪੰਜ ਵਜੇ ਚਾਨਣ ਹੋ ਜਾਂਦਾ। ਪਰ ਉਸਦੀਆਂ ਅੱਖਾਂ ਤੇ ਜਿਸਮ ਨੀਂਦਰ ਨੂੰ ਤਰਸ ਰਹੇ ਹੁੰਦੇ। ਤਰੀਜੇ ਦਿਨ, ਸਵੇਰੇ ਡਾਕਟਰ ਰਾਊਂਡ ਤੇ ਆਇਆ ਤੇ ਮਾਮਾ, ਧਾਹਾਂ ਮਾਰ ਕੇ ਰੋਣ ਲੱਗ ਪਿਆ। ਆਖਿਆ ਸੂ , "ਪਲਸਤਰ ਖੋਲ੍ਹ ਦਿਉ, ਨਹੀਂ ਤੇ ਲੱਤ ਵੀ ਵੱਢ ਦਿਉ।"

ਡਾਕਟਰ ਪ੍ਰਦੁਮਨ ਸਿੰਘ ਆਖਣ ਲੱਗਾ, "ਬੜਾ ਈ ਨਿਕਰਮਾ ਜਵਾਨ ਏ, ਤੇਰਾ ਪਿਉ ਤੇ ਆਖਦਾ ਸੀ ਕਿ, 'ਮੇਰੇ ਪੁੱਤ ਨੂੰ ਕੱਬਡੀ ਵਿਚ ਕੋਈ ਜਾਫ਼ੀ ਫੜ ਈ ਨਹੀਂ ਸਕਦਾ। ਪਰ ਤੂੰ ਤੇ ਕਤੂਰੇ ਵਾਂਗਣ ਰੋਵਣ ਲੱਗ ਪਿਆਂ ਏਂ।"

"ਡਾਕਟਰ ਜੀ! ਮੈਂ ਤਦੇ ਈ ਰੋਨਾਂ! ਮੈਨੂੰ ਅੱਜ ਤੀਕਰ ਕਿਸੇ ਫੜਿਆ ਈ ਨਹੀਂ ਸੀ, ਤੁਹਾਡੇ ਪਲਸਤਰ ਨੇ ਈ, ਹਯਾਤੀ ਵਿਚ ਪਹਿਲੀ ਵਾਰੀ ਮੈਨੂੰ ਲੱਤੋਂ ਫੜ ਲਿਆ ਏ।"

ਡਾਕਟਰ ਪ੍ਰਦੁਮਨ ਸਿੰਘ ਹੱਸ ਪਿਆ ਤੇ ਆਖਣ ਲੱਗਾ, " ਸੱਚ ਆਖਿਆ ਈ, ਤੇਰਾ ਪਲਸਤਰ ਮੈਂ ਖੋਲ੍ਹ ਦਿਆਗਾਂ। ਉਂਝ, ਅਸੀਂ ਪਲਸਤਰ ਤਿੰਨਾਂ ਮਹੀਨਿਆਂ ਤੋਂ ਪਹਿਲੋਂ ਕਦੀ ਨਹੀਂ ਖੋਲ੍ਹਦੇ, ਪਰ ਤੇਰੀ ਲੱਤ ਦੇ ਚੁਫੇਰੇ ਖਿੱਚੀਆਂ ਬੰਨ੍ਹਣੀਆਂ ਪੈਣਗੀਆਂ ਤੇ ਪੈਰ ਦੇ ਥੱਲੇ ਲਕੜੀ ਰੱਖ ਕੇ 'ਕਲਾਂ' ਨਾਲ ਜਕੜਨਾਂ ਪਵੇਗਾ। ਬੋਲ! ਏਹਦੇ ਲਈ ਤਿਆਰ ਏਂ?"

ਮਾਮਾ ਆਖਣ ਲੱਗਾ, "ਤੁਸੀਂ ਭਾਵੇਂ ਮੇਰੀਆਂ ਬੋਟੀਆਂ ਵੱਢ ਲਉ, ਪਰ ਏਸ ਪਲਸਤਰ ਤੋਂ ਮੇਰੀ ਜਾਨ ਛੁਡਾਓ।"

ਇਕ ਦਿਨ ਮੌਕਿਆ ਵੇਖ ਕੇ, ਮੈਂ ਡਾਕਟਰ ਪ੍ਰਦੁਮਨ ਸਿੰਘ ਹੋਰਾਂ ਨੂੰ ਦੱਸਿਆ, "ਡਾਕਟਰ ਸਾਹਿਬ ਤਹਾਨੂੰ ਖੌਰੇ ਯਾਦ ਏ ਕਿ ਨਹੀਂ, ਨਿੱਕੇ ਹੁੰਦਿਆਂ ਤੁਸੀਂ ਮੇਰੀ ਬਾਹੀਂ ਦਾ ਇਲਾਜ ਕੀਤਾ ਸੀ। ਅੱਲਾ ਨੇ ਤੁਹਾਡੇ ਹੱਥ ਵਿਚ ਸ਼ਫ਼ਾ ਦਿੱਤੀ ਏ। ਮੈਂ ਭਲਾ-ਚੰਗਾਂ ਆਂ, ਤੇ ਮੇਰੀ ਬਾਹੀਂ ਪੂਰੀ ਤਰ੍ਹਾਂ ਕੰਮ ਕਰਦੀ ਏ।" ਡਾਕਟਰ ਪ੍ਰਦੁਮਨ ਸਿੰਘ ਨੇ ਮੈਨੂੰ ਆਪਣੀ ਚਮਕਾਰੇ ਮਾਰਦੇ ਸ਼ੀਸ਼ਿਆਂ ਵਾਲੀ ਐਨਕ ਦੇ ਪਿਛਿਓਂ ਘੂਰਦਿਆਂ ਬਹੁਤ ਈ ਹੈਰਾਨੀ ਨਾਲ ਵੇਖਿਆ। ਫੇਰ ਜਿਵੇਂ ਉਹਨੂੰ ਕੁਝ ਯਾਦ ਆ ਗਿਆ, "ਹੱਛਾ ! ਤੂੰ ਉਹੋ ਏਂ, ਉਹ ਨਿੱਕਾ ਜਿਹਾ ਬਾਲੜਾ, ਜਿਹੜਾ ਸਕੂਲ ਤੋਂ ਨੱਠ ਕੇ ਜਾਮਨੂੰ ਦੇ ਰੁੱਖ ਤੇ ਚੜ੍ਹਿਆ ਹੋਇਆ ਸੀ.......।ਉਹੋ ਈ, ਜਿਹਨੇ ਆਖਿਆ ਸੀ ਕਿ ਘਰ ਜਾਣ ਦੀ ਇਜਾਜ਼ਤ ਦੇ ਦਿਓ ਤੇ ਸਿੱਖ ਹੋ ਜਾਵਾਂਗਾ। "

*******

ਇਕ ਵਾਰੀ ਡਾਕਟਰ ਪ੍ਰਦੁਮਨ ਸਿੰਘ ਤੇ ਥਾਣੇ ਦੇ ਐੱਸ.ਐੱਚ.ਓ. 'ਸੰਧੂ' ਵਿਚ ਬੜਾ ਇੱਟ-ਖੜੱਕਾ ਹੋ

ਗਿਆ। ਸੰਢੂ ਜਿਹਾ ਥਾਣੇਦਾਰ, ਸਾਡੇ ਥਾਣੇ ਵਿਚੋਂ ਪਹਿਲੋਂ ਤੇ ਕੀ, ਹਾਲੇ ਤੀਕਰ ਵੀ ਕੋਈ ਨਹੀਂ ਆਇਆ। ਨਾਂ ਤੇ ਖੌਰੇ ਕੀ ਸੀ? ਪਰ ਉਹਦਾ ਜੁੱਸਾ ਏਡਾ ਕੁ ਦਰਸ਼ਨੀ, ਵਰਜਸ਼ੀ ਸੀ ਕਿ ਲੋਕੀਂ ਉਹਨੂੰ ਆਹਦੇਂ ਈ 'ਸੰਢੂ' ਥਾਣੇਦਾਰ ਸਨ । ਡਾਢਾ ਤੇ ਸਖ਼ਤ ਵੀ ਉਹ ਰੱਜ ਕੇ ਸੀ। ਆਪਣੇ ਦਿਹਾੜਿਆਂ ਵਿਚ, ਓਸ ਨੇ ਰਾਤੀਂ ਚੱਲਦਿਆਂ ਊਠਾਂ ਦੇ ਗਲਾਂ ਵਿਚ ਵੀ ਬੱਲਦੀਆਂ ਬੱਤੀਆਂ ਬੰਨ੍ਹਵਾ ਦਿੱਤੀਆਂ ਸਨ। ਚੋਰਾਂ-ਡਾਕੂਆਂ ਨੂੰ ਉਹ ਲਲਕਾਰ ਕੇ ਲੈਂਦਾ। ਉਹਨਾਂ ਦੇ ਪਿੱਛੇ ਘੋੜਾ ਪਾ ਕੇ ਉਹਨਾਂ ਨੂੰ ਫੜਦਾ ਤੇ ਆਪਣੇ ਹੱਥੀ ਅਜਿਹੀ ਮਾਰ ਦੇਂਦਾ ਕਿ ਜਿਸ ਥਾਣੇ ਵਿਚ ਉਹ ਜਾਂਦਾ, ਚੋਰ, ਡਾਕੂ ਤੇ ਜ਼ਰਾਇਮ-ਪੇਸ਼ਾ ਉੱਥੋਂ ਮੂੰਹ ਕਾਲਾ ਕਰ ਕੇ ਜਾਂਦੇ। ਸੀ ਵੀ, ਤੇ ਉਹ ਬੇਰਹਿਮ ਜਿਹਾ, ਜ਼ਬਰਜੰਗ ਤੇ ਛਿੱਤਰਮਾਰ।

ਮੇਰੇ ਕਸਬੇ ਦੀ ਸਦਾ ਤੋਂ ਸ਼ੁਹਰਤ ਏ, ਕਿ ਏਥੇ ਅੱਖਾਂ ਬਣਦੀਆਂ ਨੇ। ਗੱਲ ਏਹ ਵੇ, ਕਿ ਏਸ ਸਾਰੇ ਇਲਾਕੇ ਤੇ ਏਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਮਿੱਟੀ-ਘੱਟਾ ਤੇ ਧੂੜ ਬਹੁਤ ਏ। ਕੱਲਰ ਤੇ ਸੇਮ ਦੇ ਮੂਜਬ, ਵਾਅ ਹਰ ਵੇਲੇ ਮਿੱਟੋ-ਮਿੱਟੀ ਰਹਿੰਦੀ ਏ। ਏਹਦੀ ਵਜ੍ਹਾ ਨਾਲ ਕੁੱਕਰੇ, ਜਿਹਨਾਂ ਨੂੰ ਡਾਕਟਰ ਲੋਕ 'ਟਰਾਕੋਮਾ' ਸੱਦਦੇ ਨੇ, ਦਾ ਮਰਜ਼ ਬਹੁਤਾ ਈ ਵਧਦਾ ਏ। ਏਹਦੇ ਇਲਾਜ ਲਈ ਚੂੰਕਿ ਡਾਕਟਰ ਵੀ ਚਾਹੀਦਾ ਏ, ਏਹੋ ਈ ਕਰਕੇ ਡਾਕਟਰ ਪ੍ਰਦੂਮਨ ਸਿੰਘ ਦੀ ਗਿਣਤੀ, ਸੂਬੇ ਦੇ ਬਹੁਤੇ ਈ ਲਾਇਕ ਅੱਖਾਂ ਦੇ ਡਾਕਟਰਾਂ ਵਿਚ ਹੁੰਦੀ ਸੀ। ਬਲਕਿ ਅੱਜ ਵੀ ਮੇਰੇ ਕਸਬੇ ਦੇ ਸਿਵਲ ਹਸਪਤਾਲ ਵਿਚ, ਉਸੇ ਡਾਕਟਰ ਨੂੰ ਲਾਂਦੇ ਨੇ ਜਿਹੜਾ ਅੱਖਾਂ ਦਾ ਚੰਗਾ ਸਿਆਣਾ ਹੋਵੇ।

ਅੱਖਾਂ ਸਾਲ ਵਿਚ ਦੋ ਵਾਰੀ ਬਣਦੀਆਂ ਨੇ। ਫੱਗਣ-ਚੇਤਰ ਤੇ ਵੱਤ ਅੱਸੂ-ਕੱਤਕ ਵਿਚ। ਉਹਨਾਂ ਦਿਹਾੜਿਆਂ ਵਿਚ ਮੇਰੇ ਸ਼ਹਿਰ, ਮਰੀਜ਼ਾਂ ਤੇ ਉਹਨਾਂ ਦੇ ਵਾਲੀ ਵਾਰਸਾਂ ਦਾ ਏਡਾ ਕੁ ਹਜੂਮ ਹੁੰਦਾ ਏ ਕਿ ਮੇਲੇ ਤੋਂ ਵੀ ਵੱਧ। ਹਸਪਤਾਲ ਦੇ ਅੰਦਰ ਤੇ ਬਾਹਰ ਤੇ ਹਰ ਪਾਸੇ, ਇੱਥੋਂ ਤੀਕਰ ਕਿ ਸੜਕਾਂ ਤੇ ਵੀ ਮਰੀਜਾਂ ਦੀਆਂ ਮੰਜੀਆਂ ਈ ਮੰਜੀਆਂ ਵਿਖਾਲੀ ਦਿੰਦੀਆਂ ਨੇ। ਹਸਪਤਾਲ ਦਾ ਅਮਲਾ, ਉਹਨਾਂ ਦਿਨਾਂ ਵਿਚ ਏਡਾ ਕੁ ਰੁਝ ਜਾਂਦਾ ਏ ਕਿ ਉਹਨੂੰ ਸਿਰ ਖੁਰਕਣ ਦਾ ਵਿਹਲ ਨਹੀ ਲੱਭਦਾ। ਨਵੇਂ ਹੋਟਲ ਤੇ ਦੁਕਾਨਾਂ ਖੁਲ੍ਹ ਜਾਂਦੀਆਂ ਨੇ। ਲੋਕਾਂ ਨੂੰ ਰੋਜ਼ਗਾਰ ਵੀ ਲੱਭ ਜਾਂਦੇ ਨੇ। ਖ਼ਾਸ ਕਰਕੇ ਕਿਰਾਏ ਤੇ ਮੰਜੀ ਬਿਸਤਰਾ ਦੇਣ ਵਾਲੇ ਤੇ ਦੋਨਾਂ ਹੱਥਾਂ ਨਾਲ ਲੁੱਟ ਰਹੇ ਹੁੰਦੇ ਨੇ।

ਉਹਨਾਂ ਈ ਦਿਨਾਂ ਦੀ ਗੱਲ ਏ, ਕਿ ਥਾਣੇ ਜਿਹੜਾ ਹਸਪਤਾਲ ਦੇ ਗੁਆਂਢ ਵਿਚ ਈ ਏ, ਜਿਸ ਦੇ ਅੱਗੇ-ਪਿੱਛੇ ਉਹਨਾਂ ਦਿਨਾਂ ਵਿਚ ਮੰਜੀਆਂ ਈ ਮੰਜੀਆਂ ਈ ਹੁੰਦੀਆਂ ਨੇ, ਦੇ ਸਾਹਮਣੇ ਦੀਆਂ ਮੰਜੀਆਂ ਤੋਂ ਇਕ ਮਰੀਜ਼ ਉੱਠਿਆ। ਉਹਦੀ ਇਕ ਅੱਖ 'ਤੇ ਅਪਰੇਸ਼ਨ ਦੇ ਬਾਅਦ ਵਾਲੀ ਸਾਵੀ ਟਾਕੀ ਸੀ ਤੇ ਦੂਜੀ ਅੱਖ ਦੀ ਨਜ਼ਰ-ਨਿਗਾਹ ਵੀ ਮੁੱਢੋਂ ਕਮਜ਼ੋਰ ਸੀ। ਵਿਚਾਰੇ ਨੂੰ ਰਾਹ ਦੀ ਸੁਜਾਖ ਤੇ ਹੈ ਨਹੀਂ ਸੀ। ਗ਼ਲਤੀ ਨਾਲ ਥਾਣੇ ਵੱਲ ਮੂੰਹ ਕਰ ਕੇ ਥਾਣੇ ਦੀ ਜ਼ਮੀਨ ਤੇ ਪਿਸ਼ਾਬ ਕਰਨ ਲੱਗ ਪਿਆ। ਸੰਢੂ ਥਾਣੇਦਾਰ ਦੀ ਨਜ਼ਰ ਪੈ ਗਈ। ਜਾਣੋਂ ਅੱਗ ਲੱਗ ਗਈ ਸੂ, ਕਿ ਸ਼ਤਾਬੀ ਨਾਲ ਉੱਠਿਆ, ਤੇ ਆਉਂਦਿਆਂ ਈ ਜੋਹੀ ਚਪੇੜ ਮਾਰੀ ਸੂ, ਕਿ ਬੁੱਢਾ ਵਿਚਾਰਾ ਲੇਟਣੀਆਂ ਖਾਂਦਾ ਕਿੱਧਰੇ ਦਾ ਕਿੱਧਰੇ ਜਾ ਪਿਆ।

ਉਸੇ ਦਿਨ ਲੌਢੇ ਵੇਲੇ, ਡਾਕਟਰ ਪ੍ਰਦੂਮਨ ਸਿੰਘ ਮਰੀਜ਼ਾਂ ਦੇ ਰਾਊਂਡ ਤੇ ਨਿਕਲਿਆ। ਬੁੱਢੇ ਦੀ ਅਪਰੇਸ਼ਨ ਵਾਲੀ ਅੱਖ ਦਾ ਸੱਤਿਆਨਾਸ ਵੇਖ ਕੇ ਤੜਫ਼ ਜਿਹਾ ਪਿਆ। ਆਖਣ ਲੱਗਾ, "ਬਾਬਾ ! ਕੰਧਾਂ ਨਾਲ ਭਿੜਦਾ ਰਿਹਾ ਏਂ ? ਬੇਸੁਰਤਿਆ! ਮੇਰੀ ਮਿਹਨਤ ਵੀ ਬਰਬਾਦ ਕਰ ਛੱਡੀ ਉ ........। " ਫੇਰ ਅਫ਼ਸੋਸ ਨਾਲ ਹੱਥ ਮਲਦਿਆਂ ਹੋਇਆ ਬੋਲਿਆ,"ਤੇਰੀ ਅੱਖ ਤੇ ਮੁੱਢੋਂ, ਮੁੱਕ ਈ ਗਈ ਏ। ਏਹਦੇ ਵਿਚ ਨਜ਼ਰ-ਨਿਗਾਹ ਹੁਣ ਕਦੀ ਵੀ ਨਹੀਂ ਆਣੀ। ਆਪਣੀ ਅੱਖ ਨਾਲ ਏਹ ਕੀ ਜ਼ੁਲਮ ਕੀਤਾ ਈ ?"

ਬੁੱਢਾ ਦਹਾੜਾਂ ਮਾਰ-ਮਾਰ ਕੇ ਰੋਵਣ ਲੱਗ ਪਿਆ, "ਮੈਨੂੰ ਸੰਢੂ ਥਾਣੇਦਾਰ ਨੇ ਮਾਰਿਆ ਈ।"

"ਕਿਉਂ ਮਾਰਿਆ ਸੂ, ਸੰਢੂ ਥਾਣੇਦਾਰ ਨੇ ?"

"ਏਸ ਗਲਤੀ 'ਚ ਕਿ ਮੈਂ ਥਾਣੇ ਅੰਦਰ ਪਿਸ਼ਾਬ ਕਰਨ ਚਲਾ ਗਿਆ ਸਾਂ। ਮੈਨੂੰ ਅੱਗੇ, ਮੂਹੜੇ ਨੂੰ ਕੀ ਪਤਾ ਸੀ ਏਹ ਥਾਣਾ ਏ? ਪਰ ਸੰਢੂ ਥਾਣੇਦਾਰ ਨੇ ਮੇਰੀ ਤੇ ਮਿੱਝ ਈ ਕੱਢ ਦਿੱਤੀ ਸੂ।"

ਡਾਕਟਰ ਪ੍ਰਦੂਮਨ ਸਿੰਘ ਨੂੰ ਚੁਆਤੀ ਤੇ ਬੜੀ ਲੱਗੀ, ਪਰ ਅਫ਼ਸੋਸ ਨਾਲ ਹੱਥ ਮਲਣ ਦੇ ਸਿਵਾ ਉਹ ਕੁੱਝ ਕਰ ਨਹੀਂ ਸੀ ਸਕਦਾ। ਫੇਰ ਕੁਝ ਸੋਚ ਕੇ ਉਸਨੇ ਰੋਂਦੇ ਹੋਏ ਬੁੱਢੇ ਦੇ ਮੋਢਿਆਂ ਤੇ ਥਾਪੀ ਦਿੱਤੀ ਤੇ ਤੱਸਲਾ ਦੇਂਦਿਆਂ ਹੋਇਆ ਆਖਣ ਲੱਗਾ, "ਬਾਬਾ ਚੁੱਪ ਹੋ ਜਾ, ਤੇਰੀ ਏਹ ਅੱਖ ਤੇ ਏਡੀ ਨਕਾਰਾ ਹੋ ਗਈ ਏ, ਕਿ ਹੁਣ ਕਦੀ ਵੀਂ ਬਣ ਨਹੀਂ ਸਕਦੀ। ਪਰ ਮੈਂ ਤੇਰੀ ਦੂਜੀ ਅੱਖ ਆਪਣਾ ਹਰ ਚਾਰਾ ਲਾ ਕੇ ਬਣਾਵਾਂਗਾ। ਨਾਲ ਈ ਸੰਢੂ ਥਾਣੇਦਾਰ 'ਤੇ ਤੇਰੇ ਵਲੋਂ ਕੇਸ ਕਰਾਂਗਾ। ਏਹ ਕੇਸ ਮੈਂ ਖ਼ੁਦ 'ਫੈਡਰਲ-ਕੋਰਟ' ਤੱਕ ਲੜਾਂਗਾ। ਤੈਨੂੰ ਪੂਰਾ-ਪੂਰਾ ਹਰਜਾਨਾ ਲੈ ਕੇ ਦਿਆਂਗਾਂ। ਮੈਨੂੰ ਯਕੀਨ ਏ, ਦੁਨੀਆਂ ਦੀ ਹਰ ਅਦਾਲਤ ਸੰਢੂ ਥਾਣੇਦਾਰ ਦੀ ਏਸ ਗ਼ੈਰ-ਇਨਸਾਨੀ ਹਰਕਤ ਨੂੰ ਕਦੇ ਵੀ ਚੰਗੀ ਨਜ਼ਰ ਨਾਲ ਨਹੀਂ ਵੇਖੇਗੀ ਤੇ ਉਹਨੂੰ ਜ਼ਾਲਮ ਤੇ ਮੁਜ਼ਰਿਮ ਆਖੇਗੀ।"

ਕਸਬਿਆਂ ਦੇ ਮੈਡੀਕਲ ਅਫ਼ਸਰ, 'ਐਮ. ਓ.', ਯਾਨੀ ਇੰਨਚਾਰਜ ਹਸਪਤਾਲ ਤੇ 'ਐਸ. ਐਚ. ਓ.', ਯਾਨੀ ਸਟੇਸ਼ਨ ਹਾਊਸ ਅਫ਼ਸਰ ਯਾਨੀ ਇਨਚਾਰਜ ਥਾਣਾ ਦੇ ਵਿਚਕਾਰ ਡੂੰਘੇ ਤੁਅੱਲਕ ਹੁੰਦੇ ਨੇ। ਦੋਵੇਂ ਇਕ ਦੂਜੇ

ਦੇ ਤਾਲਮੇਲ ਨਾਲ ਚੱਲਦੇ ਨੇ ਤੇ ਏਹਦੇ ਵਿਚ ਆਪਣਾ ਭਲਾ ਸਮਝਦੇ ਨੇ। ਅਖ਼ਤਿਆਰ ਦੋਹਾਂ ਦੇ ਭਾਵੇਂ ਇਕ ਦੂਜੇ ਤੋਂ ਅੱਡੋ-ਅੱਡ ਹੁੰਦੇ ਨੇ, ਪਰ ਕਈਆਂ ਮੌਕਿਆਂ ਤੇ ਉਹਨਾਂ ਦਾ ਮੁਫ਼ਾਦ ਰਲ ਵੀ ਜਾਂਦਾ ਏ। ਏਹੀਓ ਕਰ ਕੇ ਦੋਨ੍ਹਾਂ ਵਿਚ ਆਮ ਤੌਰ ਤੇ ਵਾਹਵਾ ਯਾਰੀ ਵੇਖੀ ਗਈ ਏ, ਖਾਸ ਤੌਰ ਤੇ ਉਹ ਇਕ ਦੂਜੇ ਦੇ ਮੁਕਾਬਲੇ ਵਿਚ ਤੇ ਕਦੀ ਨਹੀਂ ਆਉਂਦੇ । ਪਰ ਡਾਕਟਰ ਪ੍ਰਦੁਮਨ ਸਿੰਘ ਆਪਣੇ ਇਕ ਮਰੀਜ਼ ਲਈ ਸੰਧੂ ਥਾਣੇਦਾਰ ਦੇ ਅੱਗੇ ਆਕੜ ਕੇ ਖਲੋ ਗਿਆ। ਸੰਧੂ ਥਾਣੇਦਾਰ 'ਤੇ ਨਾ ਸਿਰਫ਼ ਮੁਕੱਦਮਾ ਚਲਾਇਆ ਸਗੋਂ ਡਾਕਟਰ ਪ੍ਰਦੁਮਨ ਸਿੰਘ ਨੇ ਉਸ ਦੀ ਏਸ ਜ਼ਾਲਮਾਨਾ ਕਰਤੂਤ ਦੇ ਖ਼ਿਲਾਫ਼, ਉਹਦੇ ਉੱਤਲੇ ਅਫਸਰਾਂ ਕੋਲ ਜਾ-ਜਾ ਕੇ, ਉਹਨਾਂ ਦੇ ਅੱਗੇ ਆਪਣੇ ਮਰੀਜ਼ ਨੂੰ ਹੋਵਣ ਵਾਲੇ ਨੁਕਸਾਨ ਦੀ ਅਜਿਹੀ ਵਕਾਲਤ ਕੀਤੀ ਕਿ ਸੰਧੂ ਵਾਂਗ ਦਾ ਅੰਗਰੇਜ਼ ਐਸ. ਪੀ. ਦਾ ਮਨਜ਼ੂਰ-ਨਜ਼ਰ, ਥਾਣੇਦਾਰ ਮੁਅਤਲ ਹੋ ਕੇ ਘਰੀਂ ਜਾ ਬੈਠਾ।

*******

ਮੈਨੂੰ ਚੇਤਾ ਏ ਏਸ ਗੱਲ ਦੇ ਛੇਤੀ ਈ ਮਗਰੋਂ ਪਾਕਿਸਤਾਨ ਬਣ ਗਿਆ। ਹਿੰਦੁਸਤਾਨ ਨੂੰ ਗੋਰਿਆਂ ਨੇ ਦੋ ਹਿੱਸਿਆਂ ਵਿਚ ਵੰਡ ਕੇ ਆਜ਼ਾਦੀ ਦੇ ਦਿੱਤੀ ਤੇ ਆਪ ਇਥੋਂ ਜਾਂਦੇ ਹੋਏ। ਸ਼ੁਰੂ ਵਿਚ ਏਹ ਕਿਸੇ ਦੇ ਦਿਮਾਗ਼ ਵਿਚ ਈ ਨਹੀਂ ਸੀ, ਬਈ ਏਹ ਵੰਡ ਅਜਿਹੀ ਪੱਕੀ ਤੇ ਲੋਹੇ-ਲੀਕ ਹੋਣੀ ਏ। ਸਦੀਆਂ ਤੋਂ ਅਸੀਂ ਇਕ ਮੁਲਕ ਵਿਚ ਰਲ-ਮਿਲ ਕੇ ਰਹਿੰਦੇ ਸਾਂ, ਏਸ ਕਰਕੇ ਇਸ ਤਰ੍ਹਾਂ ਦੀ ਵੰਡ ਬਨਾਉਟੀ ਜਿਹੀ ਲੱਗਦੀ ਸੀ। ਹੋ ਸਕਦਾ ਏ, ਹੁਣ ਬਹੁਤੇ ਲੋਕਾਂ ਨੂੰ ਪਤਾ ਈ ਨਾ ਹੋਵੇ ਕਿ ਉਦੋਂ ਸਰਕਾਰ ਦੇ ਮੁਲਾਜ਼ਮਾਂ ਨੂੰ ਹੱਕ ਦਿੱਤਾ ਗਿਆ ਸੀ ਪਈ ਉਹ, ਮਜ਼੍ਹਬ ਤੋਂ ਅੱਡ ਜਿਸ ਵੀ ਮੁਲਕ ਵਿਚ ਨੌਕਰੀ ਕਰਨਾ ਚਾਹਵਨ, ਉਹਦੀ ਆਪਸ਼ਨ ਦੇ ਸਕਦੇ ਨੇ ਬਹੁਤ ਸਾਰੇ ਸਰਕਾਰੀ ਮੁਲਾਜ਼ਮਾਂ ਨੇ ਆਪਣੇ ਮਜ਼੍ਹਬ ਦੇ ਉਲਟ ਨੌਕਰੀ ਕਰਨਾ ਪਸੰਦ ਕੀਤਾ ਸੀ। ਡਾਕਟਰ ਪ੍ਰਦੁਮਨ ਸਿੰਘ ਨੇ ਭਾਰਤ ਵਿਚ ਮੁਲਾਜ਼ਮਤ ਦੀ ਆਪਸ਼ਨ ਦਿੱਤੀ। ਇਲਾਕੇ ਦੇ ਲੋਕਾਂ ਨੂੰ ਬਹੁਤੀ ਸਾਰੀ ਹੈਰਾਨੀ ਹੋਈ। ਉਸ ਨੂੰ ਤੇ ਏਸ ਧਰਤੀ ਤੇ ਏਸ ਮਿੱਟੀ ਨਾਲ ਬੜਾ ਪਿਆਰ ਸੀ। ਪਰ ਹੁਣ, ਉਹਨੇ ਏਹ ਫੈਸਲਾ ਕਿਉਂ ਕਰ ਲਿਆ ਸੀ? ਉਹਦੇ ਜਾਣ ਨਾਲ ਤੇ ਸ਼ਹਿਰ ਉੱਜੜ ਜਾਏਗਾ। ਉਸ ਵਾਂਗ ਦਾ ਸਿਆਣਾ ਤੇ ਮਾਹਰ ਤੇ ਨਾਲੇ ਬੰਦਿਆਂ ਦੇ ਦੁੱਖ- ਸੁੱਖ ਸਮਝਣ ਵਾਲਾ ਡਾਕਟਰ, ਭਲਾਂ ਕਿੱਥੋਂ ਆਏਗਾ? ਏਹ ਅੱਖਾਂ ਦੇ ਮਰੀਜ਼, ਜਿਹੜੇ ਸਾਲ ਵਿਚ ਦੋ ਵਾਰੀ ਇੰਨੀ ਕੁ ਤਾਦਾਦ ਵਿਚ ਇੱਥੇ ਆਉਂਦੇ ਨੇ ਜਿਵੇਂ ਏਹ ਸ਼ਹਿਰ ਨਾਬੀਨਿਆਂ ਦਾ 'ਮੱਕਾ' ਹੋਵੇ! ਉਹ ਫਿਰ ਕਿੱਥੇ ਜਾਣ ਕਰਨਗੇ? ਅੱਲਾ ਕਰੇ! ਡਾਕਟਰ ਆਪਣਾ ਫੈਸਲਾ ਬਦਲ ਈ ਦੇਵੇ। ਅੰਨਿਆਂ ਮੂੜ੍ਹਿਆਂ ਪਿੱਛੇ, ਜਾਂ ਉਹਨਾਂ ਲੋਕਾਂ ਪਿੱਛੇ, ਜਿਹਨਾਂ ਦੇ ਵਿਚਕਾਰ ਉਹ ਏਨੇ ਵਰ੍ਹੇ ਰਿਹਾ ਏ। ਉਹਨਾਂ ਲੋਕਾਂ ਪਿੱਛੇ, ਜਿਹੜੇ ਉਹਦੇ ਦੁੱਖ-ਸੁੱਖ ਦੇ ਸਾਥੀ ਰਹੇ ਨੇ......, ਉਹਨੂੰ ਆਪਣਾ ਫੈਸਲਾ ਬਦਲਣਾ ਪਵੇਗਾ। ਉਹਨੇ ਅਜੇ ਤੀਕਰ ਇੱਥੋਂ ਦੀ ਲੁਕਾਈ ਦੀ ਸੇਵਾ ਤੇ ਇਲਾਜ ਵਿਚ ਕਦੀ ਵੀ ਕੁਤਾਹੀ ਨਹੀਂ ਕੀਤੀ, ਕਦੀ ਵੀ ਕੋਈ ਕਸਰ ਨਹੀਂ ਛੱਡੀ ਤੇ ਹੁਣ ਭਲਾਂ, ਏਡਾ ਬਿਗਾਨਾ ਕਿਉਂ ਹੋ ਜਾਵੇਗਾ? ਉਹਨੂੰ ਏਥੇ ਈ ਰਹਿਣਾ ਚਾਹੀਦਾ ਏ। ਭਾਰਤ ਵਿਚ ਹੋਰ ਡਾਕਟਰ ਥੋੜ੍ਹੇ ਨੇ!

ਸ਼ਹਿਰ ਦੇ ਸਿਰਕੱਢ ਲੋਕੀ ਇਕੱਠ ਕਰਕੇ ਡਾਕਟਰ ਪ੍ਰਦੁਮਨ ਸਿੰਘ ਕੋਲ ਜਾਂਦੇ ਤੇ ਆਹਦੇ, "ਡਾਕਟਰ ਸਾਹਿਬ! ਸਾਡਾ ਸ਼ਹਿਰ ਛੱਡ ਕੇ ਨਾ ਜਾਓ!, ਤੁਸੀਂ ਏਥੋਂ ਕਿਉਂ ਪਏ ਜਾਂਦੇ ਓ? ਤੁਹਾਨੂੰ ਏਥੇ ਕਿਸ ਸ਼ੈਅ ਦਾ ਘਾਟਾ ਏ? ਰਿਟਾਇਰਮੈਂਟ ਦੇ ਮਗਰੋਂ, ਜੇ ਤੁਹਾਡਾ ਆਪਣਾ ਹਸਪਤਾਲ ਬਨਾਣ ਦਾ ਵਿਚਾਰ ਹੋਵੇ ਤੇ ਅਸੀਂ ਚੰਦੇ, ਪੈਸੇ ਹਰ ਤਰ੍ਹਾਂ ਨਾਲ ਤੁਹਾਡੀ ਮੱਦਦ ਕਰਾਂਗੇ। ਤੁਸੀ ਤੇ ਇਲਾਕੇ ਦੀ ਬਹੁਤੀ ਈ ਸੇਵਾ ਕੀਤੀ ਏ, ਜੇ ਚਾਹੋਗੇ ਤੇ ਸ਼ਹਿਰ ਦੀ ਕਮੇਟੀ ਹਸਪਤਾਲ ਬਨਾਣ ਲਈ ਤੁਹਾਨੂੰ ਜ਼ਮੀਨ ਮੁਫ਼ਤੋ-ਮੁਫ਼ਤ ਦੇ ਦੇਵੇਗੀ। ਤੁਹਾਡੇ ਅਹਿਸਾਨ ਭਲਾਂ ਅਸੀਂ ਕਿਧਰੇ ਲਾਹ ਸਕਨੇਂ ਆਂ! ਅੱਲਾ, ਤੋਬਾ! ਤੁਹਾਨੂੰ ਕਿੱਧਰੇ ਸਾਡੇ ਡਰ ਖ਼ਤਰੇ ਦਾ ਖ਼ਿਆਲ ਤੇ ਨਹੀਂ? ਤੁਸੀਂ ਸਾਡੇ ਮੁਹਸਿਨ ਓ, ਯਕੀਨ ਕਰਿਆ ਜੇ! ਕੋਈ ਤੁਹਾਡਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਸਾਡੀਆਂ ਲਾਸ਼ਾਂ ਤੋਂ ਦੀ ਲੰਘ ਕੇ ਈ ਕੋਈ ਤੁਹਾਡੇ ਵੱਲ ਆਵੇਗਾ।"

ਮੈਂ ਉਹਨਾਂ ਦਿਨਾਂ ਵਿਚ ਮੈਟ੍ਰਿਕ ਪਾਸ ਕਰ ਕੇ ਮਿਉਂਸਪਲ ਕਮੇਟੀ ਵਿਚ ਕਲਰਕ ਭਰਤੀ ਹੋ ਗਿਆ ਸਾਂ। ਇਕ ਵਾਰੀ ਮੈਂ ਵੀ ਸ਼ਹਿਰ ਦੇ ਕੁਝ ਵੱਡੇ ਲੋਕਾਂ ਨਾਲ ਮਿਲ ਕੇ ਡਾਕਟਰ ਪ੍ਰਦੁਮਨ ਸਿੰਘ ਹੋਰਾਂ ਕੋਲ ਹਾਜ਼ਰੀ ਦਿੱਤੀ। ਡਾਕਟਰ ਪ੍ਰਦੁਮਨ ਸਿੰਘ ਨੇ ਸਾਡੀ ਅਰਜ਼ ਨੂੰ ਬੜੇ ਸਹਿਜ-ਸੁਭਾਅ ਤੇ ਤਵੱਜੋਂ ਨਾਲ ਸੁਣਿਆ। ਜਿਹੜਾ ਉੱਤਰ ਦਿੱਤਾ ਉਹ ਅੱਜ ਵੀ ਮੈਨੂੰ ਅੱਖਰ-ਅੱਖਰ ਯਾਦ ਏ। ਸਗੋਂ ਮੈਨੂੰ ਹੈਰਤ ਹੁੰਦੀ ਏ ਕਿ ਡਾਕਟਰ ਪ੍ਰਦੁਮਨ ਸਿੰਘ, ਜਿਹਦੀ ਪਛਾਣ ਸਾਡੇ ਕੋਲ ਏਹੀਓ ਸੀ ਕਿ ਬੜਾ ਈ ਸਿਆਣਾ ਡਾਕਟਰ ਸੀ। ਅਜਿਹਾ ਸਿਆਣਾ ਕਿ ਬੰਦੇ ਦੇ ਜਿਸਮ ਦੀ ਰਗ਼-ਰਗ਼ ਨੂੰ ਜਾਣਦਾ ਸੀ। ਉਹਦੇ ਕੋਲੋਂ ਸਿਆਸੀ ਮਾਮਲਿਆਂ ਦੀਆਂ ਬਾਰੀਕੀਆਂ ਵੀ ਲੁਕੀਆਂ-ਛਿਪੀਆਂ ਨਹੀਂ ਸਨ। ਉਹ ਆਖਣ ਲੱਗਾ, " ਮੈਂ ਦਿਲੋਂ ਚਾਹੁੰਨਾਂ, ਏਥੇ ਰਹਿ ਜਾਵਾਂ ਤੇ ਤੁਸਾਂ ਲੋਕਾਂ ਦੀ ਸੇਵਾ ਕਰਾਂ......ਪਰ ਮੈਂ ਆਪਣੀ ਕੌਮ ਨੂੰ ਨਹੀਂ ਛੱਡ ਸਕਦਾ!"

*******

ਡਾਕਟਰ ਪ੍ਰਦੁਮਨ ਸਿੰਘ ਦੀ ਮੇਰੇ ਕਸਬੇ ਤੋਂ ਵਿਦਿਆ ਹੋਵਣ ਦੀ ਕਹਾਣੀ ਵੀ ਅਜੀਬ ਏ। ਉਹਨਾਂ ਵਕਤਾਂ ਵਿਚ, ਏਥੋਂ ਦਾ ਤਸੀਲਦਾਰ ਹਿੰਦੂ ਸੀ। ਉਸ ਨੇ ਆਪਣੇ

ਅਖ਼ਤਿਆਰ ਤੇ ਪਹੁੰਚ ਨਾਲ ਕਸਬੇ ਦੇ ਗ਼ੈਰ-ਮੁਸਲਮ ਸਰਕਾਰੀ ਮੁਲਾਜ਼ਮਾਂ ਦੀ ਭਾਰਤ ਰਵਾਨੀ ਲਈ ਛੇ ਟਰੱਕ ਮੰਗਵਾਏ। ਜ਼ਰੂਰੀ ਸਾਮਾਨ ਤੇ ਬੰਦੇ ਟਰੱਕਾਂ ਵਿਚ ਜਦੋਂ ਲੱਦ ਚੁੱਕੇ, ਡਾਕਟਰ ਪ੍ਰਦੁਮਨ ਸਿੰਘ ਦੀ ਬੀਵੀ ਤੇ ਦੋ ਧੀਆਂ ਵੀ ਟਰੱਕਾਂ ਵਿਚ ਬਹਿ ਗਈਆਂ ਤਾਂ ਪਤਾ ਚੱਲਿਆ ਕਿ ਡਾਕਟਰ ਹੋਰੀਂ, ਪਿਛਲੇ ਕਈਆਂ ਘੰਟਿਆਂ ਤੋਂ ਅਪਰੇਸ਼ਨ-ਥੇਟਰ ਵਿਚ ਦੋ-ਤਿੰਨ ਬੁੱਢੇ ਮਰੀਜ਼ਾਂ ਦੇ ਮਸਾਣੇ ਦੀਆਂ ਗਦੂਦਾਂ ਦੀ ਚੀਰ-ਫਾੜ ਪਏ ਕਰਦੇ ਨੇ। ਟਰੱਕ ਟੁਰਨ ਵਿਚ ਝੱਟ ਕੁ ਰਹਿ ਗਿਆ ਸੀ ਤੇ ਤਸੀਲਦਾਰ ਆਪੂੰ, ਨੱਕ-ਦਮ ਜਿਹਾ ਹੋ ਕੇ ਅਪਰੇਸ਼ਨ-ਥੇਟਰ ਵਿਚ ਗਿਆ ਤੇ ਡਾਕਟਰ ਪ੍ਰਦੁਮਨ ਸਿੰਘ ਨੂੰ ਸਾਰੀ ਸੂਰਤ-ਹਾਲ ਦੱਸੀ। ਡਾਕਟਰ ਪ੍ਰਦੁਮਨ ਸਿੰਘ ਆਖਣ ਲੱਗਾ, "ਮੈਂ ਮਰੀਜ਼ ਦਾ ਢਿੱਡ ਖੋਲ੍ਹ ਚੁੱਕਿਆਂ, ਏਸ ਹਾਲਤ ਵਿਚ ਤੁਹਾਡੇ ਨਾਲ ਕਿਵੇਂ ਚੱਲ ਸਕਨਾਂ?"

ਤਸੀਲਦਾਰ ਨੇ ਨਰਮੀ ਨਾਲ ਆਖਿਆ, "ਡਾਕਟਰ ਸਾਹਿਬ ! ਥੋੜ੍ਹਾ ਜਿਹਾ ਸੋਚੋ, ਬਾਹਰ ਗ਼ਦਰ ਮੱਚਿਆ ਏ, ਇਨਸਾਨੀ ਜ਼ਿੰਦਗੀ ਦਾ ਮੁੱਲ ਪਾਣੀ ਬਰਾਬਰ ਹੋ ਗਿਆ ਏ। ਤੁਹਾਡੀਆਂ ਦੋ ਜਵਾਨ ਧੀਆਂ ਬਾਹਰ ਟਰੱਕ ਵਿਚ ਬੈਠੀਆਂ ਨੇ। ਗੁੰਡੇ ਹਰ ਪਾਸੇ ਪਏ ਬੁਲਬੁਲੀਆਂ ਬੁਲਾਂਦੇ ਨੇ.........., ਅਸੀਂ ਤੁਹਾਡੀ ਉਡੀਕ ਵਿਚ ਏਥੇ ਖਲੋਤੇ ਨਹੀਂ ਰਹਿ ਸਕਦੇ। ਜਾਣਾ ਜੇ! ਟੁਰੋ, ਨਹੀਂ ਤੇ ਅਸੀਂ ਚੱਲੇ ਜੇ.........।"

ਡਾਕਟਰ ਪ੍ਰਦੁਮਨ ਸਿੰਘ ਨੇ ਆਪਣੀ ਆਦਤ ਮੂਜਬ ਨਰਮ ਮਿਜਾਜ਼ੀ ਤੇ ਠੰਢੇ ਜਿਹੇ ਸੁਭਾਅ ਨਾਲ ਤਸੀਲਦਾਰ ਵੱਲ ਵੇਖਦਿਆਂ ਹੋਇਆਂ ਆਖਿਆ, "ਸੌਰੀ! ............ਮੈਂ ਏਸ ਹਾਲਤ ਵਿਚ ਨਹੀਂ ਜਾ ਸਕਦਾ। ਤੁਸੀਂ ਮੇਰੀਆਂ ਧੀਆਂ ਅਤੇ ਬੀਵੀ ਨੂੰ ਨਾਲ ਲੈ ਜਾਓ, ........ਮੈਂ ਬਾਅਦ ਵਿਚ ਜਿਵੇਂ ਕਿਵੇਂ ...........ਆ.....ਜਾਂ...... ਗਾ।"

ϒ ϒ ϒ ϒ ϒ

---

## ਜਿੰਦ ਵਿਯੋਗਣ

ਸੁਣ ਵੇ ਕੰਬਲੀ ਵਾਲਿਆ,
ਇਹ ਕੀ ਬਣਿਆ ਇਸ ਵਾਰ!
ਕਿ ਜਿੰਦ ਵਿਯੋਗਣ ਆਖਦੀ,
ਮੈਨੂੰ ਲੈ ਚੱਲ ਪਰਲੇ ਪਾਰ।
ਮੇਰੇ ਪੰਜੇ ਪਾਣੀ ਵੇਖਦੇ,
ਅੱਜ ਤੂੰ ਵੀ ਵੇਖਣ ਆ!
ਮੇਰੀ ਬੁੱਕਲ ਦੇ ਵਿਚ ਵਗਦਾ,
ਵੇ ਅੱਗ ਦਾ ਇਕ ਦਰਿਆ।
ਸੁਣ ਵੇ ਕੰਬਲੀ ਵਾਲਿਆ,
ਤੂੰ ਬਿਰਹਾ ਦਾ ਸੁਲਤਾਨ।
ਅੱਜ ਨਾ ਕੋਈ ਬਾਗ਼-ਬਹਿਸ਼ਤ ਵੇ,
ਤੇ ਨਾ ਕੋਈ ਜੱਗ-ਜਹਾਨ।
ਅੱਜ ਕਾਲੇ ਮੈਂਢੇ ਕੱਪੜੇ,
ਤੇ ਕਾਲਾ ਮੈਂਢਾ ਵੇਸ।
ਜਿੱਥੇ ਨੌ-ਸ਼ਹੁ ਮੱਕਾ ਵੱਸਦਾ,
ਮੈਨੂੰ ਲੈ ਚੱਲ ਵੇ ਉਸ ਦੇਸ।

—ਇਬਲੀਸ—

40

# ਛਿੱਬੋ

## ਪ੍ਰੀਤਮ ਸਿੱਧੂ

ਮੈਂ ਜਦੋਂ ਵੀ ਆਪਣੇ ਘਰੋਂ ਨਿਕਲ ਕੇ, ਸਾਊਥਾਲ ਦੇ ਬ੍ਰਾਡਵੇ ਉੱਤੇ ਆਵਾਂ, ਮੈਨੂੰ ਸਦਾ ਉਸ ਕੁੜੀ ਨੂੰ ਵੇਖਣ ਦੀ ਲਾਲਸਾ ਹੁੰਦੀ ਹੈ, ਜਿਹੜੀ ਇਕ ਕੱਪੜੇ ਦੀ ਦੁਕਾਨ ਅੱਗੇ ਖੜ੍ਹੀ ਗੀਤਾਂ ਦੀਆਂ ਟੇਪਾਂ ਤੇ ਨਿੱਕ-ਸੁੱਕ ਵੇਚ ਰਹੀ ਹੁੰਦੀ ਹੈ। ਉਸ ਦਾ ਪਤੀ ਵੀ ਉਹਦੇ ਨਾਲ ਖੜ੍ਹਾ, ਆਉਂਦੇ-ਜਾਂਦੇ ਲੋਕਾਂ ਵਿੱਚੋਂ ਗਾਹਕ ਲੱਭਣ ਲਈ ਏਧਰ-ਉਧਰ ਇੱਲ੍ਹ ਵਾਂਗ ਝਾਕ ਰਿਹਾ ਹੁੰਦਾ ਹੈ। ਦੁੱਧ ਦੀਆਂ ਬੋਤਲਾਂ ਵਾਲੇ ਕਰੇਟਾਂ ਨੂੰ ਮੂਧਾ ਮਾਰ ਕੇ, ਉਹਨਾਂ 'ਤੇ ਫੱਟੇ ਰੱਖ ਕੇ ਦੁਕਾਨ ਬਣਾਈ ਹੋਈ ਹੈ। ਬਿਲਕੁਲ ਹੀ ਕੰਮ ਚਲਾਊ ਜਿਹੀ, ਹੱਟੀ। ਜਿਵੇਂ ਕਿਤੇ ਬੱਚਿਆਂ ਨੇ ਖੇਡ ਲਈ ਐਵੇਂ ਦੁਕਾਨ ਬਣਾਈ ਹੋਵੇ। ਇਹਨਾਂ ਫੱਟਿਆਂ 'ਤੇ ਹਰ ਪ੍ਰਕਾਰ ਦੇ ਗਾਣਿਆਂ ਦੀਆਂ ਟੇਪਾਂ, ਖਿਡੌਣੇ, ਡੀਮੀਰੀਆਂ, ਟੋਪੀਆਂ ਅਤੇ ਹੋਰ ਕਾਫੀ ਕੁਝ ਵੇਚਣ ਲਈ ਰੱਖਿਆ ਹੁੰਦਾ ਹੈ। ਇਕ ਖੂੰਜੇ ਵਿਚ ਪਏ ਟੇਪ-ਰਿਕਾਡਰ ਉੱਤੇ, ਗਾਹਕਾਂ ਦਾ ਧਿਆਨ ਖਿੱਚਣ ਲਈ, ਉੱਚੀ-ਉੱਚੀ ਗਾਣੇ ਵੱਜ ਰਹੇ ਹੁੰਦੇ ਹਨ।

ਜਦੋਂ ਕਦੀ ਮੀਂਹ ਕਣੀ ਆ ਜਾਵੇ ਤਾਂ ਇਹ ਦੋਵੇਂ, ਆਪਣੀਆਂ ਚੀਜ਼ਾਂ ਉੱਤੇ ਪਲਾਸਟਿਕ ਦੀ ਤਰਪਾਲ ਜਿਹੀ ਪਾ ਦੇਂਦੇ ਹਨ। ਆਪ ਸਰਦੀ ਤੋਂ ਬਚਣ ਲਈ ਅੰਦਰ ਕੱਪੜੇ ਵਾਲੀ ਦੁਕਾਨ ਵਿਚ ਵੜ ਜਾਂਦੇ ਹਨ। ਜੇ ਧੁੱਪ ਨਿਕਲੀ ਹੋਵੇ ਜਾਂ ਮੀਂਹ ਨਾ ਪੈਂਦਾ ਹੋਵੇ ਤਾਂ ਕੁੜੀ ਇਕ ਸਟੂਲ ਜਿਹੇ ਤੇ ਬੈਠ ਜਾਂਦੀ ਹੈ, ਤੇ ਉਸ ਦਾ ਪਤੀ ਖੜ੍ਹਾ ਸਿਗਰਟ ਪੀ ਰਿਹਾ ਹੁੰਦਾ ਹੈ। ਮੁੰਡੇ ਦੇ ਸਿਰ 'ਤੇ ਰੂਸੀ-ਟੋਪੀ ਪਾਈ ਹੁੰਦੀ ਹੈ ਅਤੇ ਕੁੜੀ ਪੰਜਾਬੀ ਸੂਟ ਵਿਚ ਖੂਬ ਫੱਬਦੀ ਹੈ।

ਉੱਚੀ ਲੰਬੀ, ਤਿੱਖੇ ਨੈਣ ਨਕਸ਼ਾਂ ਵਾਲੀ ਅਤੇ ਸਿਹਤਮੰਦ ਕੁੜੀ ਵੱਲ ਮੱਲੋ-ਮੱਲੀ ਧਿਆਨ ਖਿੱਚਿਆ ਜਾਂਦਾ ਹੈ। ਉਹ ਭਰ-ਜਵਾਨ ਹੈ ਅਤੇ ਬੜੀ ਹੀ ਸੁਸ਼ੀਲ ਸੁਭਾਅ ਵਾਲੀ ਜਾਪਦੀ ਹੈ। ਉਹ ਲੋਕ ਵੀ ਜਿਨ੍ਹਾਂ ਉਸ ਜੋੜੀ ਦੀ ਦੁਕਾਨ ਤੋਂ ਕੁਝ ਵੀ ਖਰੀਦਣ ਲਈ ਨਹੀਂ ਸੋਚਿਆ ਹੁੰਦਾ, ਉਹ ਵੀ ਕਈ ਵਾਰ ਉਸ ਕੁੜੀ ਦੀ ਮੁਸਕਾਨ ਦੇ ਬੱਧੇ, ਉੱਥੇ ਘੜੀ ਪਲ ਲਈ ਠਹਿਰ ਜਾਂਦੇ ਹਨ। ਜੇ ਕਦੀ ਉਹਦਾ ਪਤੀ ਕਿਸੇ ਹੋਰ ਕੰਮ ਵਿਚ ਰੁਝਿਆ ਹੁੰਦਾ, ਅਤੇ ਉਹ ਕੁੜੀ ਕੱਪੜੇ ਦੀ ਦੁਕਾਨ ਦੇ ਨਿੱਘ ਵਿਚ ਬੈਠੀ ਹੁੰਦੀ, ਤਾਂ ਉਹ ਉੱਚੀ ਦੇ ਕੇ ਉਸ ਨੂੰ ਆਵਾਜ਼ ਮਾਰਦਾ, 'ਜ਼ੁਲਫੀ ਦੇਖਦੀ ਨਹੀਂ ਪਈ, ਗਾਹਕ ਖੜ੍ਹੇ ਨੇ।'

ਜ਼ੁਲਫੀ ਪੈਰ ਵਿਚ ਸ਼ੈਂਡਲ ਅੜਾਉਂਦੀ ਹੋਈ ਦੌੜੀ ਆਉਂਦੀ। ਮੈਂ ਉਸ ਦਾ ਨਾਂ ਸੁਣ ਕੇ ਸੋਚ ਰਿਹਾ ਸਾਂ ਕਿ ਉਸ ਦੇ ਘਰ ਦਿਆਂ, ਬੜਾ ਸੋਚ ਸਮਝ ਕੇ ਉਹਦਾ ਨਾਂ ਜ਼ੁਲਫੀ ਰੱਖਿਆ ਹੋਵੇਗਾ। ਉਸ ਦੇ ਮੱਥੇ ਉੱਤੋਂ ਭੂਰੇ ਵਾਲਾਂ ਦੀ ਇਕ ਜ਼ੁਲਫ਼ ਸਦਾ ਖਿਸਕ ਕੇ ਉਹਦੀ ਖੱਬੀ ਅੱਖ ਉੱਪਰ ਆ ਟਿਕਦੀ ਹੈ। ਉਹ ਜ਼ੁਲਫ਼ ਨੂੰ ਖੱਬੇ ਹੱਥ ਦੀਆਂ ਦੋ ਉਂਗਲਾਂ ਨਾਲ ਆਪਣੇ ਕੰਨ ਵਿਚ ਟੁੰਗ ਲੈਂਦੀ ਹੈ।

ਇਕ ਦਿਨ ਮੈਂ ਉਹਨਾਂ ਦੀ ਦੁਕਾਨ ਅੱਗੋਂ ਦੀ ਲੰਘ ਰਿਹਾ ਸਾਂ, ਤਾਂ ਉਹਨਾਂ ਦੇ ਟੇਪ-ਰਿਕਾਡਰ ਉੱਤੇ ਗੀਤ ਚਲ ਰਿਹਾ ਸੀ। ਜਿਸਦੇ ਬੋਲ ਕੁਝ ਇਸ ਤਰ੍ਹਾਂ ਸਨ-

*ਤੂੰ ਹੀ ਮੇਰਾ ਮੰਦਰ,*
*ਤੂੰ ਹੀ ਮੇਰੀ ਪੂਜਾ, ਤੂੰ ਹੀ ਦੇਵਤਾ ਹੋ।*

ਜ਼ੁਲਫੀ ਗਾਣਾ ਬੜੇ ਧਿਆਨ ਨਾਲ ਸੁਣ ਰਹੀ ਸੀ ਅਤੇ ਕੋਲ ਬੈਠੇ ਆਪਣੇ ਪਤੀ ਦੀ ਹਥੇਲੀ ਉੱਤੇ, ਆਪਣੇ ਸੱਜੇ ਹੱਥ ਦੀ ਉਂਗਲੀ ਨਾਲ ਕੁਝ ਕੁਤ-ਕੁਤੀਆਂ ਜਿਹੀਆਂ ਵੀ ਕੱਢ ਰਹੀ ਸੀ। ਉਹ ਹੱਸਦਾ-ਹੱਸਦਾ ਆਪਣੀ ਹਥੇਲੀ ਪਿੱਛੇ ਨੂੰ ਖਿੱਚਣ ਦਾ ਯਤਨ ਕਰ ਰਿਹਾ ਸੀ। ਮੈਨੂੰ ਦੁਕਾਨ ਅੱਗੇ ਖੜ੍ਹਾ ਵੇਖ ਕੇ ਉਹ ਜ਼ਰਾ ਸ਼ਰਮਾ ਜਿਹੀ ਗਈ। ਉਸ ਦੇ ਪਤੀ ਨੇ ਉੱਠ ਕੇ ਮੇਰੇ ਵੱਲ ਧਿਆਨ ਦਿੱਤਾ। ਉਂਜ ਅੱਖਾਂ ਉਹਦੀਆਂ ਵੀ ਹੱਸ ਰਹੀਆਂ ਸਨ। ਮੈਨੂੰ ਜਾਪਿਆਂ ਜਿਵੇਂ ਮੈਂ ਕਬੂਤਰ-ਕਬੂਤਰੀ ਜਾਂ ਮੋਰ-ਮੋਰਨੀ ਦੇ ਖ਼ੂਬਸੂਰਤ ਮਾਹੌਲ ਨੂੰ ਭੰਗ ਕਰ ਦਿੱਤਾ ਹੋਵੇ।

ਜ਼ੁਲਫੀ ਦੇ ਨੌਜਵਾਨ ਮਿਹਨਤੀ ਪਤੀ ਦਾ ਨਾਂ ਕਾਦਰ ਹੈ। ਉਹਨੇ ਬੜੀ ਮਿਹਨਤ ਕਰਕੇ ਚਾਰ ਪੈਸੇ ਜੋੜੇ, ਜਿਹੜੇ ਉਹਨਾਂ ਪਾਕਿਸਤਾਨ ਜਾ ਕੇ ਆਪਣੇ ਵਿਆਹ ਉੱਤੇ ਖਰਚ ਕਰ ਦਿੱਤੇ ਸਨ। ਕਾਦਰ ਪਾਕਿਸਤਾਨ ਵਿਚ ਲਾਇਲਪੁਰ ਜਿਲੇ ਦੇ ਇਕ ਪਿੰਡ ਦਾ ਵਸਨੀਕ ਹੈ, ਅਤੇ ਜ਼ੁਲਫੀ ਦਾ ਪਿੰਡ ਵੀ ਉਹਨਾਂ ਦੇ ਕਿਧਰੇ ਨੇੜੇ-ਤੇੜੇ ਹੀ ਹੈ। ਜ਼ੁਲਫੀ ਦਾ ਪਰਵਾਰ 1947 'ਚ, ਭਾਰਤ ਵਾਲੇ ਪੰਜਾਬ 'ਚੋਂ ਉੱਜੜ ਕੇ ਪਾਕਿਸਤਾਨ ਜਾ ਵੱਸਿਆ ਸੀ। ਭਾਰਤੀ ਪੰਜਾਬ ਬਾਰੇ ਆਪਣੇ ਮਾਪਿਆਂ ਤੋਂ ਗੱਲਾਂ ਸੁਣਨ ਕਾਰਨ ਜ਼ੁਲਫੀ ਨੂੰ ਵੀ ਭਾਰਤੀ ਪੰਜਾਬ ਸੰਬਧੀ ਕਾਫੀ ਵਾਕਫ਼ੀ ਸੀ। ਅਸਲ ਵਿਚ ਉਹਦੇ ਮਾਪੇ ਹਾਲੀ ਤਕ ਵੀ, ਭਾਰਤੀ ਪੰਜਾਬ ਵਿਚ ਹਿੰਦੂ-ਸਿੱਖਾਂ ਨਾਲ ਰਲ-ਮਿਲ ਕੇ ਗੁਜ਼ਾਰੇ ਦਿਨਾਂ ਨੂੰ ਭੁੱਲੇ ਨਹੀ ਸਨ। ਸਗੋਂ ਉਹਨਾਂ ਦੇ ਮਨਾਂ ਵਿਚ ਭਾਰਤੀ ਪੰਜਾਬ ਦੀ ਧਰਤੀ ਨਾਲ ਕਾਫੀ ਮੋਹ ਸੀ।

ਆਉਂਦਿਆਂ-ਜਾਂਦਿਆ ਉਹਨਾਂ ਦੀ ਦੁਕਾਨ ਅੱਗੋਂ ਲੰਘਦਿਆਂ, ਕਾਦਰ ਕਈ ਵਾਰ ਮੇਰੇ ਨਾਲ ਦੁਆ-ਸਲਾਮ ਕਰ ਲੈਂਦਾਂ। ਮੈਂ ਵੀ ਬਿਨਾਂ ਕੰਮ ਦੇ ਉਹਨਾਂ ਕੋਲ ਠਹਿਰ ਜਾਂਦਾ। ਜ਼ੁਲਫੀ ਜੇ ਕਿਸੇ ਗਾਹਕ ਨਾਲ ਨਾ ਰੁੱਝੀ ਹੁੰਦੀ, ਤਾਂ ਉਹ ਵੀ ਸਾਡੀਆਂ ਗੱਲਾਂ ਵਿਚ ਹੁੰਗਾਰਾ ਭਰ

ਛੱਡਦੀ। ਇਕ ਦਿਨ ਮੈਂ ਅਤੇ ਕਾਦਰ ਗੱਲਾਂ ਕਰ ਰਹੇ ਸਾਂ ਕਿ, ਜ਼ੁਲਫੀ ਵਿਚੋਂ ਹੀ ਬੋਲੀ-

'ਭਾਈ ਜਾਨ, ਤੁਸੀਂ ਤਾਂ ਉਂਜ ਦੀ ਬੋਲੀ ਬੋਲਦੇ ਓ, ਜਿਵੇਂ ਅਸਾਂ ਪਏ ਬੋਲਨੇ ਆਂ। ਹੋਰ ਤੇ ਹਿੰਦੁਸਤਾਨੀ ਬਸ਼ਰ ਤੁਹਾਡੇ ਜੇਹੀ ਜ਼ੁਬਾਂ ਨਹੀਂ ਬੋਲਦੇ।'

'ਅਸਲ ਵਿਚ ਮੇਰੀ ਪੈਦਾਇਸ਼ ਵੀ ਪਾਕਿਸਤਾਨ ਦੀ ਏ। ਇਸ ਲਈ ਮੇਰੀ ਜ਼ੁਬਾਂ, ਤੁਹਾਡੀ ਜ਼ੁਬਾਂ ਨਾਲ ਕੁਝ-ਕੁਝ ਮਿਲਦੀ ਏ। ਮੇਰੇ ਲਈ ਇਹ ਬੜੀ ਖ਼ੁਸ਼ੀ ਵਾਲੀ ਗੱਲ ਏ। '

ਮੈਂ ਹਾਲੀ ਜ਼ੁਲਫੀ ਦੀ ਗੱਲ ਦਾ ਉੱਤਰ ਦਿੱਤਾ ਹੀ ਸੀ, ਕਿ ਖ਼ੁਸ਼ੀ ਵਿਚ ਉਹ ਮਟਕ ਪਈ। ਉਹਦੀਆਂ ਅੱਖਾਂ ਵਿਚ ਕਿਸੇ ਅਪਣੱਤ ਦੀ ਅਬਰਕੀ ਚਮਕ, ਅਤੇ ਬਾਰੀਕ ਬੁੱਲ੍ਹੀਆਂ ਉੱਤੇ ਮਾਸੂਮ ਮੁਸਕਾਣ ਫੈਲ ਗਈ। ਕਾਦਰ ਵੀ ਕੋਲ ਖੜ੍ਹਾ, ਕੁਝ ਹੈਰਾਨੀ ਅਤੇ ਖ਼ੁਸ਼ੀ ਦੇ ਸਾਂਝੇ ਪ੍ਰਭਾਵ ਅਧੀਨ, ਮੁਗਧ ਜਿਹਾ ਹੋ ਗਿਆ ਸੀ। ਜ਼ੁਲਫੀ ਦੀ ਜ਼ੁਲਫ਼ ਖਿਸਕ ਕੇ ਉਹਦੀ ਖੱਬੀ ਅੱਖ 'ਤੇ ਆ ਗਈ ਸੀ। ਉਸ ਨੇ ਸੱਜੇ ਹੱਥ ਦੀਆਂ ਦੋ ਉਂਗਲਾਂ ਵਿਚ ਜ਼ੁਲਫ ਨੂੰ ਫੜ ਕੇ ਆਪਣੇ ਕੰਨ ਟੁੰਗ ਲਿਆ। ਉਸ ਨੇ ਆਪਣੇ ਕੰਨਾਂ ਦੇ ਕੋਕਲਿਆਂ ਨੂੰ ਵਾਰੀ-ਵਾਰੀ ਹੱਥ ਲਾਉਂਦਿਆਂ ਆਖਿਆ-

'ਖ਼ੁਦਾ ਦੀ ਕਸਮ, ਭਾਈ ਜਾਨ! ਮੈਨੂੰ ਪਹਿਲਾਂ ਹੀ ਇੰਜ ਮਹਿਸੂਸ ਪਿਆ ਹੁੰਦਾ ਸੀ, ਕਿ ਤੁਹਾਡੇ ਸੰਗ ਜਿਵੇਂ ਕੋਈ ਸਾਡੀ ਪੁਸ਼ਤੀ-ਸਾਂਝ ਹੋਵੇ। ਤੁਸੀਂ ਅਸਾਡੇ ਕੋਲੋ ਜਦੋਂ ਵੀ ਕਦੀ ਪਏ ਗੁਜ਼ਰਦੇ ਸੌ, ਤਾਂ ਮੈਂ ਤੇ ਕਾਦਰ ਹਮੇਸ਼ਾਂ ਤੁਹਾਡੇ ਬਾਰੇ ਕੋਈ ਗੱਲ ਕਰਦੇ ਸਾਂ। ਕਾਦਰ ਸਗੋਂ ਕਈ ਵਾਰ ਮਖ਼ੌਲ ਵਿਚ ਆਖਦਾ, 'ਵੇਖੀਂ ਕਿਧਰੇ ਭਾਈ ਜਾਨ ਨਾਲ ਈ ਨਾ ਦੌੜ ਜਾਵੀਂ। ਅੱਲਾ-ਕਸਮ! ਮੈਂ ਇਕੱਲਾ ਮਰ ਜਾਸਾਂ।'

ਜ਼ੁਲਫੀ ਦੀ ਗੱਲ ਸੁਣ ਕੇ ਮੇਰਾ ਤੇ ਕਾਦਰ ਦਾ ਹਾਸਾ ਨਿਕਲ ਗਿਆ।

'ਭਾਈ ਜਾਨ, ਤੁਸਾਂ ਏਹ ਤੇ ਦੱਸਿਆ ਈ ਨਹੀਂ, ਪਈ ਪਾਕਿਸਤਾਨ ਦੇ ਕਿਹੜੇ ਜ਼ਿਲੇ ਵਿਚ ਤੁਹਾਡੀ ਪੈਦਾਇਸ਼ ਹੋਈ ਸੀ।' ਟੋਪੀ ਲਾਹ ਕੇ, ਸਿਰ ਖੁਰਕਦਿਆਂ ਕਾਦਰ ਨੇ ਪੁੱਛਿਆ।

ਮੇਰੇ ਉੱਤਰ ਦੀ ਉਡੀਕ ਵਿਚ ਜ਼ੁਲਫੀ ਨੇ ਆਪਣਾ ਸਾਹ ਰੋਕ ਲਿਆ। ਉਹਦੀਆਂ ਅੱਖਾਂ ਵਿਚ ਆਈ ਉਤਸੁਕਤਾ ਭਰੀ ਚਮਕ ਨੇ ਉਹਦੇ ਜਿਵੇਂ ਸਾਰੇ ਹੀ ਚੇਹਰੇ ਨੂੰ ਰੁਸ਼ਨਾ ਦਿੱਤਾ ਹੋਵੇ।

'ਜ਼ਿਲ੍ਹਾ ਸਰਗੋਧਾ ਦੇ ਪਿੰਡ 129 ਜੁਨੂਬੀ ਵਿਚ। ਸਾਨੂੰ ਅਲਦਾਣਾ ਰੇਲਵੇ ਸ਼ਟੇਸ਼ਨ ਲੱਗਦਾ ਸੀ।'

ਮੈਂ ਆਪਣਾ ਪੈਦਾਇਸ਼ੀ ਅਸਥਾਨ ਦੱਸਦਾ, ਜਿਵੇਂ ਕਿਸੇ ਸੁਪਨਮਈ ਅਵਸਥਾ ਵਿਚ ਉੱਤਰਦਾ ਜਾ ਰਿਹਾ ਸਾਂ। ਪਲ ਦੀ ਪਲ ਮੇਰੀਆਂ ਅੱਖਾਂ ਅੱਗੋਂ ਦੀ ਪਾਕਿਸਤਾਨ ਵਿਚ ਰਹਿ ਗਏ ਪਿੰਡ ਦੀਆਂ ਖੁੱਲ੍ਹੀਆਂ ਗਲੀਆਂ ਤੇ ਉਹਨਾਂ ਵਿਚਲੀ ਮੈਦੇ ਵਰਗੀ ਮਿੱਟੀ ਦੀ ਖ਼ੁਸ਼ਬੋਈ ਨਾਲ, ਮੇਰਾ ਅੰਦਰਲਾ ਨਸ਼ਿਆ ਗਿਆ। ਇਬਰਾਹੀਮ ਤੇ ਰਫੀ ਵਰਗੇ, ਬਚਪਨ ਦੇ ਦੋਸਤਾਂ ਨਾਲ ਖੇਡੇ ਦਾਈਆਂ-ਦੁੱਕੜੇ, ਅਤੇ ਗੁਰਦਵਾਰੇ ਦੇ ਬੋਹੜ 'ਤੇ ਖੇਡੀਆਂ ਡੰਡਾਂ-ਡੁੱਕ ਵਰਗੀਆਂ ਖੇਡਾਂ ਨਾਲ, ਮਨ ਮੁੜ ਮਚਲ ਗਿਆ। ਰਫੀ ਦੀ ਮਾਂ, ਅੰਮਾਂ ਰੇਹਮੇ ਕੋਲੋਂ ਖੱਟੀ ਲੱਸੀ ਵਿਚ ਲਾਲ ਮਿਰਚਾਂ ਤੇ ਲੂਣ ਪਵਾ ਕੇ ਖਾਧੀਆਂ, ਤੰਦੂਰੀ ਰੋਟੀਆਂ ਨਾਲ ਮਨ ਖਿੜ ਗਿਆ।

'ਭਾਈ ਜਾਨ, ਤੁਸੀ ਅੱਲਾ-ਤਾਲਾ ਦੀ ਮਿਹਰ ਸਦਕਾ ਖ਼ੈਰ-ਖ਼ੈਰੀਅਤ ਨਾਲ ਤਾਂ ਹਿੰਦੁਸਤਾਨ ਪੁੱਜ ਗਏ ਸੋ?'

ਕਾਦਰ ਨੇ ਸਵਾਲ ਕਰਕੇ ਮੇਰੀ ਚੁੱਪ ਨੂੰ ਤੋੜਿਆ। ਮੇਰੇ ਪੈਰ ਜਿਵੇਂ ਮੁੜ ਧਰਤੀ ਉੱਤੇ ਆ ਲੱਗੇ ਹੋਣ। ਕਾਦਰ ਵੱਲੋਂ ਸਵਾਲ ਨਾਲ ਮੇਰਾ ਚਿਹਰਾ ਉਦਾਸ ਹੋ ਗਿਆ ਅਤੇ ਮੈਂ ਉਦਾਸੀ ਵਿਚ ਨਾਂਹ ਕਹਿਣ ਲਈ ਸਿਰ ਹਿਲਾਇਆ।

'ਭਾਈ ਜਾਨ ਕੇ ਬੀਤੀ? ਤੁਸੀਂ ਉਦਾਸ ਕਿਉਂ ਹੋ ਗਏ ਹੋ?' ਜ਼ੁਲਫੀ ਨੇ ਪਰੇਸ਼ਾਨੀ ਵਿਚ ਮੈਨੂੰ ਪੁੱਛਿਆ।

'ਮੇਰੀ ਵੱਡੀ ਭਰਜਾਈ ਨੂੰ ਮਜ਼ਬੀ ਜਾਨੂੰਨੀਆਂ ਨੇ ਛੁਰੇ ਮਾਰ ਕੇ ਕਤਲ ਕਰ ਦਿੱਤਾ ਸੀ। ਉਹ ਆਪਣੇ ਪਿੱਛੇ ਛੋਟੇ-ਛੋਟੇ ਦੋ ਬੱਚੇ ਛੱਡ ਗਈ ਸੀ।'

ਮੈਂ ਹਾਲੀ ਦੁੱਖ ਭਰੀ ਕਹਾਣੀ ਭਰੇ ਹੋਏ ਗੱਚ ਨਾਲ ਸੁਣਾ ਹੀ ਰਿਹਾ ਸਾਂ ਕਿ, ਜ਼ੁਲਫੀ ਦੀਆਂ ਅੱਖਾਂ, ਵਿੱਚੋਂ ਹੰਝੂ ਵਗ ਤੁਰੇ। ਕਾਦਰ ਵੀ ਫਿੱਸ ਪਿਆ। ਉਹਨੇ ਭਰੇ ਹੋਏ ਗੱਚ ਨਾਲ ਮੇਰਾ ਹੱਥ ਘੁੱਟਿਆ।

'ਭਾਈ ਜਾਨ, ਉਹ ਖ਼ੁਦਾ ਦਾ ਖੌਫ਼ ਖਾਣ ਵਾਲੇ ਸੱਚੇ ਮੁਸਲਮਾਨ ਨਹੀਂ ਸਨ। ਉਹ ਤੇ ਲੁਟੇਰੇ ਸਨ, ਜੋ ਮਜ਼ਬ ਦੀ ਆੜ ਵਿਚ ਲੋਕਾਂ ਨੂੰ ਲੁੱਟਦੇ ਅਤੇ ਕਤਲੋ-ਗ਼ਾਰਤ ਪਏ ਕਰਦੇ ਸਨ। ਬੇ-ਗੁਨਾਹਾਂ ਦਾ ਕਤਲ ਕਰਨਾ ਕੋਈ ਵੀ ਮਜ਼ਬ ਨਹੀਂ ਸਿਖਾਂਦਾ। ਮਜ਼ਬ ਤੇ ਸਗੋਂ ਬੇਸਹਾਰਾ ਔਰ ਮਾਸੂਮਾਂ ਦੀ ਹਿਫ਼ਾਜ਼ਤ ਕਰਦਾ ਏ।"

ਕਾਦਰ ਨੇ ਪੂਰੀ ਹਮਦਰਦੀ ਵਿਚ ਆਖਿਆ । ਜ਼ੁਲਫੀ ਤਾਂ ਬਿਲਕੁਲ ਹੀ ਬੁੱਤ ਬਣੀ ਖੜ੍ਹੀ ਸੀ। ਉਸ ਨੇ ਭਰੀਆਂ ਹੋਈਆਂ ਅੱਖਾਂ ਨਾਲ ਮੇਰੇ ਵੱਲ ਝਾਕਦਿਆਂ ਦੱਸਿਆ-

'ਭਾਈਜਾਨ, ਮੇਰੇ ਮਾਮੂੰਜਾਨ ਦੀ ਲੜਕੀ ਵੀ ਉੱਧਰ ਹਿੰਦੁਸਤਾਨ ਵਿਚ ਈ ਕਿੱਧਰੇ ਰਹਿ ਗਈ ਸੀ। ਬਾਕੀਆਂ ਨੂੰ ਬਲੋਚ ਫੌਜੀਆਂ ਨੇ ਬਚਾ ਲਿਆ ਸੀ। ਅੱਬਾ ਦਸਦੇ ਹੁੰਦੇ ਸਨ ਕਿ, ਉਸ ਲੜਕੀ, ਯਾਨੀ ਸਾਡੀ ਭੈਣ ਦਾ ਨਾਂ ਛਿੰਦੋ ਸੀ। ਮਾਮੂੰਜਾਨ ਲੁਧਿਆਣੇ ਜ਼ਿਲੇ ਦੇ ਇਕ ਪਿੰਡ ਵਿਚੋਂ ਉੱਜੜ ਕੇ ਆਏ ਸਨ। "

'ਪਿੰਡ ਦਾ ਕੀ ਨਾਂ ਸੀ?' ਮੈਂ ਬੜੀ ਉਤਸੁਕਤਾ ਨਾਲ ਜ਼ੁਲਫੀ ਨੂੰ ਪੁੱਛਿਆ।

ਸਾਡਾ ਪਰਵਾਰ ਵੀ ਅਸਲ ਵਿਚ ਪਾਕਿਸਤਾਨ

ਤੋਂ ਉੱਜੜ ਕੇ, ਲੁਧਿਆਣੇ ਮੇਰੇ ਨਾਨਕਿਆਂ ਦੇ ਪਿੰਡ ਆ ਵੱਸਿਆ ਸੀ। ਇਸ ਲਈ ਜ਼ੁਲਫੀ ਦੀ ਗੱਲ ਵਿਚ ਮੇਰੀ ਦਿਲਚਸਪੀ ਹੋਰ ਵੀ ਵਧ ਗਈ। ਇਸ ਦੇ ਨਾਲ ਹੀ 'ਛਿੱਥੋ' ਨਾਂ, ਮੇਰੇ ਆਪਣੇ ਮਨ ਵਿਚ ਜਿਵੇਂ ਯੁਗਾਂ-ਯੁਗਾਂਤਰਾਂ ਤੋਂ ਵੱਸਿਆ ਹੋਇਆ ਸੀ।

'ਉਹਨਾਂ ਦਾ ਲੁਧਿਆਣੇ ਦੀ ਜਗਰਾਵਾਂ ਤਸੀਲ ਵਿਚ ਪਿੰਡ ਲੱਖਾ ਸੀ। ਉੱਥੇ ਉਹ ਲੁਹਾਰੇ-ਤਰਖਾਣੇ ਦਾ ਕੰਮ ਕਰਦੇ ਸਨ।'

ਜ਼ੁਲਫੀ ਨੇ ਛਿੱਥੋ ਦਾ ਪਤਾ ਕੀ ਦੱਸਿਆ, ਮੇਰੀ ਜਾਨ ਸੂਤ ਕੇ ਕਲਬੂਤੋਂ ਬਾਹਰ ਸੁੱਟ ਦਿੱਤੀ। ਮੇਰੇ ਸਰੀਰ 'ਚੋਂ ਜਿਵੇਂ ਸਾਰਾ ਲਹੂ ਕੁਲੰਜ ਦਿੱਤਾ ਗਿਆ ਹੋਵੇ। ਮੈਨੂੰ ਜਾਪਿਆ ਜਿਵੇਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ, ਅਤੇ ਮੈਂ ਕਿਸੇ ਡੂੰਘੀ ਖੱਡ ਵਿਚ ਡਿੱਗ ਦਾ ਜਾ ਰਿਹਾਂ ਹੋਵਾਂ।

'ਭਾਈਜਾਨ ਕੀ ਗੱਲ? ਤਬੀਅਤ ਤੇ ਠੀਕ ਹੈ ਨਾ? ਜ਼ਰਾ ਐਥੇ ਬੈਠ ਜਾਵੋ।' ਕਾਦਰ ਨੇ ਸਟੂਲ ਤੋਂ ਜ਼ੁਲਫੀ ਨੂੰ ਉੱਠਣ ਦਾ ਇਸ਼ਾਰਾ ਕਰਦਿਆਂ ਮੈਨੂੰ ਆਖਿਆ।

ਛਿੱਥੋ ਦੀ ਦਰਦ ਭਰੀ ਕਹਾਣੀ, ਜ਼ੁਲਫੀ ਅਤੇ ਕਾਦਰ ਨੂੰ ਸੁਣਾ ਸਕਣ ਦਾ ਜਿਗਰਾ ਮੈਂ ਕਿੱਥੋਂ ਪੈਦਾ ਕਰਦਾ? ਪਾਠਕਾਂ ਪਾਸੋਂ ਇਸ ਦਰਦ ਨੂੰ ਲੁਕਾ ਕੇ ਰੱਖਣ ਜੋਗਾ ਹੌਂਸਲਾ ਵੀ ਮੇਰੇ ਪੱਲੇ ਨਹੀਂ ਹੈ। ਸੋ ਸੁਣੋ:

1947 ਦੇ ਫਿਰਕੂਆਂ ਝਗੜਿਆਂ ਵਿਚ ਜਦੋਂ ਧਰਮ ਦੇ ਨਾਂ 'ਤੇ, ਇਨਸਾਨ ਨੇ ਹੈਵਾਨ ਦਾ ਰੂਪ ਧਾਰਿਆ, ਤਾਂ ਸਾਡੇ ਬਾਪੂ ਜੀ ਨੇ ਸਾਨੂੰ ਦੋ ਮਹੀਨੇ ਪਹਿਲਾਂ ਹੀ ਪਾਕਿਸਤਾਨ ਵਿੱਚੋਂ ਭਾਰਤ ਵਿਚ ਸਾਡੇ ਨਾਨਕੀਂ ਭੇਜ ਦਿੱਤਾ ਸੀ। ਬੇਬੇ ਜੀ, ਇਕ ਮੇਰਾ ਭਰਾ, ਛੋਟੀ ਭੈਣ ਅਤੇ ਭਤੀਜੀ, ਅਸੀਂ ਆਪਣੇ ਨਾਨਕੇ ਪਿੰਡ ਆ ਗਏ। ਮੇਰੇ ਨਾਨਕੇ ਤਸੀਲ ਜਗਰਾਓਂ ਦੇ ਪਿੰਡ ਲੱਖਾ ਵਿਚ ਹੀ ਸਨ। ਉਹੋ ਹੀ ਪਿੰਡ, ਜਿੱਥੇ ਜ਼ੁਲਫੀ ਦੇ ਮਾਮੇ ਧੀ ਛਿੱਥੋ ਰਹਿੰਦੀ ਸੀ। ਛਿੱਥੋ ਉਹਨਾਂ ਦਿਨਾਂ ਵਿਚ ਕੋਈ ਪੰਦਰਾਂ-ਸੋਲ੍ਹਾਂ ਸਾਲਾਂ ਦੀ ਹੋਵੇਗੀ। ਉਹਦੇ ਅੱਬਾ, ਅੱਲਾ ਰੱਖਾ ਤੇ ਮਾਂ, ਸ਼ਰੀਫ਼ਾਂ ਦਾ ਮੇਰੇ ਨਾਨਕੇ ਘਰ ਬੜਾ ਆਉਣ ਜਾਣ ਸੀ। ਛਿੱਥੋ ਸਵੇਰੇ-ਸਵੇਰੇ ਸਾਡੇ ਘਰੋਂ ਲੱਸੀ ਲੈਣ ਆਉਂਦੀ। ਅਸੀਂ ਸਰਦੀਆਂ ਵਿਚ ਸੀਹੇ, ਬਾਂਟੇ ਖੇਡ ਰਹੇ ਹੁੰਦੇ। ਛਿੱਥੋ ਦਾ ਭਰਾ ਕੁੰਮਾ ਵੀ ਸਾਡੇ ਨਾਲ ਖੇਡਦਾ ਹੁੰਦਾ। ਛਿੱਥੋ ਦੀ ਖੱਬੀ ਵੱਖੀ ਵਿਚ ਲੱਸੀ ਲਈ ਵਲ੍ਹਣੀ ਦਿੱਤੀ ਹੁੰਦੀ ਤੇ ਉਹ ਟਪੂਸੀਆਂ ਮਾਰਦੀ ਸਾਡੇ ਕੋਲ ਆ ਖੜ੍ਹਦੀ। ਉਹ ਆਪਣੇ ਭਰਾ ਕੁੰਮੇ ਦੇ ਸਿਰ ਦੇ ਵਾਲ ਪੁੱਟਦੀ ਹੋਈ ਆਖਦੀ-

*'ਕੁੰਮਿਆਂ-ਕੁੰਮਿਆਂ, ਮਾਰ ਨਿਸ਼ਾਨਾ ਲਾਲ ਵਿਚ।*
*ਅੱਧਾ ਸ਼ੀਂਢ ਗੱਲ੍ਹਾਂ ਨਾਲ ਲੱਗਾ,*
*ਬਾਕੀ ਡਿੱਗਾ ਖਾਲ ਵਿਚ।'*

ਕੁੰਮਾਂ ਉਹਦਾ ਹੱਥ ਛਟਕ ਦਿੰਦਾ ਤੇ ਛਿੱਥੋ ਫਿਰ ਮੇਰੇ ਦੁਆਲੇ ਆ ਖੜ੍ਹਦੀ। ਜਦੋਂ ਮੇਰੀ ਵਾਰੀ ਨਿਸ਼ਾਨਾ ਲਾਉਣ ਦੀ ਆਉਂਦੀ ਤਾਂ ਛਿੱਥੋ ਮੇਰੇ ਸਿਰ ਚ ਥੋਪਕੀ ਜਿਹੀ ਮਾਰ ਕੇ ਆਖਦੀ-

*'ਮਾਂ ਦਾ ਮੀਤੂ, ਪਿਊ ਦਾ ਪੀਤੂ,*
*ਮਾਰ ਨਿਸ਼ਾਨਾ ਕਾਲੇ ਵਿਚ।*
*ਪੰਜ ਰੋਟੀਆਂ ਢਿੱਡ 'ਚ ਪਈਆਂ,*
*ਬਾਕੀ ਪਈਆਂ, ਆਲੇ ਵਿਚ।'*

ਮੇਰਾ ਨਿਸ਼ਾਨਾ ਉੱਕ ਜਾਂਦਾ ਤੇ ਮੈਂ ਸਾਰੀ ਜ਼ਿੰਮੇਵਾਰੀ ਛਿੱਥੋ ਸਿਰ ਪਾਉਣ ਲਈ ਉਹਦੇ ਮਗਰ ਪੈ ਜਾਂਦਾ। ਉਹ ਅੱਗੇ-ਅੱਗੇ ਦੌੜਦੀ ਤੇ ਮੈਂ ਉਹਦੇ ਵਾਲਾਂ ਦੀਆਂ ਲਟੂਰੀਆਂ ਫੜ ਕੇ ਖਿੱਚ ਲੈਂਦਾ। ਕਦੀ ਉਹਦੀ ਚੁੰਨੀ ਲਾਹ ਕੇ ਦੌੜ ਜਾਂਦਾ, ਉਹਦਾ ਮੂੰਹ ਲਾਲ ਹੋ ਜਾਂਦਾ ਤੇ ਉਹਦੇ ਨੱਕ ਵਿਚ ਪਾਇਆ ਕੋਕਾ ਪਤਾ ਨਹੀ ਕਿਉਂ, ਵਧੇਰੇ ਲਿਸ਼ਕਣ ਲੱਗ ਪੈਂਦਾ। ਉਹ ਐਵੇਂ-ਮੁੱਚੀ ਦਾ ਰੌਲਾ ਪਾ ਕੇ ਮੇਰੇ ਮਾਮੇ ਨੂੰ ਆਵਾਜ਼ਾਂ ਮਾਰਦੀ-

'ਤਾਇਆ, ਬਚਾਈਂ ਏਸ ਡੱਬੂ ਤੋਂ। ਵੇਖ ਕਿਵੇਂ ਵੱਢਣ ਨੂੰ ਪੈਂਦੈ।' ਅਸੀਂ ਮੁੜ ਬਾਂਟੇ ਖੇਡਣ ਲੱਗ ਜਾਂਦੇ ਤੇ ਛਿੱਥੋ ਮਾਮੀ ਕੋਲੋਂ ਲੱਸੀ ਲੈਣ ਅੰਦਰ ਚਲੀ ਜਾਂਦੀ। ਲੱਸੀ ਲੈ ਕੇ ਉਹ ਮੁੜ ਸਾਡੇ ਕੋਲ ਆ ਖੜ੍ਹਦੀ। ਅਸੀਂ ਆਪਣੇ ਬਾਂਟੇ ਖੇਡਦੇ ਰਹਿੰਦੇ।

'ਮੇਰੀ ਲੱਸੀ ਨਾ ਐਵੇਂ ਡੁਲ੍ਹਾ ਦਿਉ ਜੇ, ਕਸਮ ਖ਼ੁਦਾ ਦੀ। ਮੈਂ ਕਿਸੇ ਨੂੰ ਕੁਝ ਨਹੀਂ ਜੇ ਆਖਦੀ।' ਛਿੱਥੋ ਸਾਡੇ ਕੋਲ ਖੜ੍ਹ ਕੇ ਸਾਡਾ ਵਿਸ਼ਵਾਸ਼ ਜਿੱਤਣ ਲਈ ਆਖਦੀ। ਫਿਰ ਉਦੋਂ ਹੀ ਪਤਾ ਲਗਦਾ, ਜਦੋਂ ਉਹ ਵਲ੍ਹਣੀ ਚੋਂ ਲੱਸੀ ਦੀ ਚੂਲੀ ਭਰ ਕੇ ਸਾਡੇ ਵਿਚੋਂ ਇਕ ਦੇ ਸਿਰ ਵਿਚ ਪਾ ਕੇ ਦੌੜ ਜਾਂਦੀ। ਅਸੀਂ ਬਾਂਟੇ ਖੇਡਦੇ ਸਦਾ ਛਿੱਥੋ ਨੂੰ ਉਡੀਕਦੇ ਰਹਿੰਦੇ। ਉਹ ਲੱਸੀ ਘਰ ਦੇ ਕੇ ਕਿਸੇ ਬਹਾਨੇ ਫਿਰ ਸਾਡੇ ਕੋਲ ਆ ਖੜ੍ਹਦੀ।

ਮਾਮੀ ਨੇ ਕਦੇ ਚੌਂਕਾ ਲਿਪਦੀ ਹੋਣਾ, ਤਾਂ ਛਿੱਥੋ ਨੇ ਲੱਸੀ ਵਾਲਾ ਭਾਂਡਾ ਪਾਸੇ ਰੱਖ ਕੇ ਮਾਮੀ ਨਾਲ ਲਿਪਾਈ ਸ਼ੁਰੂ ਕਰ ਦੇਣੀ। ਬਿਨਾਂ ਲੋੜ ਦੇ ਮੈਥੋਂ ਪਾਣੀ ਦੀਆਂ ਬਾਲਟੀਆਂ ਮੰਗਵਾਈਂ ਜਾਂਦੀ। ਉਹਦੀਆਂ ਮੋਹ ਭਰੀਆਂ ਹਰਕਤਾਂ ਵੇਖ ਕੇ ਮਾਮੀ ਨਿੱਕਾ-ਨਿੱਕਾ ਹੱਸਦੀ। ਮੈਂ ਅੱਖ ਬਚਾ ਕੇ ਬਾਹਰ ਖੇਡਣ ਚਲੇ ਜਾਣਾ ਤਾਂ ਛਿੱਥੋ ਨੇ ਆਵਾਜ਼ ਮਾਰਨੀ-

'ਮਾਂ ਦੇ ਮੀਤੂ, ਪਿਊ ਦੇ ਪੀਤੂ, ਤੈਨੂੰ ਮਾਮੀ ਪਈ ਬੁਲਾਉਂਦੀ ਜੇ।' ਉਹਨੇ 'ਜੇ' ਸ਼ਬਦ ਨੂੰ ਲਮਕਾ ਕੇ ਚੌਕੀਦਾਰਾਂ ਵਾਂਗ ਆਖਣਾ, ਜਿਵੇਂ ਅਸੀਂ ਖੇਡਦੇ ਆਖਦੇ ਹੁੰਦੇ ਸਾਂ-

'ਲੁਕ ਛਿਪ ਜਾਣਾ, ਮਕਈ ਦਾ ਦਾਣਾ, ਰਾਜੇ ਦੀ ਘੋੜੀ ਆਈ.....ਜੇ।' ਜਦੋਂ ਮੈਂ ਘਰ ਜਾਣਾ ਤਾਂ ਮਾਮੀ ਜੀ ਨੇ ਆਖਣਾ-

'ਮੈਂ ਤਾਂ ਨੀ ਬੁਲਾਇਆ। ਇਹ ਭੂਤਨੀ ਐਵੇ ਕਮਲ ਕੁੱਟਦੀ ਐ।' ਨਾਲੇ ਮਾਮੀ ਜੀ ਨੇ ਮਕਰਾ ਜਿਹਾ ਹੱਸਣਾ ਵੀ । ਕਦੀ ਛਿੱਥੋ ਆਪਣੇ ਭਰਾ ਕੁੰਮੇ ਨੂੰ ਛੇੜਨ ਲਈ ਅਵਾਜ਼ ਮਾਰਦੀ-

'ਤੂੰਮਿਆਂ, ਕੌੜੇ ਤੂੰਮਿਆਂ,
ਤੈਨੂੰ ਮਾਂ ਬੁਲਾਵੇ।'

ਕੁੰਮਾਂ ਸੱਜੇ ਹੱਥ ਦੇ ਗੁੱਟ ਨਾਲ ਨੱਕ ਪੂੰਝਦਾ ਹੋਇਆ ਛਿੱਤੋ ਮਗਰ ਅਲੀ-ਅਲੀ ਕਰ ਕੇ ਭੱਜਦਾ ਤੇ ਉਹ ਦੌੜ ਕੇ ਮਾਮੀ ਦੇ ਸੰਦੂਕ ਪਿੱਛੇ ਜਾ ਲੁਕਦੀ। ਕੁੰਮਾਂ ਉਹਨੂੰ ਗੁਤਨੀਉਂ ਫੜ ਕੇ ਬਾਹਰ ਖਿੱਚਦਾ ਤਾਂ ਮੈਂ ਕੁੰਮੇ ਨੂੰ ਹੋਰ ਹੱਲਾ-ਸ਼ੇਰੀ ਦਿੰਦਾ। ਮਾਮੀ ਕਪੜੇ ਧੋਣ ਵਾਲੀ ਥਾਪੀ ਲੈ ਕੇ ਸਾਡੇ ਮਗਰ ਪੈ ਜਾਂਦੀ ਤੇ ਅਸੀ ਹਿਰਨਾਂ ਵਾਂਗ ਚੁੰਗੀਆਂ ਭਰਦੇ ਘਰੋਂ ਬਾਹਰ ਹੋ ਜਾਂਦੇ।

ਛਿੱਤੋ, ਆਂਢ-ਗੁਆਂਢ ਵਿਚ, ਚਾਚੀਆਂ , ਤਾਈਆਂ ਦੇ ਥਾਂ ਲੱਗਦੀਆਂ ਔਰਤਾਂ ਦੇ ਕੰਮਾਂ ਵਿਚ ਹੱਥ ਵਟਾਉਣ ਲਈ ਤਿਆਰ ਰਹਿੰਦੀ। ਕਦੀ ਆਟਾ ਪਿਹਾਉਣ ਲਈ, ਕਿਸੇ ਦਾ ਪੀਹਣ ਖਰਾਸ ਤੇ ਸੁੱਟ ਆਉਂਦੀ, ਤੇ ਕਦੀ ਕਿਸੇ ਦੇ ਕੱਪੜੇ ਧੋ ਕੇ ਸੁੱਕਣੇ ਪਾ ਰਹੀ ਹੁੰਦੀ। ਦਿਨ-ਦਿਹਾਰ ਤੇ ਲੋਕਾਂ ਦੇ ਕੰਧਾਂ ਕੌਲੇ ਤੇ ਚੌਂਕੇ-ਚੁੱਲ੍ਹੇ ਲਿਪਦੀ ਤੇ ਮੋਰ ਮੋਰਨੀਆਂ ਦੀਆਂ ਤਸਵੀਰਾਂ ਪਾਉਂਦੀ ਰਹਿੰਦੀ। ਆਂਢ-ਗੁਆਂਢ ਦੀਆਂ ਸਾਰੀਆਂ ਔਰਤਾਂ ਛਿੱਤੋ ਨੂੰ ਆਪਣੀ ਧੀ ਵਾਂਗ ਸਮਝਦੀਆਂ ਸਨ। ਦਾਲ, ਸਾਗ , ਗੁੜ, ਸ਼ੱਕਰ, ਦੁੱਧ, ਦਹੀਂ, ਕੱਪੜਾ-ਲੀੜਾ ਤੇ ਦਮੜਾ-ਧੇਲੀ, ਔਰਤਾਂ ਛਿੱਤੋ ਨੂੰ ਸਦਾ ਦੇਂਦੀਆਂ ਰਹਿੰਦੀਆਂ। ਛਿੱਤੋ ਸਾਰੇ ਪਿੰਡ ਦੀ ਰੌਣਕ, ਸਾਰੇ ਪਿੰਡ ਦੀ ਧੀ ਸੀ।

ਫਿਰ ਅਖਬਾਰਾਂ ਵਿਚ ਖ਼ਬਰਾਂ ਰਾਹੀਂ ਫਿਰਕੂ ਜ਼ਹਿਰ ਫੈਲਣ ਲੱਗੀ।

ਅਖ਼ਬਾਰਾਂ ਵਿਚ ਲਿਖਿਆ ਹੁੰਦਾ ਕਿ ਪਾਕਿਸਤਾਨ ਤੋਂ ਹਿੰਦੂ-ਸਿੱਖ ਔਰਤਾਂ ਦੀ ਇਕ ਗੱਡੀ ਆਈ ਹੈ, ਜਿਸ ਵਿਚ ਸਵਾਰ ਸਾਰੀਆਂ ਔਰਤਾਂ ਦੀਆਂ ਛਾਤੀਆਂ ਕੱਟੀਆਂ ਹੋਈਆਂ ਹਨ। ਕਦੀ ਹੁੰਦਾ, ਕਿ ਪਾਕਿਸਤਾਨ ਵਿਚ ਗੁਰਦਵਾਰਿਆਂ 'ਚ ਪਵਿੱਤਰ ਬਾਣੀ ਨੂੰ ਅੱਗਾਂ ਲਾ ਕੇ ਫੂਕਿਆਂ ਜਾ ਰਿਹਾ ਹੈ। ਸਿੱਖਾਂ ਦੀਆਂ ਲਾਸ਼ਾਂ ਨਾਲ ਗੱਡੀਆਂ ਭਰੀਆਂ ਆ ਰਹੀਆਂ ਹਨ। ਇਹਨਾਂ ਖ਼ਬਰਾਂ ਨਾਲ ਸਾਡੇ ਨਾਨਕੇ ਪਿੰਡ ਵਿਚ ਵੀ, ਕਈ ਭੁੱਖ-ਨੰਗ ਦੇ ਮਾਰੇ ਅਤੇ ਜਨੂੰਨੀ ਕਿਸਮ ਦੇ ਬੰਦਿਆਂ ਦੇ ਮਨਾਂ ਵਿਚ ਫਿਰਕੂ ਜ਼ਹਿਰ ਫੈਲਣੀ ਸ਼ੁਰੂ ਹੋ ਗਈ। ਸਦੀਆਂ ਪੁਰਾਣੇ ਰਿਸ਼ਤੇ ਤਿੜਕਣ ਲੱਗੇ। ਸ਼ੱਕ ਅਤੇ ਬੇ-ਵਿਸਾਹੀ ਨਾਲ ਵਾਤਾਵਰਣ ਭਾਰੀ ਹੋਣ ਲੱਗ ਪਿਆ ਪਿੰਡ ਦੇ ਮੁਸਲਮਾਨ ਹਨ੍ਹੇਰੇ-ਸਵੇਰੇ ਘਰੋਂ ਨਾ ਨਿਕਲਦੇ। ਪਟੜੀ-ਫੇਰ ਦੇ ਗੁੰਡੇ ਸਾਡੇ ਪਿੰਡ ਦੇ ਗੁੰਡਿਆ ਨਾਲ ਲੁਕ-ਛਿਪ ਕੇ ਘੁਸਰ-ਮੁਸਰ ਕਰਨ ਲੱਗੇ। ਵੇਲੇ-ਕੁਵੇਲੇ ਦਾਰਾ ਤੇ ਕੁੰਮਾਂ ਵੀ ਘਰੋਂ ਨਾ ਨਿਕਲਦੇ। ਮੈਂ ਹੁਣ ਉਹਨਾਂ ਦੇ ਘਰ ਜਾ ਕੇ ਬਾਂਟੇ ਖੇਡਣ ਲੱਗ ਪਿਆ ਸਾਂ। ਸਾਨੂੰ ਬੱਚਿਆਂ ਨੂੰ, ਇਸ ਸਾਰੀ ਬਦਲੀ ਹੋਈ ਤੇ ਕਬਰਾਂ ਵਰਗੀ ਸੋਗੀ ਚੁੱਪ ਦਾ ਬਹੁਤਾ ਪਤਾ ਨਹੀਂ ਸੀ।

ਮੈਂ ਇਕ ਸਵੇਰੇ ਛਿੱਤੋ ਅਤੇ ਕੁੰਮੇ ਦੇ ਘਰ ਖੇਡਣ ਗਿਆ ਤਾਂ ਉਹ ਦੋਵੇਂ ਉੱਚੀ-ਉੱਚੀ ਰੋ ਰਹੇ ਸਨ। ਅੱਬਾ, ਅੱਲਾ ਰੱਖਾ ਤੇ ਬੇਬੇ, ਸ਼ਰੀਫ਼ਾਂ ਹੁਰੀਂ ਭਰੀਆਂ ਅੱਖਾਂ ਨਾਲ ਉਹਨਾਂ ਨੂੰ ਚੁੱਪ ਕਰਾ ਰਹੇ ਸਨ। ਮੇਰੇ ਪੁੱਛਣ ਤੇ ਛਿੱਤੋ ਅਤੇ ਕੁੰਮੇ ਨੇ ਦੱਸਿਆ, ਕਿ ਸਵੇਰੇ-ਸਵੇਰੇ, ਉਹਨਾਂ ਦੇ ਸਾਹਮਣੇ ਖੁੱਡੇ ਵਿਚੋਂ ਪਿੰਡ ਦੇ ਕੁਝ ਗੁੰਡੇ ਮੁਰਗੇ-ਮੁਰਗੀਆਂ ਫੜ ਕੇ ਲੈ ਗਏ ਸਨ। ਕੁੰਮੇ ਅਤੇ ਛਿੱਤੋ ਨੇ ਇਹ ਮੁਰਗੀਆਂ ਬੜੇ ਪਿਆਰ ਨਾਲ ਪਾਲੀਆਂ ਹੋਈਆਂ ਸਨ। ਰੋਕਣ 'ਤੇ ਉਹਨਾਂ ਗੁੰਡਿਆਂ ਆਖਿਆ ਸੀ:-

'ਜ਼ਰਾ ਰਾਤ ਪੈ ਲੈਣ ਦਿਓ, ਫੇਰ ਦੇਖਿਓ ਤੁਹਾਡੇ ਮੁਸਲਿਆਂ ਨਾਲ ਕੀ ਬੀਤਦੀ ਐ।'

ਗਵਾਂਢੀ ਪਿੰਡ ਹਠੂਰ ਤੋਂ ਆਏ ਲੁਟੇਰੇ, ਸਾਡੇ ਪਿੰਡ ਦੇ ਇਕ ਬਦਮਾਸ਼ ਮੱਘਰ ਦੇ ਠਹਿਰੇ ਹੋਏ ਸਨ। ਉਸੇ ਹੀ ਸ਼ਾਮੀ ਮੱਘਰ ਦੇ ਘਰ ਰਿੱਝਦੇ ਮੁਰਗਿਆਂ ਦੀਆਂ ਖੁਸ਼ਬੂਆਂ ਦੂਰ ਤੱਕ ਆਉਂਦੀਆਂ ਸਨ। ਸ਼ਾਮ ਦੇ ਘੁਸਮੁਸੇ ਜਿਹੇ ਵਿਚ ਉਹ ਹਾਲੀ ਤੀਕ ਵਿਹੜੇ 'ਚ ਮੰਜਿਆਂ ਤੇ ਬੈਠੇ ਦਾਰੂ ਪੀ ਰਹੇ ਸਨ। ਬੰਦੂਕਾਂ ਤੇ ਰੌਂਦਾ ਵਾਲੇ ਖਾਕੀ ਝੋਲੇ, ਮੰਜਿਆਂ ਦੇ ਪਾਵਿਆਂ ਨਾਲ ਲਟਕ ਰਹੇ ਸਨ। ਉਹ ਸ਼ਰਾਬੀ ਹੋਏ, ਕੋਈ ਵਿਉਂਤ ਬਣਾ ਰਹੇ ਸਨ। ਉਹਨਾਂ ਵਿਚੋਂ ਇਕ ਨਸ਼ੇ ਵਿਚ ਧੁੱਤ ਹੋਇਆ ਆਖ ਰਿਹਾ ਸੀ:-

'ਮੈਨੂੰ ਤਾਂ ਉਹ ਲੁਹਾਰ, ਅੱਲਾ ਰੱਖੇ ਦੀ ਕਬੂਤਰੀ, ਛਿੱਤੋ ਫੜ ਦਿਉ। ਹੋਰ ਆਪਾਂ ਨੂੰ ਕੁਝ ਨ੍ਹੀ ਚਾਹੀਦਾ। ਸਹੁੰ ਗੁਰੂ ਦੀ, ਸਾਲੀ ਗੁੰਟਰੂੰ -ਗੁੰਟਰੂੰ ਕਰਦੀ ਫਿਰਦੀ ਐ। ਵੇਖ ਕੇ ਚਿੱਤ ਸਾਲਾ ਹੋਰੂੰ ਈ ਹੋ ਜਾਂਦੈ। ਕੇਰਾਂ ਤਾਂ, ਸੁਰਗਾਂ ਦੇ ਝੂਟੇ ਆ ਜਾਣਗੇ।'

ਇਹ ਸ਼ਾਇਦ ਸੋਢੀਆਂ ਦੀ ਪੱਤੀ ਵਾਲਾ ਘੁੱਦੂ, ਬੋਲ ਰਿਹਾ ਸੀ। ਉਹ ਤਿੰਨੇ ਭਰਾ ਵੀ ਛੜੇ ਸਨ। ਜ਼ਮੀਨ ਐਵੇਂ ਨਾ-ਮਾਤਰ ਸੀ। ਬੱਸ ਠੱਗੀਆਂ ਚੋਰੀਆਂ ਕਰਕੇ ਹੀ ਦਿਨ-ਕਟੀ ਕਰੀ ਜਾਂਦੇ ਸਨ। ਰੌਲਿਆਂ ਦੀ ਅਫਵਾਹ ਸੁਣ ਕੇ ਉਹਨੇ ਵੀ ਨਿੰਹਗੀ ਬਾਣਾ ਪਾ ਲਿਆ ਸੀ। ਉਹ ਸਦਾ ਸੱਥ ਵਿਚ ਬੈਠਾ ਸੁੱਕੇ ਗੋਹੇ ਨਾਲ ਆਪਣਾ ਬਰਛਾ ਮਾਂਜਦਾ ਰਹਿੰਦਾ।

ਕੁੰਮੇ ਤੇ ਛਿੱਤੋ ਨੂੰ ਰੋਂਦਿਆਂ ਵੇਖ ਕੇ ਮੇਰੀਆਂ ਅੱਖਾਂ ਵੀ ਭਰ ਆਈਆਂ ਸਨ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਉਹਨਾਂ ਨੂੰ ਚੁੱਪ ਕਰਾਉਣ ਲਈ ਮੈਂ ਉਹਨਾਂ ਦੀਆਂ ਮੁਰਗੀਆਂ-ਮੁਰਗੇ ਕਿਵੇਂ ਵਾਪਸ ਲਿਆਵਾਂ। ਮੈਂ ਸਾਰੀ ਕਹਾਣੀ ਘਰ ਆ ਕੇ ਆਪਣੇ ਮਾਮੇ ਦੇ ਪੁੱਤਰ ਚੰਦ ਨੂੰ ਦੱਸੀ। ਉਹਨੇ ਮੈਨੂੰ ਮੰਜੇ 'ਤੇ ਬਿਠਾ ਲਿਆ ਤੇ ਬੜੇ ਭੇਤ-ਭਰੇ ਤਰੀਕੇ ਨਾਲ ਮੈਨੂੰ ਦੱਸਣਾ ਸ਼ੁਰੂ ਕੀਤਾ:-

'ਕੱਲ੍ਹ ਚਾਹਾਂ ਵੇਲੇ, ਡੋਗਰ ਡੁੱਡਲ ਦੇ ਡੇਰੇ 'ਤੇ ਝੁਰਲੀ ਜਥੇ ਦਾ ਕੱਠ ਹੋਇਆ ਸੀ। ਪਟੜੀ-ਫੇਰ ਦੇ ਬਦਮਾਸ਼ ਆਏ ਵੇ ਸੀ। ਉਹਨਾਂ ਸਾਰਿਆਂ ਮਤਾ ਪਕਾਇਆ, ਬਈ ਆਪਣੇ ਪਿੰਡ ਦੇ ਸਾਰੇ ਮੁਸਲਮਾਨਾਂ ਨੂੰ, ਗੱਡੀ ਚੜ੍ਹਾਤਾ ਜਾਵੇ। ਭੰਮੀਪੁਰੀਆ ਡੋਲਾ ਕਹਿੰਦਾ ਸੀ ਬਈ

ਪਾਕਿਸਤਾਨ 'ਚ ਸਿੱਖਾਂ ਦੀਆਂ ਬਹੂ-ਬੇਟੀਆਂ ਨੂੰ ਮੁਸਲਮਾਨ ਆਪਣੇ ਘਰੀ ਵਹੁਟੀਆਂ ਬਣਾ ਕੇ ਰੱਖੀਂ ਜਾਂਦੇ ਨੇ। ਸਿੱਖਾਂ ਦੀ ਵੱਢ-ਟੁੱਕ ਕਰੀ ਜਾਂਦੇ ਨੇ। ਮਾਲ-ਪਸ਼ੂ ਸਭ ਲੁੱਟ ਕੇ ਲੈ ਜਾਂਦੇ ਨੇ ਤੇ ਗੁਰਦੁਆਰਿਆਂ ਨੂੰ ਅੱਗਾਂ ਲਾਈ ਜਾਂਦੇ ਨੇ। ਪਰ ਆਪਾਂ ਏਥੇ ਪਿੰਡ 'ਚ ਦੁਸ਼ਮਣ ਰੱਖੀ ਬੈਠੇ ਆਂ। ਇਹਨਾਂ ਦਾ ਭੋਗ ਪਾਉ। ਸਾਰਿਆਂ ਨੇ ਫੈਸਲਾ ਕੀਤਾ ਬਈ ਕੱਲ੍ਹ ਨੂੰ ਪਿੰਡ 'ਚ ਵੱਢ-ਟੁੱਕ ਕੀਤੀ ਜਾਵੇ।'

ਮੈਂ ਰੋਣ ਹਾਕਾ, ਚੰਦ ਦੇ ਮੂੰਹ ਵੱਲ ਵੇਖੀਂ ਜਾ ਰਿਹਾ ਸੀ। ਕੁੰਮੇ ਤੇ ਛਿੰਦੋ ਨੂੰ ਇਹ ਵੱਢ ਦੇਣਗੇ? ਸੋਚ ਕੇ ਮੇਰਾ ਜਿਵੇਂ ਸਾਰਾ ਸਰੀਰ ਕੰਬ ਗਿਆ। ਉਹਨਾਂ ਦੇ ਮੇਰੇ ਨਾਲ ਬਾਂਟੇ ਖੇਡਣ ਤੋਂ ਬਿਨਾਂ, ਹੋਰ ਕਿਸੇ ਕਸੂਰ ਦੀ ਮੈਨੂੰ ਸਮਝ ਨਹੀਂ ਸੀ ਪੈਂਦੀ। ਮੈਂ ਘਬਰਾਇਆ ਹੋਇਆ ਆਪਣੀ ਮਾਂ ਦੇ ਗੋਡੇ ਨਾਲ ਲੱਗ ਕੇ ਬੈਠ ਗਿਆ, ਜਿਵੇਂ ਇੱਲ੍ਹ ਤੋਂ ਡਰਦੇ ਕੁੱਕੜੀ ਦੇ ਬੱਚੇ ਆਪਣੀ ਮਾਂ ਦੇ ਖੰਭਾਂ ਹੇਠ ਲੁਕ ਜਾਂਦੇ ਹਨ। ਸਾਡੇ ਘਰ ਵਿਚ ਪਹਿਲਾਂ ਹੀ ਸੋਗ ਪਿਆ ਹੋਇਆ ਸੀ। ਛਿੰਦੋ ਦੇ ਵਿਆਹ ਲਈ ਬਣਾਇਆ ਟੂੰਮ-ਛੱਲਾ, ਅੰਮਾਂ ਰਹਿਮੋ, ਅਮਾਨਤ ਵਜੋਂ ਪਹਿਲਾਂ ਹੀ ਦਿਨੇ, ਸਾਡੇ ਘਰ ਮਾਮੀ ਨੂੰ ਸੰਭਾਲ ਗਈ ਸੀ।

ਆਖ਼ਰ ਸਿਆਣਿਆਂ ਬੰਦਿਆਂ ਨੇ ਗੁਰਦੁਆਰੇ ਵਿਚ ਹੋਏ ਇਕੱਠ 'ਚ ਇਹ ਫੈਸਲਾ ਕਰਵਾ ਲਿਆ ਕਿ ਪਿੰਡ ਦੇ ਮੁਸਲਮਾਨਾਂ ਨੂੰ, ਰਾਏਕੋਟ ਦੇ ਕੈਂਪ ਵਿਚ ਛੱਡ ਦਿੱਤਾ ਜਾਵੇ। ਉਹਨਾਂ ਦੀ ਜਾਨ -ਮਾਲ ਨੂੰ ਕੋਈ ਹਾਨੀ ਨਾ ਹੋਣ ਦਿੱਤੀ ਜਾਵੇ। ਫਿਰ ਵੀ ਉਹਨਾਂ ਨਾਲ ਪਿੰਡ ਦੇ ਲੋਕਾਂ ਦੀ ਜੱਦੀ-ਪੁਸ਼ਤੀ ਸਾਂਝ ਰਹੀ ਹੈ।

ਪਰ ਗੁਰਦੁਆਰੇ ਦੇ ਇਸ ਇਕੱਠ ਵਿਚੋਂ ਗੁੱਸੇ ਹੋ ਕੇ ਪਟੜੀ-ਫੇਰ ਦੇ ਬਦਮਾਸ਼ ਉੱਠ ਕੇ ਚਲੇ ਗਏ ਸਨ। ਬਾਕੀ ਲੋਕਾਂ ਨੇ ਫੈਸਲਾ ਕਰ ਲਿਆ ਸੀ, ਕਿ ਅਗਲੇ ਦਿਨ ਪਿੰਡ ਦੇ ਸਾਰੇ ਮੁਸਲਮਾਨਾਂ ਨੂੰ ਸੱਥ ਵਿਚ ਇਕੱਠਾ ਕਰ ਕੇ ਪਹਿਰੇ ਹੇਠਾਂ, ਰਾਏਕੋਟ ਕੈਂਪ ਵਿਚ ਛੱਡ ਦਿੱਤਾ ਜਾਵੇ। ਇਸ ਫੈਸਲੇ ਨਾਲ ਰੋਂਦੇ-ਕੁਰਲਾਂਦੇ ਪਿੰਡ ਦੇ ਮੁਸਲਮਾਨ ਵੀ ਸਹਿਮਤ ਹੋ ਗਏ ਸਨ।

ਅਗਲੇ ਦਿਨ ਨਿੱਕੀਆਂ-ਮੋਟੀਆਂ ਗੱਠੜੀਆਂ ਚੁੱਕੀ, ਔਰਤਾਂ ਆਪਣੇ ਗੋਦੀਂ ਬੱਚੇ ਚੁੱਕੀ, ਬਜ਼ੁਰਗ ਖੰਘਦੇ ਹੋਏ, ਖੂੰਡੀਆਂ ਫੜੀ ਤੇ ਸਾਡੇ ਹਾਣ ਦੇ ਬੱਚੇ ਬਾਂਟਿਆਂ ਨਾਲ ਖੱਦਰ ਦੇ ਅੱਧ-ਪਾਟੇ ਕੁੜਤਿਆਂ ਦੀਆਂ ਜੇਬਾਂ ਭਰੀ ਸੱਥ ਵਿਚ ਇਕੱਠੇ ਹੋਰ ਹੇ ਸਨ। ਉਹਨਾਂ ਦੇ ਪਾਲਤੂ ਕੁੱਤੇ ਬੁਰਕੀ ਦੀ ਆਸ ਵਿਚ ਬੂਥੀਆਂ ਚੁੱਕੀ ਪੂਛਾਂ ਹਿਲਾ ਰਹੇ ਸਨ। ਛਿੰਦੋ ਵਰਗੀਆਂ ਜੁਆਨ ਕੁੜੀਆਂ ਆਪਣੀਆਂ ਮਾਵਾਂ ਦੇ ਗਲ ਲੱਗੀਆਂ ਜ਼ਾਰ-ਜ਼ਾਰ ਰੋ ਰਹੀਆਂ ਸਨ।

ਮੇਰੀਆਂ ਨਜ਼ਰਾਂ ਕੁੰਮੇ ਤੇ ਛਿੰਦੋ 'ਤੇ ਲੱਗੀਆਂ ਹੋਈਆਂ ਸਨ। ਕੁੰਮਾ ਬਹੁਤ ਹੀ ਉਦਾਸ ਨਜ਼ਰਾਂ ਨਾਲ ਮੇਰੇ ਵੱਲ ਝਾਕ ਰਿਹਾ ਸੀ। ਸਦਾ ਚਹਿਕਦੀ ਰਹਿਣ ਵਾਲੀ ਛਿੰਦੋ, ਬੇਵੱਸ ਅੱਖਾਂ 'ਚੋਂ ਹੰਝੂ ਵਗਾ ਰਹੀ ਸੀ। ਮੈਂ ਹੌਲੀ-ਹੌਲੀ ਕੁੰਮੇ ਅਤੇ ਛਿੰਦੋ ਕੋਲ ਗਿਆ ਹੀ ਸਾਂ, ਕਿ ਇਕ ਲਿਸ਼ਕਦੇ ਬਰਛੇ ਵਾਲੇ ਭਿਆਨਕ ਬੰਦੇ ਨੇ, ਮੈਨੂੰ ਧੱਕਾ ਦੇ ਕੇ ਪਿਛਾਂਹ ਸੁੱਟ ਦਿੱਤਾ। ਛਿੰਦੋ ਦੀਆਂ ਅੱਖਾਂ ਤੋਂ ਪਤਾ ਲਗਦਾ ਸੀ, ਜਿਵੇਂ ਉਹ ਮੈਨੂੰ ਪੁੱਛਦੀ ਹੋਵੇ ਕਿ ਮੈਨੂੰ ਕਿਧਰੇ ਸੱਟ ਤੇ ਨਹੀਂ ਵੱਜੀ। ਕੁੰਮੇ ਨੇ ਵੀ ਬਰਛੇ ਵਾਲੇ ਬੰਦੇ ਵਲ ਬੜੀ ਘਿਰਣਾ ਨਾਲ ਵੇਖਿਆ।

ਆਖਰ ਰੋਂਦੇ-ਕੁਰਲਾਂਦੇ ਇਹਨਾਂ ਬੇਵਸ ਲੋਕਾਂ ਦੇ ਕਾਫ਼ਲੇ ਨੂੰ, ਰਾਏ ਕੋਟ ਦੇ ਰਾਹ ਪਾ ਲਿਆ ਗਿਆ। ਕੁੰਮਾ ਤੇ ਛਿੰਦੋ ਮੇਰੇ ਵੱਲ ਵੇਖ ਕੇ, ਇਕ ਧਾਹ ਮਾਰ ਕੇ, ਕਾਫ਼ਲੇ ਨਾਲ ਤੁਰ ਪਏ। ਉਹਨਾਂ ਦੀ ਧਾਹ ਅੱਜ ਵੀ ਮੈਨੂੰ ਸੁਣ ਜਾਂਦੀ ਹੈ। ਉਹ ਧਾਹ, ਸ਼ਾਇਦ ਉਸ ਦਿਨ ਸੱਤ-ਅਸਮਾਨਾਂ ਨੂੰ ਚੀਰ ਕੇ ਹਵਾ ਵਿਚ ਮਿਲ ਗਈ ਸੀ ਤੇ ਹੁਣ ਉਹ ਧਾਹ, ਵੱਖਰੇ-ਵੱਖਰੇ ਰੂਪਾਂ ਵਿਚ , ਮੈਨੂੰ ਅੱਜ ਨਾ ਕੇਵਲ ਆਪਣੇ ਪੰਜਾਬ ਵਿਚੋਂ ਹੀ ਸੁਣਦੀ ਹੈ, ਸਗੋਂ ਸੰਸਾਰ ਦੇ ਹਰ ਕੋਨੇ ਵਿਚੋਂ ਵੀ ਕੰਨੀਂ ਪੈਂਦੀ ਹੈ।

ਜਦੋਂ ਇਹਨਾਂ ਅਭਾਗੇ ਲੋਕਾਂ ਦਾ ਕਾਫ਼ਲਾ ਬੱਸੀਆਂ ਵਾਲੇ ਸੂਏ ਤੇ ਜਾਂਦਾ ਹੋਇਆ, ਸੈਦੋ ਵਾਲ ਦੇ ਬਰਾਬਰ ਪੁੱਜਿਆ ਤਾਂ , ਕਾਹਾਂ ਵਿਚੋਂ ਨਿਕਲ ਕੇ ਪਟੜੀ-ਫੇਰ ਦੇ ਬਦਮਾਸ਼ ਸਾਹਮਣੇ ਆ ਗਏ। ਇਹਨਾਂ ਵਿਚ ਭੰਮੀਪੁਰੇ ਦਾ ਭੋਲਾ ਅਤੇ ਹੋਰ ਉਹ ਸਾਰੇ ਗੁੰਡੇ ਸੀ, ਜਿਹੜੇ ਪਿਛਲੇ ਦਿਨ ਗੁੱਸੇ ਹੋ ਕੇ ਗੁਰਦੁਆਰੇ ਦੇ ਇਕੱਠ ਵਿਚੋਂ ਉੱਠ ਆਏ ਸਨ। ਇਹਨਾਂ ਵਿਚ ਸੋਢੀ ਦੀ ਪੱਤੀ ਵਾਲਾ ਘੁੱਦੂ ਵੀ ਸੀ ਤੇ ਉਹ ਸਾਰੇ ਬਦਮਾਸ਼ ਵੀ, ਜਿਹੜੇ ਮੱਘਰ ਦੇ ਘਰ ਪਿਛਲੀ ਰਾਤੀਂ ਮੁਰਗੇ ਖਾਂਦੇ ਤੇ ਸ਼ਰਾਬਾਂ ਪੀਂਦੇ ਰਹੇ ਸਨ।

ਕਾਫਲੇ ਨਾਲ ਆ ਰਹੇ ਸ਼ਰੀਫ਼ ਪਹਿਰੇਦਾਰਾਂ ਨੂੰ ਬਦਮਾਸ਼ਾਂ ਨੇ ਬੰਦੂਕਾਂ ਸਿੱਧੀਆਂ ਕਰਕੇ ਆਖਿਆ:-

'ਜਾਨ ਬਚਾਉਣੀ ਐ ਤਾਂ ਚੁੱਪ ਕਰਕੇ ਆਪਣੇ ਘਰਾਂ ਨੂੰ ਚਲੇ ਜਾਉ। ਨਹੀ ਤਾਂ ਥੋਡੀਆਂ ਵੀ ਲਾਸ਼ਾਂ ਨਾਲ ਖੂਹ-ਟੋਭੇ ਭਰ ਦਿਆਂਗੇ।"

ਡਰਦੇ ਪਹਿਰੇਦਾਰ, ਮਾਸੂਮ , ਨਿਹੱਥੇ ਤੇ ਗਰੀਬ ਮੁਸਲਮਾਨਾਂ ਨੂੰ ਲਾਵਾਰਸ ਭੇਡਾਂ-ਬੱਕਰੀਆਂ ਵਾਂਗ, ਕਸਾਈਆਂ ਦੇ ਹਵਾਲੇ ਕਰ ਕੇ, ਆਪਣੇ ਘਰੀ ਪਰਤ ਆਏ।

ਬਦਮਾਸ਼ਾਂ ਨੇ ਵੱਢ-ਵੱਢ ਕੇ ਮੁਸਲਮਾਨਾਂ ਦੇ ਢੇਰ ਲਾ ਦਿੱਤੇ। ਅੱਧ-ਮਰਿਆਂ ਦੀਆਂ ਗੱਠੜੀਆਂ ਫੋਲ ਕੇ ਸਮਾਨ ਕੱਢਣ ਲੱਗ ਪਏ। ਬੁੱਢੇ-ਬੁੱਢੀਆਂ ਆਪਣੇ ਪੁੱਤਾਂ ਦੇ ਕਤਲ ਵੇਖ ਕੇ ਦਹਿਲ ਨਾਲ ਹੀ ਪ੍ਰਾਣ ਤਿਆਗ ਗਏ। ਮਾਲਕਾਂ ਦੇ ਪਾਲਤੂ ਕੁੱਤੇ ਦੂਰ ਖੜ੍ਹੇ ਕਾਫ਼ੀ ਦੇਰ ਤੱਕ ਭੌਂਕਦੇ ਰਹੇ। ਕੁੰਮੇ ਨੇ ਦੌੜ ਕੇ ਜਾਨ ਬਚਾਉਣ ਦਾ ਯਤਨ ਕੀਤਾ, ਪਰ ਆਖਰ ਬਚਨੇ ਦਾ ਬਰਛਾ ਉਹਦੀ ਕੰਮਰੋੜ ਦੀ ਹੱਡੀ ਪਾਰ ਕਰ ਗਿਆ। ਜੁਆਨ ਕੁੜੀਆਂ ਨੂੰ ਗੁੰਡੇ ਹੱਥੋ-ਹੱਥੀਂ ਧੂਹ ਕੇ ਕਾਹਾਂ

ਵਿਚ ਲੈ ਗਏ। ਛਿੱਤੋ ਨੂੰ ਵੀ ਸੋਢੀ ਕੀ ਪੱਤੀ ਵਾਲਾ ਘੁੱਦੂ ਆਪਣੇ ਘਰ ਚੁੱਕ ਲਿਆਇਆ। ਰੌਲਿਆਂ ਤੋਂ ਪਹਿਲਾਂ ਛਿੱਤੋ ਉਹਨੂੰ ਚਾਚਾ ਕਹਿ ਕੇ ਬੁਲਾਉਂਦੀ ਹੁੰਦੀ ਸੀ।

ਸੈਦੋ ਵਾਲ ਪਿੰਡ ਦੇ ਬਰਾਬਰ ਬੱਸੀਆਂ ਵਾਲੇ ਸੂਏ 'ਤੇ, ਮੇਰੇ ਨਾਨਕੇ ਪਿੰਡ ਦੇ ਬੇ-ਗੁਨਾਹ ਗਰੀਬ ਮੁਸਲਮਾਨਾਂ ਦੀ ਵੱਢ-ਟੁੱਕ ਵਾਲੀ ਸਾਰੀ ਦਰਦਨਾਕ ਕਹਾਣੀ, ਸਾਡੇ ਕੋਲੋਂ, ਮਾਮਾ ਜੀ ਤੇ ਪਰਿਵਾਰ ਦੇ ਬਾਕੀ ਮੈਂਬਰਾਂ ਨੇ ਲੁਕਾ ਕੇ ਰੱਖੀ। ਸਾਨੂੰ ਕੇਵਲ ਇਹ ਹੀ ਦੱਸਿਆ ਗਿਆ, ਕਿ ਕੁੰਮੇ ਅਤੇ ਛਿੱਤੋ ਹੋਰਾਂ ਨੂੰ ਸੁੱਖੀ-ਸਾਂਦੀ ਰਾਏਕੋਟ ਵਾਲੇ ਕੈਂਪ ਵਿਚ ਛੱਡ ਦਿੱਤਾ ਗਿਆ ਹੈ। ਪਰ ਪਿੰਡ ਦੀ ਸੱਥ ਵਿਚ ਹੁੰਦੀ ਘੁਸਰ-ਮੁਸਰ ਤੋਂ ਸਾਨੂੰ ਸ਼ੱਕ ਹੋ ਗਿਆ ਸੀ। ਆਖਰ ਮੇਰੇ ਮਾਮੇ ਦੇ ਪੁੱਤਰ ਨੇ ਜੋ ਕਾਫ਼ਲੇ ਦੇ ਨਾਲ ਗਿਆ ਸੀ, ਸਾਰੀ ਕਹਾਣੀ ਦੱਸ ਦਿੱਤੀ। ਜਾਨ ਬਚਾਉਣ ਲਈ ਕੁੰਮੇ ਦਾ ਬਚਨੇ ਦੇ ਅੱਗੇ-ਅੱਗੇ ਭੱਜਣਾ ਸੁਣ ਕੇ, ਮੇਰੀਆਂ ਧਾਹਾਂ ਨਿਕਲ ਗਈਆਂ। ਉਹਨੇ ਮੈਨੂੰ ਇਹ ਵੀ ਦੱਸਿਆ ਕਿ ਕੁਝ ਸਮਾਂ ਕੁੰਮਾਂ ਆਪਣੀ ਮਾਂ ਰਹਿਮੋ ਦੀ ਵੱਢੀ-ਟੁੱਕੀ ਲਾਸ਼ ਹੇਠਾਂ ਲੁਕਿਆ ਪਿਆ ਰਿਹਾ। ਪਰ ਜਦੋਂ ਬਚਨਾ ਉਹਦੀ ਮਾਂ ਦੀ ਗੱਠੜੀ ਚੁੱਕਣ ਲਈ ਨੀਵਾਂ ਹੋਇਆ ਤਾਂ ਕੁੰਮਾਂ ਲਾਸ਼ ਹੇਠੋਂ ਨਿਕਲ ਕੇ ਦੌੜ ਪਿਆ। ਭੱਜੇ ਜਾਂਦੇ ਕੁੰਮੇ ਦੀ ਜੇਬ 'ਚੋਂ ਬਾਂਟੇ ਡਿੱਗਦੇ ਜਾਂਦੇ ਸਨ। ਉਹ ਧਾਹੀਂ ਰੋਂਦਾ ਬਚਨੇ ਨੂੰ ਇਹ ਵੀ ਆਖ ਰਿਹਾ ਸੀ:-

'ਚਾਚਾ! ਮੈਨੂੰ ਮਾਰੀਂ ਨਾ, ਮੈ ਤੇਰੇ ਡੰਗਰ ਚਾਰਿਆਂ ਕਰੂੰਗਾਂ।'

ਕੁੰਮੇ ਇਹ ਵੀ ਮਿੰਨਤ ਕੀਤੀ:-

'ਚਾਚਾ! ਮੈਨੂੰ ਸਿੱਖ ਬਣਾ ਲੈ, ਪਰ ਮਾਰੀਂ ਨਾ।'

ਪਰ ਬਚਨੇ ਨੇ ਉਹਦੀ ਇਕ ਨਾ ਸੁਣੀ ਤੇ ਅਗਲੇ ਹੀ ਪਲ ਉਹਦਾ ਬਰਛਾ ਕੁੰਮੇ ਦੀ ਗੀੜ੍ਹ ਦੀ ਹੱਡੀ ਵਿਚ ਖੁੱਭ ਚੁਕਿਆ ਸੀ। ਚੰਦ ਨੇ ਛਿੱਤੋ ਬਾਰੇ ਕੋਈ ਗੱਲ ਨਾ ਦੱਸੀ। ਸ਼ਾਇਦ ਉਹਨੂੰ ਵੀ ਉਹਦੇ ਬਾਰੇ ਕੋਈ ਪੱਕਾ ਪਤਾ ਨਹੀਂ ਸੀ। ਪਰ ਕੁਝ ਹੀ ਦਿਨਾਂ ਮਗਰੋਂ ਸਾਡੇ ਘਰ ਧੰਤੀ ਨੈਣ ਰੋਟੀ ਦਾ ਸੱਦਾ ਦੇਣ ਆਈ, ਮਾਮੀ ਨਾਲ ਗੱਲਾਂ ਕਰ ਰਹੀ ਸੀ:-

'ਲੈ ਵੇਖ ਗੁਰਨਾਮ ਕੁਰੇ, ਸਾਰੀ ਉਮਰ ਕੁੜੀ, ਚਾਚਾ ਘੁੱਦੂ, ਚਾਚਾ ਘੁੱਦੂ ਕਹਿੰਦੀ ਆਈ ਤੇ ਹੁਣ ਗਰਕ ਜਾਣੇ ਨੇ ਆਪਣੀ ਜ਼ਨਾਨੀ ਬਣਾ ਕੇ ਘਰ ਰੱਖ ਲੀ। ਧਰਤੀ ਗਰਕੂ ਨਾ, ਦੱਸ ਹੋਰ ਕੀ ਹੋਊ? ਥੇਹ ਹੋਣਾ, ਧੀ ਵਰਗੀ ਕੁੜੀ ਨੂੰ ਵਹੁਟੀ ਬਣਾਈ ਬੈਠੈ। ਕਹਿੰਦੇ ਸਾਰਾ ਦਿਨ ਬਾਹਰਲੇ ਘਰੇ ਕੁੰਡੇ ਜਿੰਦੇ ਹੇਠ ਰੱਖਦੈ, ਬਿਚਾਰੀ ਨੂੰ। ਅੰਦਰੋਂ ਛਿੱਤੋ ਦੀਆਂ ਆਉਂਦੀਆਂ ਦੁਹਾਈਆਂ, ਕਹਿੰਦੇ ਸੁਣੀਆਂ ਕਿਹੜਾ ਜਾਂਦੀਆਂ ਨੇ!'

ਧੰਤੀ ਦੀ ਗਲ ਸੁਣਕੇ ਮੇਰਾ ਅੰਦਰ ਵਿੰਨ੍ਹਿਆ ਗਿਆ। ਮੇਰਾ ਦਿਲ ਕਰਦਾ ਸੀ ਕਿ ਕਿਰਪਾਨ ਲੈ ਕੇ ਘੁੱਦੂ ਦੇ ਟੋਟੇ ਕਰ ਦਿਆਂ।

ਘੁੱਦੂ ਦੇ ਬਾਹਰਲੇ ਘਰ ਦੀ ਪਿੱਠ, ਨਿਆਈਂ ਦੇ ਖੇਤਾਂ ਨਾਲ ਲੱਗਦੀ ਸੀ ਅਤੇ ਉਹਦੇ ਸੱਜੇ ਪਾਸੇ ਕਾਫ਼ੀ ਉੱਚੀ ਰੂੜੀ ਸੀ। ਅੰਦਰਲੇ ਘਰਾਂ ਵਾਲੀਆਂ ਔਰਤਾਂ ਆਮ ਤੌਰ ਤੇ ਏਥੇ ਹੀ ਗੋਹਾ-ਕੂੜਾ ਸੁੱਟਦੀਆਂ ਸਨ। ਉੱਚੇ-ਉੱਚੇ ਗੁਹਾਰੇ, ਘੁੱਦੂ ਦੇ ਕੋਠੇ ਦੀ ਛੱਤ ਦੇ ਨਾਲ ਲੱਗ ਜਾਂਦੇ ਸਨ। ਪਿਛਵਾੜੇ, ਮੇਰੇ ਵੱਡੇ ਮਾਮੇ ਦਾ ਖੂਹ ਸੀ। ਉਹਨਾਂ ਦਿਨਾਂ ਵਿਚ ਬੋਤੇ ਜੋੜ ਕੇ ਖੂਹ ਦੇ ਪਾਣੀ ਨਾਲ ਖੇਤਾਂ ਦੀ ਸਿੰਜਾਈ ਕੀਤੀ ਜਾਂਦੀ ਸੀ।

ਧੰਤੀ ਦੀ ਗੱਲ ਸੁਣ ਲੈਣ ਮਗਰੋਂ, ਘੁੱਦੂ ਦਾ ਉਹ ਕੋਠਾ, ਜਿਸ ਵਿਚ ਛਿੱਤੋ ਬੰਦ ਕੀਤੀ ਹੋਈ ਸੀ, ਮੇਰੇ ਲਈ ਬੜਾ ਡਰਾਉਣਾ ਜਿਹਾ ਬਣ ਗਿਆ ਸੀ। ਮੈਨੂੰ ਜਾਪਦਾ ਜਿਵੇਂ, ਉਸ ਘਰ ਅੰਦਰ ਕੋਈ ਟੁਕੜੇ-ਟੁਕੜੇ ਕੀਤੀ ਲਾਸ਼ ਪਈ ਹੋਵੇ। ਉਸ ਘਰ ਵਿਚ ਦੋ ਹੀ ਕਮਰੇ ਸਨ, ਜੋ ਮਿੱਟੀ- ਗਾਰੇ ਦੇ ਬਣੇ ਹੋਏ ਸਨ। ਇਕ ਕਮਰੇ ਨੂੰ ਸਦਾ ਬਾਹਰੋਂ ਜੰਦਰਾਂ ਲੱਗਾ ਰਹਿੰਦਾ ਸੀ ਅਤੇ ਉਹਦੀ ਚਾਬੀ ਦੂਜੇ ਕਮਰੇ ਵਿਚ ਰਹਿੰਦੀ ਗੋਲੂ ਮਜ਼੍ਹਬੀ ਦੀ ਘਰ ਵਾਲੀ, ਖੇਮੀ ਕੋਲ ਹੁੰਦੀ ਸੀ। ਦੋਵੇਂ ਵੇਲੇ ਖੇਮੀ ਜੰਦਰਾ ਖੋਲ੍ਹ ਕੇ ਰੋਟੀ-ਪਾਣੀ ਛਿੱਤੋ ਦੇ ਕਮਰੇ ਵਿਚ ਰੱਖ ਦਿੰਦੀ ਤੇ ਬਾਹਰੋਂ ਫਿਰ ਜੰਦਰਾ ਮਾਰ ਦਿੰਦੀ। ਖੇਮੀ ਹੀ ਸਵੇਰੇ ਸ਼ਾਮੀ ਛਿੱਤੋ ਨੂੰ ਟੱਟੀ-ਪਿਸ਼ਾਬ ਲਈ ਘਰ ਦੇ ਪਿੱਛੇ ਖੇਤਾਂ ਵਿਚ ਲੈ ਜਾਂਦੀ ਸੀ। ਖੇਮੀ ਇਕ ਢੰਗ ਨਾਲ ਘੁੱਦੂ ਦੀ ਰਖੇਲ ਸੀ।

ਇਕ ਦਿਨ ਮੈਂ ਤੇ ਮੇਰੇ ਹਾਣੀ ਸੀਤੇ ਨੇ, ਛਿੱਤੋ ਦੇ ਬੂਹੇ ਵਾਲਾ ਜੰਦਰਾ ਤੋੜਨ ਦੀ ਸਕੀਮ ਬਣਾਈ। ਪਰ ਖੇਮੀ ਸਦਾ ਹੀ ਪਹਿਰੇਦਾਰਾਂ ਵਾਂਗ ਉੱਥੇ ਹਾਜ਼ਰ ਰਹਿੰਦੀ ਸੀ। ਘੁੱਦੂ ਦੇ ਵਿਹੜੇ ਵਿਚ ਲੱਗੇ ਪੰਪ ਤੋਂ ਪਾਣੀ ਪੀਣ ਦੇ ਬਹਾਨੇ, ਅਸੀਂ ਅੰਦਰ ਗਏ ਤਾਂ ਖੇਮੀ ਸਾਨੂੰ ਟੁੱਟ ਕੇ ਪੈ ਗਈ :-

'ਜਾਉ, ਲਾਉ, ਚਿੱਤੜਾ ਨੂੰ ਅੱਡੀਆਂ, ਪੰਪ ਤਾਂ ਵਿਗੜਿਆ ਵਿਆ ਏ। ਫਿਰਦੇ ਐ, ਥੋਕ ਆਂਗੂੰ ਮੂੰਹ ਚੁੱਕੀ।'

ਅਸੀ ਛਿੱਥੇ ਜਿਹੇ ਹੋ ਕੇ ਬਿਨ ਪਾਣੀ ਪੀਤਿਆਂ, ਘੁੱਦੂ ਦੇ ਘਰੋਂ ਬਾਹਰ ਆ ਗਏ। ਦਰਾਂ ਅੱਗੇ ਖੜ੍ਹ ਕੇ ਮੈਂ ਉੱਚੀ ਦੇ ਕੇ ਆਖਿਆ:-

'ਛਿੱਤੋ, ਛਿੱਤੋ!' ਮੈ ਦੋ-ਚਾਰ ਹੋਰ ਉੱਚੀ-ਉੱਚੀ ਆਵਾਜ਼ਾਂ ਮਾਰੀਆਂ। ਪਤਾ ਨਹੀ ਅੰਦਰ ਬੈਠੀ ਛਿੱਤੋ ਨੂੰ ਮੇਰੀਆਂ ਅਵਾਜ਼ਾਂ ਸੁਣੀਆਂ ਕਿ ਨਹੀਂ, ਪਰ ਖੇਮੀ ਖੁਰਚਣਾ ਚੁੱਕੀ ਬਾਹਰ ਆ ਗਈ:-

'ਜਾਨਿਉਂ, ਕਿ ਦਮਾਂ ਧਨੇਸੜੀ, ਵਿਗੜੇ ਵੇ, ਮਾਰ ਮਾਰ ਖੁਰਚਣੇ ਚਿੱਤੜ ਲਾਲ ਕਰ ਦੂੰ, ਜੇ ਫੇਰ ਆਇਉਂ ਏਧਰ।'

ਖੇਮੀ ਬੋਲਦੀ ਹੋਈ ਸਾਡੇ ਵੱਲ ਆਈ ਤਾਂ ਅਸੀਂ ਉਥੋਂ ਦੌੜ ਆਏ।

ਥੋੜੇ ਸਮੇ ਮਗਰੋਂ, ਖੇਮੀ ਤਸਲਾ ਲੈ ਕੇ ਘਰੋਂ ਬਾਹਰ ਚਲੀ ਗਈ। ਅਸੀਂ ਪਰੇਮੇ ਦੇ ਖਰਾਸ ਕੋਲ ਬੈਠਿਆਂ ਖੇਮੀ ਨੂੰ ਜਾਂਦਿਆਂ ਵੇਖਿਆ ਤੇ ਅੱਖ ਬਚਾ ਕੇ ਅਸੀਂ ਗੁਹਾਰੇ ਰਾਹੀਂ ਛਿੱਬੋ ਵਾਲੇ ਕਮਰੇ ਦੀ ਛੱਤੇ ਉੱਤੇ ਜਾ ਚੜੇ। ਹਵਾ ਅਤੇ ਰੋਸ਼ਨੀ ਆਉਣ ਲਈ ਛੱਤ ਵਿਚ ਇਕ ਮੋਘਾ ਰੱਖਿਆ ਹੋਇਆ ਸੀ, ਜਿਸ ਨੂੰ ਘੜੇ ਨਾਲ ਢਕਿਆ ਹੋਇਆ ਸੀ।

ਮੈਂ ਘੜਾ ਚੁੱਕ ਕੇ ਪਾਸੇ ਕਰ ਦਿੱਤਾ ਅਤੇ ਸਹਿਮੇ ਹੋਏ ਨੇ ਕਮਰੇ ਦੇ ਅੰਦਰ ਝਾਤੀ ਮਾਰੀ। ਲੱਕੜ ਦੇ ਇਕ ਪੁਰਾਣੇ ਸੰਦੂਕ ਦੇ ਕੋਲ ਪਏ ਮੰਜੇ ਉੱਤੇ, ਝੁੰਬ ਜਿਹਾ ਮਾਰੀ ਛਿੱਬੋ ਬੈਠੀ ਸੀ। ਮੈਂ ਬਹੁਤ ਹੌਲੀ ਦੇ ਕੇ ਅਵਾਜ਼ ਮਾਰੀ:-

' ਛਿੱਬੋ, ਛਿੱਬੋ ਮੈਂ ਮੀਤੂ ਆਂ।"

ਮੇਰੀ ਆਵਾਜ਼ ਸੁਣ ਕੇ ਛਿੱਬੋ ਨੇ ਝੁੰਬ ਵਾਲਾ ਕੱਪੜਾ ਲਾਹ ਕੇ ਔਹ ਮਾਰਿਆ ਤੇ ਮੰਜੇ ਤੋਂ ਉੱਠ ਕੇ ਖੜ੍ਹੀ ਹੋ ਗਈ। ਉਹਦਾ ਸਾਰਾ ਮੂੰਹ ਸੁੱਜਿਆ ਹੋਇਆ ਸੀ। ਵਾਲ ਹਵਾ ਦੀ ਝੰਬੀ ਝਾੜੀ ਵਾਂਗ ਖਿੱਲਰੇ ਹੋਏ ਸਨ। ਮੱਥੇ ਉੱਤੇ ਮੋਟੇ ਖਰੀਂਢ ਆਏ ਹੋਏ ਸਨ। ਛਿੱਬੋ ਨੇ ਮੇਰੇ ਵੱਲ ਝਾਕ ਕੇ ਧਾਹ ਮਾਰੀ, ਪਰ ਉਹਦੀ ਆਵਾਜ਼ ਇੰਝ ਸੀ ਜਿਵੇਂ ਖੂਹ ਵਿਚੋਂ ਬੋਲ ਰਹੀ ਹੋਵੇ।

'ਮੀਤੂ, ਤਾਏ ਨੂੰ ਆਖ ਮੈਨੂੰ ਇਹਨਾਂ ਬੁੱਚੜਾਂ ਤੋਂ ਛੁਡਾ ਲਵੇ, ਜਾਂ ਮੈਨੂੰ ਕਿਧਰੋਂ ਥੋੜੀ ਜ਼ਹਿਰ ਲਿਆ ਦੇਵੇ। ਮੈਂ ਤੇਰੀ ਭੈਣ ਲੱਗਦੀ ਆਂ, ਮੀਤੂ। ਤੂੰ ਜੇ ਮੇਰਾ ਭਰਾ ਏਂ ਤਾਂ, ਤਾਏ ਨੂੰ ਆਖ ਕੇ ਮੈਨੂੰ ਏਥੋਂ ਛੁਡਾ ਲੈ। ' ਛਿੱਬੋ ਉੱਚੀ-ਉੱਚੀ ਰੋ ਰਹੀ ਸੀ ਤੇ ਮੈਂ ਵੀ ਛੱਤ ਤੇ ਬੈਠਾ ਅੱਖਾਂ 'ਚੋ ਡੁੱਲ੍ਹ ਰਹੇ ਸਮੁੰਦਰ ਵਿਚ ਗੋਤੇ ਖਾ ਰਿਹਾ ਸੀ।

ਸੀਤੇ ਨੇ ਆਵਾਜ਼ ਮਾਰ ਕੇ ਦੱਸਿਆ ਕਿ ਖੇਮੀ ਵਾਪਸ ਪਰਤ ਰਹੀ ਹੈ, ਤੇ ਮੈਂ ਛੱਤ ਤੋਂ ਹੇਠਾਂ ਆ ਜਾਵਾਂ। ਮੈ ਮੋਘੇ 'ਤੇ ਘੜਾ ਮੁੜ ਰੱਖ ਦਿੱਤਾ ਤੇ ਛਾਲ ਮਾਰ ਕੇ ਰੂੜੀ ਰਾਹੀਂ ਪਿਛਲੇ ਖੇਤਾਂ ਵੱਲ ਦੌੜ ਗਿਆ।

ਮੈਂ ਇਹ ਸਾਰੀ ਕਹਾਣੀ ਆਪਣੇ ਮਾਮੇ ਦੇ ਪੁੱਤਰ ਨੂੰ ਦੱਸੀ ਤਾਂ ਉਸ ਨੇ ਕਿਹਾ ਕਿ ਉਹਨੂੰ ਸਾਰੀ ਗੱਲ ਦਾ ਪਹਿਲਾਂ ਹੀ ਪਤਾ ਹੈ। ਪਰ ਥੋੜ੍ਹੇ ਹੀ ਦਿਨਾਂ ਵਿਚ ਬਲੋਚੀ ਫੌਜ ਦਾ ਦਸਤਾ ਆਵੇਗਾ ਤੇ ਉਹਨਾਂ ਨੂੰ ਦੱਸ ਕੇ ਛਿੱਬੋ ਨੂੰ ਵਾਪਸ ਪਾਕਿਸਤਾਨ ਪੁੱਜਦਾ ਕਰ ਦਿੱਤਾ ਜਾਵੇਗਾ। ਪਰ ਨਾਲ ਹੀ ਉਸ ਨੇ ਮੈਨੂੰ ਬੜਾ ਡਰਾਇਆ ਕਿ ਜੇ ਮੈਂ ਮੁੜ ਕੇ ਘੁੱਦੂ ਦੇ ਘਰ ਗਿਆ ਤਾਂ ਉਹ ਮੈਨੂੰ ਜਾਨੋਂ ਮਾਰ ਦੇਵੇਗਾ। ਮੈਂ ਚਾਹੁੰਦਾ ਸਾਂ ਕਿਸੇ ਢੰਗ ਨਾਲ ਛਿੱਬੋ ਨੂੰ ਬਲੋਚੀ ਫੌਜ ਦੇ ਦਸਤੇ ਵਾਲੀ ਖ਼ਬਰ ਦੱਸ ਦਿਆਂ ਜਿਸ ਨਾਲ ਉਹਨੂੰ ਤੱਸਲੀ ਰਹੇ। ਮੈਨੂੰ ਅੰਦਰੋਂ ਡਰ ਸੀ ਕਿ ਛਿੱਬੋ ਕੁਝ ਕਰ ਨਾ ਲਵੇ। ਪਰ ਚੰਦ ਦਾ ਡਰਾਇਆ ਹੋਇਆ ਮੈਂ ਕੁਝ ਦਿਨ ਘੁੱਦੂ ਦੇ ਘਰ ਅੱਗੋਂ ਵੀ ਜ਼ਰਾ ਸਹਿਮਿਆਂ ਹੋਇਆ ਲੰਘਦਾ ਸਾਂ।

ਫਿਰ ਇਕ ਦਿਨ ਸਵੇਰੇ ਘੁੱਦੂ ਦੇ ਘਰ ਦੇ ਪਿਛਵਾੜੇ ਵਾਲਾ ਮਾਮੇ ਦਾ ਖੂਹ ਚੱਲ ਰਿਹਾ ਸੀ। ਬੋਤਾ ਰੋਹ ਵਿਚ ਆਏ ਪਹਿਲਵਾਨ ਵਾਂਗ ਗੇੜੇ ਤੇ ਗੇੜਾ ਦੇਈ ਜਾ ਰਿਹਾ ਸੀ। ਨੱਕੇ ਛੱਡ ਰਹੇ ਮਾਮਾ ਜੀ ਲਈ, ਮੈਂ ਡੋਲੂ ਵਿਚ ਚਾਹ ਲਈ ਜਾ ਰਿਹਾ ਸੀ ਕਿ, ਖੂਹ ਦੇ ਇਰਦ-ਗਿਰਦ ਕਾਫੀ ਲੋਕ ਇਕੱਠੇ ਹੋਏ ਖੜ੍ਹੇ ਸਨ। ਖੇਮੀ ਮਜ੍ਹਬਣ ਵੀ ਇਕ ਪਾਸੇ ਅੱਧਾ ਕੁ ਘੁੰਡ ਕੱਢੀ ਖੜ੍ਹੀ ਸੀ। ਮੌਣ ਦੇ ਕੋਲ, ਛਿੱਬੋ ਦੀ ਅੱਧ-ਕੱਜੀ ਲਾਸ਼ ਪਈ ਸੀ। ਉਸੇ ਹੀ ਸ਼ਾਮੀ ਬਲੋਚੀ ਫੌਜ ਦੇ ਜਵਾਨਾਂ ਨੇ ਛਿੱਬੋ ਨੂੰ ਪਾਕਿਸਤਾਨ ਲਿਜਾਣ ਲਈ ਸਾਰੇ ਪਿੰਡ ਨੂੰ ਆ ਘੇਰਾ ਪਾਇਆ।

ϒ ϒ ϒ ϒ ϒ

---

ਨਦੀਓਂ ਪਾਰ ਵਸੇਂਦੇ ਸੱਜਣਾ, ਭੁੱਲ ਗਿਆਂ ਏ ਕਿਉਂ ਚੰਨਾਂ?
ਪਰ, ਇਹ ਮਸਤ ਹਵਾਵਾਂ, ਤੇਰੀ ਮਹਿਕ ਲਿਆਵਣ ਏਥੇ।
ਮੇਰੀ ਸੋਚ ਬੜੀ ਨਾਜ਼ੁਕ ਸੀ, ਜਦ ਆਪਾਂ ਵਿਛੜੇ ਸਾਂ,
ਤੇਰੇ ਵਿਛੜਨ ਦੀ ਗੱਲ, ਮੈਨੂੰ ਲੋਕ ਸੁਣਾਵਣ ਏਥੇ।
ਰਾਤੀਂ ਤਾਰੇ ਜਦ ਟੁੱਟਦੇ ਨੇ, ਤਾਂ ਮੈਨੂੰ ਇਉਂ ਲੱਗਦੈ,
ਤੇਰਾ ਪਿਆਰ ਸੁਨੇਹਾ ਲੈ ਕੇ, ਇਹ ਤਾਂ ਆਵਣ ਏਥੇ।
ਸਾਲਾਂ ਬਾਅਦ ਮਿਲੇ ਸੀ ਆਪਾਂ, ਐਪਰ ਕਲਮਾਂ ਰਾਹੀਂ,
ਅਹਿਸਾਸਾਂ ਦੇ ਨਾਜ਼ੁਕ ਰਿਸ਼ਤੇ, ਤਾਂਘ ਲਗਾਵਣ ਏਥੇ।
ਤੂੰ ਕੋਈ ਚਾਰਾ ਕਰ, ਆਪਾਂ ਧੜਕਣ ਸਾਂਝੀ ਕਰੀਏ,
ਅੱਜ ਵੀ ਲੋਕ ਜਨੂੰਨੀ ਸੱਜਣਾ, ਰਾਹ ਅਟਕਾਵਣ ਏਥੇ।
ਮੈਂ ਪੂਰਬ ਹਾਂ ਤੂੰ ਪੱਛਮ ਏਂ, ਇਹ ਐਵੇਂ ਸੋਚਾਂ ਹਨ,
ਪਰ ਇਹ ਗੱਲਾਂ, ਭੋਲੇ ਲੋਕਾਂ ਨੂੰ ਭੜਕਾਵਣ ਏਥੇ।
ਪਿਆਰ ਧਵਨ ਦਾ ਪਾਕ ਪਵਿੱਤਰ, ਤੇਰਾ ਸਰਮਾਇਆ ਏ,
ਦੇਸ ਪਰਾਏ ਸਾਥੀ ਵਸਦਾ, ਯਾਦਾਂ ਆਵਣ ਏਥੇ।

*-ਡੀ.ਆਰ. ਧਵਨ-*

41

# ਗੱਲ ਇਕ ਗੱਲ ਦੀ

## ਫ਼ਰਜ਼ੰਦ ਅਲੀ

'ਸੋਹਣਾ, ਸੋਹਣਾ ਈ ਹੁੰਦਾ ਏ। ਏਹ ਸੋਹਣਾ, ਆਪਣਾ ਹੋਵੇ ਭਾਵੇਂ ਪਰਾਇਆ, ਮਨ-ਖਿੱਚਵਾਂ ਤੇ ਦਿਲ-ਖੁੱਭਵਾਂ ਜ਼ਰੂਰ ਹੁੰਦਾ ਏ। ਪਰ ਫੱਬ ਜਾਏ ਤਾਂ ਪੌਂ-ਬਾਰਾਂ, ਜੇ ਨਾ ਫੱਬੇ ਤਾਂ ਤਿੰਨ-ਕਾਣੇ।' ਉਹਨੇ ਥਾਣੇ ਦੀ ਪੱਕੀ ਕੰਧ ਨਾਲ ਧੁੱਪੇ ਬੈਠਿਆਂ-ਬੈਠਿਆਂ ਸੋਚਿਆਂ। ਸੁੱਜੇ ਜੁੱਸੇ ਤੇ ਜਖ਼ਮਾਂ ਤੋਂ ਹੁੰਦੀ ਪੀੜ ਭੁੱਲ ਕੇ ਉਹਦੀ ਸੋਚ ਕਈ ਸਾਲ ਪਿਛਲੇ ਬੀਤੇ ਸਮੇਂ ਨੂੰ ਵੇਖਣ ਲੱਗ ਪਈ।

ਓਸ ਸ਼ਾਮੀਂ ਘਰ ਵੜਦਿਆਂ ਆਖਿਆ ਸੀ, "ਭਾਗਾਂ ਛੇਤੀ-ਛੇਤੀ ਅੰਨ-ਪਾਣੀ ਤੋਂ ਵੇਹਲੀ ਹੋ ਕੇ ਜ਼ਰੂਰੀ ਸਮਾਨ ਬੰਨ੍ਹ ਲਵੀਂ। ਉਹ ਨਾ ਹੋਵੇ, ਛਿੱਤਰ-ਪੌਲਾ ਇੱਕਠਾ ਕਰ ਕੇ ਭਾਰ ਬਣਾ ਲਵੇਂ। ਸਿਆਣੇ ਆਖਦੇ ਨੇ: 'ਹੌਲਾ ਭਾਰ ਤੇ ਸਾਥ ਦਾ ਮੋਹਰੀ'।"

ਉਸ ਵੇਲੇ ਉਹਦੀ ਘਰ ਵਾਲੀ ਭਾਗਾਂ ਉਹਦੀ ਗੱਲ ਸੁਣ ਕੇ ਹੈਰਾਨ ਹੋਈ ਤੇ ਬੋਲੀ, "ਕਿ ਭੋਲੇ ਦੇ ਅੱਬਾ! ਸਾਡਾ ਏਥੇ ਗੁਜ਼ਾਰਾ ਨਹੀ ਹੋ ਸਕਦਾ?"

"ਗੁਜ਼ਾਰੇ ਦੀ ਨਹੀਂ ਗੱਲ," ਕਰਮੂੰ ਸਮਝਾਇਆ, "ਭਲੀਏ! ਆਪਣੀ ਸ਼ੈਅ ਆਪਣੀ ਹੁੰਦੀ ਏ, ਤੇ ਬਿਗਾਨੀ ਸ਼ੈਅ ਬਿਗਾਨੀ! ਅਖੇ:

'ਕਿਸੇ ਦਾ ਘਰ, ਥੁੱਕ ਦਾ ਵੀ ਡਰ।
'ਆਪਣਾ ਘਰ, ਭਾਵੇਂ ਹੱਗ-ਹੱਗ ਭਰ।'

"ਮੈਂ ਆਖਦੀ ਆਂ, ਘਰ ਕਿਹੜੇ ਰੋਜ਼-ਰੋਜ਼ ਬਣਾਏ ਜਾਂਦੇ ਨੇ।" ਭਾਗਾਂ ਤਰਲਾ ਮਾਰਿਆ ਸੀ। ਸਬਰ-ਸ਼ੁਕਰ ਨਾਲ ਅੱਧੀ ਵੀ ਲੱਭ ਜਾਵੇ ਤੇ ਸੇਜ ਵਲਾਈਆਂ, ਝੇੜ-ਭਲਾ ਕੋਈ ਨਹੀਂ। ਵੇਖੇ ਨਾਂ ਅੜਿਆ! ਆਪਣੇ ਆਹਲਣੇ ਤੇ ਚਿੜੀਆਂ ਵੀ ਨਹੀਂ ਛੱਡਦੀਆਂ। ਸਾਡੇ ਫ਼ੇਰ ਏਥੇ ਵੱਡ-ਵੇਡੇਰੇ ਰਹੇ ਨੇ, ਏਥੇ ਈ ਉਹਨਾਂ ਦੀਆਂ ਢੇਰੀਆਂ ਨੇ। ਕਿਹਨੂੰ-ਕਿਹਨੂੰ ਛੱਡਾਂਗੇ? ਮੇਰੀ ਮੰਨ ਤੇ ਉਜਾੜਾ ਨਾ ਪਾ। ਜਦ ਅਸਾਂ ਕਰ ਕੇ ਈ ਖਾਣਾ ਏ, ਏਥੇ ਕੀ? ਤੇ ਉੱਥੇ ਕੀ? ਐਵੇਂ ਕਮਲਾ ਨਾ ਬਣ।"

"ਛੱਡ, ਝੱਲੀ ਨਾ ਹੋਵੇ।" ਕਰਮੂੰ ਝਾੜ ਪਾਈ, "ਸੱਦ ਸਿਆਣੇ ਆਖਦੇ ਨੇ ਜ਼ਨਾਨੀਆਂ ਦੀ ਖੁਰੀ ਪਿੱਛੇ, ਮੱਤ ਹੁੰਦੀ ਏ। ਅਖੇ, ਵੱਡ-ਵਡੇਰਿਆਂ ਦੀਆਂ ਕਬਰਾਂ ਏਥੇ ਨੇ। ਭਲਾ ਬੰਦਾ ਪੁੱਛੇ, ਭਈ! ਤੂੰ ਵਡੇਰਿਆਂ ਦੀਆਂ ਹੱਡੀਆਂ ਦਾ ਸੁਰਮਾ ਬਨਾਣਾ ਏ ਜਾਂ ਵੇਡੇਰੇ ਤੈਨੂੰ ਦਾਣੇ ਘੱਲਦੇ ਨੇ? ਅਖੇ:

*'ਸੋ ਸਿਆਣੇ ਦੀ ਇਕੋ ਮੱਤ*
*ਤੇ ਮੂਰਖ ਵੇਖੂ, ਦੁੱਖ।'*

ਤੈਨੂੰ ਸਮਝ ਨਹੀਂ ਆਉਂਦੀ।" ਭਾਗਾਂ ਝਾੜ ਖਾ ਕੇ ਚੁੱਪ ਕਰ ਗਈ। ਉਹ ਜਾਣਦੀ ਸੀ, ਇਹ ਆਪਣੀ ਆਈ ਤੇ ਆਇਆ ਕੁਝ ਨਹੀਂ ਸੋਚਦਾ। ਮਾਂ ਦੇ ਗੋਡੇ ਕੋਲ ਬੈਠੀ ਜ਼ੋਰਾਂ, ਚਲੇ ਜਾਣ ਦਾ ਸੁਣ ਕੇ, ਮਾਂ ਕੋਲੋਂ ਪੁੱਛਿਆ "ਬੇਬੇ' ਤੂੰ ਆਖੇਂ ਤੇ ਮੈਂ ਭੱਜ ਕੇ ਸੁਰਿੰਦਰ ਕੌਰ ਕੋਲੋਂ ਗੁੱਡੀ ਲੈ ਆਵਾਂ, ਜਿਹੜੀ ਅੱਜ ਈ ਮੈਂ ਉਹਦੇ ਗੁੱਡੇ ਨਾਲ ਵਿਆਹੀ ਸੀ?"

ਮਾਂ ਆਪਣੇ ਖ਼ਿਆਲਾਂ ਵਿਚ ਚੁੱਪ ਸੀ। ਜ਼ੋਰਾਂ, ਮਾਂ ਦੀ ਚੁੱਪ ਨੂੰ ਇਜ਼ਾਜਤ ਸਮਝ ਕੇ ਬੂਹਿਓਂ ਬਾਹਰ ਜਾਣ ਵਾਲੀ ਸੀ ਤੇ ਕਰਮੂੰ ਨੇ ਰੋਕ ਦਿੱਤਾ,"ਕੁੜੇ! ਏਸ ਵੇਲੇ ਕਿਧਰੇ ਬਾਹਰ ਨਾ ਜਾਵੀਂ, ਵੇਲਾ ਥੋੜ੍ਹਾ ਏ। ਚੱਲ ਆਪਣੀ ਮਾਂ ਨਾਲ ਮਿਲ ਕੇ ਚੱਲਣ ਦੀ ਤਿਆਰੀ ਕਰੋ। ਅੱਜ ਕਾਫ਼ਲੇ ਤੋਂ ਵਿੱਛੜਗੇ, ਤੇ ਫ਼ੇਰ ਮੁਸ਼ਕਲ ਹੋ ਜਾਵੇਗੀ।"

ਉਹਦੀ ਆਵਾਜ਼ ਨਾਲ ਪਰਤ ਕੇ ਜ਼ੋਰਾਂ ਫੇਰ ਮਾਂ ਕੋਲ ਆਣ ਬੈਠੀ। ਮੰਜੀ ਤੇ ਪਿਉ ਦੇ ਕੋਲ ਬੈਠਾ, ਅੱਠਾਂ-ਦਸਾਂ ਸਾਲਾਂ ਦਾ ਭੋਲਾ, ਜਿਹੜਾ ਹੁਣ ਤੀਕ ਸਾਰਿਆਂ ਦੀਆਂ ਗੱਲਾਂ ਚੁੱਪ ਕਰ ਕੇ ਸੁਣਦਾ ਪਿਆ ਸੀ।

ਭੋਲੇ ਲਾਡ ਨਾਲ ਬਾਪੂ ਦੇ ਮੂੰਹ ਨੂੰ ਠੋਡੀਓਂ ਫੜ ਕੇ ਆਪਣੇ ਵੱਲ ਕੀਤਾ ਤੇ ਪੁੱਛਿਆ, "ਅੱਬਾ! ਇਹ ਸਾਡਾ ਘਰ ਨਹੀਂ?"

"ਨਹੀਂ ਪੁੱਤਰ।" ਕਰਮੂੰ ਉਹਦਾ ਮੂੰਹ ਚੁੰਮ ਕੇ ਦੱਸਿਆ ਪਈ, "ਅਸਾਡਾ ਘਰ ਤੇ ਉੱਧਰ ਏ ਬੜਾ ਈ ਸੋਹਣਾ, ਬਿਲਕੁਲ ਸਾਹਿਬਾਂ ਦੇ ਬੰਗਲੇ ਵਰਗਾ। ਇਹ ਕਿਸੇ ਦਾ ਏ" ਕਰਮੂੰ ਜਵਾਬ ਦਿੱਤਾ।

ਝਟ, ਕੁ ਭੋਲਾ ਚੁੱਪ ਰਹਿਆ ਤੇ ਫੇਰ ਬੋਲਿਆ, "ਅੱਬਾ ਸਾਡੇ ਮੁਰੱਬੇ ਦੀਆਂ ਬੇਰੀਆਂ ਤੇ ਉੱਥੇ ਵੀ ਹੋਣਗੀਆਂ ?"

"ਹੋਣਗੀਆਂ, ਜ਼ਰੂਰ ਹੋਣਗੀਆਂ।" ਕਰਮੂੰ ਦਿਲਾਸਾ ਦਿੱਤਾ, "ਨਾਲੇ ਬਹੁਤੀਆਂ ਵੀ।"

"ਹੂੰਹ! ਉਹਨਾਂ ਦੇ ਬੇਰ ਤੇ ਏਨੇ ਮਿੱਠੇ ਨਹੀਂ ਹੋਣੇ?" ਭੋਲੇ ਸੱਚ-ਮੁੱਚ ਬੇਰਾਂ ਦਾ ਸਵਾਦ ਲੈਣ ਦੇ ਅੰਦਾਜ਼ ਵਿਚ ਪੁੱਛਿਆ।

"ਬਿਲਕੁਲ, ਸ਼ਹਿਦ ਵਰਗੇ ਮਿੱਠੇ ਹੋਣਗੇ।" ਕਰਮੂੰ ਦੱਸਿਆ, "ਸਾਰਾ ਕੁਝ ਈ ਆਪਣਾ ਹੋਵੇਗਾ, ਜਿਥੋਂ ਜੀ ਕਰੇ ਤੇ ਜਿੰਨੇ ਮਰਜ਼ੀ, ਖਾਂਦਾ ਫਿਰੀਂ। ਕੋਈ ਹਟਕਣ-ਹੋੜਣ ਵਾਲਾ ਨਹੀਂ ਹੋਣਾ।"

"ਪਰ, ਮੇਰੇ ਕਬੂਤਰ ਕਿਵੇਂ ਜਾਣਗੇ?" ਭੋਲੇ ਫ਼ਿਕਰ ਨਾਲ ਆਖਿਆ। "ਬਾਪੂ, ਜਿਹੜਾ ਮੇਰਾ ਚੀਨਾ ਕਬੂਤਰ ਏ ਨਾ, ਬੜੀਆਂ ਉੱਚੀਆਂ ਉਡਾਰੀਆਂ ਮਾਰਦਾ ਏ। ਨਾਲੇ ਬਾਜ਼ੀਆਂ ਵੀ ਬਹੁਤ ਲਾਂਉਦਾ ਏ। ਉਹ ਈ, ਜਿਹੜਾ ਮੇਰੇ ਯਾਰ,ਪਾਲ ਸਿੰਘ ਮੈਨੂੰ ਵਿਸਾਖੀ ਵਾਲੇ ਦਿਨ ਦਿੱਤਾ ਸੀ ।"

ਕਰਮੂੰ ਕੋਲ ਏਹਦਾ ਕੋਈ ਜਵਾਬ ਨਹੀਂ ਸੀ। ਫ਼ੇਰ ਉਸ, ਉਹਨੂੰ ਉਰਾਂ-ਪਰਾਂ ਦੀਆਂ ਮਾਰ ਕੇ ਤੱਸਲੀ ਦੇਂਦਿਆਂ

ਹੋਇਆ ਆਖਿਆ, "ਤੂੰ ਪੁੱਤਰ! ਫ਼ਿਕਰ ਨਾ ਕਰ, ਕਬੂਤਰ ਤੇ ਚਿੜੀ-ਜਨੌਰ ਬੜੇ ਸਿਆਣੇ ਹੁੰਦੇ ਨੇ। ਅਸੀਂ ਜਿੱਥੇ ਵੀ ਜਾਵਾਂਗੇ, ਆਪੇ ਲੱਭ ਕੇ ਆ ਜਾਣਗੇ। ਏਹ ਆਪਣੇ ਮਾਲਕਾਂ ਨੂੰ ਸਿਆਣ ਲੈਂਦੇ ਨੇ।"

"ਸੱਚ ਅੱਬਾ!" ਭੋਲੇ ਖੁਸ਼ ਹੋ ਕੇ ਪਿਉ ਦੇ ਗਲ ਨੂੰ ਬਾਹਵਾਂ ਪਾ ਕੇ ਇਕ ਝੂਟਾ ਲਿਆ।

ਉਹਨੂੰ ਯਾਦ ਆਇਆ, ਕਿੰਝ ਉਹ ਚਾਰ ਜੀਅ ਆਪਣੇ ਘਰੋਂ ਚੋਰਾਂ ਵਾਂਗ ਚੁੱਪ-ਚਾਪ ਵੱਟ ਕੇ ਨਿਕਲੇ ਸੀ। ਪਿੰਡੋਂ ਲਹਿੰਦੇ ਪਾਸੇ, ਦੋ ਕੁ ਮੁਰੱਬਿਆਂ ਦੀ ਵਿੱਥ ਤੇ, ਇਕ ਖੂਹ ਸੀ। ਖੂਹ ਵਗਦਾ ਪਿਆ ਸੀ। ਉਹ ਗੀਂ-ਗੀਂ, ਚੂੰ-ਚੂੰ, ਤੇ ਚੰਨ ਦੀ ਚਾਨਣੀ, ਸੁਹਾਣੀ ਠੰਢੀ ਰਾਤ ਵੇਲੇ ਇਕ ਗਾਦੀ ਤੇ ਬੈਠਾ, ਕੋਈ ਭੋਲੇ ਦਾ ਹਾਣੀ, ਆਪਣੀ ਲੈ ਵਿਚ ਗਾ ਰਿਹਾ ਸੀ:

*ਮੇਰੀ ਜੁਗਨੀ ਦੇ ਧਾਗੇ ਚਾਰ,*
*ਚੱਲੇ ਵਿਛੜ ਜਿਹਨਾਂ ਦੇ ਯਾਰ,*
*ਉਹ ਰੋਵਣ ਜ਼ਾਰੋ-ਜ਼ਾਰ,*
*ਉਹ ਸਾਈਂ ਮੇਰਿਆਂ ਜੁਗਨੀ !*

ਪਤਾ ਨਹੀ ਭੋਲੇ ਦੇ ਦਿਲ ਨੂੰ ਕੀ ਖਿੱਚ ਪਈ। ਜਵਾਬ ਦੇਣ ਲਈ ਬੋਲ ਪਿਆ:

*ਮੇਰੀ ਜੁਗਨੀ ਦੇ ਧਾਗੇ ਤੇਤੀ,*
*ਅਸਾਡੀ ਸਾਂਝ ਦਿਲਾਂ ਦੀ ਖੇਤੀ,*
*ਜਿਉਂਦੇ ਰਹੇ ਮਿਲਾਂਗੇ ਛੇਤੀ,*
*ਉਹ ਸਾਈਂ ਮੇਰਿਆਂ ਜੁਗਨੀ !*

ਕਰਮੂੰ ਛੇਤੀ ਨਾਲ ਉਹਦੇ ਮੂੰਹ ਤੇ ਹੱਥ ਰੱਖ ਕੇ ਗੁੱਸੇ ਹੋਇਆ, "ਉਏ ਚੁੱਪ ਕਰ ਝਾਂਬੜਾ, ਕਿਧਰੇ ਕੋਈ ਹੋਰ ਮੁਸੀਬਤ ਪਾਨਾਂ ਏ।" ਭੋਲਾ ਉਹਦੇ ਝਿੜਕਣ ਨਾਲ ਤ੍ਰਭਕ ਕੇ ਚੁੱਪ ਕਰ ਗਿਆ। ਉਹਦੇ ਭਾਣੇ ਕੋਈ ਸੱਚ-ਮੁੱਚ ਈ, ਮੈਂ ਗ਼ਲਤ ਆਖ ਬੈਠਾਂ ਵਾਂ। ਚਾਰੇ ਜਾਣੇ ਉਸ ਵੱਟ ਤੇ ਬੈਠੇ ਕਾਫ਼ਲੇ ਨੂੰ ਉਡੀਕ ਰਹੇ ਸਨ। ਕਰਮੂੰ, ਇਕ ਅਖ਼ੀਰਲੀ ਨਜ਼ਰ ਪਿੰਡ ਵੱਲ ਮਾਰੀ। ਰਾਤ ਦੇ ਹਨ੍ਹੇਰੇ ਵਿਚ ਪਿੰਡ ਸਾਫ਼ ਨਹੀਂ ਸੀ ਦਿੱਸਦਾ। ਬੱਸ, ਪਿੰਡ ਵਿਚ ਤੇ ਪਿੰਡ ਦੁਆਲੇ ਉਗੇ ਹੋਏ ਰੁੱਖਾਂ ਦਾ ਝੌਲਾ ਜਿਹਾ ਪੈਂਦਾ ਸੀ। ਨੀਵੀਂ ਪਾਈ ਜਿਵੇਂ ਆਖਦੇ ਹੋਣ, 'ਅੱਛਾ ਬੇਲੀਆ, ਰੱਬ ਰਾਖਾ!' ਕਰਮੂੰ ਘਬਰਾ ਕੇ ਮੂੰਹ ਦੂਜੇ ਪਾਸੇ ਕਰ ਲਿਆ।

ਦੂਰ ਪਨਿਆਲ (ਪਾਣੀ ਲਿਆਉਣ ਵਾਲਾ) ਬੰਨੇ 'ਤੇ ਖਲੋਤਿਆਂ, ਚੜ੍ਹਦੇ ਚੰਨ ਵੱਲ ਵੇਖ ਕੇ ਇਕ ਸੁਰ ਲਾ ਦਿੱਤੀ:

*ਚੜ੍ਹ ਚੜ੍ਹ ਚੰਨ੍ਹਾਂ,*
*ਤੂੰ ਚੜ੍ਹ ਕਰੀ ਰੁਸ਼ਨਾਈਆਂ।*
*ਸੱਜਣ ਉੱਠ ਗੁਆਂਢੋਂ ਚੱਲੇ,*
*ਲੱਗਾ ਤੀਰ ਜੁਦਾਈਆਂ।*

ਭਾਗਾਂ ਦੀ ਹੌਲੀ ਜਿਹੀ ਬੁਸਕਨ ਦੀ ਅਵਾਜ਼ ਨਿਕਲੀ, ਪਰ ਛੇਤੀ ਈ ਚੁੱਪ ਹੋ ਗਈ। ਉੱਧਰੋਂ ਕਾਫ਼ਲੇ ਦੇ ਆਵਣ ਦੀ ਭਿਣਕ ਵੀ ਕੰਨ ਪੈਣ ਲੱਗ ਪਈ ਸੀ, ਤੇ ਕਰਮੂੰ ਕੁਝ ਖੁਸ਼ ਹੋਇਆ ਸੀ। ਕਾਫ਼ਲੇ ਆਉਂਦੇ ਦੇ ਨਾਲ ਈ, ਰਲ ਕੇ ਇਹ ਟੁਰ ਪਏ।

ਕਾਫ਼ਲੇ ਦੇ ਅੱਗ-ਪਿੱਛੇ ਤੇ ਸੱਜੇ-ਖੱਬੇ ਜਵਾਨ-ਜਵਾਨ ਬੰਦੇ ਸਨ ਤੇ ਬੁੱਢੇ-ਠੇਰੇ, ਔਰਤਾਂ ਤੇ ਬੱਚੇ ਵਿਚਕਾਰ ਚੁੱਪ-ਚਾਪ ਤੁਰੇ ਜਾ ਰਹੇ ਸਨ। ਸੈਂਕੜਿਆਂ ਦਾ ਜਥਾ, ਚੋਰਾਂ ਵਾਂਗ ਬਿਨਾਂ ਖੜਾਕ ਕੀਤਿਆਂ, ਪਹਿਲੀ ਵਾਰ ਵੇਖਿਆ ਸੀ। ਜਦ ਕੋਈ ਬਾਲ-ਨਿਆਣਾ ਰੋ ਪਵੇ ਤੇ ਉਹਦੀ ਮਾਂ ਛੇਤੀ ਈ ਆਪਣੀ ਛਾਤੀ ਨਾਲ ਲਾ ਕੇ, ਦੁੱਧ ਪਿਆਣ ਦਾ ਦਿਲਾਸਾ ਦੇ ਕੇ ਚੁੱਪ ਕਰਾ ਦੇਵੇ। ਪਰ ਬੁੱਢੇ-ਖਾਂਘੜਾਂ ਦੀ ਖੰਘ, ਰਾਤ ਦਾ ਸੀਨਾ ਚੀਰ ਦੇਵੇ ਤੇ ਸਾਰਾ ਕਾਫ਼ਲਾ ਖ਼ਾਮੋਸ਼ ਨਫ਼ਰਤ ਨਾਲ ਨਿੰਦਿਆ ਕਰੇ।

ਅਚਨਚੇਤ ਇਕ ਲੋਟੂਆਂ ਦੇ ਟੋਲੇ ਨੇ ਕਾਫ਼ਲੇ ਨੂੰ ਘੇਰ-ਘੇਰ ਮਾਰਨਾ ਕੁੱਟਣਾ ਤੇ ਲੁੱਟਣਾ ਸ਼ੁਰੂ ਕਰ ਦਿੱਤਾ। ਕਾਫ਼ਲੇ ਵਿਚ ਹਰ ਕਿਸੇ ਨੂੰ ਆਪਣੀ-ਆਪਣੀ ਪੈ ਗਈ। ਕਈ ਮਾਰੇ ਗਏ ਤੇ ਕਈ ਵੱਢੇ-ਟੁਕੇ ਗਏ, ਕਾਫ਼ਲਾ ਖਿੱਲਰ-ਪੁੱਲਰ ਗਿਆ।

ਲੋਟੂਆਂ ਸਮਾਨ ਦੇ ਨਾਲ-ਨਾਲ ਜਵਾਨ ਕੁੜੀਆਂ ਵੀ ਲੁੱਟੀਆਂ। ਜਿਸ ਕੁੜੀ ਲੁੱਟੇ ਜਾਣ ਤੋਂ ਇਨਕਾਰ ਕੀਤਾ, ਉਹ ਆਪਣੇ ਸੱਕਿਆਂ ਦੇ ਸਾਹਮਣੇ, ਹਮੇਸ਼ਾਂ ਲਈ ਢੇਰ ਕਰ ਦਿਤੀ ਗਈ ਤੇ ਕਰਮੂੰ ਦੀ ਜ਼ੋਰਾਂ ਵੀ, ਬਾਪ ਦੇ ਸਾਹਮਣੇ ਰੱਤੋ-ਰੱਤ ਨਹਾ ਗਈ ਸੀ। ਫੇਰ ਰਹਿੰਦਾ-ਖੂੰਹਦਾ ਕਾਫ਼ਲਾ ਚੁੱਪ-ਚਾਂ ਦੀ ਥਾਂ ਰੌਂਦਾ-ਚੀਕਦਾ, ਮਿੱਥੀ ਹੋਈ ਲਕੀਰ ਟੱਪ ਆਇਆ ਸੀ। ਫੱਟ ਖਾ ਕੇ ਵੀ ਕਰਮੂੰ ਮਹਾਜਰ ਕੈਂਪ ਵਿੱਚ ਸ਼ੁਕਰ ਦੇ ਨਫ਼ਲ ਪੱੜ੍ਹੇ ਸਨ। ਆਪਣੀ ਧਰਤੀ ਨੂੰ ਚੁੰਮਿਆ, ਏਥੋਂ ਦੀ ਹਵਾ ਵਿੱਚ ਲੰਮੇ-ਲੰਮੇ ਸਾਹ ਲਏ। ਉਹਦੀ ਸਵਾਣੀ, ਭਾਗਾਂ ਵੈਣ ਛੋਹੇ ਹੋਏ ਸਨ। ਕਈ ਹੋਰ ਮਾਵਾਂ ਵੀ ਰੋਈਆ ਸਨ। ਕਈ ਯਤੀਮ ਉਦਾਸ, ਕਈ ਸੁਹਾਗਣਾਂ, ਬੇਵਾਂ, ਕਈ ਗਭਰੂ ਸ਼ਰਮਸਾਰ ਸਨ। ਸਾਹਮਣੇ ਕਈ ਮਹੱਲਾਂ ਵਿੱਚ ਰੰਗ ਸਨ, ਖੁਸ਼ੀਆਂ ਸਨ, ਖੇਡਾਂ ਤਮਾਸ਼ੇ ਸਨ। ਮਹਾਜਰ ਕੈਂਪ ਵਿਚ ਕਰਮੂੰ ਵੀ ਆਪਣਾ ਨਾਂ ਲਿਖਵਾਇਆ। ਉਦੋਂ ਉਹ ਆਪਣੇ ਆਪ ਨੂੰ ਸੱਚ-ਮੁੱਚ ਕਰਮ ਦੀਨ ਸਮਝ ਰਿਹਾ ਸੀ। ਫੇਰ ਇਕ ਦਿਨ ਉਹ ਮੁਹਾਜਰ ਕੈਂਪ ਵੀ ਉਜੱੜ ਗਿਆ। ਮੁਹਾਜਰਾਂ ਨੂੰ ਆਰਜ਼ੀ ਅਲਾਟਮੈਂਟ ਦੇ ਕੇ ਵੱਖੋਂ-ਵੱਖ ਥਾਵਾਂ ਤੇ ਖਪਾਇਆ ਗਿਆ। ਕਰਮ ਦੀਨ ਨੂੰ ਇੱਕ ਦੂਰ-ਦੁਰਾਡੇ ਪਿੰਡ ਵਿਚ ਕੁਝ ਸਰਕਾਰੀ ਜ਼ਮੀਨ ਵਾਹੀ ਵਾਸਤੇ ਆਰਜ਼ੀ ਅਲਾਟ ਹੋਈ। ਜ਼ਮੀਨ ਵੀ ਜੰਗਲ ਹੀ ਜੰਗਲ ਸੀ; ਉੱਚੀ-ਨੀਵੀਂ, ਟੋਏ-ਟਿੱਬੇ, ਝਾੜੀ-ਬੂਟੇ, ਸੱਪਾਂ ਵਾਂਗਰ। ਕਰਮ ਦੀਨ ਨੇ ਬੜੀ ਖੇਚਲ ਨਾਲ ਭੌਂਏ, ਬੀਜਣ ਦੇ ਕਾਬਲ ਬਣਾਈ। ਸਿਰ-ਤੋੜ ਮਿਹਨਤ ਨਾਲ ਵੱਸਣ ਦਾ ਮੂੰਹ-ਸਿਰ ਬਣਾਇਆ। ਕੁਝ ਵੇਲਾ ਲੰਘ ਗਿਆ। ਪਰ ਵੇਲੇ ਦੇ ਨਾਲ ਜਿੱਥੇ ਭੋਲਾ ਜਵਾਨ ਹੋਇਆ, ਉੱਥੇ ਭਾਗਾਂ ਵੀ ਹੋਰ ਉਦਾਸ ਹੁੰਦੀ ਗਈ। ਮੂੰਹੋਂ

ਤੇ ਚੁੱਪ, ਚਿਹਰੇ ਤੇ ਝੁਰੀਆਂ, ਉਦਾਸੀਆਂ, ਰੂਹ ਵਿੱਚ ਅੱਗ। ਇਕ ਦਿਨ ਉਹ ਰੋਟੀ ਲੈ ਕੇ ਖੇਤਾਂ ਤੇ ਗਈ, ਜਿੱਥੇ ਕਰਮ ਦੀਨ ਤੇ ਭੋਲਾ ਕੰਮ ਕਰ ਰਹੇ ਸਨ। ਬੇਰੀ ਦੀ ਛਾਂਵੇਂ, ਭੱਤੇ-ਵੇਲਾ ਕਰਦਿਆਂ ਹੋਇਆਂ ਭੋਲੇ ਨੇ ਉਤਾਂਹਾਂ ਬੇਰੀ ਵੱਲ ਧਿਆਨ ਕਰ ਕੇ ਆਖਿਆ; "ਅੱਬਾ! ਜੇ ਏਸ ਬੇਰੀ ਨੂੰ ਬੇਰ ਲੱਗੇ ਤਾਂ ਬਹੁਤ ਮਿੱਠੜੇ ਹੋਣਗੇ।" ਭੋਲੇ ਦੀ ਗੱਲ ਸੁਣ ਕੇ ਉਹਦੀ ਮਾਂ ਦੇ ਤੇ ਅੱਥਰੂ ਡਿਗ ਪਏ, ਜਿਹੜੇ ਓਸ ਮੈਲੀ ਤੇ ਪਾਟੀ ਚਾਦਰ ਨਾਲ ਪੂੰਝ ਕੇ ਸਾਫ਼ ਕੀਤੇ ਤੇ ਕਰਮ ਦੀਨ ਹੌਲੀ ਜਿਹੀ ਬੋਲਿਆ, "ਆਖ਼ਰ ਤੇ ਬੰਦਾ ਆਸ ਤੇ ਹੀ ਜਿਊਂਦਾ ਏ। ਸਾਰੀ ਦੁਨੀਆਂ ਉਮੀਦ ਤੇ ਈ ਕਾਇਮ ਏ।" ਫੇਰ ਕਿੰਨਾ ਚਿਰ ਈ ਸਾਰੇ ਚੁੱਪ ਰਹੇ ਸਨ।

ਜੰਗ ਦੇ ਦਿਨਾਂ ਵਿਚ ਭੋਲਾ ਵੀ ਜੰਗ ਵਿਚ ਸ਼ਾਮਲ ਹੋ ਗਿਆ। ਉਹਦੀ ਮਾਂ ਬੜਾ ਸਮਝਾਇਆ; "ਕਾਕਾ ਤੂੰ ਨਹੀਂ ਜਾਣਦਾ, ਜੰਗ ਕਾਹਦੇ ਵਾਸਤੇ ਲੜੀ ਜਾਂਦੀ ਏ।"

"ਜਦ ਕੋਈ ਵੈਰੀ ਲਲਕਾਰੇ ਤੇ ਫੇਰ ਲੁਕਣਾ ਨਹੀਂ ਚਾਹੀਦਾ!" ਇਹ ਖੌਰੇ ਉਹਦੇ ਅੰਦਰ ਕਿਹੜੀ ਅੱਗ ਸੀ?

ਫ਼ਿਜ਼ਾ ਵਿਚ ਤੋਪਾਂ ਦੇ ਗੋਲਿਆਂ ਦੀ ਠਾਹ-ਠਾਹ ਦੇ ਨਾਲ-ਨਾਲ 'ਮੇਰਿਆ ਢੋਲ ਸਿਪਾਹੀਆਂ, ਤੈਨੂੰ ਰੱਬ ਦੀਆਂ ਰੱਖਾਂ! ਵਾਲੇ ਗੀਤ ਉੱਭਰੇ। ਫ਼ੇਰ ਜੰਗ ਬੰਦ ਹੋ ਗਈ। ਕਰਮ ਦੀਨ ਨੂੰ ਕੁਝ ਪਤਾ ਨਾ ਲੱਗਾ, ਜੰਗ ਹੋਈ ਕਿਵੇਂ ਤੇ ਫੇਰ ਬੰਦ ਕਿਵੇਂ ਹੋਈ? ਨਤੀਜਾ ਨਿਕਲਿਆ ਬਈ, ਭੋਲਾ ਸ਼ਹੀਦ ਹੋ ਗਿਆ ਸੀ। ਭੋਲੇ ਦੀ ਮਾਂ ਦੇ ਅੱਥਰੂ ਵੀ ਮੁੱਕ ਗਏ ਸਨ। ਉਹ ਭੋਲੇ ਦੀ ਮੌਤ ਤੇ ਬਿਲਕੁਲ ਨਹੀਂ ਰੋਈ।

ਆਰਜ਼ੀ ਅਲਾਟਮੈਂਟ ਟੁੱਟ ਕੇ ਭੋਇੰ ਕਿਸੇ ਹੋਰ ਦੇ ਨਾਂ ਹੋ ਗਈ। ਕਰਮ ਦੀਨ ਬਥੇਰਾ ਰੌਲਾ ਪਾਇਆ, ਜ਼ਿਲੇ ਕਚਹਿਰੀ ਫ਼ਰਿਆਦ ਵੀ ਕੀਤੀ, ਪਰ ਕਿਸੇ ਨਾ ਸੁਣੀ। ਥੱਕ ਹਾਰ ਕੇ ਕਿਸੇ ਹੋਰ ਕੋਲੋਂ ਹਿੱਸੇ ਤੇ ਜ਼ਮੀਨ ਲੈ ਕੇ ਵਾਹੀ ਕੀਤੀ। ਰਾਹਕ ਹੋਣ ਦੇ ਨਾਲ ਕਰਮ ਦੀਨ, ਕਰਮ ਦੀਨ ਤੋਂ ਮਹਾਜਰ-ਮੁਜਾਰਾ ਸੱਦੀਵਣ ਲੱਗ ਪਿਆ। ਮਹਾਜਰ ਮੁਜਾਰਾ ਮਿਹਨਤੀ ਸੀ, ਏਸੇ ਕਰ ਕੇ ਪਿੰਡ ਦੇ ਚੌਧਰੀ, ਆਪਣੀ ਕੱਲਰ ਜ਼ਮੀਨ ਵਾਹੁਣ ਵਾਸਤੇ ਦੇ ਦਿੱਤੀ।

ਮਹਾਜਰ ਮੁਜਾਰਾ ਉੱਥੇ ਈ ਦਿਲ ਲਾ ਕੇ ਮਿਹਨਤ ਕਰਦਾ ਰਿਹਾ। ਭੋਇੰ ਆਬਾਦ ਹੋਈ ਨਾਲ ਈ ਫਸਲਾਂ ਦੇ ਭਾਅ ਵੱਧਦੇ ਰਹੇ, ਤਰੱਕੀ ਹੋਈ, ਚੌਧਰੀ ਟਰੈਕਟਰ ਲੈ ਆਂਦਾ ਤੇ ਮਹਾਜਰ-ਮੁਜਾਰਾ ਵਿਹਲਾ ਹੋ ਗਿਆ।

ਮਹਾਜਰ-ਮੁਜਾਰਾ ਜਿਹੜਾ ਹੁਣ ਤੀਕ ਚੁੱਪ ਸੀ ਇੱਕੋ ਭਾਂਬੜ ਬਣ ਗਿਆ। ਉਸ ਚੌਧਰੀ ਨੂੰ ਆਖਿਆ, "ਉਹ ਦਿਨ ਗਏ, ਜਦ ਚੌਧਰੀ ਆਪਣੇ ਢਿੱਡ ਤੇ ਹੱਥ ਮਾਰਦੇ ਹੁੰਦੇ ਸਨ। ਹੁਣ ਤੇ ਹਕੂਮਤ ਏ, ਵੰਡ ਖਾਣ ਦੀ। ਤੂੰ ਮੈਨੂੰ ਭੋਇੰ ਤੋਂ ਬੇਦਖ਼ਲ ਨਹੀਂ ਕਰ ਸਕਦਾ।" ਕਰਮੂੰ ਭੋਇੰ ਤੇ ਕਬਜ਼ਾ ਕਰ ਲਿਆ ਸੀ।

ਚੌਧਰੀ, ਕਬਜ਼ੇ ਦਾ ਨਾਂ ਸੁਣ ਕੇ ਪਹਿਲੇ ਤੇ ਮੁਹਾਜਰ ਦੀ ਬੇਵਕੂਫ਼ੀ ਤੇ ਹੱਸਿਆ। ਫੇਰ ਗੁੱਸੇ ਨਾਲ ਬੋਲਿਆ, "ਅੱਛਾ ਕਰਮਾਂ ਮਾਰਿਆ, ਕਰਮੂੰ! ਤੈਨੂੰ ਤੇ ਤੇਰੀ ਹਕੂਮਤ ਨੂੰ ਕੁਝ ਵਖਾਣਾ ਈ ਪਵੇਗਾ।"

ਚੌਧਰੀ ਨੇ ਮੁਹਾਜਰ ਤੇ ਕੇਸ ਕਰ ਦਿੱਤਾ, ਜੀਹਦੇ ਵਿਚ ਦਾਅਵਾ ਕੀਤਾ ਕਿ ਮੇਰੇ ਮੁਜਾਰੇ ਮੈਨੂੰ ਦੋ ਸਾਲ ਤੋਂ ਹਿੱਸਾ ਨਹੀਂ ਦਿੱਤਾ।

ਅਦਾਲਤ ਮੁਜਾਰੇ ਨੂੰ ਸੱਦ ਕੇ ਪੁੱਛਿਆ,"ਤੂੰ ਹਿੱਸਾ ਕਿਉਂ ਨਹੀਂ ਦਿੱਤਾ?" ਮੁਜਾਰੇ ਜਵਾਬ ਵਿਚ ਆਖਿਆ,"ਸਰਕਾਰ ਮੈਂ ਤੇ ਹਿੱਸਾ ਦੇਂਦਾ ਰਹਿਆਂ ਵਾਂ।" ਅਦਾਲਤ ਰਸੀਦ ਪੁੱਛੀ। "ਰਸੀਦ ਤੇ ਸਾਰੇ ਪਿੰਡ ਵਿਚ ਕੋਈ ਲੈਂਦਾ-ਦਿੰਦਾ ਨਹੀਂ।" ਕਰਮੂੰ! ਵਜ਼ਾਹਤ ਕੀਤੀ। "ਫੇਰ ਗਵਾਹ ਲਿਆ।"ਅਦਾਲਤ ਹੁਕਮ ਦਿੱਤਾ। ਮੁਹਾਜਰ ਦੇ ਨਾਲ ਕੋਈ ਗਵਾਹ ਨਾ ਗਿਆ। ਉਲਟੀ ਅਦਾਲਤੀ ਹੁਕਮ ਨਾਲ ਘਰ ਦੀ ਕੁਰਕੀ ਹੋ ਗਈ। ਘਰ ਦੀ ਕੁਰਕੀ ਤੇ ਭਾਗਾਂ ਰੋਈ ਪਿੱਟੀ, ਨਾਲ ਈ ਗਸ਼ ਖਾ ਕੇ ਡਿੱਗੀ ਤੇ ਫੇਰ ਨਾ ਉੱਠੀ। ਕਰਮੂੰ! ਹਾਲੀ ਜੀਊਂਦਾ ਸੀ ਪਰ ਪਤਾ ਨਹੀਂ ਕਿਉਂ? ਪਿੰਡੋਂ ਨਿਕਲ ਕੇ ਬਣਦੀ ਹੋਈ, ਇਕ ਨਵੀਂ ਬਿਲਡਿੰਗ ਵਿਚ ਚੌਕੀਦਾਰ ਹੋ ਗਿਆ। ਰਾਤ-ਦਿਨ ਦਾ ਚੌਕੀਦਾਰ। ਬਿਲਡਿੰਗ ਦਾ ਸਰੀਆ ਚੋਰੀ ਹੋ ਗਿਆ ਤੇ ਸ਼ੱਕ ਕਰਮੂੰ ਤੇ।

ਬਿਲਡਿੰਗ ਦੇ ਮਾਲਕਾਂ ਮਾਰਿਆ-ਕੁੱਟਿਆ ਤੇ ਥਾਣੇ ਦੇ ਦਿੱਤਾ। ਥਾਣੇਦਾਰ ਕਰਮੂੰ ਦੀ ਸ਼ਕਲ ਵੇਖ ਕੇ ਆਖਿਆ, "ਪੱਕਾ ਚੋਰ ਲਗਦਾ ਏ!" ਕਰਮੂੰ ਹੱਥ ਜੋੜ ਆਖਿਆ: "ਮੋਤੀਆਂ ਵਾਲਿਆ! ਮੈਨੂੰ ਤੇ ਕੁਝ ਵੀ ਪਤਾ ਈ ਨਹੀਂ ਲਗਦਾ, ਕਿਹੜਾ ਮਾਲਕ ਏ, ਕਿਹੜਾ ਮੁਲਾਜ਼ਮ ਏ? ਆਪੇ ਸਰੀਆ ਲੈ ਜਾਂਦੇ ਸਨ ਤੇ ਆਪੇ ਈ ਰੱਖ ਲੈਂਦੇ ਸਨ।"

"ਕਿੰਨਾ ਭੋਲਾ ਬਣਦਾ, ਸੂਰ ਦੀ ਬੂਥੀ ਵਾਲਾ।" ਥਾਣੇਦਾਰ ਚਾਟਾ ਮਾਰਿਆ। ਫੇਰ, ਠੁੱਡੇ ਮਾਰ-ਮਾਰ ਕੇ ਡਾਂਗਾਂ ਵੀ ਮਾਰੀਆਂ, ਤੇ ਪੁੱਛਿਆ, "ਬਾਕੀ ਦੇ ਸਾਥੀ ਕਿੱਥੇ ਨੇ? ਨਹੀਂ ਤੇ ਤੈਨੂੰ ਮਾਰ ਦਿਆਂਗਾ....... ਨਾ ਹੋਵੇ, ਤੇ ਕੁਝ ਬਕਦਾ ਈ ਨਹੀਂ! ਕਰਮੂੰ ਚੁੱਪ ਵੱਟ ਲਈ। ਥਾਣੇਦਾਰ ਨੂੰ ਸਾਹ ਚੜ੍ਹਿਆ ਹੋਇਆ ਸੀ। ਉਸ ਇਕ ਸਿਪਾਹੀ ਨੂੰ ਆਖਿਆ, "ਫੜ ਉਇ ਇਸ ਕੰਜਰ ਨੂੰ, ਬਿਠਾ ਜ਼ਰਾ ਧੁੱਪੇ ਕੰਧ ਨਾਲ। ਇਹਦੀ ਅਕਲ ਟਿਕਾਣੇ ਆਵੇ, ਫੇਰ ਪੁੱਛਣਾਂ ਵਾਂ.......।" ਮੋਟੀ ਸਾਰੀ ਗਾਲ੍ਹ ਕੱਢ ਕੇ, "ਭਲਾ ਇਸ ਬੇ-ਗੈਰਤ ਨੂੰ ਕਿਹਨੇ ਆਖਿਆ ਸੀ, ਏਧਰ ਆਵੇ? ਇਹਦੇ ਕੋਲੋਂ ਉੱਧਰ ਨਹੀਂ ਸਨ ਚੋਰੀਆਂ ਕੀਤੀਆਂ ਜਾਂਦੀਆਂ? ਚੋਰ ਦਾ ਪੁੱਤਰ!" ਥਾਣੇਦਾਰ ਦੇ ਜੋ ਮੂੰਹ ਆਇਆ ਬਕ ਗਿਆ। "ਇਹਨੇ ਸੋਚਿਆ ਹੋਣਾ ਏ, ਚਲਨੇ ਆਂ! ਭੋਲਿਆ ਲੋਕਾਂ ਦੇ ਦੇਸ,

ਵਾਹਵਾ ਟੰਡੂ ਅੜਿਆ ਰਹੇਗਾ।"

"ਪਰ ਮੈਂ ਤੇ ਇਹਦੇ ਕੋਲੋਂ ਅਗਲਾ-ਪਿੱਛਲਾ ਖਾਧਾ-ਪੀਤਾ ਸਭ ਹਿਸਾਬ ਲੈ ਕੇ ਛੱਡਾਂਗਾ।" ਥਾਣੇਦਾਰ ਦਾ ਜੁੱਸਾ ਗੁੱਸੇ ਨਾਲ ਵੱਸ ਵਿਚ ਨਹੀਂ ਸੀ। ਝੁੱਲੀ ਹੋਈ ਗੋਗੜ ਤੋਂ ਖਿਸਕਦੀ ਪੈਂਟ ਨੂੰ ਉਨ੍ਹੇ ਖਿੱਚ ਕੇ ਉਤਾਂਹ ਕੀਤਾ। ਥਾਣੇਦਾਰ ਦਾ ਹੁਕਮ ਸੁਣ, ਸਿਪਾਹੀ, ਜ਼ਖਮੀ ਕਰਮ ਦੀਨ ਨੂੰ ਲੱਤੋਂ ਫੜ ਕੇ ਧਰੀਕਦਿਆਂ ਹੋਇਆਂ, ਧੁੱਪੇ ਕੰਧ ਨਾਲ ਲਿਆ ਸੁੱਟਿਆ ਸੀ। ਜਿਵੇਂ ਕਮੇਟੀ ਵਾਲੇ,ਬੇਦਰਦੀ ਨਾਲ ਮੋਏ ਕੁੱਤੇ ਸੁੱਟ ਦੇਂਦੇ ਨੇ।

ਕਰਮ ਦੀਨ ਕੋਲ ਹੁਣ, ਨਾ ਕਰਮ ਸੀ, ਤੇ ਨਾ ਦੀਨ। ਬੱਸ, ਗੁਜ਼ਰੇ ਵਕਤ ਦਾ ਖਿਆਲ! ਉਹ ਵੀ, ਅੱਗੋਂ ਮੁੱਕ ਗਿਆ। ਉਸ ਜ਼ਮੀਨ ਖੋਤਰਦਿਆਂ, ਇਕ ਲੰਮਾਂ ਸਾਹ ਲਿਆ। ਉਹਦੇ ਕੰਨਾਂ ਵਿਚ ਬੂਟਾਂ ਦੇ ਠੱਪ-ਠੱਪ ਦੀ ਆਵਾਜ਼ ਨੇੜੇ ਪਈ ਆਉਂਦੀ ਮਾਲੂਮ ਹੋਈ। ਨਵੀਂ ਇਸਤਰੀ ਹੋਈ ਵਰਦੀ ਦੀ ਸਰਸਰਾਹਟ ਉੱਕਾ ਈ ਨੇੜੇ ਸੁਣ ਕੇ, ਉਹਨੂੰ ਇੱਕ ਕੰਬਣੀ ਜਿਹੀ ਆਈ। ਉਸ ਘਬਰਾ ਕੇ ਉਤਾਂਹ ਅਸਮਾਨ ਵੱਲ ਖ਼ੁਦਾ ਨੂੰ ਵੇਖਿਆ।

'ਉਥੇ ਉਹਨੂੰ ਖ਼ੁਦਾ ਤੇ ਨਜ਼ਰ ਨਾ ਆਇਆ, ਪਰ ਉੱਥੇ ਇਕ ਚਿੱਟਾ ਕਬੂਤਰ ਚੀਨਾ, ਨਿਰਾ-ਪੁਰਾ ਜੌਂ-ਸਿਰਾ, ਵਿਸਾਖੀ ਦੇ ਮੇਲੇ ਵਰਗਾ, ਪੁੱਠੀਆਂ-ਸਿੱਧੀਆਂ ਬਾਜ਼ੀਆਂ ਲਾ ਰਿਹਾ ਸੀ।'

---

## ਇਤਿਹਾਸ

ਕਿਸੇ ਨਾ ਕਿਸੇ ਤੇ ਮਰਨਾਂ ਹੁੰਦਾ ਏ

ਤਾਂ ਜੇ ਦੂਜੇ ਜਿੰਦਾ ਰਹਿ ਸਕਣ

ਕਿਸੇ ਨਾ ਕਿਸੇ ਦੀਆਂ ਸੱਧਰਾਂ ਦੇ

ਜ਼ਨਾਜ਼ੇ ਤੇ ਚੁੱਕੇ ਜਾਣੇ ਹੁੰਦੇ ਨੇ

ਤਾਂ ਜੇ ਦੂਜੇ ਆਪਣੇ ਚਾਅ ਵਿਆਹ ਸਕਣ

ਇਹ ਮੁੱਢ ਕਦੀਮ ਤੋਂ ਹੁੰਦੀ ਆਈ ਏ

ਤੇ ਇਤਿਹਾਸ ਦਾ ਧਾਰਾ

ਆਪਣੀ ਟੋਰੇ ਟੁਰਦਾ ਰਹਿੰਦਾ ਏ।

ਫ਼ਖ਼ਰ ਜ਼ਮਾਨ

42

# ਲੱਧੇਵਾਲਾ ਵੜੈਚ

## ਮਹਿੰਦਰ ਸਿੰਘ ਸਰਨਾ

ਪਿੰਡ ਦੀ ਚੁਪਾਲ ਸੁੰਨੀ ਪਈ ਸੀ। ਆਉਂਦੀਆਂ ਤਕਾਲਾਂ ਉਹਦੇ ਉੱਤੇ ਮਾਤਮ ਦੀ ਸਫ਼ ਵਿਛਾ ਰਹੀਆਂ ਸਨ, ਤੇ ਪਿਛੋਕੜ ਵਿਚ ਸਰੀਂਹ ਦੇ ਰੁੱਖ ਏਦਾਂ ਨਿੰਮੋਝੂਣ ਖਲੋਤੇ ਸਨ, ਜਿਵੇਂ ਉਹਨਾਂ ਦੇ ਸੋਤਰ ਸੁੱਕ ਗਏ ਹੋਣ।

ਪਰਲੇ ਬੰਨੇ ਛੱਪੜ ਵਾਲੀ ਰੂੜੀ ਤੋਂ ਇਕ ਕੁੱਤੇ ਨੇ ਹੁਆਂਕ ਕੱਢੀ, ਜੋ ਇਕ ਲੰਮੀ ਅਲਾਹੁਣੀ ਵਾਂਗ ਪਿੰਡ ਗਿਰਦ ਚੱਕਰ ਲਾ ਕੇ, ਮੁੜ ਰੂੜੀ ਤੇ ਆ ਕੇ ਮੁੱਕ ਗਈ। ਸਰੀਹਾਂ ਤੋਂ ਇਕ ਗਿਰਝ ਉੱਡੀ ਤੇ ਆਪਣੇ ਖੰਭਾਂ ਹੇਠਾਂ ਭਾਰੇ ਰੱਜੇ ਹੋਏ ਸਰੀਰ ਨੂੰ ਮਸਾਂ ਚੁੱਕਦੀ, ਹਨ੍ਹੇਰੇ ਵਿਚ ਗਵਾਚ ਗਈ। ਮਸੀਤ ਵਾਲੇ ਦਾਇਰੇ ਵਿੱਚੋਂ, ਕੋਈ ਉੱਲੂ ਨਹਿਸ਼ ਆਵਾਜ਼ ਨਾਲ ਆਉਂਦੀ ਰਾਤ ਨੂੰ ਨਿਉਂਦਾ ਦੇਣ ਲੱਗਾ।

ਅੱਖ-ਪਲਕਾਰੇ ਵਿਚ, ਤਕਾਲਾਂ ਰਾਤ ਵਿਚ ਵੱਟ ਗਈਆਂ-ਰਾਤ ਜੋ ਮੌਤ ਦੀ ਕਨਾਤ ਵਾਂਗ ਸਾਰੀ ਦੀ ਸਾਰੀ ਪਿੰਡ ਤੇ ਚੁਫਾਲ ਡਿੱਗ ਪਈ, ਤੇ ਪੀਲਾ ਨਿਤਾਣਾ ਚੰਨ ਪਰੇਤ-ਵਸ ਹੋਈ ਮੁਟਿਆਰ ਵਾਂਗ ਲੜਖੜਾਣ ਲੱਗਾ।

ਬੋਹੜ ਦੀ ਢੋਅ ਨਾਲੋਂ ਇਕ ਪਰਛਾਵਾਂ ਹਿੱਲਿਆ। ਚੁਪਾਲ ਦੇ ਹਨ੍ਹੇਰੇ ਨਾਲੋਂ ਨਿੱਖੜ ਕੇ ਚਾਨਣੇ, ਰੜੇ ਵਿਚ ਆਉਂਦਾ, ਉਹ ਇਕ ਮੁਨੱਖੀ ਆਕਾਰ ਵਿਚ ਉਘੜਦਾ ਗਿਆ। ਕੁੱਬੇ ਮੋਢਿਆਂ ਤੇ ਕੰਬਦੇ ਬੁੱਢੇ ਧੋਲੇ ਸਿਰ ਨੇ ਉੱਪਰ ਅਕਾਸ਼ ਵੱਲ ਵੇਖਿਆ। ਚੰਨ ਦੇ ਪੀਲੇ ਚਾਨਣ ਵਿਚ ਉਹਦੀ ਮਹਿੰਦੀ-ਰੰਗੀ ਦਾੜ੍ਹੀ ਵਿਚ ਅੱਥਰਾਂ ਲਿਸ਼ਕੀਆਂ। ਝੁਰੀਆਂ ਦੇ ਜਾਲ ਪਿੱਛੇ ਮੂੰਹ ਦੀ ਪਿਲਤਣ ਗਿੱਲੀ ਦਰਿਆਈ ਵਾਂਗ ਦਿਸੀ, ਤੇ ਫਿਰ ਉਹ ਸਿਰ ਹਿੱਕ ਤੇ ਡਿਗ ਪਿਆ, ਜਿਵੇਂ ਅਚਨਚੇਤ ਉਹਦੀ ਧੌਣ ਦੀ ਹੱਡੀ ਕੁੜਕ ਗਈ ਹੋਵੇ।

ਸਹਿਕਦੀ ਨਜ਼ਰ ਨਾਲ ਬੁੱਢੇ ਨੇ ਪਿੰਡ ਨੂੰ ਤੱਕਿਆ, ਪਣਿਆਲੀਆਂ ਅੱਖਾਂ ਛਿਣਕੀਆਂ ਤੇ ਹਉਕਾ ਭਰਿਆ।

ਹਾਂ, ਸਭ ਕੁਝ ਮੁੱਕ ਚੁੱਕਾ ਸੀ, ਤੇ ਉਹ, ਖ਼ੁਦਾ ਬਖ਼ਸ਼ ਵੜੈਚ ਪਿੰਡ ਦਾ ਬੁੱਢਾ ਚੌਧਰੀ, ਪਿੰਡ ਦਾ ਅਖੌਤੀ ਰਾਖਾ, ਅਜੇ ਜੀਉਂਦਾ ਸੀ। ਚੰਗੀ ਰਾਖੀ ਕੀਤੀ ਸੀ ਉਹਨੇ। ਵਾਹਵਾ ਰਖ ਵਿਖਾਈ ਸੀ ਚੌਧਰਪੁਣੇ ਦੀ। ਉਹਦਾ ਪਿੰਡ, ਜਿਸ ਨੂੰ ਉਹਦੇ ਵੱਡਿਆ ਨੇ ਹਾਫ਼ਜ਼ਾਬਾਦ ਤੋਂ ਪਿੰਡ ਭੱਟੀਆਂ ਜਾਣ ਵਾਲੀ ਪੱਕੀ ਸੜਕ ਤੇ ਵਸਾਇਆ ਸੀ, ਤੇ ਉਹਦਾ ਨਾਂ 'ਲੱਧੇਵਾਲਾ ਵੜੈਚ' ਰਖਿਆ ਸੀ, ਸਾਰੇ ਦਾ ਸਾਰਾ ਸ਼ਮਸ਼ਾਨ ਬਣ ਗਿਆ ਸੀ ਤੇ ਉਹ ਅਜੇ ਜੀ ਰਿਹਾ ਸੀ, ਉਸ ਖੁੰਘ-ਮੁੱਢੀ ਵਾਂਗੂੰ, ਜਿਹੜੀ ਸੜਨਾ ਨਾ ਚਾਹੁੰਦੀ ਹੋਵੇ।

ਆਪਣਾ ਸਿਰ ਉਹਨੇ ਦੋਹਾਂ ਹੱਥਾਂ ਵਿਚ ਨਪੀੜਿਆ ਤੇ ਇਕ ਹੋਰ ਹਾਉਕਾ ਭਰਿਆ।

ਉਹਦੀ ਕੋਈ ਸਬੀਲ ਕੰਮ ਨਾ ਆਈ। ਕੋਈ ਯਤਨ ਨੇਪਰੇ ਨਾ ਚੜ੍ਹਿਆ। ਪਿੰਡੋ-ਪਿੰਡ ਉਹ ਲੱਤਾਂ ਧੂੰਹਦਾ ਫਿਰਿਆ ਸੀ। ਸਾਰੇ ਗੁਆਂਢੀ ਮੁਸਲਮਾਨ ਪਿੰਡਾਂ ਦੇ ਮੁਖੀਆਂ ਅੱਗੇ, ਉਸ ਨੇ ਆਪਣੀ ਧੌਲੀ ਦਾੜ੍ਹੀ ਤੇ ਖ਼ੁਦਾ-ਰਸੂਲ ਦੇ ਵਾਸਤੇ ਪਾਏ ਸਨ ਤੇ ਆਪਣੇ ਬਜ਼ੁਰਗਾਂ ਦੀ ਪੱਗ, ਉਹਨਾਂ ਦੀਆਂ ਜੁੱਤੀਆਂ ਦੇ ਘੱਟੇ ਵਿਚ ਰੋਲੀ ਸੀ। ਪਰ ਸਭਨਾਂ ਨੇ ਉਹਨੂੰ ਅੱਖਾਂ ਵਿਖਾਈਆਂ, ਕਾਜ਼ੀ ਦੇ ਕੋਟ ਦੇ ਕਾਜ਼ੀਆਂ ਨੇ, ਮਾਨੀ ਦੇ ਮਾਨਾਂ, ਕਿਲ੍ਹਾ ਮੀਆਂ ਸਿੰਘ ਦੇ ਗੁਜ਼ਰਾਂ, ਕੋਟਲੀ ਦੇ ਡੋਗਰਾਂ ਤੇ ਗੋਂਦਲਾਂ ਵਾਲੇ ਦੇ ਗੋਂਦਲਾ ਨੇ। ਸਭਨਾਂ ਨੇ ਉਹਨੂੰ ਪਾਕਿਸਤਾਨ ਦਾ ਵੈਰੀ, ਤੇ ਮਿਲਤ ਦਾ ਘਾਤਕ ਆਖਿਆ ਸੀ। ਗੋਂਦਲਾਂ ਵਾਲੇ ਦੇ ਇਕ ਗੱਭਰੂ ਨੇ ਉਹਦੀ ਦਾੜ੍ਹੀ ਹੱਥ ਪਾਇਆ ਸੀ।

'ਕਿਉਂ ਮਰਨ ਦੀ ਠਾਣੀ ਊ, ਬੁੱਢਿਆ ਬੰਦਾਂ ਬਣ ਕੇ ਵੱਗਦਾ ਹੋ ਏਥੋਂ, ਨਹੀਂ ਤਾਂ........" ਉਹਨੇ ਆਪਣੀ ਛਵ੍ਹੀ ਉਘਰੀ।

'ਮਾਰ ਪਰ੍ਹਾਂ ਏਹਨੂੰ' ਇਕ ਹੋਰ ਕੂਇਆ ਸੀ।

"ਪਰ੍ਹਾਂ ਬੰਨੇ ਕਰੋ ਸੂ। ਵਿਚੋਂ ਕੀ ਰੇੜਕਾ ਪਾਇਆ ਹੋਇਆ ਜੇ।"

"ਤੇ ਹੋਰ ਕੀ" ਇਕ ਬੁੱਢਾ ਗੋਂਦਲ ਉੱਚੀ ਦਿੱਤੀ ਚੀਕਿਆ, "ਜੇ ਇਹਨੂੰ ਆਪਣੇ ਭਰਾਵਾਂ ਦਾ ਸੇਕ ਨਹੀਂ, ਤਾਂ ਇਹਨੂੰ ਠੁਮੰਣਾ ਦੇਣ ਲਈ ਰੱਖਣਾ ਏ ਅਸਾਂ? ਅਮਰਸਰ ਦੇ ਖੱਤਰੀ, ਮੁਸਲਮਾਨਾਂ ਨੂੰ ਕਮਾਦ ਦੀਆਂ ਟੋਟੀਆਂ ਵਾਂਗ ਟੁੱਕਦੇ ਜਾ ਰਹੇ ਨੇ, ਸਾਡੀਆਂ ਪਰਦਾ-ਪੋਸ਼ ਧੀਆਂ-ਭੈਣਾਂ ਦੀ ਪੱਤ, ਭਰੇ-ਬਜ਼ਾਰ ਵਿਚ ਲਾਹ ਰਹੇ ਨੇ, ਤੇ ਇਹ ਏਥੇ ਮਾਮਾ ਬਣਿਆ ਫਿਰਦੈ, ਉਨ੍ਹਾਂ ਦਾ।"

ਉਹਨੂੰ ਉਹਨਾਂ ਦੀਆਂ ਗੱਲਾਂ ਦੀ ਉੱਕਾ ਸਮਝ ਨਹੀਂ ਸੀ ਪਈ, ਪਰ ਉਹਦੇ ਸਿਰ ਨੂੰ ਕਾਂਬਾਂ ਛਿੜ ਪਿਆ ਸੀ। ਇਕ ਪਲਕ ਵਿਚ ਉਹਦੇ ਇੱਕੜ-ਦੁੱਕੜ ਕਾਲੇ ਵਾਲ, ਬੱਗੇ ਹੋ ਗਏ ਸਨ ਤੇ ਲੱਤਾਂ ਦੇ ਟੁੱਟੇ ਹੋਏ ਟਾਂਡਿਆਂ ਨੂੰ ਘਸੀਟਦਾ, ਉਹ ਆਪਣੇ ਪਿੰਡ ਆਣ ਵੜ੍ਹਿਆ ਸੀ। ਆਪਣੀ ਸਾਰੀ ਉਮਰ ਵਿਚ ਉਹ ਏਨਾ ਕਦੀ ਨਹੀ ਸੀ ਹੰਭਿਆਂ।

ਉਹਨੂੰ ਕਿਤੋਂ ਭਿਣਕ ਪੈ ਗਈ ਸੀ, ਆਉਂਦੀ ਜੁਮੇਰਾਤ ਨੂੰ ਉਨ੍ਹਾਂ ਆ ਪੈਣਾਂ ਸੀ। ਬਾਹਠਾਂ, ਚਿਮਨੀਆਂ, ਮਾਨਾਂ, ਗੋਂਦਲਾਂ ਤੇ ਡੋਗਰਾਂ ਸਭਨਾਂ ਨੇ ਰਾਅ ਮੇਲ ਲਈ ਸੀ। ਹੋਰ ਨਿੱਕੇ-ਮੋਟੇ ਪਿੰਡ ਉਨ੍ਹਾਂ ਹੂੰਝ ਸੁੱਟੇ ਸਨ ਤੇ ਆਉਂਦੀ ਜੁਮੇਰਾਤ ਨੂੰ ਅਸਰ ਦੀ ਨਮਾਜ਼ ਮਗਰੋਂ, ਉਹਨਾਂ ਢੋਲ ਪਿੱਟਣਾ ਸੀ, ਤੇ ਇੱਕੋ ਵੇਲੇ, ਚੁਤਰਫੋਂ ਪੈ ਕੇ, ਏਸ ਪਿੰਡ ਵਿਚ ਬਹੁਕਰ ਫੇਰ ਦੇਣੀ ਸੀ।

ਕਮਲਿਆਂ ਹਾਰ, ਉਹ ਆਪਣੇ ਪਿੰਡ ਵਿਚ ਘਰੋ-ਘਰੀ ਗਿਆ । ਆਉਂਦੀ ਜੁਮੇਰਾਤ ਦੇ ਮਨਸੂਬੇ ਤੋਂ ਸਭਨਾਂ ਨੂੰ ਜਾਣੂੰ ਕਰਾਇਆ। ਆਪਣੀ ਲਾਚਾਰੀ ਦੱਸੀ ਤੇ ਜੁਮੇਰਾਤ ਤੋਂ ਪਹਿਲਾਂ ਪਿੰਡ ਛੱਡ ਜਾਣ ਲਈ ਪਰੇਰਿਆ। ਆਪਣੀ ਹੱਥੀਂ ਗੰਢੜੀਆਂ, ਪੋਟਲੀਆਂ ਬੰਨ੍ਹਵਾਈਆਂ, ਮੰਜੀਆਂ ਦੀ ਹੀਆਂ, ਸੇਰੂ ਤੇ ਪਾਵੇ ਵੱਖਰੇ ਕਰ ਕੇ ਦਾਉਣਾਂ ਨਾਲ ਬੱਧੇ ਤੇ ਭਾਂਡਿਆਂ ਵਾਲੀਆਂ ਬੋਰੀਆਂ ਨੂੰ ਤਰੋਪੇ ਲਾਏ। ਜਿਨ੍ਹਾਂ ਕੋਲ ਘਰ ਦਾ ਵਲਵਾ ਲੱਦਣ ਲਈ ਆਪਣੀ ਘੋੜੀਆਂ ਨਹੀ ਸਨ, ਉਨ੍ਹਾਂ ਨੂੰ ਸਸਤੇ-ਮੁੱਲੀਂ ਘੁੰਮਿਆਰਾਂ ਕੋਲੋਂ ਖੋਤੇ ਲੈ ਦਿੱਤੇ। ਪਿੰਡ ਦੀਆਂ ਧੀਆਂ-ਨੂੰਹਾਂ ਦੇ ਸਿਰੀ ਪਿਆਰ ਦਿੱਤਾ, ਗਭਰੂਆਂ ਨੂੰ ਹੱਲਾ-ਸ਼ੇਰੀ ਦਿੱਤੀ, ਬੁੱਢਿਆਂ ਕੋਲੋਂ ਉਨ੍ਹਾਂ ਲਈ ਕੁਝ ਨਾ ਕਰ ਸਕਣ ਲਈ ਖਿਮਾਂ ਮੰਗੀ ਤੇ ਹੰਝੂਆਂ ਨੂੰ ਪੀਂਦਿਆਂ ਵਿਦੇਗੀ ਦਿੱਤੀ।

ਪਰ ਉਹਦੇ ਆਪਣੇ ਪਿੰਡੋਂ ਹੀ ਉੱਠ ਕੇ, ਉਹਦੇ ਆਪਣੇ ਕਬੀਲੇ ਦੇ ਕਿਸੇ ਵੜੈਚ ਨੇ ਬਾਹਰ ਜਾ ਭਾਨੀ ਮਾਰੀ ਸੀ, ਤੇ ਉਹਦੇ ਉਪਰਾਲਿਆਂ ਦਾ ਗਲਾ ਘੁੱਟ ਦਿੱਤਾ ਸੀ। ਤੇ ਹੁਣ-ਹੁਣ ਸਭ ਖੇਡ ਖਤਮ ਹੋ ਚੁੱਕੀ ਸੀ। ਉਹਦੇ ਪਿੰਡ ਉੱਤੇ ਗਿਰਝਾਂ ਉੱਡ ਰਹੀਆਂ ਸਨ ਤੇ ਉਹ ਆਪ ਅਜੇ ਜੀਉਂਦਾ ਸੀ।

ਛੱਪੜ ਵਾਲੀ ਰੂੜੀ ਤੋਂ ਉੱਠ ਕੇ ਕੁੱਤਾ ਉਹਦੇ ਵੱਲ ਆਇਆ ਤੇ ਉਹਦੇ ਪੈਰਾਂ ਵਿਚ ਲੇਟਣੀਆਂ ਲੈਣ ਲੱਗਾ। ਪਰ ਚੌਧਰੀ ਨੇ ਉਹਦੀ ਗੱਲ ਨਾ ਗੌਲੀ ਤੇ ਉਹ ਹੁਆਂਕਦਾ ਹੋਇਆ ਪੈਲੀਆਂ ਵੱਲ ਭੱਜ ਗਿਆ।

ਬੁੱਢੇ ਨੇ ਸਿਰ ਫੇਰਿਆ ਤੇ ਹਉਕਾ ਭਰਿਆ।

ਹਾਂ, ਕੁੱਤਾ ਵੀ ਜਾਣਦਾ ਸੀ ਤੇ ਪਿੰਡ ਵੱਲ ਜਾਣੋਂ ਡਰਦਾ ਸੀ ਜਿੱਥੇ ਰੌਣਕਾਂ ਭਰੀਆਂ ਬੈਠਕਾਂ ਤੇ ਸੁੱਖਾਂ ਭਰੇ ਚੁਬਾਰੇ ਸੜ ਕੇ ਖੋਲੇ ਬਣ ਗਏ ਸਨ, ਜਿਥੇ ਰੰਗਲੇ-ਟੰਗਣੇ, ਚਰਖੇ ਤੇ ਪੀੜ੍ਹੇ ਅਜੇ ਤੀਕ ਧੁਖ ਰਹੇ ਸਨ, ਜਿਥੇ ਅੱਧ-ਸੜੇ ਮਨੁੱਖੀ ਸਰੀਰ ਸੜ੍ਹਿਆਂਦ ਫੈਲਾਅ ਰਹੇ ਸਨ, ਜਿਥੇ ਘਰਾਂ ਦੀਆਂ ਬਰੂਹਾਂ ਤੇ ਗਲੀਆਂ ਦੀ ਵਹਿਣੀਆਂ ਵਿਚ ਬੁੱਢੀਆਂ ਹੱਡੀਆਂ ਦੇ ਬੁੱਚਕੇ ਪਏ ਸਨ, ਜਿੱਥੇ ਠਾਕਰਦੁਆਰੇ ਦੇ ਬੂਹੇ ਅੱਗੇ ਉਹ ਸਨੁੱਖਾ ਗਭਰੂ ਪਾਸੇ ਪਰਨੇ ਪਿਆ ਸੀ, ਤੇ ਉਸ ਦੀਆਂ ਆਂਦਰਾ ਕਿਸੇ ਤਿੱਖੀ ਮੁੜੀ ਹੋਈ ਨੋਕ ਵਾਲੇ ਹਥਿਆਰ ਨੇ ਬਾਹਰ ਖਿੱਚ ਕੱਢੀਆਂ ਸਨ।

ਸਾਰੀ ਹਵਾ ਵਿਚ ਮਨੁੱਖੀ ਚੀਕਾਂ, ਚਾਂਘਰਾਂ ਨਾਲ, 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅ੍ਹਰੇ ਘੁਲੇ ਹੋਏ ਸਨ। ਹਾਂ, ਖ਼ੁਦਾ ਦਾ ਸ਼ੁਕਰ ਸੀ, ਉਹਦੇ ਪਿੰਡ ਵਿਚ ਵੀ ਪਾਕਿਸਤਾਨ ਬਣ ਗਿਆ ਸੀ ਤੇ ਮਿਲਤ, ਇਸਲਾਮ ਤੇ ਕਾਇਦੇ-ਅਜ਼ਮ ਦੀ ਰਹਿ ਆਈ ਸੀ।

ਕਿਸੇ ਡੂੰਘੇ ਡਰ ਦੇ ਅਸਰ ਹੇਠ ਉਹ ਕੁੱਤੇ ਦੇ ਮਗਰੇ-ਮਗਰ ਪਿੰਡ ਤੋਂ ਦੂਰ ਪੈਲੀਆਂ ਵੱਲ ਤੁਰ ਪਿਆ। ਪੀਲੇ ਬੀਮਾਰ ਚੰਨ ਹੇਠਾਂ ਉਹਦਾ ਸਿਰ ਕੰਬ ਰਿਹਾ ਸੀ। ਉਹਦੀਆਂ ਗੱਲ੍ਹਾਂ ਉੱਤੇ ਸੱਜਰੇ ਹੰਝੂਆਂ ਦੇ ਡੱਬ ਸਨ ਤੇ ਉਹ ਕਿੱਧਰ ਜਾ ਰਿਹਾ ਸੀ, ਉਹ ਨਹੀਂ ਸੀ ਜਾਣਦਾ?

ਪਹਿਲੀ ਪੈਲੀ ਦੀ ਵੱਟ ਤੇ ਉਹਦਾ ਠੇਡਾ ਕਿਸੇ ਭਾਰੀ ਚੀਜ਼ ਨਾਲ ਵੱਜਾ ਤੇ ਉਹ ਮੂੰਹ-ਪਰਨੇ ਜਾ ਪਿਆ। ਇਕ ਲੋਥ ਮੂਧੀ ਪਈ ਸੀ। ਉਸਨੇ ਪਾਸਾ ਪਰਤਾਇਆ, ਅਰਕਾਂ ਤੇ ਗੋਡਿਆਂ ਦੀਆਂ ਚੱਪਣੀਆਂ ਤੇ ਹੱਥ ਰੱਖ ਕੇ ਆਕੜ-ਘੱਤੀਆਂ, ਲੱਤਾਂ-ਬਾਹਵਾਂ ਸਿੱਧੀਆਂ ਕੀਤੀਆਂ। ਇਕ ਅਲੂਆਂ ਮੁੰਡਾ ਸੀ, ਦਸ-ਯਾਰ੍ਹਾਂ ਵਰ੍ਹਿਆਂ ਦਾ, ਉਸ ਨੇ ਨੀਝ ਲਾ ਕੇ ਪਛਾਣਿਆ, ਆਪਣੇ ਚੰਦਾ ਸਿਉਂ ਜੱਟ ਦਾ ਮੁੰਡਾ ਸੀ। ਉਹੋ ਉਹਦਾ ਚਿੱਟਾ ਖਮੂਰ ਰੰਗ, ਗੋਲ-ਮੂੰਹ ਤੇ ਕੱਕੇ-ਭੂਰੇ ਵਾਲ, ਜਿਹੜੇ ਹੁਣ ਸੋਨੇ ਦੀਆਂ ਤਾਰਾਂ ਵਾਂਗ ਚਮਕ ਰਹੇ ਸਨ। ਪਿੰਡ ਵਿਚ ਉਹਨੂੰ ਸਾਰੇ 'ਸਾਹਬ' ਆਖਦੇ ਸਨ। ਉਹਦੇ ਜੰਮਣ ਤੇ ਉਹਦੇ ਪਿਉ ਨੇ ਮੁਜ਼ਰਾ ਕਰਵਾਇਆ ਸੀ ਤੇ ਜੀਅ ਸੇਤੀ ਇੱਕੀ-ਇੱਕੀ ਦੁੱਪੜਾਂ ਤੇ ਵੱਟੀ-ਵੱਟੀ ਕੜਾਹ ਪਿੰਡ ਵਿਚ ਵੰਡਿਆ ਸੀ ਤੇ ਹੁਣ ਉਸ ਰਾਜੇ ਪਿਉ ਦਾ ਇਕੋ-ਇਕ ਪੁੱਤਰ, ਪੈਲੀ ਦੀ ਵੱਟ ਤੇ ਲੰਮਾ ਪਿਆ ਸੀ। ਉਹਦੀ ਪੱਗ ਲੱਥ ਕੇ ਚਿੱਕੜ ਨਾਲ ਲਿੱਬੜ ਘੱਤੀ ਸੀ ਤੇ ਉਹਦੇ ਮੱਥੇ ਤੇ ਛਵ੍ਹੀ ਦਾ ਇਕ ਲੰਮਾਂ ਫੱਟ ਸੀ। ਲਹੂ ਦੀਆਂ ਸੁੱਕ ਗਈਆਂ ਧਾਰੀਆਂ ਵਿਚ ਉਹਦੇ ਕੱਕੇ ਵਾਲ ਉਹਦੀਆਂ ਪੁੜਪੁੜੀਆਂ ਨਾਲ ਚੰਬੜ ਗਏ ਸਨ।

ਬੁੱਢੇ ਚੌਧਰੀ ਨੇ ਮੁੰਡੇ ਦੀ ਪੱਗ ਲੱਕ ਦਵਾਲੇ ਬੱਧੀ, ਆਪਣੇ ਹੱਥਾਂ ਦੀ ਕੰਘੀ ਉਹਦੀ ਕੰਢ ਪਿੱਛੇ ਪਾਈ ਤੇ ਇਕ ਤਕੜੇ ਹੁੱਝਕੇ ਨਾਲ ਉਹਨੂੰ ਆਪਣੇ ਮੋਢੇ ਤੇ ਸੁੱਟ ਲਿਆ। ਪੈਲੀਓ-ਪੈਲੀ ਉਹ ਪਿੰਡ ਗਿਰਦੇ ਚੱਕਰ ਕੱਟਦਾ ਮੁੜ ਗਿਆ, ਜਿੱਧਰ ਮਦਰੱਸੇ ਦੇ ਪਿਛਵਾੜੇ ਚੰਦਾ ਸਿਉਂ ਜੱਟ ਨੇ ਪਿੰਡ ਤੋਂ ਨਿਵੇਕਲੀਂ ਪੱਕੀ ਹਵੇਲੀ ਪਾਈ ਸੀ।

ਕਿੰਨਾਂ ਚਿਰ, ਉਹ ਬਾਹਰ ਖਲੋਤਾ ਬਿੜਕਾਂ ਲੈਂਦਾ ਰਿਹਾ, ਘਰ ਵਿਚ ਸੁੰਨ-ਸਰਾਂ ਵਰਤੀ ਜਾਪਦੀ ਸੀ। ਉਹਦਾ ਅੰਦਰ ਹਿੱਲ ਗਿਆ। ਉਹਦਾ ਅਨੁਮਾਨ ਗਲਤ ਨਿਕਲਿਆ ਸੀ। ਇਹ ਲੁਗਾ-ਘਰ ਵੀ ਲਹੂ ਤਿਹਾਈ ਧਾੜ ਦੀ ਨਜ਼ਰੀਂ ਚੜ੍ਹ ਗਿਆ ਸੀ। ਉਹਨੇ ਭਿੱਤ ਖੜਕਾਇਆ। ਅੰਦਰ ਘੁਸਰ-ਮੁਸਰ ਹੋਈ। ਉਹਦੇ ਮੂੰਹ ਤੇ ਮਾੜੀ ਜਿਹੀ ਲੋ ਆ ਪਈ। ਜੀਅ ਜੀਉਂਦੇ ਸਨ। ਉਸ ਨੇ ਆਪਣੇ ਬੁੱਲ੍ਹ ਬੂਹੇ ਦੀ ਝੀਤ ਨਾਲ ਜੋੜ ਦਿੱਤੇ ਤੇ ਉੱਚੇ ਗੋਸ਼ੇ ਵਿਚ ਆਖਿਆ:-

"ਕੁੜੀਏ! ਕੁੰਡਾ ਖੋਲ੍ਹ ਮੈਂ ਵਾਂ ਆਪਣਾ ਖ਼ੁਦਾ ਬਖ਼ਸ਼।"

ਇਕ ਸੁਖ ਦੇ ਲੰਮੇ ਸਾਹ ਦੀ ਅਵਾਜ਼ ਆਈ। ਕਿਸੇ ਨੇ ਲਾਲਟੈਣ ਦੀ ਬੱਤੀ ਉੱਚੀ ਕੀਤੀ ਚਾਨਣ ਝੀਤਾਂ ਦੇ ਨੇੜੇ ਆਉਂਦਾ ਗਿਆ।

ਕੁੰਡੇ ਤੇ ਪਿਆ ਹੱਥ, ਜੱਕੋ-ਤੱਕਿਆਂ ਵਿਚ ਪੈ

ਗਿਆ।

"ਮਹੀਓਂ ਵਾਂ ਕੁੜੀਏ। ਕੋਈ ਨਹੀਂ ਮੇਰੇ ਨਾਲ।"

ਭਿੱਤ ਖੁਲ੍ਹਿਆ। ਲਾਲਟੈਣ ਦਾ ਚਾਨਣ ਬੁੱਢੇ ਦੀਆਂ ਅੱਖਾਂ ਨੂੰ ਵੱਜਾ।

ਡੌਰ-ਭੌਰ ਹੋਈ ਨੰਦ ਕੌਰ, ਚੰਦਾ ਸਿੰਘ ਜੱਟ ਦੀ ਵਿਧਵਾ, ਕਾਹਲੀ-ਕਾਹਲੀ ਕੁੰਡਾ ਮੇਲਦੀ ਉਹਦੇ ਪਿੱਛੇ ਘਰ ਦੇ ਅੰਦਰ ਗਈ। ਪੰਦਰਾਂ ਵਰ੍ਹਿਆਂ ਦੀ ਜਗੀਰੋ ਆਪਣੇ ਹਰਦਲ ਧੂੜੇ ਮੂੰਹ ਨੂੰ ਰਸੋਈ ਦੇ ਤਾਕ ਨਾਲ ਜੋੜੀ ਖੜੋਤੀ ਰਹੀ।

ਲਾਲਟੈਣ ਦਾ ਚਾਨਣ ਮੋਏ ਮੁੰਡੇ ਦੇ ਮੂੰਹ ਤੇ ਪਿਆ। ਜਗੀਰੋ ਦੀਆਂ ਭੁੱਬਾਂ ਨਿਕਲ ਗਈਆਂ। ਨੰਦ ਕੌਰ ਨੇ ਹਿੱਕ ਪਿਟਦਿਆਂ ਵੈਣ ਪਾਏ।

"ਹੌਸਲਾ ਕਰੋ ਕੁੜੀਓ। ਮੇਰਾ ਅੰਦਰਲਾ ਫੋਲ ਵੇਖੋ। ਕੱਲੀ ਤੁਹਾਨੂੰ ਨਹੀਂ ਲੱਗੀ। ਤੁਸੀਂ ਕਿਉਂ ਰੋ-ਰੋ ਕੇ ਪਈਆਂ ਫਾਵੀਆਂ ਹੁੰਦੀਆਂ ਜੇ। ਤੁਹਾਡੇ ਨਾਲ ਕੋਈ ਜੁੱਗੋਂ ਬਾਹਰੀ ਵਰਤੀ ਏ। ਆਪਣੇ ਸਾਰੇ ਲੋਕਾਂ ਵਿੱਚੋਂ ਇਕ ਜੀਅ ਨਹੀਂ ਬਚਿਆ। ਤੁਸਾਂ ਦੋਹਾਂ ਦਾ ਤਾਂ ਉਹਨਾਂ ਨੂੰ ਚੇਤਾ ਵਿਸਰ ਗਿਆ ਤੇ ਤੁਸੀਂ ਜੀਊਂਦੀਆਂ ਪਈਆਂ ਜੇ ਤੇ ਇਹ ਮੁੰਡਾ ਕਿਉਂ ਬਾਹਰ ਭੱਜਾ ਫਿਰਦਾ ਸੀ?"

"ਹਾਏ ਮਹੀਓਂ ਤੱਤੀ! ਉਹਨੂੰ ਖੂਹ ਤੋਂ ਪਸ਼ੂ ਖੋਲ੍ਹ ਲਿਆਉਣ ਨੂੰ ਘੱਲਿਆ। ਪੁੱਤ ਵੇ, ਜੇ ਮੈਨੂੰ ਪਤਾ ਹੁੰਦਾ! ਮੇਰੀਆਂ ਤਾਂ ਆਂਦਰਾ ਬੁਝ ਗਈਆਂ ਸਨ । ਮੈਨੂੰ ਉਦੋਂ ਹੀ ਖੁੜਕ ਗਈ ਜਦੋਂ ਪਿੰਡ ਵਿਚ ਗੋਲੀਆਂ ਆਣ ਚੱਲੀਆਂ। ਮਾਂ ਮਰ ਜਾਏ, ਪੁੱਤ ਵੇ! ਮੈਂ ਤੈਨੂੰ ਕਾਹਨੂੰ ਘੱਲਣਾ ਸੀ।"

ਬੁੱਢੇ ਚੌਧਰੀ ਨੇ ਬੁੱਲ੍ਹ ਚੱਥੇ ਤੇ ਆਪਣੀ ਅੱਥਰਾਂ ਨਿਘਾਰ ਲਈਆਂ।

"ਹਲਾ, ਹੁਣ ਰੌਲਾ ਨਾ ਪਾ ਬਹੁਤਾ" ਉਹਨੇ ਖਰਵੀਂ ਆਵਾਜ਼ ਵਿਚ ਆਖਿਆ, "ਨਹੀਂ ਤਾਂ ਉਹ ਭੱਜੇ ਆਉਣਗੇ ਤੇ ਫੇਰ ਤੂੰ ਜਾਣਨੀ ਏ, ਉਹਨਾਂ ਨੂੰ। ਏਥੇ ਕੰਧਾਂ ਦੇ ਕੰਨ ਨੇ। ਪਿੰਡ ਵਿਚ ਬੁਕੱਲ ਦੇ ਸੱਪ ਵੱਸਦੇ ਨੇ, ਨਹੀਂ ਤਾਂ ਇਹ ਕਾਰੇ ਨਾ ਵਰਤਦੇ।"

ਹੌਲੀ-ਹੌਲੀ ਬੁੱਢੇ ਦੀ ਆਵਾਜ਼ ਪੰਘਰਦੀ ਗਈ ਤੇ ਉਹਦੇ ਵਿਚ ਅੱਥਰੂ ਘੁੱਲਦੇ ਗਏ।

"ਵੇਖੋ ਨਾ, ਮੈਂ ਤਈਨੂੰ ਪਿਆ ਆਂਹਨਾਂ ਵਾਂ, ਰੋਣ-ਧੋਣ ਦਾ ਕੋਈ ਲਾਹਾ ਨਹੀਂ, ਨੁਕਸਾਨ ਭਾਵੇਂ ਹੋਵੇ ਤੇ ਇਹ ਘਰ ਤੁਹਾਨੂੰ ਹੁਣ ਛੱਡਣਾਂ ਚਾਹੀਦਾ ਏ, ਮਤੇ ਕਿਤੇ ਉਹਨਾਂ ਨੂੰ ਤੁਹਾਡੀ ਯਾਦ ਆ ਜਾਵੇ ਰਤੇ ਉਹ ਸ਼ੂਕਦੇ ਆਉਣ। ਮੇਰੇ ਘਰ ਤਸੀਂ ਜੰਮ-ਜੰਮ ਰਹਿ ਪਵੋ, ਪਰ ਉਹਨਾਂ ਕੋਲੋਂ ਕੁਝ ਗੁੱਝਾ ਨਹੀਂ ਰਹਿਣਾ ਤੇ ਫੇਰ ਜੇ ਉਹਨਾਂ ਤੁਹਾਡੇ ਨਾਲ ਵੀ ਉਹ ਕੀਤੀ ਜੋ ਹੋਰਨਾਂ ਨਾਲ ਕੀਤੀ ਐ?" ਬੁੱਢਾ ਸੋਚੀਂ ਪੈ ਗਿਆ ਉਹਦੇ ਦਿਲ ਦੀ ਧਕ-ਧਕ ਬੜੀ ਉੱਚੀ ਹੋ ਗਈ। ਡਿਉੜੀ ਦਾ ਕੁੰਡਾ ਖੋਲ੍ਹ ਕੇ ਉਸ ਨੇ ਬਾਹਰ ਨਜ਼ਰ ਮਾਰੀ। ਸੁੰਨਮ-ਸੁੰਨੀ ਰਾਤ ਭਾਂ-ਭਾਂ ਕਰ ਰਹੀ ਸੀ। ਮਸੀਤ ਵਾਲੇ ਦਾਰੇ ਵਿਚ ਉੱਲੂ ਅਜੇ ਤੀਕ ਬੋਲ ਰਿਹਾ ਸੀ।

ਸੋਚਿਆਂ ਹੋ ਕੇ ਉਹਨੇ ਕੁੰਡਾ ਅੜਾਇਆ। ਤੀਵੀਂ ਚੌੜ ਚੱਪਟ ਅੱਖਾਂ ਨਾਲ ਉਹਨੂੰ ਵੇਖ ਰਹੀ ਸੀ। ਜਗੀਰੋ ਗੋਡਿਆਂ ਵਿਚ ਸਿਰ ਦਿੱਤੀ ਡੁਸਕ ਰਹੀ ਸੀ। ਉਸ ਨੇ ਕੁੜੀ ਦੇ ਸਿਰ ਤੇ ਆਪਣਾ ਕੰਬਦਾ ਹੱਥ ਰੱਖਿਆ ਤੇ ਉਹਦਾ ਮੂੰਹ ਉੱਚਾ ਕੀਤਾ। ਫੇਰ ਕਾਹਲੀ ਅੱਖਾਂ ਝਮਕਦਾ ਆਪਣੀ ਥਾਂ ਸਿਰ ਆ ਬੈਠਾ।

"ਤੂੰ ਸੁਣਦੀ ਨਹੀਂ" ਉਹ ਫੇਰ ਖਰਵਾ ਬੋਲਣ ਲੱਗ ਪਿਆ, "ਮੇਰੇ ਵੱਲ ਬਿਟ- ਬਿਟ ਵੇਂਹਦੀ ਜਾਨੀ ਏਂ। ਮੈਂ ਜੂ ਤਈਨੂੰ ਪਿਆ ਆਹਨਾਂ ਆਂ, ਉੱਠ ਕੇ ਆਪਣਾ ਨਿਕ-ਸੁੱਕ ਸਾਂਭੋ।

ਏਥੋਂ ਰਾਤੋ-ਰਾਤ ਮੈਂ ਤਹਾਨੂੰ ਕਿਸੇ ਸਿੱਖਾਂ ਦੇ ਪਿੰਡ ਛੱਡ ਆਵਾਂਗਾ। ਆਹੋ, ਮੈਂ ਸੋਚ ਲਿਆ ਏ। ਹੋਰ ਮੈਨੂੰ ਕੁਝ ਨਹੀਂ ਜੇ ਅਹੁੜਦਾ ਤੇ ਅਸੀਂ ਵੇਲਾ ਕਾਹਨੂੰ ਖੁੰਝਾਈਏ।"

ਨੀਵੀਂ ਪਾਈ ਉਹ ਬੋਲਦਾ ਗਿਆ ਜਿਵੇਂ ਸੁਪਨੇ ਵਿਚ ਆਪਣੇ-ਆਪ ਨਾਲ ਗੱਲਾਂ ਕਰ ਰਿਹਾ ਹੋਵੇ।

"ਆਹੋ, ਤੇ ਹੋਰ ਕੀ। ਮੈਥੋਂ ਹੋਰ ਕੁਝ ਨਹੀਂ ਸਰਨਾ। ਮੈਂ ਬੁੱਢਾ ਆਦਮੀ ਖਿੰਗਰ ਵਾਂਗੂੰ ਪਹੇ ਵਿਚ ਪਿਆ ਵਾਂ ਤੇ ਉਹ ਮੇਰੇ ਉਪਰੋਂ ਲੰਘਦੇ ਜਾ ਰਹੇ ਨੇ। ਮੇਰੇ ਆਪਣੇ ਕਬੀਲੇ ਦੇ ਚੀਂਗੜ-ਬੋਟ, ਮੇਰੇ ਹੱਥਾਂ ਦੇ ਜੰਮ-ਪਲ, ਮੇਰੇ ਵੱਲ ਕੈਰੀਆਂ ਅੱਖਾਂ ਨਾਲ ਵੇਖਦੇ ਨੇ। ਵੇਖ ਨਾ, ਉਨ੍ਹਾਂ ਵਿਚੋਂ ਕਿਸੇ ਨੇ ਗੌਂਦਲਾਂ ਨੂੰ ਜਾ ਦੱਸਿਆ ਤੇ ਮੈਂ ਕੀ ਪਿਆਂ ਆਂਹਦਾ ਸਾਂ ਕੁੜੀਏ, ਉੱਥੋਂ ਤੁਸੀਂ ਕਿਸੇ ਕਾਫਲੇ ਨਾਲ ਰਲ ਜਾਇਆ ਜੇ । ਏਦਾਂ ਤੁਸੀਂ ਹੱਦ ਪਾਰ ਕਰ ਜਾਉਗੀਆਂ। ਅਬੰਸਰ ਉਹ ਤੁਹਾਨੂੰ ਕੈਂਪਾਂ ਵਿਚ ਥਾਂ ਦੇ ਦੇਣਗੇ। ਤੇ ਕੀ ਪਤਾ ਉਦੋਂ ਤੀਕ, ਇਹਨਾਂ ਲੋਕਾਂ ਦੀ ਮੱਤ ਟਿਕਾਣੇ ਆ ਜਾਵੇ ਤੇ ਤੁਸੀਂ ਮੁੜ, ਆਪਣੀ ਹਵੇਲੀ ਵਿਚ ਆਣ ਵੱਸੋ।" ਬੋਲਦਿਆਂ ਬੁੱਢੇ ਦਾ ਗਲਾ ਰੁਕ ਗਿਆ। ਤੀਵੀਂ ਆਪਣੇ ਮੋਏ ਪੁੱਤ ਵੱਲ ਵੇਖ ਰਹੀ ਸੀ। ਜਾਪਦਾ ਸੀ, ਉਹਨੇ ਕੁਝ ਨਹੀਂ ਸੀ ਸੁਣਿਆ। ਉਹ ਧੌਣ ਸੁੱਟੀ ਬੈਠਾ ਰਿਹਾ। ਜਦੋਂ ਤੀਵੀਂ ਨੇ ਆਪਣਾ ਮੂੰਹ ਫੇਰਿਆ ਤਾਂ ਬੋਲਿਆ,-

"ਮੁੰਡੇ ਨੂੰ ਅਸੀਂ ਨਾਲ ਲਿਚੱਲਾਂਗੇ। ਆਹੋ। ਮੁੰਡੇ ਨੂੰ ਅਸਾਂ ਏਥੇ ਕੋਈ ਨਹੀਂ ਛੱਡਣਾ। ਰਾਹ ਵਿਚ ਵੜੈਚਾਂ ਦਾ ਖੂਹ ਪੈਂਦਾ ਏ। ਉਥੇ ਅੱਜ-ਕੱਲ੍ਹ ਕੋਈ ਨਹੀਂ ਰਹਿੰਦਾ। ਉਹ ਸਾਰੇ ਲੁੱਟ-ਮਾਰ ਤੇ ਭੱਜੇ ਫਿਰਦੇ ਨੇ, ਉੱਥੇ ਅਸੀਂ ਏਹਨੂੰ ਸਸਕਾਰ ਦਿਆਂਗੇ।"

ਉਹਦੀ 'ਵਾਜ਼ ਸੁੱਤੋ-ਨੀਂਦੀਂ ਸੀ ਤੇ ਉਹ ਉਂਘਲਾ ਰਿਹਾ ਜਾਪਦਾ ਸੀ ਤੇ ਜਦੋਂ ਉਹ ਪਿੰਡੋਂ ਨਿਕਲ ਤੁਰੇ, ਤਾਂ ਵੀ ਇਹ ਉਂਘਲਾਣ, ਬੁੱਢੇ ਦੇ ਸਾਰੇ ਸਰੀਰ ਉੱਤੇ ਛਾਈ ਦਿਸਦੀ ਸੀ। ਉਹ ਝੋਲੇ ਖਾ ਰਿਹਾ ਸੀ ਤੇ ਉਹਦਾ ਪੈਰ ਥਾਂ ਸਿਰ ਨਹੀਂ ਸੀ ਪੈਂਦਾ। ਬਿੰਦ ਕੁ ਮਗਰੋਂ ਨੰਦ ਕੌਰ ਤਰਭੱਕ ਪੈਂਦੀ । ਹੁਣੇ ਉਹਦਾ ਮੁੰਡਾ ਲੁੜਕ ਕੇ ਭੁੰਜੇ ਆ ਪਵੇਗਾ। ਪਰ ਬੁੱਢੇ ਦੀ ਕਸ, ਮੋਏ ਮੁੰਡੇ ਦੁਆਲੇ ਬੜੀ

ਪੀਡੀ ਸੀ ਤੇ ਅਸਲੋਂ ਚੌਕਸ ਹੋ ਕੇ ਤੁਰ ਰਿਹਾ ਸੀ। ਮਾੜੇ ਜਿਹੇ ਖੜਾਕ 'ਤੇ ਉਹ ਛਹਿਟ ਕੇ ਖੜੋ ਜਾਂਦਾ ਤੇ ਉਹ ਕਿਸੇ ਰੁਖ ਦੇ ਉਹਲੇ ਹੋ ਜਾਂਦੇ, ਡਰੇ ਹੋਏ ਬੋਟਾਂ ਵਾਂਗੂੰ ਸਾਹ ਰੋਕ ਲੈਂਦੇ। ਚੰਨ ਕੋਲੋਂ ਲੁਕਦੇ ਇਕ ਰੁਖ ਦੇ ਪਰਛਾਵੇਂ ਤੋਂ ਦੂਜੇ ਪਰਛਾਵੇਂ ਤੱਕ ਅੱਪੜਨ ਲਈ ਉਹ ਕਾਹਲੀ ਪੈਰ ਪੱਟਦੇ।

ਬੌਂਗੇ ਪੀਰ ਦੀ ਕਬਰ ਕੋਲ ਉਹ ਅਚਨਚੇਤ ਤ੍ਰਹਿ ਗਏ। ਉਨ੍ਹਾਂ ਕੋਲੋਂ ਮਸਾਂ ਦਸਾਂ ਪੁਲਾਂਘਾ ਦੀ ਵਿੱਥ 'ਤੇ ਕਬਰ ਦੇ ਇਕ ਬੰਨੇ ਕੁਝ ਬੰਦੇ ਲੰਮੇ ਪਏ ਸਨ। ਉਹਨਾਂ ਦੇ ਮੂੰਹ ਦੂਜੇ ਪਾਸੇ ਸਨ। ਇਸ ਲਈ ਸ਼ਾਇਦ ਅਜੇ ਉਹਨਾਂ ਨਹੀਂ ਸੀ, ਵੇਖਿਆ। ਪੈਲੀ ਦੇ ਉੱਚੇ ਬੰਨੇ ਦਾ ਉਹਲਾ ਕਰ ਕੇ ਉਹ ਜਿੱਥੇ ਖਲੋਤੇ ਸਨ ਉੱਥੇ ਹੀ ਬਹਿ ਗਏ। ਉਹਨਾਂ ਦਾ ਰਾਹ ਕਬਰ ਦੇ ਕੋਲੋਂ ਹੋ ਕੇ ਲੰਘਦਾ ਸੀ ਤੇ ਹੋਰ ਚਾਰੇ ਬੰਨੇ ਸੁਹਾਗੀਆਂ ਸਾਫ਼ ਪੈਲੀਆਂ, ਚਾਨਣੀ ਵਿਚ ਚਮਕ ਰਹੀਆਂ ਸਨ। ਕੁੜੀ ਤੇ ਉਹਦੀ ਮਾਂ, ਦੋਵੇਂ ਬੁੱਢੇ ਚੌਧਰੀ ਦੇ ਮੂੰਹ ਵੱਲ ਵੇਖ ਰਹੀਆਂ ਸਨ। ਜਿਹਦੇ ਮੱਥੇ ਤੋਂ ਠੰਢੀਆ ਤਰੇਲੀਆਂ ਚੋ ਪਈਆਂ ਸਨ। ਅਚਨਚੇਤ ਬੁੱਢੇ ਦੇ ਚਿਹਰੇ ਦੀ ਕਸ ਢਿੱਲੀ ਹੋ ਗਈ। ਉਹਦਾ ਸਾਹ ਪਰਤ ਆਇਆਂ, ਮੱਥੇ ਤੋਂ ਤਰੇਲੀ ਪੂੰਝਦਾ ਬੋਲਿਆ–

"ਉਹ ਆਪਣੇ ਹੀ ਲੋਕ ਨੇ ਤੇ ਉਹ ਜੀਉਂਦੇ ਨਹੀਂ। ਵੇਖੇ ਨਾ ਉਹ ਹਿਲਦੇ ਨਹੀ, ਕੂਦੇਂ ਨਹੀ ਪਾਸਾ ਨਹੀਂ ਪਰਤਦੇ। "

ਲੋਥਾਂ ਕੋਲੋਂ ਲੰਘਦਿਆਂ ਜਗੀਰੋ ਚੀਕ ਮਾਰ ਕੇ ਆਪਣੀ ਮਾਂ ਨਾਲ ਚੰਬੜ ਗਈ। ਬੁੱਢੇ ਨੇ ਉਹਨੂੰ ਡਾਂਟਿਆ-

"ਚੀਕਾਂ ਸਾਂਭ ਕੇ ਰੱਖ ਕੁੜੀਏ। ਏਥੇ ਸੁਣਨ ਵਾਲਿਆਂ ਦਾ ਕਾਲ ਨਹੀਓਂ। ਚੁੱਪ ਕੀਤੀ, ਮੇਰੇ ਮਗਰ ਤੁਰਦੀ ਆ ਤੇ ਐਵੇਂ ਲਾਂਭੇ ਨਾ ਪਈ ਵੇਖ।"

ਪਿੰਡ ਕਾਫ਼ੀ ਪਿਛਾਂਹ ਰਹਿ ਗਿਆ ਸੀ। ਉਹ ਹੁਣ ਚੀਮਿਆਂ ਵਾਲਾ ਖੂਹ ਵੀ ਲੰਘ ਆਏ ਸਨ। ਚੁਤਰਫ਼ੀ ਪੈਲੀਆਂ ਵਿਚ ਵਾਹ ਪਏ ਸਨ, ਮਲ੍ਹੜ ਰਲਾਏ ਗਏ ਤੇ ਸੁਹਾਗੇ ਫਿਰ ਚੁੱਕੇ ਸਨ। ਬਣਾਈਆਂ, ਵਤਰੀਆਂ, ਨਿਖਸਮੀਆਂ ਜ਼ਮੀਨਾਂ ਬੀਜਾਈਆਂ ਉਡੀਕ ਰਹੀਆਂ ਸਨ, ਤੇ ਖਸਮ-ਸਾਈਂ, ਸੁਤੜੇ-ਸੌਂ ਗਏ ਸਨ। ਕਿਤੇ-ਕਿਤੇ ਲਵੀਆਂ ਮੁੰਜੀਆਂ ਵਿਚ ਪਾਣੀ ਚਾਂਦੀ ਦੀ ਝਲਕ ਮਾਰਦਾ ਸੀ। ਕਮਾਦ ਵੀ ਗੋਡੇ-ਗੋਡੇ ਹੋ ਪਿਆ ਸੀ। ਹੋਰ ਮਹੀਨੇ ਖੰਡ ਨੂੰ ਏਹਨੇ ਹੱਥ ਲਾਣ ਜੋਗਾ ਹੋ ਜਾਣਾ ਸੀ, ਵੇਲਣੇ ਪੈਣਾ ਸੀ, ਰੌਹਾਂ ਦੀਆਂ ਖੀਰਾਂ ਰਿੱਝਣੀਆਂ ਸਨ ਤੇ ਚਾਰੇ ਪਾਸੇ ਪਿੰਡ ਵਿਚ ਨਵੇਂ ਤੱਤੇ ਗੁੜ ਦੀ ਸੁੰਗਧੀ ਖਿੱਲਰ ਜਾਣੀ ਸੀ।

ਕਿਤੇ-ਕਿਤੇ ਕੋਈ ਕਪਾਹ ਦਾ ਟੀਂਡਾ ਖਿੜਿਆ ਸੀ। ਅੱਸੂ ਤੀਕ ਮੁਟਿਆਰਾਂ ਦੀਆਂ ਹੇੜਾਂ ਦੀਆਂ ਹੇੜਾਂ ਨੇ ਛਿੱਕੂ ਤੇ ਚੰਗੇਰਾ ਚੁੱਕੀ ਆਣ ਵੜਨਾਂ ਸੀ, ਇਕ ਦੂਜੀ ਨਾਲ ਬਿਦ-ਬਿਦ ਕੇ ਚੁਣਾਈ ਕਰਨੀ ਸੀ। ਰਾਤੀਂ ਘਰ-ਘਰ ਛੋਪੇ ਪੈਣੇ ਸਨ, ਲਗਰਾਂ ਵਰਗੀਆਂ ਕੁਆਰੀਆਂ ਨੇ ਤਕਲੇ ਤੰਦਾਂ ਪਾਕੇ ਗੌਣਾਂ ਨਾਲ ਦਿਲਾਂ ਨੂੰ ਟੁੰਬਣਾ ਤੇ ਹਿੱਕਾਂ ਨੂੰ ਝੁਣਝੁਣਾਣਾ ਸੀ।

ਇਹ ਪਰ ਐਤਕੀਂ, ਕਿਹਾ ਸੌਣ ਚੜ੍ਹਿਆ ਸੀ? ਜਿੰਦ ਦਾ ਸਾਹ ਸੁੱਕਾ ਰਿਹਾ ਤੇ ਹੁਣ ਭਾਦਰੋਂ ਵਿਚ ਕਿਸੇ ਨੇ ਗੀਤਾਂ ਨੂੰ ਛਵ੍ਹੀਆਂ ਨਾਲ ਕਤਲ ਕਰ ਦਿੱਤਾ ਸੀ।

ਵੜੈਚਾਂ ਦੇ ਖੂਹ ਕੋਲ ਉਹਨਾਂ ਨੂੰ ਉੱਚੀ ਹੱਸਣ ਦੀ ਆਵਾਜ਼ ਆਈ। ਥਿੜਕਦੀ ਹੇਕ ਵਿਚ ਕੋਈ ਗੰਦਾ ਗੌਣ ਗਾ ਰਿਹਾ ਸੀ। ਖੂਹ ਦੀ ਮਣ ਉੱਤੇ ਉਨ੍ਹਾਂ ਵੇਖਿਆ ਕੁਝ ਬੰਦੇ ਸ਼ਰਾਬ ਪੀ ਰਹੇ ਤੇ ਬਕੜਵਾਦ ਕਰ ਰਹੇ ਸਨ। ਪਗਡੰਡੀ ਛੱਡ ਕੇ ਉਹ ਕਮਾਦ ਵਿਚ ਵੜ ਗਏ ਤੇ ਨਿਉਂ ਕੇ ਤੁਰਨ ਲੱਗੇ।

ਗੌਣ ਬੰਦ ਹੋ ਗਿਆ।

"ਐਵੇ ਨਾ ਪਿਆ ਵੇਖ ਉੱਧਰ। ਕੋਈ ਨਹੀਂਗਾ ਉੱਥੇ।"

"ਨਹੀਂ ਭਾਅ! ਕਮਾਦ ਹਿੱਲਿਆ ਸੀ ਤੇ ਇਕ ਕਾਸ਼ਨੀ ਚੁੰਨੀ ਦਿਸੀ ਸੀ ਮੈਨੂੰ।"

"ਓ, ਤਈਨੂੰ ਤਾਂ ਸੁਪਨਿਆਂ ਵਿਚ ਵੀ ਚੁੰਨੀਆਂ ਦੀਹਦੀਆਂ ਨੇ। ਉਰਾਂ ਆ ਪਤੀਲਾ ਚੱਖ, ਇਹਨੂੰ ਆਹਨਾਂ ਵਾਂ, ਮੈਂ ਪਾਕਿਸਤਾਨ ਮਾਰਕਾ। ਕਸਮੇਂ ਕਾਇਦੇ-ਆਜ਼ਮ ਦੀ, ਜੇ ਤੈਨੂੰ ਵਲੈਤੀ ਬੋਤਲਾਂ ਨਾ ਭੁੱਲ ਜਾਣ।"

"ਆਉਨਾਂ ਭਾਅ, ਪਹਿਲੋਂ ਮੈਂ ਇਹਨਾਂ ਕੁੜੀਆਂ ਦੀ ਸਾਰ ਲੈ ਲਵਾਂ। ਖੌਰੇ ਸਾਡੇ ਕੰਮ ਦੀਆਂ ਹੋਣ ਤੇ ਰਾਤ ਵਾਹਵਾ ਲੰਘ ਜਾਏ।"

ਉਨ੍ਹਾਂ ਦੀਆਂ ਜਿੰਦਾਂ ਸੂਤਰ ਦੀਆਂ ਬਣ ਗਈਆਂ ਤੇ ਉਹ ਕਮਾਦ ਵਿਚ ਲੰਮੇ ਪੈ ਗਏ।

ਭਾਰੇ ਕਦਮ ਨੇੜੇ ਆਉਂਦੇ, ਉਹਨਾਂ ਦੇ ਦਿਲਾਂ ਤੇ ਹਥੌੜੇ ਮਾਰਦੇ ਰਹੇ। ਕਿਸੇ ਨੇ ਚੁੰਨੀ ਮਰੋੜ ਕੇ ਜਗੀਰੋ ਨੂੰ ਧੂ ਕੱਢਿਆ। ਬੁੱਢਾ ਖ਼ੁਦਾ ਬਖ਼ਸ਼ ਕੁੱਦ ਕੇ ਪਿਆ।

"ਹਲਾ ਤੂੰ ਵੀ ਏਂ ਬੁੱਢਿਆ......ਤੇ ਏਹ ਕੁੜੀਆਂ ਕੌਣ ਨੀ?"

"ਆਪਣੀਆਂ ਈ ਨੇ ਜਵਾਨ! ਧੀਆਂ ਨੇ ਮੇਰੀਆਂ।"

"ਅਸ਼ਕੇ ਬੁੱਢਿਆ ਕੁੱਕੜਾ, ਤੂੰ ਮੈਈਨੂੰ ਪੜ੍ਹਾਣ ਲੱਗਾ ਏ। ਆਹ ਮਲਾਈ ਵਰਗੀ ਕੁੜੀ ਤਾਂ ਖੱਤਰੀਆਂ ਦੀ ਏ। ਉਹ ਬੁੱਢੜੀ ਭਾਵੇਂ ਤੇਰੀ ਧੀ ਹੋਵੇ। ਕਿਉਂ ਬੱਲੀਏ ਕੂੰਦੀ ਕਿਉਂ ਨਹੀਂ ? ਕੀ ਨਾਂ ਏ ਤੇਰਾ, ਤੇ ਤੂੰ ਓਏ ਖੁੰਘਾ, ਐਸ ਵੇਲੇ ਕਮਾਦਾਂ ਵਿਚ ਨਾਬਾਲਗ ਕੁੜੀਆਂ ਨਾਲ ਯਰਾਨੇ ਲਾਉਂਦਾ ਫਿਰਨੈ।"

ਚੌਧਰੀ ਨੇ ਆਪਣੀ ਪੱਗ ਗੱਭਰੂ ਦੇ ਪੈਰਾਂ ਵਿਚ ਰੱਖ ਦਿੱਤੀ। ਉਹਦੇ ਧੌਲੇ, ਕੰਬਦੇ ਸਿਰ ਵੱਲ ਵੇਖ ਗਭਰੂ ਨੂੰ ਕੁਝ ਯਾਦ ਆ ਗਿਆ।

"ਸਗੋਂ ਤੂੰ ਉਹੀਓ ਤਾਂ ਨਹੀਂ। ਤੇਰਾ ਉਦੋਂ ਹੀ ਕੰਮ ਪਾਰ ਕਰਨਾ ਸੀ। ਤੇ ਤੂੰ ਕਸਬ ਛੱਡੇ ਨਹੀਂ ਅਜੇ। "

ਖ਼ੁਦਾ ਬਖ਼ਸ਼ ਨੇ ਗੌਂਦਲਾਂ ਵਾਲੇ ਦੇ ਉਸ ਜੱਟ ਮੁੰਡੇ

ਨੂੰ ਪਛਾਣ ਲਿਆ ਜਿਸ ਨੇ ਉਹਦੀ ਦਾੜ੍ਹੀ ਹੱਥ ਪਾਇਆ ਸੀ ਤੇ ਉਹਦੇ ਵਲ ਛਵ੍ਹੀ ਉਘਰੀ ਸੀ।

"ਆ ਖਾਂ ਬੱਲੀਏ, ਆਪਾਂ ਟੁਰਦੇ ਹੋਈਏ। ਜੇ ਤੇਰੀ ਮਾਂ ਨੇ ਏਸ ਬੁੱਢੜੇ ਨਾਲ ਹੀ ਭਸ-ਖਰਾਬਾ ਕਰਨਾ ਏ ਤਾਂ ਸਾਨੂੰ ਕੀ। ਨੀ ਤੂੰ ਤਾਂ ਰੋਨੀ ਪਈ ਏ, ਚੁੱਪ ਕਰ ਮੇਰੀ ਲਾਡੋਕੋ। ਆ ਮੈਂ ਤਈਨੂੰ ਮਖਾਣੇ ਲੈ ਦਿਆਂ।"

ਜਾਗੀਰੋ ਡਾਡਾਂ ਮਾਰਦੀ ਸੁੰਗੜ ਗਈ। "ਨੀ ਮੈਂ ਤੇਰੇ ਨਾਲ ਆਂ, ਲਵੀਏ- ਵਛੇਰੀਏ। ਟੁਰਦੀ ਵੀ ਹੋ ਅਗਾਂਹ ਸਿੱਧੀ ਹੱਥੀਂ।"

ਉਸ ਨੇ ਕੁੜੀ ਦੇ ਲੱਕ ਵਿਚ ਗੋਡੇ ਦੀ ਹੁੱਝ ਮਾਰੀ। ਨੰਦ ਕੌਰ ਭੁੜਕ ਕੇ ਉਹਦੇ ਗਲ ਪੈ ਗਈ।

"ਹਲਾ ਤੂੰ ਵੀ ਚੱਲਣਾਂ ਏ, ਬੁੱਢੀਏ। ਅਸੀਂ ਖਾਂਗੜਾ ਦੇ ਗਾਹਕ ਨਹੀਂ ਤੇਰਾ ਕੰਮ ਤਾਂ ਏਥੇ ਈ ਨਿਬੇੜਨਾ ਪਊ, ਨਹੀਂ ਤਾਂ ਐਵੇ ਔਖੀ ਹੁੰਦੀ ਰਹੇਂਗੀ।"

ਧੱਕਾ ਮਾਰ ਕੇ ਉਸ ਨੇ ਤੀਵੀਂ ਨੂੰ ਹੇਠਾਂ ਸੁੱਟ ਲਿਆ ਤੇ ਦੋਵਾਂ ਵਿਚ ਹੱਥਾਂ ਵਿਚ ਛਵ੍ਹੀ ਨੂੰ ਤੋਲਿਆ। ਖ਼ੁਦਾ ਬਖ਼ਸ਼ ਭੱਜ ਕੇ ਅੱਗੇ ਹੋਇਆ। ਛਵ੍ਹੀ ਉਹਦੇ ਲੱਕ ਵਿਚ ਵੱਜੀ ਤੇ ਉਹ ਡਿੱਗ ਪਿਆ। ਜਦੋਂ ਉਹਦੀ ਸੁਰਤ ਪਰਤੀ ਤਾਂ ਹਨ੍ਹੇਰਾ ਸੀ, ਮਾੜੀ ਜਿਹੀ ਲੋ ਲੱਗ ਪਈ ਸੀ। ਤੇ ਠੰਢੀ ਪੌਣ, ਉਹਦੇ ਨੰਗੇ ਸਿਰ ਨੂੰ ਛੋਹ ਰਹੀ ਸੀ। ਕਮਾਦ ਦੀ ਸੌਂਧੀ ਮਹਿਕ ਉਸ ਦੀਆਂ ਨਾਸਾਂ ਨੂੰ ਬੜੀ ਸੁਖਦਾਈ ਲੱਗੀ। ਜੇ ਕਦੀ ਲੁਹਾਰ ਆਪਣੀ ਲਾਲ ਅੰਗਿਆਰ ਛੈਣੀ, ਉਹਦੇ ਲੱਕ ਵਿਚ ਨਾ ਖੋਭ ਦੇਂਦਾ ਤਾਂ ਉਹ ਕਮਾਦ ਵਿਚ ਕਿਉਂ ਲੰਮਾਂ ਪਿਆ ਸੀ ਤੇ ਕਿੱਕਰ ਦਾ ਉਹ ਵੱਡਾ ਟਾਹਣ, ਕਿਵੇਂ ਮੌਤ ਦੀ ਬਾਂਹ ਵਾਂਗ ਉਹਦੇ ਤੇ ਉੱਲਰਿਆ ਹੋਇਆ ਸੀ।

ਉਹਨੂੰ ਡਾਢੀ ਤਰੇਹ ਲੱਗੀ ਹੋਈ ਸੀ। ਜੇ ਕਦੀ ਉਹ ਪਾਣੀ ਦਾ ਇਕ ਘੁੱਟ ਪੀ ਸਕਦਾ। ਸਾਹਮਣੇ ਖੂਹ ਸੀ- ਉਹਦਾ ਆਪਣਾ ਖੂਹ! ਪਿਛਲੇ ਮਹੀਨੇ ਉਹਨੇ ਮਾਹਲ ਬਦਲਵਾਈ ਸੀ ਤੇ ਟਿੰਡਾਂ ਨਵੀਆਂ ਪਵਾਈਆਂ ਸਨ, ਤੇ ਉਹਦੇ ਕਾਮੇ ਕਿੱਥੇ ਭੱਜੇ ਫਿਰਦੇ ਸਨ? ਉਹ ਖੂਹ ਦਾ ਮਾਲਕ ਤ੍ਰਿਹਾਇਆ, ਲੂਸ ਰਿਹਾ ਸੀ ਤੇ ਉਹਨੂੰ ਪਾਣੀ ਦੀ ਚੂਲੀ ਨਹੀ ਸਨ ਪੁੱਛਦੇ। ਹੱਡ-ਹਰਾਮ ਨਾ ਹੋਣ ਤਾਂ। ਉਹਨਾਂ ਭਾਣੇ ਉਹ ਬੁੱਢਾ ਹੁਣ ਮਾਲਕੀ ਗਵਾ ਬੈਠਾ ਸੀ।

ਤੇ ਉਹ ਢਾਂਗੇ ਉੱਤੇ, ਉਹਦੀ ਦੋਹਤਰੀ ਸਲਮੀ ਦੀ ਸਲਵਾਰ ਖਿੱਲਰੀ ਹੋਈ ਸੀ। ਨਿਜ-ਹੋਣੀ ਨੂੰ ਹਜ਼ਾਰ ਵੇਰੀ ਖੂਹ ਤੇ ਕੱਪੜੇ ਧੋਣੋਂ ਵਰਜਿਆ ਸੀ ਮੁੜਦੀ ਈ ਨਹੀ ਸੀ, ਚੁੜੇਲ ਕਿਤੋਂ ਦੀ! ਹੈਂ, ਇਹ ਤਾਂ ਆਪਣੇ ਚੰਦਾ ਸਿਉਂ ਦੀ ਕੁੜੀ ਜਗੀਰੋ ਦੀ ਸਲਵਾਰ ਸੀ। ਹਾਂ, ਜਾਗੀਰੋ ਹੀ ਤਾਂ ਉਹਦੀ ਦੋਹਤਰੀ ਸੀ, ਮਰ ਜਾਣੀਆਂ ਇੱਕੋ ਜਿੱਡੀਆਂ ਲੱਗਦੀਆਂ ਸਨ। ਪਛਾਣ ਨਹੀਂ ਸਨ ਹੁੰਦੀਆਂ।

ਤੇ ਉਹ ਨਿੱਕੀ ਜਿੰਨੀ ਸਲਵਾਰ, ਪੰਦਰਾਂ ਵਰ੍ਹਿਆਂ ਦੀ ਬਾਲੜੀ ਦੀ ਸਲਵਾਰ, ਹੁਣ ਫੈਲਣ ਲੱਗ ਪਈ ਸੀ। ਛੀਟ ਦੀਆਂ ਨਿੱਕੀਆਂ ਬੂਟੀਆਂ ਵੱਡੀਆਂ ਹੋ ਕੇ ਉਘੜਦੀਆਂ ਰੁੱਖ ਬਣ ਗਈਆਂ, ਤੇ ਹੁਣ ਚੁਤਰਫ਼ੀ ਅਣਗਿਣਤ ਸਲਵਾਰਾਂ ਖਿੱਲਰੀਆਂ ਸਨ। ਪੈਲੀਆਂ ਵਿਚ ਬੰਨਿਆਂ ਉੱਤੇ, ਨਾਲ ਤੇ ਉਹਦੇ ਉਪਰਲੇ ਕਿੱਕਰ ਨਾਲੋਂ ਵੀ ਸਲਵਾਰਾਂ ਲਮਕ ਰਹੀਆਂ ਸਨ ਤੇ ਖੁੰਘਾਂ ਨਾਲ ਅੜ-ਅੜ ਕੇ ਪਾਟ ਰਹੀਆਂ ਸਨ। ਉਹਦੀ ਆਪਣੀ ਉਲਾਦ ਨੇ ਉਹਨੂੰ ਨਸ਼ਰ ਕਰ ਛੱਡਿਆ ਸੀ। ਉਸ ਦੀਆਂ ਬੁੱਢੀਆਂ ਹੱਡੀਆਂ ਨੂੰ ਛੱਜ ਵਿਚ ਪਾ ਕੇ ਛੱਟਿਆ ਸੀ ਤੇ ਸੱਤਾਂ ਰਾਹਾਂ ਦੀ ਮਿੱਟੀ ਉਹਦੀ ਧੌਲੀ-ਦਾੜ੍ਹੀ ਵਿਚ ਪਾਈ ਸੀ। ਥਾਂ-ਥਾਂ ਉਹਦੀ ਨਮੋਸ਼ੀ ਸੀ। ਕਦੀ ਉਹਦੇ ਸਾਹਵੇਂ ਕੋਈ ਅੱਖ ਨਹੀਂ ਸੀ ਚੁੱਕਦਾ ਅੱਜ ਉਹਦੇ ਆਪਣੇ ਪੁੱਤਰ-ਪੋਤਰੇ ਉਹਦੇ ਵੱਲ, ਛਵ੍ਹੀਆਂ ਉਘਰਦੇ ਸਨ। ਉਹਦੇ ਜਿਉਣ ਦਾ ਕੀ ਹੱਜ ਸੀ?

ਬੇਸੁਰਤੀ ਵਿਚ ਲੱਕ ਨੂੰ ਨੱਪਦਾ ਲੜਖੜਾਂਦਾ ਉਹ ਉੱਠਿਆ, ਆਪਣੀ ਪੱਗ ਦਾ ਇਕ ਸਿਰ ਕਿੱਕਰ ਦੇ ਟਾਹਣ ਉੱਤੋਂ ਹੇਠਾਂ ਵਹਾਇਆ। ਪੀਢੀਆਂ, ਖਿੱਚਵੀਆਂ ਗੰਢਾਂ ਪਾ ਕੇ ਫਾਹੀ ਬਣਾਈ ਤੇ ਉਛਲ ਕੇ ਪੱਗ ਦਾ ਲੜ ਫੜਦਿਆਂ ਉਹਨੂੰ ਗੱਲ ਵਿਚ ਪਾ ਲਿਆ।

ਸੂਰਜ ਚੜ੍ਹ ਪਿਆ, ਰੁੱਖਾਂ ਵਿਚ ਪੰਖੇਰੂ ਚਹਿਕ ਪਏ, ਕਮਾਦ ਵਾਲੇ ਕਿੱਕਰ ਨਾਲੋਂ ਇਕ ਲੋਥ ਲਟਕ ਰਹੀ ਸੀ। ਉਹਦੇ ਡੇਲੇ ਦੂਰ, ਉਸ ਪਿੰਡ ਵੱਲ ਲੱਗੇ ਸਨ ਜਿਸ ਨੂੰ, ਉਹਦੇ ਬਜ਼ੁਰਗਾਂ ਨੇ ਹਾਫ਼ਜ਼ਾਬਾਦ ਤੋਂ, ਪਿੰਡੀ ਭਟੀਆਂ ਜਾਣ ਵਾਲੀ ਪੱਕੀ ਸੜਕ ਤੇ, ਵਸਾਇਆ ਸੀ ਤੇ ਉਹਦਾ ਨਾਂ ਲੱਧੇਵਾਲਾ ਵੜੈਚ ਰੱਖਿਆ ਸੀ।

ੴ ੴ ੴ ੴ ੴ

---

ਗੁੰਗੇ ਬੋਲੇ ਸਾਡੇ ਯਾਰ, ਟੋਕਣ ਗੱਲ ਨੂੰ ਅੱਧ ਵਿਚਕਾਰ
ਮੈਂ ਤੈਨੂੰ ਕਦ ਵਾਜ ਨਾ ਮਾਰੀ, ਤੂੰ ਮੇਰੀ ਕਦ ਲੀਤੀ ਸਾਰ।
ਮੈਂ ਰਾਵੀ ਦਾ ਉਰਲਾ ਕੰਢਾ, ਤੂੰ ਰਾਵੀ ਦਾ ਪਰਲਾ ਪਾਰ,
ਏਥੇ ਬੰਦੇ ਗੁੰਮ ਹੋ ਜਾਂਦੇ, ਤੂੰ ਪਗੜੀ ਨੂੰ ਲੱਭੀਂ ਯਾਰ।
—ਵਾਸਫ਼ ਅਲੀ ਵਾਸਫ਼—

43

# ਦਿੱਲੀ ਕਿੱਥੇ ਹੈ?

## ਮਹੀਪ ਸਿੰਘ

ਲਾਹੌਰ ਦੀਆਂ ਸੜਕਾਂ ਤੇ ਘੁੰਮਣਾ ਵੀ ਅਜੀਬ ਅਨੁਭਵ ਹੈ। ਬੰਦਾ ਇਕੱਲਾ ਹੋਏ ਤਾਂ ਇਹ ਅਨੁਭਵ ਹੋਰ ਵੀ ਮਜ਼ੇਦਾਰ ਹੋ ਜਾਂਦਾ ਹੈ। ਆਪਣੇ ਹੋਟਲ 'ਚੋਂ ਨਿਕਲ ਕੇ ਮੈਂ ਮਾਲ ਰੋਡ ਦੀ ਫੁੱਟਪਾਥ ਤੇ ਪੈਦਲ ਹੀ ਟੁਰ ਪਿਆ ਸੀ। ਦਿੱਲੀ ਆਉਣ ਦੀ ਵਾਪਸ ਆਉਣ ਦੀ ਫਲਾਈਟ ਸ਼ਾਮ ਦੇ ਪੰਜ ਵਜੇ ਦੀ ਸੀ। ਵਿਚਕਾਰ ਤਿੰਨ ਚਾਰ ਘੰਟਿਆਂ ਦਾ ਸਮਾਂ ਗੁਜ਼ਾਰਨਾ ਸੀ। ਪਿੱਛੋਂ ਆਵਾਜ਼ ਆਈ ਸਰਦਾਰ ਜੀ, ਸਾਸਰੀ ਕਾਲ।

ਮੈਂ ਦੇਖਿਆ ਦੋ ਸਾਈਕਲਾਂ ਤੇ ਚਾਰ ਮੁੰਡੇ ਮੇਰੇ ਕੋਲੋਂ ਲੰਘ ਰਹੇ ਸਨ ਅਤੇ ਹੱਥ ਹਿਲਾਉਂਦੇ ਹੋਏ ਬੜੇ ਖੁਸ਼ ਦਿਖਾਈ ਦੇ ਰਹੇ ਸਨ। ਮੈਂ ਮੁਸਕਰਾ ਕੇ ਜਵਾਬ ਵਿਚ ਆਪਣਾ ਹੱਥ ਹਿਲਾਇਆ। ਉਹਨਾਂ ਸਾਈਕਲਾਂ ਦੀ ਚਾਲ ਹੌਲੀ ਕਰ ਦਿੱਤੀ। ਉਹਨਾਂ ਵਿਚੋਂ ਇਕ ਬੋਲਿਆ–"ਪਾਕਿਸਤਾਨ ਕਿਹੋ ਜਿਹਾ ਲੱਗਿਆ?"

ਮੈਂ ਕਿਹਾ, "ਬੜਾ ਚੰਗਾ, ਬੜਾ ਸੋਹਣਾ ਤੇ ਨਿੱਘਾ।" ਮੇਰੀ ਗੱਲ ਸੁਣ ਕੇ ਉਹਨਾਂ ਦੇ ਚਿਹਰੇ ਖਿੜ ਗਏ। ਇਹ ਪਾਕਿਸਤਾਨ ਦੀ ਉਹ ਪੀੜ੍ਹੀ ਸੀ, ਜਿਸ ਨੇ ਭਾਰਤ ਦੇ ਨਾਂ ਤੇ ਜੰਗ, ਨਫ਼ਰਤ ਅਤੇ ਖਿੱਚੋ-ਤਾਣ ਹੀ ਸੁਣਿਆ ਸੀ! ਜਿਸ ਨੇ ਹਿੰਦੀ ਫਿਲਮਾਂ ਤੇ ਉਹਨਾਂ ਵਿਚ ਕੰਮ ਕਰਨ ਵਾਲੇ ਕਲਾਕਾਰਾਂ ਦਾ ਨਾਂ ਹੀ ਸੁਣਿਆ ਸੀ।

ਮੈਂ ਤੁਰਦਾ-ਤੁਰਦਾ ਪੰਜਾਬ ਅਸੈਂਬਲੀ ਭਵਨ ਤਕ ਪੁੱਜ ਗਿਆ। ਇਸ ਵਿਚਕਾਰ ਮੈਨੂੰ ਰਸਤੇ ਵਿਚ ਬੜੇ ਲੋਕ ਮਿਲ ਚੁੱਕੇ ਸਨ। ਵੱਡੀ ਉਮਰ ਦੇ ਬੰਦਿਆਂ ਨੇ ਮੈਨੂੰ ਬਹੁਤ ਸੰਕੋਚ ਨਾਲ ਦੇਖਿਆ ਸੀ। ਔਰਤਾਂ ਨੇ ਆਪਣੇ ਦੁਪਟਿਆਂ ਵਿਚੋਂ ਤੱਕਿਆ ਸੀ, ਮੁਸਕਰਾਈਆਂ ਸਨ ਅਤੇ ਫੇਰ ਆਪਸ ਵਿਚ ਗੱਲਾਂ ਕਰਨ ਲੱਗ ਪਈਆਂ ਸਨ। ਗੱਭਰੂ ਜਵਾਨ ਮੁੰਡਿਆਂ ਨੇ ਮੈਨੂੰ ਘੇਰ ਲਿਆ ਸੀ। ਪਾਕਿਸਤਾਨ ਦੀ ਇਸ ਯਾਤਰਾ ਵਿਚ ਮੈਨੂੰ ਲੱਗਿਆ ਸੀ, ਉੱਥੇ ਹਰ ਜਵਾਨ ਮੁੰਡੇ ਦੇ ਦਿਲ ਵਿਚ ਦਿੱਲੀ-ਬੰਬਈ ਦੇਖਣ ਦੀ ਬੜੀ ਚਾਹਤ ਹੈ, ਉਂਜ ਹੀ ਜਿਵੇਂ ਸਾਡੇ ਨੌਜਵਾਨਾਂ ਵਿਚ ਲੰਡਨ, ਪੈਰਿਸ ਜਾਂ ਨਿਊਯਾਰਕ ਵੇਖਣ ਦੀ ਚਾਹਤ ਹੈ। ਕਲ੍ਹ ਜਦੋਂ ਮੈਂ ਅਨਾਰਕਲੀ ਤੋਂ ਆਪਣੇ ਹੋਟਲ ਵਾਪਸ ਆਇਆ ਸਾਂ, ਸਕੂਟਰ ਵਾਲਾ ਮੈਥੋਂ ਭਾੜਾ ਨਹੀਂ ਸੀ ਲੈ ਰਿਹਾ ਅਤੇ ਮੈਂ ਭਾੜਾ ਦੇਣ ਦੀ ਲਗਾਤਾਰ ਜਿੱਦ ਕਰ ਰਿਹਾਂ ਸਾਂ।

ਉਹ ਬੋਲਿਆ–"ਦੇਖੋ ਜੀ, ਮੈਂ ਜਨਾਬ ਤੋਂ ਪੈਸੇ ਤਾਂ ਨਹੀਂ ਲਵਾਂਗਾ, ਪਰ ਇਸ ਬਦਲੇ ਵਿਚ ਤੁਸੀ ਮੇਰਾ ਇਕ ਕੰਮ ਕਰ ਦਿਓ।"

ਮੈਂ ਕਿਹਾ –"ਦੱਸੋ ਮੈਂ ਤੁਹਾਡਾ ਕੀ ਕੰਮ ਕਰ ਸਕਦਾ ਹਾਂ?"

ਉਸਦੀਆਂ ਅੱਖਾਂ ਵਿਚ ਬੇਹੱਦ ਬੇਨਤੀ ਝਲਕ ਰਹੀ ਸੀ-"ਦੇਖੋ ਜਨਾਬ, ਤੁਹਾਡੇ ਘਰ ਵਿਚ ਕਿਸੇ ਬੱਚੇ-ਬੱਚੀ ਦੀ ਸ਼ਾਦੀ ਹੋਵੇ ਤਾਂ ਦਾਵ੍ਹਤਨਾਮੇ ਦਾ ਇਕ ਕਾਰਡ ਮੈਨੂੰ ਵੀ ਭਿਜਵਾ ਦੇਣਾ।"

ਮੈਂ ਉਸ ਦਾ ਭਾਵ ਨਹੀਂ ਸਮਝ ਸਕਿਆ।

ਉਸ ਕਿਹਾ –"ਹਜ਼ੂਰ ਮੈਂ ਜਬਰਦਸਤੀ ਤੁਹਾਡਾ ਮਹਿਮਾਨ ਨਹੀਂ ਬਣਾਂਗਾ। ਮੈਂ ਤੁਹਾਡੇ ਦਾਵ੍ਹਤਨਾਮੇ ਦੀ ਬਿਨਾ ਤੇ ਇੰਡੀਅਨ ਕਮਿਸ਼ਨ ਤੋਂ ਵੀਜ਼ਾ ਲੈ ਲਵਾਂਗਾ। ਦਿੱਲੀ, ਬੰਬਈ ਦੇਖਣ ਦੀ ਮੇਰੀ ਬੜੀ ਤਮੰਨਾ ਹੈ। ਯਕੀਨ ਕਰੋ, ਮੈਂ ਤਹਾਨੂੰ ਕਿਸੇ ਤਰ੍ਹਾਂ ਦੀ ਵੀ ਤਕਲੀਫ਼ ਨਹੀਂ ਦੇਵਾਂਗਾ।"

ਮੈਂ ਉਸ ਦਾ ਹੱਥ ਦਬਾਇਆ ਸੀ। ਆਪਣਾ ਪਤਾ ਵੀ ਉਸ ਨੂੰ ਦਿਤਾ ਸੀ ਅਤੇ ਉਸ ਦਾ ਪਤਾ ਵੀ ਲੈ ਲਿਆ ਸੀ। ਉਸ ਨੂੰ ਭਰੋਸਾ ਵੀ ਦਵਾਇਆ ਸੀ ਕਿ ਮੇਰੇ ਘਰ ਜਦੋਂ ਵੀ ਕੋਈ ਸ਼ਾਦੀ ਹੋਵੇਗੀ, ਮੈਂ ਉਸਨੂੰ ਜ਼ਰੂਰ ਦਾਵ੍ਹਤਨਾਮਾ ਦੇਵਾਂਗਾ।

ਅਸੈਂਬਲੀ ਭਵਨ ਦੇ ਨੇੜੇ ਪੁੱਜ ਕੇ ਸੋਚਿਆ, ਹੁਣ ਕਰਾਂ ਕੀ? ਦੁਪਹਿਰ ਦਾ ਇਕ ਵੱਜਿਆ ਸੀ, ਹੋਟਲ ਮੈਂ ਚਾਰ ਵਜੇ ਪਰਤਣਾਂ ਸੀ। ਮੈਂ ਦੁਕਾਨਾਂ ਵਿਚ ਜਾ ਕੇ ਚੀਜ਼ਾਂ ਵੇਖਣ ਲੱਗ ਪਿਆ। ਲੈਣਾ ਮੈਂ ਕੁਛ ਨਹੀਂ ਸੀ ਕਿਉਂ ਕਿ ਗੁਜ਼ਰੀ ਸ਼ਾਮ ਅਨਾਰ ਕਲੀ ਤੋਂ ਮੈਂ ਬੜਾ ਕੁਛ ਖਰੀਦ ਚੁੱਕਾ ਸਾਂ। ਦੁਕਾਨਦਾਰ ਬੜੇ ਪਿਆਰ ਨਾਲ ਮੈਨੂੰ ਚੀਜ਼ਾਂ ਵਿਖਾ ਰਹੇ ਸਨ। ਪਰ ਅਨਾਰਕਲੀ ਤੋਂ ਇਥੇ ਦਾ ਬਜ਼ਾਰ ਕਾਫ਼ੀ ਮਹਿੰਗਾ ਸੀ, ਉਂਜ ਹੀ ਜਿਵੇਂ ਦਿੱਲੀ ਵਿਚ ਕਰੋਲ-ਬਾਗ ਅਤੇ ਕਨਾਟ-ਪਲੇਸ ਦੀਆਂ ਕੀਮਤਾਂ ਦਾ ਫਰਕ ਸਾਫ਼ ਦਿਸਦਾ ਹੈ।

ਫੁੱਟਪਾਥ ਤੇ ਹੀ 'ਕੋਲਡ-ਡਰਿੰਕ' ਵਾਲਿਆਂ ਦੀਆਂ ਰੇਹੜੀਆਂ ਲਗੀਆਂ ਹੋਈਆਂ ਸਨ। ਉਹਨਾਂ ਕੋਲੋਂ ਨਿਕਲਿਆ ਤਾਂ ਲਗਭਗ ਸਾਰਿਆਂ ਨੇ ਆਵਾਜ਼ ਦਿੱਤੀ........"ਭਰਾ ਜੀ ਆਓ, ਕੁਝ ਠੰਢਾ-ਸ਼ੰਢਾ ਪੀ ਲਉ।"

ਜਦੋਂ ਦਾ ਲਾਹੌਰ ਆਇਆ ਸਾਂ, ਲਗਾਤਾਰ 'ਪੈਪਸੀ-ਕੋਲਾ' ਪੀ ਰਿਹਾਂ ਸਾਂ। ਮੈਨੂੰ ਯਾਦ ਹੈ ਇਕ ਜ਼ਮਾਨੇ ਵਿਚ ਦਿੱਲੀ ਵਿਚ ਵੀ 'ਪੈਪਸੀ-ਕੋਲਾ' ਚਲਿਆ ਸੀ। ਫੇਰ ਬੰਦ ਹੋ ਗਿਆ। "ਕੋਕਾ-ਕੋਲਾ" ਦਾ ਛਤਰ-ਰਾਜ ਵੀ ਦਿੱਲੀ ਵਿਚ ਟੁੱਟ ਚੁਕਾ ਸੀ। ਪਾਕਿਸਤਾਨ ਵਿਚ ਦੋਵੇਂ ਧੜੱਲੇ ਨਾਲ ਚਲ ਰਹੇ ਸਨ।

ਮੈਂ ਸੋਚ ਰਿਹਾਂ ਸਾਂ ਕਿ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦਾ ਹੋਇਆ ਮੈਂ ਉਨ੍ਹਾਂ ਦੇ ਕੋਲੋਂ ਨਿਕਲ ਜਾਵਾਂਗਾ। ਉਦੋਂ ਹੀ ਇਕ ਅੱਧਖੜ ਬੰਦੇ ਨੇ ਮੇਰਾ ਰਾਹ ਰੋਕ ਲਿਆ-"ਭਰਾ ਜੀ ਸਾਡੇ ਕੋਲੋਂ ਕੁਝ ਪੀ ਲਉ ਅਤੇ ਸਾਡਾ ਦਿਲ ਠੰਢਾ ਕਰ ਦਿਉ।"

ਉਸ ਨੇ ਆਪਣੇ ਦੋਵੇਂ ਹੱਥਾਂ ਨਾਲ ਮੇਰਾ ਸੱਜਾ ਹੱਥ ਫੜ ਲਿਆ। ਉਸਦੇ ਹੱਥਾਂ ਵਿਚ ਕੁਝ ਅਜੇਹੀ ਜਕੜ ਸੀ ਕਿ ਮੈਨੂੰ ਲੱਗਣ ਲੱਗਾ ਜਿਵੇਂ ਮੇਰੇ ਤੇ ਟੂਣਾਂ ਹੋ ਗਿਆ ਹੋਏ। ਮੈਨੂੰ ਇੰਜ ਜਾਪਿਆ ਜਿਵੇਂ ਮੈਂ ਆਪਣਾ ਸਾਰਾ ਭਾਰ ਗੁਆ ਬੈਠਾ ਹਾਂ।

ਉਹਨੇ ਪੈਪਸੀ-ਕੋਲਾ ਦੀਆਂ ਦੋ ਬੋਤਲਾਂ ਖੋਲ੍ਹ ਕੇ ਜੱਗ ਵਿਚ ਪਾ ਦਿੱਤੀਆਂ। ਫੇਰ ਉਸ ਨੇ ਸੋਡੇ ਦੀਆਂ ਦੋ ਬੋਤਲਾਂ ਖੋਲ੍ਹ ਕੇ ਉਸ ਵਿਚ ਪਾ ਦਿੱਤੀਆ। ਫੇਰ ਇਕ ਵੱਡਾ ਸਾਰਾ ਨਿੰਬੂ ਕੱਟ ਕੇ ਉਸ ਵਿਚ ਨਿਚੋੜਿਆ ਅਤੇ ਲੂਣ ਮਿਲਾਇਆ। ਮੈਂ ਕਿਹਾ-'ਏਨਾ ਕੌਣ ਪੀਏਗਾ?"

ਉਸ ਨੇ ਮੈਨੂੰ ਇੰਜ ਵੇਖਿਆ, ਜਿਵੇਂ ਸਾਰੇ ਆਕਾਸ਼ ਨੂੰ ਆਪਣੀਆਂ ਅੱਖਾਂ ਵਿਚ ਸਮੇਟ ਲਿਆ ਹੋਵੇ। "ਮੈਂ ਵੀ ਤਾਂ ਪੀਵਾਂਗਾ। ਵਿਛੜੇ ਹੋਏ ਭਰਾ ਨਾਲ ਦੋ ਘੁੱਟ ਪਾਣੀ ਪੀਣ ਦਾ ਸੁੱਖ ਅੱਲਾਹ ਪਤਾ ਨਹੀਂ ਫੇਰ ਕਦੋਂ ਦੇਵੇਗਾ?"

ਕਿੰਨੇ ਹੀ ਬੰਦੇ ਸਾਡੇ ਲਾਗੇ ਚਾਗੇ ਜਮ੍ਹਾਂ ਹੋ ਗਏ ਸਨ। ਵੱਡੇ ਗਲਾਸਾਂ ਵਿਚ ਅਸੀਂ ਦੋ ਬੰਦੇ ਪੀ ਰਹੇਂ ਸਾਂ ਅਤੇ ਬਾਕੀ ਲੋਕ ਸਾਨੂੰ ਵੇਖ ਰਹੇ ਸਨ। ਦੋ ਵੱਜਣ ਵਾਲੇ ਸਨ। ਮੈਂ ਸਾਰਿਆਂ ਦਾ ਸ਼ੁਕਰੀਆ ਅਦਾ ਕੀਤਾ ਅਤੇ ਵਾਪਸ ਪਰਤ ਪਿਆ। ਸਾਰਾ ਕੁਛ ਅਜੀਬ ਜਿਹਾ ਲੱਗ ਰਿਹਾ ਸੀ। ਇਕ ਪਾਸੇ ਖੂਨ ਵਿਚ ਡੁੱਬੀ ਹੋਈ ਜੰਗ ਅਤੇ ਘਿਰਣਾ ਨਾਲ ਭਰਪੂਰ ਕਲ੍ਹ ਦੀਆਂ ਯਾਦਾਂ, ਦੂਜੇ ਪਾਸੇ ਪੈਪਸੀ-ਕੋਲਾ, ਸੋਡਾ, ਨਿੰਬੂ ਦੇ ਠੰਢੇ ਪਾਣੀ ਵਿਚ ਤੈਰਦਾ ਹੋਇਆ ਵਰਤਮਾਨ। ਦੋਵੇਂ ਸਚਿਆਈਆਂ ਨੂੰ ਆਪਣੇ ਮੋਢਿਆਂ ਤੇ ਚੁੱਕ ਕੇ ਲੋਕ ਕਿਹੋ ਜਿਹੀ ਅਜੀਬ ਲੜਖੜਾਉਂਦੀ ਚਾਲ ਨਾਲ ਚਲਦੇ ਜਾ ਰਹੇ ਹਨ।

ਚੁਰੱਸਤਾ ਪਾਰ ਕਰਨ ਲਈ ਮੈਂ ਹਰੀ ਬੱਤੀ ਦੀ ਰਾਹ ਦੇਖ ਰਿਹਾਂ ਸਾਂ। ਇਕ ਬੰਦਾ ਮੇਰੇ ਕੋਲੋਂ ਨਿਕਲਿਆ ਤੇ ਠਿਠਕ ਕੇ ਖੜੋ ਗਿਆ। ਲਾਹੌਰ ਵਿਚ ਏਹੋ ਜਿਹੇ ਬਹੁਤ ਸਾਰੇ ਲੋਕਾਂ ਨਾਲ ਮਿਲਣ ਅਤੇ ਉਨ੍ਹਾਂ ਦੀਆਂ ਉਤਸੁਕਤਾਵਾਂ ਨੂੰ ਸ਼ਾਂਤ ਕਰਨ ਦਾ ਮੈਨੂੰ ਪਿਛਲੇ ਤਿੰਨ ਚਾਰ ਦਿਨਾਂ ਵਿਚ ਖਾਸਾ ਅਨੁਭਵ ਹੋ ਚੁੱਕਿਆ ਸੀ। ਇਸ ਲਈ ਮੈਂ ਉਸ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ ਪਰ ਉਹ ਇਕ ਦਮ ਮੇਰੇ ਸਾਹਮਣੇ ਆ ਗਿਆ-"ਮੈਂ ਤੁਹਾਡੇ ਦੋ-ਚਾਰ ਮਿੰਟ ਲੈ ਸਕਦਾਂ?"

ਮੈਂ ਕਿਹਾ, "ਬੜੀ ਖੁਸ਼ੀ ਨਾਲ।"

"ਤੁਸੀਂ ਹਿੰਦੁਸਤਾਨ ਵਿਚ ਕਿੱਥੇ ਰਹਿੰਦੇ ਹੋ?"

"ਦਿੱਲੀ ਵਿਚ।" ਮੈਂ ਕਿਹਾ ,ਪਰ ਉਸਦੇ ਨਾਲ ਹੀ ਮੈਂ ਮਹਿਸੂਸ ਕੀਤਾ, ਉਸਦੀਆਂ ਅੱਖਾਂ ਜਿਵੇਂ ਭਿੱਜ ਗਈਆਂ ਹੋਣ।

"ਦਿੱਲੀ ਵਿਚ!" ਉਸ ਤੁਰੰਤ ਆਪਣੇ ਦੋਵੇਂ ਹੱਥਾਂ ਵਿਚ ਮੇਰਾ ਹੱਥ ਲੈ ਲਿਆ.........

"ਦਿੱਲੀ ਵਿਚ ਕਿੱਥੇ ਰਹਿੰਦੇ ਹੋ?"

"ਕਰੋਲ-ਬਾਗ਼", ਮੈਂ ਕਿਹਾ।

"ਮੈਂ ਫ਼ੈਜ਼ ਰੋਡ ਵਿਚ ਰਹਿੰਦਾ ਸਾਂ। "

"ਤੁਸੀ ਇੱਥੇ ਕਦੋਂ ਆਏ?"

"ਮੁਲਕ ਦੀ ਵੰਡ ਵੇਲੇ---ਵੰਡ ਕੀ ਹੋਈ, ਸਾਡਾ ਤਾਂ ਖਾਨਦਾਨ ਹੀ ਵੰਡਿਆ ਗਿਆ। ਅੱਧੇ ਰਿਸ਼ਤੇਦਾਰ ਏਥੇ ਤੇ ਅੱਧੇ ਉੱਥੇ। ਅਸੀਂ ਇਕ ਦੂਜੇ ਲਈ ਪਰਦੇਸੀ ਬਣ ਗਏ ਹਾਂ।"

ਉਸ ਦਾ ਗਲਾ ਕਾਫ਼ੀ ਭਰਿਆ ਹੋਇਆ ਸੀ।

"ਤੁਹਾਡੇ ਕੋਲ ਥੋੜ੍ਹਾ ਜਿਹਾ ਸਮਾਂ ਹੋਵੇ ਤਾਂ ਤੁਸੀਂ ਦਿੱਲੀ ਬਾਰੇ ਮੈਨੂੰ ਕੁਝ ਦੱਸੋ।"

"ਮੈਂ ਉਸਦੀਆਂ ਅੱਖਾਂ ਵਿਚ ਦੇਖਿਆ-"ਕੀ ਤੁਸੀਂ ਉਸ ਮਗਰੋਂ ਇਕ ਵਾਰੀ ਵੀ ਦਿੱਲੀ ਨਹੀਂ ਗਏ?"

ਉਸ ਨੇ ਆਪਣੀ ਗਰਦਨ ਹਿਲਾ ਦਿੱਤੀ।

"ਪਰ ਇੰਨੇ ਵਰ੍ਹਿਆਂ ਬਾਅਦ ਵੀ ਦਿੱਲੀ ਮੇਰੇ ਦਿਲ ਵਿਚ ਧੜਕਦੀ ਹੈ। "

ਉਸ ਨੇ ਮੇਰਾ ਹੱਥ ਚੁੰਮ ਕੇ ਆਪਣੀ ਛਾਤੀ ਤੇ ਰੱਖ ਲਿਆ, "ਤੁਸੀ ਮੇਰੇ ਦਿਲ ਦੀ ਧੜਕਣ ਮਹਿਸੂਸ ਕਰ ਰਹੇ ਹੋ?"

ਕੌਣ , ਕਿਸਦੇ ਦਿਲ ਦੀ ਧੜਕਣ ਨੂੰ ਮਹਿਸੂਸ ਕਰੇ? ਕੌਣ ਕਿਸ ਦੀਆਂ ਅੱਖਾਂ ਦਾ ਰੰਗ ਦੇਖੇ। ਦਿੱਲੀ ਵਿਚ ਮੈਂ ਕਿੰਨੇ ਹੀ ਲੋਕਾਂ ਨੂੰ ਲਾਹੌਰ ਲਈ ਮਰਦੇ ਵੇਖਿਆ ਹੈ। ਲਾਹੌਰ ਦਾ ਨਾਂ ਸੁਣ ਕੇ ਕਿੰਨਿਆਂ ਦੇ ਚਿਹਰੇ ਖਿੜ ਜਾਂਦੇ ਹਨ, ਤੇ ਅੱਖਾਂ ਦਾ ਰੰਗ ਲਾਲ ਹੋ ਜਾਂਦਾ ਹੈ। ਕੱਲ ਹੀ ਮੈਨੂੰ ਮੇਰੇ ਲਾਹੌਰੀ ਦੋਸਤ ਸ਼ਾਹੀਨ ਨੇ ਪਾਕਿਸਤਾਨ ਦੇ ਮਸ਼ਹੂਰ ਪੰਜਾਬੀ ਸ਼ਾਇਰ ਉਸਤਾਦ ਦਾਮਨ ਦੀ ਇਕ ਨਜ਼ਮ ਦੀਆਂ ਦੋ ਸਤਰਾਂ ਸੁਣਾਈਆਂ ਸਨ:

'ਲਾਲੀ ਅੱਖੀਆਂ ਦੀ ਪਈ ਦੱਸਦੀ ਏ!
ਰੋਏ ਤੁਸੀਂ ਵੀ ਹੋ, ਰੋਏ ਅਸੀਂ ਵੀ ਹਾਂ।'

ਮੈਂ ਕਿਹਾ, "ਪਿਛਲੇ ਤੀਹ ਸਾਲ ਵਿਚ ਦਿੱਲੀ ਬਹੁਤ ਬਦਲ ਗਈ ਹੈ। ........ਬਹੁਤ ਦੂਰ-ਦੂਰ ਤੀਕ ਫੈਲ ਗਈ ਹੈ।"

"ਅੱਛਾ!......ਜਾਮਾ ਮਸਜਿਦ ਠੀਕ ਹੈ ਨਾ......ਉਸ ਦੇ ਚਹੁੰ ਪਾਸੇ ਬਜ਼ਾਰ ਲੱਗਦਾ ਸੀ। ਅਸੀਂ ਉਥੇ ਹੀ ਮਸਜਿਦ ਦੀਆਂ ਪੌੜੀਆਂ ਤੇ ਬਹਿ ਕੇ ਕਬਾਬ ਖਾਂਦੇ ਸੀ।" ਉਸ ਨੇ ਬਹੁਤ ਉਤਸੁਕਤਾ ਨਾਲ ਪੁੱਛਿਆ।

ਮੈਂ ਕਿਹਾ,"ਜਾਮਾ ਮਸਜਿਦ ਹੁਣ ਪਹਿਲਾਂ ਨਾਲੋਂ ਜ਼ਿਆਦਾ ਖੂਬਸੂਰਤ ਲੱਗਦੀ ਹੈ। ਉਸ ਦੇ ਚਹੁੰ ਪਾਸਿਆਂ ਦਾ ਬਜ਼ਾਰ ......ਢਾਬੇ......ਕਬਾਬ ਦੀਆਂ ਦੁਕਾਨਾਂ.....ਸਭ ਉਥੋਂ ਹਟਾ ਦਿੱਤੀਆਂ ਗਈਆਂ ਹਨ। ਉੱਥੇ ਹੁਣ ਖੂਬਸੂਰਤ ਬਗੀਚੇ ਲਾ ਦਿੱਤੇ ਗਏ ਹਨ......"

"ਅੱਛਾ", ਉਸ ਦੀ ਆਵਾਜ਼ ਕੁਝ ਮੱਧਮ ਜਿਹੀ ਪੈ ਗਈ......"ਫੂਲ ਵਾਲੋਂ ਕੀ ਸੈਰ ਦਾ ਮੇਲਾ ਤਾਂ ਹੁਣ ਨਹੀਂ ਲੱਗਦਾ ਹੋਣਾ?"

ਮੈਂ ਕਿਹਾ,"ਨਹੀਂ, ਫੂਲ ਵਾਲੋਂ ਕੀ ਸੈਰ ਨੂੰ ਹੁਣ ਵੀ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਹੁਣ

ਮਿਹਰੌਲੀ ਜਾਣ ਲਈ ਵੀਰਾਨਿਆਂ ਤੋਂ ਨਹੀਂ ਗੁਜ਼ਰਨਾਂ ਪੈਂਦਾ....... ਹੁਣ ਤਾਂ ਉਥੋਂ ਤੀਕ ਸ਼ਹਿਰ ਆਬਾਦ ਹੋ ਗਿਆ ਹੈ......ਖੂਬਸੂਰਤ ਕਾਲੋਨੀਆਂ .....ਸੜਕਾਂ.....ਮਕਾਨ.....ਅਤੇ ਵੱਡੇ-ਵੱਡੇ ਬਜ਼ਾਰ.....।"

ਉਹ ਬਹੁਤ ਉਤਸ਼ਾਹ ਨਾਲ ਬੋਲਿਆ-"ਨਿੱਕੇ ਹੁੰਦੇ ਅਸੀਂ ਰਾਮ-ਲੀਲਾ ਦੇਖਣ ਜਾਇਆ ਕਰਦੇ ਸਾਂ। ਰਾਮ-ਲੀਲਾ ਦੀ ਸਵਾਰੀ ਨਿਕਲਦੀ ਸੀ ਤਾਂ ਅਸੀਂ ਉਸ ਦੇ ਨਾਲ-ਨਾਲ ਹੀ ਚਲਦੇ ਸਾਂ। ਬੜਾ ਮਜ਼ਾ ਆਉਂਦਾ ਸੀ। ਇਕ ਵਾਰੀ ਦੀ ਗੱਲ ਦੱਸਾਂ-ਮੈਂ ਚੰਗੀ ਤਰ੍ਹਾਂ ਯਾਦ ਹੈ-ਜਿਵੇਂ ਬੱਸ ਕੱਲ ਦੀ ਹੀ ਗੱਲ ਹੋਵੇ।" ਉਸ ਦੇ ਚਿਹਰੇ ਦੀਆਂ ਕਿੰਨੀਆਂ ਹੀ ਲਕੀਰਾਂ ਇਕੋ ਥਾਂ ਸਿਮਟ ਆਈਆਂ। "ਮੇਰਾ ਇਕ ਦੋਸਤ ਸੀ........ ਪਰਸੂ । ਉਂਝ ਉਸਦਾ ਨਾਂ ਪਰਸ ਰਾਮ ਸੀ......ਪਰ ਸਾਰੇ ਲੋਕ ਉਸਨੂੰ ਪਰਸੂ ਹੀ ਕਹਿੰਦੇ ਸਨ। ਰਾਮ ਅਤੇ ਸੀਤਾ ਦੀ ਸਵਾਰੀ ਨਿਕਲ ਰਹੀ ਸੀ। ਪਰਸੂ ਉਹਨਾਂ ਦੇ ਨਾਲ ਨਕਲੀ ਮੁੱਛਾਂ ਲਾਈ, ਹੱਥ ਵਿਚ ਜੜਾਊ ਡੰਡਾ ਲਈ ਖੜੋਤਾ ਸੀ। ਮੈਂ ਸਾਲੇ ਨੂੰ ਪਛਾਣ ਲਿਆ ਅਤੇ ਸੜਕ ਤੋਂ ਚੀਕਿਆ-ਪਰਸੂ, ਉਏ ਪਰਸੂ।"

ਪਰਸੂ ਨੇ ਇੱਧਰ ਉਧਰ ਵੇਖਿਆ। ਭੀੜ ਵਿਚ ਉਹ ਮੈਨੂੰ ਨਹੀਂ ਸੀ ਵੇਖ ਸਕਿਆ। ਮੈਂ ਫੇਰ ਬੁਲਾਇਆ,"ਉਏ ਪਰਸੂ"-ਹੁਣ ਉਸਦੀ ਨਜ਼ਰ ਮੇਰੇ ਤੇ ਪੈ ਗਈ। ਮੈਂ ਹੇਠੋਂ ਹੀ ਹੱਥ ਹਿਲਾਇਆ। ਉਸਨੇ ਉਥੋਂ ਹੀ ਹੱਥ ਹਿਲਾ ਦਿੱਤਾ। ਇੰਨੇ 'ਚ ਕਿਸੇ ਨੇ ਉਸਨੂੰ ਇਕ ਘੁੰਸਨ ਮਾਰੀ-ਅਤੇ ਪਰਸੂ ਦੀਆਂ ਮੁੱਛਾਂ ਹੇਠਾਂ ਡਿੱਗ ਪਈਆਂ। ਅਸੀਂ ਲੋਕ ਹੱਸਦੇ-ਹੱਸਦੇ ਸੜਕ ਤੇ ਹੀ ਲੋਟ-ਪੋਟ ਹੋ ਗਏ।"

ਉਹ ਜ਼ੋਰ-ਜ਼ੋਰ ਨਾਲ ਹੱਸਣ ਲੱਗ ਪਿਆ। ਨੇੜੇ-ਤੇੜੇ, ਆਉਂਦੇ-ਜਾਂਦੇ ਲੋਕ ਸਾਡੇ ਕੋਲ ਠਿਠਕ ਗਏ।

"ਸੁਣਿਆ ਹੈ, ਦਿੱਲੀ ਦੀ ਅਬਾਦੀ ਬਹੁਤ ਵੱਧ ਗਈ ਹੈ?" ਉਸ ਨੇ ਪੁੱਛਿਆ।

"ਹਾਂ।" ਮੈਂ ਕਿਹਾ, "ਤਕਰੀਬਨ ਸੱਤਰ ਲੱਖ-ਆਬਾਦੀ ਵੱਧਦੀ ਜਾ ਰਹੀ ਹੈ ਅਤੇ ਸ਼ਹਿਰ ਵੀ ਵਧਦਾ ਜਾ ਰਿਹਾ ਏ।"

"ਹੁਣ ਜੇ ਮੈਂ ਦਿੱਲੀ ਆਵਾਂ ਤਾਂ ਉਸ ਨੂੰ ਪਛਾਣ ਵੀ ਨਹੀਂ ਸਕਾਂਗਾ। ਪਤਾ ਨਹੀਂ ਅੱਲਾਹ ਮੇਰੀ ਤਮੰਨਾ ਪੂਰੀ ਕਰੇਗਾ ਜਾਂ ਨਹੀਂ। "

ਉਸਦੀ ਆਵਾਜ਼ ਇਕ ਦਮ ਉਦਾਸ ਹੋ ਗਈ ਸੀ।

ਮੈਂ ਕਿਹਾ-"ਤੁਹਾਡੀ ਮੁਰਾਦ ਜ਼ਰੂਰ ਪੂਰੀ ਹੋਵੇਗੀ। ਜਦੋਂ ਵੀ ਦਿੱਲੀ ਆਉਣ ਦਾ ਪ੍ਰੋਗਰਾਮ ਬਣ ਜਾਵੇ, ਮੈਨੂੰ ਜ਼ਰੂਰ ਖਬਰ ਦੇਣੀ।" ਮੈ ਜੇਬ 'ਚੋਂ ਆਪਣਾ ਕਾਰਡ ਕੱਢਿਆ ਤੇ ਘੜੀ ਵੇਖੀ। ਕਾਰਡ ਉਸ ਦੇ ਹੱਥ ਵਿਚ ਫੜਾ ਕੇ ਮੈਂ ਚੱਲਣ ਨੂੰ ਹੋਇਆ, ਤਾਂ ਉਸ ਨੇ ਮੈਨੂੰ ਮੁੜ ਰੋਕ ਲਿਆ-"ਤੁਹਾਡਾ ਬੇਸ਼ਕੀਮਤੀ ਵਕਤ ਲੈ ਰਿਹਾਂ ਹਾਂ......" ਕਹਿੰਦੇ-ਕਹਿੰਦੇ ਉਸਦੀਆਂ ਅੱਖਾਂ ਭਰ ਆਈਆਂ......"ਕੀ ਕਰਾਂ, ਉਸ ਹਰਾਮਜ਼ਾਦੀ ਧਰਤੀ ਦੀ ਯਾਦ ਨਹੀਂ ਭੁੱਲਦੀ......ਜਿੱਥੇ ਮੈਂ ਜਨਮ ਲਿਆ ਸੀ....ਜਿੱਥੇ ਮੇਰਾ ਬਚਪਨ ਗੁਜ਼ਰਿਆ ਸੀ.....ਜਿੱਥੇ ਮੇਰੀ ਜਵਾਨੀ ਪਰਵਾਨ ਚੜ੍ਹੀ ਸੀ।"

ਉਸ ਨੇ ਦੋਹਾਂ ਹੱਥਾਂ ਨਾਲ ਮੇਰਾ ਹੱਥ ਪੂਰੀ ਤਾਕਤ ਨਾਲ ਘੁੱਟਿਆ-ਫਿਰ ਇਕ ਦਮ ਝਟਕੇ ਨਾਲ ਛੱਡ ਕੇ ਅੱਗੇ ਵਧ ਗਿਆ।

ਮੈਂ ਇਕ-ਟੱਕ ਉਸ ਜਾਂਦੇ ਵੇਖਦਾ ਰਿਹਾ।

ਮੈਂ ਸੜਕ ਪਾਰ ਕਰ ਕੇ ਹੋਟਲ ਵੱਲ ਤੁਰ ਪਿਆ। ਅਚਨਚੇਤ ਮੈਨੂੰ ਆਪਣੇ ਚਾਚਾ ਨਰਾਇਣ ਦਾਸ ਦੀ ਯਾਦ ਆ ਗਈ। 1971ਦੀ ਭਾਰਤ ਪਾਕਿਸਤਾਨ ਲੜਾਈ ਵਿਚ ਢਾਕਾ ਵਿਖੇ ਹਜ਼ਾਰਾਂ ਪਾਕਿਸਤਾਨੀ ਸਿਪਾਹੀਆਂ ਨੇ ਆਤਮ ਸਮਰਪਣ ਕਰ ਦਿੱਤਾ ਸੀ । ਇਹ ਪਾਕਿਸਤਾਨੀ ਸਿਪਾਹੀ ਭਾਰਤ ਦੇ ਕਿਸੇ ਰੇਡੀਓ ਸਟੇਸ਼ਨ ਤੋਂ ਸਵੇਰੇ ਸ਼ਾਮ ਬੋਲ ਕੇ ਪਾਕਿਸਤਾਨ ਵਿਚ ਆਪਣੇ ਪਰਵਾਰ ਵਾਲਿਆਂ ਨੂੰ ਆਪਣਾ ਸੁਨੇਹਾ ਭੇਜਦੇ ਸਨ.....

"ਮੇਰਾ ਨਾਂ......ਮੈਂ ਪਾਕਿਸਤਾਨ ਦੇ ਜ਼ਿਲ੍ਹਾ....... ਤਹਿਸੀਲ.....ਪਿੰਡ ਦਾ ਰਹਿਣ ਵਾਲਾ ਹਾਂ....ਮੇਰੇ ਵਾਲਿਦ ਦਾ ਨਾਂ......ਹੈ......ਜੇ ਕੋਈ ਪਾਕਿਸਤਾਨੀ ਭਰਾ ਮੇਰੀ ਗੱਲ ਸੁਣ ਰਿਹਾ ਹੋਏ ਤਾਂ ਉਸ ਨੂੰ ਗੁਜ਼ਾਰਿਸ਼ ਹੈ ਕਿ ਮੇਰੀ ਖ਼ੈਰ-ਖ਼ੈਰੀਅਤ ਦੀ ਖ਼ਬਰ ਮੇਰੇ ਘਰ ਵਾਲਿਆਂ ਤੱਕ ਪੁਜਾ ਦੇਵੇ।"

ਚਾਚਾ ਨਰਾਇਣ ਦਾਸ ਨੂੰ ਪਤਾ ਨਹੀਂ ਕੀ ਖ਼ਬਤ ਸੀ ਉਹ ਸਵੇਰੇ ਸ਼ਾਮ ਇਹ ਪ੍ਰੋਗਰਾਮ ਜ਼ਰੂ ਸੁਣਦੇ ਸਨ। ਇਕ ਦਿਨ ਕੋਈ ਗੁਲਾਮ ਰਸੂਲ ਬੋਲ ਰਿਹਾ ਸੀ-"ਸੂਬੇਦਾਰ ਗੁਲਾਮ ਰਸੂਲ ਵਲਦ ਅੱਲਾ ਰੱਖਾ.... ਪਿੰਡ ਕੁੰਜਾਹ, ਤਹਿਸੀਲ ਫਾਲੀਆ, ਜ਼ਿਲ੍ਹਾ ਗੁਜਰਾਤ ਦਾ ਰਹਿਣ ਵਾਲਾ ਹਾਂ.....ਮੈਂ ਖ਼ੈਰ-ਖੈਰੀਅਤ ਨਾਲ ਹਾਂ.....ਜੇ ਕੋਈ ਪਾਕਿਸਤਾਨੀ ਭਰਾ ਮੇਰੀ ਆਵਾਜ਼ ਸੁਣ ਰਿਹਾ ਹੋਵੇ ਤਾਂ ਮੇਰੇ ਵਾਲਦਾਨ ਨੂੰ ਇਸ ਦੀ ਇਤਲਾਹ ਦੇ ਦੇਵੇ। "

ਇਹ ਨਾਂ ਸੁਣ ਕੇ ਚਾਚਾ ਨਰਾਇਣ ਦਾਸ ਇਕ ਦਮ ਚੀਕਣ ਲੱਗ ਪਏ ਸਨ। ਮੇਰੇ ਪਿਤਾ ਜੀ ਨੂੰ ਆਵਾਜ਼ ਦੇਂਦੇ ਹੋਏ ਬੋਲੇ ਸਨ-"ਸੁਣਿਆ ਤੁਸੀਂ, ਕੁੰਜਾਹ ਦੇ ਅੱਲਾ ਰੱਖਾ ਦਾ ਪੁੱਤਰ ਗੁਲਾਮ ਰਸੂਲ ਬੋਲ ਰਿਹਾ ਸੀ......ਉਹ ਵੀ ਪਾਕਸਤਾਨੀ ਫੌਜ ਦਾ ਕੈਦੀ ਹੈ।"

ਮੇਰੇ ਪਿਤਾ ਜੀ ਦੇ ਮੂੰਹੋਂ ਤੁਰਤ ਕੁਛ ਨਿਕਲਿਆ ਨਹੀਂ ਸੀ, ਪਰ ਚਾਚਾ ਨਰਾਇਣ ਦਾਸ ਦੀ ਤਾਂਘ ਸਾਰੀਆਂ ਹੱਦਾਂ ਤੋੜ ਰਹੀ ਸੀ......"ਆਪਣੇ ਪਿੰਡ ਕੁੰਜਾਹ, ਦਾ ਮੁੰਡਾ ਗੁਲਾਮ ਰਸੂਲ......ਮੇਰੇ ਯਾਰ ਅੱਲਾ ਰੱਖਾ ਦਾ ਮੁੰਡਾ.....ਸੂਬੇਦਾਰ ਗੁਲਾਮ ਰਸੂਲ......!"

ਘਰ ਵਿਚ ਅਸੀਂ ਸਾਰੇ ਸੋਚਣ ਲੱਗ ਪਏ ਸਾਂ ਕਿ ਕੁੰਜਾਹ .......ਕੁੰਜਾਹ ਦੀ ਰਟ ਲਗਾਉਣ ਵਾਲੇ ਬੁੱਢੇ ਚਾਚਾ ਨਰਾਇਣ ਦਾਸ ਜੀ ਕਿਤੇ ਸੱਚ-ਮੁੱਚ ਹੋਸ਼ ਤਾਂ ਨਹੀਂ ਗੁਆ ਬੈਠੇ.....!

44

# ਸੁੱਚਾ-ਤਿੱਲਾ

## ਮਕਸੂਦ ਸਾਕਬ (ਲਾਹੌਰ)

ਮੁੰਡ-ਪੁਣੇ ਵਿਚ ਮੈਨੂੰ ਵੱਡਿਆਂ ਨਾਲ ਜੁੜ ਕੇ ਬਹਿਣ ਦਾ ਬੜਾ ਭੁਸ ਸੀ। ਜਿਹੜੇ ਹਾਣੀ ਮੁੰਡੇ, 'ਲੰਮੀ-ਘੋੜੀ' 'ਛੁਹਣ-ਛੁਹਾਈ', 'ਬਾਂਦਰ-ਕਿੱਲਾ' ਜਾਂ 'ਕੋਕਲਾ-ਛਪਾਕੀ' ਖੇਡਦੇ ਪਏ ਹੁੰਦੇ, ਉਸ ਵੇਲੇ ਮੈਂ ਢਾਰੇ ਵਿਚ ਵੜ ਕੇ ਬੈਠਾ ਹੁੰਦਾ। ਮੈਨੂੰ ਆਪਣੇ ਹਾਣੀਆਂ ਨਾਲ ਰਲ ਕੇ ਖੇਡਣਾ, ਚੰਗਾ ਨਹੀਂ ਸੀ ਲੱਗਦਾ। ਕਦੀ ਆਉਂਦਿਆਂ-ਜਾਂਦਿਆਂ ਉਨ੍ਹਾਂ ਮੈਨੂੰ ਖੇਡਦਿਆਂ ਵੀ ਦਿੱਸ ਪੈਣਾ, ਤਾਂ ਰੌਲਾ ਪਾਉਂਦਿਆਂ ਵੇਖ ਕੇ ਮੇਰਾ ਮਨ ਕਾਹਲਾ ਜੇਹਾ ਪੈ ਜਾਂਦਾ ਤੇ ਮੈਂ ਛੇਤੀ ਨਾਲ ਉਥੋਂ ਟੁਰ ਪੈਂਦਾ। ਢਾਰੇ ਵਿਚ ਬਹਿਣ ਦਾ ਮੈਨੂੰ ਬੜਾ ਰਸ ਆਉਂਦਾ ਸੀ। ਵੱਡੇ, ਵਡੇਰੇ ਗੱਲੀਂ ਜੁਟੇ ਹੁੰਦੇ, ਹੁੱਕੇ ਦੀ ਨਾਲ ਫਿਰਦੀ, ਟੁਰੀ ਜਾਂਦੀ ਤੇ ਵੰਨ-ਸੁਵੰਨੀਆਂ ਗੱਲਾਂ 'ਚ ਲੌਆਂ ਦੇ ਲੌ ਇੰਜ ਉੱਸਰਦੇ ਲਗੇ ਆਉਂਦੇ ਜਿਵੇਂ-ਜਿਵੇਂ ਜਵਾਰ। ਏਧਰੋਂ ਇਕ ਲੌ ਵੱਢ ਕੇ ਹਟੋ, ਓਧਰੋਂ ਦੂਜਾ ਤਿਆਰ ਹੋਇਆ ਹੁੰਦਾ ਏ। ਸਮਝ ਤੇ ਮੈਨੂੰ ਵਿਚੋਂ ਵਿਰਲੀ ਈ ਆਉਂਦੀ ਸੀ, ਪਰ ਗੱਲਾਂ ਦਾ ਇੰਜ ਇਕ ਤੋਂ ਇਕ ਚੜ੍ਹੀ ਆਉਣਾ ਬਹੁਤ ਨਿਵੇਕਲਾ ਜਾਪਦਾ ਸੀ ਤੇ ਉਹਦਾ ਰਸ-ਸਵਾਦ ਵੀ ਢੇਰ ਆਉਂਦਾ ਸੀ।

ਸੂਰਜ ਡੁੱਬਣ ਪਿੱਛੋਂ ਢਾਰੇ ਵਿਚ ਜਿੰਨੇ ਵੀ ਬੰਦੇ ਬਹਿੰਦੇ, ਬਾਬੇ ਹੁਕਮੇ ਦਾ ਨੰਬਰ ਸੀ। ਕਿਸੇ ਵੀ ਮੇਲ, ਕਿਸੇ ਵੀ ਵੰਨ ਦੀ ਗੱਲ ਛਿੜੀ ਹੁੰਦੀ, ਬਾਬਾ ਹੁਕਮਾ ਹੰਗੂਰਾ ਭਰਦਾ ਹੋਇਆਂ, ਵਿਚ ਸਾਹ ਰਲਾਂਦਾ, ਤਾਂ ਵੇਖਦਿਆਂ-ਵੇਖਦਿਆਂ ਈ ਗੱਲ ਕਿੱਥੇ ਦੀ ਕਿੱਥੇ ਅੱਪੜ ਜਾਂਦੀ। ਇੰਜ ਈ ਹੁੰਦਾ, ਜਿਵੇਂ ਤਟ ਕਰ ਕੇ ਗੱਲ ਨੂੰ ਚਾਰ ਚੰਨ ਹੀ ਲੱਗ ਜਾਂਦੇ। ਓੜਕ ਵਾਰੇ 'ਚ ਉਹ ਇੱਕਲਾ ਹੀ ਬੋਲਣ ਲੱਗ ਜਾਂਦਾ, ਹੋਰਨਾਂ ਸਭਨਾਂ ਦੇ ਮੂੰਹਾਂ ਨੂੰ ਤੇ ਜਿਵੇਂ ਜਿੰਦਰੇ ਵੱਜ ਜਾਂਦੇ, ਕੰਨਾਂ ਦੀਆਂ ਬਾਰੀਆਂ ਜ਼ਰੂਰ ਲੱਥ ਜਾਂਦੀਆਂ, ਢਾਰੇ ਵਿਚ ਹਰ ਕੋਈ ਉਹਦੀ ਗੱਲ ਸੁਣਦਿਆਂ ਸਾਹ ਲੈਣਾ ਭੁੱਲ ਜਾਂਦਾ।

ਬਾਬਾ ਹੁਕਮਾ ਗੱਲ ਵਿਚ ਰਲਦਿਆਂ ਸਾਰ, ਹਰ ਇਕ ਨੂੰ ਲਾਟੂ ਵਾਂਗ ਘੁੰਮਾ ਦੇਂਦਾ ਤੇ ਫੇਰ ਗੱਲਾਂ ਦੇ ਲੌ ਵਿੱਚੋਂ ਨਿਖੇੜ ਕੇ ਕੱਢੀ ਹੋਈ ਗੱਲ ਉਹਦੇ ਮੂੰਹੋਂ ਇੰਜ ਵੱਧਦੀ ਟੁਰੀ ਜਾਂਦੀ। ਜਿਵੇਂ ਕੌੜੀ ਵੇਲ ਵੀ ਨਹੀਂ ਵੱਧਦੀ ਸੀ, ਤੇ ਸੁਣਦਿਆਂ-ਸੁਣਦਿਆਂ, ਉਹ ਕੌੜੀ ਵੇਲ ਪੂਰੇ ਆਲੇ-ਦੁਆਲੇ ਨੂੰ ਕੱਜ ਲੈਂਦੀ। ਬਾਬੇ ਹੁਕਮੇ ਦੇ ਲਫ਼ਜ਼ਾ ਨਾਲ ਈ, ਉਹਨੂੰ ਹੱਥ-ਹੱਥ ਜੇਡੇ ਚੌੜੇ ਪੱਤਰ ਲੱਗਦੇ ਤੇ ਫੇਰ ਜਦੋਂ ਉਹ ਵੇਲ ਸੂਹੇ, ਸਾਵੇ ਤੇ ਨੀਲੇ ਫੁੱਲ ਕੱਢਦੀ ਤਾਂ ਢਾਰੇ ਵਿਚ ਬੈਠੇ ਹਰ ਸੁਣੇਰ ਦੇ ਮੂੰਹੋਂ ਆਪ ਧਰਾਪ ਈ ਨਿਕਲ ਜਾਂਦਾ "ਵਾਹ ਬਾਬਾ ਹੁਕਮਿਆਂ, ਨਹੀਂ ਰੀਸਾਂ ਬਈ ਤੇਰੀਆਂ, ਏਡੀ ਪਿੜੀਆਂ ਵਾਲੀ ਗੱਲ, ਤੈਥੋਂ ਬਿਨਾਂ ਕੋਈ ਹੋਰ ਨਹੀਂ ਕਰ ਸਕਦਾ।"

ਸੱਚੀ ਪੁੱਛੋਂ ਤਾਂ ਮੈਂ ਢਾਰੇ ਵਿਚ ਵੱਡਿਆਂ ਨਾਲ ਘੁਸਰ ਕੇ ਬਹਿੰਦਾ ਸਾਂ ਉਹਦਾ ਇੱਕੋ-ਇਕ ਕਾਰਣ ਬਾਬਾ ਹੁਕਮਾ ਤੇ ਉਹਦੀ ਗੱਲਬਾਤ ਸੀ। ਉਹ ਆਪ ਵੀ ਮੇਰਾ ਬਹੁੰ ਉਚੇਚ ਕਰਦਾ ਸੀ। ਢਾਰੇ ਦੇ ਵੇਲੇ ਤੋਂ ਵਾਹਵਾ ਅਗਦੀਂਈ, ਮੈਂ ਘਰੋਂ ਨਿਕਲ ਕੇ ਬਾਬੇ ਹੁਕਮੇ ਦੇ ਵੇਹੜੇ ਦਾ ਗੇੜਾ ਲਾ ਆਉਂਦਾ ਹੁੰਦਾ ਸਾਂ, ਏਹ ਤਸੱਲੀ ਕਰਨ ਲਈ, ਪਈ ਉਹ ਢਾਰੇ ਵਿਚ ਆਉਂਦਾ ਪਿਆ ਏ ਜਾਂ ਨਹੀਂ।

"ਸੁਣਾ ਫਿਰ ਬਿੱਲੂ, ਅੱਬੇ ਤੇਰੇ ਦਾ ਕੋਈ ਚਿੱਠੀ-ਪੱਤਰ ਆਇਆ ਕਿ ਨਹੀਂ?" ਉਹ ਮੇਰੇ ਨਾਲ ਹੋਰ ਗੱਲ ਕਰਨ ਤੋਂ ਪਹਿਲਾਂ ਰੋਜ਼-ਦਿਹਾੜੀ ਇਹੋ ਪੁੱਛਦਾ।

ਰੋਜ਼-ਦਿਹਾੜੀ ਅੱਗੋਂ ਉਹਨੂੰ ਏਹੋ ਵਲਦਾ ਦੇਂਦਾ, "ਆਹੋ ਬਾਬਾ! ਅੱਜ ਈ ਉਹਦੀ ਚਿੱਠੀ ਆਈ ਏ, ਤੈਨੂੰ ਬੜੀ-ਬੜੀ ਸਲਾਮ ਦੁਆ ਲਿਖੀ ਹੋਈ ਸੂ।"

ਉਹ ਮੇਰਾ ਵਲਦਾ ਸੁਣ ਕੇ ਆਪਣੀਆਂ ਵੱਡੀਆਂ-ਵੱਡੀਆਂ ਬੱਗੀਆਂ ਮੁੱਛਾਂ ਹੇਠੋਂ ਮੁਸਕਰਾਉਂਦਾ ਤੇ ਦਾੜ੍ਹੀ ਵਿਚ ਉਂਗਲਾ ਫੇਰਨ ਤੋਂ ਕਈ ਵਾਰੀ ਮੈਨੂੰ ਇੰਝ ਜਾਪਦਾ ਜਿਵੇਂ ਉਹਨੂੰ ਪਤਾ ਹੋਵੇ, ਪਈ ਦੂਰ ਪਰਦੇਸ ਗਿਆ ਬੰਦਾ, ਰੋਜ਼ ਕਿਵੇਂ ਚਿੱਠੀ ਲਿਖ ਸਕਦਾ ਏ ਤੇ ਉਹਦੀ ਲਿਖੀ ਚਿੱਠੀ ਰੋਜ਼ ਕਿਵੇਂ ਇੱਥੇ ਪੁੱਜ ਸਕਦੀ ਏ? ਮੈਂ ਇੱਕ ਦਿਹਾੜੇ ਉਹਨੂੰ ਏਸ ਬਾਰੇ ਪੁੱਛਿਆ, ਤੇ ਉਹ ਆਪਣੇ ਮੂੰਹੋਂ ਈ ਮੰਨ ਗਿਆ, "ਓ ਬਿੱਲੂ ਪੁੱਤਰ! ਤੇਰਾ ਪਿਓ ਆਪਣਾ ਯਾਰ ਵੀ ਏ ਭਰਾ ਵੀ। ਮੈਂ ਜਦੋਂ ਤੁਹਾਡੀ ਜੂਹੇ ਆਣ ਕੇ ਵੱਸਿਆ ਸਾਂ। ਉਹਨੇ ਮੇਰਾ ਏਨਾ ਸਾਥ ਦਿੱਤਾ ਸੀ, ਜਿਨਾਂ ਕੋਈ ਕੂੜ ਮਾਰ ਲਵੇ। ਸੱਚੀ ਤੇ ਏਹੋ ਈ ਆ ਪਈ ਅੱਜ ਜੇਹੜਾ ਏਥੇ ਵੱਸਦਾ ਪਿਆਂ, ਤੇਰੇ ਪਿਉ ਦੀ ਮੇਹਰਬਾਨੀ ਦਾ ਈ ਸਿੱਟਾ ਏ। ਹੁਣ ਉਹ ਚਾਰ ਵਲੈਤਾਂ ਪਾਰ ਬੈਠਾ ਹੋਇਆ ਏ, ਜੇ ਅਸੀਂ ਚਿੱਠੀ ਪੱਤਰ ਦੇ ਪੱਜ ਉਹਦਾ ਹਾਲ-ਚਾਲ ਵੀ ਨਾ ਪੁੱਛੀਏ, ਤਾਂ ਸਾਡੇ ਤੋਂ ਅਗਲੀ ਗੱਲ ਕਿਵੇਂ ਹੋ ਸਕਦੀ ਏ ?"

ਚਿੱਠੀ-ਪੱਤਰ ਰਾਹੀਂ ਮੇਰੇ ਅੱਬੇ ਦਾ ਹਾਲ ਪੁੱਛਣ ਮਗਰੋਂ, ਬਾਬਾ ਰੋਜ਼ ਦਿਹਾੜੀ ਇਕ ਹੋਰ ਗੱਲ ਵੀ ਕਰਦਾ ਹੁੰਦਾ ਸੀ । ਆਂਹਦਾ ਹੁੰਦਾ ਸੀ "ਆਹ ਸੁੱਚਾ-ਤਿੱਲਾ ਹੱਥ ਆ ਜਾਏ ਨਾ ਕਿਧਰੋਂ, ਫੇਰ ਮੈਂ ਤੇਰੇ ਪਿਉ ਨੂੰ ਇਹੋ ਜਿਹੀ ਬਾਂਕੀ ਤੇ ਫੁੱਲ ਤੋਂ ਹੌਲੀ ਜੁੱਤੀ ਸਿਉਂ ਕੇ ਘੱਲਾਂ, ਕਿ ਪੈਰੀਂ ਪਾ ਕੇ ਕਿਤੇ ਬੰਨੇ ਨਿਕਲੇ ਤਾਂ ਮੇਮਾਂ ਉਹਦੇ ਪੈਰਾਂ ਵੱਲ ਈ ਬਿਟ-ਬਿਟ ਤੱਕਦੀਆਂ ਰਹਿ ਜਾਣ। ਪਰ, ਉਹ ਸੁੱਚਾ-ਤਿੱਲਾ! ਜਦੋਂ ਕਦੇ ਆਉਂਦਾ ਸੀ, ਉਦੋਂ ਹਰ ਤਿੰਨੀਂ-ਚਹੁੰ ਮਹੀਨੀ ਬੜੀ ਰੀਝ ਨਾਲ ਜੁੱਤੀ ਸਿਉਂ ਕੇ ਦੇਈਦੀ ਸੀ ਉਹਨੂੰ।" ਏਨੀ ਗੱਲ

ਕਰਕੇ ਬਾਬਾ ਚੁੱਪ ਹੋ ਜਾਂਦਾ ਜਿਵੇਂ ਕਿਸੇ ਡੂੰਘੀ ਸੋਚ ਵਿਚ ਪੈ ਗਿਆ ਹੋਵੇ। "ਚੰਗਾ ਬਾਬਾ ਮੈਂ ਫੇਰ ਜਾਨਾ ਆਂ। ਤੂੰ ਢਾਰੇ ਵਿਚ ਆਉਂਦਾ ਪਿਆਂ ਏਂ ਨਾ, ਅੱਜ ਰਾਤੀਂ।" ਮੈਂ ਉਹਦੇ ਵਿਹੜਿਓਂ ਨਿਕਲਣ ਤੋਂ ਪਹਿਲੋਂ ਪੁੱਛਦਾ।

ਉਹ ਮੂੰਹੋਂ ਕੁਝ ਆਖਣ ਦੀ ਥਾਂ ਮਾੜਾ ਜਿਹਾ ਆਪਣਾ ਸਿਰ ਹਲੂਣ ਛੱਡਦਾ।

ਬਾਬਾ ਹੁਕਮਾ ਕਸਬ ਵੱਲੋਂ ਮੋਚੀ ਸੀ। ਸਾਡੀ ਜੂਹ ਵਿਚ ਈ ਉਹਦਾ ਅੱਡਾ ਸੀ, ਜਿੱਥੇ ਉਹਦੇ ਪੁੱਤਰ, ਭਤੀਜੇ ਜੁੱਤੀਆਂ ਸਿਉਂਦੇ ਸਨ। ਬਾਬਾ ਹੁਕਮਾ ਕਦੀ ਆਪ ਵੀ ਸਿਉਂਦਾ ਹੋਣਾ ਏ, ਮੇਰੇ ਜੰਮਣ ਤੋਂ ਪਹਿਲਾਂ। ਮੈਂ ਤਾਂ ਜਦੋਂ ਦੀ ਹੋਸ਼ ਸੰਭਾਲੀ ਸੀ, ਉਹ ਨੂੰ ਧਾਗੇ ਨਾਲ ਮੋਮ ਲਾਉਣ ਤੇ ਵੱਟੀ ਤੇ ਰਸ਼ ਤਰਿਖੀ ਕਰਨ ਤੋਂ ਅੱਡ ਕੋਈ ਹੋਰ ਕੰਮ ਕਰਦਿਆਂ ਕਦੇ ਨਹੀਂ ਸੀ ਵੇਖਿਆ। ਅੱਬਾ ਮੇਰਾ, ਆਂਹਦਾ ਹੁੰਦਾ ਸੀ, "ਬਾਬੇ ਹੁਕਮੇ ਤੋਂ ਵਧੀਆਂ ਜੁੱਤੀ ਸਿਉਂਣ ਵਾਲਾ ਸਾਡੇ ਇਲਾਕੇ ਵਿਚ ਨਾ ਕਦੇ ਹੋਇਆ ਏ ਤੇ ਨਾ ਈ ਕਦੀ ਹੋਣਾ ਏ। ਵਰ੍ਹਿਆਂ ਤੋਂ ਕੰਮ ਛੱਡਿਆ ਹੋਇਆ ਸੂ, ਪਰ ਜੇ ਹੁਣ ਵੀ ਕੰਮ 'ਤੇ ਬਹਿ ਜਾਵੇ, ਆਹ ਮੁੰਡੇ ਤੇ ਉਹਦੀ ਧੂੜ ਨੂੰ ਨਾ ਅੱਪੜ ਸਕਣ। ਐਵੇਂ ਤੇ ਨਹੀਂ ਨਾ ਆਂਹਦੇ, 'ਬੱਲੇ-ਬੱਲੇ ਫਲਾਣਿਆ ਤੂੰ ਤਾਂ ਇੰਝ ਟੁਰਨਾ ਏ ਜਿਵੇਂ ਹੁਕਮੇ ਦੇ ਖੱਲੇ ਪਾਏ ਹੋਏ ਹੋਣ।'

ਕੰਮ ਦਾ ਤੇ ਮੈਂ ਦੱਸਿਆ ਏ ਨਾ ਪਈ, ਬਾਬੇ ਹੁਕਮੇ ਦੇ ਪੁੱਤਰ-ਭਤਰੀਏ ਕਰਦੇ ਸੀ, ਪਰ ਜਿੱਥੋਂ ਤਾਈਂ ਨਾਂ ਦੀ ਗੱਲ ਏ, ਉਹ ਬਾਬੇ ਹੁਕਮੇ ਦਾ ਈ ਵੱਜਦਾ ਸੀ। ਉਹਦੇ ਨਾਂ ਪਿੱਛੇ ਈ ਦੁਨੀਆਂ ਦੂਰੋਂ-ਦੂਰੋਂ ਜੁੱਤੀਆਂ ਸਵਾਉਣ ਲਈ ਸਾਡੀ ਜੂਹੇ ਆਉਂਦੀ ਸੀ। ਅੱਗੋਂ ਉਹ ਥੋੜਾ ਕੀਤਿਆਂ ਸਾਈ-ਬਿਆਨਾ ਨਹੀਂ ਸਨ ਫੜਦੇ। ਜੇ ਫੜਦੇ ਸਨ ਤਾਂ ਤਿੰਨਾਂ-ਤਿੰਨਾਂ, ਚਹੁੰ-ਚਹੁੰ ਮਹੀਨਿਆਂ ਤੋਂ ਪਹਿਲਾਂ ਦਾ 'ਕਾਰਾ ਨਹੀਂ ਸਨ ਕਰਦੇ। ਜੇ ਚੋਖਾ ਈ ਕਾਹਲਾ ਹੁੰਦਾ ਤਾਂ ਉਹਨੂੰ ਸਾਫ਼ ਚਿੱਟੇ ਲਫ਼ਜ਼ਾਂ ਵਿਚ ਨਾਂਹ ਕਰ ਛੱਡਦੇ। "ਮੀਆਂ ਜੀ , ਅਸਾਂ ਕਾਹਲੀ ਦਾ ਤੇ ਕੰਮ ਈ ਨਹੀਂ ਕੀਤਾ ਕਦੀ। ਤੁਸੀਂ ਕਿਤੋਂ ਹੋਰ ਧਰਿਓਂ ਸਿਉਂਵਾ ਲਵੋ। ਸਾਥੋਂ ਸਿਉਂਵਾਣੀ ਜੇ ਤਾਂ ਸਬਰ ਨਾਲ ਸਿਉਵਾਂਗੇ।" ਓੜਕ ਅਗਲੇ ਨੂੰ ਉਹਨਾਂ ਦੀ ਮੰਨਣੀ ਪੈਂਦੀ।

ਮੈਨੂੰ ਬੜੀ ਰੀਝ ਸੀ, ਬਾਬੇ ਹੁਕਮੇ ਨੂੰ ਕੰਮ ਕਰਦਿਆਂ ਵੇਖਣ ਦੀ। ਏਹ ਰੀਝ ਮੇਰੇ ਮੰਨ ਵਿਚ ਉਹਦੀਆਂ ਗੱਲਾਂ ਸੁਣ-ਸੁਣ ਕੇ ਈ ਜਾਗੀ ਸੀ। ਮੈਂ ਸੋਚਦਾ ਸਾਂ ਪਈ, ਉਹ ਢਾਰੇ ਵਿਚ ਬੈਠਾ, ਏਡੇ ਰਸ ਨਾਲ ਜਿਹੜੀਆਂ ਗੱਲਾਂ ਕਰ ਲੈਂਦਾ ਏ, ਏਹਦੇ ਪਿੱਛੇ ਜ਼ਰੂਰ ਉਹਦੀ ਕਸਬ-ਕਲਾ ਦਾ ਹੱਥ ਏ। ਪਰ ਏਹ ਰੀਝ ਜਦੋਂ ਵੀ ਮੇਰੇ ਮਨ ਵਿਚ ਜਾਗਦੀ ਤਾਂ ਮੈਨੂੰ ਉਹਦੀ 'ਆਹ ਸੁੱਚਾ-ਤਿੱਲਾ ਲੱਭ ਪਵੇ ਨਾ ਕਦੀ' ਵਾਲੀ ਗੱਲ ਚੇਤੇ ਆ ਜਾਂਦੀ। ਮੈਂ ਸੋਚਦਾ, ਕੀ ਏਹ ਸੁੱਚਾ- ਤਿੱਲਾ ਸਾਡੇ ਦੇਸ ਵਿਚ ਨਹੀਂ ਹੁੰਦਾ? ਜੇ ਕਦੀ ਮੈਨੂੰ ਇਹਦੀ ਦੱਸ ਪੈ ਜਾਵੇ, ਤਾਂ ਮੈਂ ਆਪ ਮੁੱਲ ਤਾਰ ਕੇ ਬਾਬੇ ਨੂੰ ਲਿਆ ਦੇਵਾਂ ਤੇ ਫੇਰ ਆਖਾਂ, "ਲੈ ਬਾਬਾ, ਏਹੋ ਈ ਆ ਸੁੱਚਾ ਤਿੱਲਾ, ਜੇਹਨੂੰ ਚੇਤੇ ਕਰਦਾ ਹੁੰਦਾ ਸੈਂ-ਲੈ ਆਇਆ ਪਿਆ ਈ, ਹੁਣ ਤੂੰ ਅੱਡੇ ਤੇ ਬਹਿ ਕੇ, ਮੇਰੇ ਪਿਉ ਦੀ ਜੁੱਤੀ ਸਿਉਂ। ਮੈਂ ਤੈਨੂੰ ਕੰਮ ਕਰਦੇ ਨੂੰ ਵੀ ਤਾਂ ਵੇਖਾਂ, ਭਲਾ ਕਿਵੇਂ ਕਰਦਾ ਏਂ?" ਪਰ ਬੜੀ ਸਾਫ਼ ਗੱਲ ਏ ਕਿ ਸੁੱਚਾ-ਤਿੱਲਾ, ਜਿਹਦੀ ਗੱਲ ਬਾਬਾ ਹੁਕਮਾ ਬੜੇ ਹਰਖ ਨਾਲ ਕਰਦਾ ਸੀ ਉਹਦੀ ਦੱਸ ਮੈਨੂੰ, ਨਵੇਂ ਛੋਹਰ ਨੂੰ ਕਿੱਥੋਂ ਪੈਣੀ ਸੀ!

ਮੈਂ ਤੇ ਬਾਬਾ ਹੁਕਮਾ ਦੋਵੇਂ ਢਾਰੇ ਵਿੱਚੋ ਉੱਠ ਕੇ ਰਾਤ ਨੂੰ ਇੱਕਠੇ ਹੀ ਘਰਾਂ ਨੂੰ ਪਰਤਦੇ ਹੁੰਦੇ ਸਾਂ। ਮੈਂ ਰੋਜ਼ ਨਿਸ਼ਚਾ ਧਾਰਦਾ ਪਈ, ਅੱਜ ਰਾਤੀਂ ਬਾਬੇ ਨੂੰ ਸੁੱਚੇ-ਤਿੱਲੇ ਬਾਰੇ ਸਰਪਰ ਪੁੱਛਣਾ ਏ, ਪਰ ਰੋਜ਼ ਰਾਤ ਨੂੰ ਘਰੀਂ ਮੁੜਦਿਆਂ ਏਹ ਗੱਲ ਮੈਨੂੰ ਭੁੱਲ ਜਾਂਦੀ। ਬਾਬਾ ਰਾਹ ਵਿਚ ਕੋਈ ਨਾ ਕੋਈ ਫੇਰ ਅਜਿਹੀ ਗੱਲ ਛੇੜ ਛੱਡਦਾ, ਜਿਹੜੀ ਕਿਸੇ ਹੋਰ ਪਾਸੇ, ਚਿੱਤ ਹੋਵਣ ਈ ਨਹੀਂ ਸੀ, ਦੇਂਦੀ।

ਇਕ ਰਾਤ ਇੰਝ ਹੀ ਅਸੀਂ ਢਾਰੇ ਵਿੱਚੋਂ 'ਕੱਠੇ ਪਰਤਦੇ ਪਏ ਸਾਂ, ਕਿ ਮੈਨੂੰ ਇਕੋ ਵਾਰੀ ਸੁੱਚੇ-ਤਿੱਲੇ ਦਾ ਚੇਤਾ ਆ ਗਿਆ ਤੇ ਮੈਂ ਬਾਬੇ ਨੂੰ ਪੁੱਛ ਈ ਲਿਆ, "ਬਾਬਾ, ਅੱਜ ਏਹ ਤੇ ਦੱਸ ਪਈ, ਏਹ ਤਿੱਲਾ ਏਥੋਂ ਕਿਧਰੋਂ ਨਹੀਂ ਮਿਲਦਾ?"

"ਮਿਲਦਾ ਏ ਪੁੱਤਰਾ, ਪਰ ਉਹ ਸੁੱਚਾ ਨਹੀਂ ਹੁੰਦਾ।" ਓਸ ਵਲਦਾ ਦਿੱਤਾ।

"ਤੇ ਫੇਰ ਸੁੱਚਾ ਕਿੱਥੋਂ ਮਿਲਦਾ ਏ?" ਮੈਂ ਪੁੱਛਿਆ।

"ਕਦੀ ਉਧਰੋਂ ਮਿਲਦਾ ਹੁੰਦਾ ਸੀ। ਹੁਣ ਮੈਂ ਵੇਖਿਆ ਏ, ਉਧਰ ਵੀ ਸੁੱਚਾ-ਤਿੱਲਾ ਕੋਈ ਨਹੀਂ ਰਿਹਾ। ਖੋਟ ਈ ਖੋਟ ਹੋ ਗਿਆ ਏ, ਚੌਹੀਂ ਪਾਸੀ।" ਉਹ ਬੜੀ ਡੂੰਘੀ ਜਿਹੀ 'ਵਾਜ਼ ਵਿਚ ਬੋਲਿਆ।

"ਬਾਬਾ ਉਧਰੋਂ, ਕਿਧਰੋਂ?"

"ਪਾਰਲੇ ਬੰਨੇ ਦੀ ਗੱਲ ਪਿਆਂ ਕਰਨਾਂ ।"

"ਪਾਰਲੇ ਬੰਨ ਦੀ, ਕਿਹੜਾ ਪਾਰਲਾ ਬੰਨਾਂ?" ਮੈਨੂੰ ਉਹਦੀ ਗੱਲ ਦੀ ਸਮਝ ਨਹੀਂ ਆਈ।

"ਹੱਦੋਂ ਪਾਰਲਾ, ਬਿੱਲੂ, ਹੋਰ ਕਿਹੜਾ? ਪਿਉ ਤੇਰੇ ਨੂੰ ਤਿੱਲੇ ਵਾਲੀ ਜੁੱਤੀ ਪਾਉਣ ਦਾ ਬੜਾ ਸ਼ੌਕ ਸੀ। ਮੈਂ ਵੀ ਹਮੇਸ਼ਾ ਤਿੱਲੇ ਦਾ ਈ ਕੰਮ ਕੀਤਾ ਸੀ। ਏਥੋਂ, ਮੇਰਾ ਉਹਦਾ ਸਲੂਕ ਪਿਆਰ ਬਣਿਆ। ਆਵੇਂ ਨਾ ਝੱਟ ਏਥੇ, ਲੱਕੜ 'ਤੇ ਬਹਿ ਜਾਈਏ, ਨਾ ਘੜੀ। ਫੇਰ ਚੱਲਾਂਗੇ। ਨਾਲੇ ਜਿਹੜੀ ਗੱਲ ਛੇੜੀ ਉ, ਉਹਨੂੰ ਵੀ ਪੂਰਿਆਂ ਕਰਦਿਆਂ ਚੱਲੀਏ। "

ਅਸੀਂ ਦੋਵੇਂ ਜਣੇ ਤੇਲੀਆਂ ਦੀ ਕੰਧ ਨਾਲ ਵਰ੍ਹਿਆਂ ਤੋਂ ਪਈ ਪੁਰਾਣੀ ਲੱਕੜ 'ਤੇ ਬਹਿ ਗਏ।

"ਮਗਰੋਂ ਅਸੀਂ ਅੰਬਰਸਰ ਜ਼ਿਲ੍ਹੇ ਦੇ ਆਂ।" ਬਾਬੇ ਨੇ ਗੱਲ ਦਾ ਮੁੱਢ ਬੰਨ੍ਹਿਆਂ। "ਤਰਨਤਾਰਨ ਤਹਿਸੀਲ

ਵਿਚ ਪਿੰਡ ਹੁੰਦਾ ਸੀ, ਸਾਡਾ। ਨਾਂ ਕੀ ਲੈਣਾ ਏ। ਉਂਜ ਵੀ ਮੈਂ ਦਿਲ ਦਾ ਚੋਖਾ ਹੌਲਾ ਆਂ। ਐਵੇਂ ਬੇ-ਸੁਆਦੀ ਹੋ ਜਾਵੇਗੀ। ਏਹੋ ਜੁੱਤੀਆਂ ਸਿਊਂਣਾ ਕਸਬ ਸੀ, ਸਾਡਾ ਉਥੇ ਵੀ। ਜਿਵੇਂ ਅੱਲਾਹ ਦਾ ਢੇਰ ਤਰਸ ਏ, ਇੰਝ ਈ ਉੱਥੇ ਵੀ ਬੜੀ ਸ਼ੈਰ ਸੀ। ਸਾਨੂੰ ਪੰਜਾਂ ਭਰਾਵਾਂ ਨੂੰ ਪਿਉ ਸਣੇ ਕੰਮ ਕਰਦਿਆਂ ਵਾਰ ਨਹੀਂ ਸੀ, ਆਉਂਦਾ। ਚਾਰ-ਚੌਹੱਦੀ ਸਾਡੀਆਂ ਸੀਤੀਆਂ ਜੁੱਤੀਆਂ ਹੀ ਪਾਉਂਦੀ ਸੀ। ਉਜਾੜੇ ਪਏ, ਹਰ ਪਾਸੇ ਅੱਗਾਂ ਲੱਗੀਆਂ, ਦੁਨੀਆਂ ਕੁੱਤਿਆਂ-ਬਿੱਲਿਆਂ ਤੇ ਚੂਹਿਆਂ ਵਾਂਗੂੰ ਮਾਰੀ ਜਾਣ ਲੱਗੀ। ਤਾਂ ਸਾਡੀਆਂ ਨੀਂਦਰਾਂ ਵੀ ਹਰਾਮ ਹੋਣ ਲੱਗ ਪਈਆਂ। ਪਿੰਡ ਵਾਲਿਆਂ ਸਾਨੂੰ ਬਥੇਰੀ ਤਸੱਲੀ ਦਿੱਤੀ, 'ਸਾਡੇ ਹੁੰਦਿਆਂ ਕੋਈ ਤੁਹਾਡੀ ਧੂੜ ਵੱਲ ਨਹੀਂ ਵੇਖਣ ਲੱਗਾ--ਤੁਸੀਂ ਚੁੱਪ ਕਰ ਕੇ ਇੱਥੇ ਈ ਟਿਕੇ ਰਹੋ।' ਪਰ ਸਾਡੇ ਤੋਂ ਉੱਥੇ ਟਿਕਣਾ ਦਿਨੋਂ-ਦਿਨ ਔਖਾ ਹੁੰਦਾ ਜਾਂਦਾ ਸੀ। ਜਿਵੇਂ ਲੋਕਾਂ ਦੇ ਮਰਨ ਦੀਆਂ ਖ਼ਬਰਾਂ ਅੱਪੜਦੀਆਂ ਅਸੀਂ ਹੋਰ ਤਰੁਠ ਜਾਂਦੇ। ਓੜਕ ਅਸੀਂ ਹਰ ਸ਼ੈਅ ਸਾਂਭ ਕੁੰਜ ਕੇ ਟੁਰ ਪਏ, ਉਥੋਂ। ਸਾਰਾ ਪਿੰਡ ਛੱਡਣ ਆਇਆ ਸਾਨੂੰ ਬਰੂਹਾਂ ਤਾਂਈ। ਹੱਦ ਸਾਥੋਂ ਚੋਖੀ ਦੁਰਾਡੀ ਨਹੀਂ ਸੀ, ਪਰ ਜਿਹੜੀ ਰੱਤ ਦੀ ਹਨ੍ਹੇਰੀ ਝੁੱਲੀ ਹੋਈ ਸੀ, ਉਹਦੀ ਪਾਰੋਂ ਵਰ੍ਹਿਆਂ ਦੇ ਪੰਧ 'ਤੇ ਜਾ ਖਲੋਤੀ ਸੀ। ਰਾਹ ਵਿਚ ਸਾਨੂੰ ਹੋਰ ਵੀ ਕਈ ਟਾਬਰੀਆਂ ਆ ਰਲੀਆਂ, ਉੱਜੜ ਕੇ ਏਧਰ ਨੂੰ ਆਉਂਦੀਆਂ ਹੋਈਆਂ। ਇੰਝ ਅਸੀਂ ਵਾਹਵਾ ਸਾਰੇ ਲੋਕ ਹੋ ਗਏ। ਉਦੋਂ ਅਸੀਂ ਹੱਦ ਤੱਕ ਅੱਪੜੇ ਈ ਪਏ ਸਾਂ, ਜਦੋਂ ਹੋਣੀ ਨੇ ਸਾਡੇ ਉੱਤੇ ਆਪਣਾ ਵਾਰ ਕੀਤਾ। ਏਧਰੋਂ ਉੱਜੜ ਕੇ ਜਾਂਦਿਆਂ ਦਾ ਇਕ ਜਥਾ ਆ ਪਿਆ, ਸਾਨੂੰ। ਤੀਹ-ਚਾਲੀ ਬੰਦੇ ਮਾਰੇ ਗਏ। ਸਾਡੇ ਤੇ ਮਰਨ ਵਾਲਿਆਂ ਵਿਚ ਮੈਥੋਂ ਵੱਡੇ ਤਿੰਨੇ ਭਰਾ, ਤੇ ਸਾਡਾ ਪਿਉ ਵੀ ਸੀ। ਮੈਨੂੰ ਵੀ ਡਾਢੀਆਂ ਸੱਟਾਂ ਵੱਜੀਆਂ। ਅਗਲਾ ਪੰਧ ਅਸਾਂ ਫੇਰ ਪੁੱਤਰਾ, ਸੂਲਾਂ 'ਤੇ ਈ ਕੀਤਾ। ਬੜਿਆਂ ਆਹਲਿਆਂ ਨਾਲ, ਅਸੀਂ ਹੱਦ ਲੰਘੇ। ਪਹਿਲਾਂ ਤੇ ਕਿੰਨਾਂ ਚਿਰ ਏਧਰ ਕੈਂਪ ਵਿਚ ਪਏ ਰਹੇ। ਮੁੜ, ਏਥੋਂ ਚੁੱਕਿਓ ਈ ਤੇ ਸ਼ੇਖੂਪੁਰੇ ਲਿਆ ਸੁੱਟਿਓ ਨੇ। ਥਾਂ ਉਂਜ ਸਾਨੂੰ ਸਿਰ ਲੁਕਾਉਣ ਲਈ, ਵਾਹਵਾ ਈ ਚੰਗੀ ਜੁੜ ਗਈ। ਲਾਲਿਆਂ ਦਾ ਜਹਾਜ਼ ਜਿੱਡਾ ਘਰ ਸੀ। ਬੜਾ ਈ ਸੋਹਣਾ ਤੇ ਰੀਝਾਂ ਨਾਲ ਬਣਿਆਂ ਹੋਇਆ। ਜਿਵੇਂ ਦੇ ਇਨ੍ਹਾਂ ਚੰਦਰਿਆਂ ਦੇ ਬਣੇ ਹੁੰਦੇ ਨੇ, ਸਗਵਾਂ ਉਂਜ ਦਾ, ਸਗੋਂ ਉਹਦੇ ਤੋਂ ਵੀ ਕੁਝ ਵੱਧ। ਲਾਲੇ ਢੇਰ ਸੌਖੇ ਬੰਦੇ ਜਾਪਦੇ ਸਨ। ਅਸੀਂ ਕਦੇ ਅਜਿਹੇ ਘਰ ਸੁਪਨੇ ਵਿਚ ਵੀ ਨਹੀਂ ਸਨ, ਵੇਖੇ। ਛੱਜਿਆਂ, ਰੌਸਾਂ ਤੇ ਝਰੋਖਿਆਂ ਵਾਲੇ ਘਰ। ਉੱਚੀਆਂ ਛੱਤਾਂ, ਤੇ ਖੁੱਲ੍ਹੀਆਂ ਬਾਰੀਆਂ ਵਿਚ ਸੁਹਣੀਆਂ ਕਾਰਨਸਾਂ, ਤੇ ਲੱਕੜ ਦੀਆਂ ਅਲਮਾਰੀਆਂ। ਸੱਚੀ ਦੱਸਾਂ, ਤਾਂ ਸਾਨੂੰ ਉੱਥੇ ਰਹਿੰਦਿਆਂ ਡਰ ਆਵੇ। ਏਹੋ ਈ ਜਾਪੇ, ਹੁਣੇ ਮਾਲਕਾਂ ਆ ਜਾਣਾ ਏ, ਤੇ ਸਾਨੂੰ ਕੱਢ ਦੇਣਾ ਏ, ਉਨ੍ਹਾਂ ਆਪਣੇ ਐਡੇ ਸੋਹਣੇ ਘਰ ਵਿੱਚੋਂ। ਤਾਂ ਵੀ ਅਸੀਂ ਦੜ ਵੱਟ ਕੇ ਟਿਕੇ ਰਹੇ। ਟੱਬਰ ਵਿਚ ਮੈਂ ਹੀ ਸਭ ਤੋਂ ਵੱਡਾ ਸਾਂ। ਨਿੱਕਾ ਅਸਲੋਂ ਹੌਲਾ ਸੀ। ਆਪੂੰ ਕੋਈ ਕੰਮ ਵਿੱਢਣ ਜੋਗਾ ਨਹੀਂ ਸੀ। ਦੁੱਖਾਂ ਤੇ ਗਮਾਂ ਦੀ ਫੰਡੀ ਹੋਈ ਵਡੇਰੀ ਮਾਂ, ਮੋਏ ਹੋਏ ਭਰਾਵਾਂ ਦਾ ਜੀਆ-ਜੰਤ, ਦੋ ਨਿੱਕੇ ਭੈਣ-ਭਰਾ, ਫੇਰ ਮੇਰੀ ਆਪਣੀ ਕਬੀਲਦਾਰੀ। ਏਡੀ ਭਾਰੀ ਗੱਡ ਮੈਨੂੰ 'ਕੱਲੇ ਨੂੰ ਈ ਛਿੱਕਣੀ ਪੈਣੀ ਸੀ। ਬਣੇ, ਕਿਸੇ ਕੰਮ ਦਾ ਨਾ ਕੋਈ ਹੱਜ ਸੀ, ਨਾ ਕੋਈ ਦਿਨ। ਪੱਲੇ ਅਲਾਹ ਵਾਲੀ, ਕੋਈ ਸ਼ੈਅ ਨਹੀਂ ਸੀਂ, ਜੇਹੜੀ ਵੇਚ-ਵੱਟ ਕੇ ਆਪਣਾ ਅੱਡਾ ਈ ਲਾ ਬਹਿੰਦਾ, ਕਿਤੇ। ਸਾਰੀ ਦਿਹਾੜੀ ਉਰਾਂ-ਪਰਾਂ ਧੱਕੇ-ਠੁੱਡੇ ਖਾ ਕੇ ਜਿਹੜਾ ਛਿੱਲੜ ਲੱਭਦਾ ਉਹਦੇ ਨਾਲ ਡੰਗ ਨਾ ਲੰਘਦਾ। ਕਦੀ ਸੋਚਿਆਂ ਵੀ ਨਹੀਂ ਸੀ। ਇੰਝ ਅਨਾ-ਅਨਾ ਕਰਦਿਆਂ ਫਿਰਨ ਦਾ। ਰੋ-ਪਿੱਟ ਕੇ ਵੇਲਾ ਕੱਢਿਆ। ਧੂੜ ਤੇ ਭੁੱਬਲ ਥੋੜ੍ਹਾ ਬਹਿਣ ਲੱਗੀ ਤਾਂ ਨਿੱਕੇ ਮੋਟੇ ਕੰਮਾਂ-ਕਾਰਾਂ ਦੀ ਨਿੰਮੀ-ਨਿੰਮੀ ਜੋਤ ਮੁੜ ਜਗਣੀ ਚਾਲੂ ਹੋਈ। ਉਦੋਂ ਹੀ ਮੈਨੂੰ ਸੁੱਚੇ-ਤਿੱਲੇ ਵਾਲਾ ਰਾਹ ਵਿਖਾਲੀ ਦਿੱਤਾ। ਏਧਰ ਸੁੱਚੇ-ਤਿੱਲੇ ਦਾ ਲੰਮਾਂ ਕਾਲ ਸੀ। ਉੱਧਰ ਮੇਰੇ ਹਿਸਾਬ ਨਾਲ ਕੋਈ ਧੁਰ-ਧੱਜ ਨਹੀਂ ਸੀ। ਦਿਲ ਵਿਚ ਆਈ, ਕਿਉਂ ਨਾ ਉਧਰੋਂ ਲਿਆ ਕੇ-ਏਧਰ ਵੇਚਾਂ। ਆਸਿਉਂ-ਪਾਸਿਉਂ ਸੂਹ ਕੱਢੀ ਤਾਂ ਪਤਾ ਲੱਗਾ ਤਾਂ ਪਈ, ਕਿੰਨੇ ਈ ਲੋਕ ਸਨ, ਜਿਹੜੇ ਹੱਦ ਟੱਪ ਕੇ ਉੱਧਰ ਜਾਂਦੇ ਸਨ ਤੇ ਕਿੰਨਿਆਂ ਵੰਨਾਂ ਦੀਆਂ ਚੀਜ਼ਾਂ ਵਸਤਾਂ ਲਿਆ ਕੇ ਏਧਰ ਖੱਟੀਆਂ-ਖੱਟਦੇ ਪਏ ਸਨ। ਹੱਦ 'ਤੇ ਪਾਹਰਤ ਬੜੀ ਸੀ, ਪਰ ਜਿੰਨੀ ਕਰੜੀ ਅੱਜ ਸੁਣਨ ਵਿਚ ਆਉਂਦੀ ਏ, ਏਨੀ ਕਰੜੀ ਨਹੀਂ ਸੀ। ਹੱਦ ਦਾ ਕੰਮ ਕਰਨ ਵਾਲੇ ਰਾਤ ਦੇ ਹਨ੍ਹੇਰੇ ਵਿਚ ਅਡੋਲ ਹੀ ਪਾਰ-ਉਰਾਰ ਹੋ ਜਾਂਦੇ ਸਨ, ਪਾਹਰਵਾਂ ਨੂੰ ਖ਼ਬਰ ਵੀ ਨਹੀਂ ਸੀ ਹੁੰਦੀ।

ਲੈ ਬਈ! ਮੈਂ ਵੀ ਟੁਰ ਪਿਆ। ਭੁੱਖਾਂ ਦਾ ਮਾਰਿਆ, ਤੇ ਫਾਕਿਆਂ ਦਾ ਕੁਠਿਆ, ਏਸੇ ਬੰਨੇ। ਪਹਿਲੇ ਫੇਰੇ ਈ ਸਾਰੇ ਡਰ-ਡੱਕਰ ਲਹਿ ਗਏ। ਦੂਜਾ ਫੇਰਾ ਮੇਰਾ ਪਹਿਲੇ ਤੋਂ ਵੀ ਚੰਗਾ ਰਿਹਾ। ਘਰ ਦੀ ਦਾਲ-ਰੋਟੀ ਦਾ ਆਸਰਾ ਬਣਨ ਲੱਗ ਪਿਆ। ਉਧਰੋਂ ਲਿਆਂਦਾ, ਸੁੱਚਾ ਤਿੱਲਾ ਦੂਣੇ ਭਾਅ ਤੇ ਏਧਰ ਵਿਕ ਜਾਂਦਾ ਸੀ ਤੇ ਚਾਰ ਛਿੱਲੜ ਚੰਗੇ ਲੱਭ ਪੈਂਦੇ ਸਨ। ਤੀਜੇ ਫੇਰੇ, ਮੈਂ ਮੁੜ, ਗਿਆ........ ਪਰ ਨੱਪਿਆ ਗਿਆ। ਅਗਲਿਆਂ ਬਜ਼ਾਰ ਵਿਚ ਈ ਆਣ ਫੜਿਆ, ਮੈਨੂੰ। ਕਾਗਜ਼-ਪੱਤਰ ਹੈ ਕੋਈ ਨਹੀਂ ਸੀ ਮੇਰੇ ਕੋਲ, ਹੱਦ ਟੱਪਣ ਦਾ। ਉਹਨਾਂ ਮਾਂ ਦਿਆਂ ਖਸਮਾਂ, ਪਹਿਲਾਂ ਤਾਂ ਬਣਾ ਕੇ ਘੜਿਆ, ਮੈਨੂੰ ਉੱਥੇ ਬਜ਼ਾਰ ਵਿਚ ਈ, ਫੇਰ ਮੋਟਰ ਵਿਚ ਪਾ ਕੇ ਲੈ ਗਏ ਤੇ ਹਵਾਲਾਤ ਵਿਚ ਲਿਜਾ ਸੁੱਟਿਓ ਨੇ। ਮੇਰੇ ਤਾਂ ਪਰਾਣ ਈ ਟੁੱਟ ਗਏ, ਜਦੋਂ ਮੈਂ ਆਪਣੇ-ਆਪ ਪਿਛਲੇ ਜਣਿਆਂ ਦਾ ਸੋਚਿਆ। ਮੈਨੂੰ ਤਾਂ ਲੱਗ ਗਏ ਪਛਤਾਵੇ, ਝੂਰਾਂ! ਮੈਂ ਆਪਣੇ ਆਪ ਨਾਲ ਓਸ ਕਾਲ-ਕੋਠੜੀ ਵਿਚ ਪਿਆ ਹੋਇਆ, "ਕੀ

ਲੋੜ ਸੀ, ਏਸ ਕੁੱਤੇ-ਕਮ ਵਿਚ ਵੜਨ ਦੀ? ਦਿਹਾੜੀ-ਦੱਪਾ ਕਰ ਕੇ ਈ ਵੇਲਾ ਟਪਾਈ ਰੱਖਦਾ ਤਾਂ ਉਹ ਚੰਗਾ ਨਹੀਂ ਸੀ! ਏਥੇ ਬੇ-ਤਵਾਕਿਆਂ ਤੇ ਬੇ-ਪਰਾਣਿਆਂ ਹੋ ਕੇ ਆ ਪੈਣ ਨਾਲੋਂ? ਏਹ ਦੋ ਨਹੀਂ, ਤੇ ਡੂਢ ਵਰ੍ਹਾ ਤੇ ਏਹ ਆਉਣ ਨਹੀਂ ਦੇਣ ਲੱਗੇ। ਪਿੱਛੋਂ ਘਰ ਵਾਲਿਆਂ ਦਾ ਕੌਣ ਵਾਲੀ ਵਾਰਸ ਹੋਵੇਗਾ?" ਸਾਰੀ ਰਾਤ ਇਹਨਾਂ ਈ ਖਿਆਲਾਂ ਦਿਆਂ, ਹਾਠਾਂ ਨਾਲ ਰੂ-ਬਾਵਰਾ ਹੁੰਦਾ ਰਿਹਾ, ਹੱਡਾਂ ਵਿੱਚੋਂ ਨਿਕਲੀਆਂ ਚੀਸਾਂ ਵੀ, ਕਿਹੜਾ ਕਰਾਰ ਲੈਣ ਪਈਆਂ ਦਿੰਦੀਆਂ ਸਨ।

ਸਵੇਰ ਹੋਈ ਤਾਂ ਹੱਥਕੜੀ ਮਾਰ ਕੇ ਇਕ ਮਜਸਟਰੇਟ ਦੇ ਲਿਜਾ ਪੇਸ਼ ਕੀਤੋ ਨੇ। ਮਜਸਟਰੇਟ ਵਾਹਵਾ ਪਕਰੋਟ ਉਮਰ ਦਾ ਗੋਰਾ ਚਿੱਟਾ ਗਭਰੂ ਸੀ। ਉਹਨੂੰ ਦੇਖ ਕੇ ਮੇਰੇ ਤਾਂ ਲੂੰ ਕੰਢੇ ਈ ਖਲੋ ਗਏ। ਐਨਕ ਲਾਈ, ਕਾਗਜ਼ਾਂ 'ਤੇ ਨੀਵੀਂ ਪਾਈ ਬੈਠਾ ਸੀ। ਸ਼ਕਲੋਂ ਈ ਖੜੇ-ਕਿਰਕ ਜਿਹਾ ਬੰਦਾ ਜਾਪਦਾ ਸੀ। ਮੇਰਾ ਦਿਲ ਆਖੇ, ਏਹਨੇਂ ਡੂਢ-ਦੋ ਵਰ੍ਹੇ ਅਰਮਾਨ ਨਾਲ ਈ ਬੰਨ੍ਹ ਛੱਡਣਾ ਏ। ਜਿੰਨਾਂ ਚਿਰ ਉਹ ਨੀਵੀਂ ਪਾਈ ਬੈਠਾ ਰਿਹਾ, ਮੈਂ ਉਹਦੇ ਵੱਲ ਈ ਤੱਕਦਾ ਰਿਹਾ। ਫੇਰ ਉਹਨੇਂ ਕਾਗਜ਼ਾਂ ਤੋਂ ਨਿਗਾਹ ਚਾਈ। ਮੇਰੇ ਵੱਲ ਡਿੱਠਾ, ਨਾਲ ਈ ਬੈਠੇ, ਬੈਠਿਆਂ ਇਕ ਅਦਾਲਤੀ ਕਰਿੰਦੇ ਨੂੰ ਕੁਝ ਪੁਛਿਉਸ ਤੇ ਫੇਰ ਸਾਹਵਾਂ ਮੇਰੇ ਵੱਲ ਵੇਖਦਾ ਹੋਇਆ ਬੋਲਿਆ, "ਹਾਂ ਬਈ, ਤੂੰ ਬਾਰਡਰ ਟੱਪ ਕੇ ਆਇਆ ਏਂ?"

ਮੈਂ ਅੱਗੋਂ ਕੰਬਦੀ ਅਵਾਜ਼ ਵਿਚ ਆਖਿਆ, "ਸਾਹਬ ਬਹਾਦਰ, ਆਇਆ ਤੇ ਮੈਂ ਬਾਰਡਰ ਟੱਪ ਕੇ ਈ ਆਂ, ਏਹਦੇ ਵਿਚ ਜ਼ਰਾ ਸ਼ੱਕ ਨਹੀਂ, ਪਰ ਆਇਆ ਭੁੱਖ ਦਾ ਮਾਰਿਆ ਆਂ। ਹੁਣ ਜੇ ਤੁਸਾਂ ਮੈਨੂੰ ਜੇਲ੍ਹ ਵਿਚ ਚਾ ਸੁੱਟਿਆ ਤਾਂ ਮੇਰਾ ਸਾਰਾ ਟੱਬਰ ਭੁੱਖਾ ਮਰ ਜਾਵੇਗਾ। ਇਕ ਵਾਰੀ ਗੁਨਾਹ ਕਰੀਏ ਤਾਂ ਰੱਬ ਵੀ ਮਾਫ਼ ਕਰ ਛੱਡਦਾ ਏ, ਤੁਸੀ ਵੀ ਮੈਨੂੰ ਮਾਫ਼ੀ ਦੇ ਦੇਵੋ।"

ਉਹ ਫੇਰ ਬੈਠੇ-ਬੈਠੇ, ਕਰਿੰਦੇ ਨਾਲ ਕੁਝ ਘੁਸਰ-ਮੁਸਰ ਕਰਨ ਲੱਗ ਪਿਆ ਮੇਰੀਆਂ ਗੱਲਾਂ ਦਾ ਉਹਦੇ 'ਤੇ ਜਿਵੇਂ ਕੁਝ ਅਸਰ ਹੀ ਨਹੀਂ ਸੀ ਹੋਇਆ। ਮੈਂ ਮੁੜ ਆਪਣੇ ਦਿਲ ਨੂੰ ਆਖਿਆ, "ਲੈ ਬਈ, ਏਥੋ ਤਾਂ ਸੌਖੀ ਜਿੰਦ ਨੀਂ ਛੁਟਦੀ ਦਿੱਸਦੀ।'

"ਅਦਾਲਤ ਜਿੰਨੀ ਗੱਲ ਪੁੱਛੇ ਉਹਨੂੰ ਉਤਨਾਂ ਈ ਜਵਾਬ ਦੇਣਾ ਏ, ਵਾਧੂ ਗੱਲਾਂ ਦੀ ਕੋਈ ਲੋੜ ਨਹੀਂ।" ਉਹਨੇ ਮੈਨੂੰ ਟਕੋਰਿਆ।

ਮੈਂ ਅੱਗੋਂ ਹੱਥ ਚਾ ਬੱਧੇ, "ਮਾਫ਼ੀ ਦੇ ਦੇ ਦੇਵੋ, ਸਾਹਬ ਬਹਾਦਰ।"

"ਏਧਰ ਕਿਹੜੇ ਸ਼ਹਿਰ ਦਾ ਰਹਿਣ ਵਾਲਾ ਏਂ?"

"ਜਨਾਬ, ਸ਼ੇਖ਼ੂਪੁਰੇ ਦਾ।"

ਸਾਹਬ ਨੇ ਮੇਰੇ ਮੂੰਹ ਵੱਲ ਕੁਝ ਨੀਝ ਨਾਲ ਤੱਕਿਆ ਤੇ ਰਤਾ ਕੁ ਕੁਰਸੀ 'ਤੇ ਕੁਵਾਸਾ ਲਈ ।

"ਸ਼ੇਖ਼ੂਪੁਰੇ ਕਿੱਥੋਂ ਦਾ?"

"ਜੀ ਖੰਡ ਪੁਰੀਆਂ ਦਾ ਮਹੱਲਾ ਆਖਦੇ ਨੇ ਉਹਨੂੰ।"

"ਏਧਰੋਂ ਗਿਆ ਹੋਇਆ ਏਂ ਤੂੰ?"

"ਆਹੋ! ਸਾਹਬ ਬਹਾਦਰ, ਏਧਰ ਹੀ ਰਹਿੰਦੇ ਹੁੰਦੇ ਸਾਂ, ਅਸੀਂ ਪਹਿਲੋਂ।"

"ਕਿੰਨਾਂ ਚਿਰ ਹੋ ਗਿਆ ਈ ਖੰਡ ਪੁਰੀਆਂ ਦੇ ਮਹੱਲੇ ?" ਸਾਹਬ ਨੂੰ ਜਿਵੇਂ ਖੰਡ ਪੁਰੀਆਂ ਦੇ ਮੁਹੱਲੇ ਦੀ ਕੋਈ ਗੱਲ ਚੇਤੇ ਸੀ।

"ਸਾਹਬ ਤੁਸੀਂ ਕਿਧਰੇ ਉਥੋਂ ਦੇ ਰਹਿਣ ਵਾਲੇ ਤਾਂ ਨਹੀਂ? "

ਮੇਰੇ ਮੂੰਹੋਂ ਅਚਨਚੇਤ ਨਿਕਲ ਗਿਆ।

ਉਹਨੇ ਇਕ ਘੂਰੀ ਜਿਹੀ ਵੱਟ ਕੇ ਮੇਰੇ ਵੱਲ ਕੇ ਮੇਰੇ ਵੇਖਿਆ। "ਨਹੀਂ, ਅਜਿਹੀ ਕੋਈ ਗੱਲ ਨਹੀਂ।" ਤੇ ਫੇਰ ਉਹ ਆਪਣੀ ਥਾਓਂ ਉੱਠਿਆ ਤੇ ਅਦਾਲਤ ਵਿਚ ਈ ਬਣੇ ਹੋਏ, ਆਪਣੇ ਕਮਰੇ ਵਿਚ ਚਲਾ ਗਿਆ। ਮੈਨੂੰ ਵੀ ਉਹਨੇ ਇੱਕਲੇ ਨੂੰ ਉੱਥੇ ਈ ਸੱਦ ਲਿਆ।

ਮੈਨੂੰ ਸੋਫੇ 'ਤੇ ਬਿਠਾ ਕੇ ਉਹ ਕੁਰਸੀ ਖਿੱਚ ਕੇ ਮੇਰੇ ਸਾਹਮਣੇ ਹੋ ਬੈਠਾ, "ਅੱਛਾ ਤੂੰ ਖੰਡ ਪੁਰੀਆਂ ਦੇ ਮਹੱਲੇ ਰਹਿਨਾਂ ਏਂ ਉੱਥੇ! ਕਿੱਥੇ ਕਰਕੇ ਭਲਾ?" ਉਸ ਮੈਨੂੰ ਬੜੇ ਸਹਿਜ ਨਾਲ ਪੁੱਛਿਆ।

ਮੈਂ ਸਮਝ ਗਿਆ, ਸਾਹਬ ਉੱਥੇ ਦਾ ਰਹਿਣ ਵਾਲਾ ਨਹੀ ਤਾਂ ਫੇਰ ਉਥੇ ਗਿਆ-ਆਇਆ ਜ਼ਰੂਰ ਹੋਇਆ ਜੇ.......ਹੁਣ ਉਹੋ ਯਾਦਾਂ ਘੇਰੀ ਬੈਠੀਆਂ ਨੇ ਇਹਨੂੰ ।

"ਲਾਲਿਆਂ ਦੇ ਨਾਂ ਤੋਂ ਵੱਜਦੀ ਏ, ਉਹ ਗਲੀ, ਲਾਲਿਆਂ ਦੀ ਗਲੀ ਕਰਕੇ!" ਮੈਂ ਉਹਨੂੰ ਦੱਸਿਆ।

"ਤੂੰ ਖੰਡ ਪੁਰੀਆਂ ਦੇ ਮਹੱਲੇ ਲਾਲਿਆਂ ਦੀ ਗਲੀ ਵਿਚ ਰਹਿਨਾਂ ਏ?" ਉਹਦੇ ਉੱਤੇ ਕੁਝ ਹੋਰਵੀ ਜੇਹੀ ਪਰਤਣ ਲੱਗ ਪਈ। "ਘਰ ਦਾ ਪਤਾ ਦੱਸ ਖਾਂ, ਭਲਾ ਜਿਹਦੇ ਵਿਚ ਤੂੰ ਬੈਠਾ ਹੋਇਆਂ ਏਂ?" ਉਹ ਉਤਾਵਲਾ ਜਿਹਾ ਹੋ ਗਿਆ।

"ਲਾਲਿਆਂ ਦਾ ਘਰ ਈ ਸੁਣਨ ਵਿਚ ਆਉਂਦਾ ਏ, ਉਹ।" ਮੈਂ ਆਖਿਆ।

ਉਹਨੂੰ ਤੇ ਜਿਵੇਂ ਸੱਚੀ-ਮੁੱਚੀ ਕਰੰਟ ਜਾ ਲੱਗਾ ਹੋਵੇ, ਮੇਰੀ ਗੱਲ ਨਾਲ। ਕੁਰਸੀ ਪਿਛਾਂਹ ਰੇੜ੍ਹ ਕੇ ਹੇਠਾਂ ਗਲੀਚੇ ਉੱਤੇ ਮੇਰੇ ਪੈਰਾਂ ਕੋਲ ਹੋ ਬੈਠਾ ਤੇ ਬਿੱਟ-ਬਿੱਟ ਮੇਰਾ ਮੂੰਹ ਤੱਕਣ ਲੱਗ ਪਿਆ। ਸਮਝ ਤਾਂ ਅੱਗੋਂ ਵੀ ਮੈਨੂੰ, ਕਿਸੇ ਗੱਲ ਦੀ ਨਹੀ ਸੀ ਆਉਂਦੀ ਪਈ, ਹੁਣ ਤੇ ਉੱਕਾ ਮੇਰੇ ਪਰਾਣ ਗੁਆਚ ਗਏ ਕਿ, ਉਹ ਮੁਨਸਫ ਹੋ ਕੇ ਇਕ ਮੁਲਜ਼ਮ ਦੇ ਪੈਰਾਂ ਕੋਲ ਬੈਠਾ ਹੋਇਆ ਸੀ, ਇਕ ਏਸੇ ਮੁਲਜ਼ਮ ਦੇ ਪੈਰਾਂ ਕੋਲ ਜਿਹੜਾ ਆਪੂੰ ਝੋਲੀ ਅੱਡ ਕੇ ਉਹਦੇ ਕੋਲੋਂ ਮਿਹਰ ਪਿਆ, ਮੰਗਦਾ ਸੀ। ਮੈਂ ਉਹਨੂੰ ਹੱਥ ਬੰਨ੍ਹੇ ਤੇ ਉਤਾਂਹ ਕੁਰਸੀ 'ਤੇ ਹੋ ਕੇ ਬਹਿਣ ਦਾ ਤਰਲਾ ਕੀਤਾ, ਪਰ ਉਹ ਕੋਈ ਨਹੀਂ ਮੰਨਿਆਂ। ਮੈਂ ਆਪ ਥੱਲੇ ਉਹਦੇ ਕੋਲ ਹੋ ਬਹਿਣਾ ਚਾਹਿਆ, ਤਾਂ ਉਹਨੇ ਮੈਨੂੰ ਸੋਫਿਉਂ ਥੱਲੇ ਨਾ ਲੱਥਣ ਦਿੱਤਾ। ਮੈਂ ਆਖਿਆ, "ਸਾਹਬ

ਕੋਈ ਵੇਖ ਲਵੇ ਤਾਂ ਕੀ ਆਖੇ? "

"ਤੂੰ ਛੱਡ ਏਸ ਗੱਲ ਨੂੰ, ਤੇ ਮੈਨੂੰ ਏਹ ਦੱਸ, ਬਰੀ ਹੋਣਾ ਈ ਕਿ ਜੇਲ੍ਹ ਜਾਣਾ ਈ?" ਉਹ ਮੇਰੀਆਂ ਅੱਖਾਂ ਵਿਚ ਝਾਕਦਾ ਹੋਇਆ ਬੋਲਿਆ।

"ਸਾਹਬ, ਬਰੀ ਕਰ ਦੇਵੋ ਤਾਂ ਤੇਰੇ ਜਿਹਾ ਇਕ ਨਹੀਂ ਦੁਨੀਆਂ 'ਤੇ, ਮੈਂ ਤੇਰੇ ਨਾਲ ਕਾਰਾ ਕਰਨਾ ਮੁੜ ਇੰਝ ਹੱਦ ਟੱਪ ਕੇ ਨਾ ਆਵਾਂਗਾ, ਕਦੀ ਏਸ ਬੰਨੇ।"

"ਮੈਂ ਤੈਨੂੰ ਬਰੀ ਕਰ ਦੇਨਾਂ, ਪਰ ਪਹਿਲੇ ਤੈਨੂੰ ਇਕ ਸ਼ਰਤ ਮੰਨਣੀ ਪੈਸੀ। ਦੱਸ, ਮੰਨੇਗਾ?"

"ਬੱਚਿਆਂ ਵਾਲਿਆਂ, ਤੂੰ ਇੱਕ ਆਹਨਾਂ ਏ, ਮੈਂ ਤੇਰੀਆਂ ਦੱਸ ਸ਼ਰਤਾਂ ਮੰਨਣ ਨੂੰ ਤਿਆਰ ਆਂ।"

"ਸ਼ਰਤ ਏਹ ਈ, ਪਈ ਤੂੰ ਮੈਨੂੰ ਉਸ ਲਾਲਿਆਂ ਵਾਲੇ ਘਰ ਬਾਰੇ ਦੱਸ, ਉੱਥੇ ਕੀ-ਕੀ ਏ, ਤੇ ਕਿਵੇਂ-ਕਿਵੇਂ ਦਾ ਬਣਿਆਂ ਹੋਇਆ ਏ? ਮੈਂ ਤੈਨੂੰ ਛੱਡ ਦੇਵਾਂਗਾ" ਉਹ ਹਾੜ੍ਹਾ ਪਾਂਦਾ ਬੋਲਿਆ।

ਪਹਿਲੋਂ ਤੇ ਮੈਨੂੰ ਲੱਗਾ ਇਹ ਸ਼ਰਤ ਪੂਰੀ ਕਰਨਾ ਮੇਰੇ ਜੈਸੇ ਗਲਾਧੜੀ ਬੰਦੇ ਲਈ ਕਿਹੜੀ ਔਖੀ ਗੱਲ ਏ। ਪਰ ਜਦੋਂ ਮੈਂ ਸ਼ੁਰੂ ਹੋਵਣ ਲੱਗਾ, ਤਾਂ ਮੈਨੂੰ ਕੁਝ ਚੇਤੇ ਈ ਨਾ ਆਵੇ। ਬੜਿਆਂ ਔਖਿਆਂ- ਸੌਖਿਆਂ ਹੋ ਕੇ ਮੈਂ ਅੜਦਿਆਂ-ਅੜਦਿਆਂ ਬੋਲਣਾ ਸ਼ੁਰੂ ਕੀਤਾ। ਬਾਹਰੋਂ ਗਲੀ ਤੋਂ ਸ਼ੁਰੂ ਹੋਇਆ, ਮੈਂ। ਥੜ੍ਹੀ ਦੱਸੀ, ਬੂਹਾ ਦੱਸਿਆ। ਬੂਹੇ ਦੀ ਉੱਤਲੀ ਮਹਿਰਾਬ ਵਿਚ ਸੱਜੀ-ਖੱਬੀ ਨੁੱਕਰੇ, ਸੁੰਡਾਂ ਚਾਈ, ਪਿਛਲਿਆਂ ਪੈਰਾਂ 'ਤੇ ਖਲੋਤੇ ਹਾਥੀਆਂ ਦੀਆਂ ਚਾਂਦੀ ਰੰਗੀਆਂ ਮੂਰਤੀਆਂ ਦੱਸੀਆਂ। ਫੇਰ ਅੰਦਰ ਵੇਹੜੇ ਵਿਚ ਫੁੱਲਾਂ ਦੀਆਂ ਕਿਆਰੀਆਂ ਤੋਂ ਤੁਰਦਾ ਹੋਇਆ ਚੌਂਕੇ ਵੱਲ ਆਇਆ, ਦਿਮਾਗ 'ਤੇ ਜ਼ੋਰ ਪਾ ਕੇ ਜੋ ਮੈਨੂੰ ਜੋ ਚੇਤੇ ਆਇਆ, ਉਹ ਮੈਂ ਉਹਨੂੰ ਦੱਸਿਆ। ਉਹ ਨੀਵੀਂ ਪਾਈ, ਮੇਰੀਆਂ ਗੱਲਾਂ ਸੁਣਦਾ ਪਿਆ ਸੀ। ਅਸਲੋਂ, ਅਡੋਲ ਹੋਇਆ ਬੈਠਾ। ਮੈਨੂੰ ਸਾਹ ਲੈਂਦਾ ਵੀ ਨਹੀਂ ਸੀ, ਜਾਪਦਾ ਪਿਆ। ਮੈਂ ਚੌਂਕੇ ਤੋਂ ਨਿਕਲ ਕੇ ਹੁਣ ਉਸ ਘਰ ਦੇ ਪਸਾਰ ਵੱਲੇ ਵਧਿਆ, ਜੀਹਦੇ ਵਿਚ ਟਿਕੇ ਹੋਏ ਸਾਂ। ਪਸਾਰ ਦੀਆਂ ਜਿੰਨੀਆਂ ਚੀਜ਼ਾਂ ਚੇਤੇ ਆਈਆਂ, ਮੈਂ ਦੱਸੀਆਂ। ਪਰ ਜਦੋਂ ਮੈਂ ਹਾਲ-ਕਮਰੇ, ਵਿਚ ਵੜਨ ਲੱਗਾ ਤਾਂ ਮੈਨੂੰ ਚੇਤੇ ਆਇਆ ਪਈ, ਪਸਾਰ ਦੀ ਇਕ ਥਾਂ ਬਾਬਤ ਮੈਂ ਭੁੱਲ ਈ ਗਿਆ ਸਾਂ। ਮੈਂ ਹਾਲ-ਕਮਰੇ ਵਿਚ ਵੜਦਾ-ਵੜਦਾ ਪਰਤ ਆਇਆ, ਪਸਾਰ ਦੀ ਇਕ ਥਾਂ ਦਾ ਦੱਸਣਾ ਮੈਨੂੰ ਚੇਤੇ ਹੀ ਨਹੀਂ ਰਿਹਾ! "ਇਹ ਸੱਜੀ ਕੰਧ ਵਿਚ ਬਣਿਆਂ ਹੋਇਆ ਇਕ ਆਲਾ ਏ ਬੜਾ ਈ ਸੋਹਣਾ, ਏਨਾਂ ਸੋਹਣਾ ਕਿ ਵੇਖਿਆਂ ਭੁੱਖ ਲਹਿੰਦੀ ਏ। ਇਹਨੂੰ ਤੇ ਇਹਦੇ ਕੰਢਿਆਂ ਉੱਤੇ ਜਿਹੜੇ ਵੇਲ ਬੂਟੇ ਨਕਸ਼ੇ ਹੋਏ ਨੇ, ਉਹਨਾਂ ਦੀ ਤੇ ਸ਼ੋਭਾ, ਮੈਂ ਕਰ ਈ ਨਹੀਂ ਸਕਦਾ...... ......"

ਅਜੇ ਇਹ ਗੱਲ ਮੇਰੇ ਮੂੰਹ ਵਿਚ ਈ ਸੀ, ਕਿ ਉਹਦਾ ਗਲੀਚੇ 'ਤੇ ਬੈਠੇ ਦਾ ਉੱਚੀ ਸਾਰੀ ਰੋਣ ਨਿਕਲ ਗਿਆ। ਉਹ ਮੇਰੇ ਗੋਡਿਆਂ ਤੇ ਸਿਰ ਰੱਖ ਕੇ ਉੱਚੀ-ਉੱਚੀ ਹਟਕੋਰੇ ਭਰਦਾ ਹੋਇਆ, ਬਾਲਾਂ ਵਾਂਗੂੰ ਰੋਂਦਾ ਪਿਆ ਸੀ। ਮੇਰਾ ਸਾਰਾ ਵਜੂਦ, ਇਕ ਅਵੱਲੀ ਜਿਹੀ ਪੀੜ ਨਾਲ ਭਰਿਆ ਗਿਆ, ਕਿ ਮੇਰੀਆਂ ਆਪਣੀਆਂ ਅੱਖਾਂ ਸਿੰਜੀਆਂ ਗਈਆਂ।

ਰੋਂਦਿਆਂ-ਰੋਂਦਿਆਂ ਉਸ ਏਨਾ ਈ ਆਖਿਆ, "ਉਸ ਆਲੇ ਵਿਚ ਈ ਤਾਂ, ਮੈਂ ਨਿੱਕਾ ਹੁੰਦਾ ਆਪਣਾ ਬਸਤਾ ਰੱਖਦਾ ਹੁੰਦਾ ਸਾਂ।" ਮੇਰਾ ਆਪਣਾ ਹਉਕਾ ਨਿਕਲ ਗਿਆ। ਏਹ ਸੁਣ ਕੇ ਮੈਂ ਉਹਦੇ ਸਿਰ ਨੂੰ ਪਲੋਸਦਾ ਹੋਇਆ, ਏਹ ਵੀ ਭੁੱਲ ਗਿਆ, ਕਿ ਮੈਂ ਮੁਲਜ਼ਮ ਆਂ ਤੇ ਉਹ ਮੁਨਸਫ਼, ਸਗੋਂ ਉਹਨੂੰ ਮੈਂ ਆਹਦਾਂ ਪਿਆਂ ਸਾਂ, "ਸਾਹਬ ਜੇਰਾ ਰੱਖ, ਇਹ ਤੇ ਹੋਣੀ ਦੀਆਂ ਕਰਨੀਆਂ ਨੇ। ਕੀ ਕਰ ਸਕਦੇ ਹਾਂ। ਅਸੀਂ ਇਹਨਾਂ ਅੱਗੇ ?" ਝੱਟ ਕੁ ਮਗਰੋਂ ਉਹ ਧਰਵਾਸ ਵਿਚ ਹੋਇਆ ਤੇ ਅੰਦਰ ਈ ਬਣੇ ਗ਼ੁਸਲਖ਼ਾਨੇ ਵਿਚ ਜਾ ਵੜਿਆ।

ਮੁੜ ਕੇ ਅਦਾਲਤ ਲਾਇਉਸੁ! ਬੜੇ ਧਿਆਨ ਨਾਲ ਮੇਰਾ ਮੁਕੱਦਮਾ ਸੁਣਿਆ, ਤੇ ਫੇਰ ਏਹ ਆਖ ਕੇ ਮੇਰੀ ਹੱਥਕੜੀ ਪੱਟ ਦੇਣ ਦਾ ਹੁਕਮ ਦਿੱਤਾ, "ਮੁਲਜ਼ਮ ਬਲੈਕੀਆ ਨਹੀਂ, ਸਾਰੀ ਗੱਲ ਕੱਥ ਤੋਂ ਪਤਾ ਲੱਗਾ ਏ, ਕਿ ਮੁਲਜ਼ਮ ਨੂੰ ਆਪਣੇ ਘਰ ਦੀ ਯਾਦ ਨੇ ਸਤਾਇਆ, ਤੇ ਉਹ ਪੰਧ ਮਾਰ ਕੇ ਹੱਦ ਤਾਈਂ ਅੱਪੜ ਗਿਆ। ਉਹਦਾ ਪਿੰਡ ਨਾਲ ਲੱਗਦੇ ਇਲਾਕੇ ਵਿਚ ਏ। ਏਸ ਲਈ ਮੁਲਜ਼ਮ ਦਾ ਆਪਣੇ ਦਿਲ ਉੱਤੇ ਵਸ ਨਾ ਰਿਹਾ ਤੇ ਉਹ ਹੱਦ ਟੱਪ ਕੇ ......ਉਰਲੇ ਬੰਨੇ ਆ ਗਿਆ। ਪਰ ਏਸ ਪਾਸਿਉਂ ਮੁਲਜ਼ਮ ਨੂੰ ਆਪਣੇ ਪਿੰਡ ਦਾ ਰਾਹ ਨਹੀਂ ਸੀ ਆਉਂਦਾ, ਤਾਂ ਉਹ ਧੱਕੇ-ਠੁੱਡੇ ਖਾਂਦਾ ਸ਼ਹਿਰ ਅੱਪੜ ਗਿਆ, ਜਿੱਥੇ ਪੁਲਸ ਨੇ ਉਹਨੂੰ ਫਿਰਦਿਆਂ ਹੋਇਆ ਪਕੜ ਵਿਚ ਲੈ ਲਿਆ, ਮੁਲਜ਼ਮ ਤੋਂ ਕੋਈ ਸ਼ੈਅ ਬਰਾਮਦ ਨਹੀਂ ਹੋਈ। ਨਾ ਹੀ ਕੋਈ ਸ਼ੈਅ ਲੱਭੀ ਏ, ਜੀਹਦੇ ਤੋਂ ਸਾਬਤ ਹੋ ਸਕੇ ਕਿ ਪਈ, ਉਹ ਉਚੇਚੇ ਇਰਾਦੇ ਨਾਲ ਹੱਦ ਟੱਪਣ ਦਾ ਗੁਨਾਹਗਾਰ ਏ, ਏਸ ਪਾਰੋਂ ਅਦਾਲਤ ਉਹਨੂੰ ਇੱਜ਼ਤ-ਆਬਰੂ ਨਾਲ ਬਰੀ ਕਰਦੀ ਏ।"

ਬਰੀ ਕਰ ਕੇ ਮੈਨੂੰ ਉਹ ਆਪਣੇ ਘਰ ਲੈ ਆਇਆ। ਆਪਣੀ ਘਰ ਵਾਲੀ ਨਾਲ ਮੈਨੂੰ ਮਿਲਵਾਇਉਸੁ। ਉਹਨੂੰ ਆਖਣ ਲੱਗਾ, "ਵੇਖ ਕੁਸ਼ੱਲਿਆ! ਅੱਜ ਸਾਡੇ ਸ਼ੇਖੂਪੁਰੇ ਵਾਲੇ ਘਰ ਦੀ ਖ਼ੁਸ਼ਬੋਈ ਆਪ ਟੁਰ ਕੇ ਆ ਗਈ ਊ ਸਾਡੇ ਤਾਈਂ।" ਏਹ ਸੁਣ ਕੇ ਉਹਦੀ ਘਰ ਵਾਲੀ ਚਾਅ ਨਾਲ ਭਰੀ ਗਈ ਤੇ ਵੀਰ ਜੀ-ਵੀਰ ਜੀ ਆਂਹਦੀ ਦਾ ਮੂੰਹ ਸੁੱਕਣ ਲੱਗ ਪਿਆ। ਮੈਂ ਉਨ੍ਹਾਂ ਦੇ ਘਰ ਬਿੱਲੂ ਪੁੱਤਰ, ਦੋ ਕਿ ਤਿੰਨ ਦਿਨ ਰਿਹਾ। ਏਹਨਾਂ ਦਿਨਾਂ ਵਿਚ ਉਹਨਾਂ ਮੇਰੀਆਂ, ਉਹ ਖ਼ਾਤਰਾਂ ਕੀਤੀਆਂ, ਪਈ ਤੈਨੂੰ ਕੀ ਦੱਸਾਂ। ਮੈਂ ਜਿੱਥੇ ਪੈਰ ਧਰਦਾ ਉੱਥੇ ਉਹ ਅਗਾਈਂ ਹੀ ਹੱਥਾਂ ਦੀ ਤਲੀਆਂ ਚਾ ਵਿਛਾਂਦੇ । ਏਨਾ ਪਿਆਰ ਕਿ ਮੈਨੂੰ ਉਹਨਾਂ ਤੋਂ ਸੰਗ ਆਵੇ। ਰਹਿ-ਰਹਿ ਕੇ ਦਿਲ ਵਿਚ

ਇਹ ਸੋਚ ਉੱਭਰੇ ਪਈ ਇਨ੍ਹਾਂ ਦੇ ਪਿਆਰ ਦਾ ਵਲਦਾ ਦੇਣ ਲਈ, ਰੱਬ ਕਰਦਾ ਮੇਰੇ ਕੋਲ ਕੋਈ ਸ਼ੈਅ ਹੁੰਦੀ।

ਉਹ ਮੇਰੇ ਨਾਲ ਘੰਟਿਆਂ ਬੱਧੀ ਆਪਣੇ ਪਿਛਲੇ ਘਰ ਦੀਆਂ ਗੱਲਾਂ ਕਰਦਾ ਰਹਿੰਦਾ। ਉਹਨੂੰ ਆਪਣੇ ਘਰ ਦੀ ਇਕ-ਇਕ ਸ਼ੈ ਇੰਝ ਚੇਤੇ ਸੀ ਪਈ, ਮੈਂ ਵੀ ਹੈਰਾਨ ਰਹਿ ਜਾਂਦਾ। ਫਲਾਣੀ ਥਾਉਂ ਕਲੀ ਭੁਰੀ ਹੋਈ ਏ, ਫਲਾਣੇ ਬੂਹੇ 'ਤੇ ਇਹ ਨਕਸ਼ ਬਣੇ ਹੋਏ ਨੇ। ਉਹ ਕੋਈ ਗੱਲ ਈ ਤੇ ਨਹੀਂ ਰਹਿਣ ਦੇਂਦਾ ਸੀ, ਬਾਕੀ। ਮੈਂ ਉਸ ਘਰ ਵਿਚ ਰਹਿੰਦਾ ਪਿਆਂ ਸਾਂ, ਪਰ ਮੈਨੂੰ ਉਹਨਾਂ ਗੱਲਾਂ ਦਾ ਕੁਝ ਪਤਾ ਨਹੀਂ ਸੀ, ਜਿਹੜੀਆਂ ਉਹ ਪੂਰੇ ਵੇਰਵੇ ਨਾਲ ਦੱਸਦਾ ਰਹਿੰਦਾ ਸੀ।

ਉਨ੍ਹੇ ਆਪ ਹੀ ਨੱਸ-ਭੱਜ ਕਰ ਕੇ ਮੇਰੇ ਕਾਗਜ਼ ਬਣਵਾਏ, ਬਜ਼ਾਰ ਵਿੱਚੋਂ ਸਾਡੇ ਪੂਰੇ ਟੱਬਰ ਲਈ ਐਨੀਆਂ ਕੁ ਸ਼ੈਆਂ ਮੁੱਲ ਲੈ ਦਿੱਤੀਆਂ, ਕਿ ਵੱਡਾ ਸਾਰਾ ਇਕ ਸੰਦੂਕ ਭਰ ਗਿਆ। ਫੇਰ ਉਹ ਦੋਵੇਂ ਜੀਅ, ਮੈਨੂੰ ਆਪਣੀ ਮੋਟਰ 'ਤੇ ਹੱਦ ਪਾਰ ਕਰਾਉਣ ਆਏ। ਵਿਛੜਨ ਤੋਂ ਪਹਿਲਾਂ ਅਸੀਂ ਗੱਲਵਕੜੀ ਪਾ ਕੇ ਇੰਝ ਧਾਂਈ ਮਾਰ-ਮਾਰ ਕੇ ਰੋਏ, ਜਿਵੇਂ ਅਸਲੋਂ ਸਕੇ ਹੋਈਏ, ਸਗੋਂ ਸਕਿਆਂ ਤੋਂ ਵੀ ਵੱਧ। ਛੇਕੜਲੀ ਵਾਰ ਮਿਲਦਿਆਂ ਉਹ ਮੈਨੂੰ ਆਖਣ ਲੱਗਾ, "ਇੱਕ ਕੰਮ ਕਰੀਂ, ਪਿਛਲੀ ਨਿੱਕੀ ਕੋਠੜੀ ਵਿਚ ਮਾਂ ਨੂੰ ਆਖੀ ਹਰ ਜੁਮਾਰਾਤ, ਦੀਵਾ ਜ਼ਰੂਰ ਜਗਾਇਆ ਕਰੇ, ਮੇਰੀ ਮਾਂ ਉੱਥੇ ਈ ਤੁਹਾਡੇ ਕਿਸੇ ਫਕੀਰ ਦੇ ਨਾਂ ਦੀਵਾ ਜਗਾਇਆ ਕਰਦੀ ਸੀ। ਦੂਜਾ, ਤਿੱਲੇ ਦਾ ਚਿੱਤ-ਚੇਤਾ ਨਾ ਕਰੀਂ, ਤੈਨੂੰ ਘਰ ਬੈਠੇ ਨੂੰ ਜਿੰਨਾਂ ਚਾਹਵੇਂ ਤਿੱਲਾ ਅੱਪੜ ਜਾਇਆ ਕਰ ਸੀ।" ਉਂਜ ਵੀ ਉਹਨੇ ਸਮਿਆਨ ਵਿਚ ਵਾਹਵਾ ਸਾਰਾ ਤਿੱਲਾ ਬੰਨ੍ਹ ਦਿੱਤਾ ਹੋਇਆ ਸੀ। ਬਸ ਫੇਰ ਮੈਂ ਪਾਰਲਿਉਂ, ਉਰਲੇ ਬੰਨੇ ਆ ਗਿਆ। ਪਾਰਲਾ ਬੰਨਾ ਜੇਹੜਾ ਕਦੀ ਮੇਰਾ ਸੀ ਤੇ ਉਰਲਾ ਬੰਨਾ ਜੇਹੜਾ ਕਦੀ ਉਹਦਾ ਸੀ।

ਬਾਬਾ ਹੁਕਮਾ ਹਨ੍ਹੇਰੇ ਵਿਚ ਮੈਨੂੰ ਆਪਣੀ ਪੱਗ ਨਾਲ ਅੱਖਾਂ ਪੂੰਝਦਾ ਜਾਪਿਆ। ਫੇਰ ਉਹ ਪਹਿਲੇ ਤੋਂ ਵੀ ਨੀਵੀਂ 'ਵਾਜ਼ ਵਿਚ ਬੋਲਣ ਲੱਗ ਪਿਆ। ਸੁੱਚਾ-ਤਿੱਲਾ ਮੈਨੂੰ ਘਰ ਬੈਠੇ ਨੂੰ ਈ ਮਿਲਦਾ ਰਿਹਾ, ਬਾਰਡਰ ਪੁਲਸ ਦੇ ਬੰਦਿਆਂ ਹੱਥ। ਉਸ ਤਿੱਲੇ ਦੀ ਕਮਾਈ ਤੋਂ ਈ ਮੈਂ ਆਪਣਾ ਅੱਡਾ ਲਾਇਆ, ਤੇ ਮੁੜ ਕੇ ਪਿਉ-ਦਾਦੇ ਦਾ ਕਸਬ ਛੋਹਿਆ। ਸਭ ਤੋਂ ਪਹਿਲਾਂ ਮੈਂ ਉਨ੍ਹਾਂ ਦੋਵਾਂ ਜੀਆਂ ਦੇ ਜੋੜੇ ਬਣਾ ਕੇ ਘੱਲੇ ਤਿੱਲੇ ਨਾਲ ਗੱਚ। ਮੇਚੇ ਮੈਂ ਉਨ੍ਹਾਂ ਤੋਂ ਲੈ ਤੇ ਨਹੀਂ ਸਨ, ਪਰ ਮੇਰੇ ਦਿਮਾਗ ਵਿਚ ਉੱਕਰੇ ਹੋਏ ਸਨ। ਅੱਜ ਵੀ ਉਨ੍ਹਾਂ ਦੇ ਮੇਚੇ ਦੀਆਂ ਜੁੱਤੀਆਂ ਬਣਾ ਸਕਨਾਂ, ਮੈਂ। ਪਰ ਹੁਣ ਤੇ ਉਹਨਾਂ ਦਾ ਕੁਝ ਪਤਾ ਈ ਨਹੀ ਪਈ, ਕਿੱਥੇ ਨੇ। ਉਦੋਂ ਮੈ ਤਿੰਨੀਂ-ਚੌਹੀਂ ਮਹੀਨੀਂ ਜੁੱਤੀਆਂ ਬਣਾ ਕੇ ਘੱਲ ਛੱਡਦਾ ਸਾਂ, ਉਹਨਾਂ ਨੂੰ। ਬੜੇ ਰਾਜ਼ੀ ਹੁੰਦੇ ਸਨ, ਉਹ ਮੇਰੀ ਏਸ ਮਾੜੀ ਜਿਹੀ ਸੇਵਾ 'ਤੇ। ਫੇਰ ਸਾਡੇ ਤੋਂ ਉਹਨਾਂ ਵਾਲਾ ਘਰ ਖੁੱਸ ਗਿਆ। ਕਿਸੇ ਨੇ ਕਲੇਮ ਵਿਚ ਪੁਆ ਲਿਆ ਸੀ। ਸਾਡੇ ਕੋਲ ਤੇ ਕੋਈ ਲਿੱਖਤ-ਪੜ੍ਹਤ ਹੈ ਨਹੀਂ ਸੀ, ਏਸ ਲਈ ਨਿਕਲ ਆਏ, ਉੱਥੋਂ ਦੂਜੀ ਵਾਰ ਉੱਜੜ ਕੇ। ਏਹ ਉਜਾੜਾ ਪਹਿਲੇ ਉਜਾੜੇ ਤੋਂ ਵੀ ਡਾਢਾ ਦੁੱਖ ਭਰਿਆ ਸੀ।

ਉੱਥੋਂ ਏਸ ਤੁਹਾਡੇ ਵਾਲੀ ਜੂਹ ਵਿਚ ਆ ਟਿਕੇ। ਏਥੇ ਤੇਰੇ ਪਿਉ ਨਾਲ ਭਰਾਵਾਂ ਤੋਂ ਵੀ ਵੱਧ ਪਿਆਰ ਪੈ ਗਿਆ਼ ਏਥੇ ਵੀ ਮੈਨੂੰ ਉਹਦਾ ਘੱਲਿਆ ਤਿੱਲਾ ਅੱਪੜਦਾ ਰਿਹਾ। ਇੱਕ ਦਿਨ ਤੇਰੇ ਪਿਉ ਨੂੰ ਮੈਂ ਸਾਰੀ ਗੱਲ ਦੱਸੀ ਤੇ ਹੱਸ ਕੇ ਆਖਣ ਲੱਗਾ, "ਤੂੰ ਬਾਂਦਰ ਜਿਹੇ ਦੀ ਗੱਲ ਤਾਂ ਨਹੀ ਕਰਦਾ ਪਿਆ, ਮਨੋਹਰ ਲਾਲ ਦੀ। ਉਹ ਤੇ ਮੇਰਾ ਚੰਗਾ ਭਲਾ ਜਾਣੂੰ ਹੁੰਦਾ ਸੀ। ਏਥੇ ਜਦੋਂ ਪੜ੍ਹਦਾ ਹੁੰਦਾ ਸੀ, ਅਸੀਂ ਏਥੇ ਰਲ ਕੇ ਖੇਡਦੇ ਹੁੰਦੇ ਸਾਂ।"

ਸਾਡੇ ਉੱਤੇ ਤੇ ਸਾਰੇ ਆਲੇ-ਦੁਆਲੇ ਉੱਤੇ ਕੁਝ ਚਿਰ ਡੂੰਘੀ ਚੁੱਪ ਵਰਤੀ ਰਹੀ। ਫੇਰ ਬਾਬਾ ਹੁਕਮਾ ਮੈਨੂੰ ਆਖਣ ਲੱਗਾ, "ਚੱਲ ਬਿੱਲੂ ਚੱਲੀਏ ਏਥੋਂ, ਕੁਵੇਲਾ ਚੋਖਾ ਹੋ ਗਿਆ ਏ ਐਵੇਂ ਤੇਰੀ ਮਾਂ ਭਰਮ ਕ਼ਰਦੀ ਹੋਵੇਗੀ।" ਅਸੀਂ ਦੋਵੇਂ ਲੱਕੜ ਤੋਂ ਉੱਠ ਖਲੋਤੇ ਤੇ ਫੇਰ ਚੁੱਪ-ਚਾਪ ਗਲੀ ਵਿਚ ਟੁਰ ਪਏ, ਆਪੋ ਆਪਣੇ ਘਰਾਂ ਨੂੰ।

ϒ ϒ ϒ ϒ ϒ

---

ਵਗ ਵਾਏ! ਪਰ-ਸੁਆਰਥ ਭਰੀਏ! ਤੂੰ ਜਾਈਂ ਤਖ਼ਤ ਹਜ਼ਾਰੇ।
ਆਖੀਂ ਯਾਰ ਰਾਂਝਣ ਨੂੰ ਮਿਲ ਕੇ, ਅਸੀਂ ਤੂੰ ਕਿਉਂ ਮਨੋਂ ਵਿਸਾਰੇ।
ਬਸ ਹੁਣ ਨੇਹੁ ਕਮਾਇ ਲਇਓ ਈ, ਇਹੁ ਚਾਅ ਆਹਾ ਦਿਨ ਚਾਰੇ?
ਹਾਸ਼ਮ ਏਸ ਮੁਹੱਬਤਿ ਬਦਲੇ, ਸਾਨੂੰ ਖ਼ੁਆਰ ਕੀਤਾ ਜਗ ਸਾਰੇ।

–ਹਾਸ਼ਮ–

45

# ਤਾਇਆ ਰੱਬ

## ਮੁਖਤਿਆਰ ਸਿੰਘ

ਇਕ ਦਿਨ ਪਿੰਡ 'ਚ ਖ਼ਬਰ ਫੈਲ ਗਈ ਕਿ "ਆਜ਼ਾਦੀ ਮਿਲਗੀ, ਆਜ਼ਾਦੀ ਮਿਲਗੀ।" ਪਰ ਪਤਾ ਕਿਸੇ ਨੂੰ ਨਾ ਲੱਗੇ, ਕਾਹਦੀ ਅਜ਼ਾਦੀ ਮਿਲ ਗਈ ਤੇ ਕਿਸ ਨੂੰ ਆਜ਼ਾਦੀ ਮਿਲ ਗਈ?

ਪੰਡਤ ਹੱਟੀ ਦਾ ਸੌਦਾ-ਪੱਤਾ ਲੈਣ ਵਾਸਤੇ ਸ਼ਹਿਰ ਜਾਂਦਾ ਰਹਿੰਦਾ ਸੀ। ਉਸ ਨੇ ਪਿੰਡ 'ਚ ਖੱਪ ਪਾ ਦਿੱਤੀ, "ਹੁਣ ਅਸੀਂ ਆਜ਼ਾਦ ਹਾਂ, ਮੁਸਲਿਆਂ ਦਾ ਹੋਰ ਦੇਸ ਬਣ ਗਿਐ।ਇਨ੍ਹਾਂ ਨੂੰ ਕੱਢ ਦੇਣੈ, ਵੱਢ ਦੇਣੈ.....ਅੰਗਰੇਜ਼ ਨੱਠ ਗਿਐ........।"

ਪਿੰਡ ਦੇ ਲੋਕ ਹੈਰਾਨ, ਕਿਸੇ ਨੂੰ ਪ੍ਰੋਹਤ ਦੀਆਂ ਗੱਲਾਂ ਦਾ ਸੱਚ ਨਹੀਂ ਸੀ ਆ ਰਿਹਾ। ਜਿੰਨੇ ਕੁ ਜੁਲਾਹਿਆਂ ਦੇ ਘਰ ਸਨ, ਉਹ ਭੈਅ-ਭੀਤ ਹੋ ਗਏ। ਸਾਰੇ ਪਿੰਡ ਦਾ ਈ ਰੋਟੀ-ਪਾਣੀ ਛੁੱਟ ਗਿਆ।

ਨਿਆਣੇ ਇਕੱਠੇ ਹੋ ਕੇ ਗੱਲਾਂ ਕਰਨ ਲੱਗੇ। ਪਰ ਉਹਨਾਂ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਕੀ ਹੋਵੇਗਾ? ਕੁਝ ਚਿਰ ਪਿੱਛੋਂ ਮੋਹਨ ਲਾਲ ਵੀ ਆ ਰਲਿਆ, ਉਹ ਉੱਚੀ-ਉੱਚੀ ਗਾਉਂਦਾ ਆ ਰਿਹਾ ਸੀ,"ਮੇਰਾ ਰੰਗ ਦੇ ਬਸੰਤੀ ਚੋਲਾ, ਨੀ ਮਾਏ ਮੇਰਾ ਰੰਗ ਦੇ....ਗ਼ਦਰੀ ਬਾਬੇ ਜਿੰਦਾਬਾਦ।"

ਨਿਆਣੇ ਸੁਣ ਕੇ ਹੈਰਾਨ, ਤਾਰੇ ਨੇ ਆਉਂਦੇ ਨੂੰ ਹੀ ਕਿਹਾ, "ਉਇ ਕਿਆ ਹੋਇਆ ਤੈਨੂੰ?" ਉਸ ਨੇ ਆਪਣੇ ਆਪ ਨੂੰ ਸਾਰਿਆਂ ਨਾਲੋਂ ਸਿਆਣੇ ਸਮਝਦੇ ਹੋਏ ਛਖਰ ਜਿਹੇ ਨਾਲ ਕਿਹਾ, "ਥੋਨੂੰ ਨੀਂ ਪਤਾ ਆਜ਼ਾਦੀ ਮਿਲਗੀ ਐ। ਗ਼ਦਰੀ ਬਾਬੇ ਜ਼ਿੰਦਾਬਾਦ !"

"ਉਇ! ਓ ਕਿਆ ਹੁੰਦੀ ਐ ਸਾਲਿਆ, ਸਾਡੇ ਪੱਲੇ ਤਾਂ ਪਾ।" ਨੂਰੇ ਨੇ ਕਿਹਾ।

"ਪਿਤਾ ਜੀ ਕਹਿੰਦੇ ਐ, ਆਪਣਾ ਰਾਜ ਆ ਗਿਐ, ਗੁਲਾਮੀ ਦੀਆਂ ਜ਼ੰਜੀਰਾਂ ਟੁੱਟ ਗਈਆਂ, ਅੰਗਰੇਜ਼ ਭਜਾ ਦਿੱਤੇ।"

"ਜਾ ਉਇ ਬਾਹਮਣਾ! ਸਾਨੂੰ ਨੀ ਪਤਾ ਜਾਦੀ-ਜੁਦੀ ਦਾ। ਆਓ ਉਇ ਚੱਲੀਏ ਖੇਲ੍ਹਣ। ਅੱਜ ਆਪਣਾ ਮੁਕਾਬਲੈ।" ਤਾਰੇ ਨੇ ਸਭ ਤੋਂ ਅੱਗੇ ਹੋ ਕੇ ਕਿਹਾ।

ਨਿਆਣੇ ਤੁਰ ਪਏ ਮੋਹਨ ਲਾਲ ਉਹਨਾਂ ਦੇ ਨਾਲ ਜਾਣ ਦੀ ਬਿਜਾਏ ਘਰ ਨੂੰ ਨੱਠ ਗਿਆ। ਨੂਰਾ, ਅਹਿਮਦ, ਮੁਰਾਦ ਹੋਰਾਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਪ੍ਰੋਹਤ ਉਨ੍ਹਾਂ ਦੇ ਅੱਗੇ ਆ ਧਮਕਿਆ। ਉਹ ਹੱਕੇ-ਬੱਕੇ ਰਹਿ ਗਏ। ਉਸ ਨੇ ਨਿਆਣਿਆ ਉੱਤੇ ਹੱਥ ਚੁਕਦਿਆਂ ਕਿਹਾ। "ਉਏ ਟਿਟਿਆਣਿਓਂ ਜਿਹੋ! ਮੁੜੋ ਪਿੱਛੇ । ਮਾਰਨਗੇ ਥੋਨੂੰ........ਚਲੋ ਘਰਾਂ ਨੂੰ।"

ਉਨ੍ਹਾਂ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ, ਕਿ ਉਹ ਕੀ ਕਹਿ ਰਿਹਾ ਹੈ। ਕੁਝ ਚਿਰ ਚੁੱਪ ਰਹਿਣ ਪਿੱਛੋਂ ਤਾਰਾ ਬੋਲਿਆ,"ਦਾਦਾ ਜੀ, ਸਾਡਾ ਮੁਕਾਬਲੈ ਖਿੱਦੋ-ਖੂੰਡੀ ਦਾ.....।"

ਉਸ ਨੇ ਖਿਝ ਕੇ ਕਿਹਾ, "ਸਾਲੇ ਹਰਾਮਜ਼ਾਦੇ ਨਾ ਹੋਣ, ਮੁੜ .......।"

ਤਾਰੇ ਨੇ ਆਲੇ-ਦੁਆਲੇ ਦੇਖਿਆ ਤਾਂ ਮੋਹਨ ਲਾਲ ਦੂਰ ਖੜਾ ਦੇਖ ਰਿਹਾ ਸੀ। ਕਿਸੇ ਨੂੰ ਕੁਝ ਵੀ ਸੁਝ ਨਹੀਂ ਸੀ ਰਿਹਾ। ਪੰਡਤ ਨਿਆਣਿਆ ਅੱਗੇ ਦੀਵਾਰ ਬਣਿਆ ਖੜਾ ਸੀ।

ਕੇਸਰ ਹੌਲੀ ਜਿਹੀ ਵਿਚੋਂ ਈ ਖਿਸਕ ਗਿਆ। ਉਸ ਏਧਰ-ਉਧਰ ਨੂੰ ਪੈਰ ਮਲਦਾ ਪੰਡਤ ਦੇ ਪਿਛਲੇ ਪਾਸੇ ਚਲਾ ਗਿਆ। ਹੌਲੀ ਜਿਹੀ ਬਹਿ ਕੇ ਉਸ ਨੇ ਪੰਡਤ ਦੀ ਧੋਤੀ ਦਾ ਲਟਕਦਾ ਲੜ ਖਿੱਚ ਦਿੱਤਾ ਅਤੇ ਆਪ ਸ਼ੂਟ ਵੱਟ ਕੇ ਦੌੜ ਗਿਆ।

ਪੰਡਤ ਆਪਣੇ ਮੋਟੇ ਢਿੱਡ ਨੂੰ ਸਾਂਭਦਾ, ਖੁੱਲ੍ਹੀ ਹੋਈ ਧੋਤੀ ਨੂੰ ਫੜਨ ਲੱਗ ਪਿਆ। ਉਸ ਨੇ ਛੇਤੀ-ਛੇਤੀ ਧੋਤੀ ਬੰਨ੍ਹੀ ਅਤੇ ਲਾਲ ਮੂੰਹ ਕਰੀਂ ਆਲੇ-ਦੁਆਲੇ ਦੇਖਣ ਲੱਗ ਪਿਆ, "ਸਾਲੇ ਕੁੱਤੀ ਦੇ ਪੁੱਤਰ।"

ਨਿਆਣੇ ਓਨਾ ਚਿਰ ਨੂੰ ਕਿਤੇ ਦੇ ਕਿਤੇ ਜਾ ਲੁਕੇ, ਤਾਇਆ ਰੱਬ ਹੌਲੀ-ਹੌਲੀ ਪੈਰ ਦਾ ਘੜੀਸਾ ਮਾਰਦਾ ਤੁਰਿਆ ਆ ਰਿਹਾ ਸੀ। ਧੁੱਦਲ, ਉਸ ਦੇ ਪੈਰਾਂ ਨਾਲ ਉੱਡਦੀ ਅਤੇ ਆਲੇ-ਦੁਆਲੇ ਖਿੰਡ ਜਾਂਦੀ। ਪਿੰਨੀਆਂ ਤੱਕ ਉਸ ਦੇ ਪੈਰ ਮਿੱਟੀ ਰੰਗੇ ਹੋ ਗਏ।

ਪੰਡਤ ਤਾਏ ਦੇ ਮੂਹਰੇ ਜਾ ਖੜਾ ਹੋਇਆ, "ਆਹ ਦੇਖ ਲੈ ਮੁੰਡਿਆਂ ਦੀ ਕਰਤੂਤ। ਮੇਰੀ ਧੋਤੀ ਖਿੱਚਤੀ....।"

ਤਾਏ ਨੂੰ ਕੁਝ ਸਮਝ ਨਾ ਆਇਆ। ਉਸ ਨੇ ਕਿਹਾ, "ਪ੍ਰੋਹਤ ਜੀ, ਨਿਆਣਿਆ ਨੂੰ ਕੁਸ ਨਾ ਕਿਹਾ ਕਰੋ, ਇਹ ਜੜ੍ਹਾਂ ਨੇ ਜੜ੍ਹਾਂ.......।"

"ਮੇਰੀ, ਇਹਨਾਂ ਨੇ ਆਜ਼ਾਦੀ ਆਲੇ ਦਿਨ ਬੇਜਤੀ ਕੀਤੀ ਐ।" ਪੰਡਤ ਨੇ ਚਿਹਰਾ ਲਾਲ ਕਰਦਿਆਂ ਕਿਹਾ।

"ਆਹ ਕਿਆ ਜਾਦੀ-ਜੁਦੀ ਕਰੀਂ ਜਾਨੈਂ। ਕਿਐ ਇਹ...."ਤਾਏ ਨੇ ਖੜ੍ਹਕੇ ਉਸ ਵੱਲ ਨੀਝ ਲਾਕੇ ਤੱਕਿਆ ਤਾਂ ਉਹ ਪੰਡਿਤ ਦਾ ਲਾਲ ਹੋਇਆ ਚਿਹਰਾ ਦੇਖ ਕੇ ਤੁਰ ਪਿਆ,"ਪ੍ਰੋਹਤ ਜੀ ਜਾਓ ਘਰ,ਰਾਮ ਰਾਮ ਜਪੋ। "

"ਹੂੰ!" ਪੰਡਤ ਕਹਿੰਦਾ ਹੋਇਆ ਤੁਰ ਪਿਆ, "ਇਹਨਾਂ ਡੰਗਰਾਂ ਨੂੰ ਕੀ ਪਤਾ?"

ਦੂਜੇ ਦਿਨ ਪਿੰਡ 'ਚ ਉਸੇ ਤਰ੍ਹਾਂ ਰੌਲਾ ਪੈ ਗਿਆ।

ਜੁਲਾਹਿਆਂ ਦੇ ਨਿਆਣੇ ਖੇਡਣ ਜਾਣ ਤੋਂ ਝਿਜਕਣ ਲੱਗ ਪਏ, ਉਹਨਾਂ ਆਪਣੇ ਦੇਸ ਜਾਣ ਲਈ ਸਮਾਨ ਬੰਨ੍ਹ ਲਿਆ ਇਸ ਗਲ ਦੀ ਉਨ੍ਹਾਂ ਨੇ ਭਿਣਕ ਨਹੀਂ ਸੀ ਪੈਣ ਦਿੱਤੀ। ਉਨ੍ਹਾਂ ਅੰਦਰੋਂ-ਅੰਦਰ ਕਾਫੀ ਚਿਰ ਪਹਿਲਾਂ ਹੀ ਪਤਾ ਲੱਗ ਗਿਆ ਸੀ। ਉਹ ਹੌਲੀ-ਹੌਲੀ ਘਰੋਂ

ਬਾਹਰ ਨਿਕਲਣ ਲੱਗ ਪਏ। ਜਦੋਂ ਪਿੰਡ ਦੇ ਵੱਡੇ ਦਰਵਾਜ਼ੇ ਕੋਲ ਆਏ ਤਾਂ ਪਿੰਡ ਵਾਲੇ ਵੀ 'ਕੱਠੇ ਹੋ ਗਏ।

ਤਾਏ ਰੱਬ ਨੂੰ ਪਤਾ ਲੱਗਾ ਤਾਂ ਉਹ ਭੱਜ ਕੇ ਜੁਲਾਹਿਆਂ ਦੇ ਅੱਗੇ ਜਾ ਖੜ੍ਹਾ ਹੋਇਆ। ਉਸ ਦਿਨ ਪਤਾ ਨਹੀਂ ਉਸ ਵਿਚ ਕਿੱਥੋਂ ਜੋਸ਼ ਆ ਗਿਆ, "ਮੁੜੋ ਘਰਾਂ ਨੂੰ ਸਹੁਰਿਓ! ਸਾਨੂੰ ਛੱਡ ਕੇ ਕਿੱਥੇ ਚੱਲੇ ਓ?"

ਉਸ ਨੇ ਪੰਡਤ ਵੱਲ ਹੋਕੇ ਕਿਹਾ,"ਜਾ ਉਇ ਬਾਹਮਣਾਂ, ਐਥੇ ਜੰਮੇ, ਐਥੇ ਈ ਮਰਨਗੇ। ਜਾਓ ਉਇ। ਖੈਰਦੀਨਾਂ ਘਰਾਂ ਨੂੰ, ਥੋਡਾ ਨਾਲੇ ਸਾਡਾ ਦੇਸ,ਹੋਰ ਕਿਮੇਂ ਹੋਜੂਗਾ ।"

ਤਾਏ ਰੱਬ ਦੇ ਨਾਲ ਚੈਂਚਲ, ਕਾਬਲ, ਭਜਨਾ ਇਕ-ਦੋ ਹੋਰ ਗੱਭਰੂ ਜਾ ਖੜ੍ਹੇ ਹੋਏ। ਉਹ ਪੰਡਤ ਵੱਲ ਬਿਨਾਂ ਧਿਆਨ ਦਿੱਤਿਆਂ, ਖ਼ੁਦਾ ਬਖ਼ਸ਼, ਬਸ਼ੀਰ, ਖ਼ੈਰਦੀਨ ਨੂੰ ਪਿੱਛੇ ਧੱਕਣ ਲੱਗ ਪਏ, "ਚਲੋ ਸਹੁਰਿਓ ਘਰਾਂ ਨੂੰ, ਅਸੀਂ ਨ੍ਹੀਂ ਜਾਣ ਦਿੰਦੇ।"

ਪੰਡਤ ਦੰਦੀਆਂ ਜਿਹੀਆਂ ਚਿੜਾਉਂਦਾ ਤੁਰ ਪਿਆ, "ਆਜ਼ਾਦੀ ਮਿਲੀ ਐ। ਇਹ ਅੰਦਰ-ਖਾਤੇ ਆਪਣਾ ਦੇਸ ਬਣਾਉਣ ਦੀ ਤਿਆਰੀ ਕਰਦੇ ਰਹੇ ਨੇ.....ਸਾਲਿਆਂ ਨੇ ਪਹਿਲਾਂ ਦੱਸਿਆ ਨਹੀਂ।"

ਤਾਇਆ ਰੱਬ ਉਸੇ ਤਰ੍ਹਾਂ ਵਿਚਕਾਰ ਅੜਿਆ ਖੜ੍ਹਾ ਰਿਹਾ, ਜਿਨ੍ਹਾਂ ਚਿਰ ਸਾਰੇ ਜੁਲਾਹੇ ਵਾਪਸ ਨਹੀਂ ਮੁੜ ਗਏ। ਉਹਨਾਂ ਦੇ ਘਰ ਜਾਣ ਤੇ ਕੁਝ ਸੁੱਖ ਦਾ ਸਾਹ ਲਿਆ,"ਕੁਸ ਸਮਝ ਨ੍ਹੀਂ ਔਂਦਾ, ਕੁਸ ਸਮਝ ਨ੍ਹੀਂ ਔਂਦਾ।"

ਸਾਰੇ ਆਪੋ-ਆਪਣੇ ਘਰੀਂ ਚਲੇ ਗਏ। ਰਾਤ ਸੁੱਖ-ਸਾਂਦ ਨਾਲ ਲੰਘ ਗਈ ਪਰ ਤਾਏ ਨੂੰ ਬਹੁਤ ਦੇਰ ਤੱਕ ਨੀਂਦ ਨਹੀਂ ਆਈ, ਉਹ ਮੂੰਹ 'ਚ ਬੁੜਬੁੜਾਉਂਦਾ ਰਿਹਾ, "ਕੁਸ ਸਮਝ ਨ੍ਹੀਂ ਔਂਦਾ ਕੁਸ ਸਮਝ......।"

ਸਵੇਰੇ-ਸਵੇਰੇ ਜਦੋਂ ਪਿੰਡ ਵਾਲੇ ਘਰਾਂ 'ਚੋਂ ਨਿਕਲੇ, ਚੌਂਕੀਦਾਰ ਸਾਰਿਆਂ ਨੂੰ ਦੱਸਦਾ ਫਿਰ ਰਿਹਾ ਸੀ, "ਬਈ ਆਪਦੇ-ਆਪਦੇ ਪਿੰਡ ਦੀ ਰਾਖੀ, ਆਪ ਕਰਨੀ ਐ, ਤਕੜੇ ਹੋ ਕੇ। ਸਿਪਾਹੀ ਦੱਸ ਕੇ ਗਿਐ।"

ਚੌਂਕੀਦਾਰ ਦਾ ਹੋਕਾ ਸੁਣ ਕੇ ਕੋਈ ਹਲ ਜੋੜਨ ਨਹੀਂ ਸੀ ਗਿਆ। ਕੋਈ ਹਲਟ ਚਲਾਉਣ ਨਾ ਜਾ ਸਕਿਆ। ਸਾਰੇ ਇਕ-ਦੂਜੇ ਵੱਲ ਮੂੰਹ 'ਚ ਉਂਗਲਾ ਪਾ ਕੇ ਦੇਖੀ ਜਾ ਰਹੇ ਸਨ।

ਤਾਇਆ ਹੌਲੀ-ਹੌਲੀ ਪੈਰ ਘੜੀਸਦਾ, ਵੱਡੇ ਦਰਵਾਜ਼ੇ ਵਿਚ ਆ ਬੈਠਾ। ਉਸ ਨੂੰ ਦੇਖ ਕੇ ਕਈ ਹੋਰ ਆ ਗਏ। ਸਹਿਮਿਆਂ ਖੈਰ ਦੀਨ ਉਹਨਾਂ ਕੋਲ ਆ ਕੇ ਕਹਿਣ ਲੱਗਾ, "ਅੱਲ੍ਹਾ ਦੇ ਵਾਸਤੇ ਸਾਨੂੰ ਜਾਣ ਦਿਉ। ਅਸੀਂ ਓਂ ਦੇਸ ਦੇਖਿਆ ਤਾਂ ਨ੍ਹੀਂ, ਪਰ ਖ਼ੁਦਾ ਖ਼ੈਰ ਕਰੇ।"

ਤਾਏ ਨੇ ਉਸਨੂੰ ਇਕੋ ਦਬਕੇ ਨਾਲ ਭਜਾ ਦਿੱਤਾ, "ਜਾਂਦੇ ਕਿ ਨਈਂ, ਅਸੀਂ ਮਰਗੇ? ਜਾਅ ਘਰ ਨੂੰ ਨੱਠ ਜਾ।"

ਖੈਰਦੀਨ ਘਰ ਨੂੰ ਚਲਾ ਗਿਆ। ਜਿਨ੍ਹਾਂ ਨੇ ਉਸ ਨੂੰ ਭੇਜਿਆ, ਉਨ੍ਹਾਂ ਨੂੰ ਤਾਏ ਦੇ ਦਬਕੇ ਉਸੇ ਤਰ੍ਹਾਂ ਦਸ ਦਿੱਤੇ ਉਹ ਆਪਣੇ-ਆਪਣੇ ਘਰੀਂ ਸਹਿਮ ਗਏ। ਬੱਚੇ ਤੇ ਜ਼ਨਾਨੀਆਂ ਇਕੱਠੀਆਂ ਹੋ ਕੇ ਬੈਠੀਆਂ, 'ਅੱਲ੍ਹਾ ਈ ਅੱਲ੍ਹਾ' ਜਪਦੀਆਂ ਰਹੀਆਂ।

ਪੰਡਤ ਵੱਡੇ ਦਰਵਾਜ਼ੇ ਦੇ ਇਕੱਠ ਵਿਚ ਕਹਿਣ ਲੱਗ ਪਿਆ, "ਜੈ ਬੰਜਰੰਗ ਬਲੀ, ਖ਼ੂਨ ਦੀ ਹੋਲੀ-ਖੇਡ ਕੇ ਆਜ਼ਾਦ ਹੋਏ ਆਂ..........।"

ਤਾਏ ਨੇ ਉਸ ਨੂੰ ਝਿੜਕਿਆ, "ਕਾਲੇ ਮੂੰਹ ਆਲਾ, ਮਖਿਆਂ ਚੁੱਪ ਕਰ ਜਾਅ.......।" ਭਜਨਾਂ , ਹਰਨਾਮਾਂ, ਕਾਬਲ ਵੀ ਪੰਡਤ ਦੇ ਮਗਰ ਪੈ ਗਏ। ਪੰਡਤ ਨੀਵਾਂ ਮੂੰਹ ਕਰ ਕੇ ਬੋਲਿਆ, "ਪਛਤਾਓਗੇ, ਫਿਰ ਪਛਤਾਓਗੇ ਪ੍ਰੋਹਤ ਦੀਆਂ ਗੱਲਾਂ ਯਾਦ ਕਰ ਕਰ ......."

ਉਸਦੀ ਗੱਲ ਵੱਲ ਕਿਸੇ ਨੇ ਧਿਆਨ ਨਾ ਦਿੱਤਾ।

ਪਿੰਡ ਤੋਂ ਦੂਰ ਕੁੱਤੇ ਭੌਂਕਦੇ ਸੁਣਾਈ ਦਿੱਤੇ। ਸਾਰਿਆਂ ਦੇ ਕੰਨ ਕੁੱਤਿਆਂ ਵੱਲ ਲੱਗ ਗਏ। ਕੁੱਤੇ ਭੌਂਕਣ ਦੀ ਆਵਾਜ਼ ਨੇੜੇ ਆਉਂਦੀ ਗਈ। ਜਦੋਂ ਕੁੱਤੇ ਵੱਡੇ ਦਰਵਾਜ਼ੇ ਦੇ ਬਾਹਰ ਨੇੜੇ ਆਏ ਤਾਂ ਜ਼ੋਰ-ਜ਼ੋਰ ਦੀ ਜੈਕਾਰੇ ਗੂੰਜਣ ਲੱਗ ਪਏ,"ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ..............।"

ਤੀਹ-ਪੈਂਤੀ ਬੰਦਿਆਂ ਦਾ ਟੋਲਾ, ਬਰਛੇ, ਗੰਡਾਸੇ, ਤਲਵਾਰਾਂ ਤੇ ਸੋਟੀਆਂ ਚੁੱਕੀ ਤੇਜ਼ੀ ਨਾਲ ਪਿੰਡ ਵੱਲ ਵਧ ਰਿਹਾ ਸੀ। ਕੁੱਤੇ ਉਨ੍ਹਾਂ ਨੂੰ ਭੌਂਕ-ਭੌਂਕ ਕੇ ਥੱਕ ਗਏ। ਪਰ ਕੁੱਤਿਆਂ ਨੇ ਉਨ੍ਹਾਂ ਨੂੰ ਭੌਂਕਦਿਆਂ-ਭੌਂਕਦਿਆਂ ਰੋਕਣ ਦੀ ਕੋਸ਼ਿਸ਼ ਜਾਰੀ ਰੱਖੀ। ਜੇ ਕੋਈ ਕੁੱਤਾ ਲੱਤਾਂ ਨੂੰ ਬੁਰਕ ਪਾਉਣ ਜਾਂਦਾ ਤਾਂ ਸੂਏ, ਬਰਛੇ, ਗੰਡਾਸਿਆਂ, ਤੋਂ ਡਰ ਕੇ ਪਿੱਛੇ ਹਟ ਜਾਂਦਾ।

ਟੋਲਾ ਨੇੜੇ ਆਇਆ ਵੇਖ ਕੇ ਹਰਨਾਮੇ ਨੇ ਇਕੱਠੇ ਹੋਏ ਲੋਕਾਂ ਨੂੰ ਕਿਹਾ, "ਜਾਓ! ਚੁੱਕ ਲਿਆਉ ਤਲਵਾਰਾਂ-ਬਰਛੇ। ਕੋਈ ਪਿੰਡ 'ਤੇ ਧਾਵਾ ਕਿਵੇਂ ਬੋਲੂ।"

ਤਾਏ ਨੇ ਕਿਹਾ, "ਸ਼ੇਰੋ! ਡਾਂਗਾਂ ਚੁੱਕ ਲਿਆਉ, ਪਿੰਡ ਦੀ ਅਣਖ ਦਾ ਸੁਆਲ ਐ।"

ਸਾਰੇ ਫੁਰਤੀ ਨਾਲ ਆਪਣੇ-ਆਪਣੇ ਘਰੋਂ, ਬਰਛੇ, ਗੰਡਾਸੇ, ਫੌਹੜੇ ਤੇ ਸੋਟੀਆਂ ਜੋ ਵੀ ਹੱਥ ਲੱਗਾ ਚੁੱਕ ਲਿਆਏ। ਜੁਲਾਹੇ ਰੌਲਾ ਸੁਣ ਕੇ ਕੁੰਡੇ-ਜਿੰਦਰੇ ਲਾ ਕੇ ਅੰਦਰੀਂ ਵੜ ਗਏ।

ਤਾਏ ਦੇ ਹੱਥ ਵਿਚ ਵੀ ਇਕ ਜਣੇ ਨੇ ਡਾਂਗ ਫੜਾ ਦਿੱਤੀ। ਉਹ ਸਾਰੇ ਵੱਡੇ ਦਰਵਾਜ਼ੇ ਵਿਚਕਾਰ ਦੀਵਾਰ ਬਣ ਕੇ ਖੜ ਗਏ। ਤਾਏ ਨੇ ਉਨ੍ਹਾਂ ਨੂੰ ਨੇੜੇ ਆਇਆ ਵੇਖ ਕੇ ਲਲਕਾਰਾ ਮਾਰਿਆ, "ਸ਼ੇਰ, ਰੁਕੋ ਬਈ ਰੁਕੋ, ਦੱਸੋ ਕਿਆ ਗੱਲ ਐ?"

ਹਰਨਾਮੇ ਨੇ ਤਾਏ ਦੀ ਹਾਮੀ ਭਰੀ,"ਦੱਸੋ ਕਿਵੇਂ ਚੜ੍ਹ ਕੇ ਆਏ ਪਿੰਡ 'ਤੇ।" ਚੈਂਚਲ ਤਕੜਾ ਹੋ ਕੇ ਬੋਲਿਆ,"ਥੋਡਾ ਹੌਸਲਾ ਕਿਮੇਂ ਪਿਆ ਬਈ! ਏਧਰ ਆਉਣ ਦਾਅ.....!"

ਓਪਰੇ ਬੰਦਿਆਂ ਦਾ ਟੋਲਾ ਰੁੱਕ ਗਿਆ। ਉਨ੍ਹਾਂ ਵਿਚੋਂ ਇਕ ਨੇ ਆਪਣਾ ਬਰਛਾ ਧਰਤੀ ਵਿਚ ਗੱਡਦੇ ਹੋਏ ਕਿਹਾ,"ਥੋਡੇ ਪਿੰਡ ਜਿੰਨੇ ਮੁਸਲੇ ਐ......ਕੱਢੋ ਬਾਹਰ।"

ਇਕ ਹੋਰ ਨੇ ਗੰਡਾਸਾ ਮੋਢੇ ਉੱਤੇ ਲਹਿਰਾਉਂਦਿਆਂ ਕਿਹਾ, "ਇਹਨਾਂ ਸਾਡੇ ਭਰਾ, ਓਧਰ ਵੱਢੇ ਐ, ਧੀਆਂ-ਭੈਣਾਂ ਦੀ ਇੱਜ਼ਤ ਲੁੱਟੀ, ਲੋਥਾਂ ਦੀਆਂ ਗੱਡੀਆਂ ਭਰ-ਭਰ ਆਉਂਦੀਆਂ ਨੇ ਬਾਰ ਤੋਂ।"

ਇਕ ਜਣਾ ਹੋਰ ਡਾਂਗ ਨੂੰ ਧਰਤੀ ਉੱਤੇ ਖੜਕਾਉਂਦਾ ਹੋਇਆ ਬੋਲਿਆ, "ਅਸੀਂ ਬਦਲਾ ਲੈਣੈਂ। ਤੁਸੀਂ ਸਾਡੇ ਪਿੰਡ ਦੇ ਮੁਸਲੇ ਵੱਢੋ, ਅਸੀਂ ਥੋਡੇ ਪਿੰਡ ਦੇ ਵੱਢਾਂਗੇ, ਨਾਲੇ ਲੁੱਟਾਂਗੇ।"

ਤਾਏ ਤੋਂ ਸੁਣ ਕੇ ਰਿਹਾ ਨਾ ਗਿਆ, "ਥੋਡੀ ਉਇ ਮਾਂ ਦੀ............।" ਕਹਿੰਦਾ ਹੋਇਆ ਡਾਂਗ ਉੱਚੀ ਚੁੱਕ ਕੇ ਟੋਲੇ ਵੱਲ ਨੂੰ ਪੈਰ ਘੜੀਸਿਆ। ਉਸ ਦੇ ਹਿੱਲਣ ਦੀ ਦੇਰ ਸੀ, ਕਿ ਸਾਰੇ ਜਣੇ, ਬਾਹਰੋਂ ਆਏ ਟੋਲੇ ਉੱਤੇ ਟੁੱਟ ਪਏ। ਟੋਲੇ ਵਾਲੇ ਆਦਮੀ ਪਿੱਛੇ ਭੱਜ ਗਏ। ਉਨ੍ਹਾਂ ਨੂੰ ਐਨੀ ਆਸ ਨਹੀਂ ਸੀ ਕਿ ਪਿੰਡ ਵਾਲੇ ਉਨ੍ਹਾਂ ਦੇ ਹੀ ਮਗਰ ਪੈ ਜਾਣਗੇ। ਕਿਸੇ ਦੀ ਜੁੱਤੀ ਰਹਿ ਗਈ ਕਿਸੇ ਦੀ ਪੱਗ, ਕਿਸੇ ਦਾ ਪਰਨਾ ਡਿਗ ਪਇਆ। ਪਿੰਡ ਦੇ ਕੁੱਤੇ ਵੀ ਭੱਜੇ ਜਾਂਦਿਆਂ ਵੱਲ ਦੌੜ ਪਏ। ਪਿੰਡ ਦਾ ਬੰਨਾ ਟਪਾ ਕੇ ਹੀ ਉਨ੍ਹਾਂ ਨੇ ਸਾਹ ਲਿਆ।

ਤਾਇਆ ਕਹਿੰਦਾ ਆ ਰਿਹਾ ਸੀ, "ਕੁਸ ਸਮਝ ਨ੍ਹੀਂ ਆਉਂਦਾ। ਕੁਸ ਸਮਝ ਨ੍ਹੀਂ ਆਉਂਦਾ, ਸ਼ੇਰੋ?"

ਹਰਨਾਮੇ ਨੇ ਉਸ ਨੂੰ ਦੱਸਿਆ, "ਬੜੇ ਭਾਈ! ਪ੍ਰੋਹਤ ਦੱਸਦਾ ਤੀ, ਜਾਦੀ ਮਿਲਗੀ। ਮੁਲਕ ਦੋ ਹਿੱਸਿਆਂ 'ਚ ਵੰਡਿਆ ਗਿਐ।"

"ਸ਼ੇਰੋ! ਇਹ ਬਲਾ ਹੈ ਕਿਆ?" ਤਾਇਆ ਮੁੜ ਪੁੱਛਦਾ।

ਚੈਂਚਲ ਨੇ ਤਾਏ ਨੂੰ ਕੋਲ ਹੁੰਦਿਆਂ ਕਿਹਾ,"ਬੜੇ ਭਾਈ, ਕੈਂਹਦੇ ਐ.....ਮੁਰਾਦ ਅਲੀ ਹੋਰਾਂ ਦਾ ਦੇਸ ਹੋਰ ਹੋ ਗਿਐ...."

"ਸ਼ੇਰੋ! ਇਕੋ ਪਿੰਡ ਦੇ ਜੰਮੇ, ਕਿਮੇਂ ਹੋਰ ਹੋਜੂਗਾ? ਕੁਸ ਸਮਝ ਨ੍ਹੀਂ ਔਂਦੀ.....।"

ਤਾਇਆ ਉੱਠ ਕੇ ਹੌਲੀ-ਹੌਲੀ ਤੁਰ ਪਿਆ।

ਆਥਣ ਤੱਕ ਕਈ ਅਫਵਾਹਾਂ ਆਈਆਂ। ਨਿਆਣੇ ਹੈਰਾਨ ਹੋਏ ਵੱਡਿਆਂ ਦੀਆਂ ਗੱਲਾਂ ਧਿਆਨ ਨਾਲ ਸੁਣਦੇ ਰਹੇ। ਸਾਰਿਆਂ ਨੂੰ ਖੇਡਣਾ ਭੁੱਲ ਗਿਆ ਸੀ। ਇਕੱਲੇ-ਦੁਕੱਲੇ ਕਿਸੇ ਨਿਆਣੇ ਨੂੰ ਬਾਹਰ ਨਿਕਲਣ ਨਹੀਂ ਸੀ, ਦਿੱਤਾ ਜਾ ਰਿਹਾ। ਦੂਸਰੇ ਪਿੰਡ ਤੋਂ ਆਏ, ਟੋਲੇ ਦਾ ਰੌਲਾ-ਰੱਪਾ ਵੀ ਨਿਆਣਿਆਂ ਨੇ ਕੋਠਿਆਂ 'ਤੇ ਚੜ੍ਹ ਕੇ ਦੇਖਿਆ।

ਰਾਤ ਨੂੰ ਹਰਨਾਮੇ ਨੇ ਕੋਠੇ ਉਤੋਂ ਰੌਲਾ ਪਾ ਦਿੱਤਾ, "ਅੱਗ ਉਇ ਅੱਗ।"

ਅੱਗ ਦਾ ਰੌਲਾ ਸੁਣ ਕੇ ਸਾਰੇ ਆਪੋ ਆਪਣੇ ਕੋਠਿਆਂ ਉੱਤੇ ਚੜ੍ਹ ਕੇ ਆਲੇ-ਦੁਆਲੇ ਦੇ ਪਿੰਡਾਂ ਵਲ ਦੇਖਣ ਲੱਗ ਪਏ। ਅੱਗ ਦੀਆਂ ਲਾਟਾਂ ਅਸਮਾਨ ਵੱਲ ਉੱਠਦੀਆਂ ਸਨ।

ਚੈਂਚਲ ਬੋਲਿਆ,"ਇਹ ਅੱਗ ਤਾਂ ਕਟਾਲੇ ਲੱਗੀ ਲੱਗਦੀ ਐ।"

ਮਿੰਦਰ ਆਪਣੇ ਕੋਠੇ ਤੋਂ ਬੋਲਿਆ, "ਏਧਰ ਨੌਂ-ਲੜੀ 'ਚੋ ਦੂਰੋਂ ਲਾਟਾਂ ਬਲਦੀਆਂ ਦਿੱਸਦੀਆਂ, ਉੱਥੇ ਮੁਸਲਾਮਾਨਾਂ ਦਾ ਗੜ੍ਹ ਐ।"

ਤਾਇਆ ਹੌਲੀ-ਹੌਲੀ ਸਾਰਿਆਂ ਨੂੰ ਆਵਾਜ਼ਾਂ ਦੇਂਦਾ ਵੱਡੇ ਦਰਵਾਜ਼ੇ ਨੂੰ ਤੁਰ ਪਿਆ, "ਸ਼ੇਰੋ, ਦੇਖਦੇ ਕਿਆ, ਆਉ ਡਾਂਗਾ ਲੈ ਕੇ .....ਕੋਈ ਹੱਲਾ ਨਾ ਬੋਲ ਦਵੇ......।"

ਉਸਦਾ ਲਲਕਾਰਾ ਸੁਣਕੇ ਸਾਰੇ ਡਾਂਗਾ ਫੜੀ ਵੱਡੇ ਦਰਵਾਜ਼ੇ ਅੱਗੇ ਇਕੱਠੇ ਹੋ ਗਏ, "ਜਾਓ ਪਿੰਡ ਦੇ ਆਲੇ ਦੁਆਲੇ ਖੜ੍ਹ ਜੋ ਕੰਧ ਬਣ ਕੇ...... ਆਪਾਂ ਏਥੇ ਅੱਗ ਦੀਆਂ ਲਾਟਾਂ ਨਹੀਂ ਨਿਕਲਨ ਦੇਣੀਆਂ।"

ਸਾਰੇ ਜਣੇ ਪਿੰਡ ਦੇ ਆਲੇ-ਦੁਆਲੇ ਜਾ ਖੜ੍ਹੇ ਹੋਏ। ਤਾਇਆ ਵੱਡੇ ਦਰਵਾਜ਼ੇ ਦੇ ਵਿਚਕਾਰ ਖੜ੍ਹ ਗਿਆ।

ਰਾਤ ਲੰਘ ਗਈ। ਦਿਨ ਚੜ੍ਹਦਿਆਂ ਹੀ ਲੋਕ ਪਾਗਲਾਂ ਵਾਂਗ ਭੱਜ ਕੇ ਨੇੜਲੇ ਪਿੰਡਾਂ ਨੂੰ ਜਾਣ ਲੱਗ ਪਏ। ਕਿਸੇ ਹੱਥ ਬਰਛਾ, ਕਿਸੇ ਦੇ ਕਿਰਪਾਨ, ਕਿਸੇ ਦੇ ਸਿਰ ਉੱਤੇ ਟਰੰਕ , ਕਿਸੇ ਹੱਥ ਕੱਪੜਾ, ਕਿਸੇ ਨਾਲ ਜ਼ਨਾਨੀ। ਤਾਇਆ ਦਰਵਾਜ਼ੇ 'ਚ ਥੰਮ ਬਣਿਆ ਖੜ੍ਹਾ ਰਿਹਾ। ਉਸ ਹੱਲਾ ਸ਼ੇਰੀ ਨਾਲ ਪਿੰਡ 'ਚ ਕੋਈ ਓਪਰਾ ਆਦਮੀ ਆਉਣ ਨਹੀਂ ਸੀ ਦਿੱਤਾ। ਪੰਡਤ ਸਾਰੀ ਰਾਤ ਸੁੱਤਾ ਰਿਹਾ। ਸਵੇਰੇ ਦਰਵਾਜ਼ੇ ਵਿਚ ਆ ਕੇ ਤਾਏ ਕੋਲ ਬੋਲਣ ਲੱਗ ਪਿਆ, "ਸਹੁੰ ਦੇਵੀ ਦੀ, ਰਾਤੀਂ ਮੇਰਾ ਭਰਾ ਸ਼ਹਿਰੋਂ ਆਇਐ, ਉਹ ਦੱਸਦੈ ਬਾਰ 'ਚ ਮੁਸਲਿਆਂ ਨੇ, ਹਿੰਦੂ-ਸਿੱਖ ਵੱਢੇ ਐ। ਸਹੁੰ ਦੇਵੀ ਦੀ, ਧੀਆਂ-ਭੈਣਾਂ ਦੀ ਇੱਜ਼ਤ ਲੁੱਟ ਕੇ ਬੱਚਿਆਂ ਸਮੇਤ ਕਤਲ ਕੀਤੇ ਨੇ। ਏਧਰ ਵੀ ਸ਼ੁਰੂ ਹੋ ਗਿਐ.....ਰਾਮ ਰਾਮ.....ਹਰੀ ਓਮ, ਹਰੀ ਓਮ......"

ਤਾਏ ਨੇ ਉਸ ਨੂੰ ਚੁੱਪ ਕਰਾਉਂਦਿਆਂ ਕਿਹਾ, "ਜਾ ਉਇ, ਭੱਜ ਜਾ ਏਥੋਂ ।"

ਪੰਡਤ ਨੇ ਥੋੜ੍ਹੀ ਦੂਰ ਹੁੰਦਿਆਂ ਕਿਹਾ, "ਤੁਸੀਂ ਵੀ ਮੂਰਖ ਦੇ ਮੂਰਖ ਹੀ ਰਹਿਣੈ, ਥੋਡੇ ਨਾਲੋਂ ਗੁੱਜਰ ਅਤੇ ਨੀਵੀਆਂ ਜਾਤਾਂ ਆਲੇ ਚੰਗੇ ਐ, ਜਿਨ੍ਹਾਂ ਨੇ ਬਦਲਾ ਲੈਣ ਲਈ ਜੌੜੇ ਪੁਲਾਂ 'ਤੇ ਜਾ ਘੇਰੇ, ਮਲੇਰਕੋਟਲੇ ਨ੍ਹੀਂ ਪਹੁੰਚਣ ਦਿੱਤਾ, ਵੱਢ-ਵੱਢ ਨਹਿਰ ਭਰ ਤੀ......। ਨਾ ਕੋਈ ਪੁਲਸ ਐ ਨਾ ਕੋਈ ਸਰਕਾਰ ਐ, ਬੱਸ ਲੁੱਟ ਲੋ ਮਾਰ ਦੋ ਰਾਜ ਐ.......।"

"ਤੂੰ ਜਾਂਦੈ ਕਿ ਨਹੀਂ.....ਮੇਰੀਆਂ ਅੱਖਾਂ ਤੋਂ ਦੂਰ ਹੋ ਜਾਹ।" ਤਾਏ ਨੇ ਡਾਂਗ ਚੁੱਕੀ ਤਾਂ ਉਹ ਭੱਜ ਗਿਆ।

ਤਾਇਆ ਦਰਵਾਜ਼ੇ ਦੀ ਡਾਟ ਕੋਲ ਜਾ ਕੇ ਮੁੜ ਆਇਆ। ਉਧਰੋਂ ਡਾਟ ਵੱਲ ਇਕ ਚੱਕਰ ਲਾਇਆ

ਅਤੇ ਖੜ੍ਹਾ ਹੋ ਕੇ ਲਲਕਾਰਾ ਮਾਰਿਆ, "ਸ਼ੇਰੋ, ਆਪੋ ਆਪਣੀ ਥਾਂ ਡਟੇ ਰਹੋ, ਕੋਈ ਪਿੰਡ 'ਚ ਨਾ ਵੜੇ।"

"ਠੀਕ ਐ,ਠੀਕ ਐ।" ਚਾਰੇ ਪਾਸਿਓਂ ਆਵਾਜ਼ਾਂ ਆਈਆਂ।

ਨਿਆਣੇ ਪਿੰਡ ਦੇ ਬਾਹਰ ਖੜੇ, ਤਾਏ, ਚਾਚੇ, ਬਾਬਿਆਂ ਨੂੰ ਰੋਟੀ, ਪਾਣੀ, ਲੱਸੀ ਲਿਜਾ ਕੇ ਖੁਆਉਂਦੇ-ਪਿਆਉਂਦੇ ਰਹੇ। ਤਾਇਆ ਸਾਰਿਆਂ ਨੂੰ ਹੱਲਾ ਸ਼ੇਰੀ ਦਿੰਦਾ ਰਿਹਾ, "ਸ਼ਾਬਾਸ਼ੇ, ਸ਼ੇਰੋ ਸ਼ਾਬਾਸ਼ੇ.....।" ਨਿਆਣੇ ਡਰੇ ਅਤੇ ਸਹਿਮੇ ਹੋਏ ਫੁਰਤੀ ਵਿੱਚ ਆ ਗਏ।

ਕਈ ਦਿਨ ਲੰਘ ਜਾਣ ਪਿਛੋਂ ਪਿੰਡ ਦੇ ਬਾਹਰ ਮਿਲਟਰੀ ਦੀ ਗੱਡੀ ਆ ਰੁਕੀ।

ਮਿਲਟਰੀ ਅਫ਼ਸਰ ਨੇ ਪਿੰਡ 'ਚ ਸੁਨੇਹਾ ਭੇਜ ਦਿੱਤਾ ਕਿ ਸਾਰੇ ਮੁਸਲਮਾਨ ਆਪਣਾ-ਆਪਣਾ ਸਮਾਨ ਚੁੱਕ ਕੇ ਬਾਹਰ ਆ ਜਾਣ ਤਾਂ ਕਿ ਉਨ੍ਹਾਂ ਨੂੰ ਕੈਂਪਾਂ ਵਿਚ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਦਿੱਤਾ ਜਾਵੇ।

ਜੁਲਾਹਿਆਂ ਨੂੰ ਸੁਨੇਹਾ ਮਿਲਣ ਦੀ ਦੇਰ ਸੀ, ਕਿ ਉਨ੍ਹਾਂ ਪਹਿਲਾਂ ਹੀ ਬੰਨ੍ਹਿਆਂ ਸਮਾਨ ਜਿੰਨਾਂ ਕੁ ਚੁੱਕ ਸਕਦੇ ਸਨ, ਚੁੱਕ ਲਿਆ।

ਤਾਇਆ ਪਹਿਲਾਂ ਤਾਂ ਉਹਨਾਂ ਵੱਲ ਦੇਖੀਂ ਗਿਆ, ਫਿਰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਮਿਲਟਰੀ ਵਾਲੇ ਉਨ੍ਹਾਂ ਨੂੰ ਕਾਹਲੀ-ਕਾਹਲੀ ਤੁਰਨ ਲਈ ਕਹਿ ਰਹੇ ਸਨ।

ਤਾਏ ਨੇ ਜਿਵੇਂ ਦੂਜੇ ਪਿੰਡਾਂ ਤੋਂ ਆਏ ਹਮਲਾਵਰਾਂ ਦਾ ਟੋਲਾ ਰੋਕਿਆ ਸੀ, ਉਸੇ ਤਰ੍ਹਾਂ ਪਿੰਡ ਵਾਲਿਆਂ ਨੂੰ ਹੱਲਾਸ਼ੇਰੀ ਦਿੱਤੀ, "ਆਓ ਸ਼ੇਰੋ, ਆਪਾਂ ਏਨ੍ਹਾਂ ਨੂੰ ਜਾਣ ਨ੍ਹੀ ਦੇਣਾ..........ਇਕੋ ਪਿੰਡ ਦੇ ਜੰਮੇ ਪਲੇ ਆਂ।"

ਉਹ ਅੱਗੇ ਹੋਏ, ਪਰ ਮਿਲਟਰੀ ਵਾਲਿਆਂ ਨੇ ਰੋਕ ਦਿੱਤਾ, ਬੰਦੂਕਾਂ ਤੋਂ ਡਰਦੇ ਉਹ ਪਿੱਛੇ ਹੋ ਗਏ। ਕਿਸੇ ਨੂੰ ਉਨ੍ਹਾਂ ਦੇ ਨੇੜੇ ਨਹੀਂ ਜਾਣ ਦਿੱਤਾ। ਖਿੱਦੋ-ਖੂੰਡੀਆਂ, ਗੁੱਲੀ-ਡੰਡੇ ਚੁੱਕੀ ਜਾ ਰਹੇ ਖ਼ੁਦਾ ਬਖ਼ਸ਼, ਨੂਰੇ , ਅਹਿਮਦ, ਅਤੇ ਬਸ਼ੀਰ , ਨਿਆਣਿਆਂ-ਸਿਆਣਿਆਂ ਵੱਲ ਅੱਖਾਂ ਭਰ ਕੇ ਹੈਰਾਨ ਹੋਏ ਝਾਕਦੇ ਰਹੇ। ਨਿਆਣੇ ਇਉਂ ਡਰੇ ਹੋਏ ਸੀ, ਜਿਵੇਂ ਬੁੱਲ੍ਹ ਸੀਤੇ ਗਏ ਹੋਣ। ਉਨ੍ਹਾਂ ਨੂੰ ਕੋਈ ਪਤਾ ਨਹੀ ਸੀ , ਉਹ ਕਿੱਥੇ ਜਾ ਰਹੇ ਨੇ? ਕਿਉਂ ਜਾ ਰਹੇ ਨੇ? ਕਿੰਨੇ ਚਿਰ ਲਈ ਜਾ ਰਹੇ ਨੇ? ਉਹਨਾਂ ਦੀਆਂ ਮਾਵਾਂ ਉਨ੍ਹਾਂ ਨੂੰ ਛੇਤੀ-ਛੇਤੀ ਖਿੱਚ ਰਹੀਆਂ ਸਨ। "ਛੇਤੀ ਕਰੋ! ਮਾਰ ਦੇਣਗੇ, ਇਹਨਾਂ ਨੇ ਤਾਂ ਬੱਚਿਆਂ ਦਾ ਤਰਸ ਵੀ ਨ੍ਹੀਂ ਕੀਤਾ। ਸਿੱਟੋ ਗੁੱਲੀਆਂ, ਖਿੱਦੋਆਂ......।" ਉਨ੍ਹਾਂ ਨੇ ਨਿਆਣਿਆਂ ਹੱਥੋਂ ਗੁੱਲੀ-ਡੰਡੇ, ਖਿੱਦੋ-ਖੂੰਡੀਆਂ ਸੁਟਵਾ ਦਿੱਤੀਆਂ। ਤਾਰੇ ਹੋਰੀਂ ਧੁੱਦਲ ਉੱਤੇ ਪਏ ਗੁੱਲੀ-ਡੰਡੇ, ਖਿੱਦੋ-ਖੂੰਡੀਆਂ ਨੂੰ ਬਿਟਰ-ਬਿਟਰ ਦੇਖੀ ਜਾ ਰਹੇ ਸਨ। ਉਹ ਉਨ੍ਹਾਂ ਵੱਲ ਦੇਖ ਕੇ ਡੁਸਕਣ ਲੱਗ ਪਏ ਅਤੇ ਇਉਂ ਮੂੰਹ ਮੋੜ ਲਏ, ਜਿਵੇਂ ਕਹਿ ਰਹੇ ਹੋਣ, "ਭੁੱਲਿਆ-ਚੁੱਕਿਆ ਮਾਫ਼ ਕਰਨਾ........!"

ਪਿੰਡ ਦੇ ਕੁੱਤੇ ਬਾਰ-ਬਾਰ ਉਨ੍ਹਾਂ ਮਗਰ ਜਾਕੇ ਚੂੰ-ਚੂੰ ਕਰਦੇ ਪੂਛਾਂ ਹਿਲਾਉਂਦੇ। ਉਨ੍ਹਾਂ ਦੀ ਗਲੀ ਦੇ ਕਈ ਕੁੱਤੇ ਉਨ੍ਹਾਂ ਦੇ ਨਾਲ ਤੁਰ ਪਏ ਸਨ, ਪਰ ਮਿਲਟਰੀ ਵਾਲਿਆਂ ਨੇ ਰਾਈਫ਼ਲਾਂ ਦੇ ਬਟ ਮਾਰ-ਮਾਰ ਕੇ ਕੁੱਤਿਆਂ ਨੂੰ ਭਜਾ ਦਿੱਤਾ।

ਤਾਇਆ, ਜਿਹੜਾ ਹੁਣ ਤੱਕ ਬੁੱਤ ਬਣਿਆ ਖੜਾ ਸੀ, ਭੱਜ ਕੇ ਕਾਫ਼ਲੇ ਦੇ ਮੂਹਰੇ ਜਾ ਪਿਆ, "ਸ਼ੇਰੋ ਆਓ, ਅਸੀਂ ਨ੍ਹੀ ਜਾਣ ਦੇਣਾ........।" ਉਸਦੀ ਆਵਾਜ਼ ਸੁਣ ਕੇ ਪਿੰਡ ਦੇ ਬੰਦੇ ਵੀ ਕਾਫ਼ਲੇ ਦੇ ਮੂਹਰੇ ਜਾ ਪਏ।

ਮਿਲਟਰੀ ਵਾਲੇ, ਕਾਫ਼ਲੇ ਅੱਗੇ ਪਏ ਬੰਦਿਆਂ ਨੂੰ, ਠੁੱਡੇ ਮਾਰ-ਮਾਰ ਉੱਠਾਉਣ ਲੱਗ ਪਏ। ਉਹ ਫਿਰ ਵੀ ਨਾ ਉੱਠੇ, ਜਿੰਨਾਂ ਚਿਰ ਤੱਕ ਤਾਏ ਨੇ ਨਾ ਕਿਹਾ। ਉਹ ਪਏ ਰਹੇ ਅਤੇ ਠੁੱਡੇ ਖਾਈਂ ਗਏ।

ਹਾਰ ਕੇ ਮਿਲਟਰੀ ਅਫ਼ਸਰ ਨੇ ਇਕ ਹਵਾਈ ਫ਼ਾਇਰ ਕਰ ਦਿੱਤਾ। ਨਿਆਣੇ ਪਹਿਲੀ ਵਾਰ ਅਜਿਹੀ ਗੋਲੀ ਚਲਦੀ ਦੇਖ ਕੇ ਸਿਰ-ਪੱਟ ਘਰਾਂ ਨੂੰ ਦੌੜ ਗਏ। ਦਰਖੱਤਾਂ ਉੱਤੇ ਬੈਠੇ ਮੋਰ 'ਕਿਆਉਂ-ਕਿਆਉਂ" ਕਰਨ ਲੱਗ ਪਏ। ਕਬੂਤਰ, ਘੁੱਗੀਆਂ, ਚਿੜੀਆਂ, ਸਭ ਉੱਡ ਕੇ ਅਸਮਾਨ 'ਚ ਚੱਕਰ ਕੱਟਣ ਲੱਗ ਪਈਆਂ। ਕੁੱਤੇ ਭੌਂਕਣ ਲੱਗ ਪਏ।

ਇਕ ਹੋਰ ਫਾਇਰ ਹੋਇਆ। ਅੱਧੇ ਕੁ ਜਣੇ, ਕਾਫ਼ਲੇ ਅੱਗੋਂ ਹੌਲੀ-ਹੌਲੀ ਖਿਸਕ ਗਏ। ਤਾਇਆ ਅਡੋਲ ਉਸੇ ਤਰ੍ਹਾਂ ਪਿਆ ਰਿਹਾ।

ਮਿਲਟਰੀ ਵਾਲੇ ਉਨ੍ਹਾਂ ਨੂੰ ਚੁੱਕ ਕੇ ਰਸਤੇ 'ਚੋਂ ਪਾਸੇ ਕਰਨ ਲੱਗ ਪਏ। ਤਾਏ ਰੱਬ ਨੂੰ ਜਦੋਂ ਦੋ ਸਿਪਾਹੀਆਂ ਨੇ ਪੈਰਾਂ ਅਤੇ ਬਾਹਵਾਂ ਤੋਂ ਫੜਿਆ ਤਾਂ ਉਹ ਬੁੜ੍ਹਕ ਕੇ ਛੁੱਟ ਗਿਆ । ਪਰ ਦੋ ਹੋਰ ਮਿਲਟਰੀ ਵਾਲੇ ਆ ਗਏ। ਚੌਹਾਂ ਨੇ ਤਾਏ ਨੂੰ ਚੁੱਕ ਕੇ ਇਉਂ ਰਸਤੇ 'ਚੋਂ ਪਰੇ ਵਗਾਹ ਮਾਰਿਆ, ਜਿਵੇਂ ਲੱਕੜ ਦਾ ਮੋਛਾ ਹੋਵੇ। ਉੱਡਦੀ ਧੂੜ 'ਚ ਕੁਝ ਦਿਸ ਨਹੀਂ ਸੀ ਰਿਹਾ।

ਤਾਇਆ ਉੱਠ ਕੇ ਕਾਫ਼ਲੇ ਦੇ ਮਗਰ ਨੱਠਿਆ, ਪਰ ਉਹ ਕਾਫੀ ਦੂਰ ਚਲੇ ਗਏ ਸਨ। ਹੰਭਿਆ-ਹਾਰਿਆ ਤਾਇਆ ਅੜ੍ਹਕ ਕੇ ਡਿਗ ਪਿਆ।

ਉਸ ਨੇ ਛੇਤੀ-ਛੇਤੀ ਅੱਖਾਂ ਮਲ ਕੇ ਧੂੜ 'ਚ ਦੇਖਿਆ ਤਾਂ ਉਸ ਨੂੰ ਨੂਰੇ, ਕੇਸਰ , ਨੰਜਣ , ਮੋਹਨ ਲਾਲ, ਖ਼ੁਦਾ ਬਖ਼ਸ਼ ਹੋਰਾਂ ਦੀਆਂ ਖੂੰਡੀਆਂ ਧੁੱਦਲ ਉੱਤੇ ਖੜਕਦੀਆਂ ਦਿੱਸੀਆਂ। ਧੂੜ ਸੰਘਣੀ ਹੋ ਜਾਣ ਕਰ ਕੇ ਤਾਏ ਰੱਬ ਨੇ ਅੱਖਾਂ 'ਤੇ ਜ਼ੋਰ ਦੇ ਕੇ ਰੰਗ-ਬਰੰਗੀਆਂ ਲੀਰਾਂ ਦੀ ਖਿੱਦੋ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਸਿਵਾਏ ਧੂੜ ਦੇ ਉਸ ਨੂੰ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਉਸ ਦੇ ਮੂੰਹੋਂ ਨਿਕਲ ਗਿਆ,"ਸ਼ੇਰੋ, ਖਿੱਦੋ ਲੱਭੋ , ਖਿੱਦੋ.................।"

ੴ ੴ ੴ ੴ ੴ

46

# ਫ਼ਰਿਸ਼ਤੇ ਵਰਗਾ ਮਨੁੱਖ

## ਮਨਮੋਹਨ ਸਿੰਘ ਦਾਊਂ

17 ਅਗਸਤ, 1989 ਦਾ ਦਿਨ। ਭਾਰਤ ਨੂੰ ਆਜ਼ਾਦੀ ਮਿਲਣ ਵਾਲਾ ਮਹੀਨਾ। ਸਵੇਰੇ-ਸਵੇਰੇ, ਮੈਂ ਡਿਊਟੀ 'ਤੇ ਜਾਣ ਲਈ ਤਿਆਰ ਹੋ ਰਿਹਾ ਹਾਂ। ਬੂਹੇ 'ਤੇ ਦਸਤਕ ਹੁੰਦੀ ਹੈ।

ਮੈਂ ਬੂਹਾ ਖੋਲ੍ਹਦਾ ਹਾਂ। ਇਕ ਪੇਂਡੂ ਬਜ਼ੁਰਗ, ਮੈਥੋਂ ਮੇਰੇ ਪਿਤਾ ਜੀ ਬਾਰੇ ਪੁੱਛਣ ਲੱਗਦਾ ਹੈ। ਮੈਂ ਉਸ ਦਾ ਨਾਂ ਤੇ ਨਹੀਂ ਜਾਣਦਾ, ਪਰ ਉਸ ਬਜ਼ੁਰਗ ਨੂੰ ਗੁਆਂਢੀ ਪਿੰਡ ਦਾ ਹੋਣ ਕਰਕੇ ਪਛਾਣ ਲੈਂਦਾ ਹਾਂ। ਮੈਂ, ਉਸ ਨੂੰ ਸਤਿ ਸ੍ਰੀ ਅਕਾਲ ਬੁਲਾਉਂਦਾ ਹਾਂ। ਉਹ ਆਪਣੀ ਖੂੰਡੀ ਦੇ ਸਹਾਰੇ ਮੇਰੀ ਨਮਸਕਾਰ ਦਾ ਉੱਤਰ ਦੇਂਦਾ ਹੈ। ਮੇਰੇ ਪਿਤਾ ਜੀ ਕਿਸੇ ਕੰਮ ਸ਼ਹਿਰ ਗਏ ਹੁੰਦੇ ਨੇ । ਦਰਅਸਲ ਉਹ ਬਜ਼ੁਰਗ ਪਿਤਾ ਜੀ ਨਾਲ ਆਪਣੇ ਪੁਰਾਣੇ ਮੋਹ ਨੂੰ ਸਾਂਝਾ ਕਰਨ ਆਇਆ ਹੈ।

ਮੈਂ ਬਜ਼ੁਰਗ ਨੂੰ ਅੰਦਰ ਲੈ ਆਉਂਦਾ ਹਾਂ ਤੇ ਬੈਠਕ ਵਿਚ ਬਿਠਾ ਲੈਂਦਾ ਹਾਂ। ਉਸ ਦੀ ਉਮਰ, ਉਸ ਦੀ ਸਫ਼ੇਦ ਦਾੜ੍ਹੀ ਤੋਂ, ਸੱਤਰਾਂ 'ਤੋਂ ਵੱਧ ਜਾਪਦੀ ਹੈ। ਮੈਥੋਂ ਉਹ ਘਰ ਦੀ ਖ਼ਬਰ-ਸਾਰ ਪੁੱਛਣ ਲੱਗਦਾ ਹੈ। ਉਸਨੂੰ ਥੋੜ੍ਹਾ ਉੱਚਾ ਸੁਣਦਾ ਹੈ। ਮੈਨੂੰ ਜ਼ਰਾ ਜ਼ੋਰ ਦੇ ਕੇ ਬੋਲਣਾ ਪੈਂਦਾ ਹੈ। ਮੈਂ ਉਸਦੀ ਸਫ਼ੇਦ ਪੁਸ਼ਾਕ ਵੱਲ ਧਿਆਨ ਕਰਦਾ ਹਾਂ। ਗੱਲਾਂ ਹੁੰਦੀਆਂ ਹਨ। ਉਹ ਬਾਰ-ਬਾਰ ਰੱਬ ਦਾ ਸ਼ੁਕਰ ਕਰਦਾ ਹੈ।

"ਵਧੀਆ ਲੰਘ ਗਈ। ਬੱਸ ਹੁਣ ਤਾਂ ਥੋੜ੍ਹੀ ਜਿਹੀ ਰਹਿ ਗਈ। ਉਹ ਵੀ ਲੰਘ ਜਾਣੀ ਐਂ। ........ ਪਰ ਸਾਊ, ਹੁਣ ਉਹ ਜ਼ਮਾਨੇ ਨਹੀਂ ਰਹੇ।"

ਮੈਂ ਵਿੱਚੋਂ ਹੀ ਟੋਕ ਕੇ ਚਾਹ-ਪਾਣੀ ਬਾਰੇ ਪੁੱਛਦਾ ਹਾਂ।

"ਸਭ ਕੁਝ ਛਕਿਆ ਹੋਇਆ ਹੈ। ਬੱਸ, ਜੀਅ ਕੀਤਾ, ਚਲੋ! ਤੁਹਾਡੇ ਪਿਤਾ ਜੀ ਨੂੰ ਹੀ ਮਿਲ ਚੱਲਾਂ। ਹੁਣ ਤਾਂ ਬਾਹਰ ਤੁਰਨ-ਫਿਰਨ ਦਾ ਵਕਤ ਨਹੀਂ ਰਿਹਾ। ਹੁਣ ਉਮਰ ਵੀ ਜੁਆਬ ਦੇਂਦੀ ਜਾਪਦੀ ਹੈ।"

"ਚਲੋ! ਚਾਹ ਤਾਂ ਜ਼ਰੂਰ ਪੀ ਲਾਂਗਾ। ਬੱਸ, ਪਾਈਆ ਕੁ।" ਬਜ਼ੁਰਗ ਅੱਗੋਂ ਬੋਲਦਾ ਹੈ। ਢਿਲਕੀ ਹੋਈ ਪਗੜੀ ਤੇ ਢਿੱਲੀ ਜਿਹੀ ਦਾੜ੍ਹੀ ਦੀ ਗੁੱਟੀ ਤੋਂ ਉਸਦੀ ਸਾਦਗੀ ਸਪਸ਼ਟ ਜਾਪਦੀ ਹੈ। ਉਸਦੇ ਚਿਹਰੇ ਦੀਆਂ ਝੁਰੜੀਆਂ, ਮੈਨੂੰ ਕੁਝ ਹੋਰ ਵੀ ਡੂੰਘੀਆਂ ਜਾਪਣ ਲੱਗਦੀਆਂ ਹਨ।

ਮੈਨੂੰ ਡਿਊਟੀ 'ਤੇ ਜਾਣ ਦੀ ਕਾਹਲ ਭੁੱਲ ਜਾਂਦੀ ਹੈ। ਘਰ ਆਏ ਬੰਦੇ ਦੀ ਮਹਿਮਾਨ-ਨਿਵਾਜ਼ੀ ਕਰਨੀ, ਮੈਂ ਜ਼ਰੂਰੀ ਸਮਝਦਾ ਹਾਂ।

ਅਸੀਂ ਦੋਵੇਂ ਗੱਲਾਂ ਵਿਚ ਰਚ-ਮਿਚ ਜਾਂਦੇ ਹਾਂ। ਪਿੰਡ ਦੇ ਕਈ ਬੰਦਿਆਂ ਬਾਰੇ ਗੱਲਾਂ ਹੁੰਦੀਆਂ ਹਨ।

ਏਨੇ ਨੂੰ ਮੇਰੀ ਬੇਟੀ ਪਾਣੀ ਦਾ ਗਲਾਸ ਲਿਆ ਧਰਦੀ ਹੈ। ਪਾਣੀ ਪੀਣ ਪਿੱਛੋਂ ਉਹ ਗੱਲ ਤੋਰੀਂ ਰੱਖਦਾ ਹੈ। ਆਪਣੇ ਪੁੱਤ-ਪੋਤਿਆਂ ਦੀਆਂ ਗੱਲਾਂ ਕਰਨ ਲੱਗਦਾ ਹੈ। ਉਹਨਾਂ ਵੱਲੋਂ ਕੀਤੀ ਜਾਂਦੀ, ਸੇਵਾ ਤੋਂ ਉਹ ਪੂਰਾ ਸੰਤੁਸ਼ਟ ਜਾਪਦਾ ਹੈ।

"ਬਜ਼ੁਰਗੋ, ਚੰਗੇ ਕਰਮਾਂ ਵਾਲੇ ਹੋ। ਨਹੀਂ ਤਾਂ ਅੱਜ ਕੱਲ..............।" ਮੈਂ ਕਹਿਣ ਲੱਗਦਾ ਹਾਂ।

"ਹੁਣ ਤਾਂ ਸਾਊ, ਉਹ ਬੰਦੇ ਹੀ ਨਹੀਂ ਰਹੇ। .............ਮੋਹ-ਮੁਹੱਬਤਾਂ ਵੀ ਮੁੱਕ ਗਈਆਂ।"

ਬਜ਼ੁਰਗ ਦੇ ਬੋਲਾਂ 'ਚੋਂ ਜਿਵੇਂ ਇਕ ਹੂਕ ਜਿਹੀ ਨਿਕਲਦੀ ਹੈ।

"ਧਰਮੀ ਬੰਦੇ ਕਦੇ ਖਤਮ ਨਹੀਂ ਹੁੰਦੇ। ਨੇਕੀ ਤੇ ਬਦੀ ਧੁਰੋਂ ਹੀ ਚਲੀ ਆਈ ਹੈ", ਮੈਂ ਜਿਵੇਂ ਉਸਦੇ ਦਿਲ ਦੀ ਗੱਲ ਬੋਚ ਲੈਂਦਾ ਹਾਂ।

ਏਨੇ ਨੂੰ ਮੇਰੀ ਘਰ ਵਾਲੀ ਚਾਹ ਲਿਆ ਧਰਦੀ ਹੈ। ਅਸੀ ਚਾਹ ਪੀਣ ਲੱਗਦੇ ਹਾਂ। ਬਿਰਧ ਹੁੰਦੇ ਹੋਏ ਵੀ, ਉਸਦੀਆਂ ਅੱਖਾਂ ਦੀ ਜੋਤ ਕਾਫ਼ੀ ਕਾਇਮ ਲੱਗਦੀ ਹੈ।

ਗੱਲਾਂ-ਗੱਲਾਂ 'ਚੋਂ ਪੰਜਾਬ ਦੇ ਹਾਲਾਤ ਤੋਂ ਗੱਲ, 1947 ਦੀ ਵੰਡ ਬਾਰੇ ਛਿੜ ਜਾਂਦੀ ਹੈ।

"ਸਾਊ, ਸ਼ਾਇਦ ਤੈਨੂੰ ਦੱਸਿਆ ਹੋਊ, ਤੇਰੇ ਪਿਤਾ ਨੇ..............।"

ਮੈਂ ਪੁੱਛਣ ਹੀ ਲੱਗਦਾ ਹਾਂ। "ਕੀ? ..............।"

"ਸੁਣ! ਤੁਹਾਡੇ ਦਾਊਂ ਪਿੰਡ ਦੇ ਮੁਸਲਮਾਨਾਂ ਨੂੰ ਜਦ ਛੱਡਣ ਗਏ, ਖੇੜ ਕੈਂਪ 'ਚ, ਸੰਨ ਸੰਤਾਲੀ 'ਚ। ਤਾਂ ਇੱਕ ਟੋਲੇ ਨੇ ਉਹਨਾਂ ਨੂੰ ਦੇਸੂ ਮਾਜਰੇ ਪਿੰਡ ਕੋਲ ਘੇਰ ਲਿਆ। ਕਹਿੰਦੇ, ਅਸੀਂ ਨੀਂ ਸੁੱਕੇ ਜਾਣ ਦੇਣੇ ਮੁਸਲੇ? ਟੁੱਕਣੇ ਐਂ, ਟੁੱਕਣੇ! ਅਸੀਂ ਤਾਂ। ਦੱਸਦੇ ਐਂ ਪਈ ਤੇਰੇ ਪਿਤਾ ਨੇ ਬੜੀ ਦਲੇਰੀ ਕੀਤੀ। ਸਭ ਦੇ ਅੱਗੇ ਖੜ੍ਹ ਗਿਆ। ਲਓ! ਪਹਿਲਾਂ ਮੈਨੂੰ ਮਾਰੋ। ਕਹਿਣ ਲੱਗਾ, ਮੈਂ ਆਪਣੇ ਸਾਹਮਣੇ ਕੁਝ ਨਹੀਂ ਹੋਣ ਦੇਣਾ। ਮੇਰੇ ਪਿੰਡ ਦੀ ਇੱਜ਼ਤ ਐ ਏਹ। ਬੱਸ, ਮੌਕਾ ਸੀ ਸਾਊ। ਸਾਂਭਿਆ ਗਿਆ। ਸਭ ਦੀ ਰਹਿ ਗਈ। ਕਿਸੇ ਦਾ ਵਾਲ ਵਿੰਗਾ ਨਹੀਂ ਹੋਣ ਦਿੱਤਾ। ਸਭ ਨੂੰ ਠੀਕ-ਠਾਕ ਖੇੜ ਪੁਚਾਤਾ।"

"ਬਜ਼ੁਰਗੋ, ਮੈਨੂੰ ਉਦੋਂ ਦੀ ਸੋਝੀ ਐ। ਕਈ ਗੱਲਾਂ ਮੈਨੂੰ ਹੁਣ ਵੀ ਯਾਦ ਐਂ", ਮੈਂ ਹੁੰਗਾਰਾ ਭਰਦਾ ਹਾਂ।

"ਅੱਛਾ, ਅੱਛਾ," ਬਜ਼ੁਰਗ ਸਿਰ ਹਿਲਾਉਂਦਾ ਹੈ।

"ਕੋਈ ਹੋਰ ਘਟਨਾ ਦੱਸੋ?" ਮੈਂ ਪੁੱਛਣ ਲਈ ਉਤਾਵਲਾ ਹੁੰਦਾ ਹਾਂ।

"ਪਤਾ ਨੀਂ, ਰੱਬ ਤਾਂਹੀਓ ਦਿਆਲ ਹੈ। ਲੈ ਸੁਣ, ਤੈਨੂੰ ਹੱਲਿਆਂ ਦੀ ਸੱਚੀ ਘਟਨਾ ਦੱਸਾਂ। ਔਹ, ਤੁਹਾਡੇ ਪਿੰਡ ਦੇ ਬੰਨੇ 'ਤੇ ਸੀਂਹਪੁਰ ਵਾਲੀ ਥਾਂ.......ਕੱਲਰਾਂ ਵਾਲੀ। ਉੱਥੇ ਆਪਣੇ ਇਲਾਕੇ ਦੇ ਮੁਸਲਮਾਨ ਹੀ

ਮੁਸਲਮਾਨ ਵੱਢੇ-ਟੁੱਕੇ ਪਏ। ਕਿਸੇ ਦੀ ਟੰਗ, ਕਿਸੇ ਦੀ ਬਾਂਹ, ਕਿਸੇ ਦੀ ਖੋਪੜੀ, ਕਿਸੇ ਦੀ ਧੜ। ਤੀਵੀਆਂ ਦੀਆਂ ਗੁੱਤਾਂ, ਨੰਗੀਆਂ ਛਾਤੀਆਂ , ਕਿਤੇ ਕੋਈ ਬੱਚਾ। ਬੜਾ ਕਤਲੇ-ਆਮ ਹੋਇਆ ਉੱਥੇ। ਕਿਆ ਹਿਸਾਬ ਰਿਹਾ ਲਹੂ ਦਾ। ਲਹੂ ਦੇ ਛੱਪੜ ਦੇਖ ਕੇ ਭੈਅ ਆਉਂਦਾ। ਲਾਸ਼ਾਂ ਦੇ ਢੇਰ-ਹੀ ਢੇਰ। ਸਭ ਕੁਛ ਅੱਖੀਂ ਦੇਖਿਆ..........................।"

ਇੱਕ ਦਿਨ ਅਸੀਂ ਕਈ ਜਣੇ, ਉੱਥੇ ਮੁਸਲਮਾਨਾਂ ਨੂੰ ਦੇਖਣ ਚਲੇ ਗਏ।" ਬਜ਼ੁਰਗ ਬੋਲਦਾ-ਬੋਲਦਾ ਰੁਕ ਜਾਂਦਾ ਹੈ। ਮੈਂ ਬਹੁਤ ਗੰਭੀਰ ਹੋ ਜਾਂਦਾ ਹਾਂ। ਮੈਥੋਂ ਹੁੰਗਾਰਾ ਵੀ ਭਰਿਆ ਨਹੀਂ ਜਾਂਦਾ ਅੱਖੀਂ ਡਿੱਠੀ ਘਟਨਾ ਬਾਰੇ ਦੱਸਣ ਲੱਗਦਾ ਹੈ।

"ਕਹਿਰ ਦਾ ਦਿਨ। ਸਤਾਰਾਂ ਕੁ ਸਾਲ ਦੀ ਇੱਕ ਮੁਟਿਆਰ, ਲਾਸ਼ਾਂ ਦੇ ਢੇਰ ਥੱਲੇ ਪਈ, ਤੜਪੇ, ਜ਼ਖ਼ਮੀ, ਛੱਪੜੀ 'ਚ ਲਹੂ ਨਾਲ ਲੱਥ-ਪੱਥ ਹੋਈ। ਬੇਹੋਸ਼, ਬੜੀ ਸੁਨੱਖੀ, ਪੇਟ 'ਚ ਉਸਦੇ ਬੱਚਾ। ਬਰਛੇ ਦੇ ਸੱਤ ਪੱਛ, ਉਸਦੀ ਵੱਖੀ 'ਚ ਧੁਰ ਤੱਕ, ਪਾਣੀ ਨੂੰ ਤਰਸੇ।"

ਸੁਣਦੇ-ਸੁਣਦੇ ਮੈਂ ਲੰਮਾਂ ਹੌਕਾ ਭਰਦਾ ਹਾਂ।

"ਹਾਲਤ ਦੇਖੀ ਨਾ ਜਾਵੇ। ਛੱਪੜੀ 'ਚੋਂ ਉਸ ਨੇ ਗਾਰਾ ਚੂਸ-ਚੂਸ ਬੁੱਲ੍ਹ ਲਬੇੜੇ ਹੋਏ। ਕਈ ਦਿਨਾਂ ਤੋਂ ਭੁੱਖਣ-ਭਾਣੀ। ਜਬਰ ਤੋਂ ਇੱਜ਼ਤ ਬਚਾਉਂਦੀ। ਬੇਵੱਸ ਹੋਈ, ਮਾਰਨ ਵਾਲੇ ਤਾਂ ਉਸ ਨੂੰ ਮਾਰ ਗਏ................"

"ਮੈਂ ਉਸ ਨੂੰ ਪਛਾਣ ਲਿਆ। ਸਾਡੇ ਗੁਆਂਢੀ ਪਿੰਡ ਬਹਿਲੋਲਪੁਰ ਦੇ ਮੁਸਲਮਾਨ ਜੁਲਾਹੇ ਸੈਨ ਬਖ਼ਸ਼ ਦੀ ਧੀ ........ਸ਼ਰੀਫ਼ਨ (ਬਿਛੂਆ)। ਬਾਤਣ ਮੁਸਲਮਾਨਣੀ ਦੀ ਬੇਟੀ। ਬੜੀ ਜੁਆਨ, ਸੁਥਰੀ ਡੀਲ-ਡੌਲ ਵਾਲੀ।"

ਮੈਂ ਕਹਾਣੀ ਸੁਣਦਾ-ਸੁਣਦਾ ਪਸੀਜ ਜਾਂਦਾ ਹਾਂ। ਬਜ਼ੁਰਗ ਦੀਆਂ ਅੱਖਾਂ ਅੱਗੇ ਦਰਦਨਾਕ ਦ੍ਰਿਸ਼ ਘੁੰਮਣ ਲੱਗਦਾ ਹੈ। ਮੈਨੂੰ ਇੰਝ ਮਹਿਸੂਸ ਹੁੰਦਾ ਹੈ।

"ਸੈਨ ਬਖ਼ਸ਼ ਬੜਾ ਮੁਹੱਬਤੀ,ਮੇਰਾ ਲਿਹਾਜ਼ੀ, ਤਕੜੇ ਘਰ ਵਾਲਾ, ਬੰਨੇ-ਚੰਨੇ ਪੂਰਾ ਦਬ-ਦਬਾਅ ਉਸਦਾ। ਸਾਡੀ ਚੰਗੀ ਜਾਣ-ਪਛਾਣ, ਪਰ ਸਮੇਂ ਦੀ ਜ਼ਾਲਮ ਨ੍ਹੇਰੀ ਬੰਦੇ ਨੂੰ ਕੱਖ-ਕਾਨਿਆਂ ਤੋਂ ਵੀ ਹੌਲਾ ਕਰ ਦੇਂਦੀ ਐ। ਮੈਨੂੰ ਸੈਨ ਬਖ਼ਸ਼ ਦੀ ਮੁਲਾਹਜੇਦਾਰੀ ਨੇ ਝੰਜੋੜ ਸਿੱਟਿਆ। ਮੈਂ ਅੰਦਰੋਂ ਹਿੱਲ ਗਿਆ। ਮੇਰੇ ਸਾਥੀ ਵੀ ਹੈਰਾਨ ਹੋਣ...... .........।"

ਮੈਨੂੰ ਲੱਗਿਆ ਜਿਵੇਂ ਬਜ਼ੁਰਗ ਦਾ ਗਲਾ ਭਰ ਆਇਆ ਹੋਵੇ।

"ਸਾਊ, ਮੈਂ ਦਿਲ ਕੈੜਾ ਕੀਤਾ। ਮੈਂ ਆਪਣੀ ਧੋਤੀ ਅੱਧ-ਨੰਗੀ ਸ਼ਰੀਫ਼ਨ ਉੱਤੇ ਦਿੱਤੀ। ਲੋਥ ਸਮਝ, ਕਿਵੇਂ ਨਾ ਕਿਵੇਂ ਮੈਂ ਉਸ ਨੂੰ ਚੁੱਕਿਆ ਤੇ ਆਪਣੇ ਘਰ ਲੈ ਆਇਆ। ਕੱਪੜੇ ਲਹੂ ਨਾਲ ਲਿੱਬੜ ਗਏ। ਰਸਤੇ ਵਿਚ ਹਮਲੇ ਦਾ ਡਰ। ਪਰ ਸ਼ੁਕਰ ਰੱਬ ਦਾ, ਕੋਈ ਮੰਦੀ ਗੱਲ ਨਾ ਹੋਈ.............।"

"ਘਰ ਲਿਆ ਕੇ ਮੈਂ ਸ਼ਰੀਫ਼ਨ ਨੂੰ ਪਿਛਲੀ ਕੋਠੜੀ ਵਿਚ ਮੰਜੇ ਤੇ ਲਿਟਾ ਦਿੱਤਾ ਤਾਂ ਜੋ ਕਿਸੇ ਨੂੰ ਸੂਹ ਨਾ ਲੱਗੇ। ਫ਼ਿਕਰ ਏਹ ਸੀ, ਕਿ ਕਿਤੇ ਮਰ ਨਾ ਗਈ ਹੋਵੇ। ਪਰ ਸਾਹ ਚੱਲਦਾ ਰਿਹਾ। ਮੇਰੀ ਘਰ ਵਾਲੀ ਨੇ ਸ਼ਰੀਫ਼ਨ ਦੀ ਮੱਲ੍ਹਮ-ਪੱਟੀ ਕੀਤੀ। ਦੁੱਧ ਪਿਲਾਇਆ, ਢਾਰਸ ਦਿੱਤੀ ਤੇ ਕਿੰਨੀ ਦੇਰ ਉਸ ਕੋਲ ਬੈਠੀ ਰਹੀ।"

"ਮਨੁੱਖ ਦੀ ਹਮਦਰਦੀ ਦਾ ਲਹੂ ਬੜਾ ਗਾੜ੍ਹਾ ਹੁੰਦਾ ਹੈ", ਮੇਰੇ ਮੂੰਹੋਂ ਨਿਕਲਦਾ ਹੈ।

"ਰਾਤ ਹੋਈ, ਚੋਰੀ-ਚੋਰੀ ਮੈਂ ਪਿੰਡ 'ਚੋਂ ਕਿਰਪੋ ਦਾਈ ਨੂੰ ਬੁਲਾ ਲਿਆਂਦਾ। ਨ੍ਹੇਰੇ-ਨ੍ਹੇਰੇ, ਉਹ ਆਈ। ਬੜੀ ਸਿਆਣੀ ਸੀ, ਕਿਰਪੋ। ਮੇਰੀ ਘਰ ਵਾਲੀ ਕੋਲ ਰਹੀ। ਸਾਂਭ-ਸੰਭਾਲ ਕੀਤੀ। ਬੱਚਾ ਤਾਂ ਖ਼ਰਾਬ ਹੋ ਗਿਆ, ਪਰ ਸ਼ਰੀਫ਼ਨ ਬਚ ਗਈ। ਮੈਂ ਰੱਬ ਦਾ ਸ਼ੁਕਰ ਕੀਤਾ।"

"ਧੰਨ", ਮੇਰੇ ਮੂੰਹੋਂ ਏਨਾ ਹੀ ਨਿਕਲਦਾ ਹੈ।

"ਸ਼ਰੀਫ਼ਨ ਮੇਰੇ ਘਰ ਕਈ ਮਹੀਨੇ ਰਹੀ। ਮੈਂ ਉਸ ਨੂੰ ਧੀ ਬਣਾ ਕੇ ਰੱਖਿਆ। ਹੱਲੇ-ਗੁੱਲੇ ਲੰਘ ਗਏ। ਲੋਕਾਂ ਨੂੰ ਭਿਣਕ ਪੈ ਗਈ। ਕਈਆਂ ਨੇ ਮੇਰੇ 'ਤੇ ਊਝਾਂ ਵੀ ਲਾਈਆਂ। ਬੜਾ ਕੁਝ ਸਹਿਆ, ਭਾਈ ਮੈਂ।"

ਮੈਂ ਬਜ਼ੁਰਗ ਨੂੰ ਝਿਜਕਦੇ-ਝਿਜਕਦੇ ਉਸਦਾ ਨਾਂ ਪੁੱਛਦਾ ਹਾਂ।

"ਗੁਰਦਿਆਲ ਸਿਉਂ। ਸਿੰਘਾਂ ਦਾ ਘਰ, ਰਾਏਪੁਰ ਵਾਲਾ।"

"ਉਮਰ ਕਿੰਨੀ ਕੁ ਹੋ ਗਈ?" ਮੈਂ ਦੂਜਾ ਪ੍ਰਸ਼ਨ ਪੁੱਛਦਾ ਹਾਂ।

"ਅੱਸੀਆਂ ਤੋਂ ਉੱਤੇ।"

ਮੈਂ ਅੰਦਾਜ਼ਾ ਲਾਉਂਦਾ ਹਾਂ, ਕਿ ਉਦੋਂ ਬਜ਼ੁਰਗ ਦੀ ਉਮਰ ਪੈਂਤੀ ਕੁ ਸਾਲ ਦੀ ਹੋਵੇਗੀ। ਭਰ ਜੁਆਨੀ ਵਾਲੀ। ਕਈ ਪ੍ਰਸ਼ਨ ਮੇਰੀ ਸੋਚ ਨੂੰ ਟੁੰਬਦੇ ਨੇ।

"ਅੱਗੇ ਕੀ ਹੋਇਆ?" ਮੈਂ ਪੁੱਛਦਾ ਹਾਂ।

"ਕਈਆਂ ਨੇ ਮੁਸਲਮਾਨ ਔਰਤਾਂ ਨੂੰ ਹਿੰਦੂ ਜਾਂ ਸਿੱਖ ਬਣਾ ਕੇ ਰੱਖ ਲਿਆ। ਕਈਆਂ ਨੇ ਹੋਰਾਂ ਤੋਂ ਮੁੱਲ ਖਰੀਦ ਲਈਆਂ। ਸ਼ਰੀਫ਼ਨ ਬਾਰੇ ਵੀ ਮੇਰੇ ਕੋਲ ਬਹੁਤ ਫਰਮਾਇਸ਼ਾਂ ਆਈਆਂ। ਕਈ ਕਹਿੰਦੇ, ਇਸ ਦੀ ਸਾਂਭ-ਸੰਭਾਲ ਦਾ ਜੋ ਖਰਚ ਆਇਆ ਏ, ਲੈ-ਲੈ। ਹੋਰ ਵੱਧ ਲੈਣਾ ਤਾਂ ਦੱਸ। "

"ਭਲਾਂ, ਆਪਣੀ ਧੀ ਨੂੰ ਕੋਈ ਕਿਵੇਂ ਵੇਚ ਸਕਦੈ?" ਮੇਰੇ ਮੂੰਹੋਂ ਨਿਕਲਦਾ ਹੈ।

"ਸਾਊ, ਸਾਡਾ ਘਰ ਤਕੜਾ ਸੀ। ਕਈ ਜੱਥੇ ਸਾਡੇ ਪਿੰਡ ਆਏ। ਪਰ ਸ਼ਰੀਫ਼ਨ ਨੂੰ ਚੁੱਕ ਕੇ ਲੈ ਜਾਣ ਦੀ ਕਿਸੇ ਦੀ ਹਿੰਮਤ ਨਾ ਪਈ। ਸਾਡੇ ਘਰ ਨੂੰ ਅੱਗ ਲਾਉਣ ਤੱਕ ਦਾ ਡਰਾਵਾ ਵੀ ਦਿੱਤਾ ਗਿਆ। ਪਿੰਡਾਂ ਦੀਆਂ ਤਲਾਸ਼ੀਆਂ ਹੋਣ ਲੱਗ ਪਈਆਂ, ਰੱਖੀਆਂ ਹੋਈਆਂ, ਮੁਸਲਮਾਨ ਔਰਤਾਂ ਨੂੰ ਪਾਕਿਸਤਾਨ ਭੇਜਣ ਲਈ।"

"ਸਾਨੂੰ ਵੀ ਸ਼ਰੀਫ਼ਨ ਦਾ ਨਾਂ ਬਦਲਣਾ ਪਿਆ। ਸੋਚ-ਸੋਚ ਕੇ ਨਸੀਬ ਕੁਰ ਰੱਖ ਦਿੱਤਾ। ਹੁਣ ਉਸਨੂੰ ਸਾਰੇ ਨਸੀਬ ਕੁਰ ਕਹਿ ਕੇ ਬੁਲਾਉਂਦੇ। ਇਸੇ 'ਚ ਭਲਾ ਸੀ। ਸ਼ਰੀਫ਼ਨ (ਨਸੀਬ ਕੌਰ) ਮੇਰਾ ਲੱਖ-ਲੱਖ ਸ਼ੁਕਰ ਕਰਦੀ। ਕਦੇ ਮੇਰੇ ਗਲ ਨਾਲ ਚਿੰਬੜ ਕੇ ਭੁੱਬਾਂ ਮਾਰਦੀ। ਮੈਥੋਂ ਦੁੱਖ ਝੱਲਿਆ ਨਾ ਜਾਂਦਾ।

ਕਈ ਵਾਰ ਮੈਂ ਉਸ ਨੂੰ ਪਾਕਿਸਤਾਨ ਜਾਣ ਬਾਰੇ ਵੀ ਪੁੱਛਿਆ।

"ਬਾਪੂ! ਪਾਕਿਸਤਾਨ ਜਾਕੇ ਮੈਂ ਕੀ ਲੈਣਾ? ਮੇਰਾ ਉੱਥੇ ਕੌਣ ਐਂ? ਹੁਣ ਤਾਂ ਤੁਸੀਂ ਹੀ ਮੇਰੇ ਸਭ ਕੁਝ ਹੋ", ਨਸੀਬ ਕੌਰ ਧਾ ਮਾਰ ਕੇ ਰੋਂਦਿਆਂ ਕਹਿੰਦੀ।

"ਉਸ ਦੇ ਪਰਿਵਾਰ ਦਾ ਕੋਈ ਵੀ ਜੀਅ ਜਿਉਂਦਾ ਨਾ ਰਿਹਾ। ਦੱਸਦੀ ਹੁੰਦੀ ਸੀ, ਕਿ ਮਾਂ ਤਾਂ ਬੀਮਾਰੀ ਨਾਲ ਮਰ ਗਈ ਸੀ। ਅੱਬਾ ਜਾਨ ਹੱਲਿਆਂ ਦੀ ਬਲੀ ਚੜ੍ਹ ਗਿਆ। ਸੱਤ ਭੈਣਾਂ ਦਾ ਭਰਾ ਤਾਂ ਕੋਈ ਨਹੀਂ ਸੀ। ਚਾਰ ਭੈਣਾਂ ਪਲੇਗ ਨੇ ਖਾ ਲਈਆਂ। ਛੋਟੀ ਭੈਣ ਮੇਰੇ ਸਾਹਮਣੇ ਦੁਸ਼ਟਾਂ ਨੇ ਵੱਢ ਸੁੱਟੀ। ਇਕ ਭੈਣ ਬੱਚਦੀ-ਬਚਾਉਂਦੀ ਪਾਕਿਸਤਾਨ ਧਕੇਲੀ ਗਈ। ਹੁਣ ਤਾਂ ਉਹ ਵੀ ਨਹੀਂ ਰਹੀ। ਵਿਚਾਰੀ ਦਾ ਕੁਨਬਾ ਹੀ ਖਤਮ ਹੋ ਗਿਆ। ਘਰ ਵਾਲਾ ਟੋਲੇ ਨੇ ਵੱਢ ਸੁੱਟਿਆ।"

"ਮਨੁੱਖ ਦੀ ਦਰਿੰਦਗੀ ਕਿੰਨੀ ਭਿਆਨਕ ਹੁੰਦੀ ਹੈ", ਮੈਂ ਸੋਚਣ ਲੱਗਦਾ ਹਾਂ।

"ਮੈਂ ਤੇ ਮੇਰੇ ਘਰ ਵਾਲੀ, ਕਿੰਨੇ ਮਹੀਨੇ ਸ਼ਸ਼ੋਪੰਜ 'ਚ ਪਏ ਰਹੇ। ਕਰੀਏ ਤਾਂ ਕੀ ਕਰੀਏ? ਖ਼ਾਨਦਾਨੀ ਬੰਦੇ ਨੂੰ ਬੜਾ ਕੁਝ ਸੋਚਣਾ ਪੈਂਦਾ ਹੈ।" ਬਜ਼ੁਰਗ ਇਕ ਲੰਮਾ ਸਾਹ ਲੈਂਦਾ ਹੈ। ਮੈਨੂੰ ਇਉਂ ਲੱਗਦਾ ਹੈ, ਜਿਵੇਂ ਬਜ਼ੁਰਗ ਦਾ ਅੰਦਰ ਰੋ ਪਿਆ ਹੋਵੇ। ਕੇਹੇ ਇਤਫ਼ਾਕ ਦੀ ਗੱਲ ਹੈ। ਪੂਰੇ ਬਤਾਲੀ ਸਾਲ ਪਹਿਲਾਂ ਦੀ ਘਟਨਾ। ਲੋਕਾਂ ਤੋਂ ਸੁਣੀ ਦੰਦ-ਕਥਾ, ਅੱਜ ਮੈਂ ਇੱਕ ਅਸਲ ਪਾਤਰ ਕੋਲੋਂ ਹੱਡ-ਬੀਤੀ ਦੇ ਰੂਪ ਵਿਚ ਸੁਣ-ਸੁਣ, ਸੁੰਨ ਹੋਣ ਲੱਗਦਾ ਹਾਂ। ਬਜ਼ੁਰਗ ਅੱਗੇ ਦੱਸਣਾ ਸ਼ੁਰੂ ਕਰਦਾ ਹੈ।

"ਸਮਾਂ ਲੰਘਿਆ । ਠੰਢ-ਠੇਰ ਹੋ ਗਈ। ਇਕ ਦਿਨ ਸੰਤਾਂ ਸਿਉਂ ਟ੍ਰਾਂਸਪੋਰਟਰ, ਬੱਲੋਮਾਜਰਾ ਵਾਲਾ, ਨਾਨਕੇ ਪਿੰਡ ਵਾਲਾ, ਸਾਡੇ ਘਰ ਬੰਦੇ ਲੈ ਕੇ ਆ ਗਿਆ। ਮੈਂ ਗੱਲ ਤਾੜ ਗਿਆ। ਪਿੰਡ ਵਾਲਿਆਂ ਨੇ ਵੀ ਮੇਰੇ 'ਤੇ ਦਬਾਅ ਪਾਇਆ। ਭਾਈਚਾਰੇ ਦੀ ਗੱਲ ਮੋੜਨੀਂ ਵੀ ਔਖੀ। ਆਖ਼ਿਰ, ਨਸੀਬ ਕੁਰ ਦਾ ਰਿਸ਼ਤਾ ਮੈਨੂੰ ਸੰਤਾਂ ਸਿਉਂ ਦੇ ਸਾਲੇ ਨਾਲ ਕਰਨਾ ਪਿਆ। ਇਕ ਗੱਲੋਂ ਮੈਂ ਰੱਬ ਦਾ ਸ਼ੁਕਰ ਕੀਤਾ ਕਿ ਲੋੜਵੰਦ ਦੇ ਘਰ ਦੀਵਾ ਬਲਦਾ ਤਾਂ ਹੋਊ। ਕਿਤੇ ਨਾ ਕਿਤੇ ਤਾਂ ਉਹਨੂੰ ਬੈਠਾਲਣਾ ਹੀ ਪੈਣਾ ਸੀ।"

"ਧੀ ਕਿਸੇ ਦੀ ਵੀ ਹੋਵੇ, ਜਦੋਂ ਬੂਹਿਓਂ ਉੱਠਦੀ ਆ, ਘਰ ਦੀਆਂ ਚੁਗਾਠਾਂ 'ਚੋਂ ਵੀ ਹੁੱਭ ਨਿਕਲਦੀ ਐ..............।"

"ਧੀ ਨਸੀਬੋ, ਦੀ ਖੈਰ-ਸੁੱਖ ਲੋੜੀ। ਸ਼ਗਨ ਪਾਇਆ। ਅਗਲੇ ਦਿਨ ਸੰਤਾਂ ਸਿਉਂ ਦੇ ਸਾਲੇ ਸਾਧੂ ਸਿੰਘ ਨਾਲ ਉਸ ਨੂੰ ਤੋਰ ਦਿੱਤਾ। ਹੋਰ ਚਾਰਾ ਵੀ ਕੀ ਸੀ? ਕਿੰਨੇ ਹੀ ਦਿਨ ਘਰ ਭਾਂਅ-ਭਾਂਅ ਕਰਦਾ ਰਿਹਾ। ਕਿੰਨੇ ਹੀ ਦਿਨ ਮੇਰੀ ਘਰ ਵਾਲੀ ਦੇ ਅੱਥਰੂ ਨਾ ਸੁੱਕੇ।"

"ਸਾਧੂ ਸਿੰਘ ਦਾ ਹੱਥ ਤੰਗ ਸੀ ਪਰ ਬੰਦਾ ਬੜਾ ਚੰਗਾ ਨਿਕਲਿਆ। ਮੇਰੇ ਨਾਲ ਤੇ ਮੇਰੇ ਪੋਤਿਆਂ ਨਾਲ ਰਿਸ਼ਤੇਦਾਰਾਂ ਵਾਂਗ ਵਰਤਦਾ ਰਿਹਾ।"

"ਜੜ੍ਹ ਲੱਗ ਗਈ। ਹੁਣ ਤਾਂ ਉਸ ਦੇ ਘਰ ਮਿਹਰਾਂ ਨੇ। ਭਾਗ ਜਾਗ ਪਏ। ਦੋ ਲੜਕੇ ਤੇ ਇਕ ਲੜਕੀ ਐ, ਉਸ ਦੇ। ਲੜਕੀ ਤਾਂ ਆਪਣੇ ਘਰ ਬਾਰ ਐ। ਲੜਕਿਆਂ ਦੇ ਅੱਗੋਂ ਵੀ ਸੁੱਖ ਨਾਲ ਪਰਿਵਾਰ ਹੱਸਦਾ-ਵੱਸਦਾ ਹੈ। ਪੰਜ ਪੋਤਿਆਂ ਵਾਲੀ।"

ਸਾਧੂ ਸਿੰਘ ਤਾਂ ਹੁਣ ਬਿਰਧ ਹੋ ਗਿਆ ਹੋਣੈ", ਮੈਂ ਉਹਨੂੰ ਪੁੱਛ ਬੈਠਦਾ ਹਾਂ।

ਬਜ਼ੁਰਗ ਕੁਝ ਪਲ ਲਈ ਚੁੱਪ ਕਰ ਜਾਂਦਾ ਹੈ।

......................

"ਉਸ ਨੂੰ ਪੂਰੇ ਹੋਇਆਂ, ਚਾਰ ਸਾਲ ਹੋ ਗਏ। ਇਕ ਛੋਟਾ ਲੜਕਾ ਵੀ ਪਿੱਛੇ ਜਿਹੇ ਮਰ ਗਿਆ। ਪੁੱਤ ਦਾ ਸਦਮਾ। ਪਰ ਨਸੀਬ ਕੁਰ ਤਾਂ ਅਜੇ ਜਿਉਂਦੀ ਹੈ। ਤੁਰਦੀ-ਫਿਰਦੀ। ਚੰਗੀ ਸ਼ੋਭਾ ਵਾਲੀ । ਰਿਸ਼ਤੇਦਾਰੀਆਂ 'ਚ ਚੰਗੀ ਮਾਨਤਾ। ਕਮਾਈ ਵੀ ਚੰਗੀ ਆਉਂਦੀ। ਲੋਕੀਂ ਵੀ ਹੁਣ ਸਭ ਕੁਝ ਭੁੱਲ-ਭੁਲਾ ਗਏ।"

"ਬਜ਼ੁਰਗੋ, ਕਿਹੜੇ ਪਿੰਡ ਹੋਇਆ ਉਸ ਦਾ ਰਿਸ਼ਤਾ?" ਮੈਂ ਆਖਿਰ ਉਸਨੂੰ ਪੁੱਛਿਆ।

"ਆਹ, ਪਿੰਡ ਧਨਾਸ .......... .....ਚੰਡੀਗੜ੍ਹ ਆਲਾ। ਭਾਈ, ਹੁਣ ਤਾਂ ਉਹ ਪੰਚਾਇਤ ਦੀ ਮਿੰਬਰ ਐ। ਮਹਿਲਾ ਮੰਡਲ ਦੀ ਪ੍ਰਧਾਨ ਵੀ। ਹੁਣ ਤਾਂ ਉਸਦੀ ਰਸਾਈ ਬੜੀ ਦੂਰ-ਦੂਰ ਤੱਕ ਐ। ਰੂਰਲ ਮਹਿਲਾ ਕਾਂਗਰਸ ਦੀ ਪ੍ਰਧਾਨ। ਦੱਸਦੀ ਸੀ, ਕਿ ਦਿੱਲੀ-ਦੱਖਣ ਤੱਕ ਜਲਸਿਆਂ 'ਚ ਜਾ ਆਈ। ਪਰ ਹੁਣ ਤਾਂ ਵਿਚਾਰੀ ਬਿਰਧ ਹੋ ਗਈ।"

"ਹੁਣ ਵੀ ਤੁਹਾਡਾ ਆਉਣ ਜਾਣ ਹੈ", ਮੈਂ ਪੁੱਛਦਾ ਹਾਂ।

'ਹਾਂ-ਹਾਂ ਪਿੱਛੇ ਜਿਹੇ ਸੁਨੇਹਾ ਆਇਆ, ਨਸੀਬ ਕੁਰ ਦਾ। ਮੈਂ ਮਿਲ ਕੇ ਆਇਆਂ। ਮੇਰੇ ਨਾਲ ਤਾਂ ਮੁੰਡੇ ਮਾਮੇ-ਭਾਣਜੇ ਦੀ ਸਕੀਰੀ ਵਾਂਗ ਵਰਤਦੇ ਐ।"

ਮੈਨੂੰ ਲੱਗਦਾ ਹੈ ਜਿਵੇਂ ਬਜ਼ੁਰਗ ਦਾ ਦਿਲ ਗੱਲਾਂ ਕਰ ਕੇ ਹੌਲਾ ਹੋ ਗਿਆ ਹੋਵੇ। ਮੈਂ ਇੱਕ ਡੂੰਘਾ ਸਾਹ ਲੈਂਦਾ ਹਾਂ।

ਬਜ਼ੁਰਗ ਸ਼ਾਂਤ-ਚਿੱਤ ਹੋ ਜਾਂਦਾ ਹੈ। ਉਹ ਆਪਣੀ ਖੂੰਡੀ ਫੜਦਾ ਹੈ ਤੇ ਵਿਦਾ ਹੋਣ ਲੱਗਦਾ ਹੈ। ਆਪ ਮੁਹਾਰੇ ਮੈਂ, ਬਜ਼ੁਰਗ ਦੇ ਪੈਰ ਛੂਹਣ ਲੱਗਦਾ ਹਾਂ। ਬਜ਼ੁਰਗ ਅਸੀਸਾਂ ਦੇ ਕੇ ਉੱਠਣ ਲਗਦਾ ਹੈ।................।

"ਮੇਰੀ ਫ਼ਤਿਹ ਆਖੀਂ, ਆਪਣੇ ਪਿਤਾ ਨੂੰ। ਨਾਲੇ ਆਖੀਂ ਬਈ ਗੁਰਦਿਆਲ ਸਿਉਂ, ਰਾਏਪੁਰ ਵਾਲਾ ਮਿਲਣ ਆਇਆ ਸੀ", ਬਜ਼ੁਰਗ ਇਹ ਕਹਿ ਕੇ ਤੁਰ ਪੈਂਦਾ ਹੈ।

ਮੈਨੂੰ ਇਹ ਇਕ ਆਲੋਕਿਕ ਘਟਨਾ ਜਾਪਣ ਲਗਦੀ ਹੈ। ਮੈਨੂੰ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਕੋਈ ਫ਼ਰਿਸ਼ਤੇ ਵਰਗਾ ਮਨੁੱਖ ਸਾਡੇ ਘਰ ਫੇਰੀ ਪਾ ਗਿਆ ਹੋਵੇ।

ਮੇਰਾ ਨਿਸ਼ਚਾ ਬਣਦਾ ਹੈ ਕਿ ਮਨੁੱਖਤਾ ਕਦੇ ਮਰਦੀ ਨਹੀਂ। ..................ਤੇ ਮੈਂ, ਬੁੱਢੀ ਨਸੀਬ ਕੁਰ ਨੂੰ ਮਿਲਣ ਲਈ ਸੋਚਦਾ ਹਾਂ!!

---

## ਜੁਗਨੀ

ਜੁਗਨੀ ਜਾ ਵੜੀ ਵਿਚ ਰੋਹੀ,
ਜੱਟਾਂ ਪਕੜ ਸੁਹਾਗੇ ਜੋਈ।
ਉਹਦੀ ਵਾਤ ਨਾ ਪੁੱਛੇ ਕੋਈ,
ਉਹ ਤੇ ਰੋ-ਰੋ ਕਮਲੀ ਹੋਈ।

ਜੁਗਨੀ ਜਾ ਵੜੀ ਵਿਚ ਖਾਰੇ,
ਗੋਵੇ ਮਿੱਟੀ ਲਿੰਬੇ ਗਾਰੇ।
ਪੈ ਗਏ ਵਖ਼ਤ ਸਿਰਾਂ 'ਤੇ ਭਾਰੇ,
ਉਹ ਤੇ ਰੋ-ਰੋ ਚੀਕਾਂ ਮਾਰੇ।

ਜੁਗਨੀ ਟੱਪਣ ਲੱਗੀ ਖਾਲ,
ਉਹ ਤੇ ਡਿਗ ਪਈ ਮੂੰਹ ਦੇ ਭਾਰ।
ਉਹ ਤੇ ਰੋਂਦੀ ਜ਼ਾਰੋ-ਜ਼ਾਰ,
ਓ! ਵੀਰ ਮੇਰਿਆ ਜੁਗਨੀ ਕਹਿੰਦੀ ਆ।
ਜਿਹੜੀ ਨਾਮ ਅਲੀ ਦਾ ਲੈਂਦੀ ਆ,
ਜਿਹੜੀ ਨਾਮ ਮੌਲਾ ਦਾ ਲੈਂਦੀ ਆ।

47

# ਆਪਣੇ ਘੜੇ ਦਾ ਪਾਣੀ

## ਰਾਮ ਸਰੂਪ ਅਣਖੀ

ਅਰਦਾਸ ਤੋਂ ਬਾਅਦ ਬਾਬੇ ਦਾ ਪ੍ਰਸ਼ਾਦ ਵੰਡਿਆ ਗਿਆ ਤੇ ਫੇਰ ਸਾਨੂੰ ਕਿਹਾ ਗਿਆ ਕਿ ਅਸੀਂ ਹੁਣ ਗੁਰਦੁਆਰਾ ਸਾਹਿਬ ਤੋਂ ਬਾਹਰ, ਵੀਜ਼ੇ ਵਿਚ ਦਿੱਤੀ ਹੱਦ ਦੇ ਅੰਦਰ-ਅੰਦਰ ਕਿਤੇ ਵੀ ਜਾ ਸਕਦੇ ਹਾਂ, ਕਿਸੇ ਨੂੰ ਮਿਲ ਸਕਦੇ ਹਾਂ। ਰਾਤ ਦਸ ਵਜੇ ਤੋਂ ਪਹਿਲਾਂ-ਪਹਿਲਾਂ ਵਾਪਸ ਗੁਰਦੁਆਰਾ ਸਾਹਿਬ ਮੁੜਨਾ ਹੋਵੇਗਾ।

ਗੁਰਦੁਆਰੇ ਤੋਂ ਬਾਹਰ ਨਿੱਕਲੇ ਤਾਂ ਪਾਕਿਸਤਾਨੀ ਲੋਕਾਂ ਦਾ ਇੱਕ ਵੱਡਾ ਇਕੱਠ ਸਾਨੂੰ ਉਡੀਕ ਰਿਹਾ ਸੀ। ਉਹਨਾਂ ਦੀਆਂ ਬਾਹਾਂ ਸਾਡੇ ਵੱਲ ਉੱਠੀਆਂ। ਲੋਕ ਇਕ ਦੂਜੇ ਨੂੰ ਪਹਿਚਾਣ ਰਹੇ ਸਨ। ਕਿਸੇ ਨੂੰ ਕੋਈ ਲੱਭ ਪਿਆ ਸੀ, ਤਾਂ ਝੱਟ ਬਗਲਗੀਰ ਹੋ ਗਿਆ ਸੀ। ਇਕ ਦੂਜੇ ਬਾਰੇ ਬੇ-ਸ਼ੁਮਾਰ ਸਵਾਲ ਪੁੱਛੇ ਜਾ ਰਹੇ ਸਨ। ਕਾਹਲ ਵਿਚ, ਛੇਤੀ-ਛੇਤੀ। ਉਸ ਜੱਥੇ ਵਿਚ ਅਸੀਂ ਤਿੰਨ ਸ਼ਾਇਰ ਵੀ ਸਾਂ। ਪਾਕਿਸਤਾਨ ਦੇ ਸ਼ਾਇਰ ਸਾਨੂੰ ਹੀ ਲੱਭ ਰਹੇ ਸਨ। ਅਸੀਂ ਸਭ ਮਿਲੇ ਸਾਂ, ਤਾਂ ਜੱਫ਼ੀਆਂ ਦੇ ਵਟਾਂਦਰੇ ਤੋਂ ਬਾਅਦ ਇਕ ਪਾਸੇ, ਇਕ ਰੁੱਖ ਥੱਲੇ ਖੜ੍ਹੇ ਹੋ ਕੇ, ਭਾਰਤ ਦੇ ਕਿੰਨੇ ਹੀ ਪੰਜਾਬੀ ਅਦੀਬਾਂ ਬਾਰੇ ਉਨ੍ਹਾਂ ਦੀਆਂ ਪੁੱਛਾਂ ਦੇ ਜਵਾਬ ਦੇਣ ਲੱਗੇ ਸਾਂ। ਕਿੰਨੀਆਂ ਸਾਰੀਆਂ ਗੱਲਾਂ ਅਸੀਂ ਕੀਤੀਆਂ ਸਨ। ਕਿੰਨਾਂ ਕੁਝ ਉਹਨਾਂ ਨੂੰ ਦੱਸਿਆ, ਕਿੰਨਾਂ ਕੁਝ ਉਨ੍ਹਾਂ ਤੋਂ ਜਾਣ ਲਿਆ। ਸ਼ਾਮ ਚਾਰ ਵਜੇ ਇਕ ਮੁਸ਼ਾਇਰਾ ਰੱਖਿਆ ਗਿਆ ਸੀ। ਇਕ ਘੰਟਾ ਪਹਿਲਾਂ, ਉਨ੍ਹਾਂ ਆ ਕੇ ਸਾਨੂੰ ਮੁਸ਼ਾਇਰੇ ਵਾਲੀ ਥਾਂ ਉੱਤੇ ਲੈ ਜਾਣਾ ਸੀ।

ਪਾਕਿਸਤਾਨੀ ਸ਼ਾਇਰ ਮੁੜ ਆਉਣ ਦਾ ਇਕਰਾਰ ਦੇ ਕੇ ਤੇ ਮੁਸਕਰਾਹਟਾਂ ਬਖੇਰਦੇ, ਜਦ ਵਾਪਸ ਜਾ ਰਹੇ ਸਨ, ਅਸੀਂ ਉੱਚੀ-ਉੱਚੀ ਬੋਲਕੇ ਉਨ੍ਹਾਂ ਨੂੰ ਆਖਿਆ, ਕਿ ਉਹ ਸਾਡਾ ਫ਼ਿਕਰ ਨਾ ਕਰਨ, ਮੁਸ਼ਾਇਰੇ ਦਾ ਇੰਤਜ਼ਾਮ ਕਰ ਲੈਣ, ਤਿੰਨ ਵਜੇ ਅਸੀਂ ਏਥੇ ਗੁਰਦੁਆਰੇ ਵਿਚ ਹੀ ਹੋਵਾਂਗੇ। ਮੈਂ ਦੇਖਿਆ, ਇਕ ਔਰਤ ਇਕੱਲੀ ਖੜੀ ਸੋਗਵਾਰ ਅੱਖਾਂ ਨਾਲ ਮੇਰੇ ਵੱਲ ਝਾਕ ਰਹੀ ਸੀ। ਉਹ ਕਿਸੇ ਨੂੰ ਮਿਲਣ ਆਈ ਹੋਵੇਗੀ। ਉਹ ਕੋਈ ਜਥੇ ਨਾਲ ਨਹੀਂ ਆਇਆ ਹੋਵੇਗਾ। ਕੋਈ ਹੋਰ ਵੀ ਜਾਣ ਪਹਿਚਾਣ ਵਾਲਾ ਨਹੀਂ ਦਿਸਿਆ ਹੋਵੇਗਾ। ਉਹ ਉਦਾਸ ਸੀ। ਮੇਰਾ ਬੋਲ ਸੁਣ ਕੇ ਉਸ ਦੀਆਂ ਅੱਖਾਂ ਵਿਚ ਬੇ-ਮਲੂਮੀ ਜਿਹੀ ਚਮਕ ਉੱਭਰੀ। ਉਦਾਸੀ ਦੇ ਰੰਗ ਵਿਚ ਘੁਲ ਕੇ ਖੋ ਜਾਣ ਵਿਚ, ਜਿੰਨੀ ਕੁ ਚਮਕ! ਆਪਣੇ ਸਾਥੀ ਸ਼ਾਇਰ ਨਾਲ ਮੈਂ ਕੋਈ ਗੱਲ ਕੀਤੀ ਤਾਂ ਉਸ ਔਰਤ ਨੇ ਬੜੀ ਕਾਹਲ ਨਾਲ ਪੁੱਛਿਆ, "ਤੂੰ ਕਿੱਥੋਂ ਦੇ ਰਹਿਣ ਵਾਲਾ ਹੈਂ ਵੀਰਾ?" ਉਸ ਦੇ ਪੁੱਛਣ ਤੋਂ ਮੈਨੂੰ ਪਤਾ ਲੱਗ ਗਿਆ ਕਿ ਇਹ ਵੀ ਜਿਹਲਮ ਵੱਲ ਦੀ ਕੋਈ ਹੈ। ਮੇਰੀ ਜਿਹਲਮੀ ਬੋਲੀ ਪਹਿਚਾਣ ਕੇ ਹੀ ਉਹਨੇ ਕੋਈ ਗੱਲ ਦਿਲ ਵਿਚ ਸੋਚੀ ਹੋਵੇਗੀ, ਤੇ ਮੈਨੂੰ ਬੁਲਾ ਲਿਆ ਸੀ।

"ਪਟਿਆਲੇ ਤੋਂ।" ਮੈਂ ਜਵਾਬ ਦਿੱਤਾ

"ਉਧਰ ਹੀ ਜੰਮਿਆਂ ਸੀ, ਜਾਂ ਏਧਰੋਂ ਦਾ ਹੈਂ ਕਿਤੋਂ ਦਾ?" ਮੇਰੇ ਜਵਾਬ ਨਾਲ ਉਸਦੀ ਤਸੱਲੀ ਨਹੀਂ ਹੋਈ ਸੀ।

"ਜਨਮ ਤਾਂ ਮੇਰਾ ਏਧਰ ਦਾ ਹੀ ਹੈ, ਭੈਣਾਂ! ਏਧਰ ਹੀ ਵੱਡਾ ਹੋਇਆ ਸਾਂ। ਉੱਜੜ ਕੇ ਓਧਰ ਗਿਆ ਹਾਂ।"

"ਏਧਰ ਕਿੱਥੋਂ ਦਾ ?"

"ਕਾਲਾ, ਜਿਹਲਮ ਦੇ ਨੇੜੇ ਪਿੰਡ ਹੈ।"

"ਹੱਛਾ! ਕਾਲਾ ਪਿੰਡ ਹੈ ਤੇਰਾ?" ਉਸ ਦੀਆਂ ਅੱਖਾਂ ਵਿੱਚੋਂ ਨਾਲ ਦੀ ਨਾਲ ਸਾਰੀ ਉਦਾਸੀ ਉੱਡ ਗਈ। ਉਸ ਦੀ ਨਿਗਾਹ ਚਿੱਟੀ-ਨਿੱਘੀ ਧੁੱਪ ਵਾਂਗ ਮਹਿਕ ਉੱਠੀ। ਤੇ ਫੇਰ ਉਸ ਨੇ ਕਿਹਾ, "ਮੈਂ ਤਾਂ ਤੇਰੀ ਬੋਲੀ ਹੀ ਪਹਿਚਾਣ ਲਈ ਸੀ, ਵੀਰਾ!" ਤੇ ਉਸ ਨੇ ਉੱਡ ਕੇ ਮੇਰਾ ਹੱਥ ਫੜ ਲਿਆ।

"ਤੂੰ ਏਧਰ ਕਿੱਥੋਂ ਦੀ ਹੈਂ, ਭੈਣ?" ਮੇਰਾ ਮਨ ਵੀ ਪਿਘਲਣ ਲੱਗ ਪਿਆ।

"ਕਾਲਾ ਹੀ ਮੇਰਾ ਪਿੰਡ ਹੈ।" ਉਸ ਦੀਆਂ ਅੱਖਾਂ ਵਿਚ ਅਪਣੱਤ ਉੱਭਰਨ ਲੱਗੀ।

"ਤੂੰ ਵਿਆਹੀ ਹੋਵੇਂਗੀ ਉੱਥੇ?"

"ਨਹੀਂ, ਮੈਂ ਜੰਮੀ ਸਾਂ ਕਾਲੇ ਪਿੰਡ। ਵਿਆਹੀ ਗਈ ਸਾਂ, ਅਧਵਾਲ। ਮੇਰਾ ਖਾਵੰਦ ਅੰਮ੍ਰਿਤਸਰ ਕੱਪੜੇ ਦੀ ਦੁਕਾਨ ਕਰਦਾ ਸੀ। ਮੁਲਕ ਦੀ ਵੰਡ ਵੇਲੇ ਓਧਰ ਹੀ ਰਹਿ ਗਿਆ ਸੀ। ਮੈਂ ਤਾਂ ਅਜੇ ਵਿਆਹੀ ਹੀ ਸਾਂ। ਦੋ ਵਾਰ ਉਹ ਮੈਨੂੰ ਅੰਮ੍ਰਿਤਸਰ ਲੈ ਕੇ ਗਿਆ ਸੀ। ਇਕ ਮਹੀਨਾ ਹੀ ਰਹੀ ਸਾਂ। ਤੇ ਫੇਰ ਭਾਣਾ ਵਰਤ ਗਿਆ। ਮੈਂ ਤਾਂ ਕਾਲੇ ਹੀ ਸਾਂ, ਮਾਪਿਆਂ ਕੋਲ। ਹੁਣ, ਜਦ ਵੀ ਕੋਈ ਜਥਾ ਪੰਜਾਂ ਸਾਹਿਬ ਆਉਂਦਾ ਹੈ, ਮੈਂ ਸੱਤਰ ਮੀਲ ਦਾ ਪੈਂਡਾ ਮਾਰ ਕੇ ਏਥੇ ਆਉਂਦੀ ਹਾਂ। ਕੀ ਐ, ਕੋਈ ਮਿਲ ਜਾਵੇ ਤੇ ਮੈਨੂੰ ਉਸ ਦਾ ਪਤਾ ਦੱਸੇ। ਤੂੰ ਤਾਂ ਨਹੀਂ ਜਾਣਦਾ ਹੋਵੇਂਗਾ ਵੀਰ, ਉਸ ਨੂੰ?" ਉਸ ਨੇ ਮੇਰਾ ਮੋਢਾ ਝੰਜੋੜਿਆ। ਕੱਦ ਵਿਚ ਉਹ ਮੈਥੋਂ ਲੰਮੀ ਸੀ ਤੇ ਦਰਖ਼ਤ ਦੀ ਛਾਂ ਵਾਂਗ ਮੇਰੇ ਉੱਤੇ ਝੁਕੀ ਹੋਈ ਸੀ।

"ਕੀ ਨਾਂ ਸੀ ?" ਮੈਂ ਪੁੱਛਿਆ।

"ਕਰਮ ਦੀਨ।" ਉਸ ਦੇ ਬੁੱਲ੍ਹਾਂ ਉੱਤੇ ਕਿਸੇ ਮਿੱਠੀ ਆਸ ਦੀ ਫੜਫੜਾਹਟ ਸੀ।

"ਅੰਮ੍ਰਿਤਸਰ ਕਿਸ ਬਾਜ਼ਾਰ ਵਿਚ ਦੁਕਾਨ ਸੀ ਉਹ ਦੀ?"

ਉਸ ਦੀਆਂ ਅੱਖਾਂ ਵਿਚ ਕੋਈ ਅਕਹਿ ਰੋਸ਼ਨੀ ਸੀ। ਉਹ ਤੜਪ ਉੱਠਣ ਵਾਂਗ ਬੋਲੀ, "ਹਾਲ ਬਾਜ਼ਾਰ ਵਿਚ।" ਹੁਣ ਉਸ ਦੀਆਂ ਗਹਿਰ ਗੰਭੀਰ ਅੱਖਾਂ ਮੇਰੇ

ਬੁੱਲ੍ਹਾਂ ਉੱਤੇ ਗੱਡੀਆਂ ਹੋਈਆਂ ਸਨ। ਜਿਵੇਂ ਮੈਂ ਜੋ ਕੁਝ ਬੋਲਾਂਗਾ, ਉਸ ਨਾਲ ਉਸ ਦੀ ਕਿਸਮਤ ਜਾਗ ਉੱਠੇਗੀ। ਪਰ ਮੈਂ ਤਾਂ ਸੋਚਾਂ ਵਿਚ ਹੀ ਡੁੱਬ ਗਿਆ ਹੋਇਆ ਸਾਂ। ਕੌਣ ਕਰਮ ਦੀਨ?, ਹਾਲ ਬਾਜ਼ਾਰ ਵਿਚ ਕਿਹੜੀ ਦੁਕਾਨ? ਮੈਨੂੰ ਕੁਝ ਪਤਾ ਨਹੀਂ ਸੀ। ਮੇਰੀ ਚੁੱਪ ਨੂੰ ਵੇਖਕੇ ਉਹ ਨਿਰਾਸ਼ ਹੋ ਗਈ। ਅੱਖਾਂ ਦੇ ਚਿੱਟੇ ਚਾਨਣ ਵਿਚ ਉਦਾਸੀ ਦਾ ਰੰਗ ਇਕ ਦਮ ਘੁਲ ਗਿਆ। ਉਹ ਧਰਤੀ ਉੱਤੇ ਪੈਰਾਂ ਭਾਰ ਬੈਠ ਗਈ ਤੇ ਪੁੜਪੁੜੀਆਂ ਉੱਤੇ ਹੱਥ ਧਰ ਲਏ। ਮੈਂ ਵੀ ਉਸ ਤੋਂ ਜ਼ਰਾ ਹਟ ਕੇ, ਇਕ ਪੱਥਰ ਉੱਤੇ ਬਹਿ ਗਿਆ। ਜ਼ਹਿਰ ਵਰਗੀ ਕੌੜੀ ਘੁੱਟ ਅੰਦਰ ਲੰਘਾ ਕੇ ਫੇਰ ਉਸ ਨੇ ਗੱਲ ਦਾ ਰੁਖ ਬਦਲਿਆ, "ਕਾਲੇ ਵਿਚ , ਵੀਰ , ਤੁਹਾਡਾ ਘਰ ਕੇਹੜੇ ਪਾਸੇ ਸੀ?"

"ਚੜ੍ਹਦੇ ਪਾਸੇ। ਦੇਵੀ ਦੇ ਮੰਦਰ ਕੋਲ।"

"ਹੱਛਾ, ਹੱਛਾ! ਹਾਂ, ਉਹ ਇਕੋ ਹੀ ਘਰ ਹੈ ਉਸ ਪਾਸੇ, ਜਿਸ ਵਿਚ ਹੁਣ ਇਕ ਰਫ਼ਿਊਜ਼ੀ ਟੱਬਰ ਰਹਿੰਦਾ ਹੈ। ਸਾਡਾ ਘਰ ਵੀ ਉਸ ਪਾਸੇ ਹੈ। ਮੈਂ ਅਮਾਮ ਬਖ਼ਸ਼ ਦੀ ਧੀ ਹਾਂ। "

"ਅਮਾਮ ਬਖ਼ਸ਼, ਜਿਸ ਕੋਲ ਭੇਡਾਂ ਦਾ ਇੱਜੜ ਹੁੰਦਾ ਸੀ?"

"ਹਾਂ, ਉਹੀ ਵੀਰ!"

"ਤੂੰ ਸਦੀਕਾਂ ਤਾਂ ਨਹੀਂ?"

"ਹਾਂ ਵੀਰ, ਮੈਂ ਸਦੀਕਾਂ ਹਾਂ। "

ਤੇ ਅਸੀਂ ਆਪਣੀ, ਆਪਣੀ ਥਾਂ ਤੋਂ ਉੱਠੇ ਤੇ ਨੇੜੇ ਹੋ ਕੇ ਖੜ੍ਹ ਗਏ। ਮੈਂ ਦੱਸਿਆ, "ਮੈਂ ਦਰਸ਼ਨ ਹਾਂ। ਹੌਲਦਾਰ ਸ਼ਿੰਗਾਰਾ ਸਿੰਘ ਦਾ ਪੁੱਤਰ। ਸ਼ਿੰਗਾਰਾ ਸਿੰਘ, ਜਿਹੜਾ ਦੂਜੀ ਵੱਡੀ ਜੰਗ ਵਿਚ ਮਾਰਿਆ ਗਿਆ ਸੀ। ਮੇਰਾ ਇਕ ਤਾਇਆ ਵੀ ਸੀ, ਸੁਜਾਨ ਸਿੰਘ। ਉਸ ਨੇ ਹੀ ਮੈਨੂੰ ਪਿਆਰ ਦਿੱਤਾ ਸੀ। ਮੈਨੂੰ ਪੜ੍ਹਾਇਆ ਸੀ। ਤੇ ਫਿਰ ਆਪਣੇ ਨਾਲ ਹੀ ਸ਼ਹਿਰ ਲੈ ਗਿਆ ਸੀ, ਜਿੱਥੇ ਉਸਦੀ ਲੱਕੜਾਂ ਦੀ ਵੱਡੀ ਟਾਲ ਸੀ।"

"ਤੂੰ ਦਰਸ਼ਨ ਹੈਂ!" ਸਦੀਕਾਂ ਨੇ ਮੇਰੇ ਦੋਵੇਂ ਹੱਥ ਫੜਕੇ ਆਪਣੇ ਕਾਲਜੇ ਨਾਲ ਘੁੱਟੇ ਤੇ ਫੇਰ ਮੇਰੇ ਮੱਥੇ ਉੱਤੇ ਪਿਆਰ ਦੇ ਕੇ ਆਖਿਆ, "ਚੱਲ ਅੱਜ ਕਾਲੇ ਨੂੰ। ਇਕ ਰਾਤ ਰਹਿ ਆ ਸਾਡੇ ਕੋਲ।"

"ਓਥੇ ਤਾਂ ਮੈਂ ਜਾ ਨਹੀਂ ਸਕਦਾ, ਸਦੀਕਾਂ । ਮੇਰੇ ਵੀਜ਼ੇ ਵਿਚ ਲਿਖਿਆ ਹੋਇਆ ਨਹੀਂ। ਹੁਣ ਤਾਂ ਸਰਕਾਰਾਂ ਦੇ ਵੱਸ ਪਏ ਹੋਏ ਹਾਂ। "

ਉਹ ਰੋਣ ਲੱਗੀ.................।

ਆਪਣੇ ਪਿੰਡ ਕਾਲਾ ਦਾ ਨਾਂ ਸੁਣ ਕੇ ਤੇ ਆਪਣੇ ਘਰ ਨੂੰ ਅੱਖਾਂ ਵਿਚ ਵਸਾ ਕੇ , ਜਿਸ ਵਿਚ ਹੁਣ ਕੋਈ ਰਫ਼ਿਊਜ਼ੀ-ਪਰਿਵਾਰ ਰਹਿੰਦਾ ਸੀ, ਤੇ ਸਦੀਕਾਂ ਨਾਲ ਬਚਪਨ ਵਿਚ ਖੇਡਣ ਦੀ ਫ਼ਿਲਮ ਯਾਦਾਂ ਦੀ ਸਕਰੀਨ ਉੱਤੇ ਚਲਦੀ ਦੇਖ ਕੇ, ਮੈਂ ਤਾਂ ਗੁਆਚ ਹੀ ਗਿਆ ਸਾਂ। ਪਤਾ ਨਹੀਂ, ਕੀ ਕੀ ਸੋਚ ਗਿਆਂ ਸਾਂ। ਅੱਖਾਂ ਪੂੰਝਕੇ ਉਸ ਨੇ ਮੇਰਾ ਹੱਥ ਫੜ੍ਹਿਆ ਤੇ ਪੁੱਛਿਆ, "ਕੱਲ੍ਹ ਨੂੰ ਵੀ ਏਥੇ ਹੀ ਹੈਂ?"

"ਹਾਂ, ਕੱਲ੍ਹ ਸ਼ਾਮ ਨੂੰ ਅਸੀਂ ਚੱਲਣਾ ਹੈ।"

"ਮੈਂ ਅੱਜ ਕਾਲੇ ਨੂੰ ਜਾਂਦੀ ਹਾਂ। ਕੱਲ੍ਹ ਦੁਪਹਿਰ ਨੂੰ ਤੇਰੇ ਲਈ ਘਰੋਂ ਆਪ ਰੋਟੀ ਪਕਾ ਕੇ ਲਿਆਵਾਂਗੀ। ਤੂੰ ਕਾਲੇ ਦੀ ਰੋਟੀ ਖਾਂਵੀ।"

ਮੇਰਾ ਲੂੰ-ਲੂੰ 'ਹਾਂ' ਕਹਿ ਗਿਆ।

ਉਹ ਚਲੀ ਗਈ। ਗੁਰਦੁਆਰੇ ਅੰਦਰ ਦੋਵੇਂ ਸਾਥੀ ਸ਼ਾਇਰਾਂ ਕੋਲ ਮੈਂ ਵੀ ਜਾ ਬੈਠਾ। ਅਸੀਂ ਸ਼ਾਮ ਨੂੰ ਪੜ੍ਹਨ ਵਾਲੀਆਂ ਨਜ਼ਮਾਂ ਦੀ ਚੋਣ ਕਰਨ ਲੱਗੇ।

ਦੂਜੇ ਦਿਨ ਸਦੀਕਾਂ ਰੋਟੀ ਲੈ ਕੇ ਆਈ। ਗੁਰਦੁਆਰੇ ਤੋਂ ਬਾਹਰ ਇਕ ਰੁੱਖ ਥੱਲੇ ਅਸੀਂ ਬੈਠ ਗਏ। ਚਾਰ ਡੱਬਿਆਂ ਵਾਲੇ ਵੱਡੇ ਟਿਫ਼ਨ ਵਿਚ ਉਸ ਨੇ ਕਿੰਨਾਂ ਹੀ ਕੁਝ ਲਿਆਂਦਾ ਹੋਇਆ ਸੀ। ਮੈਨੂੰ ਆਦਤ ਹੈ, ਸਾਰੀ ਰੋਟੀ ਖਾਣ ਪਿੱਛੋਂ ਹੀ ਮੈਂ ਪਾਣੀ ਪੀਂਦਾ ਹਾਂ। ਵਿਚ ਦੀ ਸਦੀਕਾਂ ਨੇ ਪੁੱਛਿਆ ਵੀ, "ਪਾਣੀ ਪਾ ਦਿਆਂ?" ਪਰ ਮੈਂ ਕਹਿ ਦਿੱਤਾ, "ਕੋਈ ਗੱਲ ਨਹੀਂ, ਪਾਣੀ ਵੀ ਪੀ ਲਵਾਂਗਾ।"

ਮੇਰੇ ਕੋਲ ਬੈਠੀ ਉਹ ਸੰਵਾਰ-ਸੰਵਾਰ ਕੇ ਮੈਨੂੰ ਰੋਟੀ ਖਵਾ ਰਹੀ ਸੀ। ਮੇਰੀ ਮਾਂ ਮੈਨੂੰ ਇਸੇ ਤਰ੍ਹਾਂ ਐਨੇ ਹੀ ਚਾਅ ਨਾਲ ਰੋਟੀ ਖਵਾਇਆ ਕਰਦੀ ਸੀ। ਸਦੀਕਾਂ ਦੀਆਂ ਲਿਆਂਦੀਆਂ ਪਰੌਠੀਆਂ, ਆਲੂ-ਛੋਲਿਆਂ ਦੀ ਲਜ਼ੀਜ਼ ਸੁੱਕੀ ਸਬਜ਼ੀ, ਅੰਬ ਤੇ ਨਿੰਬੂ ਦਾ ਜ਼ਾਇਕੇਦਾਰ ਅਚਾਰ, ਅਣਘਾਲੇ ਦੁੱਧ ਵਿਚ ਰਿੰਨ੍ਹੀ ਰਬੜੀ ਵਰਗੀ ਮਿੱਠੀ ਤੇ ਖੋਪਾ-ਦਾਖਾਂ ਪਾ ਕੇ ਬਣਾਈ ਖੀਰ। ਸਭ ਕਾਸੇ ਵਿੱਚੋਂ ਮੈਨੂੰ ਉਹੀ ਸੁਆਦ ਆਇਆ, ਜਿਹੜਾ ਮਾਂ ਵੇਲੇ ਆਇਆ ਕਰਦਾ ਸੀ। ਮੈਂ ਦੁੱਗਣੀ ਰੋਟੀ ਖਾ ਗਿਆ ਹੋਵਾਂਗਾ। ਫਿਰ ਵੀ ਉਹ ਜ਼ਿੱਦ ਕਰ ਰਹੀ ਸੀ, "ਭੁੱਖਾ ਨਾ ਰਹੀਂ, ਵੀਰ ਵੇ।"

ਮਾਂ ਦੀ ਆਦਤ ਸੀ, ਉਹ ਰੋਟੀ ਵੇਲੇ ਪਾਣੀ ਨਹੀਂ ਦਿਆ ਕਰਦੀ ਸੀ। ਕਹਿ ਦਿੰਦੀ, "ਆਪੇ ਲੈ ਲੈ ਘੜੇ ਵਿੱਚੋਂ।" ਮੈਂ ਵੀ ਘੌਲ ਕਰ ਜਾਂਦਾ ਸਾਂ, ਸਾਰੀ ਰੋਟੀ ਖਾਣ ਪਿੱਛੋਂ ਹੀ ਪਾਣੀ ਪੀਂਦਾ । ਸਾਰੀ ਰੋਟੀ ਖਾਣ ਤੋਂ ਬਾਅਦ ਪਾਣੀ ਪੀਣ ਦੀ ਆਦਤ ਸ਼ਾਇਦ ਉਦੋਂ ਤੋਂ ਹੀ ਮੇਰੀ ਬਣ ਗਈ ਹੋਈ ਸੀ। ਰੋਟੀ ਖਾਣ ਪਿੱਛੋਂ ਘੜੇ ਦੇ ਗਲ ਵਿਚ ਬਾਂਹ ਪਾਕੇ ਪਾਣੀ ਦੀ ਗੜਵੀ ਭਰਦਾ ਤੇ ਹੱਥ ਨਾਲ ਹੀ ਪੀ ਲੈਂਦਾ। ਬਾਅਦ ਵਿਚ ਜਿਹੜਾ ਡਕਾਰ ਆਉਂਦਾ, ਉਸ ਨਾਲ ਤਾਂ ਪੂਰਾ ਸੁਆਦ ਆ ਜਾਂਦਾ। ਉਸ ਤਰ੍ਹਾਂ ਦੀ ਸੁਆਦ ਰੋਟੀ ਮੁੜ ਸਾਰੀ ਉਮਰ ਨਹੀਂ ਮਿਲੀ ਸੀ। ਜਾਂ ਫਿਰ ਇਹ ਦਿਨ............

ਸਦੀਕਾਂ ਵੱਲ ਭਰਪੂਰ ਨਿਗਾਹਾਂ ਭਰ ਕੇ ਤੇ ਫਿਰ ਆਲਾ-ਦੁਆਲਾ ਭਾਂਪ ਕੇ ਮੈਂ ਅੰਦਾਜ਼ਾ ਲਾਇਆ, ਪਾਣੀ ਕਿਤੇ ਨਹੀਂ ਸੀ। ਮੈਂ ਉਸ ਨੂੰ ਕਿਹਾ, "ਰੋਟੀ ਤਾਂ ਤੂੰ ਕਾਲੇ ਦੀ ਲੈ ਆਈ, ਪਾਣੀ ਹੁਣ ਕਿੱਥੋਂ ਪੀਵਾਂ?"

ਉਸ ਨੇ ਵੱਡੇ ਡੋਲੂ ਦਾ ਢੱਕਣ ਖੋਲ੍ਹਿਆ ਅਤੇ ਸਟੀਲ ਦਾ ਗਲਾਸ ਭਰ ਕੇ ਕਹਿਣ ਲੱਗੀ, "ਪਾਣੀ ਵੀ ਉੱਥੋਂ ਹੀ ਲੈ ਕੇ ਆਈ ਹਾਂ। ਤੁਹਾਡੇ ਘਰ ਵਾਲੀ ਖੂਹੀ ਦਾ ਹੈ।"

ਰੋਟੀ ਨਾਲ ਐਨਾ ਰੱਜ ਜਾਣ ਤੋਂ ਬਾਅਦ ਵੀ ਮੇਰਾ ਦਿਲ ਕਰਦਾ ਸੀ, ਸਾਰਾ ਡੋਲੂ ਪੀ ਜਾਵਾਂ!

---

ਮੁੜ ਉਹੋ ਰੁੱਤ ਪਰਤ ਆਈ ਏ,

ਮੁੜ ਯਾਦ ਤੇਰੀ ਇੰਞ ਆਈ ਏ।

ਜਿਉਂ ਸਾਵੇ ਪੀਲੇ ਰੰਗ ਰਲਾ ਕੇ,

ਰੁੱਤ ਬਸੰਤੀ ਛਾਈ ਏ।

ਚੇਤਰ ਦੇ ਫੁੱਲਾਂ ਹਰ ਪਾਸੇ,

ਜਿਉਂ ਮਹਿਕ ਮਿਚਾਈ ਏ।

ਜਾਂ ਸਾਵਣ ਰੁੱਤੇ ਅੰਬਰ ਉੱਤੇ,

ਰੰਗਾਂ ਪੀਂਘ ਚੜ੍ਹਾਈ ਏ।

ਪਰ ਯਾਦ ਤੇਰੀ ਦੇ ਬੱਦਲ ਵਿੱਚੋਂ,

ਛਮ ਛਮ ਮੀਂਹ ਵੀ ਵਰ੍ਹਦਾ ਏ।

ਤੇ ਖਿੜਿਆਂ ਫੁੱਲਾਂ ਦੇ ਰੰਗਾਂ ਵਿਚ,

ਲੰਘਿਆ ਵੇਲਾ ਤਰਦਾ ਏ।

ਜਿਉਂ ਪਤਝੜ ਆਇਆਂ ਰੁੱਖਾਂ ਉਪਰੋਂ,

ਪੱਤਾ-ਪੱਤਾ ਝੜਦਾ ਏ।

ਇੰਞ ਯਾਦ ਤੇਰੀ ਦੇ,

ਦੁਖਾਂ ਦਾ ਰੰਗ ਹਰ ਇਕ ਰੁੱਤੇ ਰਲਦਾ ਏ।

-ਸਰਵਤ ਮਹੀਅਲਦੀਨ-

48
# ਰਹਿਮਾਂ
## ਰਾਮ ਸਿੰਘ ਢੇਸੀ

ਉਸਦਾ ਪੂਰਾ ਨਾਂ ਰਹਿਮਤ ਅਲੀ ਸੀ। ਉਹ ਮੇਰਾ ਹਮ-ਜਮਾਤੀ ਸੀ। ਮੈਨੂੰ ਉਸਦੀ ਸਹੀ-ਸਹੀ ਉਮਰ ਦਾ ਤਾਂ ਪਤਾ ਨਹੀਂ, ਪਰ ਮੈਂ 1947 ਵਿਚ ਨੌਂ ਸਾਲ ਦਾ ਸਾਂ। ਮੇਰੀ ਜਾਚੇ, ਉਹ ਵੀ ਉਮਰ ਵਿਚ ਨੌਵਾਂ ਸਾਲਾਂ ਤੋਂ ਘੱਟ ਨਹੀਂ ਹੋਵੇਗਾ, ਪਰ ਕੱਦ-ਕਾਠ ਤੇ ਚਿਹਰੇ-ਮੋਹਰੇ ਤੋਂ ਉਹ ਬਲੂੰਗੜਾ ਜਿਹਾ ਜਾਪਦਾ ਸੀ। ਸਾਡੀ ਜਮਾਤ 'ਚੋਂ ਸਭ ਤੋਂ ਮਾੜਕੂ ਤੇ ਨਲੀ ਚੋਚੋ ਸੀ, ਉਹ। ਉਹ ਹਮੇਸ਼ਾ ਸਹਿਮਿਆਂ-ਸਹਿਮਿਆਂ ਨਜ਼ਰ ਆਉਂਦਾ ਤੇ ਸਭ ਤੋਂ ਪਿੱਛੇ, ਉਸਤਾਦ ਦੀ ਨਜ਼ਰ ਤੋਂ ਉਹਲੇ ਬੈਠਣ ਦੀ ਕੋਸ਼ਿਸ਼ ਕਰਦਾ। ਉਹ ਸਾਰੀ ਜਮਾਤ ਵਿੱਚੋਂ ਇੱਕੋ-ਇਕ ਮੁੰਡਾ ਸੀ, ਜਿਸ ਦੇ ਪਿਉ ਦਾ ਨਾਂ ਸਭ ਨੂੰ ਪਤਾ ਸੀ। ਉਹਨੂੰ ਸਾਰੇ 'ਮੋਹਕਮ ਦੀਨ ਕਾ ਰਹਿਮਾ' ਕਹਿੰਦੇ ਸਨ। ਏਸ ਲਈ ਨਹੀਂ ਕਿ ਮੋਹਕਮ ਦੀਨ ਕੋਈ ਬਹੁਤ ਵੱਡਾ ਆਦਮੀ ਸੀ, ਸਗੋਂ ਏਸ ਲਈ ਮੋਹਕਮ ਦੀਨ ਦੇ ਖੇਤ ਸਕੂਲ ਦੀ ਗਰਾਊਂਡ ਦੇ ਨਾਲ ਲੱਗਦੇ ਸਨ। ਮੋਹਕਮ ਦੀਨ 'ਲਸੂੜੀ' ਦਾ ਇਕ ਅਰਾਂਈ ਖੇਤੀਕਾਰ ਸੀ। ਉਹ ਵੀ ਰਹਿਮੇ ਵਾਂਗ ਛੋਟੇ ਕੱਦ ਸੀ। ਉਹ ਗਾਹੇ-ਬਗਾਹੇ ਰਹਿਮੇ ਦੀ ਪੜ੍ਹਾਈ ਦਾ ਮੁਨਸ਼ੀ ਅਜ਼ੀਜ ਦੀਨ ਤੋਂ ਪਤਾ ਕਰਨ ਸਕੂਲ ਆਉਂਦਾ ਰਹਿੰਦਾ। ਮੁਨਸ਼ੀ ਜੀ ਕੁੱਲੇ ਵਾਲੀ ਚਿੱਟੀ ਪੱਗ ਬੰਨ੍ਹਦੇ। ਚਿੱਟੀ ਸਲਵਾਰ ਤੇ ਕੁੜਤੇ ਵਿਚ ਉਹ ਖੂਬ ਫੱਬਦੇ ਸਨ। ਸਾਡੀ ਦਲੀਲੇ ਉਹ ਸਕੂਲ ਦੇ ਸਾਰੇ ਉਸਤਾਦਾਂ ਵਿੱਚੋਂ ਸ਼ੌਕੀਨ ਸਨ । ਮੁਨਸ਼ੀ ਅਜ਼ੀਜ ਦੀਨ ਨਿਹਾਇਤ ਸ਼ਰੀਫ, ਕਾਬਲ, ਸਾਫ਼ਗੋ, ਤੇ ਮਿੱਠੜੇ ਸੁਭਾ ਦੇ ਜਾਣੇ ਜਾਂਦੇ ਸਨ। ਪਰ ਜਿਹੜੇ ਮੁੰਡੇ ਸਕੂਲ ਦਾ ਕੰਮ ਕਰਕੇ ਨਾ ਲਿਆਉਂਦੇ ਜਾਂ ਚੰਗੀ ਤਰ੍ਹਾਂ ਨਾ ਕਰਦੇ ਉਹਨਾਂ ਨਾਲ ਉਹ ਸਖਤੀ ਨਾਲ ਪੇਸ਼ ਆਉਂਦੇ।

ਜਦ ਵੀ ਮੋਹਕਮ ਦੀਨ ਰਹਿਮੇ ਦੀ ਪੜ੍ਹਾਈ ਬਾਰੇ ਪੁੱਛਦਾ ਤਾਂ ਅਜ਼ੀਜ ਦੀਨ ਜੀ ਕਹਿੰਦੇ, "ਮੋਹਕਮ ਦੀਨਾਂ! ਤੂੰ ਖੇਤਾਂ ਵਿਚ ਇੱਕਲਾ ਜਾਨ ਖਪਾਉਨਾਂ ਏਂ ਤੇ ਏਹ ਭੂਤਨੀ ਦਾ, ਏਥੇ ਤੱਪੜ ਘਸਾਂਦਾ ਮੇਰੀ ਜਾਨ ਖਾਂਦਾ ਰਹਿੰਦਾ ਏ। ਪੜ੍ਹਦਾ-ਪੁੜ੍ਹਦਾ ਤੇ ਏਹ ਐਸਾ-ਵੈਸਾ ਹੀ ਏ, ਪਰ ਜਿਵੇਂ-ਕਿਵੇਂ ਹਰ ਸਾਲ ਪਾਸ ਹੋਈ ਜਾਂਦਾ ਏ। ਮੇਰੀ ਜਾਚੇ, ਪੜ੍ਹਾ-ਪਟਵਾਰੀ ਏਸ ਬਣਨਾ ਕੋਈ ਨਹੀਂ ! ਮੇਰੀ ਸਲਾਹ ਮੰਨ, ਏਸ ਨੂੰ ਆਪਣੇ ਨਾਲ ਖੇਤੀ ਵਿਚ ਪਾ ਲੈ। ਕਿਤੇ ਕਿਆਰਾ, ਬੰਨਾਂ ਮੋੜੂ, ਨਹੀਂ ਤੇ ਪਸ਼ੂ ਹੀ ਚਾਰ ਲਿਆਊ। ਨਾਲੇ ਸ਼ਾਇਦ ਇਸ ਦੇ ਹੱਡ ਵੀ ਜ਼ਰਾ ਖੁੱਲ੍ਹ ਜਾਣ।"

ਮੋਹਕਮ ਦੀਨ, ਮੁਨਸ਼ੀ ਜੀ ਦੀ ਮਿੰਨਤ ਕਰਦਾ,"ਜੀ ਇਸ ਨੂੰ ਚਿੱਠੀ-ਪੱਤਰ ਤੇ ਮਾੜੇ-ਮੋਟੇ ਹਿਸਾਬ ਜੋਗਾ ਕਰ ਦਿਉ। ਮੈਂ ਤਾ-ਜ਼ਿੰਦਗੀ ਤੁਹਾਡਾ 'ਹਸਾਨ ਨਹੀਂ ਭੁਲਾਂਗਾ।"

ਮੁਨਸ਼ੀ ਜੀ ਹੱਸ ਪੈਂਦੇ, "ਚੰਗਾ ਬਈ! ਤੇਰੀ ਮਰਜ਼ੀ।"

ਰਹਿਮੇ ਨਾਲ ਮੇਰੀ ਯਾਰੀ ਤੇ ਕੋਈ ਨਹੀਂ ਸੀ, ਪਰ ਉਹ ਮੈਨੂੰ ਚੰਗਾ ਲੱਗਦਾ ਸੀ। ਉਹ ਵੀ ਕਈ ਹੋਰ ਸਾਡੇ ਜਮਾਤੀਆਂ ਵਾਂਗ ਸਕੂਲ ਦਾ ਕੰਮ ਨਾ ਕਰਕੇ ਲਿਆਉਂਦਾ ਤੇ ਉਹ ਸਾਰੇ ਮੋਰ ਬਣਾਏ ਜਾਂਦੇ(ਲੱਤਾਂ ਹੇਠ ਦੀ ਕੰਨ ਫੜਾਏ ਜਾਂਦੇ)। ਮੁਨਸ਼ੀ ਅਜ਼ੀਜ ਦੀਨ ਰਿਵਾਜ਼ ਮੁਤਾਬਿਕ ਮਨੀਟਰ ਤੋਂ ਜਿਹੜਾ ਬਦਕਿਸਮਤੀ ਤੇ ਖੁਸ਼ਕਿਸਮਤੀ ਨਾਲ ਮੈਂ ਸਾਂ, ਉਹਨਾਂ ਦੇ ਛਿੱਤਰ ਮਰਵਾਉਂਦੇ। ਛਿੱਤਰ ਲਾਉਂਦਿਆਂ-ਲਾਉਂਦਿਆਂ ਜਦ ਮੈਂ ਰਹਿਮੇ ਤੀਕ ਪੁੱਜਦਾ ਤਾਂ ਠਠੰਬਰ ਜਾਂਦਾ। ਮੇਰੀ ਘਬਰਾਹਟ ਸਾਫ਼ ਨਜ਼ਰ ਆਉਂਦੀ ਤੇ ਕਈ ਵਾਰ ਮੇਰਾ ਹੱਥ ਉੱਪਰ ਦਾ ਉੱਪਰ ਹੀ ਰੁੱਕ ਜਾਂਦਾ। ਮੁਨਸ਼ੀ ਮੈਨੂੰ ਦਬਕਾ ਮਾਰਦੇ, "ਓਏ! ਸੌਂ ਗਿਆ ਏਂ।" ਮੈਂ ਛਿੱਤਰ ਵਾਲਾ ਹੱਥ ਖੂਬ ਉੱਚਾ ਚੁੱਕਦਾ ਪਰ ਫਿਰ ਵੀ ਛਿੱਤਰ ਜ਼ਰਾ ਪੋਲਾ ਈ ਮਾਰਦਾ, ਜਿਵੇਂ ਮੈਨੂੰ ਡਰ ਹੋਵੇ, ਮਤੇ ਮਰ ਹੀ ਨਾ ਜਾਵੇ! ਮੁਨਸ਼ੀ ਜੀ ਕਹਿੰਦੇ, "ਪਿਛਲੇ ਜਨਮ ਵਿਚ ਇਹ ਜ਼ਰੂਰ ਤੇਰਾ ਭਰਾ-ਭਤੀਜਾ ਹੋਣੈ।" ਸਾਰੇ ਮੁੰਡੇ ਹੱਸ ਪੈਂਦੇ।

ਮਾਰਚ ਦਾ ਮਹੀਨਾ ਸੀ। ਅਸੀਂ ਤੀਜੀ ਜਮਾਤ ਵਿਚ ਸਾਂ, ਮੁਨਸ਼ੀ ਬਦਰ ਦੀਨ ਚੌਥੀ ਨੂੰ ਪੜ੍ਹਾਉਂਦੇ ਸਨ। ਅਜ਼ੀਜ ਦੀਨ ਤੇ ਬਦਰ ਦੀਨ ਦਾ ਤੀਜੀ ਤੇ ਚੌਥੀ ਵਿਚਾਲੇ ਮੁਸ਼ਾਇਰੇ ਦੇ ਮੁਕਾਬਲੇ ਦਾ ਸ਼ੌਕ ਸੀ। ਦੋਨੋਂ ਜਮਾਤਾਂ ਆਹਮਣੇ-ਸਾਹਮਣੇ ਬੈਠ ਜਾਂਦੀਆਂ। ਇੱਕ ਮੁੰਡਾ ਇਕ ਸ਼ੇਅਰ ਬੋਲਦਾ ਤੇ ਜਿਸ ਵੀ ਅੱਖਰ ਨਾਲ ਉਹ ਸ਼ੇਅਰ ਖਤਮ ਹੁੰਦਾ, ਦੂਜੇ ਪਾਸੇ 'ਚੋਂ ਕਿਸੇ ਨਾ ਕਿਸੇ ਮੁੰਡੇ ਨੂੰ ਉਸੇ ਅੱਖਰ ਨਾਲ ਸ਼ੇਅਰ ਸ਼ੁਰੂ ਕਰਨਾ ਪੈਂਦਾ। ਇੰਝ ਜਿਹੜੀ ਜਮਾਤ ਆਖਰ ਵਿਚ ਲਾ-ਜਵਾਬ ਹੋ ਜਾਂਦੀ ਉਹ ਹਾਰ ਜਾਂਦੀ। ਅਜਿਹਾ ਹੀ ਮੁਕਾਬਲਾ, ਜਿਹੜਾ ਸ਼ਾਇਦ ਆਖ਼ਰੀ ਹੀ ਸੀ ਹੋਇਆ ਤੇ ਚੌਥੀ ਜਮਾਤ ਜਿੱਤਦੀ ਲੱਗਦੀ ਸੀ। ਮੁਹੰਮਦ ਸ਼ਰੀਫ਼, ਚੌਥੀ ਦੇ ਤਾਲਬਿਲਮ, ਜੋ ਭੈਂਗਾ ਤੇ ਚੁੰਨ੍ਹਾ ਜਿਹਾ ਸੀ ਨੇ ਇਕ ਸ਼ੇਅਰ ਬੋਲਿਆ। ਮੈਨੂੰ ਉਹ ਸ਼ੇਅਰ ਤਾਂ ਯਾਦ ਨਹੀਂ ਪਰ ਜੋ ਮਗਰੋਂ ਹੋਇਆ ਉਹ ਕਦੀ ਨਹੀਂ ਭੁੱਲਿਆ। ਉਹਦਾ ਸ਼ੇਅਰ 'ਯੇ' ਲਫ਼ਜ਼ ਨਾਲ ਮੁਕਿਆ। ਮੈਨੂੰ ਬੜਾ ਢੁੱਕਵਾਂ ਤੇ ਮਖੌਲੀਆ ਸ਼ੇਅਰ ਯਾਦ ਆ ਗਿਆ ਜੋ ਯੇ ਨਾਲ ਸ਼ੁਰੂ ਹੋ ਕੇ ਯੇ ਨਾਲ ਹੀ ਖਤਮ ਹੁੰਦਾ ਸੀ,

*ਯਾ ਇਲਾਹੀ, ਕਰ ਤਬਾਹੀ,*
*ਇਸ ਨਿਕੰਮੇ ਸੂਰ ਕੀ।*
*ਆਂਖ ਪਤਲੀ, ਨਾਕ ਮੋਟੀ,*
*ਸ਼ਕਲ ਹੈ ਲੰਗੂਰ ਕੀ।*

ਸ਼ਰੀਫ਼ ਵਿਚਾਰਾ ਸ਼ਰੀਫ ਜਿਹਾ ਬਣਕੇ ਬਹਿ ਗਿਆ।

ਸਾਡੇ ਜਮਾਤੀ ਤਾੜੀਆਂ ਮਾਰ ਉੱਠੇ। ਮੈਂ ਰਹਿਮੇ ਨੂੰ ਇੰਨ੍ਹਾਂ ਖ਼ੁਸ਼ ਕਦੀ ਨਹੀਂ ਸੀ ਵੇਖਿਆ। ਉਹ ਤਾੜੀਆਂ ਮਾਰਦਾ-ਮਾਰਦਾ ਨੱਚਣ ਲੱਗਾ। ਮੁਨਸ਼ੀ ਬਦਰ ਦੀਨ ਨੇ ਸਿਰ ਮਾਰਦਿਆਂ ਆਖਿਆ, "ਬਹਿ ਜਾ, ਓਏ ਬਲੂੰਗਿਆਂ। ਅਗਲੇ ਸਾਲ ਮੈਂ ਤੈਨੂੰ ਸੂਰ ਬਣਾਊਂ। ਅਜੇ ਤੈਨੂੰ ਮੇਰੇ ਮੌਲਾ ਬਖ਼ਸ਼ ਦਾ ਨਹੀਂ ਪਤਾ ਕਿ ਕਿਵੇਂ ਚੱਲਦੈ।" ਪਰ ਕਿਸੇ ਨੂੰ ਵੀ ਕੀ ਪਤਾ ਸੀ ਕਿ ਆਉਂਦੇ ਵਰ੍ਹੇ ਕੀ ਹੋਣ ਵਾਲਾ ਏ?

31 ਮਾਰਚ 1947 ਨੂੰ ਸਾਡੇ ਨਤੀਜੇ ਆਏ ਤੇ ਅਸੀਂ ਤੀਜੀ ਤੋਂ ਚੌਥੀ ਜਮਾਤ ਵਿਚ ਹੋ ਗਏ। ਥੋੜ੍ਹੇ ਦਿਨ ਸਕੂਲ ਲੱਗਾ। ਮੁਨਸ਼ੀ ਬਦਰ ਦੀਨ ਏਨੇ ਸਖ਼ਤ ਸੁਭਾ ਨਾ ਸਾਬਤ ਹੋਏ, ਜਿਵੇਂ ਉਹ ਆਪਣੇ ਆਪ ਨੂੰ ਕਹਿੰਦੇ ਸਨ। ਕਦੀ-ਕਦਾਈਂ ਕਿਸੇ ਨਾ ਕਿਸੇ ਮੁੰਡੇ ਨੂੰ ਉਹਨਾਂ ਦੇ ਪੈਰ ਤੇ ਪਿੰਨੀਆਂ ਜ਼ਰੂਰ ਦਬਾਣੀਆਂ ਪੈਂਦੀਆਂ, ਜਿਹੜਾ ਕਾਫੀ ਔਖਾ ਕੰਮ ਲੱਗਦਾ ਸੀ। ਪਰ , ਉਹਨਾਂ ਦਾ ਮੌਲਾ ਬਖ਼ਸ਼ ਆਮ ਤੌਰ ਤੇ ਸਾਈਕਲ ਨਾਲ ਟੰਗੇ ਝੋਲੇ ਵਿਚ ਹੀ ਪਿਆ ਰਹਿੰਦਾ।

ਵਾਢੀਆਂ ਦੀਆਂ ਛੁੱਟੀਆਂ ਹੋ ਗਈਆਂ। ਚੜ੍ਹਦੀ ਮਈ ਸਕੂਲ ਮੁੜ ਖੁੱਲ੍ਹ ਗਏ। ਸਾਰੇ ਸਕੂਲ ਦੀ ਫ਼ਿਜ਼ਾ ਘੁੱਟਵੀਂ-ਘੁੱਟਵੀਂ ਸੀ, ਭਾਵੇਂ ਕੋਈ ਕਾਰਨ ਜ਼ਾਹਰਾ ਤੌਰ ਤੇ ਨਹੀਂ ਸੀ, ਦਿਸਦਾ ਪਿਆ। ਅਜੇ ਦੋ-ਤਿੰਨ ਹਫਤੇ ਹੀ ਸਕੂਲ ਜਾਂਦਿਆਂ ਹੋਏ ਸਨ, ਕਿ ਇਕ ਦਿਨ ਆਪੋ-ਆਪਣੇ ਪਿਊਆਂ ਨੂੰ ਅਗਲੇ ਭਲਕ ਸਕੂਲ ਨਾਲ ਲਿਆਉਣ ਦੀ ਤਾਕੀਦ ਕੀਤੀ ਗਈ ਤੇ ਲਿਖਤੀ ਰੁੱਕੇ ਵੀ ਦਿੱਤੇ ਗਏ। ਸਕੂਲ ਵਿਚ ਤਕਰੀਬਨ 250 ਦੇ ਨੇੜ-ਤੇੜੇ ਬੱਚੇ ਪੜ੍ਹਦੇ ਸਨ। ਪਰ ਮੈਨੂੰ ਯਾਦ ਹੈ ਕਿ ਕੋਈ 30 ਕੁ ਬੱਚਿਆਂ ਦੇ ਪਿਉ ਹੀ ਸਕੂਲ ਆਏ, ਜਿਹਨਾਂ ਵਿਚ ਇੱਕ ਮੇਰੇ ਪਿਤਾ ਜੀ ਵੀ ਸਨ। ਸਕੂਲ ਦੇ ਅੱਠ ਉਸਤਾਦਾਂ, ਹੈੱਡਮਾਸਟਰ ਮੁਹੰਮਦ ਲਤੀਫ਼, ਸੈਕਿੰਡ ਮਾਸਟਰ ਸ.ਕਿਸ਼ਨ ਸਿੰਘ ਤੇ ਆਏ ਵਡੇਰਿਆਂ ਵਿਚਕਾਰ ਪਹਿਲਾਂ ਗੱਲਬਾਤ ਹੋਈ, ਫ਼ੇਰ ਸਾਰੇ ਸਕੂਲ ਦੇ ਮੁੰਡਿਆਂ ਨੂੰ ਜੋ ਅਸੈਂਬਲੀ ਵਿਚ ਇੱਕਠੇ ਹੋਏ ਹੋਏ ਸਨ, ਹੈੱਡਮਾਸਟਰ ਮੁਹੰਮਦ ਲਤੀਫ਼ ਨੇ ਸੰਬੋਧਨ ਕੀਤਾ, "ਦੇਸ ਆਜ਼ਾਦ ਹੋਣ ਵਾਲਾ ਏ। ਗੜਬੜ੍ਹ ਦਾ ਡਰ ਹੈ। ਸਕੂਲ ਅਣਮਿੱਥੇ ਸਮੇਂ ਲਈ ਬੰਦ ਰਹੇਗਾ, ਜ਼ਰਾ ਟਿਕ-ਟਿਕਾ ਹੋਣ ਤੇ ਤਹਾਨੂੰ ਮੁੜ ਸਕੂਲ ਸੱਦ ਲਿਆ ਜਾਵੇਗਾ।"

ਸਕੂਲ ਵਿਚ ਆਜ਼ਾਦੀ ਬਾਰੇ ਬੇਸ਼ੱਕ ਸ਼ੁਰੂ ਸਾਲ ਤੋਂ ਹੀ ਗੱਲਾਂ ਹੁੰਦੀਆਂ ਰਹਿੰਦੀਆਂ ਸਨ, ਪਰ ਸਕੂਲ-ਬੰਦੀ ਤੇ ਆਜ਼ਾਦੀ ਤੇ ਸਬੰਧ ਦੀ ਸਾਨੂੰ ਸਮਝ ਨਾ ਆਈ। ਸਕੂਲੋਂ ਛੁੱਟੀ ਲਈ ਮੈਂ ਬੜਾ ਖ਼ੁਸ਼ ਸਾਂ। ਪਿੰਡ ਆਉਂਦਿਆਂ ਰਸਤੇ ਵਿਚ ਪਿਤਾ ਜੀ ਨੇ ਦੱਸਿਆ ਕਿ ਹਿੰਦੂ-ਸਿੱਖ ਤੇ ਮੁਸਲਮਾਨਾਂ ਵਿਚ ਫਸਾਦਾਂ ਦਾ ਡਰ ਹੈ, ਏਸ ਲਈ ਪਿੰਡ ਤੋਂ ਬਹੁਤੀ ਦੂਰ ਬਾਹਰ ਇਕੱਲੇ ਨਹੀਂ ਜਾਣਾ। ਮੈਨੂੰ ਫਸਾਦਾਂ-ਫਸੂਦਾਂ ਦੀ ਪ੍ਰਵਾਹ ਨਹੀ ਸੀ, ਬੱਸ ਸਕੂਲੋਂ ਛੁੱਟੀਆਂ ਦਾ ਚਾਅ ਸੀ।

ਸਾਰਾ ਦਿਨ ਖਿੱਦੋ-ਖੂੰਡੀ, ਗੁੱਲੀ-ਡੰਡਾ ਵੱਜਣਾ, ਬੱਸ ਕੁੱਤੇ-ਖੱਸੀ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਸੀ। ਜੂਹ ਵਿਚ ਪਸ਼ੂ ਚਾਰਨਾ ਵੀ ਮਨ੍ਹਾਂ ਸੀ, ਮਾਰ-ਮਰਾਈ ਦਾ ਡਰ ਜੋ ਸੀ। ਮੇਰੇ ਭਾਣੇ ਤਾਂ ਆਜ਼ਾਦੀ ਆ ਹੀ ਗਈ ਸੀ। ਉਂਜ ਕਈ ਵਾਰ ਮੇਰੇ ਛੋਟੇ ਜਿਹੇ ਸਿਰ ਵਿਚ ਏਹ ਸੋਚ ਆਉਂਦੀ ਕਿ ਜੇਕਰ ਸਕੂਲ ਨਾ ਜਾਣਾ ਤੇ ਅਨਪੜ੍ਹ ਰਹਿਣਾ ਹੀ ਆਜ਼ਾਦੀ ਹੈ ਤੇ ਸਾਡੇ ਵੱਡੇ-ਵਡੇਰੇ ਬਹੁਤੇ ਅਨਪੜ੍ਹ ਹੀ ਨੇ, ਉਹ ਤਾਂ ਪਹਿਲਾਂ ਹੀ ਆਜ਼ਾਦ ਹੋਏ, ਫੇਰ ਏਹ ਕਿਹੜੀ ਆਜ਼ਾਦੀ? ਮੇਰੇ ਦਿਮਾਗ ਵਿਚ, ਫਸਾਦਾਂ ਬਾਰੇ ਜੋ ਗੱਲ ਸਕੂਲ 'ਚ ਹੈਡਮਾਸਟਰ ਸਾਹਬ ਨੇ ਤੇ ਰਸਤੇ 'ਚ ਪਿਤਾ ਜੀ, ਪਾਈ ਸੀ, ਗੁੱਲੀ-ਡੰਡੇ ਤੋਂ ਵਿਹਲੇ ਸਮੇਂ ਮੱਲੋਂ-ਮੱਲੀ ਆ ਵੜਦੀ। ਕੀ ਹੁਣ ਕਦੀ ਮੁਸ਼ਤਾਕ, ਇਕਬਾਲ, ਬੱਕੀ, ਸਰੀਫ਼, ਰਹਿਮੇ, ਕਰਮੂ, ਬੰਸੂ, ਤੇ ਲਛਮਣ ਨਹੀਂ ਮਿਲਣਗੇ? ਪਿੰਡਾਂ ਵਿਚਕਾਰ ਆਪਸੀ ਆਵਾਜਾਈ ਬੰਦ ਸਮਾਨ ਸੀ। ਪਿੰਡਾਂ ਵਿਚ ਰੇਡੀਉ ਜਾਂ ਅਖ਼ਬਾਰਾਂ ਦਾ ਕੋਈ ਪ੍ਰਬੰਧ ਨਹੀਂ ਸੀ। ਜੋ ਖ਼ਬਰਾਂ ਆਉਂਦੀਆਂ ਜਾਂ ਅਫਵ੍ਹਾਵਾਂ ਦੇ ਰੂਪ ਵਿਚ ਹੁੰਦੀਆਂ ਜਾਂ ਪਿਤਾ ਜੀ ਦੀਆਂ ਅਮਨ ਕਮੇਟੀ ਦੀਆਂ ਮੀਟਿੰਗਾਂ ਰਾਹੀ ਮਿਲਦੀਆਂ। ਸਾਡੇ ਇਰਦ-ਗਿਰਦ ਇਲਾਕੇ ਦੀ 80% ਵਸੋਂ ਮੁਸਲਮਾਨਾਂ ਦੀ ਸੀ । ਏਸ ਇਲਾਕੇ ਦੀ ਅਮਨ ਕਮੇਟੀ ਪਿਤਾ ਜੀ ਦੇ ਉਤਸ਼ਾਹ ਨਾਲ ਬਣਾਈ ਗਈ ਸੀ, ਜਿਸ ਦੇ ਚਾਰ ਹੋਰ ਕਾਰਕੁਨਾਂ ਦੇ ਨਾਮ ਮੈਨੂੰ ਕਦੀ ਨਹੀਂ ਭੁੱਲੇ, ਉਹ ਸਨ ਮੁਨਸ਼ੀ ਬਦਰ ਦੀਨ, ਮੁਨਸ਼ੀ ਅਜ਼ੀਜ ਦੀਨ, ਮੁਨਸ਼ੀ ਕਿਸ਼ਨ ਸਿੰਘ ਤੇ ਹੈਡਮਾਸਟਰ ਮੁਹੰਮਦ ਲਤੀਫ਼। ਏਹ ਸਾਰੇ ਲੁੱਕ-ਛਿਪ ਕੇ ਜਾਂ ਸੁਰੱਖਿਆ ਪ੍ਰਬੰਧ ਹੇਠ ਸਾਡੇ ਘਰ ਇੱਕਠੇ ਹੁੰਦੇ। ਏਹ ਸਾਰੇ ਵੱਖ-ਵੱਖ ਪਿੰਡਾਂ ਦੇ ਸਨ। ਇਹਨਾਂ ਸਾਰਿਆਂ ਨੂੰ ਦੇਸ ਦੇ ਬਟਵਾਰੇ ਬਾਰੇ ਥੋੜ੍ਹਾ-ਬਹੁਤ ਗਿਆਨ ਸੀ। ਪਰ ਜੋ ਵਾਪਰਨ ਵਾਲਾ ਸੀ, ਉਸ ਬਾਰੇ ਕਿਆਸ ਤੱਕ ਇਹਨਾਂ ਨੂੰ ਨਹੀਂ ਸੀ। ਇਹਨਾਂ ਦੀਆਂ ਗੱਲਾਂ-ਬਾਤਾਂ ਮੈਂ ਕੰਧੀ -ਕੌਣੀਂ ਲੱਗ ਕੇ ਸੁਣ ਹੀ ਲੈਂਦਾ ਸਾਂ। ਦਿਨੋਂ-ਦਿਨ ਇਹਨਾਂ ਦੀਆਂ ਮਿਲਣੀਆਂ ਘੱਟਦੀਆਂ ਗਈਆਂ ਤੇ ਹੁੰਦੀਆਂ ਸੀ ਅਤੀ ਥੋੜ੍ਹੇ ਸਮੇਂ ਲਈ। ਤੇ ਛੇਤੀ-ਛੇਤੀ ਚੋਰਾਂ ਵਾਂਗੂੰ ਆਪਣੇ-ਆਪਣੇ ਪਿੰਡਾਂ ਨੂੰ ਖਿਸਕ ਜਾਂਦੇ। ਐਸੀ ਹੀ ਇਕ ਮੀਟਿੰਗ ਆਖ਼ਰੀ ਸੀ ਜਿਸ ਵਿਚ ਮੁਨਸ਼ੀ ਅਜ਼ੀਜ਼ ਦੀਨ ਨੇ ਭਰੀਆਂ ਹੋਈਆਂ ਅੱਖਾਂ ਨਾਲ ਦੱਸਿਆ, " ਸਾਡੇ ਇਲਾਕੇ ਵਿਚ ਅਮਨ ਰਹਿੰਦਾ ਨਹੀ ਜਾਪਦਾ, ਏਥੇ ਵੱਡੇ ਤੂਫ਼ਾਨ ਦੇ ਅਸਾਰ ਬਣਦੇ ਨਜ਼ਰ ਆਉਂਦੇ ਨੇ। ਅਸਲਮ ਖ਼ਾਨ, ਮੀਏਂਵਾਲੀਆ ਭਾਰੀ ਅਸਲ੍ਹਾ ਇੱਕਠਾ ਕਰ ਰਿਹਾ ਹੈ, ਸ਼ਾਹਕੋਟ ਦਾ ਥਾਣੇਦਾਰ ਵੀ ਉਸ ਨੂੰ ਪੂਰੀ ਸ਼ਹਿ ਦੇ ਰਿਹਾ ਏ। ਬਹੁਤ ਸਾਰੇ ਇਰਦ-ਗਿਰਦ ਦੇ ਮੁਸਲਮਾਨ ਉਸ ਨੇ ਮੀਏਂਵਾਲ ਜਮਾਂ ਕਰ ਲਏ ਨੇ। ਉਹ ਖ਼ੈਰ-ਹੱਥਾ ਨਹੀਂ। ਆਪਣੀ ਤੇ ਆਪਣੇ ਸਕੇ ਸੰਬਧੀਆਂ

ਦੀ ਜਾਨ ਦੀ ਸੋਚੋ।"

ਪਿਤਾ ਜੀ ਦੀ ਅਸਲਮ ਖਾਨ ਨਾਲ ਵਾਹਵਾ ਸਾਹਬ-ਸਲਾਮ ਸੀ। ਡਿਸਟ੍ਰਕ ਬੋਰਡ ਦੀਆਂ ਪਿੱਛਲੀਆਂ ਚੋਣਾਂ ਵਿਚ ਉਹਨਾਂ ਦੀ ਮਦਦ ਵੀ ਕੀਤੀ ਸੀ। ਉਸ ਨੂੰ ਉਹ ਮਿਲਣਾ ਚਾਹੁੰਦੇ ਸਨ ਤਾਂ ਕਿ ਅਮਨ ਦੀ ਕੋਈ ਸ਼ਬੀਲ ਬਣ ਸਕੇ। ਪਰ ਮੁਹੰਮਦ ਦੀਨ ਤੇ ਅਜ਼ੀਜ ਦੀਨ ਨੇ ਕਿਹਾ, "ਸਰਦਾਰ ਜੀ ਅਸਲਮ ਹੁਣ ਪਹਿਲੇ ਵਾਲਾ ਅਸਲਮ ਨਹੀਂ ਰਿਹਾ, ਤੁਹਾਡਾ ਉੱਥੇ ਜਾਣਾ ਖ਼ਤਰੇ ਤੋਂ ਖ਼ਾਲੀ ਨਹੀਂ, ਸਗੋਂ ਸਾਡੀ ਜਾਨ ਨੂੰ ਵੀ ਉਹਨਾਂ ਪਾਸੋਂ ਖ਼ਤਰਾ ਹੈ। ਉਹ ਸਾਨੂੰ ਸਿੱਖਾਂ ਦੇ ਯਾਰ ਸਮਝਦੇ ਨੇ। ਅਸੀਂ ਬੇਵੱਸ ਹਾਂ, ਤੁਸੀਂ ਆਪਣੇ ਬਚਾ ਦੀ ਸੋਚੋ। ਮੈਂ ਏਹਨਾਂ ਪੰਜਾਂ ਨੂੰ ਪਹਿਲਾਂ ਕਦੀ ਏਨੇ ਬੇਵੱਸ ਤੇ ਉਦਾਸ ਨਹੀਂ ਸੀ ਵੇਖਿਆ। ਉਹ ਰੋਂਦਿਆਂ ਇਕ-ਦੂਜੇ ਨੂੰ ਜੱਫ਼ੀਆਂ ਪਾ ਕੇ ਇਕ ਦੂਜੇ ਤੋਂ ਵਿਦਾ ਹੋਏ। ਕਿਸ਼ਨ ਸਿੰਘ ਤੇ ਪਿਤਾ ਜੀ ਤੋਂ ਬਿਨਾਂ ਮੈਂ ਦੂਜੇ ਤਿੰਨ, ਕਦੀ ਨਾ ਵੇਖੇ। ਸ.ਕਿਸ਼ਨ ਸਿੰਘ ਤੇ ਪਿਤਾ ਜੀ ਅਜੇ ਵੀ ਇਲਾਕੇ ਦੇ ਸਿੱਖਾਂ ਨੂੰ ਮਿਲ ਕੇ ਅਮਨ ਦੀ ਸੋਚ ਰਹੇ ਸਨ ਪਰ ਉਹਨਾਂ ਨੂੰ ਵੀ ਏਧਰੋਂ ਵੀ ਕੋਈ ਹੁੰਗਾਰਾ ਨਹੀਂ ਸੀ ਮਿਲ ਰਿਹਾ। ਹੁਣ ਹਾਲਾਤ ਬਹੁਤ ਹੀ ਤੇਜ਼ੀ ਨਾਲ ਬਦਲ ਰਹੇ ਸਨ। ਪਹਿਲਾਂ ਤਾਂ ਕਤਲੋ-ਗ਼ਾਰਤ ਦੀਆਂ ਅਫਵਾਹਾਂ ਹੀ ਸੁਣੀਂਦੀਆਂ ਸਨ। ਪਰ ਇੱਕ ਦਿਨ ਪਿੰਡ ਵਿਚ ਹਾਹਾਕਾਰ ਮੱਚ ਗਈ, ਜਦ ਵੇਂਈ ਵਿਚ ਚਾਰ-ਪੰਜ ਲਾਸ਼ਾਂ ਤਰਦੀਆਂ ਵੇਖੀਆਂ ਗਈਆਂ। ਕਿਸੇ ਉਨ੍ਹਾਂ ਨੂੰ ਕੱਢ ਕੇ ਸਸਕਾਰ ਜਾਂ ਦਫਨਾਉਣ ਦਾ ਯਤਨ ਨਾ ਕੀਤਾ ਤੇ ਨਾ ਹੀ ਏਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਏਹ ਬਦਕਿਸਮਤ ਕੌਣ ਸਨ? ਕੀ ਹਿੰਦੂ ਸਨ, ਸਿੱਖ ਸਨ, ਜਾਂ ਮੁਸਲਮਾਨ ? ਸਗੋਂ ਵੰਝ ਨਾਲ ਅਗਾਂਹ ਤੋਰ ਦਿੱਤੀਆਂ। ਅਜੇ 4-5 ਦਿਨ ਹੀ ਗੁਜ਼ਰੇ ਸਨ ਕਿ ਭਾਜੜ ਪੈ ਗਈ ਪਤਾ ਲੱਗਾ ਕਿ ਅਸਲਮ ਤੇ ਉਹਦੇ ਸਾਥੀਆਂ ਨੇ 'ਖਹਿਰੇ' ਸਾੜ ਸੁੱਟੇ, ਜਿੱਥੇ ਤਕਰੀਬਨ 80 ਜਾਨਾਂ ਗਈਆਂ । ਏਸੇ ਹੀ ਦਿਨ ਉਸ 'ਕੁਹਾੜ' ਸਾੜੇ। ਜਿੱਥੇ ਜਾਨੀ ਨੁਕਸਾਨ ਤਾਂ ਬਹੁਤ ਨਾ ਹੋਇਆ ਕਿਉਂ ਕਿ ਸਾਰੇ ਲੋਕ ਪਿੰਡ ਛੱਡ ਕੇ ਭੱਜ ਗਏ ਸਨ। ਉਸੇ ਹਜੂਮ ਨੇ ਫੇਰ "ਲਸੂੜੀ" ਵੱਲ ਮੂੰਹ ਕੀਤਾ, ਇੱਥੇ ਮੁਸਲਮਾਨ ਤੇ ਸਿੱਖ ਅੱਧੋ-ਅੱਧ ਸਨ। ਇੱਥੋਂ ਦੇ ਸਾਰੇ ਮੁਸਲਮਾਨ ਇੱਕਠੇ ਹੋ ਕੇ ਅਸਲਮ ਦੀ ਧਾੜ ਨੂੰ ਅਗਲ-ਵਾਂਜੇ ਪਿੰਡੋਂ ਬਾਹਰ ਹੀ ਜਾ ਮਿਲੇ।

"ਇਸ ਪਿੰਡ ਵਿਚ ਅਸੀਂ ਸਾਰੇ ਭਰਾ ਵੱਸਦੇ ਹਾਂ, ਜੋ ਵੀ ਅੱਗੇ ਵੱਧੇਗਾ ਉਸ ਨੂੰ ਪਹਿਲਾਂ ਸਾਡੇ ਨਾਲ ਦੋ ਹੱਥ ਕਰਨੇ ਪੈਣਗੇ", ਉਹਨਾਂ ਆਖਿਆ।

ਅਸਲਮ ਤੇ ਉਸ ਦੇ ਸਾਥੀਆਂ ਨੂੰ ਮਜ਼ਬੂਰੀ-ਵਸ ਮੂੰਹ ਮੋੜਨਾਂ ਪਿਆ ਤੇ ਨੇੜੇ ਹੀ ਇਕ ਹੋਰ ਪਿੰਡ 'ਮਲਕਪੁਰ' ਦੀ ਸ਼ਾਮਤ ਆ ਗਈ ਤੇ ਜਿਸ ਨੂੰ ਸਾੜਨ ਫੂਕਣ ਤੇ ਕਤਲੇਆਮ ਤੋਂ ਬਾਅਦ ਉਹ ਮੁੜ ਮੀਏਂਵਾਲ ਜਾ ਵੜੇ। ਉਹਨਾਂ ਉੱਥੇ ਪੂਰੀ ਮੋਰਚਾਬੰਦੀ ਕੀਤੀ ਸੀ ਤੇ ਉਹਨਾਂ ਪਾਸ 10-12 ਬੰਦੂਕਾਂ ਸੁਣੀਂਦੀਆਂ ਸਨ।

ਆਲੇ-ਦੁਆਲੇ ਦੇ ਸਿੱਖਾਂ ਨੂੰ ਵੀ ਹੁਣ ਭੱਜ-ਦੌੜ ਪਈ ਤੇ ਉਹ ਦੂਰੋਂ-ਨੇੜਿਉਂ ਕਈ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਇੱਕਠੇ ਕਰ ਲਿਆਏ। ਦੂਜੀ ਰਾਤ ਹੀ ਮੀਏਂਵਾਲ ਘੇਰਿਆ ਗਿਆ। ਏਥੇ ਬੇਗਿਣਤ ਮੌਤਾਂ ਹੋਈਆਂ ਕੋਈ ਕਹਿੰਦਾ 200 ਮਾਰਿਆ ਗਿਆ ਤੇ ਕੋਈ 2000 ਮਾਰੇ ਗਏ? ਪਰ ਸਹੀ ਗਿਣਤੀ ਦਾ ਕਿਸੇ ਨੂੰ ਕੋਈ ਪਤਾ ਨਹੀਂ ਸੀ।

ਲਸੂੜੀ ਦੇ ਮੁਸਲਮਾਨ ਇਤਮੀਨਾਨ ਨਾਲ ਆਪਣੇ ਘਰ ਬੈਠੇ ਸਨ । ਉਹਨਾਂ ਨੂੰ ਤਸੱਲੀ ਸੀ ਕਿ ਉਹਨਾਂ ਦੇ ਹਿੰਦੂ-ਸਿੱਖ ਭਰਾ, ਉਨ੍ਹਾਂ ਨੂੰ ਤੱਤੀ ਵਾਅ ਨਹੀਂ ਲੱਗਣ ਦੇਣਗੇ । ਪਰ ਉੱਥੋਂ ਦੇ 4-5 ਅਹਿਸਾਨ-ਫਰਮੋਸ਼, ਲੂਣ-ਹਰਾਮੀ ਲੁੱਟ ਦੇ ਲਾਲਚ ਵੱਸ ਤੇ ਮਜ਼੍ਹਬੀ ਨਫ਼ਰਤ ਨਾਲ ਸੜੇ-ਬੁਝੇ, ਦੋਨੋਂ ਦੇ ਵੱਡੇ ਪਿੰਡਾਂ ਵੱਲ ਜਾ ਨਿਕਲੇ ਤੇ ਅਫ਼ਵਾਹ ਫੈਲਾਈ 'ਕਿ ਲਸੂੜੀ ਦੇ ਮੁਸਲਮਾਨ ਵੇਅਰੇ ਬੈਠੇ ਨੇ। ਸਾਡੇ ਤਿੰਨ ਗੁਆਂਢੀ ਪਿੰਡ ਤਾਂ ਪਹਿਲਾਂ ਈ ਸਾੜੇ ਜਾ ਚੁੱਕੇ ਹਨ ਤੇ ਇਹਨਾਂ ਟੌਡਿਆਂ ਨੇ ਸਾਡਾ ਨੱਕ ਵਿਚ ਦਮ ਕਰ ਦਿੱਤਾ ਏ।' ਐਸਾ ਚਕਮਾ ਦਿੱਤਾ ਕਿ ਬਹੁਤ ਵੱਡਾ ਹਥਿਆਰ ਬੰਦ ਜਥਾ ਇਕੱਠਾ ਹੋ ਗਿਆ। ਲਸੂੜੀ ਵੱਲ ਵਹੀਰ ਪੈ ਗਈ। ਰਸਤੇ ਵਿੱਚੋਂ ਤਮਾਸ਼ਬੀਨ ਤੇ ਲੁਟੇਰੇ ਨਾਲ ਰਲਦੇ ਗਏ। ਆਲੇ-ਦੁਆਲੇ ਦੇ ਸਾਰੇ ਮੁਸਲਮਾਨ ਪਿੰਡ ਪਹਿਲਾਂ ਹੀ ਉੱਜੜ ਕੇ ਨਕੋਦਰ ਕੈਂਪ ਵਿਚ ਜਾ ਢੁੱਕੇ ਸਨ, ਰਸਤੇ ਵਿਚ ਕੋਈ ਰੁਕਾਵਟ ਨਹੀਂ ਸੀ। ਮਾਰੋ-ਮਾਰ ਕਰਦਾ ਇਹ ਜਥਾ ਲਸੂੜੀ ਪਿੰਡ ਤੇ ਝਪਟ ਪਿਆ। ਪਿੰਡ ਚੁਫੇਰਿਉਂ ਘੇਰਿਆ ਗਿਆ। ਧਾੜਵੀ ਬਘਿਆੜਾਂ ਵਾਂਗ ਗਲੀਆਂ-ਮੁੱਹਲਿਆਂ ਵਿਚ ਜਾ ਵੜੇ, ਏਸ ਪਿੰਡ ਦੇ ਜੱਟਾਂ, ਬਾਣੀਆਂ , ਸੁਨਿਆਰਾਂ ਤੇ ਬਾਹਮਣਾਂ, ਕਿਸੇ ਏਨ੍ਹਾਂ ਗਰੀਬਾਂ ਦਾ ਪੱਲਾ ਨਾ ਫੜਿਆ। ਸਾਰਾ ਪਿੰਡ ਇਕ ਕਤਲਗ਼ਾਹ ਬਣ ਗਈ, 'ਬਾਬਰ ਬਾਣੀ' ਫਿਰ ਗਈ। ਇੱਥੋਂ ਦੀ ਮੁਸਲਮਾਨ ਵਸੋਂ, ਦੱਸਦੇ ਨੇ ਤਿੰਨ ਤੇ ਚਾਰ ਸੌ ਦੇ ਦਰਮਿਆਨ ਸੀ। ਸਾਰੀ ਤਲਵਾਰ ਦੇ ਘਾਟ ਉਤਾਰ ਦਿੱਤੀ ਗਈ। ਸਿਰਫ 40 ਦੇ ਕਰੀਬ ਉਹ ਲੋਕ ਬਚ ਸਕੇ, ਜੋ ਓਸ ਸਮੇਂ ਪਿੰਡੋਂ ਬਾਹਰ ਸਨ ਜਾਂ ਉਹ ਜੋ ਪਿਤਾ ਜੀ ਵਰਗੇ, ਜਿਹੜੇ ਬਚਾਅ ਦੇ ਯਤਨ ਕਰ ਰਹੇ ਸਨ, ਦੀ ਨਿਗਾਹ ਪੈ ਗਏ। ਵਰਨਾਂ ਕਿਸੇ ਬੱਚੇ, ਬੁੱਢੇ ਜਾਂ ਨਿਹੱਥੇ ਦੀ ਪਛਾਣ ਨਾ ਕੀਤੀ ਗਈ। ਕਿਸੇ ਵੀ ਉਹਨਾਂ ਦੀ ਦਾਦ-ਫਰਿਆਦ ਨਾ ਸੁਣੀ। ਮੁਨਸ਼ੀ ਸ਼ਰਾਜ ਦੀਨ, ਰੀਟਾਇਰਡ ਉਸਤਾਦ ਦੀ ਕਹਾਣੀ ਅਤੀ ਦਰਦਨਾਕ ਅਤੇ ਸ਼ਰਮਨਾਕ ਦੱਸਦੇ ਨੇ। ਉਸ ਆਪਣੇ ਕਾਤਲ ਨੂੰ ਆਖਿਆ, "ਬਈ ਜੁਆਨਾ! ਮੈਂ ਆਪਣੀ ਧੌਣ ਨੀਵੀਂ ਕਰਦਾਂ, ਮੈਨੂੰ ਤਰਸਾਈਂ ਨਾ, ਇੱਕੋ ਵਾਰ ਨਾਲ ਖ਼ਤਮ ਕਰ ਦੇਈਂ।" ਉਸ ਨਿਰਦਈ ਨੂੰ ਫੇਰ ਵੀ ਤਰਸ ਨਾ ਆਇਆ, ਰੱਬ ਦਾ ਭੈਅ ਨਾ ਆਇਆ ਤੇ ਉਸ ਝੁਕੀ ਹੋਈ ਧੌਣ ਧੜ ਨਾਲੋਂ ਮਸਜਿਦ

ਦੇ ਵਿਚ, ਜਿੱਥੇ ਉਹ ਬੈਠਾ ਸੀ, ਜੁਦਾ ਕਰ ਦਿੱਤੀ। ਮੁਨਸ਼ੀ ਸ਼ੁਰਾਜ ਦੀਨ ਦੀ ਮਹਿੰਦੀ ਨਾਲ ਰੰਗੀ ਦਾੜ੍ਹੀ, ਖ਼ੂਨ ਨਾਲ ਹੋਰ ਵੀ ਗੂੜ੍ਹੀ ਲਾਲ ਹੋ ਗਈ।

ਰਹਿਮਾਂ ਏਸ ਹਮਲੇ ਵੇਲੇ, ਰੇਲਵੇ ਲਾਈਨ ਜੋ ਲਸੂੜ੍ਹੀ ਦੇ ਬਿਲਕੁਲ ਨੇੜਿਉਂ ਦੀ ਲੰਘਦੀ ਹੈ, ਲਾਗੇ ਮੱਝਾਂ ਚਾਰਦਾ ਸੀ। ਪਿੰਡ ਵੱਲ ਨੱਠਣ ਦੀ ਬਜਾਏ ਉਹ ਰੇਲਵੇ ਲਾਈਨ ਦੇ ਹੇਠੋਂ ਲੰਘਦੇ ਪਾਣੀ ਵਾਲੇ ਮੋਘੇ ਵਿਚ ਜਾ ਵੜਿਆ। ਏਹ ਮੋਘਾ 18 ਇੰਚ ਤੋ ਵੱਧ ਨਹੀ ਸੀ। ਜੇ ਰਹਿਮਾਂ ਮੋਟਾ-ਤਾਜ਼ਾ ਹੁੰਦਾ ਤਾਂ ਉਸ ਜ਼ਰੂਰ ਮਾਰਿਆ ਜਾਣਾ ਸੀ। ਉਸ ਨੂੰ ਮਾਰਨ ਵਾਲਾ ਉਸ ਮੋਘੇ ਵਿਚ ਵੜ ਨਹੀਂ ਸੀ ਸਕਦਾ ਤੇ ਬਰਛਾ ਉਸ ਤੀਕਰ ਪੁੱਜ ਨਹੀ ਸੀ ਰਿਹਾ। ਏਨੇ ਵਿਚ ਪਿਤਾ ਜੀ ਦੀ ਉੱਧਰ ਨਿਗਾਹ ਪੈ ਗਈ ਤੇ ਉਹਨਾਂ ਉਸ ਨੌਜਵਾਨ ਨੂੰ ਛਿੱਟ-ਤੋਏ ਕਰ ਕੇ ਉੱਥੋਂ ਭਜਾ ਦਿੱਤਾ। ਰਹਿਮੇ ਨੂੰ ਪਿਆਰ ਨਾਲ ਬੁਸ਼ਕਾਰ ਕੇ ਉੱਥੋਂ ਕੱਢਿਆ। ਰਹਿਮਾਂ ਉਹਨਾਂ ਨੂੰ ਪਛਾਣਦਾ ਵੀ ਸੀ ਕਿਉਂ ਕਿ ਉਹ ਮਾਸਟਰ ਅਜ਼ੀਜ ਦੀਨ ਤੇ ਮਾਸਟਰ ਕਿਸ਼ਨ ਸਿੰਘ ਨੂੰ ਸਕੂਲੇ ਮਿਲਣ ਆਉਂਦੇ ਹੀ ਰਹਿੰਦੇ ਸਨ। ਰਹਿਮੇਂ ਨੂੰ ਉਹਨਾਂ ਘੋੜੀ ਤੇ ਬਿਠਾਇਆ ਤੇ ਪਿੰਡ ਲੈ ਆਏ। ਉਦੋਂ ਤੀਕ ਹੋਰ ਵੀ ਵੀਹ ਕੁ ਮੁਸਲਮਾਨ ਜੋ ਲਸੂੜ੍ਹੀਓਂ ਬਚ ਨਿਕਲੇ ਸਨ, ਸਾਡੇ ਘਰ ਬੈਠੇ ਸਨ, ਏਹਨਾਂ ਵਿਚੋਂ ਇਕ ਤਾਜ ਫਕੀਰ ਤੇ ਉਸਦੀ ਮਾਂ ਦਾ ਮੈਨੂੰ ਹੁਣ ਤੀਕ ਚੇਤਾ ਹੈ। ਰਹਿਮਾਂ ਵਿਚਾਰਾ ਉਸ ਸਹੇ ਵਾਂਗ ਸਹਿਮਿਆਂ ਬੈਠਾ ਸੀ, ਜਿਹੜਾ ਕੁੱਤਿਆਂ ਹੱਥੋਂ ਬਚ ਨਿਕਲਿਆਂ ਹੋਵੇ। ਸਭ ਰੋ-ਪਿੱਟ ਰਹੇ ਸਨ, ਪਰ ਰਹਿਮਾਂ ਚੁੱਪ-ਚਪੀਤਾ, ਖੂੰਜੇ ਲੱਗਾ ਬਿਟਰ-ਬਿਟਰ ਝਾਕ ਰਿਹਾ ਸੀ। ਉਸ ਨੂੰ ਦਿਲਾਸਾ ਦੇਣ ਜਾਂ ਪਿਆਰ ਨਾਲ ਗੱਲਬਾਤ ਕਰਨ ਦਾ ਮੈਨੂੰ ਖਿਆਲ ਤੱਕ ਨਾ ਆਇਆ। ਮੈਂ ਉੱਥੇ ਡੌਰ-ਭੌਰਾ ਫਿਰਦਾ ਰਿਹਾ। ਰਾਤ ਪੈਣ ਵਾਲੀ ਸੀ, ਪਰ ਰੋਟੀ-ਪਾਣੀ ਕਿਸ ਨੂੰ ਸੁੱਝਦਾ ਸੀ। ਮੈਂ ਜੋ ਮਿਲਿਆ ਖਾ ਗਿਆ, ਹੋਰ ਕਿਸੇ ਕੁਝ ਨਾ ਖਾਧਾ, ਸਭ ਭੁੱਖਣ ਭਾਣੇ, ਰੋਂਦੇ-ਕੁਰਲਾਂਦੇ ਪਤਾ ਨਹੀਂ ਕਦੋਂ ਸੌਂ ਗਏ। ਸਵੇਰੇ ਜਾਗ ਆਈ ਤਾਂ ਰਹਿਮਾਂ ਮੇਰੀ ਮੰਜੀ ਤੇ ਬੈਠਾ ਸੀ। ਓਹ ਸਾਰੀ ਰਾਤ ਸਿਸਕੀਆਂ ਭਰਦਾ ਰਿਹਾ ਸੀ ਤੇ ਆਪਣੇ ਅੱਬਾ, ਅੰਮਾਂ ਤੇ ਦੋ ਭੈਣਾਂ ਬਾਰੇ ਪੁੱਛ ਰਿਹਾ ਸੀ। ਹੁਣ ਤੀਕ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਹ ਚਾਰੇ ਕੱਲ੍ਹ ਮਾਰੇ ਜਾ ਚੁੱਕੇ ਨੇ। ਮੇਰਾ ਜਮਾਤੀ ਹੋਣ ਕਰ ਕੇ ਉਹ ਦੋ-ਤਿੰਨ ਦਿਨਾਂ ਵਿਚ ਕੁਝ ਗੱਲਾਂਬਾਤਾਂ ਕਰਨ ਲੱਗ ਪਿਆ। ਅਸੀਂ ਸਾਰਾ-ਸਾਰਾ ਦਿਨ ਪਿੱਪਲ ਹੇਠ ਬੈਠੇ ਕੌਡੀਆਂ ਤੇ ਗੀਠਿਆਂ ਨਾਲ ਖੇਡਦੇ ਰਹਿੰਦੇ। ਪਿੰਡ ਦੇ ਹੋਰ ਮੁੰਡੇ ਸਾਡੇ ਨਾਲ ਖੇਡਣ ਤੋਂ ਝਿਜਕਦੇ ਸਨ, ਕਿਉਂ ਕਿ ਉਹ ਮੁਸਲਮਾਨ ਸੀ ਤੇ ਹੋਰ ਕਿੰਨੇ ਈ ਮੁਸਲਮਾਨ ਸਾਡੇ ਘਰ ਬੈਠੇ ਸਨ। ਅਸੀਂ ਆਪਣੀ ਇਕੱਲ ਵਿਚ ਉਸ ਦੇ ਅੱਬਾ, ਅੰਮੀ ਤੇ ਭੈਣਾਂ ਬਾਰੇ ਵੀ ਕਈ ਵਾਰ ਗੱਲਾਂ ਕਰਦੇ ਤੇ ਕਈ ਵਾਰ ਆਜ਼ਾਦੀ ਤੇ ਹਿੰਦੁਸਤਾਨ-ਪਾਕਿਸਤਾਨ ਬਾਰੇ। ਸਾਨੂੰ ਇੰਨੀ ਕੁ ਸੂਹ ਸੀ ਇਸ ਬਟਵਾਰੇ ਦਾ ਜਾਂ ਦੇਸ ਦੀ ਵੰਡ ਦਾ ਪੁਆੜਾ ਪੰਡਤ ਜਵਾਹਰ ਲਾਲ ਨਹਿਰੂ, ਮੁਹੰਮਦ ਅਲੀ ਜਿਨਾਹ, ਗਾਂਧੀ ਤੇ ਹੋਰ ਵੱਡੇ ਲੀਡਰਾਂ ਨੇ ਪਾਇਆ ਸੀ। ਪਰ, ਮਾਰੇ ਗ਼ਏ ਮੋਹਕਮ ਦੀਨ, ਜੰਨਤੇ, ਜੀਨਾਂ ਤੇ ਹੋਰ ਲੋਕ ਵਿਚ ਵਿਚਾਲੇ ਹੀ ਰਗੜ ਛੱਡੇ।

ਇੱਕ ਦਿਨ ਰਹਿਮਾਂ ਪਿੱਪਲ ਹੇਠ ਬੈਠਾ-ਬੈਠਾ ਕਹਿੰਦਾ, "ਰਾਮਿਆਂ! ਤੂੰ ਵਾਹਵਾ ਲਿਖ ਲੈਨਾਂ ਏਂ, ਜੇ ਮੈਂ ਤੈਨੂੰ ਇੱਕ ਚਿੱਠੀ ਲਿਖਾਵਾਂ ਤਾਂ ਲਿਖ ਦੇਵੇਂਗਾ?" ਮੈਂ ਹੈਰਾਨ ਹੋ ਕੇ ਪੁੱਛਿਆ ਕਿ, "ਏਹ ਚਿੱਠੀ ਤੂੰ ਕਿਸ ਨੂੰ ਲਿਖਵਾਣੀ ਏ?"

"ਜਵਾਹਰ ਲਾਲ ਨਹਿਰੂ ਤੇ ਮੁਹੰਮਦ ਅਲੀ ਜਿਨਾਹ ਨੂੰ", ਉਸ ਤੁਰਤ ਜਵਾਬ ਦਿੱਤਾ।

ਮੇਰਾ ਹਾਸਾ ਨਿਕਲ ਗਿਆ, ਪਰ ਉਹ ਪੂਰੀ ਤਰ੍ਹਾਂ ਸੰਜੀਦਾ ਸੀ ਤੇ ਕਹਿਣ ਲੱਗਾ,"ਮੈਂ ਉਹਨਾਂ ਨੂੰ ਕਹਿਣਾ ਚਾਹੁੰਨਾਂ ਪਈ ਮੇਰਾ ਅੱਬਾ, ਮੇਰੀ ਅੰਮੀ ਤੇ ਮੇਰੀਆਂ ਭੈਣਾਂ ਮੈਨੂੰ ਮੋੜ ਦਿਉ। ਮੈਨੂੰ ਕੋਈ ਪਾਕਿਸਤਾਨ-ਹਿੰਦੁਸਤਾਨ ਨਹੀਂ ਚਾਹੀਦਾ", ਤੇ ਉਹ ਫੁੱਟ-ਫੁੱਟ ਰੋਣ ਲੱਗ ਪਿਆ। ਅਸੀਂ ਦੋਨੋਂ ਰੋਂਦੇਂ ਘਰ ਆ ਗਏ। ਸਾਡੇ ਪਾਸੋਂ ਅਜੇ ਚਿੱਠੀ ਦਾ ਮੁੱਢ ਵੀ ਨਹੀਂ ਸੀ, ਬੱਝ ਸਕਿਆ ਕਿ ਦੋ ਦਿਨ ਬਾਅਦ ਮਿਲਟਰੀ ਦਾ ਟਰੱਕ ਆਇਆ ਤੇ ਰਹਿਮੇਂ......., ਤਾਜ. ........, ਤੇ ਉਹਨਾਂ ਦੇ ਸਾਥੀਆਂ ਨੂੰ ਸਾਡੇ ਵੇਂਹਦਿਆਂ-ਵੇਂਹਦਿਆਂ,.... ...ਟਰੱਕ ਵਿਚ ਸੁੱਟ ਕੇ ਕਿਧਰੇ ਲੈ ਗਏ!! ਚਿੱਠੀ ਅਜੇ ਵੀ ਨਾ ਮੇਰੇ ਕੋਲੋਂ ਤੇ ਨਾ ਈ ਸ਼ਾਇਦ ਰਹਿਮੇਂ ਕੋਲੋਂ, ਚੌਧਰ ਦੇ ਭੁੱਖੇ ਲੀਡਰਾਂ, ਜਿਹਨਾਂ ਮੁਲਕ ਦੀਆਂ ਵੰਡੀਆਂ ਪਾਈਆਂ, ਤੀਕਰ ਅਪੜਾਈ ਜਾ ਸਕੀ ਏ.............?

ヤ ヤ ヤ ヤ ヤ

---

**ਨਰਮੇ ਦੇ ਖੇਤ ਨਾਲੇ ਲੂਸੀਆਂ ਕਪਾਹਵਾਂ ਨੇ, ਆਲ੍ਹਣੇ 'ਚ ਬੋਟ ਫੂਕੇ ਤੱਤੀਆਂ ਹਵਾਵਾਂ ਨੇ।**

**ਹਿੱਕ 'ਚ ਤਰਾਟ ਉੱਠੇ ਤੇਜ਼ ਤਿੱਖੇ ਤੀਰ ਦੀ, ਲੀਰੋ-ਲੀਰ ਚੁੰਨੀ ਮੇਰੀ, ਪਾਟੀ ਪੱਗ ਵੀਰ ਦੀ।**

**-ਗੁਰਭਜਨ ਗਿੱਲ-**

49

# ਪੀੜ-ਪਰਾਗੇ

## ਵਸੀਮ ਗੌਹਰ

ਸਾਡੀ ਥਾਂ, ਸਾਡੀ ਮਿੱਟੀ, ਸਾਡੀ ਧਰਤੀ ਕਿਹੜੀ ਏ? ਮੇਰੇ ਵੱਡਿਆਂ ਮੈਨੂੰ ਕਦੇ ਨਾ ਦੱਸਿਆ। ਮੇਰੇ ਪਿਉ ਦਾ ਪਿਉ ਕਿਧਰੇ ਮੋਇਆ ਤੇ ਮੇਰਾ ਪਿਉ ਕਿਧਰੇ। ਦੋਹਨਾਂ ਦੇ ਜੁੱਸੇ ਵੱਖਰੀ-ਵੱਖਰੀ ਮਿੱਟੀ ਨਾਲ ਮਿੱਟੀ ਹੋ ਗਏ। ਮੇਰੇ ਨਾਨਾ, ਕਿਧਰੇ ਪਾਰ ਪਹਾੜਾਂ ਵਿਚ ਈ ਗਵਾਚ ਗਏ ਤੇ ਮੇਰੀ ਨਾਨੀ ਨੂੰ ਮੇਰੇ ਮਾਂ ਦੇ ਰਿਸ਼ਤੇਦਾਰਾਂ, ਨੋ-ਮੈਨ-ਲੈਂਡ ਵਿਚ ਈ ਨੱਪ ਦਿੱਤਾ। ਕਿਉਂ ਜੁ, ਉਹ ਨਾਨੇ ਦੀ ਜ਼ਮੀਨ ਤੋਂ ਏਧਰ ਆਉਂਦਿਆਂ ਚੁੱਪ ਕਰ ਗਈ ਸੀ।

ਮੇਰਾ ਪਿਉ ਮੋਇਆ ਤੇ ਮੈਂ ਉਹਨੂੰ ਕਬਰਸਤਾਨ ਵਿਚ ਦਫ਼ਨ ਕਰ ਦਿੱਤਾ, ਜਿੱਥੇ ਮੇਰਾ ਹੋਰ ਕੋਈ ਵੀ ਨਹੀਂ ਸੀ। ਫੇਰ ਮੇਰਾ ਭਰਾ ਵੀ ਮਰ ਗਿਆ ਤੇ ਪਿਉ ਦੀ ਮਿੱਟੀ ਦਾ ਹਿੱਸੇਦਾਰ ਬਣ ਗਿਆ। ਮੈਨੂੰ ਮੇਰੀ ਹੋਂਦ ਦਾ ਪਤਾ ਈ ਨਹੀਂ! ਤੇ ਮੇਰੇ ਪਿਉ ਨੂੰ ਵੀ ਏਸੇ ਦੁੱਖ ਨੇ ਖਾ ਲਿਤਾ।

ਮੇਰਾ ਤੇ ਕੋਈ ਕਬਰਸਤਾਨ ਈ ਨਹੀਂ, ........ ਮੈਂ ਮੋਇਆ ਤੇ ਖੌਰੇ! ਮੈਨੂੰ ਕਿਹੜੇ ਥਾਂ ਦੀ ਮਿੱਟੀ ਨਸੀਬ ਹੋਵੇ? ਸਾਨੂੰ ਨਾ ਜਿਉਂਦੇ ਜੀਅ ਆਪਣੀ ਮਿੱਟੀ ਦਾ ਪਤਾ ਲਗਦਾ ਏ ਤੇ ਨਾ ਮਰਨ ਮਗਰੋਂ!

ਬੱਸ ਮਰਨ ਮਗਰੋਂ ਸਿਰ ਤੇ ਲੰਮਾ ਚੌੜਾ, ਨੀਲਾ ਆਸਮਾਨ ਹੀ ਰਹਿ ਜਾਂਦਾ ਏ, ਤੇ ਲੋਕ ਕਹਿੰਦੇ ਨੇ, 'ਮਰਨ ਮਗਰੋਂ ਤੁਸੀਂ ਆਸਮਾਨਾਂ ਤੇ ਚਲੇ ਜਾਂਦੇ ਓ।' ਮੈਂ ਆਪਣੇ ਭਰਾ ਦੀ ਕਬਰ ਸਿਰ੍ਹਾਣੇ ਖਲੋਤਾ ਆਂ, ਤੇ ਉਹਦੇ ਨਾਲ ਗੱਲਾਂ ਕਰਨਾਂ ਵਾਂ।'

'ਹੁਣ ਤੂੰ ਖੁਸ਼ ਏਂ! ਕਦੀ ਤੇਰੇ ਪੈਰਾਂ ਹੇਠ ਮਿੱਟੀ ਨਹੀਂ ਸੀ, ਤੇ ਹੁਣ ਤੇਰੀਆਂ ਅੱਖਾਂ ਅੱਗੇ ਪੂਰੀ ਧਰਤੀ ਏ। ਆਪਣੇ ਹਿੱਸੇ ਦੇ ਅੰਨ-ਪਾਣੀ ਲਈ, ਸਾਰਾ ਆਸਮਾਨ, .........ਦੱਬ ਕੇ ਵਾਹ ਤੇ ਰੱਜ ਕੇ ਖਾਹ, .........ਆਸਮਾਨ ਤੇ ਹਲ਼ ਚਲਾ ਤੇ ਰੱਬ ਦਾ ਸ਼ੁਕਰ ਕਰ। ਜਿਹਨੇ, ਤੈਨੂੰ ਜਵਾਨੀਆਂ ਵਿਚ ਆਪਣੇ ਕੋਲ ਬੁਲਾ ਘੱਲਿਆ, ਤੇ ਅਸੀਂ ਖੌਰੇ ਹੋਰ ਕੀ-ਕੀ ਤੱਕਣਾ ਵੇ!'

'ਆਹੋ! ਮੈਨੂੰ ਕੀ ਪਤਾ, ਮੇਰੇ ਲੇਖਾਂ ਵਿਚ ਹੋਰ ਕੀ ਏ। ਚੰਗਾ ਈ ਏ, ਜੇ ਮੈਨੂੰ ਪਤਾ ਨਹੀਂ, ਮੇਰੇ ਲੇਖਾਂ ਵਿਚ ਹੋਰ ਕੀ ਏ। ਕਿਉਂ ਜੇ ਲੇਖਾਂ ਦਾ ਇਲਮ ਹੋ ਵੰਞੇ ਤੇ ਬੰਦਾ ਇਕ ਵਾਰੀ ਨਹੀਂ ਕਈ-ਕਈ ਵਾਰੀ ਮਰਦਾ ਏ!' ਮੈਂ ਹੱਸਣਾ ਵਾਂ ਤੇ ਬਾਲਟੀ ਚੁੱਕ, ਕਬਰਾਂ ਦੇ ਗਰਮ ਸੀਨੇ ਠਾਰਨ ਦੀ ਸਾਰ ਵਿਚ ਪਾਣੀ ਦੇ ਬੁੱਕ ਭਰ-ਭਰ ਉਹਨਾਂ ਤੇ ਪਾਨਾਂ ਵਾਂ। ਜਿਉਂਦੇ ਬੰਦੇ ਦੇ ਸੀਨੇ ਅਸੀਂ ਹਮੇਸ਼ਾ ਅੱਗ ਲਾਉਂਦੇ ਆਂ,...........ਪਰ ਮਰੇ ਬੰਦੇ ਦੀ ਤੇ ਮਿੱਟੀ ਵੀ ਸਾਨੂੰ ਅਜੀਜ਼ ਹੋ ਜਾਂਦੀ ਏ।

ਖੌਰੇ ਇਹ ਸੱਚ ਏ, ਪਈ ਬੰਦਾ ਮਰ ਜਾਵੇ ਤੇ ਸਾਨੂੰ ਪਤਾ ਲੱਗਦਾ ਏ, ਪਈ ਏਹ ਤੇ 'ਬੰਦਾ' ਸੀ! ਤੇ ਜਿਉਂਦੇ ਜੀਅ..........................?

ਮੈਂ ਅਗਰਬੱਤੀਆਂ ਦਾ ਪੈਕਟ ਖੋਲਣਾਂ ਵਾਂ, ਰਲ-ਮਿਲ ਤੇਈ ਅਗਰਬੱਤੀਆਂ। ਦਸ, ਭਰਾ ਦੇ ਸਿਰ੍ਹਾਣੇ ਤੇ ਦਸ, ਪਿਉ ਦੇ ਸਿਰ੍ਹਾਣੇ ਲਾਵਣ ਮਗਰੋਂ, ਮੈਂ ਤਿੰਨ, ਅਗਰਬੱਤੀਆਂ ਆਲ-ਦੁਆਲ ਦੀਆਂ ਤਿੰਨ ਕਬਰਾਂ ਤੇ ਲਾ ਦੇਨਾਂ ਵਾਂ।

ਖੌਰੇ, ਉਹ ਕੌਣ ਨੇ! ਪਰ ਮੋਏ ਪਏ ਵੀ ਤੇ, ਸਾਨੂੰ ਰੂੰ-ਵਾਂਗ ਨਰਮ ਕਰ ਦੇਂਦੇ ਨੇ। ਤੇ ਫੇਰ, ਸਾਰੇ ਈ ਮਰ ਕਿਉਂ ਨਾ ਜਾਈਏ! ਪਰ ਸਾਡਾ ਕਬਰਸਤਾਨ, ਸਾਡੀ ਮਿੱਟੀ ? ਮੈਂ ਫ਼ਾਤਾਹ ਲਈ ਹੱਥ ਚੁੱਕਣਾਂ ਵਾਂ ਤੇ ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਪਿਉ ਤੇ ਭਰਾ ਦੀ ਕਬਰ ਵੱਲ ਤੱਕਣਾਂ ਵਾਂ, ......ਅਸੀਂ ਮੋਇਆ ਲਈ ਫ਼ਾਤਾਹ ਪੜ੍ਹਨੇ ਆਂ ਤੇ ਮਰੇ ਹੋਏ ਸਾਡੇ ਲਈ। ਮੈਂ ਤ੍ਰਬਕ ਜਾਨਾਂ ਵਾਂ। ਮੈਨੂੰ ਅਚਨਚੇਤ ਇੰਜ ਲੱਗਾ ਵੇ, ਜਿਵੇਂ ਸਾਰੇ ਮੁਰਦੇ ਹੱਥ-ਚੁੱਕ, ਜਿਉਂਦਿਆਂ ਲਈ ਫ਼ਾਤਾਹ ਪੜ੍ਹਦੇ ਪਏ ਨੇ......!

ਮੈਂ ਡਰ ਤੇ ਖ਼ੁਦਗਰਜ਼ੀ ਦੀ ਪੌੜੀ ਚੜ੍ਹ ਜਾਨਾਂ ਵਾਂ ਤੇ ਮੁਰਦਿਆਂ ਦੇ ਕਬਰਸਤਾਨ ਤੋਂ ਜਿਉਂਦਿਆਂ ਦੇ ਕਬਰਸਤਾਨ ਵੱਲ ਟੁਰਨਾਂ ਵਾਂ।

'ਜਿਉਂਦਿਆਂ ਦਾ ਕਬਰਸਤਾਨ !' ਏਹ ਕੀ ਗੱਲ ਹੋਈ? ਨਹੀਂ, ਮੈਂ ਅੱਜ ਕੁਝ ਅਬਨਾਰਮਲ ਹੋ ਗਿਆਂ ਵਾਂ।

'ਕੀ ਤੂੰ ਸਿਰਫ਼ ਅੱਜ ਈ ਅਬਨਾਰਮਲ ਹੋਇਆਂ ਏ ?' ਜਿਵੇਂ ਕੋਈ ਹੋਲੀ ਜਿਹੀ ਮੇਰੇ ਕੰਨ ਵਿਚ ਗੁਸ਼-ਗੁਸ਼ੀ ਕਰਦਾ ਏ।

ਮੈਂ ਪੈਰਾਂ ਨਾਲ ਲੱਗੀ ਕਬਰਾਂ ਦੀ ਗਿੱਲੀ ਮਿੱਟੀ ਨੂੰ ਝਾੜਨ ਲਈ ਪੈਰ ਜ਼ੋਰ ਦੀ ਕੱਚੀ ਜ਼ਮੀਨ ਤੇ ਮਾਰਨਾਂ ਵਾਂ। ਪਰ, ਨਾ ਮਿੱਟੀ ਲੱਥਦੀ ਏ ਤੇ ਨਾ ਰਾਹ ਮੁੱਕਦੀ ਏ। ਮੈਂ ਛੇਤੀ-ਛੇਤੀ ਪੈਰ ਪੁੱਟਦਾ ਕਬਰਸਤਾਨ ਤੋਂ ਬਾਹਰ ਜਾਣ ਵਾਲੇ ਰਾਹ ਤੇ ਟੁਰਨਾਂ ਵਾਂ, ਟੁਰਨਾਂ ਵਾਂ ਤੇ ਟੁਰੀ ਜਾਨਾਂ ਵਾਂ.............।

ਜਦ ਮੈਂ ਕਬਰਸਤਾਨ ਵਿਚ ਆਇਆਂ ਸਾਂ ਤੇ ਸੂਰਜ ਨੇ ਮੂੰਹ ਤੇ ਸੁਰਮਈ ਚਾਦਰ ਲਈ ਹੋਈ ਸੀ। ਪਰ ਹੁਣ, ਉਹ ਮੂੰਹ ਤੋਂ ਚਾਦਰ ਲਾਹ ਕੇ ਪੂਰੀ ਤਰ੍ਹਾਂ ਨੰਗਾ ਹੋ ਗਿਆ ਸੀ। ਏਨਾਂ ਨੰਗਾ, ਪਈ ਜੇ ਉਹਦੇ ਵੱਲ ਤੱਕਣਾਂ ਮੁਸ਼ਕਲ ਹੋ ਗਿਆ ਸੀ। ਤੇ, ਮੇਰਾ ਸਾਰੇ ਦਾ ਸਾਰਾ ਜੁੱਸਾ ਪਸੀਨੇ ਨਾਲ ਭਿੱਜ ਗਿਆ ਸੀ।

ਜਦ ਮੈਂ ਆਪਣੇ ਪਿਉ ਨੂੰ, ਏਸ ਓਪਰੇ ਕਬਰਸਤਾਨ ਵਿਚ ਦਫ਼ਨ ਕੀਤਾ ਸੀ ਤੇ ਮੈਂ ਕਬਰਾਂ ਨੂੰ ਇਕ ਨਜ਼ਰ ਪਾ ਕੇ ਗਿਣ ਲੈਂਦਾ ਸਾਂ। ਜਦ ਮੈਂ ਆਪਣੇ ਭਾਈ ਨੂੰ ਦਫ਼ਨ ਕੀਤਾ, ਤੇ ਮੈਨੂੰ ਨਜ਼ਰਾਂ ਖਲ੍ਹਾਰ ਕੇ ਕਬਰਾਂ ਗਿਣਨੀਆਂ ਪੈਂਦੀਆਂ ਸਨ। ਖੌਰੇ ਕਿਉਂ! ਮੈਨੂੰ ਕਬਰਾਂ ਗਿਣ ਕੇ ਇਕ ਸੁੱਖ ਜਿਹਾ ਮਿਲਦਾ ਸੀ। ਪਰ ਹੁਣ ਤਾਂ ਮੇਰੀ ਗਿਣਤੀ ਮੁੱਕ ਜਾਂਦੀ ਸੀ, ਪਰ ਕਬਰਾਂ ਨਾ ਮੁੱਕਦੀਆਂ। ਅੱਜ ਵੀ

ਮੈਂ ਟੁਰਦਾ ਰਿਹਾ ਤੇ ਕਬਰਾਂ ਗਿਣਦਾ ਰਿਹਾ, ਪਰ ਨਾ ਕਬਰਾਂ ਮੁੱਕੀਆਂ, ਨਾ ਰਾਹ ਮੁੱਕੀ। ਖੌਰੇ! ਮੈਂ ਕੇਹੜੀ ਰਾਹ ਟੁਰ ਪਿਆਂ ਸਾਂ!

ਮੈਨੂੰ ਇੰਝ ਲੱਗਾ, ਮੇਰੀ ਹਯਾਤੀ ਮੁੱਕ ਜਾਵੇਗੀ। ਪਰ ਰਾਹ, ਇਹ ਰਾਹ ਨਾ ਮੁੱਕੇਗੀ। ਤੇ, ਡਰ ਦਾ ਜ਼ਹਿਰ ਮੇਰੇ ਖ਼ੂਨ ਵਿਚ ਸ਼ਰਾਇਤ ਕਰ ਜਾਂਦਾ ਏ। ਮੈਨੂੰ ਘਰ ਯਾਦ ਆਉਣ ਲੱਗ ਪਿਆ। ਸੀਨੇ ਵਿਚ ਸਾਹ ਉਬਾਲ ਖਾਂਦਾ ਏ ਤੇ ਮੇਰੀਆਂ ਕੰਨਪੱਟੀਆਂ ਵਿਚ ਪੀੜ ਦੀਆਂ ਲਹਿਰਾਂ ਉੱਠਦੀਆਂ ਨੇ।

'ਮਾਂ! ਮੈਂ ਛੇਤੀ ਮੁੜ ਆਵਾਂਗਾ। ਮੈਂ ਪਾਣੀ ਦੇਣਾ ਵੇ ਤੇ ਅਗਰਬੱਤੀਆਂ ਬਾਲਣੀਆਂ ਨੇ।'

'ਪੁੱਤਰ! ਹਰ ਰੋਜ਼ ਕਬਰ ਤੇ ਨਾ ਜਾਇਆ ਕਰ, ਬੰਦਾ ਘਰ ਦੀ ਰਾਹ ਭੁੱਲ ਜਾਂਦਾ ਏ।' ਮੈਂ ਚੁੱਪ ਕਰ ਜਾਨਾਂ ਵਾਂ ਤੇ ਅੱਖਾਂ ਵਿਚ ਆਏ ਅੱਥਰੂ ਪੂੰਝਦਾ ਬਾਹਰ ਨਿਕਲ, ਆ ਜਾਨਾਂ ਵਾਂ।

ਤੇ ਹੁਣ ਮੈਨੂੰ ਘਰ ਦੀ ਰਾਹ ਨਹੀਂ ਸੀ ਲੱਭਦੀ। ਇਕ ਪਾਸੇ ਮੋਇਆ ਪਿਉ ਤੇ ਦੂਜੇ ਪਾਸੇ ਜਿਉਂਦੀ ਮਾਂ, ਤੇ ਮੈਂ ਵਿਚਕਾਰ ਈ ਕਿਧਰੇ ਰਾਹ ਖੁਸਾ ਬੈਠਾ ਸਾਂ। ਮੈਂ ਰੋਣਾ ਚਾਹਨਾਂ ਵਾਂ, ਪਰ ਅੱਥਰੂ ਵੀ ਤੇ ਮੁੱਕ ਗਏ ਨੇ। ਮੈਂ ਕਿਹੜੀ ਰਾਹ ਪਵਾਂ ? ਪਈ, ਆਪਣੇ ਘਰ ਅੱਪੜ ਜਾਵਾਂ। ਮੇਰੇ ਆਲ-ਦੁਆਲ, ਮਾਯੂਸੀ, ਵਾਲ ਖੋਲ੍ਹੇ ਧਮਾਲ ਪਾਉਂਦੀ ਏ ਤੇ ਡਰ, ਸ਼ੂਕਰਾਂ ਮਾਰਦਾ ਮੇਰੇ ਨਾਲ ਟੁਰਦਾ ਏ।

ਸਿਰ ਤੇ ਸੂਰਜ, ਤੇ ਪੈਰਾਂ ਥੱਲੇ ਕਬਰਸਤਾਨ ਦੀ ਮਿੱਟੀ ਤੇ ਮੈਂ ਟੁਰੀ ਜਾਨਾਂ ਵਾਂ। ਅਚਨਚੇਤੀ ਮੇਰੇ ਸੀਨੇ ਵਿਚ ਖ਼ੁਸ਼ੀ ਜਿਹੀ ਜਾਪਦੀ ਏ। ਦੂਰ ਕਿਸੇ ਕਬਰ ਦੇ ਸਿਰ੍ਹਾਣੇ, ਇਕ ਬੰਦਾ ਹੱਥ ਚੁੱਕੀ ਫ਼ਾਤਿਹਾ ਪੜ੍ਹਦਾ ਪਿਆ ਏ। ਕੌਣ? ਏਹ ਦੱਸੇਗਾ ਕਿਹੜੀ ਰਾਹ ਬਾਹਰ ਜਾਂਦੀ ਏ। ਮੈਂ ਹੌਲੀ-ਹੌਲੀ ਟੁਰਦਾ, ਉਹਦੇ ਕੋਲ ਆ ਖਲੋਨਾਂ ਵਾਂ। ਉਹ ਕਬਰ ਦੇ ਸਿਰ੍ਹਾਣੇ ਨਿੰਹ ਕੇ ਬੈਠਾ ਵੇ। ਕੱਪੜੇ, ਮਿੱਟੀ ਤੇ ਚਿੱਕੜ ਨਾਲ ਭਰੇ ਹੋਏ ਨੇ, ਸਿਰ ਦੇ ਵਾਲਾਂ ਵਿਚ ਸਫ਼ੈਦੀ ਨਜ਼ਰ ਆਉਂਦੀ ਪਈ ਏ। ਮੈਂ ਚੁੱਪ ਖਲੋਤਾ ਉਹਦੇ ਵੱਲ ਤੱਕਨਾਂ ਵਾਂ।

"ਬਾਬਾ ਜੀ?" ਮੇਰੇ ਮੂੰਹ ਵਿਚੋਂ ਇੰਝ ਨਿਕਲਦਾ ਏ, ਜਿਵੇਂ ਬਿੱਲੀ ਕੋਲੋਂ ਡਰਿਆ ਚੂਹਾ ਆਪਣੀ ਖੁੱਡ ਵਿੱਚੋਂ ਬਾਹਰ ਨਿਕਲਦਾ ਏ।

"ਹਾਂ ਪੁੱਤਰ! ਕੀ ਗੱਲ ਏ? ਮੇਰੇ ਲਾਲ!"

ਬਾਬੇ ਦੀ 'ਵਾਜ਼ ਮੇਰੇ ਕੰਨਾਂ ਤੀਕਰ ਅੱਪੜਦੀ ਏ, ਪਰ ਬਾਬਾ ਸਿਰ ਨਹੀਂ ਚੁੱਕਦਾ। ਉਹਨੇ ਮੇਰੀ 'ਵਾਜ਼ ਸੁਣੀ, ਪਰ ਜਵਾਬ ਇੰਝ ਦਿੱਤਾ ਪਈ, ਉਹ ਕਬਰ ਵਿੱਚ ਪਏ ਹੋਏ ਦੀ 'ਵਾਜ਼ ਸੁਣ ਕੇ ਜਵਾਬ ਦੇ ਰਿਹਾ ਹੋਵੇ। ਉਹਨੇ ਨਾ ਸਿਰ ਚੁੱਕਿਆ, ਨਾ ਹਰਕਤ ਕੀਤੀ ਬਲਕਿ ਉਹ ਤਾਂ ਕਬਰ ਦੇ ਉੱਤੇ ਹੋਰ ਵੀ ਝੁਕ ਗਿਆ। ਮੈਂ ਘਬਰਾ ਗਿਆ ਇਹ ਤੇ..........!

ਪਰ ਫੇਰ ਵੀ ਮੈਂ ਉਹਦੇ ਕੋਲ ਵਧ ਜਾਨਾਂ ਵਾਂ। ਤੇ, ਉਹਦੇ ਮੋਢੇ ਤੇ ਹੱਥ ਰੱਖ ਕੇ ਉਹਨੂੰ ਆਪਣੇ ਵੱਲੇ ਮੁਤਵਜਾ ਕਰਨਾਂ ਵਾਂ, 'ਬਾਬਾ ਜੀ! ਏਧਰ! ਮੈਂ ਏਧਰ ਵਾਂ!' ਉਹ ਏਸ ਤਰ੍ਹਾਂ ਘਬਰਾ ਕੇ ਮੇਰੇ ਵੱਲ ਮੁੜਦਾ ਏ, ਪਈ ਮੇਰੀ ਜਾਨ ਨਿਕਲ ਜਾਂਦੀ ਏ।

ਉਹਦੇ ਵੀਰਾਨ ਚਿਹਰੇ ਤੇ ਅੱਖੀਆਂ ਦਾ ਉਜਾੜ ਖੰਡਰ ਮੈਨੂੰ ਤੱਕਦਾ ਏ।

'ਕੀ ਗੱਲ ਏ?'

'ਮੈਂ ਰਾਹ ਭੁੱਲ ਗਿਆਂ ਵਾਂ।'

'ਤੇ ਫੇਰ ਮੈਂ ਕੀ ਕਰਾਂ?'

'ਬਾਬਾ ਜੀ, ਗੁੱਸੇ ਨਾ ਹੋਵੋ, ਮੈਨੂੰ ਸਿਰਫ਼ ਇਨ੍ਹਾਂ ਦੱਸ ਦੇਵੋ ਕੇਹੜੀ ਰਾਹ ਬਾਹਰ ਨੂੰ ਜਾਂਦੀ ਏ?'

'ਬਾਹਰ ਨੂੰ ?'

'ਆਹੋ ਬਾਬਾ ਜੀ, ਕਬਰਸਤਾਨ ਤੋਂ ਬਾਹਰ ਜਾਣ ਦੀ ਰਾਹ.......।'

ਉਹ ਹੱਸਦਾ ਏ, ਕਬਰ ਤੇ ਹੱਥ ਫੇਰਦਾ ਏ ਤੇ ਮੂੰਹ ਮੋੜ ਲੈਂਦਾ ਏ। ਬਾ...... ਬਾ........ ਬਾਬਾ ਜੀ......, ਡਰ ਮੇਰੀ ਗਰਦਨ ਘੁੱਟਦਾ ਏ।

'ਪੁੱਤਰ, ਸੈਂਤੀ ਵਰ੍ਹੇ ਪਹਿਲਾਂ, ਮੈਂ ਏਸ ਕਬਰਸਤਾਨ ਵਿੱਚ ਆਇਆ ਸਾਂ ਤੇ ਅੱਜ ਤੱਕ ਮੈਨੂੰ ਬਾਹਰ ਜਾਣ ਦੀ ਰਾਹ ਨਾ ਲੱਭੀ, ਮੈਂ ਤੈਨੂੰ ਕੀ ਦੱਸਾਂ? ਜੇ ਤੈਨੂੰ ਲੱਭ ਪਵੇ ਤਾਂ ਮੈਨੂੰ ਵੀ ਦੱਸੀਂ।' ਬੇਵਸੀ ਦੀ ਫ਼ਸਲ ਮੇਰੇ ਚਾਰ ਪਾਸੇ ਖਲੋਤੀ ਏ ਤੇ ਕਬਰਾਂ ਵਿਚੋਂ ਕੋਈ ਵੀ ਰਾਹ ਮੇਰੇ ਘਰ ਨੂੰ ਨਹੀਂ ਜਾਂਦੀ। ਮੈ ਖਲੋ ਜਾਨਾਂ ਵਾਂ.........ਤੇ ਪੂਰੇ ਗੁੱਸੇ, ਪੂਰੀ ਨਫ਼ਰਤ ਨਾਲ ਬੁੱਢੇ ਵੱਲ ਤੱਕਨਾਂ ਵਾਂ, ਜਿਨ੍ਹੇਂ ਸੈਂਤੀ ਵਰ੍ਹਿਆਂ ਵਿੱਚ ਵੀ ਕੋਈ ਰਾਹ ਨਾ ਲੱਭੀ ਸੀ......ਤੇ ਮੈਂ..... ਮੈਂ ਕਿਵੇਂ.....!!

'ਕੀ ਮੈਨੂੰ ਕਦੇ ਵੀ ਰਾਹ ਨਾ ਲੱਭੇਗੀ ? ਕੀ ਮੈਨੂੰ ਬਾਕੀ ਹਯਾਤੀ ਇਨ੍ਹਾਂ ਮੁਰਦਿਆਂ ਨਾਲ ਈ ਲੰਘਾਣੀ ਪਵੇਗੀ ?' ਸਵਾਲ ਦੇ ਸ਼ੂਕਰਾਂ ਮਾਰਦੇ ਸੱਪ, ਮੇਰੇ ਅੰਗ-ਅੰਗ ਡੰਗਦੇ ਨੇ ........ ਤੇ ਰਾਹਵਾਂ ........ਗਵਾਚੀਆਂ ਪਈਆਂ ਨੇ।

Y Y Y Y Y

---

**ਨਾਦਰ ਸ਼ਾਹ ਤੋਂ ਹਿੰਦ ਪੰਜਾਬ ਥਰਕੇ।**
**ਮੋਰ ਬਾਬੇ ਦਾ ਤੁਧ ਭੁੰਚਾਲ ਕੀਤੇ।**

50

# ਪਰਛਾਵੇਂ

## ਵਰਿਆਮ ਸਿੰਘ ਸੰਧੂ

ਮੇਰੀ ਬੱਚੀ ਨੇ ਦਾਦੀ ਮਾਂ ਨੂੰ ਕੇਡਾ ਬੱਚਿਆਂ ਵਾਲਾ ਸੁਆਲ ਕਰ ਦਿੱਤਾ ਸੀ। ਬੱਚਿਆਂ ਵਾਲਾ ਸੁਆਲ ਹੀ ਤਾਂ ਸੀ!

ਬੱਚੇ ਖਿੜ-ਖਿੜਾ ਕੇ ਹੱਸ ਪਏ। ਸਿਆਣੇ ਚੁੱਪ ਅਤੇ ਗੁੰਮ-ਸੁੰਮ ਹੋ ਗਏ।..............

...............ਮੇਰੇ ਬਜ਼ੁਰਗ ਮਾਤਾ-ਪਿਤਾ, ਮੇਰੇ ਛੋਟੇ ਭਰਾ ਕੋਲ, ਬਾਹਰ ਖੇਤਾਂ ਵਿਚ ਬਹਿਕ ਉੱਤੇ ਰਹਿੰਦੇ ਸਨ। ਅਸੀਂ ਦੋਵੇਂ ਜੀਅ ਬੱਚਿਆਂ ਸਮੇਤ ਪਿੰਡ ਵਾਲੇ ਮਕਾਨ ਵਿਚ ਹੀ ਟਿਕੇ ਹੋਏ ਸਾਂ। ਕਦੇ ਕਦਾਈਂ ਮੇਰੀ ਮਾਂ ਪਿੰਡ ਆ ਕੇ ਰਾਤ ਨੂੰ ਸਾਡੇ ਕੋਲ ਠਹਿਰਦੀ ਤਾਂ ਮੇਰੇ ਬੱਚੇ ਟੀ.ਵੀ. ਛੱਡ ਕੇ ਉਹਦੀ ਬੁਕੱਲ ਵਿਚ ਜਾ ਵੜਦੇ ਅਤੇ ਅਕਸਰ ਆਖਦੇ, "ਮਾਂ ਜੀ! ਸਾਨੂੰ ਡੈਡੀ ਦੀਆਂ ਨਿੱਕੇ ਹੁੰਦਿਆਂ ਦੀਆਂ ਗੱਲਾਂ ਸੁਣਾਓ!"

ਮਾਂ ਦੇ ਮੂੰਹੋਂ ਮੇਰੇ ਬਚਪਨ ਦੀਆਂ ਗੱਲਾਂ ਸੁਣ ਕੇ ਉਹਨਾਂ ਨੂੰ ਡਾਢਾ ਸੁਆਦ ਆਉਂਦਾ ਅਤੇ ਉਹਨਾਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੁੰਦੀ ਕਿ ਉਹਨਾਂ ਦਾ ਪਿਉ, ਜੋ ਹੁਣ ਉਹਨਾਂ ਨੂੰ ਬੜੀਆਂ ਹਦਾਇਤਾਂ ਦਿੰਦਾ ਅਤੇ ਸਿਆਣਪਾਂ ਝਾੜ ਕੇ ਚੰਗਾ ਬੱਚਾ ਬਣਨ ਲਈ ਕਹਿੰਦਾ ਸੀ, ਆਪ ਵੀ ਕਦੀ ਬੱਚਾ ਹੁੰਦਾ ਸੀ, ਉਹਨਾਂ ਵਾਂਗ ਹੀ ਖੇਡਦਾ, ਹਾਣੀਆਂ ਨਾਲ ਲੜਦਾ, ਰੁੱਸਦਾ, ਮੰਨਦਾ ਅਤੇ ਨਿੱਕੀਆਂ ਮੋਟੀਆਂ ਸ਼ਰਾਰਤਾਂ ਕਰਦਾ ਕਦੀ ਕਦੀ ਕੁੱਟ ਵੀ ਖਾ ਲੈਂਦਾ ਸੀ ਅਤੇ ਰੋ ਵੀ ਪੈਂਦਾ ਸੀ।

ਬੱਚੇ ਸੁਣਦੇ ਰਹਿੰਦੇ ਅਤੇ ਖਚਰੀਆਂ ਅੱਖਾਂ ਨਾਲ ਮੇਰੇ ਵੱਲ ਵੇਖ ਕੇ ਮੁਸਕਰਾ ਪੈਂਦੇ । ਦਾਦੀ ਮਾਂ ਦੀਆਂ ਗੱਲਾਂ ਉਹਨਾਂ ਲਈ ਕਿਸੇ ਜਾਦੂਮਈ ਗੁਫ਼ਾ ਦਾ ਤਲਿਸਮੀ ਦਰਵਾਜ਼ਾ ਖੁੱਲਣ ਵਾਂਗ ਹੁੰਦੀਆਂ।

"ਮਾਂ ਜੀ, ਡੈਡੀ ਦੀ ਅੱਡੀਆਂ ਘਸਾਉਣ ਵਾਲੀ ਗੱਲ ਸੁਣਾਓ!"

ਮੇਰੀ ਮਾਂ ਮੇਰੇ ਬੱਚਿਆਂ ਨੂੰ ਸੁਣਾ ਰਹੀ ਹੁੰਦੀ ਤਾਂ ਮੈਨੂੰ ਲੱਗਦਾ ਜਿਵੇਂ ਮੇਰੀ ਆਪਣੀ ਦਾਦੀ ਮੈਨੂੰ ਆਪਣੀ ਬੁੱਕਲ ਵਿਚ ਲੈ ਕਹਿ ਰਹੀ ਹੋਵੇ, "ਪੁੱਤ! ਆਹ ਖੱਬੇ ਹੱਥ ਜਿਹੜਾ ਘਰ ਆ ਨਾ, ਜਿੱਥੇ ਪਰਗਟ ਹੁਰੀਂ ਰਹਿੰਦੇ ਨੇ, ਹੁਸੈਨ ਬਖ਼ਸ਼ ਹੁਰਾਂ ਦਾ ਸੀ। ਪਰਲੀ ਸਾਰੀ ਗਲੀ ਹੀ ਉਹਨਾਂ ਦੀ ਬਰਾਦਰੀ ਦੀ ਸੀ। ਬੜੀ ਸਾਂਝ ਸੀ, ਉਹਨਾਂ ਦੀ ਆਪਣੇ। ਹੁਸੈਨ ਬਖ਼ਸ਼ ਦੇ ਘਰੋਂ ਫ਼ਾਤਮਾ ਬੜੀ ਕਰਮਾਂ-ਵਾਲੀ ਜ਼ਨਾਨੀ ਸੀ......... .....ਰੱਬ ਦਾ ਨਾਂ ਲੈਣ ਵਾਲੀ...........।"

ਦਾਦੀ ਚੁੱਪ ਕਰ ਜਾਂਦੀ। ਅਤੇ ਅਤੀਤ ਵਿਚ ਗੁਆਚ ਜਾਂਦੀ।

"ਮਾਂ ਹੋਰ ਗੱਲਾਂ ਸੁਣਾ", ਮੈਂ ਜ਼ਿੱਦ ਕਰਦਾ।

ਦਾਦੀ ਲੰਮਾਂ ਹਾਉਕਾ ਭਰਦੀ,".......ਉਹਦੀਆਂ ਕੁੜੀਆਂ ਤੈਨੂੰ ਬੜਾ ਮੋਹ ਕਰਦੀਆਂ ਸਨ। ਵਾਰੀ-ਵਾਰੀ ਕੁੱਛੜ ਚੁੱਕੀ ਫਿਰਦੀਆਂ। ਕਈ ਵਾਰ ਤੈਨੂੰ ਚੁੱਕ ਕੇ ਖਿਡਾਉਣ ਤੋਂ ਆਪਸ ਵਿਚ ਲੜ ਪੈਂਦੀਆਂ। ਵੱਡੀ ਕੁੜੀ ਰੇਸ਼ਮਾ ਇਕ ਵੱਡੀ ਸਾਰੀ ਬਾਲਟੀ ਵਿਚ ਪਾਣੀ ਪਾ ਕੇ ਤੈਨੂੰ ਉਸ ਵਿਚ ਬਿਠਾ ਦੇਂਦੀ। ਤੂੰ ਪਾਣੀ ਵਿਚ ਹੱਥ ਮਾਰਦਾ, ਤਾੜੀਆਂ ਮਾਰ ਕੇ ਛਿੱਟੇ ਉਡਾਉਂਦਾ, ਹੱਸਦਾ ਤੇ ਕਿਲਕਾਰੀਆਂ ਮਾਰਦਾ । ਤੇ ਉਹ ਤੈਨੂੰ ਵੇਖ ਤਾੜੀਆਂ ਮਾਰੀ ਜਾਂਦੀ। ਹੱਸ-ਹੱਸ ਲੋਟ-ਪੋਟ ਹੋਈ ਜਾਂਦੀ, 'ਵੇਖ ਨੀ ਅੰਮਾਂ। .....ਵੇਖ ਨੀ ਭਾਬੋ ਧੱਪੀ ਵੱਲ........!' ਫਿਰ ਤੈਨੂੰ ਬਾਲਟੀ ਵਿਚੋਂ ਕੱਢ ਕੇ ਵਿਹੜੇ ਦੇ ਕੱਚੇ ਫ਼ਰਸ਼ 'ਤੇ ਬਿਠਾ ਦਿੰਦੀ। ਤੇਰੀ ਮਾਂ ਬਥੇਰਾ ਵਰਜਦੀ, 'ਨੀ ਮਿੰਦੋ! ਮਿੱਟੀ ਨਾਲ ਲਿੱਬੜ ਜੂ!' ਪਰ ਉਹ ਤੈਨੂੰ ਜ਼ਮੀਨ 'ਤੇ ਬਿਠਾ ਕੇ ਤਾੜੀਆਂ ਮਾਰਦੀ ਤੇ ਉੱਚੀ-ਉੱਚੀ ਗਾਉਂਦੀ, ਅੱਡੀਆਂ ਘਸਾਵਾਂਗੇ....ਮੀਂਹ ਪਊ ਤਾਂ ਘਰ ਨੂੰ ਜਾਵਾਂਗੇ......' .ਤੇ ਤੂੰ ਉਹਦੇ ਕਹਿਣ 'ਤੇ ਜ਼ਮੀਨ 'ਤੇ ਜ਼ੋਰ-ਜ਼ੋਰ ਦੀ ਅੱਡੀਆਂ ਰਗੜਨ ਲੱਗ ਪੈਂਦਾ। ਅੱਡੀਆਂ ਰਗੜੀ ਜਾਂਦਾ ਤੇ ਨਿੱਕੇ ਨਿੱਕੇ ਹੱਥਾਂ ਦੀ ਤਾੜੀ ਮਾਰਨ ਦੀ ਕੋਸ਼ਿਸ਼ ਕਰਦਾ। ਖਿੜ-ਖਿੜ ਹੱਸੀ ਜਾਂਦਾ। ਇੰਝ ਹੀ ਤੈਨੂੰ ਲਿਬੜੇ ਨੂੰ ਚੁੱਕ ਕੇ ਆਪਣੇ ਘਰ ਲੈ ਜਾਂਦੀ। ਨੁਹਾ-ਧੁਆ ਕੇ, ਲਿਸ਼ਕਾ ਕੇ ਤੇਰੀਆਂ ਅੱਖਾਂ 'ਚ ਸੁਰਮਾ ਪਾ ਕੇ, ਮੱਥੇ 'ਤੇ ਕਾਲਾ ਟਿੱਕਾ ਲਾ ਕੇ ਲੈ ਆਉਂਦੀ......।"

ਜਦੋਂ ਵੀ ਕਦੀ ਮੈਨੂੰ ਦਾਦੀ ਦੀਆਂ ਇਹਨਾਂ ਗੱਲਾਂ ਦਾ ਚੇਤੇ ਆਉਂਦਾ, ਮੈਨੂੰ ਲੱਗਦਾ ਮੇਰੇ ਮੱਥੇ ਜਲੂਣ ਜਿਹੀ ਹੋ ਰਹੀ ਹੈ। ਮੈਂ ਮੱਥੇ 'ਤੇ ਹੱਥ ਫੇਰਦਾ ਸ਼ਾਇਦ ਉੱਥੇ ਅਜੇ ਵੀ ਕਾਲਾ ਟਿੱਕਾ ਹੋਵੇ! ਹੁਣ ਮੇਰੀ ਮਾਂ ਦੇ ਮੂੰਹੋਂ ਬੱਚੇ ਇਹ ਕਹਾਣੀ ਸੁਣਦੇ ਅਤੇ ਮੈਨੂੰ ਹੱਸਦੇ ਹੋਏ ਆਖਦੇ, "ਅੱਡੀਆਂ ਘਸਾਵਾਂਗੇ.......ਮੀਂਹ ਪਊ ਤਾਂ ਘਰ ਨੂੰ ਜਾਵਾਂਗੇ......."

ਮਾਂ ਨੇ ਹਉਕਾ ਲਿਆ, "ਵਿਚਾਰੀ ਕਿਸੇ ਘਰ ਵੀ ਨਾ ਜਾ ਸਕੀ!"

"ਮਾਂ ਜੀ! ਕਿਥੇ ਗਈ ਫਿਰ ਉਹ?" ਛੋਟੀ ਬੱਚੀ ਨੇ ਪੁੱਛਿਆ।

ਮਾਂ ਬੜੀ ਵਾਰ ਦੱਸ ਚੁੱਕੀ ਸੀ। ਬੱਚੇ ਬੜੀ ਵਾਰ ਸੁਣ ਚੁੱਕੇ ਸਨ। ਪਰ ਫਿਰ ਵੀ ਪਤਾ ਨਹੀਂ ਕਿਉਂ, ਉਹ ਬਾਰ-ਬਾਰ ਸੁਨਣ ਲਈ ਉਤਾਵਲੇ ਰਹਿੰਦੇ ਸਨ।

ਪਰ ਅੱਜ ਤਾਂ ਮਾਂ ਬਹੁਤ ਹੀ ਉਦਾਸ ਸੀ। ਮੈਂ ਅਤੇ ਮੇਰੀ ਪਤਨੀ ਬਹੁਤ ਦੁਖੀ ਸਾਂ। ਬੱਚੇ ਚੁੱਪ ਅਤੇ ਸਹਿਮੇ ਹੋਏ ਸਨ। ਕਸਬਾ-ਨੁਮਾ ਪਿੰਡ ਦੇ ਬਾਜ਼ਾਰ ਵਿਚ ਕੱਲ੍ਹ ਚੱਲੀ ਅੰਧਾ-ਧੁੰਦ ਗੋਲੀ ਵਿਚ ਸਾਡੇ ਖੱਬੇ ਹੱਥ ਰਹਿੰਦਾ, ਸਾਡਾ ਗੁਆਂਢੀ ਮਨੋਹਰ ਅਤੇ ਉਸ ਦਾ ਪਿਤਾ

ਮਾਰੇ ਗਏ ਸਨ। ਹੋਰ ਕਈ ਜ਼ਖ਼ਮੀ ਹੋਏ ਸਨ। ਅੱਜ ਦੀ ਅਖ਼ਬਾਰ ਵਿਚ 'ਅੰਨ੍ਹੇਵਾਹ' ਹੋਈ ਫਾਇਰਿੰਗ ਦੀ ਖ਼ਬਰ ਮੋਟੀ ਸੁਰਖੀ ਵਿਚ ਸੀ। ਮਨੋਹਰ ਮੇਰਾ ਹੀ ਹਾਣੀ ਸੀ। ਛੋਟੇ ਹੁੰਦਿਆਂ ਉਹ, ਮੈਂ ਅਤੇ ਪਰਗਟ ਕਦੀ ਇਕ, ਕਦੀ ਦੂਜੇ ਦੇ ਘਰ ਵੜੇ ਰਹਿੰਦੇ। ਸਾਰੀ ਸਾਰੀ ਦਿਹਾੜੀ ਖੇਡਦੇ ਰਹਿੰਦੇ। ਜਦੋਂ ਭੁੱਖ ਲਗਦੀ, ਜਿਹੜੇ ਘਰ ਹੁੰਦੇ ਉੱਥੋਂ ਜੋ ਮਿਲਦਾ, ਖਾ ਲੈਂਦੇ।

ਆਪਣੇ ਪੁੱਤਰਾਂ ਵਰਗੇ ਮਨੋਹਰ ਦੀ ਮੌਤ ਦੀ ਖ਼ਬਰ ਸੁਣ ਕੇ ਮੇਰੀ ਮਾਂ, ਮੇਰੇ ਛੋਟੇ ਭਰਾ ਨਾਲ ਖੇਤਾਂ ਤੋਂ ਪਿੰਡ ਅਫ਼ਸੋਸ ਕਰਨ ਆਈ ਹੋਈ ਸੀ ਅਤੇ ਹੁਣ ਰਾਤ ਸਾਡੇ ਕੋਲ ਹੀ ਠਹਿਰ ਗਈ ਸੀ। ਉਹ ਸਵੇਰ ਦੀ, ਜੋ ਹੋਇਆ ਸੀ, ਸੁਣ-ਸੁਣ ਕੇ, ਰੋ-ਰੋ ਕੇ ਥੱਕ ਚੁੱਕੀ ਸੀ।

ਬੱਚੇ ਉਸ ਦੀ ਮੰਜੀ ਉੱਤੇ ਉਸ ਦੇ ਆਸੇ-ਪਾਸੇ ਬੈਠੇ ਲਗਾਤਾਰ ਉਸ ਦੇ ਉਦਾਸ ਮੂੰਹ ਵੱਲ ਵੇਖੀ ਜਾ ਰਹੇ ਸਨ। ਬੱਚਿਆਂ ਵੱਲ ਵੇਖ ਕੇ ਮੈਨੂੰ ਲੱਗਾ, ਮੈਂ ਅਤੇ ਮਨੋਹਰ ਆਪਣੀ ਦਾਦੀ ਹਰਨਾਮ ਕੌਰ ਦੀ ਬੁੱਕਲ ਵਿਚ ਬੈਠੇ ਹੋਏ ਉਹਦੀਆਂ ਗੱਲਾਂ ਸੁਣ ਰਹੇ ਸਾਂ। ..........

ਸਾਡੇ ਘਰ ਸੁਫੇ ਵਿਚ ਵੜਦਿਆਂ ਖੱਬੇ ਹੱਥ ਨੁੱਕਰ ਵਾਲੀ ਅਲਮਾਰੀ ਵਿਚ ਰੰਬੀਆਂ, ਆਰਾਂ , ਕਲਬੂਤ, ਖੁਰੀਆਂ ਅਤੇ ਬਹੁਤ ਸਾਰੇ ਕਿੱਲ ਮੇਖਾਂ ਪਏ ਹੋਏ ਸਨ। ਉਸੇ ਨੁੱਕਰੇ ਭਾਂਡਿਆਂ ਦੀਆਂ ਦੋ ਬੋਰੀਆਂ ਭਰੀਆਂ ਪਈਆਂ ਸਨ। ਉਸ ਪਾਸੇ ਹੀ ਵੱਡੇ ਭਾਰੀ ਰੰਗੀਨ ਪਾਵਿਆਂ ਵਾਲਾ ਪਲੰਘ ਡੱਠਾ ਹੋਇਆ ਸੀ।

ਮੈਂ, ਪਰਗਟ ਅਤੇ ਮਨੋਹਰ ਨਿੱਕੇ ਹੁੰਦਿਆਂ ਲੁਕਣ-ਮੀਚੀ ਖੇਡਦੇ ਜਦੋਂ ਉਹਨਾਂ ਭਾਂਡਿਆਂ ਦੀਆਂ ਬੋਰੀਆਂ ਪਿੱਛੇ ਲੁਕਣ ਲੱਗਦੇ ਤਾਂ ਮੇਰੀ ਦਾਦੀ ਆਖਦੀ, "ਵੇ ਨਾ ਪੁੱਤੋ! ਇਹ ਵਿਚਾਰੇ ਹੁਸੈਨ ਬਖ਼ਸ਼ ਮੋਚੀ ਦਾ ਸਮਾਨ ਐ......ਪੁੱਤ, ਇਹਨੂੰ ਨਾ ਛੇੜੋ........"

ਤੇ ਦਾਦੀ ਮਾਂ ਇਹਨਾਂ ਭਾਂਡਿਆਂ ਵਾਲੀ ਪਿਛਲੀ ਕਹਾਣੀ ਸਣਾਉਣ ਲੱਗਦੀ-

.........ਜਿਸ ਦਿਨ ਉਹਨਾਂ ਨੇ ਤਕਾਲਾਂ ਨੂੰ ਤੁਰਨਾਂ ਸੀ, ਜਾਣ ਤੋਂ ਪਹਿਲਾਂ ਆਹ ਭਾਂਡੇ, ਸੰਦ-ਸੂਤ ਤੇ ਪਲੰਘ ਸਾਡੇ ਘਰ ਰੱਖ ਕੇ ਹੁਸੈਨ ਬਖ਼ਸ਼ ਨੇ ਘਰ ਦਾ ਤਾਲਾ ਤੇ ਚਾਬੀਆਂ ਅਤੇ ਦੁਕਾਨ ਦੀਆਂ ਚਾਬੀਆਂ ਤੁਹਾਡੇ ਬਾਪੂ ਨੂੰ ਫੜਾ ਦਿੱਤੀਆਂ:

"ਲੈ ਸਰਦਾਰ ਕਿਸ਼ਨ ਸਿਆਂ! ਰਤਾ ਰੌਲਾ-ਗੌਲਾ ਮੱਠਾ ਹੋਇਆ ਤਾਂ ਮੁੜ ਆਵਾਂਗੇ। ਤੂੰ ਚਾਬੀਆਂ ਸਾਂਭ ਰੱਖੀਂ।" ਤੇ ਫਿਰ ਉਹਨੇ ਡੂੰਘਾ ਠੰਢਾ ਸਾਹ ਭਰ ਕੇ ਆਖਿਆ,"ਜੇ ਮੁੜ ਆਏ ਤਾਂ ਵਾਹ ਭਲੀ...... ਨਹੀਂ ਤਾਂ ਅੱਲਾ ਬੇਲੀ। ਹੱਛਾ! ਅੱਲਾ - ਅੱਲਾ ਤੇ ਖ਼ੈਰ-ਸੱਲਾ....."

"ਹੁਸੈਨ ਬਖ਼ਸ਼ਾ, ਦਿਲ ਛੋਟਾ ਨਾ ਕਰ । ਕਮਲਿਆ! ਇਹ ਤਾਂ ਚਾਰ ਕੁ ਦਿਨਾਂ ਦੀ ਖੱਪ ਐ। ਕਦੀ ਕਿਸੇ ਨੇ ਆਪਣੇ ਘਰ-ਘਾਟ ਵੀ ਛੱਡੇ ਨੇ ਭਲਿਆ ਲੋਕਾ! ਤੁਸੀਂ ਏਥੇ ਈ ਆਉਣੈਂ .....ਏਥੇ ਈ ਵੱਸਣੈ......"

ਜਿਉਂ ਹੀ ਜੱਫ਼ੀ ਪਾ ਕੇ ਵਿਦਾ ਹੋ ਕੇ ਘਰ ਨੂੰ ਤੁਰਿਆ, ਤੇਰੇ ਬਾਪੂ ਦੇ ਮਨ ਵਿਚ ਹੌਲ ਜਿਹਾ ਉੱਠਿਆ ਤੇ ਉਹ ਘੋੜੀ ਖੋਲ੍ਹ ਕੇ ਪੈਲੀਆਂ ਨੂੰ ਫੇਰਾ ਮਾਰਨ ਤੁਰ ਗਿਆ.......

ਦਾਦੀ ਬੋਲਦੀ-ਬੋਲਦੀ ਚੁੱਪ ਕਰ ਜਾਂਦੀ।

...........ਤੇ ਇਸ ਤੋਂ ਅਗਲੀ ਕਹਾਣੀ ਤਾਂ ਫਿਲਮ ਦੇ ਰੁਕੇ ਹੋਏ ਦ੍ਰਿਸ਼ ਵਾਂਗ ਸਾਡੀਆਂ ਅੱਖਾਂ ਸਾਹਵੇਂ ਜੰਮ ਕੇ ਰਹਿ ਗਈ ਸੀ।

ਅਜੇ ਹੁਸੈਨ ਬਖ਼ਸ਼ ਨੂੰ ਗਿਆਂ ਕੁਝ ਪਲ ਹੀ ਬੀਤੇ ਸਨ ਕਿ ਬਲਬੀਰ ਸਿੰਘ ਅਟਾਰੀ ਵਾਲਾ ਅਤੇ ਬਚਨਾਂ ਪੰਚ ਆਪਣੇ ਟੋਲੇ ਸਮੇਤ ਆ ਧਮਕੇ ਸਨ। "ਨਿੱਕਲ ਉਏ ਬਾਹਰ ਹੁਸੈਨਿਆਂ.......ਕੁੱਤਿਆ...... ..ਸੂਰ ਖਾਣਿਆਂ।"

ਹੁਸੈਨ ਬਖ਼ਸ਼ ਨੇ ਦਰਵਾਜ਼ੇ ਦੀ ਝੀਤ ਵਿਚੋਂ ਵੇਖਿਆ, ਨੰਗੀਆਂ ਕਿਰਪਾਨਾਂ ਲਿਸ਼ਕਦੇ ਤਿੱਖੇ ਬਰਛਿਆਂ ਵਾਲੀ ਭੀੜ ਸੀ। ਲੋਕ ਕੋਠਿਆਂ ਉੱਤੇ ਖੜ੍ਹੇ ਸਨ, ਪਰ ਕਿਸੇ ਦੀ ਹਿੰਮਤ ਨਹੀਂ ਸੀ ਪੈ ਰਹੀ ਕਿ ਭੀੜ ਨੂੰ ਰੋਕੇ......... ਭੂਤਰੀ ਹੋਈ ਮੁੰਡੀਰ।

"ਤੈਨੂੰ ਸੁਣਿਆਂ ਨਹੀਂ ਓਇ ਅੱਗੇ ਈ ਦੂਜੇ ਪਿਛਲੀ ਰਾਤ ਬਚ ਕੇ ਨਿਕਲ ਗਏ। ਤੂੰ ਅਜੇ ਵੀ ਏਥੇ.....ਰਤਾ ਬਾਹਰ ਤਾਂ ਨਿਕਲ......" ਬਲਬੀਰ ਸਿੰਘ ਨੇ ਲਲਕਾਰਿਆ।

ਹੁਸੈਨ ਬਖ਼ਸ਼ ਪਿਛਲੀ ਕੰਧ ਟੱਪ ਕੇ ਸਾਡੇ ਘਰ ਆ ਵੜਿਆ। ਮੇਰੀ ਦਾਦੀ ਅਤੇ ਮਾਂ ਨੇ ਉਹਨੂੰ ਰਜ਼ਾਈਆਂ ਹੇਠਾਂ ਲੁਕਾ ਲਿਆ। ਪਰ ਉਸ ਦੇ ਪਿਤਾ ਬੁੱਢੇ ਫ਼ਜ਼ਲ ਹੱਕ ਨੇ ਬਲਬੀਰ ਸਿੰਘ ਦੀ ਆਵਾਜ਼ ਪਛਾਣੀ ਤਾਂ ਪਤਾ ਨਹੀਂ ਉਸ ਨੂੰ ਕੀ ਹੋ ਗਿਆ! ਉਹਨੇ ਘਰਦਿਆਂ ਦੇ ਰੋਕਦਿਆਂ ਆਪਣੇ ਕੰਬਦੇ ਬੁੱਢੇ ਹੱਥਾਂ ਨਾਲ ਦਰਵਾਜ਼ਾ ਖੋਲ੍ਹਿਆ ਅਤੇ ਉੱਚੀ ਭਬਕ ਕੇ ਬੋਲਿਆ, "ਲੈ ਮਾਰ ਉਏ ਬਲਬੀਰ ਮੇਰੇ!.... ਜੇ ਤੂੰ ਈ ਪੁੱਤਰਾ ਮੈਨੂੰ ਮਾਰਨ ਆ ਗਿਐਂ, ਤਾਂ ਮਾਰ!....ਓ ਤੂੰ ਨਹੀਂ ਮੈਨੂੰ ਮਾਰ ਸਕਦਾ.... ਕਮਲਿਆ। ਤੇਰਾ ਹੱਥ ਮੇਰੇ ਉੱਤੇ ਉੱਠ ਈ ਨਹੀਂ ਸਕਦਾ....", ਉਹ ਪਤਾ ਨਹੀਂ ਕਿਹੜੇ ਵਿਸ਼ਵਾਸ ਨਾਲ ਬੋਲੀ ਜਾ ਰਿਹਾ ਸੀ।

"ਕਿਉਂ, ਮੈਂ ਕਿਉਂ ਨਹੀਂ ਮਾਰ ਸਕਦਾ.....",

ਬਲਬੀਰ ਸਿੰਘ ਇਕ ਦਮ ਹੈਰਾਨ ਹੋ ਗਿਆ। ਉਹ ਆਪਣੀ ਮਰਦਾਨਗੀ ਨੂੰ ਵੰਗਾਰਦੇ ਸੁਆਲ ਦਾ ਜਵਾਬ ਉਡੀਕਣ ਲਈ ਰੁਕ ਗਿਆ ਅਤੇ ਉਹਨੇ ਇਸ਼ਾਰੇ ਨਾਲ ਭੀੜ ਨੂੰ ਵੀ ਰੋਕ ਲਿਆ।

"ਤੂੰ? .....ਤੂੰ ਨਹੀਂ ਮੈਨੂੰ ਮਾਰ ਸਕਦਾ.... ਤੂੰ ਪੁੱਛ ਕਿਉਂ? ਪਰ ਆਪਣੇ ਮਨ ਨੂੰ ਈ ਪੁੱਛ, ਪੁੱਤਰਾ!" ਕਿਹੜਾ ਨੀਂ ਪਤਾ। ਤੇਰਾ ਪਿਉ ਤੇ ਮੈਂ ਲੰਗੋਟੀਏ ਯਾਰ ਸਾਂ। ਮੈਂ ਤੈਨੂੰ ਨਿੱਕੇ ਜਿਹੇ ਨੂੰ ਏਹਨਾਂ ਹੱਥਾਂ ਨਾਲ

ਕੁੱਛੜ ਚੁੱਕ ਕੇ ਖਿਡਾਉਂਦਾ ਰਿਹਾਂ....", ਉਹਨੇ ਆਪਣੇ ਗਲ ਵਿਚ ਪਏ ਪਰਨੇ ਨੂੰ ਪਾਏ ਦੋਹਾਂ ਹੱਥਾਂ ਨੂੰ ਛੱਡ ਕੇ ਅੱਗੇ ਨੂੰ ਹੱਥ ਪਸਾਰ ਕੇ ਵਿਖਾਉਂਦਿਆਂ ਕਿਹਾ, ਐਹਨਾਂ ਹੱਥਾਂ ਨਾਲ.....ਕੰਧਾੜੇ ਬਿਠਾ ਕੇ ਤੈਨੂੰ ਹੂਟੇ ਦਿੰਦਾ ਰਿਹਾਂ। ਤੂੰ ਮੇਰੇ ਮੋਢਿਆਂ 'ਤੇ ਪਿਸ਼ਾਬ ਕਰਦਾ ਸੈਂ ਤਾਂ ਗਲ ਤੋਂ ਲੈ ਕੇ ਤੇੜ ਤੱਕ ਮੇਰੇ ਲੀੜੇ ਭਿੱਜ ਜਾਂਦੇ ਸਨ......ਓਏ! ਤੂੰ ਮੈਨੂੰ ਮਾਰੇਂਗਾ?...ਕਦੰਤ ਨਹੀਂ....ਤੂੰ ਮੈਨੂੰ ਮਾਰ ਈ ਨਹੀਂ ਸਕਦਾ। ਤੇ ਜੇ ਮਾਰ ਸਕਦਾਂ ਏਂ, ਤਾਂ ਆਹ ਲੈ, ਮੇਰੀ ਧੌਣ ਤੇਰੇ ਸਾਹਮਣੇ ਈ.......", ਤੇ ਉਸ ਨੇ ਝੁਕੇ ਹੋਏ ਲੱਕ ਨੂੰ ਹੋਰ ਨਿਵਾ ਕੇ ਧੌਣ ਨੀਵੀਂ ਕਰ ਦਿੱਤੀ।

ਉਹਦੇ ਗੱਲ ਵਿਚ ਲਮਕਦਾ ਪਰਨਾ ਧਰਤੀ ਨੂੰ ਛੂਹ ਰਿਹਾ ਸੀ। ਗਲ ਵਿਚ ਪਰਨਾ ਲਮਕਦਾ, ਨੀਵੀਂ ਧੌਣ ਹੋਇਆਂ ਉਸ ਬਜ਼ੁਰਗ ਦਾ ਬਿੰਬ ਸਦਾ ਲਈ ਮੇਰੇ ਜ਼ਿਹਨ 'ਚ ਸਥਿਰ ਹੋ ਕੇ ਰਹਿ ਗਿਆ ਸੀ। ਆਨੰਦਪੁਰ ਵਿਚ, ਗਲ ਵਿਚ ਪੱਲਾ ਪਾਈ ਖੜੋਤੇ ਕਸ਼ਮੀਰ ਦੇ ਪੰਡਤਾਂ ਨਾਲ ਫ਼ਜ਼ਲ ਹੱਕ ਦਾ ਚਿਹਰਾ ਸਦਾ ਮੇਰੀ ਸੋਚ ਵਿਚ ਗੱਡ-ਮੱਡ ਹੋ ਜਾਂਦਾ ਰਿਹਾ ਸੀ।

ਉਸ ਨੇ ਇੰਨੇ ਹੰਮੇਂ ਤੇ ਮਾਣ ਵਿਚ ਭਰ ਕੇ ਇਹ ਸ਼ਬਦ ਕਹੇ ਸਨ, ਕਿ ਸਭ ਪਾਸੇ ਖਾਮੋਸ਼ੀ ਵਰਤ ਗਈ। ਕੋਠਿਆਂ ਉੱਤੇ ਔਰਤਾਂ ਅਤੇ ਬੱਚੇ ਖੜੋਤੇ ਵਹਿਸ਼ਤ ਦਾ ਨਾਚ ਵੇਖ ਰਹੇ ਸਨ। ਨੰਗੇ ਤੇਜ਼ ਹਥਿਆਰਾਂ ਵਾਲੀ ਭੀੜ ਆਪਣੇ ਲੀਡਰ ਵੱਲ ਅਤੇ ਫ਼ਜ਼ਲ ਹੱਕ ਦੀ ਝੁਕੀ ਹੋਈ ਧੌਣ ਵੱਲ ਵੇਖ ਰਹੀ ਸੀ।

ਕਿਸੇ ਨੇ ਉਹਦੇ ਗਲ ਵਿਚ ਲਮਕਦਾ ਪਰਨਾ ਖਿੱਚ ਕੇ ਦੂਰ ਵਗਾਹ ਮਾਰਿਆ। ਤੇ ਫਿਰ ਲੋਕਾਂ ਨੇ ਬਲਬੀਰ ਸਿੰਘ ਦੀ ਉੱਠਦੀ ਹੋਈ ਤਲਵਾਰ ਵੇਖੀ। ਬਲਬੀਰ ਸਿੰਘ ਨੇ ਫਜ਼ਲ ਹੱਕ ਵੱਲੋਂ ਉਸ ਨੂੰ ਬਚਪਨ ਵਿਚ ਖਿਡਾਏ ਜਾਣ ਦਾ 'ਮਾਣ' ਰੱਖ ਲਿਆ ਸੀ।

ਇਸ ਚੀਕ-ਚਿਹਾੜੇ ਵਿਚ ਲਹੂ ਦਾ ਮੀਂਹ ਪੈ ਰਿਹਾ ਸੀ। ਕੋਈ ਰੇਸ਼ਮਾਂ ਨੂੰ ਬਾਂਹੋਂ ਫੜ ਕੇ ਧੂਣ ਲੱਗਾ ਤਾਂ ਉਸ ਨੇ ਉਹਦੇ ਹੱਥਾਂ ਉੱਤੇ ਦੰਦੀ ਵੱਢ ਕੇ, ਬਾਂਹਾਂ ਛੁਡਾ ਕੇ ਨਹੁੰਦਰਾਂ ਉਹਦੇ ਗਲ ਵਿਚ ਖੁਭੋ ਦਿੱਤੀਆਂ। ਤੇ ਫਿਰ ਦੂਜੇ ਪਲ ਉਹ ਵੀ ਲਹੂ ਦੇ ਮੀਂਹ ਵਿਚ ਅੱਡੀਆਂ ਘਸਾਉਂਦੀ ਦਮ ਤੋੜ ਗਈ।

ਜਦ ਹੁਸੈਨ ਬਖ਼ਸ਼ ਨੇ ਅੱਠ-ਨੌਂ ਸਾਲ ਦੇ ਮੁੰਡੇ ਨੂੰ ਮੰਜੇ ਹੇਠੋਂ ਧੂਹ ਕੇ ਬਾਹਰ ਕੱਢਿਆ ਤਾਂ ਹੱਥ ਜੋੜੀਂ ਡਡਿਆ ਪਿਆ, "ਓਹ ਸਰਦਾਰ, ਮੈਨੂੰ ਨਾ ਮਾਰੋ! ਮੈਂ ਤੁਹਾਡੇ ਡੰਗਰ ਚਾਰਿਆ ਕਰੂੰ..... ਮੈਨੂੰ ਜਾਨੋਂ ਰੱਖ ਲੋ......"

ਮੁੰਡਾ ਹੱਥ ਜੋੜੀਂ ਲਿਲਕੜੀਆਂ ਲੈ ਰਿਹਾ ਸੀ।

"ਓਏ! ਰੱਬ ਤਰਸੀ ਕਰੋ ਓਏ, ਇਹਨੂੰ ਮਾਸੂਮ ਨੂੰ ਤਾਂ ਬਖ਼ਸ਼ ਦਿਉ......" ਭੀੜ ਨੂੰ ਚੀਰਦਾ ਹੋਇਆ ਬਾਬਾ ਸੋਹਣ ਸਿੰਘ ਅੱਗੇ ਵਧਿਆ।

"ਸਾਡੇ ਸਾਹਿਬਜ਼ਾਦੇ ਏਡੇ-ਏਡੇ ਈ ਸਨ, ਜਦੋਂ ਇਹਨਾਂ.......", ਤੇ ਉਹਨਾਂ ਨੇ ਮੁੰਡੇ ਕੋਲੋਂ ਸਾਹਿਬਜ਼ਾਦਿਆਂ ਦਾ ਬਦਲਾ ਲੈ ਲਿਆ ਸੀ।

ਦਾਦੀ ਆਖਦੀ ਹੁੰਦੀ ਸੀ, ਜਦੋਂ ਸਾਰਾ ਪਿੰਡ ਉਹਨਾਂ ਬੇਦੋਸ਼ਿਆਂ ਦੀਆਂ ਲਾਸ਼ਾਂ ਵੇਖਣ ਉੱਲਰ ਆਇਆ ਸੀ ਤਾਂ ਛੋਟੇ ਮੁੰਡੇ ਦੇ ਹੱਥ ਅਜੇ ਵੀ ਜੁੜੇ ਹੋਏ ਸਨ, ਜੋ ਕਹਿ ਰਹੇ ਸਨ, "ਮੈਨੂੰ ਜਾਨੋਂ ਰੱਖ ਲੋ, ਮੈਂ ਤੁਹਾਡੇ ਡੰਗਰ ਚਾਰਿਆਂ ਕਰੂੰ........"

......ਅਸੀਂ ਜਦੋਂ ਵੀ ਕਦੇ ਬਲਬੀਰ ਸਿੰਘ ਅਤੇ ਬਚਨੇ ਪੈਂਚ ਨੂੰ ਵੇਖਦੇ ਤਾਂ ਸਾਨੂੰ ਉਹਨਾਂ ਤੋਂ ਡਾਢਾ ਭੈਅ ਆਉਂਦਾ ਅਤੇ ਅਸੀਂ ਉਹਨਾਂ ਕੋਲੋਂ ਸ਼ੂਟ ਵੱਟ ਕੇ ਨਿੱਕਲ ਜਾਂਦੇ। ਉਹਨਾਂ ਦੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾ ਸਕਣ ਦੀ ਸਾਡੀ ਹਿੰਮਤ ਹੀ ਨਾ ਪੈਂਦੀ। ਅਸੀਂ ਹੌਲੀ-ਹੌਲੀ ਸੁਰਤ-ਸੰਭਾਲ ਰਹੇ ਸਾਂ। ਲਹੂ ਦਾ ਇਹ ਮੀਂਹ ਪੈਣ ਤੋਂ ਪਹਿਲੋਂ ਦੇ ਪਿੰਡ ਬਾਰੇ ਅਸੀਂ ਕਲਪਨਾ ਹੀ ਕਲਪਨਾ ਵਿਚ ਸੋਚਦੇ। ਕਿਵੇਂ ਸਾਰੇ ਲੋਕ ਇਕੱਠੇ ਰਹਿੰਦੇ ਹੋਣਗੇ, ਆਪਸ ਵਿਚ ਮਿਲਦੇ-ਵਰਤਦੇ ਹੋਣਗੇ? ਸਾਨੂੰ ਕਦੀ ਵੀ ਇਹ ਸਮਝ ਨਹੀਂ ਸੀ ਆਉਂਦੀ ਕਿ ਇੰਜ ਵੱਸਦਿਆਂ-ਰੱਸਦਿਆਂ ਲੋਕਾਂ ਨੂੰ ਕੀ ਹੋ ਗਿਆ ਸੀ? ਸਾਡਾ ਬੜਾ ਦਿਲ ਕਰਦਾ ਕਿ ਵੇਖੀਏ ਮੁਸਲਮਾਨ ਕਿਹੋ ਜਿਹੇ ਹੁੰਦੇ ਨੇ। ਕੀ ਉਹ ਵੀ ਸਾਡੇ ਵਾਂਗ ਹੀ ਹੁੰਦੇ ਨੇ ਜਾਂ ਕੁਝ ਹੋਰ ਤਰ੍ਹਾਂ ਦੇ?

ਪਾਕਿਸਤਾਨ ਤੋਂ ਉੱਜੜ ਕੇ ਆਇਆ ਜਸਵੰਤ ਸਿੰਘ ਹੁਰਾਂ ਦਾ ਪਰਿਵਾਰ ਹੁਸੈਨ ਬਖ਼ਸ਼ ਹੁਰਾਂ ਦੇ ਘਰ ਆ ਟਿਕਿਆ ਸੀ। ਉਹਨਾਂ ਦਾ ਮੁੰਡਾ ਪਰਗਟ ਸਾਡਾ ਹਾਣੀ ਸੀ। ਪਰਗਟ ਸਾਨੂੰ ਦੱਸਦਾ ਹੁੰਦਾ ਕਿ ਮੁਸਲਮਾਨ ਬੜੇ ਜ਼ਾਲਮ ਹੁੰਦੇ ਨੇ.....ਲਾਲ-ਲਾਲ ਅੱਖਾਂ....... ਬੁਰਛਿਆਂ ਵਰਗੇ। ਉਹਨਾਂ ਕਾਫ਼ਲੇ ਉੱਤੇ ਹਮਲਾ ਕਰ ਕੇ ਉਸ ਦੇ ਚਾਚੇ ਅਤੇ ਭਰਾ ਨੂੰ ਮਾਰ ਛੱਡਿਆ ਸੀ।

ਸਾਡੀਆਂ ਅੱਖਾਂ ਸਾਹਮਣੇ ਘਰਦਿਆਂ ਤੋਂ ਸੁਣੇ - ਪਛਾਣੇ ਮੁਸਲਮਾਨਾਂ ਦੇ ਨਕਸ਼ ਪਰਗਟ ਦੇ ਦੱਸੇ ਹੋਏ ਨਕਸ਼ਾਂ ਦੇ ਨਾਲ ਹੌਲੀ-ਹੌਲੀ ਖਲਤ-ਮਲਤ ਹੋਣੇ ਸ਼ੁਰੂ ਹੋ ਜਾਂਦੇ। ਉਹਨਾਂ ਦੇ ਚਿਹਰੇ ਧੁੰਦਲੇ ਜਿਹੇ ਹੋ ਜਾਂਦੇ ਤੇ ਫਿਰ ਧੁੰਦ ਜਿਹੀ ਵਿੱਚੋਂ ਹੀ ਇਕ ਆਕਾਰ ਉੱਭਰਦਾ ਅਤੇ ਸਾਡੀਆਂ ਨਜ਼ਰਾਂ ਸਾਹਵੇਂ ਇਕ ਨੀਵੀਂ ਹੋਈ ਧੌਣ ਸਥਿਰ ਹੋ ਜਾਂਦੀ, ਜਿਸ ਦੇ ਐਨ ਉੱਤੇ ਇਕ ਲਿਸ਼ਕਦੀ ਤਲਵਾਰ ਉੱਲਰੀ ਹੁੰਦੀ। ਉਹ ਧੌਣ ਪਤਾ ਨਹੀਂ ਕਿਸ ਦੀ ਸੀ? ਫ਼ਜ਼ਲ ਹੱਕ ਦੀ........? ਉਹਦੇ ਅੱਠ-ਨੌਂ ਸਾਲ ਦੇ ਪੋਤਰੇ ਦੀ ? ਪਰਗਟ ਦੇ ਚਾਚੇ ਜਾਂ ਭਰਾ ਦੀ?.....ਪਰ ਬਹੁਤ ਵਾਰ ਤਾਂ ਸਾਨੂੰ ਇੰਜ ਲੱਗਦਾ ਇਹ ਤਾਂ ਸਾਡੀ ਆਪਣੀ ਹੀ ਧੌਣ ਸੀ!

ਬਚਪਨ ਵਿਚ ਕਈ ਸਾਲਾਂ ਤੱਕ ਮੈਂ ਸੁਪਨੇ ਵਿਚ ਡਰ ਕੇ ਚੀਕ ਮਾਰ ਕੇ ਉੱਠ ਪੈਂਦਾ। ਮੈਨੂੰ ਦੂਰ-ਦੂਰ ਤੱਕ ਲਾਲ-ਸੁਰਖ਼ ਖ਼ੂਨ ਦਾ ਸਮੁੰਦਰ ਠਾਠਾਂ ਮਾਰਦਾ ਦਿਖਾਈ ਦਿੰਦਾ ਤੇ ਇਸ ਖ਼ੂਨ ਦੀ ਸਤਹਿ ਉੱਤੇ ਬਲਬੀਰ ਸਿੰਘ

'ਛਲੱਪ-ਛਲੱਪ' ਕਦਮ ਰੱਖਦਾ ਫਿਰਦਾ। ਤੁਰਦਾ-ਤੁਰਦਾ ਉਹ ਮੇਰੇ ਵੱਲ ਵੱਧਦਾ ਤਾਂ ਮੇਰੀ ਚੀਕ ਨਿਕਲ ਜਾਂਦੀ।

ਇਹ ਬਲਬੀਰ ਸਿੰਘ ਮੇਰੇ ਸੁਪਨਿਆਂ ਵਿੱਚੋਂ ਕਿਉਂ ਨਹੀਂ ਸੀ ਜਾਂਦਾ? ਉਹਨੂੰ ਵੇਖਦਿਆਂ ਹੀ ਅਜੀਬ ਤਰ੍ਹਾਂ ਘਬਰਾਹਟ ਸ਼ੁਰੂ ਹੋ ਜਾਂਦੀ! ਜੀ ਕਚਿਆ ਜਾਂਦਾ। ਸਰੀਰ ਝੂਠਾ ਪੈ ਜਾਂਦਾ। ਧੌਣ 'ਤੇ ਜਲੂਣ ਜਿਹੀ ਹੁੰਦੀ। ਹਵਾ ਵਿਚ ਉੱਲਰੀ ਲਿਸ਼ਕਦੀ ਹੋਈ ਕਿਰਪਾਨ ਦਿਸਦੀ ਅਤੇ ਨਾਲ ਹੀ ਦਿੱਸਦੀਆਂ 'ਸ਼ਰਰ' ਕਰ ਕੇ ਵਹਿੰਦੀਆਂ ਲਹੂ ਦੀਆਂ ਘਰਾਲਾਂ ! ....'ਛਲੱਪ-ਛਲੱਪ'...., ਬਲਬੀਰ ਦੇ ਭਾਰੇ ਕਦਮ ਤੁਰਦੇ ਅਤੇ ਮੈਂ ਉਹਦੇ ਪੈਰਾਂ ਹੇਠ ਮਿੱਧਿਆ ਜਾਂਦਾ।

ਤੇ ਫੇਰ ਇਕ ਦਿਨ ਅਜੀਬ ਘਟਨਾ ਵਾਪਰੀ......

ਮੈਂ ਐਵੇਂ ਸ਼ੌਕ-ਸ਼ੌਕ ਵਿਚ ਆਪਣੇ ਵਾਗੀ ਨਾਲ ਖੇਤਾਂ ਵਿਚ ਡੰਗਰ ਚਾਰਨ ਤੁਰ ਗਿਆ ਸਾਂ। ਮਸਾਂ ਅੱਠ-ਨੌਂ ਸਾਲ ਦਾ ਹੋਵਾਂਗਾ। ਇਕ ਦਿਨ ਪਹਿਲਾਂ ਮਾਮੂਲੀ ਜਿਹਾ ਬੁਖ਼ਾਰ ਹੋ ਕੇ ਹਟਿਆ ਸੀ, ਇਸ ਲਈ ਅੱਜ ਸਕੂਲ ਨਹੀਂ ਸੀ ਗਿਆ। ਛੁੱਟੀ ਦਾ ਲਾਭ ਲੈਣ ਲਈ ਮੈਂ ਘਰਦਿਆਂ ਦੇ ਰੋਕਦਿਆਂ ਵੀ ਬੂਰੀ ਮੱਝ ਦੀ ਪਿੱਠ 'ਤੇ ਹੂਟਾ ਲੈਣ ਦੇ ਲਾਲਚ ਨਾਲ ਡੰਗਰਾਂ ਪਿੱਛੇ ਹੋ ਤੁਰਿਆ। ਗਰਮੀਆਂ ਦੇ ਦਿਨ, ਸਿਖਰ ਦੁਪਹਿਰਾਂ, ਅਸੀਂ ਮੱਝਾਂ ਨੂੰ ਚਾਰ ਕੇ ਨਹਿਰੋਂ ਪਾਰਲੇ ਉੱਚੇ ਥੜ੍ਹੇ 'ਤੇ ਕਿੱਕਰਾਂ ਹੇਠਾਂ ਲਿਆ ਖਲਿਆਰਿਆ ਅਤੇ ਆਪ ਇਕ ਪਾਸੇ ਹੋ ਕੇ ਛਾਂਵੇਂ ਲੰਮੇ ਪੈ ਗਏ। ਮੇਰਾ ਸਰੀਰ ਟੁੱਟ ਰਿਹਾ ਸੀ। ਸਿਰ ਦਰਦ ਕਰ ਰਿਹਾ ਸੀ। ਫਿਰ ਪਤਾ ਨਹੀਂ ਕਦੋਂ ਨੀਂਦ ਆ ਗਈ। ਜਦੋਂ ਸਾਡੇ ਵਾਗੀ ਨੇ ਮੈਨੂੰ ਹਲੂਣ ਕੇ ਜਗਾਇਆ ਤਾਂ ਮੇਰੀਆਂ ਅੱਖਾਂ ਜ਼ੋਰ ਲਾਉਣ ਉੱਤੇ ਵੀ ਨਹੀਂ ਸੀ ਖੁੱਲ੍ਹ ਰਹੀਆਂ।

"ਤੈਨੂੰ ਤਾਂ ਤਾਪ ਚੜ੍ਹ ਗਿਆ ਓਏ!" ਉਹਨੇ ਮੇਰੀ ਬਾਂਹ ਫੜ੍ਹ ਕੇ ਛੱਡਦਿਆਂ ਸਹਿਜ ਨਾਲ ਆਖਿਆ, "ਤੂੰ ਪਿਆ ਰਹੁ ਏਥੇ ਰਾਮ ਨਾਲ..... ਮੈਂ ਅੱਗੋਂ ਡੰਗਰ ਫੇਰ ਲਿਆਵਾਂ......"

ਮੈਂ ਅੱਖਾਂ ਮੀਟ ਕੇ ਸੌਣ ਦਾ ਯਤਨ ਕਰ ਰਿਹਾ ਸਾਂ, ਪਰ ਨੀਂਦ ਨਹੀਂ ਸੀ ਆ ਰਹੀ। ਕੜਵੱਲ ਪੈ ਰਹੇ ਸਨ। ਤਰਲੋ ਮੱਛੀ ਹੋ ਰਿਹਾ ਸਾਂ। ਹੌਲੀ-ਹੌਲੀ ਉੱਠ ਕੇ ਆਸੇ ਪਾਸੇ ਵੇਖਿਆ, ਵਾਗੀ ਡੰਗਰ ਲੈ ਕੇ ਕਿਤੇ ਦੂਰ ਨਿਕਲ ਗਿਆ ਸੀ। ਦੋ ਕਦਮ ਤੁਰ ਕੇ ਮੈਂ ਪਾਸੇ ਹੋ ਕੇ ਪਿਸ਼ਾਬ ਕੀਤਾ, ਮੇਰੇ ਪੈਰ ਲੜਖੜਾ ਰਹੇ ਸਨ। ਸਾਹਮਣੇ ਤਪਦਾ ਸੂਰਜ ਸੀ ਤੇ ਏਧਰ ਤੱਪਦਾ ਜਿਸਮ। ਅੱਖਾਂ ਵਿੱਚੋਂ ਬਲਦਾ ਹੋਇਆ ਸੇਕ ਨਿਕਲ ਰਿਹਾ ਸੀ। ਬੁੱਲ੍ਹਾਂ ਉੱਤੇ ਪਿਆਸ ਜੰਮੀ ਹੋਈ ਸੀ। ਮੇਰੇ ਵਿਚ ਤੁਰਨ ਦੀ ਸੱਤਿਆ ਨਹੀਂ ਸੀ।

ਮੈਂ ਘਰ ਕਿਵੇਂ ਪਹੁੰਚਾਂਗਾ! ਏਥੋਂ ਅੱਧਾ ਮੀਲ ਤਾਂ ਨਹਿਰ ਦਾ ਪੁਲ ਸੀ ਅਤੇ ਫੇਰ ਅੱਗੋਂ ਮੀਲ ਡੇਢ ਮੀਲ ਦੀ ਵਾਟ!

"ਹਾਏ ਮਾਂ!" ਕਹਿ ਕੇ ਮੇਰਾ ਰੋਣ ਨਿਕਲ ਗਿਆ। ਮੇਰੇ ਕੋਲ ਤੁਰ ਕੇ ਛਾਵੇਂ ਜਾਣ ਦੀ ਹਿੰਮਤ ਵੀ ਨਹੀਂ ਸੀ ਰਹਿ ਗਈ। ਉੱਥੇ ਹੀ ਬੈਠ ਗਿਆ ਤੇ ਟੇਢਾ ਹੋ ਗਿਆ। ਪਤਾ ਨਹੀਂ ਕਿੰਨਾਂ ਕੁ ਚਿਰ ਇੰਝ ਹੀ ਪਿਆ ਰਿਹਾ ਹੋਵਾਂਗਾ। ਤਾਂ ਹੀ ਖ਼ਬਰੇ.........ਕਿਸੇ ਨੇ ਮੇਰੇ ਮੱਥੇ ਉੱਤੇ ਹੱਥ ਰੱਖਿਆ। ਮੈਂ ਹੌਲੀ-ਹੌਲੀ ਪਲਕਾਂ ਪੁੱਟੀਆਂ । ਬਲਬੀਰ ਸਿੰਘ ਦਾ ਚਿਹਰਾ ਮੇਰੇ ਉੱਤੇ ਝੁਕਿਆ ਹੋਇਆ ਸੀ। ਮੈਂ ਡਰ ਕੇ ਉੱਠਣ ਦਾ ਯਤਨ ਕੀਤਾ। ਸ਼ਾਇਦ ਕੁਝ ਕਹਿਣਾ ਵੀ ਚਾਹਿਆ। ਪਰ ਮੇਰੀ ਜ਼ੁਬਾਨ ਤਾਂ ਪਹਿਲਾਂ ਹੀ ਖ਼ੁਸ਼ਕ ਹੋ ਕੇ ਤਾਲੂ ਨਾਲ ਲੱਗੀ ਪਈ ਸੀ।

"ਬੱਲੇ! ਬੱਲੇ! " ਉਸ ਨੇ ਮੇਰੇ ਮੱਥੇ ਉੱਤੇ ਹੱਥ ਰੱਖਦਿਆਂ ਆਖਿਆ ਅਤੇ ਆਸੇ ਪਾਸੇ ਵੇਖਣ ਲੱਗਾ। ਮੈਂ ਉਹਦੇ ਚਿਹਰੇ ਤੋਂ ਉਹਦਾ ਮਨ ਪੜ੍ਹਨ ਦਾ ਯਤਨ ਕਰ ਰਿਹਾ ਸਾਂ ਅਤੇ ਉਹਦੀਆਂ ਹਰਕਤਾਂ ਤਾੜ ਰਿਹਾ ਸਾਂ। ਉਹਦੇ ਇਕ ਹੱਥ ਵਿਚ ਦਾਤਰੀ ਤੇ ਮੋਢੇ 'ਤੇ ਰੱਸਾ ਸੀ। ਮੈਨੂੰ ਲੱਗ ਰਿਹਾ ਸੀ, ਉਹ ਮੇਰੀਆਂ ਲੱਤਾਂ ਬਾਂਹਾ ਰੱਸੇ ਨਾਲ ਜੂੜ ਕੇ ਮੇਰੇ ਢਿੱਡ ਵਿਚ ਦਾਤਰੀ ਖੋਭ ਦੇਵੇਗਾ, ਮੇਰੀਆਂ ਡਰੀਆਂ-ਸਹਿਮੀਆਂ ਅੱਖਾਂ ਜਦੋਂ ਉਹਦੀਆਂ ਅੱਖਾਂ ਨਾਲ ਮਿਲੀਆਂ ਤਾਂ ਉੱਥੇ ਸੁੰਨ ਜਿਹੀ ਦਾ ਪ੍ਰਭਾਵ ਨਜ਼ਰੀਂ ਆਇਆ। ਉਹਦਾ ਚਿਹਰਾ ਖਰ੍ਹਵਾਂ ਸੀ। ਮੱਥੇ ਉੱਤੇ ਤਿਉੜੀਆਂ ਸਨ। ਤੇ ਉਹਦੀਆਂ ਪਤਲੀਆਂ ਮੁੱਛਾਂ ਵਿਚ ਘੁੱਟ ਕੇ ਮੀਚੇ ਹੋਏ ਬੁੱਲ੍ਹ ਸਨ। ਜਿਹੜੀ ਤਰਲਤਾ ਦੀ ਤਲਾਸ਼ ਮੈਨੂੰ ਉਸ ਦੇ ਚਿਹਰੇ 'ਤੇ ਲੋੜੀਂਦੀ ਸੀ, ਉਹ ਪਰਛਾਵਾਂ ਮਾਤਰ ਵੀ ਨਜ਼ਰ ਨਹੀਂ ਸੀ ਆ ਰਹੀ। ਮੈਂ ਭੈਅ ਵਿਚ ਇਕੱਠਿਆਂ ਹੋਕੇ ਅੱਖਾਂ ਮੀਟ ਲਈਆਂ।

'ਛਲੱਪ-ਛਲੱਪ.....' ਉਹਦੇ ਪੈਰ ਖ਼ੂਨ ਦੀ ਵਿਛੀ ਚਾਦਰ 'ਤੇ ਤੁਰ ਰਹੇ ਸਨ।

"ਉੱਠ! ਖੜ੍ਹਾ ਹੋ ! " ਉਸ ਖਰ੍ਹਵੀਂ ਆਵਾਜ਼ ਵਿਚ ਮੈਨੂੰ ਹੁਕਮ ਦਿੱਤਾ।

ਮੈਂ ਡਰਦਾ ਉੱਠ ਬੈਠਾ।

ਉਹ ਮੇਰੇ ਸਾਹਮਣੇ ਨੀਵੇਂ ਲੱਕ ਹੋ ਗਿਆ, "ਚੜ੍ਹ ਮੇਰੇ ਕੰਧਾੜੇ...."

ਮੈਂ ਸਿਖਾਏ ਹੋਏ ਪਾਲਤੂ ਵਾਂਗ ਹੁਕਮ ਮੰਨ ਲਿਆ ਅਤੇ ਉਹਦੀ ਧੌਣ ਦੇ ਦੋਹੀਂ ਪਾਸੀਂ ਲੱਤਾਂ ਲਮਕਾ ਕੇ ਉਹਦੇ ਮੋਢਿਆਂ ਉੱਤੇ ਬੈਠ ਗਿਆ। ਉਹ ਹੌਲੀ-ਹੌਲੀ ਨਹਿਰ ਦੇ ਪਾਣੀ ਵਿਚ ਉੱਤਰਨ ਲੱਗਾ। ਨਹਿਰ ਵਿਚ ਗੇਰੂਏ ਰੰਗ ਦਾ ਪਾਣੀ ਵਹਿ ਰਿਹਾ ਸੀ। ਵੰਡ ਦੀ ਕੱਟ-ਵੱਢ ਵੇਲੇ, ਅਸੀਂ ਸੁਣਿਆਂ ਸੀ, ਏਨਾਂ ਖ਼ੂਨ ਵਗਿਆ ਸੀ, ਏਨੀਆਂ ਲਾਸ਼ਾਂ ਰੁੜ੍ਹ-ਰੁੜ੍ਹ ਕੇ ਨਹਿਰਾਂ ਵਿਚ ਆਉਂਦੀਆਂ ਸਨ ਕਿ ਨਹਿਰਾਂ ਦਾ ਪਾਣੀ ਵੀ ਲਾਲ ਹੋ ਗਿਆ ਸੀ। ਜਦੋਂ ਵੀ ਨਹਿਰ ਵਿਚ ਬਰਸਾਤਾਂ ਦੇ ਦਿਨੀਂ ਅਜਿਹਾ ਪਾਣੀ ਵਹਿੰਦਾ ਤਾਂ ਪਰਗਟ ਆਖਦਾ, "ਇਹਦੇ ਵਿਚ ਲਹੂ ਈ..."

ਤੇ ਗੇਰੂਆ ਪਾਣੀ ਵਹਿੰਦਾ ਵੇਖ ਕੇ ਮੈਨੂੰ ਇਹੋ

ਅਹਿਸਾਸ ਹੁੰਦਾ ਜਿਵੇਂ ਪਿੱਛੇ ਕਿਸੇ ਨੇ ਪੁਲ 'ਤੇ ਲਿਸ਼ਕਦੀ ਤਲਵਾਰ ਉਲਾਰੀ ਹੋਵੇ ਤੇ ਹੇਠਾਂ ਨੀਂਵੀਆਂ ਧੌਣਾ ਵਿਚੋਂ ਵਹਿ ਰਹੇ ਖ਼ੂਨ ਦਾ ਇਕ ਲੰਮਾ ਸਿਲਸਲਾ...... ਜਿਹੜਾ ਨਹਿਰ ਦੇ ਪਾਣੀ ਨੂੰ ਲਾਲ ਕਰੀ ਜਾਂਦਾ ਸੀ। ਪਾਣੀ ਦਾ ਸਲੇਟੀ 'ਤੇ ਲਹੂ ਦਾ ਰੰਗ ਰਲ ਕੇ ਹੀ ਸ਼ਬਰੇ ਇੰਝ ਗੇਰੂਆ ਈ ਹੋ ਗਿਆ ਸੀ। ਜਦੋਂ ਅਜਿਹਾ ਪਾਣੀ ਨਹਿਰ ਵਿਚ ਆਉਂਦਾ ਤਾਂ ਅਸੀਂ ਨਹਿਰ ਵਿਚ ਨ੍ਹਾਉਂਦੇ ਨਹੀਂ ਸਾਂ। ਕਿਸੇ ਦੇ ਖ਼ੂਨ ਵਿਚ ਕਿਵੇਂ ਨ੍ਹਾਤਾ ਜਾ ਸਕਦਾ ਸੀ।

'ਛਲੱਪ-ਛਲੱਪ.....' ਬਲਬੀਰ ਸਿੰਘ ਵਹਿੰਦੇ ਖ਼ੂਨ ਵਿਚ ਤੁਰ ਰਿਹਾ ਸੀ। ਮੇਰੇ ਪੈਰਾਂ ਨੂੰ ਭਿੱਜਣੋਂ ਬਚਾਉਣ ਵਿਚ ਉਸ ਨੇ ਉਹਨਾਂ ਹੱਥਾਂ ਨਾਲ ਉਤਾਂਹ ਚੁੱਕਿਆ, ਤਾਂ ਮੈਨੂੰ ਪਤਾ ਲੱਗਾ, ਉਹ ਲਹੂ ਵਿਚ ਲੱਥ-ਪੱਥ ਹੋ ਗਏ ਸਨ। ਉਹਦੇ ਹੱਥ ਵਿਚ ਫੜੀ ਦਾਤਰੀ ਮੇਰੇ ਪੈਰਾਂ ਨੂੰ ਛੂਹੀ ਤਾਂ ਮੇਰੇ ਪਿੰਡੇ ਵਿਚ ਭੈਅ ਦੀ ਇਕ ਲੰਮੀ ਝੁਣਝੁਣੀ ਫਿਰ ਗਈ।

" ਹੱਤ ਤੇਰੇ ਦੀ...", ਉਹਦੀ ਖੁਰਦਰੀ ਆਵਾਜ਼ ਗੂੰਜੀ।

ਮੈਂ ਆਪਣੇ ਅਤੇ ਉਸ ਦੇ ਕੱਪੜੇ ਗਿੱਲੇ ਕਰ ਦਿੱਤੇ ਸਨ।

ਨਹਿਰ ਦੇ ਦੂਜੇ ਕੰਢੇ 'ਤੇ ਮੈਨੂੰ ਉਤਾਰ ਕੇ ਉਸ ਨੇ ਮੋਢਿਆਂ ਤੋਂ ਹੇਠਾਂ ਵੱਲ ਦੋਹੀਂ ਪਾਸੀ ਗਿੱਲੇ ਹੋ ਗਏ ਕੱਪੜਿਆਂ ਨੂੰ ਵੇਖਿਆ। ਉਹਦੇ ਬੁੱਲ੍ਹਾਂ 'ਤੇ ਹਲਕੀ ਜਿਹੀ ਮੁਸਕਰਾਹਟ ਇਕ ਛਿਣ ਵਾਸਤੇ ਫੈਲ ਗਈ ਤੇ ਫੇਰ ਉਹਨੇ ਪਹਿਲਾਂ ਵਰਗੀ ਗੂੰਜਵੀਂ ਆਵਾਜ਼ ਵਿਚ ਹਿਦਾਇਤ ਦਿੱਤੀ, "ਹੁਣ ਹੌਲੀ-ਹੌਲੀ ਸਾਹ ਲੈ ਕੇ ਸਿੱਧਾ ਡੰਡੀਏ-ਡੰਡੀ, ਘਰ ਨੂੰ ਵਗ ਜਾਹ......। ਮੈਂ ਪੱਠੇ ਵੀ ਲਿਆਉਣੇ ਨੇ........"

ਉਸ ਨੇ ਪਿੱਠ ਭੁਆਂ ਕੇ ਨਹਿਰ ਵਿਚ ਟੁੱਭੀ ਲਾਈ। ਮੈਂ ਉਹਦੀਆਂ ਨਜ਼ਰਾਂ ਤੋਂ ਛੇਤੀ ਉਹਲੇ ਹੋਣ ਲਈ ਭੱਜ ਜਾਣਾ ਚਾਹੁੰਦਾ ਸਾਂ। ਪਰ ਤਾਪ, ਭੈਅ, ਅਤੇ ਕਮਜ਼ੋਰੀ ਨੇ ਮੇਰੇ ਸਰੀਰ ਵਿੱਚੋਂ ਸਤਿਆ ਹੀ ਸੂਤ ਲਈ ਸੀ। ਮੈਂ ਨਹਿਰ ਦੀ ਪੱਟੜੀ ਦੇ ਦੂਜੇ ਸਿਰੇ ਉੱਤੇ ਬੈਠ ਗਿਆ।

ਉਹਨੇਂ ਨਹਿਰੋਂ ਬਾਹਰ ਆ ਕੇ ਵੇਖਿਆ।

"ਤੂੰ ਗਿਆ ਨਹੀਂ?" ਉਹ ਇਕ ਪਲ ਚੁੱਪ ਖਲੋਤਾ ਰਿਹਾ।

"ਚੰਗਾ ਚੱਲ ਫਿਰ", ਉਹ ਫਿਰ ਅੱਗੇ ਨਿਊਂ ਗਿਆ। "ਮੇਰੀ ਧੌਣ ਨੂੰ ਕਰਿੰਘੜੀ ਪਾ ਕੇ ..... ਮੇਰਿਆਂ ਮੌਰਾਂ ਉੱਤੇ ਬਹਿ ਜਾਹ....."

ਜਦੋਂ ਉਹ ਨੀਵੇਂ ਲੱਕ ਹੋਇਆ ਤਾਂ ਉਹਦੀ ਧੌਣ ਉੱਤੇ ਦੋਹੀਂ ਪਾਸੀਂ ਲਮਕਦਾ ਰੱਸਾ ਧਰਤੀ ਨਾਲ ਛੂਹਣ ਲੱਗਾ। ਮੈਨੂੰ ਪਤਾ ਨਹੀਂ ਕਿਉਂ ਬਾਰ-ਬਾਰ ਫ਼ਜ਼ਲ ਹੱਕ ਦੇ ਗਲ ਵਿਚ ਪਿਆ ਪਰਨਾ ਯਾਦ ਆ ਰਿਹਾ ਸੀ। ਉਹਦੇ ਕੰਧਾੜੇ ਚੜ੍ਹਿਆਂ ਮੈਨੂੰ ਇਹ ਅਹਿਸਾਸ ਹੋ ਰਿਹਾ ਸੀ, ਜਿਵੇਂ ਫ਼ਜ਼ਲ ਹੱਕ ਨੇ ਬਲਬੀਰ ਸਿੰਘ ਨੂੰ ਕੰਧਾੜੇ ਚੁੱਕਿਆ ਹੋਵੇ।

ਹੌਲੀ-ਹੌਲੀ ਤੁਰਦਾ ਉਹ ਮੈਨੂੰ ਸਾਡੇ ਅਤੇ ਫ਼ਜ਼ਲ ਹੱਕ ਦੇ ਦਰਵਾਜ਼ਿਆਂ ਦੇ ਸੰਨ੍ਹ ਵਿਚ ਉੱਥੇ ਲੈ ਆਇਆ, ਜਿੱਥੇ ਫ਼ਜ਼ਲ ਹੱਕ ਦਾ ਖ਼ੂਨ ਡੁੱਲ੍ਹਿਆ ਸੀ। ਉਹਨੇ ਮੈਨੂੰ ਉਤਾਰ ਕੇ ਮੇਰੇ ਸਿਰ ਤੇ ਹੱਥ ਫੇਰਿਆ ਅਤੇ ਪੁਚਕਾਰ ਕੇ ਆਖਿਆ, "ਜਾਹ ਬੀਬਾ ਪੁੱਤ! ਮੈਂ ਹੁਣ ਪੱਠੇ ਲੈ ਆਵਾਂ....."

ਰਾਜ਼ੀ ਹੋ ਕੇ ਮੈਂ ਸਾਥੀਆਂ ਨੂੰ ਸਾਰੀ ਗੱਲ ਦੱਸੀ ਤਾਂ ਮਨੋਹਰ ਕਹਿਣ ਲੱਗਾ, "ਸ਼ੁਕਰ ਕਰ ਤੂੰ ਬਚ ਗਿਐਂ ........ ਉਹਨੇ ਤਾਂ ਤੈਨੂੰ ਮਾਰ ਕੇ ਨਹਿਰ ਵਿਚ ਰੋੜ੍ਹ ਦੇਣਾ ਸੀ........."

ਹੁਣ ਜਦੋਂ ਉਹ ਮੈਨੂੰ ਅੱਗਲ-ਵਾਂਢੀ ਆਉਂਦਾ ਮਿਲ ਪੈਂਦਾ ਤਾਂ ਮੈਨੂੰ ਭੈਅ ਜਿਹਾ ਆਉਂਦਾ, ਪਰ ਉਹਦੇ ਲੰਘ ਜਾਣ ਤੋਂ ਬਾਅਦ ਮੈਂ ਪਿੱਠ ਵੱਲੋਂ ਚੁੱਪ-ਚਾਪ ਉਹਨੂੰ ਜਾਂਦਿਆਂ ਤੱਕਦਾ ਰਹਿੰਦਾ।

ਤੇ ਫੇਰ ਇਕ ਦਿਨ ਅਸੀਂ ਸੁਣਿਆ, ਸਾਡੇ ਹੀ ਪਿੰਡ ਦਾ ਇਕ ਮੁਸਲਮਾਨ ਮੌਲਵੀ ਅਬਦੁਲ ਗਨੀ 'ਪਾਸ' ਬਣਵਾ ਕੇ ਕੁਝ ਦਿਨਾਂ ਲਈ ਆਪਣਾ ਪੁਰਾਣਾ ਪਿੰਡ ਵੇਖਣ ਆਇਆ ਸੀ। ਸਭ ਉਸ ਨੂੰ ਵੇਖਣ ਅਤੇ ਮਿਲਣ ਲਈ ਭੱਜ ਉੱਠੇ। ਉਹ ਮਨੋਹਰ ਦੇ ਤਾਏ ਲਾਭ ਚੰਦ ਦੀ ਦੁਕਾਨ ਦੇ ਬਾਹਰ ਸਟੂਲ ਉੱਤੇ ਬੈਠਾ ਸੀ। ਕੁੱਲੇ ਵਾਲੀ ਪੱਗ ਲਾਹ ਕੇ ਉਹਨੇ ਪੱਟਾਂ ਉੱਤੇ ਰੱਖੀ ਹੋਈ ਸੀ ਅਤੇ ਇਕ ਹੱਥ ਨਾਲ ਹੁੱਕੇ ਦੀ ਨਾਲੀ ਫੜੀ ਗੁੜ-ਗੁੜ ਕਰਦਾ ਹੋਇਆ ਉਹ ਆਪਣੇ ਆਲੇ-ਦੁਆਲੇ ਖਲੋਤੇ ਲੋਕਾਂ ਦੀਆਂ ਖ਼ੁਸ਼ੀ ਤੇ ਹੈਰਾਨੀ ਭਰੀਆਂ ਪੁੱਛਾਂ ਦਾ ਉੱਤਰ ਦੇ ਰਿਹਾ ਸੀ।

"ਇਹ ਤਾਂ ਆਪਣੇ ਵਰਗਾ ਈ ਐ...... ਪਰਗਟ ਐਵੇਂ ਆਂਹਦਾ ਹੁੰਦਾ ਐ......", ਮਨੋਹਰ ਨੇ ਮੈਨੂੰ ਆਖਿਆ ਤਾਂ ਮੈਨੂੰ ਲੱਗਾ, ਉਹਦੀਆਂ ਕੱਟੀਆਂ ਹੋਈਆਂ ਲਬਾਂ ਹੀ ਥੋੜ੍ਹੀਆਂ ਓਪਰੀਆਂ ਸਨ, ਨਹੀਂ ਤਾਂ ਉਹਦੀ ਲੰਮੀ ਦਾਹੜੀ ਤੇ ਭਰਵਾਂ ਚਿਹਰਾ ਮੈਨੂੰ ਆਪਣੇ ਨਾਨੇ ਠਾਕਰ ਸਿੰਘ ਵਰਗਾ ਹੀ ਜਾਪਿਆ ਸੀ।

ਅਬਦੁਲ ਗਨੀ ਨੂੰ ਪਿੰਡ ਦੇ ਲੋਕ ਅੱਗੇ ਹੋ-ਹੋ ਕੇ ਵਾਰੀ-ਵਾਰੀ ਆਪਣੇ ਘਰੀਂ ਰੋਟੀ ਵਰਜ ਰਹੇ ਸਨ। ਜ਼ਰੂਰ-ਬਰ-ਜ਼ਰੂਰ ਆਉਣ ਲਈ ਜ਼ੋਰ ਦੇ ਰਹੇ ਸਨ। ਅਬਦੁਲ ਗਨੀ ਆਖਦਾ, "ਅੱਜ ਤਕਾਲਾਂ ਨੂੰ ਤਾਂ ਭਾਊ ਨੱਥਾ ਸੁੰਹ ਵੱਲ ਆਂ.....ਕੱਲ੍ਹ ਚਾਰੇ ਦੀਵਾਨ ਚੰਦ ਵੱਲ.......ਤੇਰੇ ਵੱਲ ਪਰਸੋਂ ਪੱਕੀ ਰਹੀ.....ਜ਼ਰੂਰ ਆਊਂਗਾ।"

ਮੌਲਵੀ ਜਿੱਧਰ ਵੀ ਜਾਂਦਾ, ਅਸੀਂ ਮੁੰਡੀਰ ਉਹਦੇ ਪਿੱਛੇ-ਪਿੱਛੇ ਤੁਰੇ ਫਿਰਦੇ। ਜਦੋਂ ਉਹ ਆਪਣੇ ਪੁਰਾਣੇ ਘਰ ਦੇ ਦਰਵਾਜ਼ੇ ਸਾਹਮਣੇ ਗਿਆ ਤਾਂ ਦੋਵੇਂ ਹੱਥ ਅਸਮਾਨ ਵੱਲ ਖੜ੍ਹੇ ਕਰ ਕੇ ਦੁਆ ਕੀਤੀ ਅਤੇ ਫਿਰ

ਸਰਦਲਾਂ 'ਤੇ ਮੱਥਾ ਟੇਕਣ ਲਈ ਝੁਕ ਗਿਆ...... ਜਿਵੇਂ ਕਿਸੇ ਪਵਿੱਤਰ ਧਾਰਮਿਕ ਸਥਾਨ ਅੱਗੇ ਝੁਕੀਦਾ ਹੈ। ਉਹ ਕਿੰਨਾਂ ਚਿਰ ਉਂਜ ਦਾ ਉਂਜ ਸਰਦਲ ਨਾਲ ਸਿਰ ਛੁਹਾਈ ਪਿਆ ਰਿਹਾ। ......ਤੇ ਫਿਰ ਜਦੋਂ ਉਹ ਸਿੱਧਾ ਹੋਇਆ ਤਾਂ ਅਸੀਂ ਵੇਖਿਆ, ਉਹਦੀਆਂ ਅੱਖਾਂ ਵਿੱਚੋਂ ਪਰਲ ਪਰਲ ਅੱਥਰੂ ਡਿਗ ਕੇ ਉਹਦੀ ਕਰੜ-ਬਰੜੀ ਦਾਹੜੀ ਵਿਚ ਗੁਆਚ ਰਹੇ ਸਨ। ਉਹਨੇਂ? ਜ਼ਮੀਨ ਤੋਂ ਮਿੱਟੀ ਦੀ ਚੁੱਟਕੀ ਚੁੱਕ ਕੇ ਦੋਹਾਂ ਅੱਖਾਂ ਨਾਲ ਛੁਹਾਈ ਅਤੇ ਉਹਦੇ ਹੱਥ ਫਿਰ ਦੁਆ ਵਿਚ ਜੁੜ ਗਏ।

ਮੌਲਵੀ ਜਿੱਥੇ ਵੀ ਖਲੋਂਦਾ, ਸੁੱਖ ਸਾਂਦ ਪੁੱਛਣ-ਦੱਸਣ ਵਾਲਿਆਂ ਦੀ ਭੀੜ 'ਕੱਠੀ ਹੋ ਜਾਂਦੀ ਹੈ। ਉਹ ਏਧਰੋਂ ਉੱਠ ਕੇ ਓਧਰ ਜਾ ਵਸੇ ਪਰਿਵਾਰਾਂ ਬਾਰੇ ਜਾਣਕਾਰੀ ਦਿੰਦਾ। ਕੋਈ ਸ਼ੇਖੂਪੁਰੇ ਤੇ ਕੋਈ ਲਾਹੌਰ ਜਾ ਵੱਸਿਆ ਸੀ, ਕੋਈ ਹੁਡਿਆਰੇ ਤੇ ਕੋਈ ਕਾਨ੍ਹੇ-ਕਾਛੇ!.....ਪਰ ਸਾਡੇ ਪੁਰਾਣੇ ਵਤਨ ਅਤੇ ਪੁਰਾਣੇ ਲੋਕਾਂ ਨੂੰ ਯਾਦ ਕਰ ਕੇ ਰੋਂਦੇ ਸਨ।

ਝੂਰਦੇ ਸਨ।

"ਕੋਈ ਕਦੋਂ ਅੱਡ ਹੋਣਾ ਚਾਹੁੰਦਾ ਸੀ ਜੀ. .....ਬੱਸ ਅਗਲਿਆਂ ਅੱਡ ਕਰ 'ਤਾ......" , ਮੌਲਵੀ ਆਖ ਰਿਹਾ ਸੀ। "ਹੁਣ ਤਾਂ ਸਭ ਪਛੋਤਾਂਦੇ ਨੇ ਭਰਾ ਮੇਰਿਆ!" ਮੌਲਵੀ ਨੇ ਭਰੇ ਗਲੇ ਨਾਲ ਆਖਿਆਂ ਤਾਂ ਉਹਦੇ ਦੁਆਲੇ ਗੱਲਾਂ ਸੁਣਨ ਲਈ ਜੁੜੀ ਭੀੜ ਦੀਆਂ ਅੱਖਾਂ ਵਿਚ ਪਛਤਾਵੇ ਦਾ ਪਾਣੀ ਸੀ। ਮੈਂ ਵੇਖਿਆ, ਭੀੜ ਦੀ ਇਕ ਨੁੱਕਰੇ ਪਿਛਲੇ ਪਾਸੇ ਬਲਬੀਰ ਸਿੰਘ ਜਿਵੇਂ ਲੁਕ ਕੇ ਖਲੋਤਾ ਸੀ। ਉਹ ਮੌਲਵੀ ਦੀਆਂ ਗੱਲਾਂ ਵੀ ਸੁਣਨੀਆਂ ਚਾਹੁੰਦਾ ਸੀ, ਪਰ ਉਹਦੀਆਂ ਅੱਖਾਂ ਨਾਲ ਅੱਖਾਂ ਵੀ ਨਹੀਂ ਸੀ ਮਿਲਾਉਣੀਆਂ ਚਾਹੁੰਦਾ।

ਏਸੇ ਵੇਲੇ ਮੇਰਾ ਦਾਦਾ ਕਿਸ਼ਨ ਸਿੰਘ ਅੱਗੇ ਹੋਇਆ ਅਤੇ ਆਖਣ ਲੱਗਾ, "ਮੌਲਵੀ! ਜੇ ਕਿਤੇ ਹੁਸੈਨ ਬਖਸ਼ ਮਿਲੇ ਤਾਂ ਭਰਾਵਾ ਉਹਨੂੰ ਆਖੀਂ, ਮੇਰੇ ਕੋਲ ਉਹਦੀ ਅਮਾਨਤ ਪਈ ਹੈ.....ਲੈ ਜਾਵੇ ਆ ਕੇ......ਮੇਰੇ ਸਿਰ ਤੋਂ ਭਾਰ ਲੱਥੇ............"

ਮੌਲਵੀ ਬੋਲ ਪਿਆ,"...ਓ ਚਾਚਾ! ਤੂੰ ਤਾਂ ਬੜਾ ਕਮਲਾ ਨਿਕਲਿਆ ਫਿਰ! ਜਿਹੜਾ ਅਜੇ ਤਾਈਂ ਵੀ ਅਮਾਨਤਾਂ ਸੰਭਾਲੀ ਫਿਰਦਾ ਏਂ...."

ਉਹ ਹੱਸਿਆ ਤਾਂ ਉਹਦੇ ਦੁਆਲੇ ਖੜ੍ਹੀ ਭੀੜ ਵਿਚ ਵੀ ਹਾਸਾ ਛਣਕਿਆ।

"ਓ ਨਾ ਭਰਾਵਾ! ਰੱਬ ਨੂੰ ਜਾਨ ਦੇਣੀ ਐ.... ਢੱਗੀ ਖਾਵਾਂ ਜੇ ਉਹਦਾ.......", ਤੇ ਮੇਰਾ ਦਾਦਾ ਭਾਵੁਕ ਹੋ ਗਿਆ,"ਸਾਡੀ ਤਾਂ ਅੱਗੇ ਹੀ ਰੂਹ ਕਲਪਦੀ ਆ ਪਈ ਉਹਦੇ ਟੱਬਰ ਦਾ ਕੁਛ ਨਾ ਕਰ ਸਕੇ........"

ਮੈਂ ਬਲਬੀਰ ਸਿੰਘ ਵੱਲ ਵੇਖ ਰਿਹਾ ਸਾਂ। ਉਹ ਚੁੱਪਕੇ ਜਿਹੇ ਚੋਰਾਂ ਵਾਂਗ ਪਿੱਛੋਂ ਹੀ ਖਿਸਕ ਗਿਆ।

ਪਤਾ ਨਹੀਂ, ਸਾਡਾ ਬਾਲ ਮਨ ਕਿਉਂ ਚਾਹੁੰਦਾ ਸੀ ਕਿ ਬਲਬੀਰ ਸਿੰਘ ਵੀ ਮੌਲਵੀ ਅਬਦੁਲ ਗਨੀ ਦੇ ਮੱਥੇ ਲੱਗੇ। ਉਸ ਨਾਲ ਕੋਈ ਗੱਲ-ਬਾਤ ਕਰੇ।

ਇਕ ਦਿਨ ਮਨੋਹਰ ਸਿੰਘ ਦਾ ਦਾਦਾ ਧੰਨੇ ਸ਼ਾਹ ਦੁਕਾਨ 'ਤੇ ਬੈਠਾ ਭੱਠੀ 'ਤੇ ਗਰਮਾ-ਗਰਮ ਜਲੇਬੀਆਂ ਤਲ ਰਿਹਾ ਸੀ ਕਿ ਅਬਦੁਲ ਗਨੀ ਦੁਕਾਨ ਅੱਗੋਂ ਲੰਘਣ ਲੱਗਾ। ਧੰਨੇ ਸ਼ਾਹ ਉੱਠ ਕੇ ਖਲੋ ਗਿਆ,"ਮੌਲਵੀ ਸਾਅ੍ਬ! ਹੁਣ ਜੋ ਮਰਜ਼ੀ ਆਖੋ, ਜਲੇਬੀਆਂ ਖਾਧੇ ਬਿਨਾਂ ਮੈਂ ਨਹੀਂ ਜੇ ਜਾਣ ਦੇਣਾ ਅੱਗੇ......ਆ ਜੋ... ..ਬਹਿ ਜੋ........"

ਤੇ ਫਿਰ ਉਹਨੇ ਅਬਦੁਲ ਗਨੀ ਦੇ ਪਿੱਛੇ ਖੜੋਤੇ ਮਨੋਹਰ ਨੂੰ ਤੇ ਮੈਨੂੰ ਆਖਿਆ,"ਕੱਢੋ ਉਏ ਮੁੰਡਿਓ ਬੈਂਚ ਨੂੰ ਬਾਹਰ.... ਘੜੀ ਮੌਲਵੀ ਹੁਰਾਂ ਨਾਲ ਰਾਮ-ਰਮਈਆ ਕਰੀਏ....."

ਅਸੀਂ ਬੈਂਚ ਬਾਹਰ ਕੱਢਿਆ। ਮਨੋਹਰ ਨੇ ਕੱਪੜੇ ਨਾਲ ਉਹਨੂੰ ਸਾਫ਼ ਕੀਤਾ ਅਤੇ ਮੌਲਵੀ ਤਹਿਮਦ ਸੰਭਾਲਦਾ ਹੱਸਦਾ ਹੋਇਆ ਬੈਠ ਗਿਆ,"ਸ਼ਾਹ! ਮਰਜ਼ੀ ਤੇਰੀ....ਤੁਸਾਂ ਸਭ ਨੇ ਐਨਾਂ ਮੋਹ ਦਿੱਤਾ ਕਿ ਸੋਚਿਆਂ ਮਨ ਭਰ ਆਉਂਦੈ...."

ਤੇ ਅਜੇ ਸਾਹਮਣੇ ਪਈ ਗਰਮ ਜਲੇਬੀਆਂ ਵਿੱਚੋਂ ਉਸ ਨੇ ਦੋ-ਚਾਰ ਜਲੇਬੀਆਂ ਈ ਖਾਧੀਆਂ ਹੋਣਗੀਆਂ ਕਿ ਬਾਜ਼ਾਰ ਵਿੱਚੋਂ ਦੀ ਬਲਬੀਰ ਸਿੰਘ ਆਉਂਦਾ ਸਾਡੀ ਨਜ਼ਰੀ ਪਿਆ। ਉਸ ਨੇ ਅੱਖਾਂ ਚੁੱਕ ਕੇ ਇਕ ਵਾਰ ਮੌਲਵੀ ਵੱਲ ਵੇਖਿਆ। ਉਹਨੂੰ ਇਕ ਦਮ ਮੌਲਵੀ ਦੇ ਮੱਥੇ ਲੱਗ ਜਾਣ ਦਾ ਚਿੱਤ ਖਿਆਲ ਨਹੀਂ ਸੀ। ਉਹ ਨਜ਼ਰਾਂ ਚੁਰਾਉਣ ਹੀ ਲੱਗਾ ਸੀ ਕਿ ਮੌਲਵੀ ਦੀਆਂ ਨਜ਼ਰਾਂ ਉਸ ਨਾਲ ਮਿਲਗੀਆਂ ਤੇ ਉਹਨੂੰ ਵੇਖ ਕੇ ਮੌਲਵੀ ਮੁਸਕਰਾ ਪਿਆ।

ਬਲਬੀਰ ਸਿੰਘ ਵਲਾ ਕਰ ਕੇ ਉੱਥੋਂ ਲੰਘ ਜਾਣਾ ਚਾਹੁੰਦਾ ਸੀ, ਪਰ ਮੌਲਵੀ ਨੂੰ ਮੁਸਕਰਾਉਂਦਾ ਤੱਕ ਉਹ ਪੈਰ ਮਲਦਾ ਖਲੋ ਗਿਆ ਅਤੇ ਸੁਭਾਉਕੀ ਹੀ ਉਸ ਦੇ ਮੂੰਹੋਂ ਨਿਕਲ ਗਿਆ, "ਸਲਾਮ ਮੌਲਵੀ ਜੀ...."

"ਸਾਸਰੀ ਕਾਲ, ਸਰਦਾਰ ਬਲਬੀਰ ਸਿਆਂ!"

ਤੇ ਫਿਰ ਜਿਵੇਂ ਬਲਬੀਰ ਸਿੰਘ ਨੇ ਖਿੱਚ-ਖਿੱਚ ਕੇ ਆਪਣੇ ਅੰਦਰੋਂ ਸ਼ਬਦ ਬਾਹਰ ਕੱਢੇ, " ਹੋਰ ਬਾਗ਼-ਪਰਵਾਰ ਦੀ ਸੁਣਾ!....ਪਿੰਡ ਵਾਲੇ ਬਾਕੀ ਭਰਾਵਾਂ ਦੀ ਸੁਣਾ ! .....ਸਭ ਸੁਖ-ਸਾਂਦ ਹੈ ਨਾ?"

"ਬੱਸ ਅੱਲਾ ਦੀ ਤੇ ਤੇਰੀ ਮਿਹਰ ਆ ਬਲਬੀਰ ਸਿਆਂ.....", ਮੌਲਵੀ ਨੇ ਆਖਿਆ ਤੇ ਆਪ ਗੱਲ ਦਾ ਰੁਖ ਬਦਲ ਕੇ ਕਹਿਣ ਲੱਗਾ, "ਲੈ ਜਲੇਬੀਆਂ ਖਾ ਲੈ....ਦੇਹ ਬਈ ਸ਼ਾਹ ਸੁੱਚੀਆਂ ਜਲੇਬੀਆਂ ਭਰਾ ਮੇਰੇ ਨੂੰ.....ਲੈ ਲੈ .....ਮੂੰਹ ਮਿੱਠਾ ਤਾਂ ਕਰ, ਕੁੜੱਤਣ ਥੁੱਕ ਦੇ ਪਰ੍ਹਾਂ..."

ਅਬਦੁਲ ਗਨੀ ਬੋਲੀ ਜਾ ਰਿਹਾ ਸੀ। ਬਲਬੀਰ ਸਿੰਘ 'ਨਾਂਹ-ਨਾਂਹ' ਕਰੀ ਜਾ ਰਿਹਾ ਸੀ। ਧੰਨੇ ਸ਼ਾਹ

ਦੂਜੀ ਪਲੇਟ ਵਿਚ ਸੁੱਚੀਆਂ ਜਲੇਬੀਆਂ ਪਾਉਣ ਲੱਗਾ ਤਾਂ ਬਲਬੀਰ ਸਿੰਘ ਉਸ ਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ, "ਰਹਿਣ ਦੇ ਸ਼ਾਹ ਹੋਰ ਨਾ ਪਾ......ਐਥੋਂ ਈ ਲੈ ਲੈਨਾਂ.....ਕਿਹੜਾ ਭਿੱਟਿਆ ਚਲਿਆਂ...."

ਤੇ ਉਸ ਨੇ ਫਿੱਕਾ ਜਿਹਾ ਮੁਸਕਰਾਉਂਦਿਆਂ ਮੌਲਵੀ ਦੀਆਂ ਜੂਠੀਆਂ ਜਲੇਬੀਆਂ ਵਿੱਚੋਂ ਇਕ ਜਲੇਬੀ ਚੁੱਕ ਕੇ ਮੂੰਹ ਵਿਚ ਪਾ ਲਈ ਅਤੇ ਸਿਰ ਝੁਕਾਈ, ਅੱਖਾਂ ਨਿਵਾਈ ਮੋਢੇ ਉੱਤੇ ਕਹੀ ਰੱਖ ਕੇ ਹੌਲੀ-ਹੌਲੀ ਉੱਥੋਂ ਤੁਰ ਪਿਆ।

ਤੇ ਉਸ ਤੋਂ ਪੰਜ-ਸੱਤ ਸਾਲ ਬਾਅਦ ਬਲਬੀਰ ਸਿੰਘ ਇਸ ਸੰਸਾਰ ਤੋਂ ਹੀ ਤੁਰ ਗਿਆ।

ਮੇਰੇ ਬੱਚੇ ਅਜੇ ਵੀ ਮੇਰੀ ਮਾਂ ਦੀ ਬੁੱਕਲ ਵਿਚ ਬੈਠੇ ਸਨ। ਉਹ ਬਿਟਰ-ਬਿਟਰ ਸਾਡੇ ਵੱਲ ਵੇਖ ਰਹੇ ਸਨ। ਉਹ ਅੱਜ ਮੇਰੇ ਨਿੱਕੇ ਹੁੰਦਿਆਂ ਦੀ ਕਹਾਣੀ ਨਹੀਂ ਸਨ ਸੁਣਨਾ ਚਾਹੁੰਦੇ ਸਨ। ਇਹ ਕਹਾਣੀ ਉਹ ਬੜੀ ਵਾਰ ਸੁਣ ਚੁੱਕੇ ਸਨ। ਉਹਨਾਂ ਦਿਆਂ ਕੰਨਾਂ ਵਿਚ ਅਜੇ ਵੀ ਸਾਡੇ ਵਾਂਗ ਹੀ ਰਾਤ ਦੀਆਂ ਚੱਲੀਆਂ ਗੋਲੀਆਂ ਦਾ ਖੜਾਕ ਗੂੰਜ ਰਿਹਾ ਸੀ। ਜਿਨ੍ਹਾਂ ਗੋਲੀਆਂ ਨੇ ਮਨੋਹਰ 'ਤੇ ਉਸ ਦੇ ਪਿਤਾ ਨੂੰ ਭੁੰਨ ਕੇ ਰੱਖ ਦਿੱਤਾ ਸੀ।

ਮੈਂ ਆਪਣੇ ਆਪ ਵਿਚ ਗੁੰਮ-ਗਰਕ ਹੋਇਆ ਸੋਚੀ ਜਾ ਰਿਹਾ ਸਾਂ। ਕਦੀ ਸਾਡੇ ਘਰ ਦੇ ਖੱਬੇ ਹੱਥ ਹੁਸੈਨ ਬਖ਼ਸ਼ ਹੁਰਾਂ ਦੇ ਪਰਵਾਰ ਦੀਆਂ ਲਾਸ਼ਾਂ ਕੱਟੇ ਹੋਏ ਰੁੱਖਾਂ ਵਾਂਗ ਪਈਆਂ, ਸਾਡੇ ਵਡੇਰਿਆਂ ਤੇ ਉਹਨਾਂ ਦੇ ਬੱਚਿਆਂ ਨੇ ਵੇਖੀਆਂ ਸਨ ਅਤੇ ਅੱਜ ਸਾਡੇ ਘਰ ਦੇ ਸੱਜੇ ਪਾਸੇ ਮਨੋਹਰ ਤੇ ਉਸ ਦੇ ਪਿਉ ਦੀਆਂ ਲਾਸ਼ਾਂ ਚਿੱਟੇ ਕੱਪੜੇ ਵਿਚ ਲਪੇਟੀਆਂ ਅਸੀਂ ਤੇ ਸਾਡੇ ਬੱਚਿਆਂ ਨੇ ਵੇਖੀਆਂ ਸਨ। ਉਹਨਾਂ ਲਾਸ਼ਾਂ ਦਾ ਬਿਰਤਾਂਤ ਮੇਰੀ ਦਾਦੀ ਅਤੇ ਮਾਂ ਦੀਆਂ ਗੱਲਾਂ ਵਿਚ ਸਦਾ ਹਾਜ਼ਰ ਰਿਹਾ ਸੀ, ਇਹਨਾਂ ਲਾਸ਼ਾਂ ਦਾ ਬਿਰਤਾਂਤ ਮੇਰੀ ਮਾਂ ਤੇ ਮੇਰੀ ਪਤਨੀ ਦੀਆਂ ਕਹਾਣੀਆਂ ਵਿਚ ਪਤਾ ਨਹੀਂ ਕਿੰਨਾਂ ਕੁ ਚਿਰ ਵਿਲਕਦਾ ਰਹਿਣਾ ਸੀ।

ਸਾਡੇ ਘਰ ਦੇ ਸੱਜੇ-ਖੱਬੇ ਇਹ ਕੀ ਹੋ ਗਿਆ ਸੀ? ਇਹ ਕੀ ਹੋ ਰਿਹਾ ਸੀ?

ਕੁਝ ਮਹੀਨੇ ਹੀ ਹੋਏ ਹੋਣਗੇ, ਜਦੋਂ ਮਨੋਹਰ ਨੇ ਮੈਨੂੰ ਸਲਾਹ ਪੁੱਛਣ ਵਾਂਗ ਆਖਿਆ, "ਮੇਰੀ ਸਲਾਹ ਏ, ਐਸ ਮਹੌਲ ਵਿਚ ਹੁਣ ਪਿੰਡ ਰਹਿਣਾ ਚੰਗਾ ਨਹੀਂ। ਪਤਾ ਨਹੀਂ ਕਿਹੜੇ ਵੇਲੇ ਕੀ ਭਾਣਾ ਵਾਪਰ ਜਾਵੇ...."

ਉਹ ਕੁਝ ਚਿਰ ਮੇਰੇ ਚਿਹਰੇ ਵੱਲ ਆਸ ਜਿਹੀ ਨਾਲ ਤੱਕਦਾ ਰਿਹਾ ਸੀ। ਜਦੋਂ ਉਸ ਨੂੰ ਮੇਰੇ ਜਿਹਰੇ ਵਿੱਚੋਂ ਕੋਈ ਦਲਾਸਾ ਲੱਭਣ ਦੀ ਥਾਂ ਯਤਾਮਤ ਪੱਸਰੀ ਨਜ਼ਰ ਆਈ ਤਾਂ ਉਸ ਬੁੱਝੇ ਚਿਹਰੇ ਨਾਲ ਧਰਤੀ ਵੱਲ ਵੇਖਦਿਆਂ ਹਉਕਾ ਲਿਆ, "ਘਰ-ਬਾਰ ਛੱਡਣਾ ਈ ਪੈਣਾ, ਵੀਰ ਮੇਰਿਆ।"

ਉਸ ਦੇ ਬੋਲ ਸੁਣ ਕੇ ਮੇਰਾ ਜੀਅ ਕੀਤਾ, ਉਸਨੂੰ ਆਪਣੇ ਦਾਦੇ ਦੇ ਸ਼ਬਦਾਂ ਵਿਚ ਧਰਵਾਸ ਦਿਆਂ, "ਐਵੇਂ ਦਿਲ ਛੋਟਾ ਨਾ ਕਰ.....ਇਹ ਤਾਂ ਚਾਰ ਦਿਨਾਂ ਦੀ ਖੱਪ ਐ.....ਕਦੀ ਕਿਸੇ ਨੇ ਆਪਣੇ ਘਰ-ਘਾਟ ਵੀ ਛੱਡੇ ਨੇ ਭਲਿਆ ਲੋਕਾ! ਤੁਸਾਂ ਏਥੇ ਈ ਆਉਣੈਂ...ਏਥੇ ਈ ਵੱਸਣੈਂ ...."

ਪਰ ਮੈਂ ਇਹ ਸਾਰਾ ਕੁਝ ਉਸ ਨੂੰ ਕਿਵੇਂ ਆਖ ਸਕਦਾ ਸਾਂ! ਮੇਰੇ ਵੱਸ ਵਿਚ ਹੀ ਕੀ ਸੀ?

"ਜੇ ਉਹ ਇਸ ਖਲਾਰੇ ਨੂੰ ਸਾਂਭ ਨਹੀਂ ਸਕਦੇ ਤਾਂ ਜੋ ਇਹ ਜ਼ਾਇਜ਼-ਨਜ਼ਾਇਜ ਮੰਗਦੇ ਨੇ....ਵਿੱਚੋਂ ਦੇਣ ਪਰੇ ਇਹਨਾਂ ਨੂੰ.......ਨਿੱਤ ਦੀ ਘੈਂਸ-ਘੈਂਸ ਮੁੱਕੇ........"। ਕਦੀ-ਕਦੀ ਮਨੋਹਰ ਹਲਾਤੇ-ਹਾਜ਼ਰਾ 'ਤੇ ਟਿੱਪਣੀ ਕਰਦਾ।

"ਨਜ਼ਾਇਜ਼ ਛੱਡ ਕੇ ਜ਼ਾਇਜ਼ ਵੀ ਨਾ ਦੇਣ ਦੀ ਬਦਨੀਤ ਕਰਕੇ ਸਾਰਾ ਖਲਾਰਾ ਪਿਆ ਹੋਇਆ। ਜਿੰਨਾਂ ਚਿਰ ਨੀਤ ਸਾਫ਼ ਨਾ ਹੋਈ, ਨਿੱਤ ਘੈਂਸ-ਘੈਂਸ ਹੁੰਦੀ ਹੀ ਰਹਿਣੀ ਆਂ......ਇਹ ਨ੍ਹੀਂ ਮੁੱਕਣੀ.....", ਪਰਗਟ ਜੁਆਬ ਵਿਚ ਆਖਦਾ।

ਪਰ ਮੈਂ ਕੀ ਆਖਦਾ? ਇਤਿਹਾਸ ਮੇਰੇ ਕਲਾਵੇ ਵਿੱਚੋਂ ਤਾਂ ਨਿਕਲ ਗਿਆ ਜਾਪਦਾ ਸੀ ਅਤੇ ਆਪਣੀਆਂ ਪੈੜਾਂ ਛੱਡੀ ਜਾ ਰਿਹਾ ਸੀ। ਸੱਜੇ-ਖੱਬੇ ਉੱਡਦੀ ਧੂੜ ਨਾਲ ਮੇਰੀਆਂ ਅੱਖਾਂ ਭਰ ਗਈਆਂ ਸਨ।

ਇਸ ਪਿੰਡ ਦੇ ਨਿੱਕੇ ਜਿਹੇ ਬਾਜ਼ਾਰ ਵਿਚ ਸੀ.ਆਰ.ਪੀ. ਵਾਲੇ ਰੋਜ਼ 'ਰਾਖੀ' ਲਈ ਗੇੜੇ ਮਾਰਦੇ ਰਹਿੰਦੇ ਸਨ, ਪਰ ਇਕ ਦਿਨ 'ਉਹ' ਵੀ ਆ ਗਏ। ਸਿਖਰ ਦੁਪਹਿਰੇ। ਭਰੇ ਬਜ਼ਾਰ। ਚਿਹਰੇ ਪਰਨਿਆਂ ਨਾਲ ਲਪੇਟੇ। ਗਲਾਂ ਵਿਚ ਸਟੇਨਗੰਨਾਂ । ਦੁਕਾਨਾਂ ਬੰਦ ਹੋਣ ਲੱਗੀਆਂ। 'ਫੜਾਕ! ਫੜਾਕ!' ਸ਼ਟਰ ਡਿਗਣ ਲੱਗੇ । ਬਾਜ਼ਾਰ ਵਿਚ ਖੇਡ ਦੇ ਨਿੱਕੇ ਨਿਆਣੇ ਘਰਾਂ ਨੂੰ ਨੱਸ ਉੱਠੇ।

ਇਕ ਗਰਜ਼ਵੀ ਅਵਾਜ਼ ਗੂੰਜੀ, "ਕੋਈ ਜਣਾ ਦੁਕਾਨ ਬੰਦ ਨਾ ਕਰੇ...... ਨਾ ਹੀ ਭੱਜੇ.....ਅਸੀਂ ਕਿਸੇ ਨੂੰ ਕੁਝ ਨਹੀਂ ਆਖਣਾ.....ਤੁਸੀਂ ਭਰਾ ਓ ਸਾਡੇ......"

ਸਭ ਹੱਥ ਰੁਕ ਗਏ ਦਰਵਾਜ਼ੇ ਜਿੰਨੇ-ਜਿੰਨੇ ਬੰਦ ਹੋਏ ਸਨ, ਓਨੇ-ਓਨੇ ਬੰਦ ਰਹੇ, ਜਿੰਨੇ-ਜਿੰਨੇ ਖੁੱਲ੍ਹੇ ਸਨ, ਓਨੇ-ਓਨੇ ਖੁੱਲੇ ਰਹਿ ਗਏ। ਜਿਵੇਂ ਸਭ ਕਿਸੇ ਜਾਦੂਈ-ਮੰਤਰ ਨਾਲ ਕੀਲੇ ਗਏ ਸਨ।

"ਕਮਲਿਓ! ਕਿਉਂ ਭੱਜਦੇ ਓ! ਕਾਹਨੂੰ ਲੁੱਕਦੇ ਓ! ਤੁਸੀਂ ਤਾਂ ਸਾਡੀ ਦੇਹ-ਜਾਨ ਓ।......ਅਸੀਂ ਤੁਹਾਨੂੰ ਮਾਰਨ ਨਹੀਂ ਆਏ......। ਅਸੀਂ ਤਾਂ ਸੌਦਾ ਸੂਤ ਲੈਣ ਆਂ.....ਖੋਲ੍ਹੋ ਦੁਕਾਨਾਂ ਤੇ ਕਰੋ ਕਾਰੋਬਾਰ...."

ਉਹ ਬਜ਼ਾਰ ਵਿਚ ਖੜ੍ਹੋਤੇ ਸਨ। ਸੋਹਣ ਦਰਜ਼ੀ ਆਪਣੀ ਮਸ਼ੀਨ ਅੱਗੋਂ ਉੱਠਿਆ ਤੇ ਉਹਨਾਂ ਦੇ ਨੇੜੇ ਹੱਥ ਜੋੜੇ, "ਹੁਕਮ ਕਰੋ, ਜਥੇਦਾਰ ਜੀ!"

"ਹੁਕਮ-ਹਕਮ ਕੋਈ ਨਹੀਂ। ਬੱਸ ਅਸੀਂ ਥੋੜ੍ਹਾ

ਜਿਹਾ ਕੱਪੜਾ ਲੈਣੈਂ। ਤੂੰ ਏਥੇ ਸਾਡੇ ਬੰਦਿਆਂ ਲਈ ਇਕ ਮੇਜ਼ ਰੱਖ ਦੇਹ।" ਇਹ ਕਹਿੰਦਿਆਂ ਤਿੰਨ ਜਣੇ ਵੱਡੇ ਸ਼ਾਹਾਂ ਦੀ ਬਜਾਜੀ ਦੀ ਦੁਕਾਨ ਵਿਚ ਜਾ ਵੜੇ। ਦੋ ਬਾਹਰ ਹੀ ਖੜ੍ਹੇ ਰਹੇ ਅਤੇ ਸੋਹਣ ਦੇ ਲਿਆਂਦੇ ਮੇਜ਼ ਉੱਤੇ ਛੋਟੀ ਮਸ਼ੀਨ ਗੰਨ ਰੱਖ ਕੇ ਬਜ਼ਾਰ ਦੇ ਦੋਹਾਂ ਸਿਰਿਆਂ ਵੱਲ ਚੌਕਸੀ ਰੱਖਣ ਲੱਗੇ।

ਆਪਣੇ ਵੱਲ ਸਹਿਮੀਆਂ ਨਜ਼ਰਾਂ ਨਾਲ ਤੱਕਦੇ ਦੁਕਾਨਦਾਰਾਂ ਨੂੰ ਵੇਖ ਕੇ ਉਹਨਾਂ ਵਿਚੋਂ ਇਕ ਜਣੇ ਨੇ ਆਪਣੇ ਮੂੰਹ ਤੋਂ ਕੱਪੜਾ ਵੀ ਉਤਾਰ ਦਿੱਤਾ,"ਓ ਵਿੰਹਦੇ ਕੀ ਓ? ਤੁਹਾਡੇ ਈ ਭਰਾ ਆਂ। ਡਰੋ ਨਾ!"

ਸ਼ਾਹਾਂ ਦੀ ਵੱਖੀ ਵਾਲੀ ਦੁਕਾਨ ਤੋਂ ਮਨੋਹਰ ਆਪਣੀ ਭੱਠੀ ਤੋਂ ਉੱਠਿਆ, "ਜਥੇਦਾਰ ਜੀ,ਚਾਹ ਬਣਾਵਾਂ? ਨਾਲ ਗਰਮਾ-ਗਰਮ ਜਲੇਬੀਆਂ!"

ਜਥੇਦਾਰ ਉਸ ਦੀ ਗੱਲ ਸੁਣ ਕੇ ਅਜੇ ਮੁਸਕਰਾ ਹੀ ਰਿਹਾ ਸੀ ਕਿ ਸ਼ਾਹਾਂ ਦਾ ਨੌਕਰ ਦੁਕਾਨ ਤੋਂ ਬਾਹਰ ਨਿਕਲ ਕੇ ਦੁੱਧ-ਪੱਤੀ ਦਾ ਆਡਰ ਦੇ ਗਿਆ।

ਦੂਜੀਆਂ ਦੁਕਾਨਾਂ ਵਾਲੇ ਹੁਣ ਆਨੇ-ਬਹਾਨੇ ਉਹਨਾਂ ਦੇ ਕੋਲੋਂ ਲੰਘ ਰਹੇ ਸਨ। ਨਿੱਕੇ-ਨਿੱਕੇ ਬੱਚੇ ਉਹਨਾਂ ਦੇ ਕੋਲ ਹੋ ਕੇ ਉਹਨਾਂ ਨੂੰ ਗੌਹ ਨਾਲ ਵੇਖਦੇ, ਦੁਕਾਨ ਵਿਚ ਝਾਤੀ ਮਾਰਦੇ ਅਤੇ ਭੱਜੇ-ਭੱਜੇ, "ਭਾਊ ਆ ਗੇ......ਭਾਊ ਆ ਗੇ......" ਕਹਿੰਦੇ ਹੋਏ ਮਾਵਾਂ ਨੂੰ ਦੱਸਣ ਘਰਾਂ ਨੂੰ ਦੌੜ ਜਾਂਦੇ।

ਉਹ ਲੱਗ-ਭੱਗ ਅੱਧਾ ਘੰਟਾ ਦੁਕਾਨ ਵਿਚ ਰਹੇ। ਕਿੰਨਾ ਸਾਰਾ ਕੱਪੜਾ ਲਿਆ। ਦੁੱਧ-ਪੱਤੀ ਪੀਤੀ। ਗਰਮਾ-ਗਰਮ ਜਲੇਬੀਆਂ ਖਾਧੀਆਂ। ਸ਼ਾਹਾਂ ਦੇ 'ਨਾਂਹ-ਨਾਂਹ' ਕਰਦਿਆਂ ਵੀ ਕੱਪੜੇ ਦਾ ਮੁੱਲ ਪੁੱਛਿਆ। ਉਹ ਪੈਸੇ ਦੇਣ ਲੱਗੇ ਤਾਂ ਸ਼ਾਹ, ਜਿਹੜੇ ਇਸ ਤੋਂ ਪਹਿਲਾਂ ਕਿਸੇ ਗਰੁੱਪ ਨੂੰ ਇਕ ਲੱਖ ਰੁਪਏ ਦੇ ਚੁੱਕੇ ਸਨ, ਕੰਬਦੇ ਹੱਥਾਂ ਨਾਲ ਪੈਸੇ ਫੜਦੇ ਘਬਰਾ ਰਹੇ ਸਨ।

"ਖਾਲਸਾ ਕਿਸੇ ਦਾ ਹੱਕ ਨਹੀਂ ਰੱਖਦਾ ਨਾਂ ਕਿਸੇ ਨੂੰ ਅੰਨ੍ਹੇਵਾਹ ਮਾਰਦਾ ਹੈ। ਤੁਸੀਂ ਦੁਕਾਨਾਂ ਖੋਲ੍ਹ ਕੇ ਰੱਖਿਆ ਕਰੋ। ਸਾਡੇ ਹੁੰਦਿਆਂ ਤੁਹਾਡੀ 'ਵਾ ਵੱਲ ਨਹੀਂ ਵੇਂਹਦਾ ਕੋਈ। ਐਵੇਂ ਸੀ.ਆਰ.ਪੀ. ਵਾਲਿਆਂ ਨੂੰ ਚਾਹਵਾਂ ਨਾ ਪਿਆਉਂਦੇ ਰਿਹਾ ਕਰੋ।

ਬਾਹਰ ਖੜ੍ਹੇ 'ਤੇ ਆ ਕੇ ਉਹਨਾਂ ਨੇ ਮਨੋਹਰ ਨੂੰ ਦੁੱਧ-ਪੱਤੀ ਅਤੇ ਜਲੇਬੀਆਂ ਦੇ ਪੈਸੇ ਪੁੱਛੇ । ਮਨੋਹਰ ਦੇ ਬੋਲਣ ਤੋਂ ਪਹਿਲਾਂ ਹੀ ਵੱਡਾ ਸ਼ਾਹ ਬੋਲ ਪਿਆ, "ਕੋਈ ਨਹੀਂ ਜੀ, ਪੈਸੇ ਅਸੀਂ ਦੇ ਦਿਆਂਗੇ।"

"ਨਾ ਜੀ ਨਾ....ਏਨੀਆਂ ਮਿੱਠੀਆਂ ਜਲੇਬੀਆਂ ਦਾ ਤਾਂ ਮੁੱਲ ਈ ਕੋਈ ਨਹੀਂ।" ਤੇ ਉਹ ਮਨੋਹਰ ਦੇ "ਰਹਿਣ ਦਿਉ, ਜਥੇਦਾਰੋ...ਰਹਿਣ ਦਿਉ..." ਕਹਿੰਦਿਆਂ-ਕਹਿੰਦਿਆਂ ਪੰਜਾਹ ਦਾ ਨੋਟ ਸੁੱਟ ਕੇ ਕੱਪੜੇ ਅਤੇ ਹਥਿਆਰ ਸੰਭਾਲਦੇ ਹੋਏ ਸਾਹਮਣੀ ਭੀੜੀ ਗਲੀ ਵਿੱਚੋਂ ਛੂ-ਮੰਤਰ ਹੋ ਗਏ।

ਉਸ ਤੋਂ ਪਿੱਛੋਂ ਸਭ ਦੁਕਾਨਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਸਨ । ਸਭ ਦੇ ਚਿਹਰਿਆਂ ਉੱਤੇ ਜ਼ਿੰਦਗੀ ਦਾ ਖੇੜਾ ਪਰਤ ਆਇਆ ਸੀ। ਬਸ ਕੁਝ ਮਹੀਨਿਆਂ ਤੱਕ ਤੱਸਲੀ ਤੇ ਸਾਂਤੀ ਦੀ 'ਵਾ ਰਮਕੀ ਸੀ। ਉਹਨਾਂ ਇਕ ਦੋ ਵਾਰ ਫੇਰ ਆ ਕੇ ਢਾਰਸ ਬੰਨ੍ਹਾਈ ਸੀ।

ਤੇ ਹੁਣ ਪਤਾ ਨਹੀਂ ਕੌਣ ਸਨ! ਦਨਦਨਾਉਂਦੇ ਆਏ ਸਨ 'ਤੇ ਕਾਰਾ ਕਰਕੇ ਔਹ ਗਏ ਸਨ। ਕਿਸੇ ਨੂੰ ਯਕੀਨ ਹੀ ਨਹੀਂ ਸੀ ਆਉਂਦਾ। ਉਹ ਤਾਂ ਇੰਝ ਨਹੀਂ ਸਨ ਕਰ ਸਕਦੇ। ਤੇ ਫਿਰ ਕੌਣ ਸਨ ਜਿਨ੍ਹਾਂ ਏਹ ਕੁਝ ਕੀਤਾ ਸੀ?

ਇਸ ਸੁਆਲ ਦਾ ਜੁਆਬ ਤਾਂ ਕਿਸੇ ਕੋਲ ਵੀ ਨਹੀਂ ਸੀ। ਬਹੁਤੀਆਂ ਗੱਲਾਂ ਮਨੋਹਰ ਅਤੇ ਉਸ ਦੇ ਪਿਉ ਦੀਆਂ ਹੋ ਰਹੀਆਂ ਸਨ। ਪਰ ਗੋਲੀਆਂ ਚਲਾਉਣ ਵਾਲਿਆਂ ਬਾਰੇ ਪਤਾ ਨਹੀਂ ਕਿਉਂ ਸਾਰੇ ਚੁੱਪ ਸਨ।

ਅਚਨਚੇਤ ਮੇਰੀ ਸਭ ਤੋਂ ਛੋਟੀ ਬੱਚੀ ਨੂੰ ਪਤਾ ਨਹੀਂ ਕੀ ਸੁੱਝਿਆ, ਉਹ ਮੇਰੀ ਮਾਂ ਵੱਲ ਮੂੰਹ ਕਰ ਕੇ ਪੁੱਛਣ ਲੱਗੀ, "ਮਾਂ ਜੀ! ਭਲਾ ਰਾਤੀਂ ਗੋਲੀ ਚਲਾਉਣ ਵਾਲਿਆਂ ਵਿਚ ਬਲਬੀਰ ਸੂੰਹ ਹੈਗਾ ਸੀ?"

ਦੂਜੇ ਬੱਚੇ ਖਿੜ-ਖਿੜਾਕੇ ਹੱਸ ਪਏ । ਉਸ ਕੇਡਾ ਬੱਚਿਆਂ ਵਾਲਾ ਸਵਾਲ ਕਰ ਦਿੱਤਾ ਸੀ। ਬੱਚਿਆਂ ਵਾਲਾ ਹੀ ਤਾਂ ਸੀ। 'ਸਿਆਣੇ' ਤਾਂ ਅੱਜ-ਕੱਲ੍ਹ ਇਸੇ ਤਰ੍ਹਾਂ ਦਾ ਸੁਆਲ ਨਹੀਂ ਸਨ ਕਰਦੇ।

---

ਕਾਇਮ ਸਦਾ ਨਹੀਂ ਰਹਿਣੀਆਂ, ਹੱਦਾਂ ਇਹ ਆਰਜ਼ੀ!
ਸਤਲੁਜ ਨੂੰ ਮਿਲ ਕੇ ਰਹਿਣਗੇ, ਪਾਣੀ ਝਨਾਬ ਦੇ।

ਗੁਰਦੇਵ ਸਿੰਘ ਮਾਨ

# ਸੱਥ ਦਾ ਸਫ਼ਰ

ਈਸਵੀ 1991 ਦੇ ਵਿਸਾਖ ਤੋਂ, 1998 ਦੀ ਲੋਹੜੀ ਤਾਈਂ ਅੱਠਾਂ ਵਰ੍ਹਿਆਂ ਦੇ ਸਮੇਂ ਵਿਚ ਪੰਜਾਬੀ ਸੱਥ ਵੱਲੋਂ ਮਾਂ-ਬੋਲੀ ਤੇ ਮਾਂ-ਧਰਤੀ ਦੇ ਜਿਨ੍ਹਾਂ ਖ਼ਿਦਮਤਗਾਰਾਂ ਨੂੰ ਮਾਣ ਦਿੱਤਾ ਗਿਆ ਏ, ਉਹਨਾਂ ਵਿਚ ਸ਼ਾਮਲ ਨੇ:-

**ਭਾਈ ਗੁਰਦਾਸ ਪੁਰਸਕਾਰ (ਗੁਰਮਤਿ)**

1. ਪ੍ਰੋ: ਹਰਿੰਦਰ ਸਿੰਘ ਮਹਿਬੂਬ, ਗੜ੍ਹਦੀਵਾਲਾ (1991)
2. ਪ੍ਰੋ: ਕਿਸ਼ਨ ਸਿੰਘ, ਦਿੱਲੀ (1992)
3. ਸ. ਜਗਜੀਤ ਸਿੰਘ, ਚੰਡੀਗੜ੍ਹ (1993)
4. ਸ. ਸੋਹਣ ਸਿੰਘ ਸੀਤਲ, ਲੁਧਿਆਣਾ (1994)
5. ਪ੍ਰੋ: ਪ੍ਰੀਤਮ ਸਿੰਘ, ਪਟਿਆਲਾ (1995)
6. ਪਿੰਗਲਵਾੜਾ ਸੁਸਾਇਟੀ ਅੰਮ੍ਰਿਤਸਰ, ਬਾਨੀ ਭਗਤ ਪੂਰਨ ਸਿੰਘ ਜੀ (1996)
7. ਪ੍ਰੋ: ਪਿਆਰਾ ਸਿੰਘ ਪਦਮ, ਪਟਿਆਲਾ (1997)
8. ਪ੍ਰੋ: ਕਿਰਪਾਲ ਸਿੰਘ, ਚੰਡੀਗੜ੍ਹ (1998)

**ਸੱਯਦ ਵਾਰਿਸ ਸ਼ਾਹ ਪੁਰਸਕਾਰ (ਸਾਹਿਤ)**

1. ਸ.ਜਸਵੰਤ ਸਿੰਘ ਕੰਵਲ, ਢੁੱਡੀਕੇ-ਮੋਗਾ (1992)
2. ਪ੍ਰਿੰਸੀਪਲ ਸੁਜਾਨ ਸਿੰਘ, ਗੁਰਦਾਸਪੁਰ (1993)
3. ਬੀਬੀ ਅਜੀਤ ਕੌਰ, ਦਿੱਲੀ (1994)
4. ਸ.ਗੁਰਬਚਨ ਸਿੰਘ ਭੁੱਲਰ, ਦਿੱਲੀ (1995)
5. ਸ.ਸਰਵਣ ਸਿੰਘ, ਢੁੱਡੀਕੇ (1996)
6. ਡਾ.ਵਰਿਆਮ ਸਿੰਘ ਸੰਧੂ, ਸੁਰਸਿੰਘ-ਅੰਮ੍ਰਿਤਸਰ (1997)
7. ਸ੍ਰੀ ਰਾਮ ਸਰੂਪ ਅਣਖੀ, ਬਰਨਾਲਾ (1998)

**ਬਾਬਾ ਫ਼ਰੀਦ ਪੁਰਸਕਾਰ (ਲਹਿੰਦੇ 'ਚ ਮਾਂ-ਬੋਲੀ ਦੀ ਖ਼ਿਦਮਤ)**

1. ਜਨਾਬ ਇਲਿਆਸ ਘੁੰਮਣ, ਲਾਹੌਰ (1993)
2. ਮਹੀਨੇਵਾਰ ਲਹਿਰਾਂ, ਲਾਹੌਰ, ਸੰਪਾਦਕ ਸੱਯਦ ਅਖ਼ਤਰ ਹੁਸੈਨ ਅਖ਼ਤਰ (1994)
3. ਜਨਾਬ ਫ਼ਖ਼ਰ ਜ਼ਮਾਨ, ਇਸਲਾਮਾਬਾਦ (1995)
4. ਮਸੂਦ ਖੱਦਰ ਪੋਸ਼ ਟਰੱਸਟ, ਲਾਹੌਰ (1996)
5. ਡਾ.ਮਨਜ਼ੂਰ ਏਜਾਜ (ਸਾਹੀਵਾਲ) ਵਾਸ਼ਿੰਗਟਨ ਡੀ.ਸੀ., ਅਮਰੀਕਾ (1997)
6. ਜਨਾਬ ਅਫ਼ਜ਼ਲ ਅਹਿਸਨ ਰੰਧਾਵਾ, ਫੈਸਲਾਬਾਦ-ਲਾਇਲਪੁਰ (1998)

**ਗਿਆਨੀ ਹੀਰਾ ਸਿੰਘ ਦਰਦ ਪੁਰਸਕਾਰ (ਪੱਤਰਕਾਰੀ)**

1. ਸ.ਬਰਜਿੰਦਰ ਸਿੰਘ ਹਮਦਰਦ, ਰੋਜ਼ਾਨਾ ਅਜੀਤ, ਜਲੰਧਰ (1991)
2. ਸ. ਹਰਭਜਨ ਸਿੰਘ ਹਲਵਾਰਵੀ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ (1992)
3. ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ, ਜਲੰਧਰ (1993)
4. ਸ. ਸਤਨਾਮ ਸਿੰਘ ਮਾਣਕ, ਜਲੰਧਰ (1994)
5. ਮਹੀਨੇਵਾਰ ਪ੍ਰੀਤਲੜੀ, ਪ੍ਰੀਤ ਨਗਰ-ਅੰਮ੍ਰਿਤਸਰ, ਸੰਪਾਦਕ-ਪੂਨਮ ਰਤੀਕੰਤ ਸਿੰਘ (1995)
6. ਸ੍ਰੀ ਬਲਜੀਤ ਬੱਲੀ, ਚੰਡੀਗੜ੍ਹ (1996)
7. ਸ.ਤਾਰਾ ਸਿੰਘ ਹੇਅਰ, ਸੰਪਾਦਕ, ਇੰਡੋ-ਕਨੇਡੀਅਨ ਟਾਈਮਜ਼ ਵੈਨਕੂਵਰ-ਕੈਨੇਡਾ (1997)
8. ਸ. ਰਾਜਿੰਦਰ ਸਿੰਘ ਪੁਰੇਵਾਲ, ਪੰਜਾਬ ਟਾਈਮਜ਼ ਇੰਟਰਨੈਸ਼ਨਲ, ਡਰਬੀ-ਇੰਗਲੈਂਡ (1998)

**ਡਾ. ਹਰਗੋਬਿੰਦ ਖੁਰਾਣਾ ਪੁਰਸਕਾਰ (ਗਿਆਨ-ਵਿਗਿਆਨ)**

1. ਡਾ.ਜਸਵੰਤ ਗਿੱਲ, ਢੁੱਡੀਕੇ-ਮੋਗਾ (1993)
2. ਡਾ.ਹਰਦੇਵ ਸਿੰਘ ਵਿਰਕ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ (1994)
3. ਪ੍ਰਿੰਸੀਪਲ ਡਾ.ਵਿਦਵਾਨ ਸਿੰਘ ਸੋਨੀ, ਸਰਕਾਰੀ ਕਾਲਜ ਰੋਪੜ (1995)
4. ਤਰਕਸ਼ੀਲ ਸੁਸਾਇਟੀ ਪੰਜਾਬ, ਬਰਨਾਲਾ ਸੰਗਰੂਰ (1996)
5. ਡਾ. ਹਰਚੰਦ ਸਿੰਘ ਸਰਹਿੰਦੀ, ਸਰਹਿੰਦ ਫ਼ਤਿਹਗੜ੍ਹ ਸਾਹਿਬ (1997)

**ਡਾ.ਮਹਿੰਦਰ ਸਿੰਘ ਰੰਧਾਵਾ ਪੁਰਸਕਾਰ (ਸਭਿਆਚਾਰ)**

1. ਸ. ਅਮਰਜੀਤ ਸਿੰਘ ਗਰੇਵਾਲ, ਲੁਧਿਆਣਾ (1992)
2. ਸ੍ਰੀ. ਦਵਿੰਦਰ ਸਤਿਆਰਥੀ, ਦਿੱਲੀ (1993)
3. ਸ੍ਰੀ ਪੂਰਨ ਚੰਦ-ਪਿਆਰੇ ਲਾਲ, ਗੁਰੂ ਕੀ ਵਡਾਲੀ, ਅੰਮ੍ਰਿਤਸਰ (1994)
4. ਸ. ਜਰਨੈਲ ਸਿੰਘ ਆਰਟਿਸਟ, ਚੰਡੀਗੜ੍ਹ (1995)
5. ਬੀਬੀ ਲਾਚੀ ਬਾਵਾ-ਗਲੋਰੀ ਬਾਵਾ, ਅੰਮ੍ਰਿਤਸਰ (1996)
6. ਬੀਬੀ ਸੁਰਿੰਦਰ ਕੌਰ, ਦਿੱਲੀ (1997)
7. ਸ੍ਰੀ ਨੇਕ ਚੰਦ ਸੈਣੀ, ਰਾਕ ਗਾਰਡਨ-ਚੰਡੀਗੜ੍ਹ (1998)

**ਪ੍ਰਿੰਸੀਪਲ ਤਰਲੋਚਨ ਸਿੰਘ ਭਾਟੀਆ ਪੁਰਸਕਾਰ (ਬਾਲ-ਸਾਹਿਤ)**

1. ਸ.ਹਿਰਦੇਪਾਲ ਸਿੰਘ, ਸੰਪਾਦਕ

ਬਾਲ-ਸੰਦੇਸ਼, ਪ੍ਰੀਤਨਗਰ-ਅੰਮ੍ਰਿਤਸਰ (1992)
2. ਸ. ਕਮਲਜੀਤ ਸਿੰਘ ਨੀਲੋਂ, ਲੁਧਿਆਣਾ (1994)
3. ਸ੍ਰੀ ਸੁਖਦੇਵ ਮਾਦਪੁਰੀ, ਖੰਨਾ (1995)
4. ਸ੍ਰੀ ਹਰੀਸ਼ ਮਲਹੋਤਰਾ, ਬਰਮਿੰਘਮ, ਇੰਗਲੈਂਡ (1996)
5. ਸ. ਦਰਸ਼ਨ ਸਿੰਘ ਆਸ਼ਟ, ਪੰਜਾਬੀ ਯੂਨੀਵਰਸਿਟੀ ਪਟਿਆਲਾ (1997)
6. ਸ. ਮਨਮੋਹਨ ਸਿੰਘ ਦਾਊਂ, ਖਰੜ-ਰੋਪੜ (1998)

**ਸ. ਸੋਭਾ ਸਿੰਘ ਪੁਰਸਕਾਰ (ਕਲਾ)**
ਸ. ਤਾਰਾ ਸਿੰਘ ਆਰਟਿਸਟ , ਰਾਏ ਕੋਟ ਲੁਧਿਆਣਾ (1996)

**ਗਾਮਾ ਭਲਵਾਨ ਪੁਰਸਕਾਰ (ਖੇਡਾਂ)**
ਸ. ਕਰਤਾਰ ਸਿੰਘ ਪਹਿਲਵਾਨ, ਸੁਰਸਿੰਘ-ਅੰਮ੍ਰਿਤਸਰ (1996)

**ਬਾਵਾ ਬੁੱਧ ਸਿੰਘ ਪੁਰਸਕਾਰ (ਖੋਜ)**
ਸ੍ਰੀ ਈਗੋਰ. ਡੀ. ਸੈਰਬੇਰੀਆਕੋਵ, ਮਾਸਕੋ-ਰੂਸ (1998)

**ਬਾਬੂ ਰਜਬ ਅਲੀ ਪੁਰਸਕਾਰ (ਕਵੀਸ਼ਰੀ)**
ਸ.ਕਰਨੈਲ ਸਿੰਘ ਪਾਰਸ, ਰਾਮੂੰਵਾਲੀਆ ਟੋਰਾਂਟੋ-ਕੈਨੇਡਾ (1998)

ਇਨ੍ਹਾਂ ਵਰ੍ਹੇਵਾਰ ਸੱਥਾਂ 'ਚ ਜਿਨ੍ਹਾਂ ਹਸਤੀਆਂ ਰਾਹੀਂ ਸਨਮਾਨ ਭੇਟ ਕੀਤੇ ਗਏ:-

**ਪਲੇਠਾ ਸਨਮਾਨ ਸਮਾਰੋਹ:-**
5 ਮਈ 1991
ਦੇਸ ਭਗਤ ਯਾਦਗਾਰ ਹਾਲ ਜਲੰਧਰ।
*ਸ. ਜਸਵੰਤ ਸਿੰਘ ਕੰਵਲ, ਢੁੱਡੀਕੇ*
*ਸ. ਸਰਦਾਰਾ ਸਿੰਘ ਜੌਹਲ,*

**ਦੂਜਾ ਵਾਰਸ਼ਿਕ ਇਕੱਠ:-**
14-4-1992, ਖਾਲਸਾ ਸਕੂਲ ਲਾਂਬੜਾ
*ਬਾਬਾ ਬੋਹੜ, ਪ੍ਰਿੰਸੀਪਲ ਸੰਤ ਸਿੰਘ ਸੇਖੋਂ,* ਦਾਖਾ-ਲੁਧਿਆਣਾ।
*ਡਾ.ਅਵਤਾਰ ਸਿੰਘ ਢੇਸੀ,* ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।

**ਤੀਜਾ ਸਨਮਾਨ ਸਮਾਗਮ :-**
19-4-1993 ਖਾਲਸਾ ਸਕੂਲ ਲਾਂਬੜਾ,
*ਬਾਬਾ ਭਗਤ ਸਿੰਘ ਬਿਲਗਾ।*

**ਚੌਥੀ ਸਾਲਾਨਾ ਸੱਥ:-**
3-4-1994 ਖਾਲਸਾ ਸਕੂਲ ਲਾਂਬੜਾ,
*ਗਿਆਨੀ ਲਾਲ ਸਿੰਘ ਪਟਿਆਲਾ।*

**ਪੰਜਵੀਂ ਪਰ੍ਹਿਆ:-**
29-1-1995 ਖਾਲਸਾ ਸਕੂਲ ਲਾਂਬੜਾ,
*ਪ੍ਰੋ: ਗੁਰਦਿਆਲ ਸਿੰਘ, ਜੈਤੋ-ਫਰੀਦਕੋਟ।*

**ਸੱਥ ਦਾ ਛੇਵਾਂ ਜੋੜ ਮੇਲਾ:-**
3-2-1996 ਖਾਲਸਾ ਸਕੂਲ ਲਾਂਬੜਾ,
*ਪ੍ਰੋ: ਪਿਆਰਾ ਸਿੰਘ ਪਦਮ ਪਟਿਆਲਾ*

**ਸੱਤਵੀਂ ਵਰ੍ਹੇਵਾਰ ਪਰ੍ਹਿਆ:-**
11-1-1997 ਖਾਲਸਾ ਸਕੂਲ ਲਾਂਬੜਾ,
*ਡਾ. ਕਰਨੈਲ ਸਿੰਘ ਥਿੰਦ, ਮੁਹਾਲੀ-ਚੰਡੀਗੜ੍ਹ।*

**ਅੱਠਵੀਂ ਵਰ੍ਹੇਵਾਰ ਸੱਥ:**
14-2-1998 ਖਾਲਸਾ ਸਕੂਲ ਲਾਂਬੜਾ,
ਸ.ਗੁਰਬਚਨ ਸਿੰਘ ਭੁੱਲਰ,
ਸੰਪਾਦਕ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ

## ਦੇਸ-ਦੇਸਾਂਤਰਾਂ ਦੀਆਂ ਸੱਥਾਂ:-

(ੳ) 16 ਅਗਸਤ, 1992 ਨੂੰ ਦਿੱਲੀ ਯੂਨੀਵਰਸਿਟੀ ਵਿਖੇ ਪ੍ਰੋ: ਸਤਿੰਦਰ ਨੂਰ ਹੋਰਾਂ ਸੱਥ ਜੋੜ, ਬਜ਼ੁਰਗਵਾਰ ਪ੍ਰੋ:ਕਿਸ਼ਨ ਸਿੰਘ ਨੂੰ ਸੱਥ ਦਾ ਸਨਮਾਨ ਪ੍ਰਦਾਨ ਕੀਤਾ।

(ਅ) 22 ਮਈ, 1993 ਸ਼ੀਜਾਨ ਹੋਟਲ, ਦੀ ਮਾਲ ਲਾਹੌਰ ਵਿਖੇ ਜਨਾਬ ਫ਼ਖਰ ਜ਼ਮਾਨ ਹੋਰਾਂ ਦੀ ਸਦਾਰਤ ਹੇਠ ਇਲਿਆਸ ਘੁੰਮਣ ਨੂੰ ਸ. ਹਰਦੇਵ ਸਿੰਘ ਵੜੈਚ, ਕੈਨੇਡਾ ਰਾਹੀਂ ਸੱਥ ਦਾ ਸਨਮਾਨ ਪੇਸ਼ ਕੀਤਾ ਗਿਆ। '47 ਦੀ ਪੰਜਾਬ ਵੰਡ ਤੋਂ ਬਾਅਦ ਲਾਹੌਰ ਪੁੱਜਣ ਵਾਲਾ ਆਪਣੀ ਕਿਸਮ ਦਾ ਇਹ ਪਹਿਲਾ ਸਨਮਾਨ ਸੀ।

(ੲ) 14 ਅਕਤੂਬਰ, 1994 ਸੱਯਦ ਅਖ਼ਤਰ ਹੁਸੈਨ ਅਖ਼ਤਰ, ਸੰਪਾਦਕ ਮਹੀਨੇਵਾਰ 'ਲਹਿਰਾਂ' ਲਾਹੌਰ ਨੂੰ ਸੱਥ ਵੱਲੋਂ ਜਨਾਬ ਹਨੀਫ਼ ਰਾਮੇ ਹੋਰਾਂ ਇਨਾਮ ਪੇਸ਼ ਕੀਤਾ।

(ਸ) 30 ਜੂਨ 1996 'ਪੰਜਾਬੀ ਸਭਿਆਚਾਰਕ ਸੈਂਟਰ' ਲੇਅ ਸਟਰੀਟ ਇਲਫੋਰਡ ਲੰਡਨ ਵਿਖੇ 'ਸਿੱਖ ਸੱਟਡੀ ਫੋਰਮ ਲੰਡਨ ਈਸਟ' ਵੱਲੋਂ ਸੱਥ ਜੋੜੀ ਗਈ। ਏਸ ਮੌਕੇ ਤੇ ਸ੍ਰੀ ਹਰੀਸ਼ ਮਲਹੋਤਰਾ ਬਰਮਿੰਘਮ ਨੂੰ ਸੱਥ ਦਾ ਪੁਰਸਕਾਰ ਸ.ਰਾਮ ਸਿੰਘ ਢੇਸੀ ਤੇ ਸ.ਬਲਦੇਵ ਸਿੰਘ ਸਾਬਰ ਹੋਰਾਂ ਪੇਸ਼ ਕੀਤਾ। ਇਸ ਸੱਥ ਵਿਚ ਡਾ. ਨਿਰਮਲ ਸਿੰਘ ਵੱਲੋਂ 'ਮਾਂ-ਬੋਲੀ ਦਾ ਕੱਲ੍ਹ, ਅੱਜ ਤੇ ਭਲਕ' ਨਾਮੀ ਪਰਚਾ ਵੀ ਪੜ੍ਹਿਆ ਗਿਆ।

(ਹ) 20 ਨਵੰਬਰ 1996, ਲਾਹੌਰ ਵਿਚ ਪੰਜਾਬੀ ਸੱਥ ਦੀ ਤੀਜੀ ਪਰ੍ਹਿਆ ਜਨਾਬ ਇਲਿਆਸ ਘੁੰਮਣ ਤੇ ਇਕਬਾਲ ਕੈਸਰ ਹੋਰਾਂ ਦੀ ਹਿੰਮਤ ਨਾਲ ਇਕ ਪੰਜ ਤਾਰਾ ਹੋਟਲ ਦੇ ਕਾਨਫਰੰਸ ਹਾਲ ਵਿਚ ਜੁੜੀ। ਏਸ ਮੌਕੇ ਸ.ਜਸਵੰਤ ਸਿੰਘ ਕੰਵਲ ਅਤੇ ਪੱਤਰਕਾਰ ਹਰਬੀਰ ਸਿੰਘ ਭੰਵਰ ਹੋਰਾਂ ਮਸੂਦ ਖੱਦਰ ਪੋਸ਼ ਟਰੱਸਟ ਦਾ ਪੁਰਸਕਾਰ ਉਨ੍ਹਾਂ ਦੀ ਧੀ ਬੀਬੀ ਸ਼ੀਰੀਂ ਮਸੂਦ ਨੂੰ ਅਤੇ ਫ਼ਖਰ ਜ਼ਮਾਨ ਹੋਰਾਂ ਦਾ ਜਨਾਬ ਇਲਿਆਸ ਘੁੰਮਣ ਨੂੰ ਪੇਸ਼ ਕੀਤੇ।

(ਕ) 24 ਅਗਸਤ 1997 ਨੂੰ ਇੰਡੋ-ਕਨੇਡੀਅਨ ਟਾਈਮਜ਼ ਦੇ ਦਫ਼ਤਰ ਵਿਚ ਸਾਹਿਤ ਸਭਾ ਵੈਨਕੂਵਰ ਦੇ ਸਹਿਯੋਗ ਨਾਲ ਸੱਥ ਜੋੜੀ ਗਈ। ਏਸ ਵੇਲੇ ਸ.ਤਾਰਾ ਸਿੰਘ ਹੇਅਰ ਨੂੰ ਡਾ.ਸਵਰਾਜ ਸਿੰਘ ਐਲਨਜ਼ਬਰਗ, ਅਮਰੀਕਾ ਤੇ ਸ.ਅਜੀਤ ਸਿੰਘ ਅਠਵਾਲ ਸਰੀ, ਕੈਨੇਡਾ ਰਾਹੀਂ ਸੱਥ ਦਾ ਪੁਰਸਕਾਰ ਪੇਸ਼ ਕੀਤ,ਾ ਗਿਆ।

## ਹੋਰ ਸਰਗਰਮੀਆਂ:-

ਇਨ੍ਹਾਂ ਤੋਂ ਇਲਾਵਾ ਪੰਜਾਬੀ ਸੱਥ ਸਿਹਤ, ਕੀੜੇਮਾਰ ਦਵਾਈਆਂ, ਵਾਤਾਵਰਣ, ਆਰਥਿਕਤਾ ਤੇ ਪੰਜਾਬੀ ਸਮਾਜ ਨਾਲ ਸਬੰਧਤ ਹੋਰ ਵਿਸ਼ਿਆਂ 'ਤੇ ਵੀ ਕੁਝ ਆਪਣੇ ਤੌਰ ਅਤੇ ਕੁਝ ਦੂਜੀਆਂ

ਜਥੇਬੰਦੀਆਂ ਨਾਲ ਰਲ ਉਪਰਾਲੇ ਕਰਦੀ ਰਹੀ ਹੈ। ਵਿਚਾਰ ਚਰਚਾ ਜਾਂ ਸੈਮੀਨਾਰਾਂ ਰਾਹੀਂ ਆਮ ਲੋਕਾਂ ਤੀਕਰ ਅੱਪੜਨ ਲਈ ਯਤਨਸ਼ੀਲ ਰਹੀ ਹੈ।

**ਸਿਹਤ ਤੇ ਇਲਾਜ ਪ੍ਰਣਾਲੀਆਂ:-** 31-1-1993 ਨੂੰ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਇੰਸਟੀਚਿਊਟ ਆਫ਼ ਇਲੈਕਰੋਪੈਥੀ ਨਾਲ ਰਲ ਕੇ ਐਲੋਪੈਥੀ, ਆਯੁਰਵੇਦ, ਇਲੈਕਟਰੋਪੈਥੀ, ਆਕੂਪੰਕਚਰ ਤੇ ਹੋਮੀਓਪੈਥੀ ਸਬੰਧੀ ਵਿਚਾਰ ਚਰਚਾ ਕਰਵਾਈ ਗਈ।

**ਸਿਹਤ ਤੇ ਸਮਾਜ:-** ਗੁਰੂ ਨਾਨਕ ਦੇਵ ਜ਼ਿਲ੍ਹਾ ਲਾਇਬ੍ਰੇਰੀ ਜਲੰਧਰ ਵਿਚ ਵਾਲੰਟਰੀ ਹੈਲਥ ਐਸੋਸ਼ੀਏਸ਼ਨ ਨਾਲ ਮਿਲ ਕੇ 4-4-93 ਨੂੰ ਵਿੱਦਿਆ, ਹਿੰਸਾ, ਸਿਹਤ ਸੇਵਾਵਾਂ, ਨਸ਼ੇ ਤੇ ਕੀੜੇਮਾਰ ਦਵਾਈਆਂ ਤੇ ਚਰਚਾ ਕੀਤੀ ਗਈ।

**ਰੁਚੀ ਰਾਮ ਸਾਹਨੀ ਸਨਮਾਨ ਸਮਾਗਮ:-** ਪੰਜਾਬ ਦੇ ਮਹਾਨ ਵਿਗਿਆਨੀ ਰੁਚੀ ਰਾਮ ਸਾਹਨੀ ਹੋਰਾਂ ਦੇ ਇਸ ਸਮਾਗਮ ਵਿਚ ਪੰਜਾਬੀ ਸੱਥ ਨੇ ਸ਼ਿਰਕਤ ਕੀਤੀ। ਇਹ ਇਕੱਠ ਰੁਚੀਰਾਮ ਸਾਹਨੀ ਮੈਮੋਰੀਅਲ ਟਰੱਸਟ ਵੱਲੋਂ 21-8-1993 ਨੂੰ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਹੋਇਆ।

**ਵਾਤਾਵਰਣ ਦੀ ਸਾਂਭ-ਸੰਭਾਲ:-** ਸੱਥ ਦੇ ਵਿਛੜੇ ਸਾਥੀ ਸ. ਤਰਲੋਚਨ ਸਿੰਘ ਭਾਟੀਆ ਹੋਰਾਂ ਦੀ ਯਾਦ ਵਿਚ 22-10-1993 ਨੂੰ ਦੇਸ ਭਗਤ ਯਾਦਗਾਰ ਹਾਲ ਵਿਚ ਪੰਜਾਬੀ ਲੇਖਕ ਸਭਾ, ਜਲੰਧਰ ਦੇ ਸਹਿਯੋਗ ਨਾਲ ਸਾਂਝਾ ਸਮਾਗਮ ਕੀਤਾ ਗਿਆ। ਭਾਟੀਆ ਹੋਰਾਂ ਦੇ ਏਸ ਸਬੰਧ ਵਿਚ ਪਾਏ ਯੋਗਦਾਨ ਦਾ ਵਿਸ਼ਾ ਮੁੱਖ ਤੌਰ 'ਤੇ ਵਿਚਾਰਿਆ ਗਿਆ।

**ਵਾਤਾਵਰਣ ਤੇ ਸਿਹਤ:-** ਵਾਲੰਟਰੀ ਹੈਲਥ ਐਸੋਸੀਏਸ਼ਨ ਅਤੇ ਪੰਜਾਬ ਇੰਸਟੀਚਿਊਟ ਆਫ਼ ਇਲੈਕਰੋਪੈਥੀ ਜਲੰਧਰ ਨਾਲ ਰਲ ਕੇ ਏਸ ਭੱਖਦੇ ਵਿਸ਼ੇ ਨੂੰ ਸਾਰਿਆਂ ਪੱਖਾਂ ਤੋਂ ਵਿਚਾਰਿਆ ਗਿਆ। ਇਹ ਇਕੱਠ 25-12-1994 ਨੂੰ ਗੁਰੂ ਨਾਨਕ ਜ਼ਿਲ੍ਹਾ ਲਾਇਬਰੇਰੀ ਜਲੰਧਰ ਵਿਚ ਹੋਇਆ।

**ਸਵਾਲਨਾਮਾ ਦੇਸੀ:-** 1000 ਕਲਮਕਾਰਾਂ ਨੂੰ ਮਾਂ-ਬੋਲੀ ਦੀ ਨਿੱਜੀ ਪੱਧਰ 'ਤੇ ਵਰਤੋਂ ਲਈ ਇਕ ਸਵਾਲਨਾਮਾ ਭੇਜਿਆ ਗਿਆ।

**ਸਵਾਲਨਾਮਾ ਵਲੈਤੀ:-** ਸੱਤ ਸਮੁੰਦਰੋਂ ਪਾਰ ਵਲੈਤਾਂ ਵਿਚ ਜਾ ਵਸੇ ਪੰਜਾਬੀਆਂ ਨੂੰ ਵੱਖਰਾ ਸਵਾਲਨਾਮਾ ਭੇਜਿਆ ਗਿਆ,ਜਿਸ ਵਿਚ ਪ੍ਰਮੁੱਖ ਤੌਰ ਤੇ ਮਾਂ-ਬੋਲੀ, ਸਭਿਆਚਾਰ ਤੇ ਆਰਥਿਕਤਾ ਸਬੰਧੀ ਪੁੱਛਿਆ ਗਿਆ ਸੀ। ਇਹ ਪੱਤਰ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਿਚ ਪਹੁੰਚਾਇਆ ਗਿਆ।

**ਪੰਜਾਬੀ ਸੱਥ ਦਾ ਸਨਮਾਨ:-** ਉੱਤਰੀ ਅਮਰੀਕਾ ਦੇ ਸਿਰਮੌਰ ਅਖ਼ਬਾਰ ਇੰਡੋ-ਕੈਨੇਡੀਅਨ ਟਾਈਮਜ਼ ਅਤੇ ਪੰਜਾਬੀ ਸਾਹਿਤ ਸਭਾ ਵੈਨਕੂਵਰ ਵੱਲੋਂ 2-10-1994 ਐਤਵਾਰ ਨੂੰ ਇਕ ਭਰਵੇਂ ਇਕੱਠ ਵਿਚ ਪੰਜਾਬੀ ਸੱਥ ਦੇ ਨੁਮਾਇੰਦੇ ਰਾਹੀਂ ਸੱਥ ਦਾ ਸਨਮਾਨ ਕੀਤਾ ਗਿਆ।

**ਏਡਜ਼ ਤੇ ਸਾਡੀ ਸਿਹਤ:-** 23 ਅਕਤੂਬਰ 1994 ਨੂੰ ਕੋਟਲੀ ਥਾਨ ਸਿੰਘ ਜਲੰਧਰ ਵਿਖੇ ਵਾਲੰਟਰੀ ਹੈਲਥ ਐਸ਼ੋਸੀਏਸ਼ਨ ਦੇ ਸਹਿਯੋਗ ਨਾਲ ਏਸ ਨਾਮੁਰਾਦ ਬੀਮਾਰੀ ਵੱਲ ਵਿਸ਼ੇਸ਼ ਤਵੱਜੋਂ ਦੇਣ 'ਤੇ ਜ਼ੋਰ ਦਿੱਤਾ ਗਿਆ।

**ਬਾਲ ਸੇਵਾ:-** ਅਦਬੀ ਝੋਕ ਤੇ ਪੰਜਾਬੀ ਸੱਥ ਵੱਲੋਂ ਪਿੰਡ ਮੁਰੀਦਵਾਲ (ਨਕੋਦਰ) ਵਿਖੇ ਬੱਚਿਆਂ ਨੂੰ ਸਾਹਿਤ, ਸੰਗੀਤ, ਸਿਹਤ ਤੇ ਵਾਤਾਵਰਣ ਸਬੰਧੀ ਜਾਣਕਾਰੀ ਦਾ ਉਪਰਾਲਾ 28-11-1994 ਨੂੰ ਕੀਤਾ ਗਿਆ।

**ਔਰਤਾਂ ਦੀਆਂ ਸਿਹਤ ਸਮੱਸਿਆਵਾਂ:-** 8 ਤੋਂ 10 ਜੂਨ 1996 ਤੀਕਰ ਫਰੀਦਕੋਟ ਵਿਚ ਸੈਮੀਨਾਰ ਕਰਵਾਇਆ ਗਿਆ। ਵਾਲੰਟਰੀ ਹੈਲਥ ਵੱਲੋਂ ਹੋਏ ਇਸ ਮੌਕੇ ਸੱਥ ਵੱਲੋਂ ਬੀਬੀਆਂ ਨੇ ਸ਼ਮੂਲੀਅਤ ਕੀਤੀ।

**ਸਾਫ਼-ਸੁਥਰੀ ਗਾਇਕੀ:-** ਪੰਜਾਬੀ ਗਾਇਕੀ ਵਿਚ ਸਭਿਆਚਾਰਕ ਮੇਲਿਆਂ ਕਾਰਨ ਆਈ ਗਿਰਾਵਟ ਬਾਬਤ ਵਿਚਾਰ ਵਟਾਂਦਰਾ 17-2-1996 ਲਾਂਬੜਾ ਵਿਖੇ ਕਰਵਾਇਆ ਗਿਆ। ਏਸ ਮੌਕੇ ਅਦਬੀ ਝੋਕ ਵੱਲੋਂ ਸੱਥ ਦੇ ਸਹਿਯੋਗ ਸਦਕਾ ਸ੍ਰੀ ਪਾਲੀ ਦੇਤਵਾਲੀਆ ਨੂੰ ਇਨਾਮ ਦਿੱਤਾ ਗਿਆ।

28 ਜਨਵਰੀ 1995 ਨੂੰ ਅਦਬੀ ਝੋਕ ਨਾਲ ਰਲ ਕੇ ਖਾਲਸਾ ਸਕੂਲ ਲਾਂਬੜਾ ਵਿਖੇ ਹੀਰ ਵਾਰਸ ਦੀ ਗਾਇਕੀ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਤੇ ਵਿਲੱਖਣ ਗਲ੍ਹ ਇਹ ਰਹੀ ਕਿ ਸ੍ਰੀ ਸਾਧੂ ਰਾਮ ਨੇ 85 ਸਾਲਾਂ ਦੀ ਵਰ੍ਹਿਆਂ ਦੀ ਓਮਰ ਵਿਚ ਰਵਾਇਤੀ ਹੀਰ ਗਾ ਕੇ ਸਰੋਤਿਆ ਦੀ ਵਾਹ-ਵਾਹ ਖੱਟੀ। 'ਪੰਜਾਬੀ ਸੱਥ' ਦਾ ਆਪਣੇ ਸਭਿਆਚਾਰ ਨੂੰ ਬਰਕਰਾਰ ਰੱਖਣ ਦਾ ਇਹ ਨਿਵੇਕਲਾ ਉਪਰਾਲਾ ਹਰ ਪਾਸਿਓਂ ਸਲਾਹਿਆ ਗਿਆ।

**ਇਲਿਆਸ ਘੁੰਮਣ ਨੂੰ ਜੀ ਆਇਆਂ:-**

7 ਮਈ 1997 ਪਹਿਲੀ ਵਾਰ ਚੜ੍ਹਦੇ ਪੰਜਾਬ ਆਉਣ 'ਤੇ ਖਾਸ ਤੌਰ ਤੇ ਸੱਥ ਵਾਲਿਆਂ ਦਾ ਇਕੱਠ ਹੋਇਆ।

**ਉਰਦੂ ਜਮਾਤਾਂ:-** ਪੰਜਾਬੀ ਲਿਖਣ ਲਈ ਮੁੱਢ ਕਦੀਮ ਤੋਂ ਹੀ ਦੋ ਲਿਪੀਆਂ, ਫਾਰਸੀ ਤੇ ਗੁਰਮੁਖੀ ਵਰਤੀਂਦੀਆਂ ਰਹੀਆਂ ਹਨ। ਲਹਿੰਦੇ ਵੱਲ ਦਾ ਸਮੁੱਚਾ ਅਦਬ ਅੱਜ ਤੋੜੀਂ ਵੀ ਸਿਰਫ ਫਾਰਸੀ ਅੱਖਰਾਂ ਵਿਚ ਈ ਲਿਖਿਆ ਹੋਣ ਕਰ ਕੇ ਚੜ੍ਹਦੇ ਪੰਜਾਬ ਦੇ ਗੁਰਮੁਖੀ ਪੜ੍ਹਿਆ ਲਈ 'ਕਾਲਾ ਇਲਮ' ਬਣ ਚੁੱਕਿਆ ਹੈ। ਏਸ ਔਕੜ ਨੂੰ ਸੁਲਝਾਉਣ ਲਈ ਸੱਥ ਵੱਲੋਂ ਉਰਦੂ ਜਮਾਤ ਜੂਨ 1997 ਤੋਂ ਚਾਲੂ ਕੀਤੀ ਗਈ। ਪੰਜਾਬ ਦੇ ਦੋਵਾਂ ਟੋਟਿਆਂ ਵਿਚ ਸਾਹਿਤਕ ਆਦਾਨ-ਪ੍ਰਦਾਨ ਲਈ ਏਸ ਉੱਦਮ ਦੀ ਹਰ ਪਾਸਿਓਂ ਭਰਵੀਂ ਸ਼ਾਲਾਘਾ ਹੋਈ।

ਏਸ ਕਾਰਗੁਜ਼ਾਰੀ ਦਾ ਸਿਹਰਾ ਉਨ੍ਹਾਂ ਮਿੱਤਰ ਪਿਆਰਿਆਂ ਦੇ ਸਿਰ ਬੱਝਦਾ ਹੈ ਜਿਹੜੇ ਖਿੜੇ ਮੱਥੇ ਸੱਥ ਦੀ ਮਦਦ ਲਈ ਵੇਲੇ ਕੁਵੇਲੇ ਬਹੁੜਦੇ ਰਹੇ । ਅੱਗੋਂ ਲਈ ਵੀ ਸਾਨੂੰ ਉਮੀਦ ਹੈ ਹੀ ਸਗੋਂ ਪੱਕਾ ਯਕੀਨ ਹੈ ਕਿ ਆਪਾਂ ਸਾਰੇ ਰਲ ਕੇ ਆਪਣੀਆਂ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਪੰਜਾਬੀਅਤ ਦਾ ਝੰਡਾ ਬੁਲੰਦ ਹੀ ਰੱਖਾਂਗੇ।

# ਅਤੇ-ਪਤੇ

1. ਅਸਗਰ ਅੰਮ੍ਰਿਤਸਰੀ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ
2. ਅਸਗਰ ਅਲੀ ਜਾਵੇਦ,
ਸ਼ੌਕਤ ਸਟਰੀਟ, ਨਜ਼ਦੀਕ ਬੜਲ ਖੰਭਾ
ਤਾਰਕ ਰੋਡ ਸ਼ੇਖ਼ੂਪੁਰਾ
ਪੰਜਾਬ, ਪਾਕਿਸਤਾਨ।
3. ਅਸ਼ਰਫ਼ ਸੁਹੇਲ
ਪੋਸਟ ਬਾਕਸ ਨੰਬਰ 8059, ਲਾਹੌਰ,
ਪੰਜਾਬ, ਪਾਕਿਸਤਾਨ।
4. ਅਹਿਮਦ ਸਲੀਮ,
ਮਾਰਫ਼ਤ ਨਿਊ ਮਿੱਲੀ ਚੌਪਲ, ਪੁਣਛ ਰੋਡ
ਲਾਹੌਰ, ਪੰਜਾਬ, ਪਾਸਿਕਤਾਨ।
5. ਅਹਿਮਦ ਨਦੀਮ ਕਾਸਮੀ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।
6. ਅਕਬਰ ਲਾਹੌਰੀ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।
7. ਆਗਾ ਅਸ਼ਰਫ਼ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।
8. ਅਨੂਪ ਵਿਰਕ 21,
ਖਾਲਸਾ ਕਾਲਜ ਕਾਲੋਨੀ,
ਪਟਿਆਲਾ ਪੰਜਾਬ, ਭਾਰਤ।
9. ਅਨਵਰ ਅਲੀ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।
10. ਅਫ਼ਜ਼ਲ ਅਹਿਸਨ ਰੰਧਾਵਾ
42, ਲਾਲਾਜ਼ਾਰ ਕਾਲੋਨੀ,
ਜ਼ਰਈ ਯੂਨੀਵਰਸਿਟੀ, ਫੈਸਲਾਬਾਦ,
ਪੰਜਾਬ, ਪਾਕਿਸਤਾਨ।
11. ਅਫ਼ਜ਼ਲ ਤੌਸੀਫ਼
ਜੀ-1/ਜੀ ਓ ਆਰ-III
ਸ਼ਾਦ ਮਾਲ ਲਾਹੌਰ, ਪੰਜਾਬ, ਪਾਕਿਸਤਾਨ।
12. ਅਬਦਲ ਹੱਕ ਅਲਵੀ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ
13. ਅੰਮ੍ਰਿਤਾ ਪ੍ਰੀਤਮ
ਹੌਜ ਖਾਸ, ਨਵੀਂ ਦਿੱਲੀ, ਭਾਰਤ।
14. ਅਲਾਮਾ ਮਜੀਦ ਲਾਹੌਰੀ ਮਾਰਫ਼ਤ
24, ਆਮੀਰ ਰੋਡ, ਬਿਲਾਲ ਗੰਜ
ਲਾਹੌਰ-54000 ਪੰਜਾਬ, ਪਾਕਿਸਤਾਨ
15. ਇਲਿਆਸ ਘੁੰਮਣ,
24, ਆਮੀਰ ਰੋਡ,
ਬਿਲਾਲ ਗੰਜ
ਲਾਹੌਰ-54000
ਪੰਜਾਬ, ਪਾਕਿਸਤਾਨ
ਫ਼ੋਨ:-092-42-7244969
16. ਸੁਖਵੰਤ ਕੌਰ ਮਾਨ
ਕਿਲ੍ਹਾ ਹਰਨਾਮ ਸਿੰਘ ਵਾਲਾ(ਤਲਾਣੀਆਂ)
ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਪ ਜਾਬ, ਭਾਰਤ।
17. ਸੁਜਾਨ ਸਿੰਘ,
ਕਵੱਲਦੀਪ ਕੌਰ ਸਪੁੱਤਰੀ
ਪ੍ਰਿੰਸੀਪਲ ਸੁਜਾਨ ਸਿੰਘ
1031/15ਬੀ ਚੰਡੀਗੜ੍ਹ
ਪੰਜਾਬ, ਭਾਰਤ।
18. ਸੰਤੋਖ ਸਿੰਘ ਧੀਰ
689, ਫੇਜ਼-10, ਮੁਹਾਲੀ
ਜ਼ਿਲ੍ਹਾ ਰੋਪੜ-160061,
ਪੰਜਾਬ, ਭਾਰਤ।
19. ਸ਼ਮਸ਼ ਨਗ਼ਮਾਨ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।
20. ਸਲੀਮ ਖਾਂ ਗਿਮੀ
ਮਕਾਨ ਨੰਬਰ-9, ਗਲੀ ਨੰਬਰ ਸੱਤ
ਕਾਜ਼ੀ ਪਾਰਕ, ਸ਼ਾਹਦਰਾ
ਲਾਹੌਰ-ਪੰਜਾਬ, ਪਾਕਿਸਤਾਨ।
21. ਸਵਰਨ ਕੌਰ ਬੱਲ
ਪਿੰਡ ਤੇ ਡਾਕਘਰ ਬੁਤਾਲਾ
ਬਰਾਸਤਾ ਬਿਆਸ
ਜ਼ਿਲ੍ਹਾ ਅੰਮ੍ਰਿਤਸਰ,
ਪੰਜਾਬ, ਭਾਰਤ।
22. ਹੁਸੈਨ ਸ਼ਾਹਿਦ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।
23. ਹਨੀਫ਼ ਚੌਧਰੀ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।
24. ਹਮੀਦਾ ਨਾਸਰਾ ਨਕਵੀ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।
25. ਕਰਤਾਰ ਸਿੰਘ ਦੁੱਗਲ
ਪੀ-7, ਹੌਜ਼ ਖਾਸ,
ਨਵੀਂ ਦਿੱਲੀ-16
ਭਾਰਤ।

26. ਕਰਨੈਲ ਸਿੰਘ ਥਿੰਦ
2447, ਫੇਜ਼-10, ਮੁਹਾਲੀ,
ਪੰਜਾਬ, ਭਾਰਤ।
ਜ਼ਿਲ੍ਹਾ ਰੋਪੜ ਫ਼ੋਨ:675713, 675741

27. ਖਾਲਦ ਸ਼ੇਖ
ਮਕਾਨ ਨੰਬਰ 335, ਗਲੀ ਨੰਬਰ-2,
ਮਦਨੀ ਕਾਲੋਨੀ ਬਹਾਵਲ ਨਗਰ
ਪੰਜਾਬ-ਪਾਕਿਸਤਾਨ।

28. ਗੁਰਦਿਆਲ ਸਿੰਘ ਜੈਤੋ
6/120, ਜੈਤੋ
ਜ਼ਿਲ੍ਹਾ ਫਰੀਦਕੋਟ
ਪੰਜਾਬ, ਭਾਰਤ।

29. ਗੁਰਦੇਵ ਰੁਪਾਣਾ
ਪਿੰਡ ਤੇ ਡਾਕਘਰ ਰੁਪਾਣਾ
ਜ਼ਿਲ੍ਹਾ-ਮੁਕਤਸਰ
ਪੰਜਾਬ, ਭਾਰਤ।

30. ਗੁਰਬਚਨ ਸਿੰਘ ਭੁੱਲਰ
ਐਨ ਡੀ. 50, ਪ੍ਰੀਤਮ ਪੁਰਾ,
ਵਿਸ਼ਾਖਾ ਇਕਲੇਵ, ਦਿੱਲੀ-110034

31. ਜਸਵੰਤ ਸਿੰਘ ਕੰਵਲ
ਪਿੰਡ ਤੇ ਡਾਕਘਰ ਢੁਡੀਕੇ
ਜ਼ਿਲ੍ਹਾ ਮੋਗਾ,
ਪੰਜਾਬ, ਭਾਰਤ।

32. ਜਸਵੰਤ ਸਿੰਘ ਵਿਰਦੀ
96, ਗੋਲਡਨ ਐਵੀਨਿਊ, ਗੜ੍ਹਾ ਰੋਡ
ਜਲੰਧਰ-144022
ਪੰਜਾਬ, ਭਾਰਤ।
ਫੋਨ:-230910

33. ਜਸਬੀਰ ਦੁਸਾਂਝ
5, ਮਾਡਲ ਟਾਊਨ ਮਾਰਕੀਟ, ਜਲੰਧਰ
ਪੰਜਾਬ, ਭਾਰਤ।

34. ਜਸਬੀਰ ਭੁੱਲਰ
582 ਫੇਜ਼- 3 ਏ ਮੁਹਾਲੀ
ਰੋਪੜ-160059
ਪੰਜਾਬ, ਭਾਰਤ।

35. ਤ੍ਰਿਲੋਕ ਮਨਸੂਰ
160, ਫੈਕਟਰੀ ਏਰੀਆ ਗੋਇੰਦਵਾਲ ਸਾਹਿਬ
ਜ਼ਿਲ੍ਹਾ ਅੰਮ੍ਰਿਤਸਰ-143423
ਪੰਜਾਬ, ਭਾਰਤ।

36. ਦਵਿੰਦਰ ਸਤਿਆਰਥੀ
5-ਸੀ/46 ਨਿਊ ਰੋਹਤਕ ਰੋਡ
ਦਿੱਲੀ-110005, ਭਾਰਤ।

37. ਨਜ਼ੀਰ ਕਹੂਟ
ਐਡੀਟਰ ਮਾਹਨਾਮਾ ਜੀਨੀਅਸ
17/ਸੀ, ਫ਼ਸਟ ਫਲੋਰ,
ਕਮਰਸ਼ੀਅਲ ਏਰੀਆ-ਏ
ਹਾਊਸਿੰਗ ਅਥਾਰਟੀ, ਕਰਾਚੀ
ਸਿੰਧ, ਪਾਕਿਸਤਾਨ।

38. ਨਜ਼ਰ ਫ਼ਾਤਮਾ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।

39. ਨਸੀਰ ਅਹਿਮਦ ਚੀਮਾ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।

40. ਪ੍ਰੀਤਮ ਸਿੱਧੂ
*19, ਹੈਮਬਰੋ ਰੋਡ, ਸਾਊਥ ਹਾਲ
ਮਿਡਲ ਸੈਕਸ ਇੰਗਲੈਂਡ UB1 1HZ ਯੂ. ਕੇ
*1057, ਫੇਜ਼-5, ਮੁਹਾਲੀ ਰੋਪੜ
ਪੰਜਾਬ, ਭਾਰਤ। ਫ਼ੋਨ:674150

41. ਫਰਜ਼ੰਦ ਅਲੀ ,
ਮਾਰਫ਼ਤ ਐਮਕੋ ਫੈਕਟਰੀ,
ਐਬਰਟਨ ਰੋਡ ਪੋਸਟ ਬਾਕਸ ਨੰ: 36
ਲਾਹੌਰ-ਪਾਕਿਸਤਾਨ।

42. ਮਹਿੰਦਰ ਸਿੰਘ ਸਰਨਾ
ਐਸ/88 ਗਰੇਟਰ ਕੈਲਾਸ਼ ਪਾਰਟ-2
ਨਵੀਂ ਦਿੱਲੀ-48, ਭਾਰਤ।

43. ਮਹੀਪ ਸਿੰਘ
ਐਚ-108, ਸ਼ਿਵਾ ਜੀ ਪਾਰਕ
ਨਵੀਂ ਦਿੱਲੀ-110026, ਭਾਰਤ।

44. ਮਕਸੂਦ ਸਾਕਬ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।

45. ਮੁਖਤਿਆਰ ਸਿੰਘ
ਡੀ. 54
ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ,
ਅੰਮ੍ਰਿਤਸਰ
ਪੰਜਾਬ, ਭਾਰਤ।

46. ਮਨਮੋਹਨ ਸਿੰਘ ਦਾਊਂ
ਪਿੰਡ ਤੇ ਡਾਕਘਰ ਦਾਊਂ
ਤਹਿਸੀਲ ਖਰੜ, ਰੋਪੜ
ਪੰਜਾਬ, ਭਾਰਤ।

47. ਰਾਮ ਸਰੂਪ ਅਣਖੀ
ਕੱਚਾ ਕਾਲਜ ਰੋਡ ਬਰਨਾਲਾ,
ਜ਼ਿਲ੍ਹਾ ਸੰਗਰੂਰ-148101
ਪੰਜਾਬ, ਭਾਰਤ।

48. ਰਾਮ ਸਿੰਘ ਢੇਸੀ
85-ਇੰਗਲ ਹਰਸਟ ਗਾਰਡਜ਼
ਰੈਡ ਬਰਿਜ ਇਲਫੋਰਡ ਈਸੈਕਸ
IG4 5HA ਯੂ.ਕੇ.

49. ਵਸੀਮ ਗੌਹਰ ਮਾਰਫ਼ਤ
24, ਆਮੀਰ ਰੋਡ,
ਬਿਲਾਲ ਗੰਜ, ਲਾਹੌਰ-54000
ਪੰਜਾਬ, ਪਾਕਿਸਤਾਨ।

50. ਵਰਿਆਮ ਸਿੰਘ ਸੰਧੂ
153-ਗੋਲਡਨ ਐਵੀਨਿਊ,
ਗੜ੍ਹਾ ਰੋਡ, ਜਲੰਧਰ
ਪੰਜਾਬ, ਭਾਰਤ।